To,

Shri N.K. Avasthi

Bhuvan Vani Trust. Lucknow.

from. Jodh Singh

Jodh Singh Karam Jit Singh
Book-Sellers & Publishers,
Adalat Bazar, PATIALA.

ਸੱਭ ਹੱਕ ਪ੍ਰਕਾਸ਼ਕ ਦੇ ਅਧੀਨ ਹਨ ।

ੴ ਸ੍ਰੀ ਵਾਹਿਗੁਰੂ ਜੀ ਫਤਹ ॥

ਦਸਮ ਸ੍ਰੀ ਗ੍ਰੰਥ ਸਾਹਿਬ ਸਟੀਕ ਵਿਚੋਂ

ਜ਼ਫ਼ਰ ਨਾਮਹ ਪਾ: ੧੦
ਸਟੀਕ

ਅਸਲੀ ਤੇ ਪ੍ਰਸਿਧ ਟੀਕਾਕਾਰ

ਪੰਡਤ ਨਰੈਣ ਸਿੰਘ ਜੀ ਗਿਆਨੀ

ਵਿਦਿਆ ਮਾਰਤੰਡ, ਲਾਹੌਰ ਮੁਜੰਗਾਂ ਵਾਲੇ

– ਪ੍ਰਕਾਸ਼ਕ –

ਭਾਈ ਬੂਟਾ ਸਿੰਘ ਪ੍ਰਤਾਪ ਸਿੰਘ ਪੁਸਤਕਾਂ ਵਾਲੇ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਭੇਟਾ : 20–00 ਰੁਪਏ

ਜ਼ਫਰਨਾਮਾ ਪਾ: ੧੦ ਸਟੀਕ

(ਅਸਲੀ ਟੀਕਾਕਾਰ- ਪੰ: ਨਰੈਣ ਸਿੰਘ ਜੀ ਗਯਾਨੀ ਵਿਦਿਆ ਮਾਰਤੰਡ,ਲਾਹੌਰ ਮੁੰਜਗਾਂ ਵਾਲੇ)

ਭੂਮਿਕਾ

ਇਸ ਬਾਣੀ ਦਾ ਨਾਮ 'ਜ਼ਫਰਨਾਮਹ' ਹੈ, ਜਿਸ ਦਾ ਅਰਥ ਹੈ 'ਬਿਜੈ ਦਾ ਪੱਤਰ'। ਸੋ ਗੁਰੂ ਸਾਹਿਬ ਜੀ ਸਚ ਦੇ ਆਸਰੇ ਹੁੰਦੇ ਹੋਏ ਆਪਣੀ ਹਰ ਮੈਦਾਨ ਵਿਚ ਫਤੇ ਹੋਣੀ ਮੰਨ ਰਹੇ ਹਨ ਤੇ ਇਹ ਹੈ ਭੀ ਠੀਕ। ਜੋ ਆਪਣੇ ਨੇਮ, ਧਰਮ, ਕੀਤੇ ਹੋਏ ਕੌਲ ਕਰਾਰ ਤੇ ਕਾਇਮ ਹੈ, ਉਹ ਭਾਵੇਂ ਸਚ ਦੇ ਆਸਰੇ ਰਹਿੰਦ ਹੋਇਆਂ ਦੁਨਿਆਵੀ ਹਾਨੀ ਕਿੰਨੀ ਭੀ ਉਠਾ ਲਵੇ, ਉਹ ਉਸ ਦੀ ਅਸਲ ਹਾਨੀ ਨਹੀਂ ਹੈ, ਕਿਉਂਕਿ ਧਰਮ ਕਰਮ ਦਾ ਨਸ਼ਟ ਹੋ ਜਾਣਾ ਹੀ ਅਸਲ ਹਾਨੀ ਹੈ।

ਜ਼ਫਰਨਾਮੇ ਦੀਆਂ ਕੁਲ ਬਾਰਾਂ ਹਕਾਇਤਾਂ ਹਨ। ਇਸ ਦੀ ਪਹਿਲੀ ਹਕਾਇਤ ਵਿਚ ਹੀ ਸਤਿਗੁਰੂ ਜੀ ਨੇ ਅਨੰਦਪੁਰ ਦੀਆਂ ਸੌਹਾਂ ਸੁਗੰਧਾਂ ਦਾ ਵਰਨਣ ਕਰਕੇ ਚਮਕੌਰ ਦੀ ਲੜਾਈ ਦਾ ਵਰਣਨ ਕੀਤਾ ਹੈ ਅਤੇ ਫਿਰ ਔਰੰਗਜ਼ੇਬ ਨੂੰ ਸਚ ਝੂਠ ਦੇ ਨਿਤਾਰੇ ਲਈ ਸਦਿਆ ਹੈ। ਇਸ ਦੇ ਅਗੇ ਯਾਰਾਂ ਨੀਤੀ ਪੂਰਤ ਕਹਾਣੀਆਂ ਹਨ, ਜਿਨ੍ਹਾਂ ਤੋਂ ਔਰੰਗਜ਼ੇਬ ਨੂੰ ਸਿਖਿਆ ਦਿਤੀ ਹੋਈ ਜਾਪਦੀ ਹੈ।

ਬਹੁਤਿਆਂ ਦਾ ਖਿਆਲ ਹੈ ਜੋ ਜ਼ਫਰਨਾਮਾ' ਕੇਵਲ ੧੧੧ ਬੈਂਤਾਂ ਦਾ ਨਾਮ ਹੈ। ਇਸੇ ਖਿਆਲ ਨੂੰ ਲੈ ਕੇ ਕਈ ਟੀਕਾਕਾਰਾਂ ਨੇ ਇਨ੍ਹਾਂ ੧੧੧ ਬੈਂਤਾਂ ਦਾ ਹੀ ਟੀਕਾ ਕੀਤਾ ਹੈ। ਖਾਲਸਾ ਸਮਾਚ ਰ ਦੇ ਐਡੀਟਰ ਸਾਹਿਬ ਜੀ ਨੇ ਇਨ੍ਹਾਂ ਦਾ ਨਾਮ ਜ਼ਫਰਨਾਮਾ ਲਿਖ ਕੇ ਟੀਕਾ ਕਰਕੇ ਛਾਪਿਆ ਹੈ, ਜੋ ਉਹਨਾਂ ਨੇ ਸੰਨ ੧੯੩੯ ਦੇ ਗੁਰਪੁਰਬ ਦੇ ਪਰਚੇ ਦਾ ਸਿਰਲੇਖ ਕਰਕੇ ਛਾਪਿਆ ਸੀ। ਉਹਨਾਂ ਸਾਰਿਆਂ ਦਾ ਇਹ ਖਿਆਲ ਹੈ, ਜੋ ਇੰਨਾ ਹੀ ਜ਼ਫਰਨਾਮਾ ਹੈ, ਮਗਰਲੀਆਂ ਕਹਾਣੀਆਂ ਤ੍ਰਿਯਾ ਚਰਿਤ੍ਰਾਂ ਵਿਚੋਂ ਹਨ ਜੋ ਫਾਰਸੀ ਵਿਚ ਹੋਣ ਕਰਕੇ ਲਿਖਾਰੀਆਂ ਨੇ ਭੁਲ ਕਰਕੇ ਜ਼ਫਰਨਾਮੇ ਨਾਲ ਲਿਖ ਦਿਤੀਆਂ ਹੋਈਆਂ ਹਨ, ਅਸਲ ਵਿਚ ਉਹਨਾਂ ਕਹਾਣੀਆਂ ਦਾ ਜ਼ਫਰਨਾਮੇ ਨਾਲ ਕੋਈ ਸਬੰਧ ਨਹੀਂ ਹੈ।

ਪਰ ਸੰਪਰਦਾਈ ਮਹਾਤਮਾਂ ਕਿਹਾ ਕਰਦੇ ਹਨ ਜੋ ਇਹ ਸਾਰਾ ਹੀ ਜ਼ਫਰਨਾਮਾ ਹੈ ਅਤੇ ਇਹ ੧੧ ਕਹਾਣੀਆਂ ਸਤਿਗੁਰੂ ਸਾਹਿਬ ਜੀ ਨੇ ਔਰੰਗਜ਼ੇਬ ਨੂੰ ਲਿਖ ਕੇ ਭੇਜੀਆਂ ਸਨ। ਇਨ੍ਹਾਂ ਦੋਹਾਂ ਵਿਚੋਂ ਕੌਣ ਸਚਾ ਹੈ? ਸਤਿਗੁਰੂ ਸਾਹਿਬ ਜੀ ਇਸ ਸਿਧਾਂਤ ਨੂੰ ਆਪ ਹੀ ਜਾਣਦੇ ਹਨ।

ਖਤ ਤਿਆਰ ਹੋ ਗਿਆ ਤਾਂ ਸ੍ਰੀ ਗੁਰੂ ਸਾਹਿਬ ਜੀ ਨੇ ਭਾਈ ਦਇਆ ਸਿੰਘ ਜੀ ਪਿਆਰੇ ਨੂੰ ਇਹ ਖਤ ਦੇ ਕੇ ਦਖਣ ਵਲ ਭੇਜ ਦਿਤਾ ਅਤੇ ਉਨ੍ਹਾਂ ਦੇ ਨਾਲ ਭਾਈ

ਧਰਮ ਸਿੰਘ ਜੀ ਨੂੰ ਘਲਿਆ। ਇਹ ਦੋਵੇਂ ਪਿਆਰ ਨੀਲੇ ਪੁਸ਼ਾਕੇ ਪਹਿਨਕੇ ਤੇ ਬਾਣਾ ਧਾਰਨ ਕਰਕੇ ਰਵਾਨਾ ਹੋ ਗਏ। ਪਹਿਲੋਂ ਦਿਲੀ ਆਏ, ਸੰਗਤਾਂ ਨੂੰ ਮਿਲ ਗਿਲ ਕੇ ਆਗਰੇ ਰਵਾਨਾ ਹੋ ਗਏ। ਮੰਜ਼ਲੋ ਮੰਜ਼ਲੀ ਨਰਬਦਾ ਤੋਂ ਪਾਰ ਹੋ ਕੇ ਔਰੰਗਾਬਾਦ ਤੋਂ ਹੁੰਦੇ ਹੋਏ ਅਹਮਦ ਨਗਰ ਪਹੁੰਚ ਗਏ। ਇਥੇ ਇਕ ਗੁਰੂ ਕਾ ਸਿਖ ਭਾਈ ਜੇਠਾ ਸਿੰਘ ਰਹਿੰਦਾ ਸੀ, ਉਸ ਨੇ ਬੜੇ ਆਦਰ ਸਤਿਕਾਰ ਨਾਲ ਪਿਆਰਿਆਂ ਨੂੰ ਆਪਣੇ ਪਾਸ ਉਤਾਰਿਆ। ਆਸੇ ਪਾਸੇ ਦੀਆਂ ਸੰਗਤਾਂ ਨੂੰ ਪਤਾ ਲਗਾ ਤਾਂ ਉਹ ਪਿਆਰਿਆਂ ਦੇ ਦਰਸ਼ਨਾਂ ਨੂੰ ਆਈਆਂ। ਫਿਰ ਸਾਰੀ ਸੰਗਤ ਨੇ ਮਿਲ ਕੇ ਇਸ ਗਲ ਦੀ ਵੀਚਾਰ ਕੀਤੀ ਤੇ ਤਜਵੀਜਾਂ ਸੋਚੀਆਂ ਜੋ ਪਾਤਸ਼ਾਹ ਨਾਲ ਮੇਲ ਕਿਸ ਤਰ੍ਹਾਂ ਹੋਵੇ ? ਕਿਉਂਕਿ ਭਾਈ ਦਇਆ ਸਿੰਘ ਜੀ ਨੇ ਪਤ੍ਰ ਆਪਣੇ ਹਥੀਂ ਪਾਤਸ਼ਾਹ ਨੂੰ ਦੇਣਾ ਹੈ ਅਤੇ ਕਿਸੇ ਦੇ ਹਥੀਂ ਭੇਜਨ ਦਾ ਵਿਸਾਹ ਨਹੀਂ ਸੀ ਪੈਂਦਾ, ਪਾਤਸ਼ਾਹ ਦੇ ਕੋਲ ਸਿਧੀ ਕਿਸੇ ਦੀ ਪਹੁੰਚ ਨਹੀਂ ਸੀ ਜੋ ਮੁਲਾਕਾਤ ਕਰਵਾ ਦੇਵੇ। ਇਹ ਦੋਵੇਂ ਪਿਆਰੇ ਉਥੇ ਬੈਠੇ ਸਮੇਂ ਦੀ ਉਡੀਕ ਕਰਨ ਲਗੇ। ਕਿਤਨਾਂ ਹੀ ਸਮਾਂ ਗੁਜ਼ਰ ਗਿਆ ਪਰ ਅਜੇਹਾ ਕੋਈ ਮੌਕਾ ਨਾ ਬਣਿਆ।

ਇਧਰ ਸਤਿਗੁਰੂ ਸਾਹਿਬ ਜੀ ਦੋ ਢਾਈ ਮਹੀਨੇ ਦੀਨੇ (ਕਾਂਗੜ) ਰਹੇ। ਇਥੇ ਹੀ ਸਰਹੰਦੀ ਖਬਰਾਂ ਆ ਗਈਆਂ। ਫਿਰ ਇਥੋਂ ਟੁਰ ਕੇ ਆਪ ਜੈਤੋ ਕੋਟ ਕਪੂਰੇ ਤੋਂ ਹੁੰਦੇ ਹੋਏ ਖਿਦਰਾਣੇ ਦੀ ਢਾਬ ਤੇ ਜਾ ਟਿਕੇ। ਇਥੇ ਆਪ ਜੀ ਦੇ ਚਰਨਾਂ ਵਿਚ ਮਾਝੇ ਦੇ ਉਹ ਸਿੰਘ ਹਾਜ਼ਰ ਹੋਏ, ਜੇਹੜੇ ਅਨੰਦ ਪੁਰ ਦੇ ਘੇਰੇ ਵਿਚੋਂ ਬੇਦਾਵਾ ਲਿਖ ਕੇ ਦੇ ਆਏ ਸਨ, ਘਰ ਆਉਂਦਿਆਂ ਹੀ ਪਰਵਾਰਾਂ ਨੇ ਮੂੰਹ ਨਾ ਲਾਇਆ ਤਾਂ ਫਿਰ ਮਾਫੀ ਮੰਗਣ ਲਈ ਸਤਿਗੁਰੂ ਜੀ ਦੇ ਚਰਨਾਂ ਵਿਚ ਆਨ ਹਾਜ਼ਰ ਹੋਏ ਪਰ ਸਤਿਗੁਰੂ ਜੀ ਨਾਲ ਕਿਸੇ ਤਰ੍ਹਾਂ ਭੀ ਮੇਲ ਨਾ ਹੋਇਆ। ਸਤਿਗੁਰੂ ਜੀ ਤਾਂ ਉਥੋਂ ਤੁਰ ਕੇ ਪਰ੍ਹਾਂ ਟਿੱਬੀ ਤੇ ਜਾ ਠਹਿਰੇ। ਪਿਛੋਂ ਸੂਬਾ ਸਰਹੰਦ ਲੈ ਕੇ ਆ ਮਿਲਿਆ ਤਾਂ ਉਹਨਾਂ ਬੇਦਾਵਾਂ ਲਿਖਣ ਵਲਿਆਂ ਨੇ ਘਰ ਮੁੜ ਆਉਣ ਨਾਲੋਂ ਉਥੇ ਸ਼ਹੀਦੀ ਪ੍ਰਾਪਤ ਕਰ ਲੈਣੀ ਚੰਗੀ ਜਾਣੀ ਤੇ ਸੂਬਾ ਸਰਹੰਦ ਦੇ ਸਾਹਮਣੇ ਜੰਗ ਮਚਾ ਕੇ ਸ੍ਰੀ ਗੁਰੂ ਜੀ ਤੋਂ ਬਾਹਰਿਆ ਹੀ ਸ਼ਹੀਦੀ ਪ੍ਰਾਪਤ ਕਰ ਲਈ। ਸ੍ਰੀ ਗੁਰੂ ਸਾਹਿਬ ਜੀ ਨੇ ਉਹਨਾਂ ਨੂੰ ਅਨੇਕ ਤਰ੍ਹਾਂ ਦੇ ਵਰਦਾਨ ਦਿਤੇ ਤੇ ਭਾਈ ਮਹਾਂ ਸਿੰਘ ਜੀ ਦੀ ਬਨਤੀ ਪ੍ਰਵਾਨ ਕਰਕੇ ਬੇਦਾਵੇ ਦਾ ਕਾਗਜ਼ ਪਾੜ ਕੇ ਟੁਟੀ ਗੰਢੀ ਅਤੇ ਇਸ ਅਸਥਾਨ ਦਾ ਨਾਮ ਮੁਕਤਸਰ ਰਖਿਆ। ਫਿਰ ਉਥੋਂ ਤੁਰ ਕੇ ਸਾਬੋਕੀ ਤਲਵੰਡੀ ਪੁਜੇ ਜਿਥੇ ਸ੍ਰੀ ਗੁਰਦਵਾਰਾ ਦਮਦਮਾ ਸਾਹਿਬ ਹੈ। ਇਥੇ ਭਾਈ ਦਯਾ ਸਿੰਘ ਜੀ ਦਾ ਦਖਨ ਤੋਂ ਭੇਜਿਆ ਹੋਇਆ ਪਤ੍ਰ ਸ੍ਰੀ ਗੁਰੂ ਸਾਹਿਬ ਜੀ ਦੀ ਸੇਵਾ ਵਿਚ ਪੁਜਾ ਕਿ ਅਜੇ ਤੀਕਰ ਬਾਦਸ਼ਾਹ ਨਾਲ ਮੁਲਾਕਾਤ ਹੋਣ ਦਾ ਕੋਈ ਅਵਸਰ ਨਹੀਂ ਬਣਿਆ। ਇਸ ਦੇ ਉਤਰ ਵਿਚ ਸਤਿਗੁਰੂ ਸਾਹਿਬ ਜੀ ਨੇ ਲਿਖ ਭੇਜਿਆ ਕਿ ਤੁਸੀਂ ਚੁਪ ਕਰਕੇ ਬੈਠੇ ਰਹੋ, ਤੁਹਾਨੂੰ ਆਪੇ ਹੀ ਬਾਦਸ਼ਾਹ ਬੁਲਾਵੇਗਾ ਇਸਦੇ ਕੁਝ ਥੋੜੇ ਦਿਨਾਂ ਮਗਰੋਂ ਔਰੰਗਜ਼ੇਬ ਨੇ ਭਾਈ ਦਇਆ ਸਿੰਘ ਜੀ ਨੂੰ ਆਪੇ ਹੀ ਬੁਲਾਇਆ। ਭਾਈ ਦਯਾ ਸਿੰਘ ਤੇ ਧਰਮ

ਸਿੰਘ ਜੀ ਨੇ ਅੰਦਰ ਜਾ ਕੇ 'ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹ' ਬੁਲਾਈ ਅਤੇ ਆਪਣੀ ਹਥੀਂ ਜ਼ਫਰਨਾਮਾ ਸ਼ਾਹ ਨੂੰ ਦਿਤਾ, ਜਿਸ ਨੂੰ ਪੜ੍ਹ ਕੇ ਉਸ ਬੁਢੇ ਬਾਦਸ਼ਾਹ ਉਤੇ ਕੋਈ ਅਜੇਹਾ ਅਸਰ ਹੋਇਆ ਕਿ ਦੋਹਾਂ ਸਿੰਘਾਂ ਨਾਲ ਬਹੁਤ ਚਿਰ ਬੈਠਾ ਗੱਲਾਂ ਕਰਦਾ ਰਿਹਾ। ਫਿਰ ਉਸ ਨੇ ਇਸ ਦਾ ਉਤਰ ਲਿਖਵਾ ਕੇ ਸ੍ਰੀ ਗੁਰੂ ਸਾਹਿਬ ਜੀ ਵਲ ਉਨ੍ਹਾਂ ਦੇ ਹਥ ਦਿਤਾ। ਪਰ ਅਫਸੋਸ! ਕਿ ਜਿਵੇਂ ਇਸ ਜ਼ਫਰਨਾਮੇ ਦਾ ਅਸਲ ਅਜੇ ਤਕ ਨਹੀਂ ਲਭਾ, ਇਵੇਂ ਹੀ ਇਸ ਦਾ ਆਇਆ ਹੋਇਆ ਉਤਰ ਭੀ ਕਿਤੋਂ ਨਹੀਂ ਮਿਲਿਆ। ਇਹ ਦੋਵੇਂ ਅਮੋਲਕ ਚੀਜ਼ਾਂ ਖੋਜੀ ਜਨਾਂ ਲੋੜ ਮੰਗਦੀਆਂ ਹਨ।

ਦੂਜਾ ਉਸਨੇ ਸਰਹੰਦ ਦਿਲੀ, ਦਿਲੀ ਤੇ ਲਾਹੌਰ ਆਦਿਕ ਸਾਰੇ ਸੂਬਿਆਂ ਦੇ ਨਾਮ ਪ੍ਰਵਾਨੇ ਲਿਖ ਭੇਜੇ ਕਿ ਗੁਰੂ ਸਾਹਿਬ ਜੀ ਦਾ ਕੋਈ ਪਿਛਾ ਨਾ ਕਰੇ, ਨਾ ਕੋਈ ਫੜੇ ਤੇ ਨਾ ਹੀ ਮਾਰਨ ਦਾ ਯਤਨ ਕਰੇ, ਉਹ ਜਿਧਰ ਚਾਹੁਣ ਆਪਣੀ ਮੌਜ ਨਾਲ ਵਿਚਰਨ। ਇਸ ਫੁਰਮਾਨ ਦਾ ਭੀ ਅਜੇ ਤਕ ਕਿਤੋਂ ਨਹੀਂ ਮਿਲਿਆ, ਪਰ ਇਸ ਦੀ ਬਾਬਤ ਗੁਰ ਪ੍ਰਤਾਪ ਸੂਰਜ ਵਿਚ ਲਿਖਿਆ ਹੋਇਆ ਹੈ ਕਿ ਕਿਸ ਤਰ੍ਹਾਂ ਦੇ ਪਰਵਾਨੇ ਭੇਜੇ ਸਨ।

ਭਾਈ ਦਇਆ ਸਿੰਘ ਜੀ ਤੇ ਭਾਈ ਧਰਮ ਸਿੰਘ ਜੀ ਉਧਰੋਂ ਵਾਪਸ ਆ ਕੇ ਸਤਿਗੁਰੂ ਸਾਹਿਬ ਜੀ ਨੂੰ ਰਾਜਪੂਤਾਨੇ ਵਿਚ ਆਣਕੇ ਮਿਲੇ ਸਨ ਅਤੇ ਮੁਲਾਕਾਤ ਦਾ ਸਾਰਾ ਹਾਲ ਕਹਿ ਸੁਣਾਇਆ ਅਤੇ ਏਹ ਭੀ ਦਸਿਆ ਕਿ ਅਸੀਂ ਇਧਰ ਆ ਗਏ ਹਾਂ ਤੇ ਗੁਰਜਦਾਰ ਦਿਲੀ ਨੂੰ ਗਏ ਹਨ, ਕਿਉਂਕਿ ਸੂਬਿਆ ਤੇ ਉਮਰਾਵਾਂ ਵਲ ਸਭ ਤਰ੍ਹਾਂ ਜੀ ਹਦਾਇਤ ਪ੍ਰਵਾਨੇ ਲਿਖ ਭੇਜੇ ਸਨ। ਇਸ ਜ਼ਫਰਨਾਮੇ ਦੇ ਭੇਜਣ ਤੋਂ ਕੁਝ ਚਿਰ ਮਗਰੋਂ ਔਰੰਗਜ਼ੇਬ ਇਸ ਸੰਸਾਰ ਤੋਂ ਚਲਦਾ ਬਣਿਆ ਅਤੇ ਉਸ ਦੇ ਪੁਤ੍ਰਾਂ ਵਿਚ ਤਖਤ ਦਾ ਰੌਲਾ ਪੈ ਗਿਆ। ਬਹਾਦਰ ਸ਼ਾਹ ਨੇ ਸਤਿਗੁਰੂ ਪਾਸੋਂ ਮਦਦ ਮੰਗੀ ਤੇ ਸਤਿਗੁਰੂ ਜੀ ਨੇ ਉਸ ਦੀ ਮਦਦ ਕਰਕੇ ਉਸ ਨੂੰ ਤਖਤ ਉਤੇ ਬਿਠਵਾ ਭੀ ਦਿਤਾ।

ਇਤਿਹਾਸ ਵਿਚ ਲਿਖਿਆ ਹੈ ਜੋ 'ਦੀਨੇ' ਨਗਰ ਵਿਚ ਰਹਿੰਦੇ ਹੋਇਆਂ ਜਫਰਨਾਮਾ ਲਿਖਿਆ ਸੀ। ਜ਼ਫਰਨਾਮੇ ਵਿਚ ਲਿਖਿਆ ਹੈ–

ਜ਼ਫਰਨਾਮਾ ਕਿਥੇ ਲਿਖਿਆ ਗਿਆ ਹੈ ?

ਕਿ ਤਸ਼ਰੀਫ ਦਰ ਕਸਬਹ ਕਾਂਗੜ ਕੁਨਦ॥
ਵਜ਼ਾਂ ਪਸ ਮੁਲਾਕਾਤ ਬਾਹਮ ਸ਼ਵਦ॥ ੫੮ ॥
ਨ ਜ਼ਰੱਹ ਦਰੀਂ ਰਾਹਿ ਖਤਰਹ ਤੁਰਾਸਤ॥
ਹਮਹ ਕੌਮ ਬੈਰਾੜ ਹੁਕਮੇ ਮਰਾਸਤ॥ ੫੯॥

ਅਸੀਂ 'ਕਾਂਗੜ' ਠਹਿਰੇ ਹੋਏ ਹਾਂ, ਤੂੰ ਇਥੇ ਆ, ਆਪੋ ਵਿਚ ਮੁਲਾਕਾਤ ਹੋ

ਜਾਏ। ਇਸ ਰਾਹ ਵਿਚ ਤੈਨੂੰ ਰਤੀ ਜਿੰਨਾਂ ਭੀ ਖਤਰਾ ਨਹੀਂ ਹੈ, ਕਿਉਂਕਿ ਇਸ ਇਲਾਕੇ ਦੀ ਮਾਲਕ ਬੈਰਾੜ ਕੌਮ ਹੈ, ਜੋ ਸਾਰੀ ਦੀ ਸਾਰੀ ਮੇਰੇ ਹੁਕਮ ਵਿਚ ਹੈ।

ਕਾਂਗੜ ਪਿੰਡ ਉਹ ਹੈ, ਜਿਥੇ ਛੇਵੇਂ ਸ਼ਤਿਗੁਰੂ ਸਾਹਿਬ ਜੀ ਨੇ ਤੁਰਕ ਦਲ ਨਾਲ ਜੁਧ ਕੀਤਾ ਸੀ ਅਤੇ ਇਥੋਂ ਦੇ ਰਈਸ ਰਾਇ ਜੋਧ ਨੇ ਆਪਣੇ ਇਕ ਹਜ਼ਾਰ ਸਾਥੀਆਂ ਸਣੇ ਸ੍ਰੀ ਗੁਰੂ ਜੀ ਦੀ ਮਦਦ ਵਿਚ ਹੋ ਕੇ ਘਮਸਾਨ ਜੁਧ ਕੀਤਾ ਸੀ। ਇਹ ਜੁਧ ਸੰਮਤ ੧੬੯੭-੯੮ ਦੇ ਕਰੀਬਨ ਹੋਇਆ ਸੀ, ਜਿਸ ਵਿਚ ਸ੍ਰੀ ਗੁਰੂ ਸਾਹਿਬ ਜੀ ਦੀ ਫਤੇ ਹੋਈ ਸੀ। ਰਾਇ ਜੋਧ ਦੇ ਕਿਸੇ ਬਜ਼ੁਰਗ ਨੂੰ ਅਕਬਰ ਬਾਦਸ਼ਾਹ ਵਲੋਂ ੧੨੦ ਪਿੰਡਾਂ ਦਾ ਤਲਕਾ ਇਨਾਮ ਵਜੋਂ ਮਿਲਿਆ ਸੀ। ਕਾਂਗੜ ਪਿੰਡ ਮਾਨੋ ਉਸ ਤਲਕੇ ਦੀ ਰਾਜਧਾਨੀ ਸੀ, ਕਿਉਂਕਿ ਤਲਕੇ ਦਾ ਰਈਸ ਇਸੇ ਹੀ ਨਗਰ ਵਿਚ ਵਸਿਆ ਕਰਦਾ ਸੀ। ਇਸੇ ਕਾਂਗੜ ਪਿੰਡ ਦੇ ਵਿਚੋਂ ਹੀ ਸੰਮਤ ੧੭੨੦ ਬਿਕਰਮੀ ਵਿਚ ਦੀਨਾ ਪਿੰਡ ਵਸਿਆ ਸੀ। ਰਾਇ ਜੋਧ ਦੀ ਉਲਾਦ ਦੇ ਤਿੰਨ ਆਦਮੀ-ਤਖਤ ਮਲ, ਲਖਮੀਰਾ ਅਤੇ ਸ਼ਮੀਰਾ-ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਵਿਚ ਹਾਜ਼ਰ ਹੋਏ ਸਨ, ਇਨ੍ਹਾਂ ਵਿਚੋਂ ਦੋ ਭਰਾ ਕਾਂਗੜ ਤੇ ਇਕ ਦੀਨੇ ਰਹਿੰਦਾ ਸੀ। ਇਨ੍ਹਾਂ ਤਿੰਨਾਂ ਭਰਾਵਾਂ ਨੇ ਸ੍ਰੀ ਗੁਰੂ ਸਾਹਿਬ ਜੀ ਨੂੰ ਬੜੇ ਆਦਰ ਸਤਿਕਾਰ ਨਾਲ ਮਧੇ ਪਿੰਡ ਵਿਚ ਉਤਾਰਾ ਦਿਤਾ। ਇਸਤਰ੍ਹਾਂ ਦੀਨੇ ਠਹਿਰਨਾ ਤੇ ਕਾਂਗੜ ਠਹਿਰਨਾ ਇਕੋ ਗਲ ਹੈ, ਕਿਉਂਕਿ ਦੀਨਾ ਪਿੰਡ ਅਜੇ ਥੋੜੇ ਚਿਰ ਦਾ ਹੀ ਵਸਿਆ ਹੋਇਆ ਸੀ ਅਤੇ ਕਾਂਗੜ ਪਰਗਨੇ ਦਾ ਮਸ਼ਹੂਰ ਨਗਰ ਸੀ, ਇਸ ਕਾਰਨ ਕਰਕੇ ਸ੍ਰੀ ਗੁਰੂ ਸਾਹਿਬ ਜੀ ਨੇ ਦੀਨੇ ਰਹਿੰਦੇ ਹੋਇਆਂ ਭੀ ਕਾਂਗੜ ਦਾ ਰਹਿਣਾ ਲਿਖਿਆ ਹੈ।

ਇਤਹਾਸ ਤੇ ਜ਼ਫਰਨਾਮੇ ਦੀ ਲਿਖਤ ਤੋਂ ਵਖਰੀ ਗਲ 'ਜ਼ਫਰਨਾਮਾ ਸਾਹਿਬ' ਨਾਮ ਦਾ ਗੁਰਦਵਾਰਾ 'ਭਾਈ ਕੇ ਦਿਆਲ ਪੁਰੇ' ਸ਼ੋਭਾ ਪਾ ਰਿਹਾ ਹੈ, ਜਿਸ ਦੀ ਸੇਵਾ ਸ੍ਰੀ ਮਾਨ ਸੰਤ ਮਨੀ ਸਿੰਘ ਜੀ ਨੇ ਕਾਰਵਾਈ ਅਤੇ ਕਰਵਾ ਰਹੇ ਹਨ। ਇਥੇ ਫਿਰ ਪ੍ਰਸ਼ਨ ਉਠਦਾ ਹੈ ਕਿ ਜਦ ਗੁਰੂ ਜੀ ਆਪ ਲਿਖ ਰਹੇ ਹਨ ਕਿ ਅਸੀਂ ਕਾਂਗੜ ਬੈਠੇ ਹਾਂ ਅਤੇ ਇਤਿਹਾਸ ਵਿਚ ਲਿਖਿਆ ਹੈ ਕਿ ਜ਼ਫਰ ਨਾਮਾ ਦੇਕੇ ਭਾਈ ਦਯਾ ਸਿੰਘ ਜੀ ਨੂੰ ਦੀਨੇ ਤੋਂ ਤੋਰਿਆ ਹੈ ਤਾਂ ਫਿਰ ਜ਼ਫਰਨ ਮਾ ਗੁਰਦਵਾਰਾ ਦਿਆਲਪੁਰੇ ਕਿਵੇਂ ਬਣਿਆ? ਇਹ ਦੀਨੇ ਕਿਉਂ ਜਾ ਬਣਿਆ? ਖੋਜ ਕਰਨ ਤੋਂ ਇਸ ਦਾ ਸਮਾਧਾਨ ਇਹ ਮਿਲਦਾ ਹੈ ਕਿ ਜਿਨ੍ਹਾਂ ਦਿਨਾਂ ਵਿਚ ਸਤਿਗੁਰੂ ਸਾਹਿਬ ਜੀ ਦੀਨੇ ਪਿੰਡ ਤਸ਼ਰੀਫ ਲਿਆਏ ਸਨ, ਤਦੋਂ ਬਿਕਰਮੀ ਸੰਮਤ ੧੭੬੨ ਸੀ। ਸਤਿਗੁਰੂ ਜੀ ਇਥੇ ਰਹਿੰਦੇ ਹੋਇਆਂ ਇਕ ਨਵੇਕਲੀ ਜਗ੍ਹਾ ਤੇ ਬੈਠ ਕੇ ਕਵਿਤਾ ਦੀ ਰਚਨਾ ਕਰਿਆ ਕਰਦੇ ਸਨ। ਜਿਸ ਜਗ੍ਹਾ ਤੇ ਆਪ ਜੀ ਨਿਵਾਸ ਰਖਦੇ ਸਨ, ਉਸ ਜਗ੍ਹਾ ਤੇ ਬਣੇ ਹੋਏ ਗੁਰਦਵਾਰੇ ਦਾ ਨਾਮ 'ਲੋਹ ਗੜ੍ਹ ਸਾਹਿਬ ਹੈ ਅਤੇ ਜਿਥੇ ਬੈਠ ਕੇ ਜ਼ਫਰਨਾਮ ਦਾ ਉਚਾਰਨ ਕੀਤਾ ਅਤੇ ਲਿਖ ਕੇ ਭੇਜਿਆ ਸੀ, ਉਥੇ ਜੋ ਗੁਰਦਵਾਰਾ ਬਣਿਆ ਉਸ ਦਾ ਨਾਮ 'ਜ਼ਫਰਨਾਮਾ ਸਾਹਿਬ' ਰਖਿਆ ਗਿਆ। ਸਮਾਂ ਪਾ ਕੇ ਭਰਾਵਾਂ ਨੇ ਜ਼ਮੀਨਾਂ ਵੰਡ ਕੇ 'ਦਿਆਲ ਪੁਰਾ ਪਿੰਡ ਵਸਾਇਆ ਤਾਂ ਉਹ ਜਗ੍ਹਾ ਇਸ ਪਿੰਡ ਦੀ ਹੱਦ ਵਿਚ ਆ ਗਈ। ਇਸ਼ ਤਰ੍ਹਾ ਜ਼ਫਰਨਾਮਾ ਸਾਹਿਬ ਦਿਆਲ ਪੁਰੇ ਬਣਿਆ ਤੇ ਬਣ ਰਿਹਾ ਹੈ। ਜਿਸ ਤਰ੍ਹਾਂ ਕਾਂਗੜ ਤੋਂ ਦੀਨਾ ਵਸਿਆ ਸੀ, ਇਸੇ ਤਰ੍ਹਾਂ ਹੀ ਦੀਨੇ ਤੇ ਕਾਂਗੜ ਦੋਹਾਂ ਦੇ ਵਿਚੋਂ ਹੀ ਦਿਆਲ ਪੁਰਾ ਵਸ ਗਿਆ। ਜਿਵੇਂ ਕਾਂਗੜ ਛੇਵੇਂ ਸਤਿਗੁਰੂ ਸਾਹਿਬਾਂ ਦੇ ਸਮੇਂ ਵਿਚ ਸੀ ਤੇ ਫਿਰ ਦਸਮੇਸ਼ ਸਵਾਮੀ ਜੀ ਦੇ ਸਮੇਂ ਵਿਚ ਉਸੇ ਕਾਂਗੜ ਤੋਂ ਦੀਨਾ ਵਸ ਗਿਆ ਸੀ। ਸਤਿਗੁਰੂ ਜੀ ਨੇ ਦੀਨੇ ਰਹਿੰਦੇ ਹੋਇਆਂ ਭੀ ਪੁਰਾਣੇ ਪਿੰਡ ਦੀ ਪ੍ਰਸਿਧੀ ਦੇ ਕਾਰਨ ਬਾਦਸ਼ਾਹ ਵਲ ਲਿਖਿਆ ਕਿ ਅਸੀਂ ਕਾਂਗੜ

ਰਹਿੰਦੇ ਹਾਂ। ਇਸੇ ਤਰ੍ਹਾਂ ਹੀ ਜਦ ਗੁਰਦਵਾਰਾ ਬਣਨ ਦਾ ਸਮਾਂ ਆਇਆ ਉਸ ਵੇਲੇ ਦਿਆਲ ਪੁਰਾ ਵਸ ਚੁਕਾ ਅਤੇ ਚੰਗੀ ਪ੍ਰਸਿਧੀ ਪਾ ਚੁਕਾ ਸੀ। ਇਸ ਦੀ ਵਡੀ ਪ੍ਰਸਿਧੀ ਦਾ ਵਡਾ ਕਾਰਨ ਇਹ ਭੀ ਹੋ ਗਿਆ ਕਿ ਸਮੇਂ ਦੀ ਹਕੂਮਤ ਨੇ ਇਥੇ ਥਾਣਾ ਬਣਾ ਦਿਤਾ, ਜਿਸ ਕਰਕੇ ਲੋਕਾਂ ਦਾ ਆਉਣਾ ਜਾਣਾ ਬਹੁਤਾ ਅਤੇ ਜ਼ਰੂਰੀ ਹੋ ਗਿਆ। ਇਸ ਤਰ੍ਹਾਂ ਥੋੜੇ ਜਹੇ ਸਮੇਂ ਵਿਚ ਹੀ ਇਕ ਨਿਕਾ ਜਿਹਾ ਪਿੰਡ ਵਡੇ ਅਤੇ ਪੁਰਾਣੇ ਪਿੰਡ ਨਾਲੋਂ ਬੜੀ ਛੇਤੀ ਪ੍ਰਸਿਧੀ ਪਾ ਕੇ ਰੌਣਕ ਵਾਲਾ ਹੋ ਗਿਆ ਅਤੇ ਗੁਰਦਵਾਰਾ ਬਣ ਗਿਆ।

ਸੰਮਤ ੧੭੬੨ ਬਿਕ੍ਰਮੀ ਮਾਘ ਜਾਂ ਫਗਣ ਵਿਚ ਸਤਿਗੁਰੂ ਜੀ ਨੇ ਇਥੋਂ ਜ਼ਫਰਨਾਮਾ ਲਿਖ ਕੇ ਭੇਜਿਆ ਸੀ। ਫਿਰ ਇਥੋਂ ਹੀ ਫੌਜ ਜਮ੍ਹਾਂ ਕਰਕੇ ਤੁਰੇ ਤੇ ਖਿਦਰਾਨੇ ਦੀ ਢਾਬ ਤੇ ਸੂਬਾ ਸਰਹੰਦ ਨਾਲ ਜੁਧ ਕਰਕੇ ਸਾਬੋ ਕੀ ਤਲਵੰਡੀ (ਜਿਸ ਦਾ ਨਾਮ ਦਮਦਮਾ ਸਾਹਿਬ ਹੈ) ਆ ਗਏ ਅਤੇ ਇਥੇ ਦਸ ਮਹੀਨੇ ਨਿਵਾਸ ਰਖਿਆ। ਫਿਰ ਇਥੋਂ ਚਲ ਕੇ ਰਾਜਪੂਤਾਨੇ ਵਲ ਚਲੇ ਗਏ ਜਿਥੇ ਭਾਈ ਦਇਆ ਸਿੰਘ ਜੀ ਜ਼ਫਰਨਾਮਾ ਬਾਦਸ਼ਾਹ ਨੂੰ ਦੇ ਕੇ ਵਾਪਸ ਆ ਕੇ ਮਿਲ। ਇਸ ਤਰ੍ਹਾਂ ੧੭੬੨ ਬਿਕ੍ਰਮੀ ਦੇ ਅਖੀਰ ਵਿਚ ਜ਼ਫਰਨਾਮਾ ਬਾਦਸ਼ਾਹ ਨੂੰ ਮਿਲਿਆ ਅਤੇ ਸੰਮਤ ੧੭੬੩ ਬਿਕ੍ਰਮੀ ਦੇ ਮਾਘ ਮੁਤਾਬਕ ਫਰਵਰੀ ੧੭੦੭ ਈਸਵੀ ਵਿਚ ਔਰੰਗਜ਼ੇਬ ਦਾ ਮਰਨਾ ਹੁੰਦਾ ਹੈ। ਇਤਹਾਸਾਂ ਵਿਚੋਂ ਇਹ ਗਲ ਸਾਬਤ ਹੁੰਦੀ ਹੈ।

—o—

ਦੀਵਾਨ ਗੋਯਾ ਸਟੀਕ

ਅਰਥਾਤ

ਗਜ਼ਲਾਂ ਦੀਵਾਨ ਭਾਈ ਨੰਦ ਲਾਲ ਸਾਹਿਬ ਦਾ ਤੁਕ ਤੁਕ ਦਾ ਟੀਕਾ

(ਟੀਕਾਕਾਰ—ਪੰਡਤ ਨਰੈਣ ਸਿੰਘ ਜੀ ਗਯਾਨੀ ਲਾਹੌਰ ਮੁਜੰਗਾਂ ਵਾਲੇ)

ਇਹ ਕਵਿਤਾ ਫਾਰਸੀ ਅਖਰਾਂ ਵਿਚ ਹੈ, ਜੋ ਭਾਈ ਨੰਦ ਲਾਲ ਜੀ ਨੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਸਿਫਤ ਵਿਚ ਲਿਖੀ ਹੈ। ਇਸ ਵਿਚ ਗੁਰੂ ਅਰ ਸਿਖ ਦੀ ਪਰੇਮ-ਭਗਤੀਦੀ ਖਿਚ ਨੂੰ ਬੜੀ ਸੁੰਦਰ ਕਵਿਤਾ ਵਿਚ ਵਰਣਨ ਕੀਤਾ ਗਿਆ ਹੈ। ਅਜ ਤਕ ਛਪੇ ਹੋਏ ਟੀਕਿਆਂ ਵਿਚੋਂ ਇਹ ਉਤਮ ਟੀਕਾ ਹੈ। ਹਰ ਤੁਕ ਫਾਰਸੀ ਅਖਰਾਂ ਦੇ ਇਕ ਇਕ ਲਫਜ਼ ਦੇ ਅਰਥ ਕਰਕੇ ਫਿਰ ਭਾਵਾਰਥ ਟੀਕਾ ਕੀਤਾ ਹੈ। ਭੇਟਾ ੫)

ਪਤਾ—ਭਾਈ ਬੂਟਾ ਸਿੰਘ ਪ੍ਰਤਾਪ ਸਿੰਘ ਪੁਸਤਕਾਂ ਵਾਲੇ

ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਦਸਮ ਸ੍ਰੀ ਗ੍ਰੰਥ ਸਾਹਿਬ ਵਿਚੋਂ

ਜ਼ਫਰਨਾਮਾ ਪਾ: ੧੦ ਸਟੀਕ

੧ੴ ਹੁਕਮ ਸੱਤਿ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਇਕ ਅਦੁਤੀ ਰਖਯਾ ਕਰਨ ਵਾਲੇ ਤੇ (ਸ੍ਰੀ) ਸੋਭਾ ਵਾਲੇ 'ਵਾਹਿਗੁਰੂ' ਜੀ ਦੀ (ਹਰ ਸਮੇਂ ਵਿਚ) ਫਤੇ ਹੈ (ਅਤੇ ਉਸ ਦੇ ਆਸਰੇ ਰਹਿਣ ਵਾਲੇ) ਜੀਵ ਦੀ 'ਫਤੇ' (ਹੁੰਦੀ ਹੈ)।

(ਵਸਤੁ ਨਿਰਦੇਸ ਮੰਗਲ–ਵਾਹਿਗੁਰੂ ਦੀ ਉਸਤਤਿ)

ਕਮਾਲੇ ਕਰਾਮਾਤੁ ਕਾਯਿਮੁ ਕ੍ਰੀਮੁ ॥

ਰਜ਼ਾ ਬਖਸ਼ੁ ਰਾਜ਼ਿਕ ਰਹਾਕੋ* ਰਹੀਮੁ ॥ ੧ ॥

ਕਮਾਲ=ਪੂਰਨ+ਏ। ਕਰਾਮਾਤ=ਸ਼ਕਤੀ, ਅਲੌਕਿਕ ਤਾਕਤ। ਕਾਯਿਮੁ–ਇਸਥਿਰ। ਕਰੀਮ=ਕਿਰਪਾ ਕਰਨ ਵਾਲਾ। ਰਜ਼ਾ–ਭਾਣਾ, ਰੱਬੀ ਹੁਕਮ । ਬਖਸ਼ੁ=ਬਖਸ਼ਨ ਵਾਲਾ। ਰਾਜ਼ਿਕ=ਰਿਜ਼ਕ ਦੇਣ ਵਾਲਾ, ਅੰਨ ਦਾਤਾ। ਰਹਾ=ਰਿਹਾਈ ਦੇਣ ਵਾਲਾ। ਕੋ=(ਕਿ+ਓ) ਅਤੇ ਉਹ। ਰਹੀਮ=ਰਹਿਮ ਕਰਨ ਵਾਲਾ, ਦਯਾ ਕਰਨ ਵਾਲਾ, ਦਿਆਲੂ।

(ਜੋ) ਕਰਾਮਾਤ ਵਿਚ ਪੂਰਨ ਹੈ, (੨) ਜੋ ਕਰਮਾਤ ਵਿਚ ਕਮਾਲ ਹੈ, ਸਦਾ ਅਚੱਲ ਹੈ, ਕ੍ਰਿਪਾ ਕਰਨ ਵਾਲਾ ਹੈ। ਭਾਣੇ (ਵਿਚ ਤੁਰਨ ਵਾਲੇ ਨੂੰ) ਬਖਸ਼ਨ ਵਾਲਾ ਹੈ, ਰੋਜ਼ੀ ਦੇਣ ਵਾਲਾ, ਛੁਟਕਾਰਾ ਬਖਸ਼ਨ ਵਾਲਾ ਦਿਆਲੂ ਹੈ ॥੧॥

ਅਮਾਂ ਬਖ਼ਸ਼ੁ ਬਖ਼ਸ਼ਿੰਦਹ ਓ ਦਸਤਗੀਰ ॥

ਰਜ਼ਾ() ਬਖ਼ਸ਼ੁ ਰੋਜ਼ੀ ਦਿਹੋ ਦਿਲ ਪਜ਼ੀਰ ॥ ੨ ॥

ਅਮਾਂ=ਸੁਖ। ਬਖ਼ਸ਼ਿੰਦਹ=ਖਿਮਾਂ ਕਰਨ ਵਾਲਾ। ਓ=ਅਤੇ। ਦਸਤਗੀਰ=(ਦਸਤ=ਹਥ +ਗੀਰ ਫੜਨ ਵਾਲਾ) ਹਥ ਫੜਨ ਵਾਲਾ. ਪਨਾਹਦਾਤਾ। ਦਿਹੋ=[ਦੇਂਦਾ ਹੈ+ਓ) ਓਹ ਦੇਂਦਾ ਹੈ। ਦਿਲ ਪਜ਼ੀਰ=ਮਨ ਨੂੰ ਭਾਉਂਦਾ ਹੋਇਆ।

ਉਹ ਸੁਖ ਬਖਸ਼ਨ ਵਾਲਾ ਹੈ, ਖਿਮਾ ਕਰਨ ਵਾਲਾ ਹੈ ਅਤੇ ਹਥ ਫੜਨ ਵਾਲਾ ਹੈ। ਭਾਣਾ (ਜਾਂ ਗੁਨਾਹ) ਬਖਸ਼ਦਾ ਹੈ, ਰੋਜ਼ੀ ਬਖਸ਼ਦਾ ਹੈ, (ਅਤੇ ਫਿਰ) ਉਹ ਦੇਂਦਾ ਹੈ, (ਸਭਨਾਂ ਨੂੰ) ਮਨ ਭਾਉਂਦਾ (ਅਰਥਾਤ ਸਭਨਾਂ ਨੂੰ ਸਭਨਾਂ ਦੇ ਮਨ ਭਾਉਂਦੇ ਪਦਾਰਥ ਬਖਸ਼ਦਾ ਹੈ ॥੨॥

ਸ਼ਹਿਨਸ਼ਾਹਿ ਖ਼ੂਬੀ ਦਿਹੋ ਰਹਨਮੂੰ ॥

ਕਿ ਬੇਗੂਨੁ ਬੇਚੂਨ ਚੂੰ ਬੇਨਮੂੰ ॥ ੩ ॥

ਸ਼ਹਨਸ਼ਾਹਿ–ਬਾਦਸ਼ਾਹਾਂ ਦਾ ਬਾਦਸ਼ਾਹ, ਚੱਕਰਵਰਤੀ ਮਹਾਰਾਜਾ। ਖੂਬੀ–ਚੰਗਿਆਈ। ਦਿਹੋ=ਦੇਣ ਵਾਲਾ। ਰਹਨਮੂੰ–ਰਾਹਨੁਮਾਈ ਕਰਨ ਵਾਲਾ, ਰਾਹ ਪਾਉਣ ਵਾਲਾ। ਕਿ–ਜੋ।

---

*'ਰਿਹਾਕੁਨ' ਪਾਠ ਭੀ ਕਿਤੇ ਕਿਤੇ ਹੈ। ()ਪਾਠਾਂਤ੍ਰ–'ਖਤਾ' ਭੀ ਹੈ।

ਬੇਗੂਨ—(ਗੂਨ—ਰੰਗ) ਰੰਗ ਤੋਂ ਰਹਿਤ, ਅਰੰਗ। ਬੇਚੂਨ— ਚੂਨ-ਰੂਪ) ਰੂਪ ਤੋਂ ਬਿਨਾਂ,ਅਰੂਪ ਚੂੰ-ਜੈਸਾ ਕਿ, ਜਦ ਕਿ। ਬੇਨਮੂੰ—(ਨਮੂੰ—ਨਮੂਨਾ) ਨਮੂਨੇ ਤੋਂ ਬਿਨਾਂ, (ਭਾਵ-ਸ਼ਕਲ, ਸ਼ਬੀਹ ਜਾਂ ਨੁਹਾਰ ਤੋਂ ਰਹਿਤ ਹੈ ਅਰਥਾਤ ਉਸ ਦੀ ਸ਼ਕਲ ਕਿਸੇ ਦੀ ਸ਼ਕਲ ਵਰਗੀ ਨਹੀਂ ਹੈ)।

ਜੋ ਬਾਦਸ਼ਾਹਾਂ ਦਾ ਬਾਦਸ਼ਾਹ ਹੈ, ਨੇਕੀਆਂ ਦੇਂਦਾ ਹੈ ਅਤੇ ਰਾਹਨੁਮਾਈ ਕਰਦਾ ਹੈ। ਜੋ ਰੰਗ ਤੋਂ ਬਿਨਾਂ, ਰੂਪ ਤੋਂ ਬਿਨਾਂ ਤੇ ਨਮੂਨੇ ਤੋਂ ਬਿਨਾਂ ਹੈ (ਅਰਥਾਤ ਉਹ ਆਪੇ ਹੀ ਉਪਮੇਯ ਹੈ ਅਤੇ ਆਪੇ ਹੀ ਉਪਮਾਨ ਹੈ ॥੩।

ਨ ਸਾਜ਼ੋ ਨ ਬਾਜ਼ੋ ਨ ਫਉਜੋ ਨ ਫਰਸ਼ ॥
ਖ਼ੁਦਾਵੰਦ ਬਖਸ਼ਿੰਦਹ ਏ ਐਸ਼ ਅਰਸ਼ ॥ ੪ ॥

ਨ-ਨਹੀਂ ਹੈ। ਸਾਜ਼—ਸਮਾਨ, ਵਰਤਨ ਵਲੇਵਾਂ। ਬਾਜ਼—(੧) ਸ਼ਿਕਾਰੀ ਜਾਨਵਰ ਦਾ ਨਾਮ ਹੈ। (੨) ਰਾਜ-ਕਰ, ਮਾਮਲਾ ਜਾਂ ਉਗਰਾਹੀ। ਫੌਜ—ਸੈਨਾ । ਫ਼ਰਸ਼-ਧਰਤੀ ਉਤੇ ਵਿਛਾਏ ਜਾਣ ਵਾਲੇ ਦਰੀਆਂ ਕਾਲੀਣ ਆਦਿਕ। (੨) ਸੌਣ ਦੇ ਲਈ ਬਿਸਤਰੇ ਆਦਿਕ, ਭਾਵ-ਅਰਾਮ ਦੇ ਸਮਾਨ। ਏ-ਨੂੰ। ਐਸ਼-ਸੁਖ। ਅਰਸ਼—ਅਠਵਾਂ ਅਸਮਾਨ, ਭਾਵ ਸਵਰਗ।

(ਜਿਸ ਦੇ ਕੋਲ ਕੋਈ ਕਿਸੇ ਤਰ੍ਹਾਂ ਦਾ) ਸਾਮਾਨ ਨਹੀਂ ਹੈ,(ਆਮਦਨ ਦਾ ਜ਼ਰੀਆ ਕੋਈ) ਕੱਰ, ਮਾਮਲਾ ਜਾਂ ਉਗ੍ਰਾਹੀ ਨਹੀਂ ਹੈ, (ਲੁਟ-ਮਾਰ ਕਰਨ ਵਾਸਤੇ) ਫੌਜ ਨਹੀਂ ਹੈ (ਸੌਣ-ਬੈਹਣ ਵਾਸਤੇ ਕੋਈ) ਬਿਸਤਰਾ ਜਾਂ ਕਾਲੀਣ ਨਹੀਂ ਹੈ, (ਪਰ ਉਹ) ਖੁਦਾਵੰਦ (ਉਸ ਨੂੰ ਭੀ) ਅਰਸ਼ੀ ਸੁਖ ਬਖਸ਼ਣ ਵਾਲਾ ਹੈ ॥੪॥

ਜਹਾਂ ਪਾਕ ਜ਼ਬਰਸਤੁ ਜ਼ਾਹਿਰ ਜ਼ਹੂਰਿ ॥
ਅਤਾ ਮੇ ਦਿਹਦ ਹਮ ਚੁ ਹਾਜਰ ਹਜ਼ੂਰ ॥ ੫ ॥

ਜਹਾਂ-ਜਹਾਨ। ਪਾਕ-ਪਵਿਤ੍ਰ। [੨] ਰਹਿਤ। ਜ਼ਬਰਸਤ-[ਜਬਰ+ਅਸਤੁ] ਜੋਰ ਵਾਲਾ ਹੈ।[੨] ਉਚਾ ਹੈ। ਜਾਹਰ-ਪ੍ਰਗਟ। ਜਹੂਰ-ਜਲਵਾ। ਅਤਾ-ਦਾਤ। ਮੇ ਦਿਹਦ-ਦੇਂਦਾ ਹੈ ਹਮਚੁ-ਜੈਸਾ ਕਿ। ਹਾਜਰ-ਸਾਮ੍ਹਣੇ। ਹਜ਼ੂਰ-ਪ੍ਰਤੱਖ। [੨]ਹਾਜਰ ਹਜ਼ੂਰ—ਹਾਜਰਾ ਹਜ਼ੂਰ।

(ਉਹ) ਜਗਤ ਤੋਂ ਪਾਕ ਹੈ, (ਅਰਥਾਤ ਜਗਤ ਦ ਕਾਰ ਵਿਹਾਰ, ਧੰਦਿਆਂ ਜਾਂ ਸਾਧਨਾਂ ਤੋਂ ਪਵਿਤਰ ਹੈ, ਜਗਤ ਦਾ ਕੋਈ ਭੀ ਕਰਮ ਧਰਮ ਉਸ ਉਤੇ ਹਾਵੀ ਨਹੀਂ ਹੈ,ਇਸ ਲਈ ਉਹ) ਜਹਾਨ ਤੋਂ ਪਾਕ ਹੈ, (ਸਾਰਿਆਂ ਤੋਂ) ਜੋਰਾਵਰ ਹੈ (ਜਾਂ ਸਭਨਾਂ ਤੋਂ ਉਚਾ ਹੈ, ਫਿਰ ਜਿਸ ਦਾ) ਜਹੂਰ ਜਾਹਰ ਹੈ (ਅਰਥਾਤ ਜਿਸ ਦਾ ਜਲਵਾ (ਪ੍ਰਕਾਸ਼) ਹਰ ਥਾਂ ਤੇ ਪ੍ਰਕਾਸ਼ ਕਰ ਰਿਹਾ ਹੈ) ਚੂੰਕਿ (ਉਹ) ਦਾਤਾਂ ਦੇਂਦਾ ਹੈ (ਇਸ ਲਈ ਹਰ ਥਾਂ ਤੇ) ਹਾਜਰ ਹਜ਼ੂਰ (ਜਾਂ ਸਾਹਮਣੇ ਪ੍ਰਤੱਖ ਦਿਸ ਰਿਹਾ ਹੈ ॥੫॥

ਅਤਾ ਬਖ਼ਸ਼ਦੇ ਪਾਕ ਪਰਵਰਦਿਗਾਰ ॥
ਰਹੀਮਸਤੁ ਰੋਜ਼ੀ ਦਿਹੋ ਹਰ ਦਿਯਾਰ ॥ ੬ ॥

ਪਾਕ-ਪਵਿਤ੍ਰ। ਪਰਵਰਦਿਗਾਰ-ਹਰ ਇਕ ਦੀ ਵਖੋ ਵਖਰੀ ਪਾਲਨਾ ਕਰਨ ਵਾਲਾ। ਅਤਾ-ਦਾਤਾ। ਰਹੀਮਸਤੁ—[ਰਹੀਮ+ਅਸਤੁ] ਰਹਿਮ [ਤਰਸ] ਕਰਨ ਵਾਲਾ ਹੈ। ਦਿਹੋ—ਦੇਂਦਾ ਹੈ+ਉਹ। ਹਰ—ਹਰ ਇਕ। ਦਿਯਾਰ—ਵਲਾਯਤ, ਦੇਸ਼ ਮੁਲਕ।

(ਭਾਵੇਂ ਉਹ ਜਗਤ ਤੋਂ) ਪਾਕ (ਰਹਿਤ) (ਹੈ, ਫਿਰ ਭੀ ਸਾਰਿਆਂ ਨੂੰ) ਦਾਤਾਂ ਬਖਸ਼ਦਾ

ਹੈ ਤੇ ਹਰ ਇਕ ਜੀਵ ਦੀ ਪਾਲਨਾ ਕਰਨ ਵਾਲਾ ਹੈ। ਰਹਿਮ (ਦਯਾ)ਕਰਨ ਵਾਲਾ ਹੈ ਅਤੇ ਹਰ ਵਲਾਇਤ [ਭਾਵ ਸਾਰਿਆਂ ਦੇਸ਼ਾਂ] ਵਾਲਿਆਂ ਨੂੰ ਰੋਜ਼ੀ ਦੇਂਦਾ ਹੈ ਅਰਥਾਤ ਓਹ ਸਭਨਾਂ ਨੂੰ ਦਾਤਾਂ ਦੇਂਦਾ ਹੈ, ਹਰ ਤਰ੍ਹਾਂ ਨਾਲ ਸਭ ਦੀ ਪਾਲਨਾ ਕਰਦਾ ਹੈ, ਸਾਰੇ ਦੇਸ਼ਾਂ ਨੂੰ ਰੋਜ਼ੀ ਦੇਂਦਾ ਹੈ, ਫਿਰ ਭੀ ਸਭਨਾਂ ਤੋਂ ਰਹਿਤ ਹੈ, ਉਸ ਨੂੰ ਕੋਈ 'ਲੇਪ ਛੇਪ' ਨਹੀਂ ਹੈ ॥੬॥

ਕਿ ਸਾਹਿਬ ਦਿਯਾਰਸਤੁ ਆਜ਼ਮ ਅਜ਼ੀਮ ॥
ਕਿ ਹੁਸਨਲ ਜਮਾਲਸਤੁ ਰਾਜ਼ਕ ਰਹੀਮ ॥ ੭ ॥

ਕਿ—ਜੋ। ਸਾਹਿਬ—ਮਾਲਿਕ,ਸਵਾਮੀ। ਦਿਯਾਰਸਤੁ—(ਦਿਯਾਰ+ਅਸਤੁ) ਦੇਸ਼ਾਂ ਦਾ ਹੈ। ਆਫ਼ਸ—ਵਡਾ। ਅਜ਼ੀਮ—ਬਹੁਤ ਹੀ ਵਡਾ। ਹੁਸਨਲ—[ਹੁਸਨ+ਅਲ) ਬੜਾ ਸੁੰਦਰ, ਭਾਵ ਵਡੇ ਭਾਰੇ ਜਲਾਲ ਵਾਲਾ। ਜਮਾਲਸਤੁ—(ਜ਼ਮਾਲ—ਮਨ ਨੂੰ ਲੁਭਾਉਣ ਵਾਲੀ ਸੁੰਦਰਤਾ) ਜਮਾਲ ਵਾਲਾ। ਰਾਜ਼ਕ—ਰੋਜ਼ੀ ਦੇਣ ਵਾਲਾ। ਰਹੀਮ—ਦਯਾ ਕਰਨ ਵਾਲਾ।

ਜੋ ਵਲਾਇਤਾਂ (ਮੁਲਕਾਂ ਜਾਂ ਦੇਸ਼ਾਂ) ਦਾ ਮਾਲਕ ਹੈ ਅਤੇ ਵਡਿਆਂ ਨਾਲੋਂ ਵੀ ਬਹੁਤ ਵਡਾ ਹੈ ਜੋ ਬੜੇ ਭਾਰੇ ਜਲਾਲ ਵਾਲਾ ਹੈ, (ਜਲਾਲ ਵਾਲਾ ਹੋ ਕੇ ਬਿਜਲੀ ਵਾਂਗੂ, ਡਰਾਉਣਾ ਨਹੀਂ ਹੈ, ਸਗੋਂ) ਜਮਾਲ ਰੂਪ ਹੈ, (ਜਲਾਲ ਤੇਜ ਵਾਲਾ ਹੋ ਕੇ ਭੀ ਮਨ ਨੂੰ ਲੁਭਾਉਣ ਵਾਲੀ ਮਿਠਾਸ ਵਾਲਾ ਹੈ) ਰੋਜ਼ੀ ਦਾਤਾ(ਹੋਣ ਵਾਲਾ ਹੋ ਕੇ,ਜੀਵਾਂ ਦੇ ਔਗੁਣਾਂ ਦੀ ਪੜਚੋਲ ਨਹੀਂ ਕਰਦਾ ਸਗੋਂ ਔਗੁਣਾਂ ਨੂੰ ਵੇਖ ਕੇ) ਤਰਸ (ਦਯਾ) ਕਰਨ ਵਾਲਾ ਹੈ ॥੭॥

ਕਿ ਸਾਹਿਬ ਸ਼ਊਰਸਤੁ ਆਜਿਜ਼ ਨਿਵਾਜ਼ ॥
ਗ਼ਰੀਬੁਲ ਪਰਸਤੋ ਗ਼ਨੀਮੁਲ ਗੁਦਾਜ਼ ॥ ੮ ॥

ਸ਼ਊਰਸਤੁ—(ਸ਼ਊਰ—ਸਮਝਣ ਵਾਲਾ) ਸਮਝ ਵਾਲਾ ਹੈ। ਆਜਿਜ—ਦੀਨ, ਅਨਾਥ, ਯਤੀਮ। ਨਿਵਾਜ—ਵਡਿਆਈ ਵਾਲਾ। ਗਰੀਬੁਲ—(ਗਰੀਬ+ਉਲ) ਗ੍ਰੀਬ ਦੀ। ਪਰਸਤੋ— ਪਾਲਨਾ ਕਰਨ ਵਾਲਾ। ਗਨੀਮੁਲ—(ਗਨੀਮ+ਅਲ)ਵੈਰੀਆਂ ਦਾ। ਗੁਦਾਜ—ਗਾਲਣ ਵਾਲਾ।

ਜੋ ਮਾਲਕ ਸਮਝ ਵਾਲਾ ਹੈ, ਅਨਾਥਾਂ ਨੂੰ ਵਡਿਆਈ ਦੇਣ ਵਾਲਾ ਹੈ। ਗਰੀਬਾਂ ਦੀ ਪਾਲਨਾ ਕਰਨ ਵਾਲਾ ਤੇ ਵੈਰੀਆਂ ਨੂੰ ਗਾਲ ਸੁਟਣ ਵਾਲਾ ਹੈ ॥੮॥

ਸ਼ਰੀਅਤ ਪਰਸਤੋ ਫ਼ਜ਼ੀਲਤ ਮਆਬ ॥
ਹਕੀਕਤ ਸ਼ਨਾਸ਼ੋ ਨਬੀਉਲ ਕਿਤਾਬ ॥ ੯ ॥

ਸ਼ਰੀਅਤ—ਮਰਯਾਦਾ,ਸ਼ਰਅ—ਨਿਆਉਂ। ਪਰਸਤੋ—ਪ੍ਰਵਸ਼ ਕਰਨ ਵਾਲਾ। ਫਜੀਲਤ— ਵਡਿਆਈ। ਮਆਬੁ—ਭਰਿਆ ਹੋਇਆ। ਹਕੀਕਤ—ਸਚਿਆਈ, ਸੱਚ, ਤੱਤ। ਸ਼ਨਾਸੋ— ਪਛਾਨਣ ਵਾਲਾ। ਨਬੀਉਲ—ਪ੍ਰਵਾਨ ਕੀਤਾ ਹੋਇਆ। ਉਲ—ਕਾ।

ਜੋ ਇਨਸਾਫ ਦੀ ਪਾਲਣਾ ਕਰਨ ਵਾਲਾ ਹੈ, ਵਡਿਆਈ ਦੇ ਨਾਲ ਨਕੋ ਨਕ ਭਰਿਆ ਹੋਇਆ ਹੈ। ਸਚਾਈ ਦੇ ਤੱਤ ਨੂੰ ਪਛਾਨਣ ਵਾਲਾ ਹੈ, (ਅਤੇ ਕੁਰਾਨ ਆਦਿਕ) ਕਿਤਾਬਾਂ ਦਾ ਪ੍ਰਵਾਨ ਕੀਤਾ ਹੋਇਆ ਰਬ ਹੈ (ਅਰਥਾਤ ਸਾਰੇ ਧਰਮ ਗਰੰਥ ਤੇ ਖਾਸ ਕਰਕੇ ਕੁਰਾਨ ਆਦਿਕ ਕਿਤਾਬਾਂ ਜਿਸ ਨੂੰ 'ਰਬ' ਮੰਨਦੀਆਂ ਹਨ) ॥੯॥

ਕਿ ਦਾਨਸ਼ ਪੁਯੋਹਸਤ ਸਾਹਿਬ ਸ਼ਊਰ ॥

ਹਕੀਕਤ ਸ਼ਨਾਸਸਤੋ ਜ਼ਾਹਿਰ ਜ਼ਹੂਰ ॥ ੧੦ ॥

ਦਾਨਸ਼—ਦਨਾਈ,ਸਮਝਣ ਸ਼ਕਤੀ । ਪੁਯੋਹਸਤੁ—(ਪਯੋਹ+ਅਸਤੁ)ਢੂੰਡਣ ਵਾਲਾ,ਤਲਾਸ਼ ਕਰਨ ਵਾਲਾ (ਭਾਵ ਕਦਰ ਪਾਉਣ ਵਾਲਾ) ਹੈ । ਸ਼ਊਰ—ਵਿਵੇਕ । ਹਕੀਕਤ—ਸਚਾਈ । ਸ਼ਨਾਸਸਤੋ—ਪਛਾਣ ਵਾਲਾ ਹੈ । ਜ਼ਾਹਿਰ—ਪ੍ਰਤੱਖ ਹੈ,ਰੋਸ਼ਨ ਹੈ । ਜ਼ਹੂਰ—ਪ੍ਰਕਾਸ਼, ਜਲਵਾ ।

ਜੋ ਦਨਾਈ ਦੀ ਕਦਰ ਪਾਉਣ ਵਾਲਾ ਹੈ ਅਤੇ ਵਿਵੇਕ ਦਾ ਮਾਲਕ ਹੈ । ਸਚਾਈ ਦੀ ਪਛਾਣ ਵਾਲਾ ਹੈ, (ਉਸ ਦਾ) ਪ੍ਰਕਾਸ਼ (ਹਰ ਥਾਂ ਤੇ) ਪ੍ਰਕਾਸ਼ ਕਰ ਰਿਹਾ ਹੈ ॥੧੦॥

ਸ਼ਨਾਸਿੰਦ ਏ ਇਲਮ ਆਲਮ ਖ਼ੁਦਾਇ ॥
ਕੁਸ਼ਾਇੰਦਏ ਕਾਰਿ ਆਲਮ ਕੁਸ਼ਾਇ ॥ ੧੧ ॥

ਸ਼ਨਾਸਿੰਦ—(ਸ਼ਨਾਸ—ਪਛਾਨ)ਪਛਾਨਣ ਵਾਲਾ,ਜਾਨਣ ਵਾਲਾ । ਏ—ਕਾ. ਦਾ । ਇਲਮਿ—ਵਿਦਯਾ । (੨) ਵਾਕਫੀਅਤ । ਆਲਮ—ਪ੍ਰਿਥਵੀ,ਧਰਤੀ, ਜਹਾਨ (ਭਾਵ ਸਾਰੀ ਦੁਨੀਆਂ) । ਖੁਦਾਇ—ਪਤੀ, ਮਾਲਕ, ਪ੍ਰਮਾਤਮਾ । ਕੁਸਾਇੰਦ—(ਕਸ਼ੂਦਨ ਤੋਂ ਕੁਸ਼ਾਇੰਦਹ) ਖੋਹਲਣੇ ਵਾਲਾ, ਸੁਖੱਲਾ ਕਰਨ ਵਾਲਾ । ਕਾਰਿ—ਕੰਮਾਂ ਨੂੰ । ਆਲਮ—ਜਹਾਨ । ਕੁਸ਼ਾਇ—(ਕਸ਼ੀਦਨ ਤੋਂ ਕਸ਼ਾਇ) ਤਰਤੀਬ ਦੇਣ ਵਾਲਾ, ਸਿਲਸਿਲੇਵਾਰ ਚਲਾਉਣ ਵਾਲਾ ।

(ਜੋ) ਖੁਦਾ ਦੁਨੀਆਂ ਦੇ (ਸਾਰੇ ਗੁਪਤ ਤੇ ਪ੍ਰਗਟ) ਇਲਮਾਂ ਦੇ ਜਾਣਨ ਵਾਲਾ ਹੈ । (ਜੋ) ਖੁਦਾਇ) ਦੁਨੀਆਂ ਦੇ ਕੰਮਾਂ ਦੀ (ਹਰ ਇਕ ਮੁਸ਼ਕਲ ਨੂੰ) ਖੋਹਲਣ ਵਾਲਾ ਜਾਂ ਸੁਖੱਲਾ ਕਰਨ ਵਾਲਾ ਹੈ ਅਤੇ ਦੁਨੀਆਂ (ਦੀ ਹਰ ਇਕ) ਕਾਰ ਨੂੰ ਤਰਤੀਬ ਦੇਣ ਵਾਲਾ ਹੈ (ਜਾਂ) ਦੁਨੀਆਂ (ਦੇ ਵਿਗੜਿਆਂ ਹੋਇਆਂ) ਕੰਮਾਂ ਦੇ ਸਵਾਰਨ ਵਾਲਾ ਤੇ ਚਲਾਉਣ ਵਾਲਾ ਹੈ ॥੧੧॥

ਗੁਜ਼ਾਰਿੰਦਹ ਏ ਕਾਰਿ ਆਲਮ ਕਬੀਰ ॥
ਸ਼ਨਾਂਸਿੰਦਹ ਏ ਇਲਮ ਆਲਮ ਅਮੀਰ ॥ ੧੨ ॥

ਗੁਜ਼ਾਰਿੰਦਹ—ਚਲਾਉਣ ਵਾਲਾ । ਕਾਰਿ—ਕੰਮਾਂ ਤਾਂਈ । ਕਬੀਰ—ਵਡਾ । ਸ਼ਨਾਸਿੰਦਮ—ਪਛਾਨਣ ਵਾਲਾ । ਇਲਮਿ—ਵਿਦਯਾ । ਅਮੀਰ—(ਆਮਰਿ) ਹੁਕਮ (ਅਮਰ) ਕਰਨ ਵਾਲਾ।

(ਜੋ ਮਾਲਕ ਇਸ) ਸੰਸਾਰ ਦੇ ਬੜੇ ਵਡੇ ਕੰਮਾਂ (ਨੂੰ ਪੂਰੀ ੨) ਵਿਉਂਤ ਵਿਚ ਚਲਾ ਰਿਹਾ ਹੈ । ਜੋ ਦੁਨੀਆਂ ਨੂੰ ਪਛਾਨਣ ਵਾਲਾ ਹੈ, ਦੁਨੀਆਂ ਦੇ ਇਲਮਾ ਵਾਲਾ ਹੈ, (ਅਤੇ) ਦੁਨੀਆਂ ਉਤੇ ਅਮਰ (ਹੁਕਮ) ਕਰਨ ਵਾਲਾ ਹੈ ॥੧੨॥

ਭਾਵ—ਇਨ੍ਹਾਂ ਬਾਰਾਂ ਬੈਂਤਾਂ ਵਿਚ ਉਸ ਵਾਹਿਗੁਰੂ ਪ੍ਰਮਾਤਮ ਦੇਵ ਦੇ ਗੁਣਾਂ ਤੇ ਕਰਮਾਂ ਦੀਆਂ ਇਹ ਸਿਫਤਾਂ ਹਨ । ਫਿਰ ਇਹ ਭੀ ਜ਼ਾਹਰ ਕੀਤਾ ਹੈ ਕਿ ਮੈਂ ਉਸੇ ਦੇ ਮੰਨਣ ਵਾਲਾ ਹਾਂ । ਪਰ ਤੇਰੇ ਤੇ ਮੇਰੇ ਮੰਨਣ ਵਿਚ ਫਰਕ ਹੈ, ਕਿਉਂਕਿ ਤੂੰ ਇਹ ਮੰਨਦਾ ਹੈਂ ਕਿ ਉਹ ਖੁਦਾ ਦੁਨੀਆਂ ਦੀ ਹਰ ਇਕ ਗੁਪਤ ਪ੍ਰਗਟ ਗੱਲ ਨੂੰ ਜਾਣਦਾ ਹੈ, ਪਰ ਫਿਰ ਤੂੰ ਦੁਨੀਆਂ ਨਾਲ ਧੋਖਾ ਫਰੇਬ ਕਰਦਾ ਹੈਂ । ਤੂੰ ਆਪਣੇ ਮਤਲਬ ਨੂੰ ਸਿਧ ਕਰਨ ਵਾਸਤੇ ਹਰ ਇਕ ਤਰ੍ਹਾਂ ਦੀ ਠਗੀ, ਹਰ ਇਕ ਤਰ੍ਹਾਂ ਦੀ ਬੇਈਮਾਨੀ. ਹਰ ਇਕ ਤਰ੍ਹਾਂ ਦੀ ਬੁਰਾਈ ਕਰਨ ਤੋਂ ਬਾਜ ਨਹੀਂ ਆਉਂਦਾ, ਫਿਰ ਇਹ ਕਿਵੇਂ ਕਿਹਾ ਜਾ ਸਕਦਾ ਹੈ ਕਿ 'ਤੂੰ ਖੁਦਾ ਨੂੰ ਮੰਨਣ ਵਾਲਾ ਹੈਂ ?' ਅਸੀਂ ਤੇਰ ਵਲੋਂ ਕਹੀਆਂ ਗਈਆਂ ਗੱਲਾਂ ਅਤੇ ਤੇਰੇ ਵਲੋਂ ਕੀਤੀਆਂ ਗਈਆਂ ਚਾਲਾਂ ਅਤੇ ਕਾਰਵਾਈਆਂ ਨੂੰ ਲਿਖ ਕੇ ਤੇਰੇ ਕੋਲ ਭੇਜਦੇ ਹਾਂ, ਤੂੰ ਇਨ੍ਹਾਂ ਨਾਲ ਆਪਣੇ ਆਪ ਨੂੰ ਮਿਲਾ ਕੇ ਵੇਖ ਤੂੰ ਕਿਹੜੇ ਛਾਬੇ ਉਤੇ ਪੂਰਾ

ਉਤਰਦਾ ਹੈਂ ?

ਹੁਣ ਇਸ ਤੋਂ ਅਗੇ ਸਤਿਗੁਰੂ ਸਾਹਿਬ ਜੀ ਖਤ ਦਾ ਮਜਮੂਨ ਸ਼ੁਰੂ ਕਰਦੇ ਹਨ, ਇਸੇ ਵਾਸਤੇ ਸ੍ਰੀ ਹਜ਼ੂਰ ਜੀ ਨੇ 'ਦਾਸਤਾਨ' ਪਦ ਲਿਖ ਕੇ ਸੂਰਤ ਕਰ ਦਿਤਾ ਨੂੰ ਕਿ ਇਸ ਤੋਂ ਅਗੇ ਕੋਈ ਵਾਰਤਾ ਤੁਰੀ ਹੈ।

ਦਾਸਤਾਨ — ਵਾਰਤਾ
(ਇਸ ਤੋਂ ਅਗੇ ਅਸਲੀ ਗੱਲ ਤੁਰੀ ਹੈ)

ਮਰਾ ਏਤਬਾਰੇ ਬਰੀਂ ਕਸਮ ਨੇਸਤ ॥

ਕਿ ਏਜ਼ਦ ਗਵਾਹਸਤੁ ਯਜ਼ਦਾ ਯਕੇਸਤ ॥ ੧੩ ॥

ਮਰਾ—[ਮ+ਰਾ] ਮੈਨੂੰ। ਏਤਬਾਰੇ—ਇਤਬਾਰ, ਭਰੋਸਾ, ਯਕੀਨ। ਬਰੀਂ [ਬਰ—ਉਪਰ+ਈਂ] ਇਸ ਉਤੇ। ਕਸਮ—ਸੌਂਹ, ਸੁਗੰਧ। ਨੇਸਤ—(ਨ—ਅਸਤੁ) ਨਹੀਂ ਹੈ। ਕਿ—ਜੋ। ਏਜ਼ਦ—ਖੁਦਾ, ਰੱਬ। ਗਵਾਹਸਤੁ—(ਗਵਾਹ+ਅਸਤੁ) ਗਵਾਹ ਹੈ। ਯਜਦਾ—ਖੁਦਾ, ਅਲੱਹ। ਯਕੇਸਤ—(ਯਕ+ਅਸਤੁ) ਇਕ ਹੈ।

ਮੈਨੂੰ (ਤੇਰੀ) ਇਸ ਕ਼ਸਮ ਤੇ ਇਤਬਾਰ ਨਹੀਂ ਹੈ, ਜੋ (ਤੂੰ ਲਿਖਿਆ ਹੈ) ਖੁਦਾ ਇਕ ਹੈ, (ਅਤੇ ਤੁਹਾਡੇ ਤੇ ਮੇਰੇ ਵਿਚ ਉਹ) ਖੁਦਾ ਗਵਾਹ ਹੈ ॥ ੧੩ ॥

ਭਾਵ—ਔਰੰਗਜ਼ੇਬ ਨੂੰ ਸਬੋਧਨ ਕਰਕੇ ਲਿਖਦੇ ਹਨ ਅਤੇ ਇਸੇ ਵਾਸਤੇ 'ਈਂ' ਪਦ ਲਿਖਿਆ ਹੈ—ਹੇ ਔਰੰਗਜ਼ੇਬ! ਤੇਰੀ ਇਸ ਸੌਂਹ ਉਤੇ ਮੈਨੂੰ ਇਤਬਾਰ ਨਹੀਂ ਸੀ. ਜੋ (ਤੂੰ ਲਿਖਿਆ ਸੀ ਕਿ) ਖੁਦਾ ਇਕ ਹੈ (ਅਤੇ ਉਹ) ਖੁਦਾ (ਮੇਰੇ ਤੁਹਾਡੇ ਵਿਚ) ਗਵਾਹ ਹੈ. ਜਿਸ ਸੌਂਹ ਦਾ ਇਥੇ ਇਸ਼ਾਰਾ ਕਰ ਰਹੇ ਹਨ, ਅਗੇ ਬੈਂਤ ਨੰ: ੪੫-੪੬ ਵਿਚ ਦਸਣਗੇ।

ਨ ਕਤਰਹ ਮਰਾ ਏਤਬਾਰੇ ਬਰੋਸਤੁ ॥

ਕਿ ਬਖਸ਼ੀ ਵ ਦੀਵਾਂ ਹਮਹ ਕਿਜ਼ਬਗੋਸਤ ॥ ੧੪ ॥

ਕਤਰਹ—ਇਕ ਬੂੰਦ, ਉਡ ਕੇ ਡਿਗੀ ਹੋਈ ਛਿਟ। ਬਰੋਸਤ—(ਬਰ—ਉਪਰ+ਓ+ਅਸਤ) ਉਸ ਉਤੇ ਹੈ। ਬਖਸ਼ੀ—ਫੌਜ ਦੇ ਜਰਨੈਲ ਨੂੰ ਕਿਹਾ ਜਾਦਾ ਸੀ। ਵ—ਅਤੇ। ਦੀਵਾਂ (ਦੀਵਾਨ)—ਮੁਸਾਹਿਬ ਜਾਂ ਸਰਦਾਰ ਲੋਕ, ਦਰਬਾਰ ਦੇ ਵਿਚ ਬਾਦਸ਼ਾਹ ਨਾਲ ਸਲਾਹ ਮਸ਼ਵਰਾ ਕਰਨ ਵਾਲੇ। ਹਮਹ—ਸਾਰੇ। ਕਿਜ਼ਬਗੋਸਤ—(ਕਿਜ਼ਬ = ਝੂਠ+ਗੋ = ਬੋਲਨ ਵਾਲੇ+ਅਸਤ) ਝੂਠ ਬੋਲਣ ਵਾਲੇ ਸਨ।

ਮੈਨੂੰ ਇਕ ਬੂੰਦ ਜਿੰਨਾ ਭੀ ਉਨ੍ਹਾਂ ਉਤੇ ਭਰੋਸਾ ਨਹੀਂ ਜ ਸੈਨਾਪਤੀ ਤੇ ਸਰਦਾਰ ਲੋਕ (ਮੇਰੇ ਕੋਲ ਆਏ ਸਨ.. ਕਿਉਂਕਿ) ਉਹ ਸਾਰੇ ਹੀ ਝੂਠ ਬੋਲਣ ਵਾਲੇ ਸਨ ॥੧੪॥

ਭਾਵ—ਪਿਛਲੇ ਬੈਂਤ ਵਿਚ ਸ੍ਰੀ ਹਜ਼ੂਰ ਜੀ ਨੇ ਲਿਖਿਆ ਹੈ—ਔਰੰਗਜ਼ੇਬ! ਮੈਨੂੰ ਤੇਰੀ ਸੌਂਹ ਦਾ ਇਤਬਾਰ ਨਹੀਂ ਸੀ। ਹੁਣ ਇਥੇ ਫਰਮਾਂਦੇ ਹਨ ਕਿ ਤੇਰੀ ਲਿਖੀ ਹੋਈ ਸੌਂਹ ਨੂੰ ਲੈ ਕੇ ਆਉਣ ਵਾਲੇ—ਜੋ ਫੌਜ ਦਾ ਜਰਨੈਲ ਤੇ ਦਰਬਾਰ ਦੇ ਮੁਸਾਹਿਬ ਲੋਕ ਮੇਰੇ ਕੋਲ ਆਏ ਸਨ, ਉਨ੍ਹਾਂ ਉਤੇ ਮੈਨੂੰ ਪਾਣੀ ਦੀ ਇਕ ਬੂੰਦ ਜਿੰਨਾ ਭੀ ਇਤਬਾਰ ਨਹੀਂ ਸੀ। ਇਤਬਾਰ ਕਿਉਂ ਨਹੀਂ ਸੀ? ਕੀ ਉਹ ਮੁਸਲਮਾਨ ਹੋਣ ਕਰਕੇ ਇਤਬਾਰ ਦੇ ਯੋਗ ਨਹੀਂ ਸਨ ਜਾਂ ਪਹਾੜੀਏ ਹੋਣ ਕਰਕੇ ਉਨ੍ਹਾਂ ਉਤੇ ਇਤਬਾਰ ਨਹੀਂ ਕੀਤਾ ਗਿਆ ਸੀ? ਉਨ੍ਹਾਂ ਉਤੇ ਇਕ ਬੂੰਦ ਜਿੰਨਾ ਭੀ ਇਤਬਾਰ ਨਾ ਹੋਣ ਦਾ ਕੀ ਕਾਰਨ ਹੈ? ਕਾਰਨ ਭੀ ਸਪਸ਼ਟ ਕਹਿ ਰਹੇ ਹਨ ਕਿ ਉਹ ਸਾਰੇ ਦੇ ਸਾਰੇ ਹੀ ਝੂਠ ਬੋਲਣ

ਵਾਲੇ ਸਨ, ਉਨ੍ਹਾਂ ਵਿਚ ਇਕ ਭੀ ਸੱਚ ਦੇ ਪਿਆਰ ਵਾਲਾ ਨਹੀਂ ਸੀ।

ਕਸੇ ਕਉਲਿ ਕੁਰਆਂ ਕੁਨੱਦ ਏਤਬਾਰ ॥
ਹਮਾਂ ਰੋਜ਼ ਆਖਰ ਸ਼ਵੱਦ ਮਰਦ ਖ੍ਵਾਰ ॥ ੧੫ ॥

ਕਸੇ—ਕੋਈ ਆਦਮੀ। ਕਉਲਿ—(ਕੌਲਿ)ਗੱਲ,ਸੁਖਨ ਉਤੇ। ਕੁਰਆਂ—ਕੁਰਾਨ,ਮੁਸਲਮਾਨਾਂ ਦੀ ਦੀਨੀ ਕਿਤਾਬ,ਜੋ ਹਜ਼ਰਤ ਮੁਹੰਮਦ ਸਾਹਿਬ ਰਾਹੀਂ ਖੁਦਾ ਵਲੋਂ ਨਾਜ਼ਲ ਹੋਈ ਮੰਨੀ ਹੈ। ਕੁਨੱਦ—ਕਰਦਾ ਹੈ। ਏਤਬਾਰ—ਇਤਬਾਰ ਭਰੋਸਾ,ਯਕੀਨ। ਹਮਾਂ—(ਹਮ—ਭੀ+ਆਂ—ਉਹ) ਉਹ ਭੀ। ਆਖਿਰ—ਅੰਤ ਨੂੰ। ਸ਼ਵਦ—ਹੁੰਦਾ ਹੈ। ਖ੍ਵਾਰ—ਬੁਰੇ ਹਾਲ, ਭੈੜੀ ਹਾਲਤ ਵਾਲਾ।

ਜੇਕਰ ਕੋਈ ਆਦਮੀ ਕੁਰਾਨ ਦੇ ਸੁਖਨ(ਸੌਂਹ)ਉਤੇ ਇਤਬਾਰ ਕਰ ਲੈਂਦਾ ਹੈ (ਤਾਂ) ਉਹ ਮਰਦ ਭੀ. (ਉਸੇ) ਦਿਨ ਜਾਂ ਅੰਤ ਨੂੰ ਖੁਆਰ ਹੁੰਦਾ ਹੈ।। ੧੫ ॥

ਭਾਵ—ਔਰੰਗਜ਼ੇਬ! ਤੇਰੀਆਂ ਜਾਂ ਤੇਰੇ ਸਰਦਾਰਾਂ ਦੀਆਂ ਗੱਲਾਂ ਦਾ ਦੁਨੀਆਂ ਦੇ ਲੋਕਾਂ ਉਤੇ ਇਹ ਅਸਰ ਹੋ ਰਿਹਾ ਹੈ ਕਿ ਕੁਰਾਨ ਦੀ ਸੌਂਹ ਖਾ ਕੇ ਜਾਂ ਕੁਰਾਨ ਨੂੰ ਵਿਚ ਜਾਮਨ ਦੇ ਕੇ ਜੋ ਗੱਲ ਕੀਤੀ ਜਾਂਦੀ ਹੈ ਅਤੇ ਜੇਹੜਾ ਕੋਈ ਪੁਰਸ਼ ਉਸ ਗੱਲ ਉਤੇ ਯਕੀਨ ਕਰ ਲੈਂਦਾ ਹੈ, ਉਸ ਨੂੰ ਉਸੇ ਦਿਨ ਹੀ ਆਪਣੇਪੈਰਾਂ ਨੇ ਕੁਹਾੜਾ ਮਾਰ ਕੇਪਛਤਾਵਾ ਕਰਨਾ ਪੈਂਦਾ ਹੈ ਜਾਂ ਅੰਤ ਨੂੰ ਆਪਣੀ ਜ਼ਿੰਦਗੀ ਨੂੰ ਦੁਖਾਂ ਵਿਚ ਸੁਟ ਕੇ ਰੋਣਾ ਪੈਂਦਾ ਹੈ। ਹੁਣ ਤੂੰ ਠੰਢੇ ਦਿਲ ਨਾਲ ਸੋਚ ਕਿ ਤੇਰੀ ਜ਼ਿੰਦਗੀ ਨੇ ਦੁਨੀਆਂ ਨੂੰ ਸੁਖੀ ਕੀਤਾ ਹੋਇਆ ਹੈ ਜਾਂ ਦੁਖੀ?

ਹੁਮਾ ਰਾ ਕਸੇ ਸਾਯਹ ਆਯਦ ਬਜ਼ੇਰ ॥
ਬਰੋ ਦਸਤ ਦਾਰਦ ਨ ਜ਼ਾਗੋ ਦਲੇਰ ॥ ੧੬ ॥

ਹੁਮਾ—ਇਕ ਪੰਛੀ ਦਾ ਨਾਮ, ਜਿਸ ਦੀ ਬਾਬਤ ਲੋਕਾਂ ਦਾ ਖ਼ਿਆਲ ਹੈ। ਉਸ ਦੇ ਪ੍ਰਛਾਵੇਂ ਹੇਠਾਂ ਆ ਜਾਣ ਵਾਲਾ ਕੰਗਲਾ ਭੀ ਰਾਜ-ਭਾਗ ਪ੍ਰਾਪਤ ਕਰ ਲੈਂਦਾ ਹੈ। ਸਾਯਹ—ਪ੍ਰਛਾਵਾਂ। ਆਯਦ—ਆਉਂਦਾ ਹੈ। ਬਜ਼ੇਰ—(ਜੇਰ) ਹੇਠਾਂ। ਬਰੋ—(ਬਰ+ਓ) ਉਸ ਉਤੇ। ਦਸਤ—ਹਥ ਦਾਰਦ—ਰਖੇਗਾ. ਪਾਵੇਗਾ। ਜ਼ਾਗ—ਕਾਉਂ,ਕਾਂ। ਦਲੇਰ = ਸੂਰਮਾ, ਯੋਧਾ, ਹੌਸਲੇ ਵਾਲਾ।

ਜੇ ਕੋਈ ਆਦਮੀ 'ਹੁਮਾ' ਪੰਛੀ ਦੇ ਪਰਛਾਵੇਂ ਹੇਠਾ ਆ ਗਿਆ ਹੈ, ਉਸ ਦੇ ਉਤੇ ਕਾਂ ਹਥ ਨਹੀਂ ਰਖ ਸਕਦਾ, (ਭਾਵੇਂ ਕਿੰਨਾ ਕੀ) ਦਲੇਰ ਹੋਵੇ ॥ ੧੬ ॥

ਭਾਵ—ਇਥੇ ਲੋਕੋਕਤੀ ਦਾ ਇਸ਼ਾਰਾ ਫੁਰਮਾਉਂਦੇ ਹਨ—ਹੇ ਔਰੰਗਜ਼ੇਬ! ਜਿਵੇਂ 'ਹੁਮਾ' ਦੇ ਸਾਏ ਹੇਠਾਂ ਆ ਚੁਕੇ ਪੁਰਸ਼ ਨੂੰ ਕਾਂ ਨਹੀਂ ਫੜ ਸਕਦਾ, ਤਿਵੇਂ ਹੀ ਮੈਂ ਇਕ ਅਕਾਲ ਪੁਰਖ ਦੀ ਟੇਕ ਓਟ ਤੇ ਰਹਿਣ ਵਾਲਾ, ਤੇਰੀਆਂ ਸੌਹਾਂ ਅਤੇ ਤੇਰ ਦਰਬਾਰੀਆਂ ਤੇ ਫੌਜੀਆਂ ਦੀਆਂ ਸੌਹਾਂ ਉਤੇ ਨਾ ਇਤਬਾਰ ਕਰਨ ਵਾਲਾ ਅਤੇ ਰੱਬੀ ਰੰਗ ਤੇ ਰਮਜ ਵਿਚ ਖੇਡਣ ਵਾਲਾ, ਅਨੰਦ ਪੁਰ ਦਾ ਕਿਲ੍ਹਾ ਛਡ ਕੇ ਨੀਲੇ ਅਕਾਸ਼ ਹੇਠਾਂ ਆ ਗਿਆ, ਪਰ ਤੇਰੀ ਸੌਂਹ ਖਾਧੀ ਹੋਈ ਲਿਖਤ ਨੂੰ ਲੈ ਕੇ ਆਉਣ ਵਾਲਾ ਜਰਨੈਲ ਸੌਂਹ ਨੂੰ ਚੱਟ ਕੇ ਮੈਨੂੰ ਫੜਨ ਲਈ ਸਾਰੇ ਕੌਲ-ਕਰਾਰ ਤੋੜ ਕੇ ਮੇਰੇ ਉਤੇ ਹੱਲਾ ਕਰਕੇ ਪੈ ਗਿਆ, ਪਰ ਮੈਂ ਅਕਾਲ ਦੀ ਓਟ ਪਾਰ ਕੇ ਕਿਲੇ ਤੋਂ ਬਾਹਰ ਹੋਇਆਂ ਸਾਂ ਅਤੇ ਕਿਲੇ ਦੇ ਅੰਦਰ ਭੀ ਉਸੇ ਦੀ ਓਟ ਤੇ ਬੈਠਾ ਸਾਂ। ਪਰ ਇਸ ਰਮਜ਼ ਨੂੰ ਨਾ ਸਮਝਣ ਵਾਲੇ ਤੇਰੇ ਜਰਨੈਲ ਨੇ ਸੋਚਿਆ ਕਿ ਜੇਕਰ ਗੁਰੂ ਕਿਲੇ ਤੋਂ ਬਾਹਰ ਆ ਜਾਵੇ ਤਾਂ ਅਸੀਂ ਝਟ ਪਟ ਹੀ ਫੜ

ਲਵਾਂਗੇ, ਕਦੇ ਭੀ ਜਾਣ ਨਾ ਦਿਆਂਗੇ, ਪਰ ਅੰਤ ਨੂੰ ਸ਼ਰਮਿੰਦਿਆਂ ਹੋ ਕੇ ਖਾਲੀ ਹੀ ਮੁੜਨਾ ਪਿਆ, ਮੈਨੂੰ ਨਾ ਫੜ ਸਕਿਆ, ਮੈਂ ਆਪਣੇ ਮਾਲਕ ਦੇ ਭਰੋਸੇ ਉਤੇ ਉਸ ਅੱਗ ਬਰਸਦੇ ਘਮਸਾਣ ਵਿਚੋਂ ਸਹੀ ਸਲਾਮਤ ਬਚ ਕੇ ਚਲਾ ਆਇਆ ਹਾਂ ।

ਕਸੇ ਪੁਸ਼ਤ ਉਫ਼ਤਦ ਪਸੇ ਸ਼ੇਰਿ ਨਰ ॥
ਨ ਗੀਰਦ ਬੁਜ਼ੇ ਮੇਸ਼ੋ ਆਹੂ ਗੁਜ਼ਰ ॥ ੧੭ ॥

ਪੁਸ਼ਤ=ਪਿਠ ।ਉਫਤਦ=ਖੜਾ ਹੋਵੇ । ਪਸੇ=ਪਿਛੇ । ਗੀਰਦ=ਫੜਨਾ । ਬੁਜ਼ੋ=(ਬੁਜ+ਓ ਅਤੇ । ਮੇਸ਼ੋ=ਭੇਡ ਤੇ । ਆਹੂ=ਹਰਨ । ਗੁਜ਼ਰ=ਲੰਘਣਾ ।

ਜੇ ਕੋਈ ਆਦਮੀ ਨਰ ਸ਼ੇਰ ਦੀ ਪਿਠ ਪਿਛੇ ਖੜੋਤਾ ਹੋਵੇ (ਤਦ) ਬਕਰੀ ਤੇ ਭੇਡ ਅਤੇ ਹਰਨ (ਨੇ ਉਸ ਨੂੰ) ਫੜ ਲੈਣਾ (ਤਾਂ ਇਕ ਪਾਸੇ ਰਿਹਾ, ਉਥੋਂ ਉਨ੍ਹਾਂ ਦਾ) ਲੰਘਣਾ ਭੀ ਨਹੀਂ ਹੁੰਦਾ ॥ ੧੭ ॥

ਭਾਵ—ਜਿਵੇਂ ਸ਼ੇਰ ਦੀ ਓਟ ਵਿਚ ਰਹਿਣ ਵਾਲੇ ਪੁਰਸ਼ ਉਤੇ ਕਿਸੇ ਬਕਰੀ, ਭੇਡ ਜਾਂ ਹਰਨ ਦਾ ਜ਼ੋਰ ਨਹੀਂ ਪੈ ਸਕਦਾ,ਅਰਥਾਤ ਜ਼ੋਰ ਦਿਖਾਉਣਾ ਤਾਂ ਦੂਰ ਰਿਹਾ, ਇਹ ਬਨਬਾਸੀ ਜੀਵ ਉਸ ਦੇ ਕੋਲ ਤਕ ਭੀ ਨਹੀਂ ਜਾ ਸਕਦੇ, ਠੀਕ ਇਸੇ ਤਰ੍ਹਾਂ ਮੇਰੀ ਅਵਸਥਾ ਹੈ । ਮੈਂ ਜਿਸ ਨਰ ਸ਼ੇਰ ਵਾਹਿਗੁਰੂ ਦੀ ਓਟ ਵਿਚ ਰਹਿੰਦਾ ਹਾਂ, ਉਥੋਂ ਤਕ ਤੇਰੇ ਇਨ੍ਹਾਂ ਰਬ ਦੇ ਭਰੋਸੇ ਤੋਂ ਹੀਣੇ ਤੇ ਝੂਠੇ ਦੇ ਆਸਰੇ ਰਹਿਣ ਵਾਲੇ ਯੋਧਿਆਂ ਅਤੇ ਪਥਰਾਂ ਨੂੰ ਰਬ ਕਰਕੇ ਮੰਨਣ ਵਾਲੇ ਪਹਾੜੀ ਰਾਜਿਆਂ ਦੀ ਮੇਰੇ ਉਤੇ ਜਾਂ ਮੇਰੇ ਖਾਲਸਾ ਪੰਥ ਉਤੇ ਕੋਈ ਪਹੁੰਚ ਨਹੀਂ ਹੈ । ਮੈਨੂੰ ਫੜ ਕੇ ਲੈ ਜਾਣਾ ਤਾਂ ਕਿਤੇ ਰਿਹਾ ਮੇਰੇ ਸਾਹਮਣੇ ਖੜੇ ਹੋ ਕੇ ਉਨ੍ਹਾਂ ਜੰਗ ਭੀ ਨਹੀਂ ਕੀਤਾ ।

ਕਸਮ ਮੁਸਹਫੇ ਖ਼ੁਦੀਅਹ ਗਰਈਂ ਖ਼ੁਰਮ ॥
ਨ ਫਉਜੇ ਅਜ਼ੀਜ਼ੇ ਰਾ ਸੁਮ ਅਫ਼ਗਨਮ ॥ ੧੮ ॥

ਮੁਸਹਫੇ=[ਸਹੀਫੇ ਜਾਂ ਰਸਾਲਿਆਂ ਦੇ ਇਕੱਠ ਤੇ ਬਣੀ ਹੋਈ ਕਿਤਾਬ] ਕੁਰਾਨ । ਖਦੀਅਹਿ =ਫਰੇਬ । ਗਰ=ਅਗਰ,ਜੇਕਰ । ਈਂ=ਏਹ । ਖੁਰਮ=ਮੈਂ ਖਾਵਾਂ । ਫਉਜੇ=ਫੌਜ ਨੂੰ । ਅਜੀਜ਼ੇ =ਪਿਆਰੀ । ਰਾ=ਨੂੰ । ਸੁਮ ਅਫਗਨਮ=(ਮੁਹਾਵਰਾ) ਲੰਗੜਾ ਕਰ ਲਵਾਂ ।

ਜੇਕਰ ਇਸ 'ਕੁਰਾਨ ਦੀ ਸੌਂਹ' ਦਾ ਫਰੇਬ ਮੈਂ ਖਾਂਦਾ, (ਤਾਂ) ਪਿਆਰੀ ਫੌਜ ਨੂੰ ਲੰਗੜਾ ਨਾ ਕਰ ਲੈਂਦਾ ॥ ੧੮ ॥

ਭਾਵ—ਹੇ ਔਰੰਗਜ਼ੇਬ ! ਤੂੰ ਕੁਰਾਨ ਦੀ ਸੌਂਹ ਖਾਧੀ, ਤੇਰੀ ਫੌਜ ਦੇ ਸੈਨਾਪਤੀਆਂ ਨੇ ਸੌਂਹਾਂ ਖਾਧੀਆਂ, ਪਰ ਉਹ ਸੌਂਹ ਖਾਧੀ ਹੋਈ ਨੂੰ ਖਾ ਕੇ ਹਜ਼ਮ ਹੀ ਕਰ ਗਏ । ਉਨ੍ਹਾਂ ਨੇ 'ਕੁਰਾਨ ਦੀ ਸੌਂਹ ਖਾਧੀ' ਨੂੰ ਖਾ ਕੇ ਡਕਾਰ ਭੀ ਨਾ ਮਾਰਿਆ ਤੇ ਕੀਤੇ ਹੋਏ ਅਹਿਦ ਨੂੰ ਤੋੜ ਕੇ, ਮੇਰੇ ਉਤੇ ਅਚਾਨਕ ਹੀ ਹੱਲਾ ਕਰਕੇ, ਪੈ ਗਏ । ਦੂਜੇ ਪਾਸੇ ਮੇਰੀ ਫੌਜ, ਜਿਸ ਨੂੰ ਜੰਗ ਕਰਨ ਦੀ ਆਗਿਆ ਨਹੀਂ, ਮਾਨੋਂ ਜੰਗ ਕਰਨ ਵਲੋਂ ਮਨਾਹੀ ਹੋਣ ਕਰਕੇ ਲੰਗੜੀ ਹੋਈ ਹੈ, ਉਹ 'ਕੁਰਾਨ ਦੀ ਸੌਂਹ ਖਾਣ ਦਾ ਫਰੇਬ' ਕਰਨ ਵਾਲਿਆਂ ਦੀ ਮਾਰ ਨਾਲ ਮਰਨ ਲਗ ਪਈ ਅਤੇ ਮਰਦੀ ੨ ਸਾਰੀ ਹੀ ਮਰ ਗਈ, ਕੇਵਲ ਬਾਕੀ ੪੦ ਸੂਰਮੇ ਰਹਿ ਗਏ । ਔਰੰਗਜ਼ੇਬ ! ਜੇਕਰ ਤੇਰੀ 'ਇਸ ਕੁਰਾਨ ਦੀ

ਸਹੁੰ ਦੇ ਫਰੇਬ' ਨੂੰ ਮੈਂ ਭੀ ਖਾ ਜਾਂਦਾ ਤਾਂ ਮੈਂ ਕਦੇ ਭੀ ਆਪਣੀ ਫੌਜ ਨੂੰ ਜੰਗ ਕਰਨ ਤੋਂ ਮਨ੍ਹਾਂ ਕਰਕੇ, ਉਸ ਨੂੰ ਲੰਗੜਿਆਂ ਕਰਕੇ, ਮਰਵਾ ਨਾ ਲੈਂਦਾ। ਭਾਵੇਂ ਮੈਨੂੰ ਤੇਰੀ ਸੌਂਹ ਦਾ ਇਤਬਾਰ ਨਹੀਂ ਸੀ, ਪਰ ਫਿਰ ਭੀ ਮੈਂ ਆਪਣੇ ਸੁਖਨ ਉਤੇ ਅਡੋਲ ਰਿਹਾ ਹਾਂ, ਇਥੋਂ ਤਕ ਕਿ ਸਾਰੀ ਫੌਜ, ਖੇਰੂੰ ੨ ਹੋ ਕੇ ਨਾਸ ਹੋ ਗਈ, ਪਰ ਮੈਂ ਆਪਣੇ ਸੁਖਨ ਨੂੰ ਝੂਠਾ ਨਹੀਂ ਹੋਣ ਦਿਤਾ। ਇਹ ਹਾਲਤ ਅਨੰਦ ਪੁਰ ਤੋਂ ਤੁਰਨ ਦੀ ਹੈ ਪਰ ਅਗੇ ਚਮਕੌਰ ਵਿਚ ਪੁਜ ਕੇ ਤੇਰੀ ਫੌਜ ਨੇ ਕੀ ਕੀਤਾ ਹੈ ?ਉਹ ਭੀ ਚੰਗੀ ਤਰ੍ਹਾਂ ਧਿਆਨ ਦੇ ਕੇ ਸੁਣ।

ਨੋਟ–ਗੁਰਮੁਖੀ ਲਿਖਾਰੀਆਂ ਨੇ ਇਥੇ 'ਖਦੀਅਹਿ' ਪਾਠ ਨੂੰ 'ਖੁਫੀਆ' ਕਰ ਦਿਤਾ ਹੈ, 'ਅਜੀਜੇ ਰਾ' ਦੀ ਥਾਂ ਤੇ 'ਅਹੀ ਜੇਰ'ਕਰ ਦਿਤਾ ਹੈ। ਸੰਪ੍ਰਦਾਈ ਗਿਆਨੀ ਇਸ ਪਾਠ ਦਾ ਅਰਥ ਇਉਂ ਕਰਦੇ ਹਨ–

ਇਸ ਕੁਰਾਨ ਦੀ ਸੌਂਹ ਲੁਕੀ ਹੋਈ ਨੂੰ ਜੇ ਮੈਂ ਖਾ ਜਾਂਦਾ, (ਤਾਂ) ਅਜਿਹੀ ਫੌਜ ਨੂੰ (ਘੋੜਿਆਂ ਦੇ) ਪੈਰਾਂ ਹੇਠਾਂ ਮੈਂ ਨਾ ਸੁਟਦਾ।

ਭਾਵ–ਇਸ ਦਾ ਭੀ ਓਹੀ ਹੈ ਕਿ ਤੂੰ ਮੇਰੇ ਨਾਲ ਲੁਕਵੇਂ ਤਰੀਕੇ ਨਾਲ ਕੁਰਾਨ ਦੀ ਸੌਂਹ ਖਾਧੀ ਸੀ, ਕੋੜ ਨਹੀਂ ਚੜ੍ਹਾਇ। ਪਰ ਜੇਕਰ ਮੈਂ ਭੀ ਤੇਰੀ ਇਸ ਲੁਕਵੀਂ ਖਾਧੀ ਹੋਈ ਕੁਰਾਨ ਦੀ ਸੌਂਹ ਨੂੰ ਖਾ ਜਾਂਦਾ ਤਾਂ ਮੈਂ ਬਾਹਰ ਨਿਕਲਦਾ ਹੀ ਜੰਗ ਨੂੰ ਜੁਟ ਜਾਂਦਾ ਤੇ ਤੇਰੀ ਫੌਜ ਦਾ ਉਹ ਮੂੰਹ ਭੰਨਦਾ ਜਿਸ ਨੂੰ ਉਹ ਕਿਆਮਤ ਦੇ ਦਿਨ ਤਕ ਯਾਦ ਰਖਦੀ ਅਤੇ ਆਪਣੀ ਫੌਜ ਨੂੰ ਤੇਰੀ ਫੌਜ ਦੇ ਘੋੜਿਆਂ ਦੇ ਪੈਰਾਂ ਹੇਠ ਡਿਗਾ ਹੋਇਆ ਨਾ ਵੇਖਦਾ।

(ਚਮਕੌਰ ਦਾ ਜੁਧ)

ਗੁਰਿਸਨਹ ਚਿ ਕਾਰੇ ਕੁਨਦ ਚਿਹਲ ਨਰ ॥
ਕਿ ਦਹ ਲਕ ਬਰਾਯਦ* ਬਰੋ ਬੇਖ਼ਬਰ ॥ ੧੯ ॥

ਗੁਰਿਸਨਹ=ਭੁਖੇ। ਚਿ=ਕੀ। ਕਾਰੇ=(ਕਾਰ+ਏ)ਕੋਈ ਕੰਮ। ਕੁਨਦ=ਕਰੇ ਜਾਂ ਕਰਦਾ। ਚਿਹਲ=ਚਾਲੀ, ੪੦। ਨਰ=ਮਨੁਖ, ਬੰਦੇ। ਕਿ=ਜੋ। ਦਹ=ਦਸ। ਲਕ=ਲਖ, ਸੌ ਹਜ਼ਾਰ ਦਾ ਇਕ ਲਖ ਹੁੰਦਾ ਹੈ। ਬਰਯਾਦ=ਆ ਪਏ। ਬਰੋ=[ਬਰ+ਓ] ਉਨ੍ਹਾਂ ਉਤੇ। ਬੇਖ਼ਬਰ=ਅਚਾਨਕ।

ਢਿਡ ਤੋਂ ਭੁਖੇ, ਚਾਲੀ ਬੰਦੇ ਕੀ ਕੰਮ ਕਰ ਸਕਦੇ ਹਨ ਜਦ ਕਿ ਉਹਨਾਂ ਉਤੇ ਦਸ ਲਖ (ਫੌਜੀ) ਅਚਾਨਕ ਹੀ ਆ ਪਏ ਸਨ ॥੧੯॥

ਭਾਵ–ਔਰੰਗਜ਼ੇਬ! ਅਨੰਦਪੁਰ ਤੋਂ ਨਿਕਲ ਕੇ ਲੜਦੇ ਭਿੜਦੇ ਸਾਰਾ ਦਿਨ ਤੁਰੀ ਗਏ, ਨਾ ਕੁਝ ਖਾਧਾ ਤੇ ਨਾ ਹੀ ਕਿਤੇ ਅਰਾਮ ਕੀਤਾ। ਸਿਆਲ ਦੇ ਦਿਨ, ਪਹਾੜੀ ਇਲਾਕਾ,ਨਦੀ ਦਾ ਕਿਨਾਰਾ ਤੇ ਫਿਰ ਧੋਖੇਬਾਜ਼ ਦੁਸ਼ਮਨ ਮਗਰ ਲਗ ਪਿਆ ਹੋਵੇ, ਉਸ ਵੇਲੇ ਕੀ ਹੋ ਸਕਦਾ ਹੈ? ਪਰ ਜਦ ਇਸ ਤਰਾਂ ਦੇ ਦੁਖਾਂ ਕਲੇਸ਼ਾਂ ਤੇ ਭੁਖ ਨੂੰ ਝਾਗਦੇ ਹੋਏ ਕੇਵਲ ਚਾਲੀ ਮਨੁਖ ਰਹਿ ਜਾਣ ਤੇ ਫਿਰ ਉਹਨਾਂ ਚਾਲੀਆਂ ਉਤੇ ਹੋਰ 'ਦਸ ਲਖ' ਫੌਜ ਅਚਾਨਕ ਹੀ ਆ ਪਵੇ, ਜਿਸ ਫੌਜ ਦੀ

---

*'ਬਰਾਂਬਦ' ਪਾਠ ਭੀ ਹੈ।

ਉਹਨਾਂ ਚਾਲੀਆਂ ਨੂੰ ਖਬਰ ਤਕ ਭੀ ਨਹੀਂ ਸੀ। ਉਸ ਹਾਲਤ ਵਿਚ ਉਹ ਚਾਲੀ, ਜੋ ਸਾਰਾ ਦਿਨ ਦੇ ਥਕੇ ਟੁਟੇ ਹੋਏ ਤੇ ਭੁਖੇ ਸਨ, ਕੀ ਕੰਮ ਕਰ ਸਕਦੇ ਸਨ? ਆਪਣੇ ਬਚਾਉ ਲਈ ਕੀ ਕਰ ਸਕਦੇ ਸਨ? ਅਤੇ ਦਸ ਲਖ ਦੇ ਮੁਕਾਬਲੇ ਉਤੇ ਚਾਲੀ ਬੰਦੇ, ਉਹ ਭੀ ਭੁਖੇ, ਜੰਗ ਭੀ ਕੀ ਕਰ ਸਕਦੇ ਸਨ?

ਕਿ ਪੈਮਾ ਸ਼ਿਕਨ ਬੇਦਰੰਗ ਆਮਦੰਦ ॥
***ਮਯੇ ਤੇਗੁ ਤੀਰੋ ਤੁਫੰਗ ਆਮਦੰਦ ॥ ੨੦ ॥**

ਪੈਮਾ—ਅਹਿਦ । ਸ਼ਿਕਨ—ਤੋੜਨ ਵਾਲਾ। ਪੈਮਾ ਸ਼ਿਕਨ=ਬਚਨ ਫਿਰ ਜਾਣ ਵਾਲਾ। ਬੇਦਰੰਗ—(ਬੇ= ਬਿਨਾਂ+ਦਰੰਗ—ਦਿਲ) ਦੇਰ ਤੋਂ ਬਿਨਾਂ, ਝਟ ਪਟ। ਆਮਦੰਦ—ਆ ਗਏ। ਮਯੈ ਸਮੇਤ। ਤੇਗੁ—ਤਲਵਾਰ। ਤੀਰੋ—ਤੀਰ ਤੇ। ਤੁਫੰਗ—ਬੰਦੂਕ।

ਅਹਿਦ ਨੂੰ ਤੋੜਨ ਵਾਲੇ, ਦਿਲ ਤੋਂ ਬਿਨਾਂ (ਚਮਕੌਰ) ਆ ਗਏ। ਤਲਵਾਰਾਂ ਤੀਰਾਂ ਤੇ ਬੰਦੂਕਾਂ ਦੇ ਸਮੇਤ ਆ ਪਏ ॥੨੦॥

ਭਾਵ-ਹੇ ਔਰੰਗਜ਼ੇਬ! ਸਾਡੇ ਅਨੰਦਪੁਰ ਤੋਂ ਨਿਕਲਦਿਆਂ ਹੀ ਝਟ ਪਟ ਸੌਂਹ ਤੋੜ ਕੇ ਤੇਰੇ ਫੌਜੀ ਸਰਦਾਰ ਸਾਡੇ ਉਤੇ ਆ ਪਏ। ਅਸੀਂ ਉਨ੍ਹਾਂ ਦੀ ਮਾਰ ਨੂੰ ਝਲਦੇ ਹੋਏ ਅਤੇ ਆਪਣੇ ਆਪ ਨੂੰ ਬਚਾਉਂਦੇ ਹੋਏ ਚਮਕੌਰ ਦੀ ਗੜ੍ਹੀ ਵਿਚ ਆ ਪੁਜੇ। ਇਥੇ ਰਾਤ ਕਟ ਕੇ ਅਸਾਂ ਸਵੇਰੇ ਅਗਾਂਹ ਤੁਰ ਜਾਣਾ ਸੀ, ਪਰ ਉਹਨਾਂ ਨੇ ਇਥੇ ਭੀ ਸਾਡਾ ਪਿਛਾ ਕੀਤਾ, ਸਾਨੂੰ ਆਇਆਂ ਅਜੇ ਦੇਰ ਭੀ ਨਹੀਂ ਹੋਈ ਸੀ, ਜੋ ਉਹ ਸਰਦਾਰ ਫਿਰ ਆ ਪਏ ਅਤੇ ਆਉਂਦਿਆਂ ਹੀ ਜੰਗ ਅਰੰਭ ਕਰ ਦਿਤਾ।

ਬ ਲਾਚਾਰਗੀ ਦਰ ਮਿਯਾਂ ਆਮਦਮ ॥
ਬ ਤਦਬੀਰ ਤੀਰੋ ਤੁਫੰਗ ਆਮਦਮ ॥ ੨੧ ॥

ਬ—ਨਾਲ। ਲਾਚਾਰਗੀ—ਮਜਬੂਰੀ। ਦਰ—ਵਿਚ। ਮਿਯਾਂ—ਮੈਦਾਨ, ਜੰਗ। ਆਮਦਮ= ਮੈਂ ਆਇਆ। ਤਦਬੀਰ—ਪ੍ਰਬੰਧ. ਬਿਧੀ ਮਰਯਾਦਾ, ਤ੍ਰੀਕਾ।

(ਫਿਰ) ਮਜਬੂਰੀ ਨਾਲ ਜੰਗ ਵਿਚ ਮੈਂ ਆ ਗਿਆ। ਤੀਰਾਂ ਬੰਦੂਕਾਂ ਦੀ ਬਿਧੀ ਦੇ ਸਮੇਤ ਆਇਆ ॥ ੨੧ ॥

ਭਾਵ-ਸ੍ਰੀ ਗੁਰੂ ਸਾਹਿਬ ਜੀ ਫੁਰਮਾਉਂਦੇ ਹਨ, ਅਸੀਂ ਜੰਗ ਕਰਨਾ ਨਹੀਂ ਚਾਹੁੰਦ ਸਾਂ, ਪਰ ਤੇਰੇ ਫੌਜੀ ਸਰਦਾਰਾਂ ਨੇ ਸਾਨੂੰ ਮਜਬੂਰ ਕਰ ਦਿਤਾ, ਅਸੀਂ ਲਾਚਾਰ ਹੋ ਗਏ। ਫਿਰ ਸਾਨੂੰ ਭੀ ਸ਼ਸਤ੍ਰ ਫੜ ਕੇ ਰਣ ਭੂਮੀ ਵਿਚ ਆਉਣਾ ਪਿਆ।

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਸਤੁ ਬੁਰਦਨ ਬਸ਼ਮਸ਼ੇਰ ਦਸਤ ॥ ੨੨ ॥

ਚੁ—ਜਦ। ਕਾਰ—ਕੰਮ। ਅਜ਼—ਤੋਂ। ਹਮਹ—ਸਾਰਿਆਂ। ਹੀਲਤੇ—ਹੀਲਿਆਂ, ਨੀਤੀ ਦੇ

---

*ਮਿਯਾਂ ਪਠਾਤ੍।

ਸਾਰੇ ਢੰਗਾਂ ਜਾਂ ਤਰੀਕਿਆਂ। ਦਰ ਗੁਜ਼ਸ਼ਤ—ਲੰਘ ਜਾਵੇ। ਹਲਾਲਸਤ—[ਹਲਾਲ+ਅਸਤ] ਉਚਿਤ ਹੈ, ਯੋਗ ਹੈ, ਰਵਾਂ ਹੈ। ਬੁਰਦਨ—ਲੈ ਜਾਣਾ। ਬਸ਼ਮਸ਼ੇਰ—ਤਲਵਾਰ ਉਤੇ। ਦਸਤ—ਹਥ।

ਜਦ ਨੀਤੀ ਦੇ ਸਾਧਨਾਂ ਤੋਂ ਕੰਮ ਲੰਘ ਜਾਵੇ, (ਉਸ ਵੇਲੇ) ਤਲਵਾਰ ਉਤੇ ਹਥ ਲੈ ਜਾਣਾ ਯੋਗ ਹੈ॥ ੨੨॥

ਭਾਵ—ਪਿਛੇ ਕਿਹਾ ਸੀ, 'ਅਸੀਂ ਮਜਬੂਰ ਹੋ ਕੇ ਜੰਗ ਵਿਚ ਆਏ ਹਾਂ',ਇਥੇ ਇਸ ਮਜਬੂਰੀ ਨੂੰ ਪ੍ਰਗਟ ਕਰਦੇ ਹਨ। ਕੰਮ ਨੂੰ ਰਾਸ ਕਰਨ ਦੇ ਨੀਤੀਵਾਨਾਂ ਨੇ ਚਾਰ ਸਾਧਨ ਕਹੇ ਹਨ. ਉਹਨਾਂ ਦਾ ਨਾਮ ਹੈ—ਸ਼ਾਮ, ਦਾਮ, ਭੇਦ ਤੇ ਦੰਡ। ਜੋ ਕੰਮ ਸ਼ਾਮ ਨਾਲ ਹੋ ਸਕਦਾ ਹੈ. ਉਸ ਲਈ ਦਾਮ ਵਰਤਣੇ ਮਰਯਾਦਾ ਦੇ ਉਲਟ ਹੈ। ਇਸ ਤਰਾਂ ਜੋ ਕੰਮ ਸਾਮ, ਦਾਮ ਤੇ ਭੇਦ ਨਾਲ ਹੋ ਸਕਦਾ ਹੈ, ਉਸ ਨੂੰ ਪੂਰਾ ਕਰਨ ਵਾਸਤੇ 'ਦੰਡ ਨੀਤੀ' ਦਾ ਵਰਤਨਾ ਜੁਰਮ ਹੈ। ਪਰ ਜਦ ਤਿੰਨਾਂ ਤੋਂ ਹੀ ਗਲ ਟਪ ਜਾਵੇ ਉਸ ਵਲੇ ਡੰਡੇ ਦੇ ਜ਼ੋਰ ਨਾਲ ਕੰਮ ਨੂੰ ਪੂਰਾ ਕਰਨਾ ਜ਼ੁਲਮ ਨਹੀਂ ਸਗੋਂ ਸੂਰਬੀਰਤਾ ਹੈ। ਦੇਖ, ਔਰੰਗਜ਼ੇਬ! ਤੂੰ ਆਪਣੇ ਦੀਨ ਨੂੰ ਵਧਾਉਣ ਦੀ ਧਨ ਵਿਚ ਮਸਤ ਹੈਂ। ਤੇਰਾ ਇਹ ਕੰਮ ਚੰਗਾ ਹੈ, ਪਰ ਇਸ ਦੇ ਪੂਰਾ ਕਰਨ ਲਈ ਜੋ ਤੂੰ ਜ਼ੋਰ ਧੱਕਾ ਤੇ ਤਲਵਾਰ ਵਰਤ ਰਿਹਾ ਹੈਂ, ਇਹ ਜ਼ੁਲਮ ਹੈ। ਇਸ ਜ਼ੁਲਮ ਨੂੰ ਰੋਕਣ ਵਾਸਤੇ ਸ੍ਰੀ ਅਕਾਲ ਜੀ ਨੇ ਮੈਨੂੰ ਇਥੇ ਭੇਜਿਆ ਹੈ, ਇਸੇ ਕੰਮ ਨੂੰ ਪੂਰਾ ਕਰਨ ਵਾਸਤੇ ਮੈਂ ਆਪਣੇ ਪਿਤਾ ਜੀ ਨੂੰ ਤੇਰੇ ਕੋਲ ਭੇਜਿਆ ਅਤੇ ਉਹ ਸਾਂਤ-ਮਈ ਤਰੀਕੇ ਦੀ ਜਦੋ-ਜਹਿਦ ਜੰਗ ਵਿਚ ਸ਼ਹੀਦ ਹੋ ਗਏ, ਉਹਨਾਂ ਦੇ ਨਾਲ ਉਹਨਾਂ ਦੇ ਕਈ ਸੇਵਕ ਭੀ ਸ਼ਹੀਦ ਹੋਏ। ਏਹੋ ਹੀ ਮਾਨੋ ਤਿੰਨਾਂ ਤਰੀਕਿਆਂ—ਸਾਮ, ਦਾਮ ਤੇ ਭੇਦ ਉਪਾਉ ਤੋਂ ਗਲ ਟਪ ਚੁਕੀ ਹੋਈ ਸੀ। ਇਸ ਗੱਲ ਨੂੰ ਹੀ ਮੈਨੂੰ ਮਜਬੂਰ ਕੀਤਾ ਸੀ, ਤਦ ਹੀ ਮੈਂ ਸ਼ਸਤਰ ਫੜ ਕੇ ਰਣ-ਭੂਮੀ ਵਿਚ ਉਤਰਿਆ ਹਾਂ।

ਚਿ ਕਸਮੇ ਕ਼ੁਰਾਂ ਮਨ ਕੁਨਮ ਏਤਬਾਰ॥
ਵਗਰਨਹ ਤੁ ਗੋਈ ਮਨਈ ਰਹ ਚਿਕਾਰ॥ ੨੩॥

ਚਿ—ਕੀ। ਕ਼ੁਰਾਂ—ਕ਼ੁਰਾਨ। ਮਨ—ਮੈਂ। ਕੁਨਮ—ਕਰਾਂ। ਵਗਰਨਹ—ਨਹੀਂ ਤਾਂ। ਗੋਈ—ਕਹੁ, ਦਸ। ਮਨਈ—(ਮਨ+ਈਂ) ਮੈਨੂੰ ਇਸ। ਰਹ—ਰਾਹ, ਰਸਤੇ। ਚਿ ਕਾਰ—ਕੀ ਕੰਮ। ਤੁ—ਤੂੰਹੀਂ।

ਮੈਂ ਕ਼ੁਰਾਨ ਦੀ ਕਸਮ ਦਾ ਕੀ ਇਤਬਾਰ ਕਰਾਂ? ਨਹੀਂ ਤਾਂ ਤੂੰ ਹੀ ਦਸ, ਮੈਨੂੰ ਇਸ ਰਸਤੇ ਕੀ ਕੰਮ ਸੀ? ॥੨੩॥

ਭਾਵ—ਹੇ ਔਰੰਗਜ਼ੇਬ! ਤੂੰ ਹੀ ਇਨਸਾਫ ਦੀ ਨਿਗਾਹ ਨਾਲ ਵੇਖ, ਉਹਨਾਂ ਨੇ ਕ਼ੁਰਾਨ ਦੀ ਸੌਂਹ ਖਾ ਕੇ ਫਿਰ ਮੇਰੇ ਉਤੇ ਹਮਲਾ ਕਰ ਦਿਤਾ। ਇਸ ਅਵਸਥਾ ਵਿਚ ਮੈਂ ਤੇਰੀ ਅਤੇ ਉਹਨਾਂ ਦੀ ਕ਼ੁਰਾਨ ਦੀ ਸੌਂਹ ਦਾ ਕੀ ਇਤਬਾਰ ਕਰਾਂ?

ਦੂਜਾ—ਉਸ ਵੇਲੇ ਜੰਗ ਕਰਨ ਤੋਂ ਬਿਨਾਂ ਮੇਰਾ ਹੋਰ ਰਸਤਾ ਹੀ ਕਿਹੜਾ ਸੀ? ਜੇ ਜੰਗ ਨਾ ਕਰਦਾ ਤਾਂ ਭੇਡ-ਬਕਰੀ ਵਾਂਗੂ ਕੋਹਿਆ ਜਾਂਦਾ। ਇਸ ਤਰ੍ਹਾਂ ਦੀ ਮੌਤ ਨਾਲ ਜ਼ਲੀਲ ਹੋ ਕੇ ਮਰਨਾ ਸੂਰਮੇ ਨੂੰ ਮੇਹਣਾ ਹੈ। ਫਿਰ ਜੇ ਸ਼ਸਤ੍ਰ ਛਡ ਦੇਂਦਾ ਤਦ ਭੀ ਸੂਰਮਪੁਣੇ ਨੂੰ ਦਾਗ ਲੁਆ ਕੇ ਮਰਨਾ ਸਿਰ ਤੇ ਸਵਾਰ ਰਹਿੰਦਾ। ਜੰਗ ਕੀਤੇ ਤੋਂ ਬਿਨਾਂ ਹੋਰ ਕਿਸੇ ਤਰਾਂ ਭੀ ਮੈਂ ਉਹਨਾਂ ਪਾਸੋਂ

ਜੀਉਂਦਾ ਬਚ ਕੇ ਨਹੀਂ ਆ ਸਕਦਾ ਸਾਂ, ਜਿਨ੍ਹਾਂ ਨੇ ਦੀਨ ਦੀ ਸੌਂਹ ਖਾ ਕੇ ਮੇਰੇ ਨਾਲ ਧੋਖਾ ਕੀਤਾ। ਭਲਾ ਜੇਕਰ ਉਹ ਜੰਗ ਕਰਨਾ ਸ਼ੁਰੂ ਨਾ ਕਰਦੇ ਤਾਂ ਫਿਰ ਮੈਨੂੰ ਜੰਗ ਕਰਨ ਦੀ ਲੋੜ ਹੀ ਕੀ ਸੀ ? ਜੇ ਤੂੰ ਆਖੇਂ ਕਿ ਬਾਹਰ ਨਿਕਲਕੇ ਮੈਂ ਜੰਗ ਸ਼ੁਰੂ ਕੀਤਾ ਹੈ ਤਾਂ ਇਹ ਗੱਲ ਭੀ ਨਹੀਂ ਹੋ ਸਕਦੀ. ਕਿਉਂਕਿ ਜ਼ੇਕਰ ਬਾਹਰ ਨਿਕਲ ਕੇ ਜੰਗ ਕਰਨਾ ਹੁੰਦਾ ਤਾਂ ਮੈਂ ਕਿਲ੍ਹਾ ਹੀ ਕਿਉਂ ਛਡਦਾ ? ਕਿਲੇ ਵਿਚ ਬੈਠੇ ਹੋਇਆਂ ਜੰਗ ਦਾ ਕਰਨਾ ਠੀਕ ਸੀ ਜਾਂ ਕਿਲੇ ਤੋਂ ਬਾਹਰ ਹੋ ਕੇ ? ਕਿਸੇ ਤਰਾਂ ਦੀ ਮੋਰਚਾਬਦੀ ਕੀਤੇ ਤੋਂ ਬਿਨਾਂ ਜੰਗ ਕਰਨਾ ਠੀਕ ਸੀ ? ਇਸ ਤਰਾਂ ਨਾਲ ਮੈਂ ਜੰਗ ਕਰਨ ਲਈ ਮਜਬੂਰ ਕੀਤਾ ਗਿਆ ਸਾਂ।

ਨ ਦਾਨਮ ਕਿ ਈਂ ਮਰਦ ਰੋਬਾਹਿ ਪੇਚ॥
ਦਿਗਰ ਹਰਗਿਜ਼ੀਂ ਰਾਹ ਨਿਯਾਰਦ ਬਹੇਚ॥ ੨੪॥

ਦਾਨਮ—ਜਾਣਦਾ ਮੈਂ। ਈਂ—ਇਹ। ਰੋਬਾਹਿ—[ਰੋਬਾਹ—ਲੂੰਬੜੀ+ਇ—ਵਾਂਗੂੰ] ਲੂੰਬੜੀ ਵਾਂਗੂ]। ਪੇਚ—ਦਾਉ ਫਰੇਬ, ਛਲ। ਦਿਗਰ—ਦੂਜਾ। ਹਰਗਿਜ਼ੀ[—ਹਰਗਿਜ਼+ਈਂ] ਕਦੇ ਕੀ ਇਮ। ਨਿਯਾਰਦ—(ਨ+ਆਰਦ) ਨਾ ਆਉਂਦਾ। ਬਹੇਚ—ਕਿਸੇ ਗੱਲ ਨਾਲ।

ਮੈਂ ਨਹੀਂ ਜਾਣਦਾ ਸਾਂ ਜੋ ਇਹ ਮਰਦ ਲੂੰਬੜੀ ਵਾਂਗੂੰ ਫਰੇਬੀ, ਹੋਰ ਕਿਸੇ ਦੂਜੀ ਗੱਲ ਨਾਲ ਭੀ ਇਸ ਰਸਤੇ ਉਤੇ ਨਾ ਆਉਂਦਾ॥ ੨੪॥

ਭਾਵ-ਔਰੰਗਜ਼ੇਬ! ਮੈਨੂੰ ਇਸ ਗਲ ਦੇ ਸੁਪਨੇ ਵਿਚ ਭੀ ਖਿਆਲ ਨਹੀਂ ਸੀ ਕਿ ਤੂੰ ਅਤੇ ਤੇਰੇ ਫੌਜੀ ਸਰਦਾਰ ਲੂੰਬੜੀ ਵਰਗੇ ਮੀਸਣੇ ਤੇ ਦਾਉ ਫਰੇਬਾਂ ਦੇ ਭਰੇ ਹੋਏ ਸਨ। 'ਮਰਦ' ਤੋਲ ਬੋਲ ਦਾ ਪੂਰਾ ਹੁੰਦਾ ਹੈ।

ਮੈਂ ਕੁਰਾਨ ਦੀ ਸੌਂਹ ਨੂੰ ਮਰਦ ਦੇ ਬੋਲ ਸਮਝ ਕੇ ਕਿਲੇ ਨੂੰ ਛਡ ਕੇ ਬਾਹਰ ਨਿਕਲ ਆਇਆ ਸਾਂ, ਪਰ ਵਾਹ ਪੈਣ ਤੋਂ ਮਲੂਮ ਹੋ ਗਿਆ ਜੋ ਇਹ ਮਰਦ ਨਹੀਂ. ਇਹ ਤਾਂ ਲੂੰਬੜੀ ਵਰਗਾ ਫਰੇਬੀ ਤੇ ਮੱਕਾਰ ਹੈ। ਫਿਰ ਮੈਂ ਆਪਣਾ ਆਪ ਸੰਭਲ ਗਿਆ ਤੇ ਇਸ ਦੇ ਮਕਰ ਫਰੇਬ ਦੇ ਜਾਲ ਨੂੰ ਤੋੜਨ ਲਈ ਤੀਰ ਤੁਫੰਗ ਵਰਤਣੇ ਸ਼ੁਰੂ ਕਰ ਦਿਤੇ। ਇਸ ਤੇਰੇ ਮਕਰ ਤੋਂ ਬਿਨਾਂ, ਮੈਨੂੰ ਹੋਰ ਕੋਈ ਭੀ ਗਲ ਕਿਲੇ ਤੋਂ ਕਢਣ ਲਈ ਮਜਬੂਰ ਨਹੀਂ ਕਰ ਸਕਦੀ ਸੀ। ਮੇਰੇ ਸੂਧੇ ਸੁਭਾਵ ਵਾਲੇ ਮਨ ਨੇ. ਤੇਰੇ ਛਲੀਏ ਮਨ ਦੇ ਇੰਦੀਏ ਨੂੰ ਨਹੀਂ ਜਾਣਿਆ ਸੀ, ਕਿਉਂਕਿ ਮੈਨੂੰ ਇਸ ਗਲ ਤੇ ਭਰੋਸਾ ਸੀ ਕਿ—

ਹਰਾਂ ਕਸ ਕਿ ਕਉਲੇ ਕੁਰਾਂ ਆਯਦਸ਼॥
ਨਜ਼ੋ ਬਸਤਨੋ ਕੁਸ਼ਤਨੋ ਬਾਯਦਸ਼॥ ੨੫॥

ਹਰ—(ਹਰ+ਆਂ) ਕੋਈ ਉਹ। ਕਸ—ਆਦਮੀ। ਕਿ—ਜੋ। ਕਉਲੇ ਕੁਰਾਂ—ਕੁਰਾਨ ਦੀ ਸੌਂਹ। ਆਯਦਸ਼— (ਆਯਦ+ਸ਼) ਆਵੇ. ਉਸ ਨੂੰ। ਕੁਸ਼ਤਨੋ—ਕਹੁ ਸੁਟਨਾ, ਮਾਰ ਦੇਣਾ। ਬਸਤਨੋ—ਬੰਨ੍ਹ ਲੈਣਾ, ਕੈਦ ਕਰਨਾ। ਬਾਯਦਸ਼—(ਬਾਇਦ+ਸ਼) ਚਾਹੀਦਾ, ਉਸ ਨੂੰ।

ਕੋਈ ਉਹ ਆਦਮੀ, ਜੋ ਕੁਰਾਨ ਦੀ ਸੌਂਹ ਤੇ ਆ ਗਿਆ ਹੈ, ਉਸ ਨੂੰ ਨਾ ਹੀ ਮਾਰਨਾ ਅਤੇ ਨਾ ਹੀ ਉਸ ਨੂੰ ਕੈਦ ਕਰਨਾ ਚਾਹੀਦਾ ਹੈ॥ ੨੫॥

ਭਾਵ–ਔਰੰਗਜ਼ੇਬ ! ਮੈਂ ਸਮਝਦਾ ਸਾਂ ਕਿ ਜੋ ਆਦਮੀ ਕੁਰਾਨ ਦੀ ਸੌਂਹ ਖਾ ਲੈਂਦਾ ਹੈ ਤੇ ਜਿਸ ਨੂੰ ਉਸ ਦੀ ਸੌਂਹ ਉਤੇ ਇਤਬਾਰ ਆ ਜ਼ਾਂਦਾ ਹੈ,ਉਸ ਦੇ ਵਾਸਤੇ ਲੜਾਈ ਝਗੜਾ ਹੀ ਨਹੀਂ ਰਹਿੰਦਾ, ਬੰਨ੍ਹਣਾ ਤੇ ਮਾਰਨਾ ਉਸ ਨੂੰ ਹਰਗਿਜ਼ ਰਵਾਂ ਹੀ ਨਹੀਂ ਹੈ। ਪਰ ਇਥੇ ਗਲ ਹੀ ਹੋਰ ਹੋ ਗਈ ਹੈ। ਕੀ ਹੋਈ ਹੈ ? ਸੁਣ–

ਬਰੰਗੇ ਮਗਸ ਸਯਾਹਪੋਸ ਆਮਦੰਦ ॥
ਬਯਕ ਬਾਰਗੀ ਦਰ ਖ਼ਰੋਸ਼ ਆਮਦੰਦ ॥੨੬॥

ਬਰੰਗੇ–ਰੰਗ ਵਰਗੇ। ਮਗਸ–ਮਖੀ। ਸਯਾਹਪੋਸ਼–ਕਾਲੇ ਲਿਬਾਸ ਵਾਲੇ। ਆਮਦੰਦ– ਆ ਗਏ। ਯਕ ਬਾਰਗੀ–ਇਕੋ ਵੇਰੀ ਹੀ। ਦਰ ਖਰੋਸ਼–ਰੌਲੇ ਗੌਲੇ ਵਿਚ।

ਮਖੀਆਂ ਵਾਂਗੂ ਕਾਲੇ ਕਪੜਿਆਂ ਵਾਲੇ ਆ ਗਏ। ਇਕੋ ਵੇਰੀ ਹੀ (ਹੱਲਾ ਕਰਕੇ) ਸ਼ੋਰ ਸ਼ਰਾਬਾ ਕਰਦੇ ਹੋਏ ਆ ਕੇ ਪੈ ਗਏ ॥੨੬॥

ਭਾਵ–ਹੇ ਔਰੰਗਜ਼ੇਬ ! ਅਸੀਂ ਤੇਰੀ ਕੁਰਾਨ ਦੀ ਸੌਂਹ ਦੇ ਬਧੇ ਹੋਏ, ਸ਼ਾਂਤਿ ਚਿਤ ਨਾਲ ਸਹਿਜੇ ਸਹਿਜੇ ਚਲੇ ਆਉਂਦੇ ਸਾਂ। ਸਾਡੇ ਕਿਸੇ ਫੌਜੀ ਨੇ ਬੰਦੂਕ ਵਿਚ ਗੋਲੀ ਭੀ ਨਹੀਂ ਭਰੀ ਹੋਈ ਸੀ, ਨਾ ਹੀ ਕਿਸੇ ਨੇ ਤੋੜਾ ਧੁਖਾਇਆ ਹੋਇਆ ਸੀ। ਅਸੀਂ ਆਪਣੇ ਸਾਈਂ ਦੀ ਯਾਦ ਵਿਚ ਸਹਿਜੇ ਸਹਿਜੇ ਜਾ ਰਹੇ ਸਾਂ, ਅਸੀਂ ਜਾਣਦੇ ਸਾਂ ਜੋ ਇਹਨਾਂ ਨੇ ਸੌਂਹ ਖਾਧੀ ਹੈ। ਸੌਂਹ ਖਾ ਚੁਕਣ ਮਗਰੋਂ ਮਾਰਨਾ ਤੇ ਕੈਦ ਕਰਨਾ ਰਵਾਂ ਹੀ ਨਹੀਂ ਹੈ, ਫਿਰ ਸਾਨੂੰ ਫਿਕਰ ਹੀ ਕਿਉਂ ਹੋਣਾ ਸੀ ? ਜਦ ਅਸੀਂ ਕਿਲੇ ਤੋਂ ਚਖੀ ਵਾਟ ਦੂਰ ਨਿਕਲ ਆਏ ਤਾਂ ਤੇਰੀ ਫੌਜ ਦੇ ਸਿਪਾਹੀ ਮਖੀਆਂ ਦੀ ਭਿਣ-ਭਿਣਾਹਟ ਵਾਂਗੂ ਸ਼ੋਰ ਸ਼ਰਾਬਾ ਕਰਦੇ ਹੋਏ, ਇਕੋ ਵੇਰੀ ਹੀ ਹੱਲਾ ਕਰਕੇ ਸਾਡੇ ਉਤੇ ਛਾਪਾ ਮਾਰ ਕੇ ਆ ਪਏ ਸਨ।

ਹਰਾਂਕਸ ਜ਼ਿ ਦੀਵਾਰ ਆਮਦ ਬਿਰੂੰ ॥
ਬਖੁਰਦਨ ਯਕੇ ਤੀਰ ਸ਼ੁਦ ਗ਼ਰਕਿ ਖ਼ੂੰ ॥੨੭॥

ਹਰਾਂਕਸ–ਜੋ ਕੋਈ ਆਦਮੀ। ਜ਼ਿ–ਤੋਂ। ਦੀਵਾਰ–ਕੰਧ। ਆਮਦ–ਆ ਗਿਆ। ਬਿਰੂੰ= (ਬੇਰੂਨ) ਬਾਹਰ। ਬਖੁਰਦਨ = (ਬ+ਖੁਰਦਨ) ਖਾਣ ਨਾਲ। ਯਕ = ਇਕੋ ਹੀ। ਸ਼ੁਦ = ਹੋ ਗਿਆ। ਗਰਕਿ ਖ਼ੂੰ = ਖਨ ਵਿਚ ਗਰਕ, ਲਹੂ ਵਿਚ ਡੁਬ ਗਿਆ।

ਜੇ ਕੋਈ ਆਦਮੀ ਕੰਧ (ਦੀ ਓਟ) ਤੋਂ ਬਾਹਰ ਆਇਆ, (ਉਹ ਸਾਡਾ) ਇਕੋ ਹੀ ਤੀਰ ਖਾਣ ਨਾਲ ਲਹੂ ਵਿਚ ਗਰਕ ਹੋ ਗਿਆ ॥੨੭॥

ਭਾਵ–ਔਰੰਗਜ਼ੇਬ ! ਉਹ ਜਿਹੜੀ ਤੇਰੀ ਫੌਜ ਹੱਲਾ ਕਰਕੇ ਆ ਪਈ ਸੀ, ਉਹ ਇਹ ਭੀ ਜਾਣਦੀ ਸੀ ਕਿ ਮੇਰੇ ਨਾਲ ਇਕ ਸੌ ਤੋਂ ਘਟ ਹੀ ਸੂਰਮੇ ਹਨ, ਫਿਰ ਭੀ ਉਸ ਨੇ ਏਨੀ ਦਲੇਰੀ ਬਹਾਦਰੀ ਕੀਤੀ ਕਿ ਆਉਂਦਿਆਂ ਹੀ ਕਿਲੇ ਦੀ ਕੰਧ ਦੀ ਓਟ ਵਿਚ ਖੜੇ ਹੋ ਗਏ, ਜਿਥੇ ਕਿ ਮੇਰਾ ਤੀਰ ਪੁਜ ਹੀ ਨਹੀਂ ਸਕਦਾ ਸੀ, ਪਰ ਫਿਰ ਭੀ ਜਿਹੜਾ ਕੋਈ ਮਨਚਲਾ ਸੂਰਮਾ ਉਸ ਓਟ ਨੂੰ ਛਡ ਕੇ ਬਾਹਰ ਆ ਗਿਆ ਓਹੋ ਹੀ ਮੇਰੇ ਇਕ ਤੀਰ ਦਾ ਸਵਾਦ ਚਖ ਕੇ ਲਹੂ ਵਿਚ ਤਰ-ਬ-ਤਰ ਹੋ ਕੇ 'ਜ਼ੰਨਤ ਰਸ਼ੀਦਾ' ਹੋ ਗਿਆ।

ਕਿ ਬੇਰੂੰ ਨਿਆਮਦ ਕਸੇ ਜ਼ਾਂ ਦਿਵਾਰ ॥
ਨ ਖ਼ੁਰਦੰਦ ਤੀਰੋ ਨ ਗਸ਼ਤੰਦ ਖ਼੍ਵਾਰ ॥ ੨੮ ॥

ਬੇਰੂੰ=ਬਾਹਰ । ਨਿਆਮਦ=ਨਹੀਂ ਆਯਾ । ਜਾਂ=ਉਸ । ਖੁਰਦੰਦ=ਖਾਧਾ । ਗਸਤੰਦ=ਹੋਯਾ । ਖ੍ਵਾਰ=ਰੁਲਣਾ ।

ਜੋ ਕੋਈ ਆਦਮੀ ਉਸ ਕੰਧ (ਦੀ ਓਟ) ਤੋਂ ਬਾਹਰ ਨਹੀਂ ਆਇਆ ਸੀ, (ਉਸ ਨੇ) ਨਾ ਤੀਰ ਖਾਧਾ ਤੇ ਨਾ ਹੀ ਖਵਾਰ ਹੋਇਆ ਸੀ ॥੨੮॥

ਭਾਵ-ਔਰੰਗਜ਼ੇਬ ! ਜਦ ਤੇਰੇ ਬਹਾਦਰ ਯੋਧੇ ਇਕ ਤੀਰ ਨੂੰ ਭੀ ਨਾ ਸਹਾਰਦੇ ਹੋਏ ਮਰ ਜਾਂਦੇ ਸਨ ਤਾਂ ਇਸ ਤਰ੍ਹਾਂ ਨਾਲ ਇਕੋ ਇਕ ਤੀਰ ਨਾਲ ਕਈਆਂ ਦਾ ਕੰਮ ਖਤਮ ਹੋਇਆ ਵੇਖ ਕਰਕੇ, ਹੱਲਾ ਕਰਕੇ ਪੈਣ ਵਾਲੀ ਤੇਰੀ ਫੌਜ ਉਤੇ ਇਸ ਤਰ੍ਹਾਂ ਦਾ ਡਰ ਛਾ ਗਿਆ ਕਿ ਮੁੜਕੇ ਕੋਈ ਉਸ ਕੰਧ ਦੀ ਓਟ ਤੋਂ ਬਾਹਰ ਹੀ ਨਾ ਆਇਆ । ਹੁਣ ਕੋਈ ਬਾਹਰ ਆਉਂਦਾ ਹੀ ਨਹੀਂ ਸੀ, ਇਸ ਲਈ ਅਸੀਂ ਮਜਬੂਰਨ ਖਾਮੋਸ਼ ਹੋ ਕੇ ਬੈਠੇ ਰਹੇ, ਕਿਉਂਕਿ ਇਕ ਤਾਂ ਅਸੀਂ ਉਂਜ ਹੀ ਮਾਰਨਾ ਨਹੀਂ ਚਾਹੁੰਦੇ ਸਾਂ, ਅਸੀਂ ਤਾਂ ਮਾਰਨ ਆਇਆਂ ਤੋਂ ਕੇਵਲ ਆਪਣੀ ਰਖਵਾਲੀ ਕਰਨੀ ਹੀ ਆਪਣਾ ਮੁਖ ਮੰਤਵ ਸਮਝਿਆ ਸੀ । ਦੂਜਾ ਕੰਧ ਦੀ ਓਟ ਵਿਚ ਖੜੇ ਹੋਣ ਕਰਕੇ ਸਾਡਾ ਤੀਰ ਉਥੇ ਪੁਜ ਨਹੀਂ ਸਕਦਾ ਸੀ । ਇਨ੍ਹਾਂ ਕਾਰਨਾਂ ਕਰਕੇ ਅਸੀਂ ਭੀ ਖਾਮੋਸ਼ ਹੋ ਕੇ ਆਪਣੇ ਟਿਕਾਣੇ ਉਤੇ ਬੈਠੇ ਰਹੇ ਸਾਂ । ਤੇਰੀ ਫੌਜ ਦਾ ਕੋਈ ਸੂਰਮਾ ਕਿਲੇ ਦੀ ਕੰਧ ਦੀ ਓਟ ਤੋਂ ਬਾਹਰ ਆਇਆ ਹੀ ਨਹੀਂ ਸੀ, ਉਸ ਨੇ ਨਾ ਤੀਰ ਦਾ ਸਵਾਦ ਚਖਿਆ ਅਤੇ ਨਾ ਹੀ ਖੂਨ ਵਿਚ ਆਲੂਦਾ ਹੋ ਕੇ ਜ਼ਿੰਦਗੀ ਵਲੋਂ ਖੁਆਰ ਹੋਇਆ ।

ਚੁ ਦੀਦਮ ਕਿ ਨਾਹਰ ਬਿਆਮਦ ਬਜੰਗ ॥
ਚਸ਼ੀਦਹ ਯਕੇ ਤੀਰ ਤਨ ਬੇਦਰੰਗ ॥ ੨੯ ॥

ਚੁ=ਜਦ । ਦੀਦਮ=ਵੇਖਿਆ ਮੈਂ । ਨਾਹਰ=ਨਾਹਰ ਖਾਂ (ਇਕ ਸੂਰਮੇ ਦਾ ਨਾਮ ਹੈ, ਔਰੰਗਜ਼ੇਬ ਦੀ ਸੈਨਾ ਦਾ ਸੈਨਾਪਤੀ ਸੀ । ਬਿਆਮਦ=ਗਿਆ । ਬਜੰਗ=ਲੜਾਈ ਲਈ । ਚੁਸ਼ੀਦਹ=ਖਾਧਾ । ਯਕੇ=ਇਕੋ ਹੀ । ਬੇਦਰੰਗ=ਝਟ ਪਟ ।

ਜਦ ਮੈਂ ਵੇਖਿਆ (ਕਿ) ਨਾਹਰ ਖਾਂ ਜੰਗ ਲਈ ਆਇਆ ਹੈ, (ਤਾਂ) ਉਸ ਨੇ ਇਕੋ ਹੀ ਤੀਰ ਝਟ ਪਟ ਸਰੀਰ ਵਿਚ ਖਾਧਾ ।੨੯॥

ਭਾਵ-ਹੇ ਔਰੰਗਜ਼ੇਬ ! ਤੇਰੇ ਸੈਨਾਪਤੀ ਨਾਹਰ ਖਾਂ ਨੇ ਜਦ ਸਭ ਤਰ੍ਹਾਂ ਨਾਲ ਆਪਣੀ ਹਾਰ ਹੁੰਦੀ ਵੇਖੀ, ਤਦ ਉਹ ਜੰਗ ਕਰਨ ਦੀ ਇਛਾ ਨਾਲ ਓਟ ਵਿਚੋਂ ਨਿਕਲ ਕੇ ਮੈਦਾਨ ਵਿਚ ਚਲਾ ਆਇਆ । ਮੈਂ ਭੀ ਉਸ ਨੂੰ ਵਖਿਆ ਕਿ ਉਹ ਜੰਗ ਕਰਨ ਲਈ ਆਇਆ ਹੈ, ਫਿਰ ਮੈਂ ਝਟ ਪਟ ਹੀ ਇਕ ਤੀਰ ਉਸ ਵਲ ਛਡਿਆ । ਭਾਵੇਂ ਉਸ ਦਾ ਨਾਮ ਤਾਂ 'ਨਾਹਰ ਥਾਂ' ਸੀ ਪਰ ਸਰੀਰ ਵਿਚ ਇਕੋ ਹੀ ਤੀਰ ਖਾ ਕੇ ਅਗਲੇ ਜਹਾਨ ਨੂੰ ਤੁਰਦਾ ਹੋਇਆ । ਨਾਹਰ ਖਾਂ ਨੂੰ ਇਸ ਤਰ੍ਹਾਂ ਮਰਦਾ ਵੇਖਕੇ ਤੇਰੀ ਬਾਕੀ ਦੀ ਫੌਜ ਦੀ ਜੋ ਹਾਲਤ ਹੋਈ ਹੈ, ਉਹ ਭੀ ਧਿਆਨ ਦੇ ਕੇ ਸੁਣ ਲੈ ।

ਹਮਾਖ਼ਰ ਗੁਰੇਜ਼ੰਦ ਬੁਜਾਏ ਮੁਸਾਫ ॥

ਬਸੇ ਖ਼ਾਨ ਖ਼ੁਰਦੰਦ ਬੇਰੂੰ ਗਜ਼ਾਫ ॥ ੩੦ ॥

ਹਮਾਖਰ = [ਹਮ=ਭੀ+ਆਖਰ=ਪਿਛੇ] ਭੀ ਪਿਛੇ। ਗੁਰੇਜ਼ੰਦ=ਨਸ ਗਏ। ਬਜਾਏ= [ਬ-ਜਾਏ] ਜਗ੍ਹਾ ਤੋਂ। ਮੁਸਾਫ਼=ਲੜਾਈ, ਜੰਗ। ਬਸੇ=ਬਹੁਤੇ। ਖਾਨਾ=ਪਠਾਣ। ਖੁਰਦੰਦ =ਖਾਂਦੇ (ਮਾਰਦੇ) ਸੀ। ਗਜ਼ਾਫ=ਗਪਾਂ।

ਪਿਛਲੇ ਭੀ ਜੰਗ ਦੀ ਜਗ੍ਹਾ ਤੋਂ ਨਸ ਗਏ। (ਜੋ) ਪਠਾਣ ਬਾਹਰ ਬਹੁਤੀਆਂ ਗਪਾਂ ਮਾਰਦੇ ਸਨ ॥ ੩੦ ॥

ਭਾਵ-ਜੋ ਬਹੁਤ ਸਾਰੇ ਪਠਾਣ, ਬਹੁਤ ਸਾਰੀਆਂ ਲਾਫਾਂ ਤੇ ਢੀਂਗਾਂ ਮਾਰਦੇ ਹੋਏ, ਉਸ ਦੇ ਨਾਲ ਜੰਗ ਕਰਨ ਲਈ ਘਰ ਤੋਂ ਚਲ ਕੇ ਆਏ ਸਨ, ਉਸ ਨੂੰ ਜੁਧ ਭੂਮੀ ਵਿਚ ਮਰਦਾ ਵੇਖ ਕੇ, ਉਸ ਦਾ ਮੁਰਦਾ ਚੁਕਣ ਲਈ ਭੀ ਅਗੇ ਨੂੰ ਕੋਈ ਨਾ ਹੋਇਆ। ਉਸ ਦੇ ਮੁਰਦੇ ਨੂੰ ਰਣਭੂਮੀ ਵਿਚ ਸੁਟ ਕੇ ਗਪਾਂ ਮਾਰਨ ਵਾਲੇ ਤੇਰੇ ਰੁਸਤਮਹਿੰਦ ਰਣਭੂਮੀ ਵਿਚੋਂ ਇਸ ਤਰ੍ਹਾਂ ਭਜ ਤੁਰੇ,ਜਿਵੇਂ ਗੁਲੇਲ ਨੂੰ ਵੇਖਦਿਆਂ ਹੀ ਕਾਂ ਉਡ ਜਾਂਦੇ ਹਨ!

ਕਿ ਅਫ਼ਗਾਨਿ ਦੀਗਰ ਬਿਆਮਦ ਬਜੰਗ ॥
ਚੁ ਸੈਲੇ ਰਵਾਂ ਹਮਚੁ ਤੀਰੋ ਤੁਫੰਗ ॥ ੩੧ ॥

ਅਫਗਾਨ=ਪਠਾਣ। ਦੀਗਰ=ਦੂਜਾ, ਇਕ ਹੋਰ। ਬਿਆਮਦ=ਆ ਗਿਆ। ਸੈਲੇ ਰਵਾਂ=ਹੜ੍ਹ ਚਲਾ ਆਉਂਦਾ। ਹਮਚੁ=ਵਾਂਗੂ, ਤਰ੍ਹਾਂ।

ਜੋ (ਇਕ) ਹੋਰ ਪਠਾਣ ਜੰਗ ਲਈ ਆਇਆ ਸੀ। (ਉਹ) ਦਰਿਆਂ ਦੇ ਹੜ੍ਹ ਵਾਂਗੂ ਆਇਆ ਸੀ (ਜਾਂ) ਤੀਰ ਤੇ ਬੰਦੂਕ (ਦੀ ਗੋਲੀ) ਵਾਂਗੂ ਆਇਆ ਸੀ ॥ ੩੧।

ਭਾਵ-ਨਾਹਰ ਖਾਂ ਮਰ ਗਿਆ, ਉਸ ਦੇ ਸਾਥੀ ਪਠਾਨ ਰਣਭੂਮੀ ਵਿਚੋਂ ਨਸ ਗਏ, ਤਦ ਇਕ ਹੋਰ 'ਅਫਗਾਨ' ਫਿਰ ਮੈਦਾਨ ਵਿਚ ਆਇਆ। ਉਹ ਇਸ ਤਰ੍ਹਾਂ ਆਇਆ ਜਿਵੇਂ ਕਿ ਦਰਿਆ ਦਾ ਹੜ੍ਹ ਚਲਿਆ ਆਉਂਦਾ ਹੈ। ਇਸ ਹੜ੍ਹ ਚਲਾ ਆਉਂਦਾ ਦਾ ਭਾਵ ਇਹ ਹੈ ਕਿ ਉਹ ਇਕਲ ਨਹੀਂ ਸੀ। ਉਸ ਦੇ ਨਾਲ ਆਉਣ ਵਾਲੇ ਸੂਰਮਿਆਂ ਦੀ ਗਿਣਤੀ ਭੀ ਨਹੀਂ ਹੋ ਸਕਦੀ ਸੀ। ਉਹ ਬੜੇ ਭਾਰੇ ਦਲ ਬਲ ਸੰਜਗਤ ਆਇਆ ਸੀ। ਉਹ ਕਿੰਨੀ ਛੇਤੀ ਆ ਰਿਹਾਸੀ, ਉਸ ਦੀ ਮਿਸਾਲ ਦਿਤੀ ਹੈ, ਮਾਨੋ ਤੀਰ ਜਾਂ ਗੋਲੀ ਆ ਰਹੀ ਹੈ। ਦੂਜੇ ਆਉਣ ਵਾਲੇ ਪਠਾਣਾਂ ਦੀ ਗਿਣਤੀ ਦਸਣ ਵਾਸਤੇ ਦਰਿਆ ਦਾ ਹੜ੍ਹ' ਪਦ ਵਰਤਿਆ ਹੈ ਅਤੇ ਉਨ੍ਹਾਂ ਦੀ ਫੁਰਤੀ ਨੂੰ ਪ੍ਰਗਟ ਕਰਨ ਲਈ ਤੀਰ ਤੇ ਬੰਦੂਕ ਦੀ ਗੋਲੀ ਦਾ ਵਰਨਣ ਕੀਤਾ ਹੈ।

ਬਸੇ ਹਮਲਹ ਕਰਦੰਦ ਬ-ਮਰਦਾਨਗੀ ॥
ਹਮ ਅਜ਼ ਹੋਸ਼ਗੀ ਹਮ ਜ਼ਿ ਦੀਵਾਨਗੀ ॥ ੩੨ ॥

ਬਸੇ=ਬਹੁਤ ਸਾਰੇ। ਬਮਰਦਾਨਗੀ=ਬਹਾਦਰੀ ਨਾਲ। ਹਮ=ਭੀ। ਅਜ਼=ਨਾਲ। ਹੋਸ਼ਗੀ=ਅਕਲਮੰਦੀ। ਦੀਵਾਨਗੀ=ਸ਼ੁਦਾਈਪਣੇ।

ਬਹੁਤ ਸਾਰੇ ਹਮਲੇ ਬਹਾਦਰੀ ਨਾਲ ਕੀਤੇ, ਅਕਲਮੰਦੀ ਨਾਲ ਭੀ ਕੀਤੇ, (ਤੇ) ਸ਼ੌਦਾਈ ਪਣੇ ਨਾਲ ਭੀ ਕੀਤੇ ॥ ੩੨ ॥

ਭਾਵ-ਉਸ ਆਉਣ ਵਾਲੇ ਅਫਗਾਨ ਨੇ ਮੇਰੇ ਉਤੇ ਬਹਾਦਰੀ ਨਾਲ ਬਹੁਤ ਸਾਰੇ ਹਮਲੇ

ਕੀਤੇ ਸਨ। ਉਹਨਾਂ ਵਿਚ ਕਈ ਹਮਲੇ ਤੇ ਅਕਲਮੰਦੀ ਨਾਲ ਕੀਤੇ ਹੋਏ ਮਲੂਮ ਹੁੰਦੇ ਸਨ ਅਤੇ ਕਈ ਦੀਨੀ ਜੋਸ਼ ਦੇ ਉਬਾਲ ਨਾਲ ਸ਼ੁਦਾਈ ਪਣੇ ਦੇ ਮਲੂਮ ਹੁੰਦੇ ਸਨ। ਇਹ ਪਤਾ ਨਹੀਂ ਕਿ ਉਹ ਸਚ ਮੁਚ ਹੀ ਕੁਝ ਸ਼ੁਦ ਈ ਸੀ ਜਾਂ ਨਹੀਂ ? ਪਰ ਉਸ ਦੇ ਹਮਲਿਆਂ ਤੋਂ ਇਹ ਪ੍ਰਤੀਤ ਹੁੰਦਾ ਸੀ ਕਿ ਉਸ ਵਿਚ ਸ਼ੁਦਾਈ ਪੁਣਾ ਜ਼ਰੂਰ ਸੀ।

ਬਸੇ ਹਮਲਹ ਕਦਰਹ ਬਸੇ ਜ਼ਖ਼ਮ ਖ਼ੁਰਦ ॥
ਦੁ ਕਸ ਰਾ ਬਜਾਂ ਕੁਸ਼ਤੁ ਜਾਂ ਹਮ ਸਪੁਰਦ ॥ ੩੩ ॥

ਖੁਰਦ—ਖਾਧੇ। ਕਸ—ਬੰਦੇ। ਰਾ—ਤੈਨੂੰ। ਕੁਸ਼ਤ—ਮਾਰ ਦਿਤਾ। ਜਾਂ—ਜਾਨ, ਜ਼ਿੰਦਗੀ। ਹਮ—ਭੀ। ਸਪੁਰਦ—ਸੌਂਪ ਗਿਆ।

(ਉਸ ਨੇ) ਬਹੁਤੇ ਹਮਲੇ ਕੀਤੇ ਹਨ, ਬਹੁਤੇ ਜਖਮ ਖਾਧੇ। ਦੋ ਆਦਮੀਆਂ ਨੂੰ ਜਾਨ ਤੋਂ ਮਾਰ ਦਿਤਾ (ਤ) ਜਾਨ ਭੀ ਸੌਂਪ ਗਿਆ॥ ੩੩॥

ਭਾਵ—ਉਹ ਅਫ਼ਗਾਨ ਚਮਕੌਰ ਦੀ ਗੜ੍ਹੀ ਨੂੰ ਫਤੇ ਕਰਨ ਵਾਸਤੇ ਹੱਲੇ ਤੇ ਹੱਲਾ ਕਰਕੇ ਝਈਆਂ ਲੈ ਲੈ ਕ ਪੈਂਦਾ ਰਿਹਾ, ਗੜ੍ਹੀ ਨੂੰ ਫਤੇ ਕਰਨ ਵਾਸਤੇ ਉਸ ਨੇ ਬਹੁਤ ਸਾਰੇ ਹਮਲੇ ਕੀਤੇ ਅਤੇ ਆਪਣੇ ਸਰੀਰ ਉਤੇ ਜਖਮ ਭੀ ਬਹੁਤ ਸਾਰੇ ਖਾਧੇ। ਔਰੰਗਜ਼ੇਬ! ਅੰਤ ਨੂੰ ਸਿਟਾ ਕੀ ਨਿਕਲਿਆ ? ਗੜ੍ਹੀ ਉਸ ਨੇ ਫਤੇ ਕਰ ਲਈ ? ਨਹੀਂ, ਕਦੇ ਨਹੀਂ। ਕੇਵਲ ਮੇਰੇ ਦੋ ਆਦਮੀਆਂ ਨੂੰ ਹੀ ਉਹ ਮਾਰ ਸਕਿਆ ਜੋ ਦਰਿਆ ਦੇ ਹੜ੍ਹ ਵਾਂਗੂੰ ਆਇਆ ਸੀ ਜੋ ਤੀਰ ਤੇ ਗੋਲੀ ਵਾਂਗੂੰ ਤੇਜ਼ੀ ਨਾਲ ਆਇਆ ਸੀ, ਜਿਸ ਨੇ ਬਹਾਦਰੀ ਅਕਲਮੰਦੀ ਤੇ ਸ਼ੁਦਾਈਪਣੇ ਨਾਲ ਅਨੇਕਾਂ ਹਮਲੇ ਕੀਤੇ ਸਨ, ਉਸ ਨੇ ਮੇਰੇ ਸਾਥੀਆਂ ਵਿਚੋਂ ਕੇਵਲ ਦੋ ਆਦਮੀ ਹੀ ਮਾਰੇ ਅਤੇ ਉਹ ਆਪਣੀ ਜਾਨ ਇਸੇ ਰਣਭੂਮੀ ਦੇ ਸਪੁਰਦ ਕਰ ਗਿਆ। ਜਿਸ ਦੇ ਸਾਥੀ ਦਰਿਆ ਦੇ ਹੜ੍ਹ ਵਾਂਗੂੰ ਬੇਹਿਸਾਬ ਸਨ, ਜਿਸ ਦੀ ਤੇਜ਼ੀ ਤੀਰ ਤੇ ਗੋਲੀ ਵਾਂਗੂੰ ਸੀ, ਜਿਸ ਦੇ ਹਮਲਿਆਂ ਦੀ ਗਿਣਤੀ ਨਹੀਂ ਕੀਤੀ ਜਾਂਦੀ ਸੀ, ਉਹ ਸੂਰਮਾ ਆਪਣੀ ਜ਼ਿੰਦਗੀ ਦੇ ਦੇਂਦਾ ਹੈ, ਆਪਣੇ ਅਨੇਕਾਂ ਸਾਥੀ ਮਰਵਾਂਦਾ ਹੈ ਪਰ ਮੇਰੇ ਕੇਵਲ ਦੋ ਸਾਥੀਆਂ ਨੂੰ ਹੀ ਮਾਰਦਾ ਹੈ।

ਕਿ ਆਂ ਖ਼੍ਵਾਜ਼ਹ ਮਰਦੂਦ ਸਾਯਹ ਦਿਵਾਰ ॥
ਬਮੈਦਾ ਨਿਆਮਦ ਬਮਰਦਾਨਹ ਵਾਰ ॥ ੩੪ ॥

ਆਂ—ਉਹ। ਖ੍ਵਾਜਹ—ਫੌਜ ਦੇ ਜਰਨੈਲ ਦਾ ਨਾਮ ਹੈ, ਜੋ ਸਭਾ ਦੇ ਵਿਚ ਬੀੜਾ ਚੁਕ ਕੇ ਸ੍ਰੀ ਗੁਰੂ ਸਾਹਿਬ ਜੀ ਨੂੰ ਫੜ ਕੇ ਲਿਆਉਣ ਲਈ ਆਇਆ ਸੀ। ਸਾਯਹ—ਪ੍ਰਛਾਵਾਂ, ਓਟ। ਬਮੈਦਾਂ—ਮੈਦਾਨ ਵਿਚ। ਮਰਦੂਦ—ਗੀਦੀ, (ਪਠਾਨਾਂ ਵਿਚ ਹਤਕ ਸੂਚਕ ਪਦ ਵਰਤਿਆ ਜਾਂਦਾ ਹੈ)। ਬਮਰਦਾਨਹ—ਬਹਾਦਰਾਂ। ਵਾਰ—ਵਾਂਗੂ।

ਪਰ ਉਹ ਖਵਾਜਾ ਮਰਦੂਦ ਕੰਧ ਦੀ ਓਟ ਵਿਚੋਂ ਬਹਾਦਰਾਂ ਵਾਂਗੂ ਮੈਦਾਨ ਵਿਚ ਨਾ ਆਇਆ॥ ੩੪॥

ਭਾਵ—ਹੇ ਔਰੰਗਜ਼ੇਬ! ਤੇਰਾ ਉਹ ਜਰਨਲ, ਜੋ ਤੇਰੇ ਦਰਬਾਰ ਵਿਚੋਂ ਫੜ ਕੇ ਲਿਆਉਣ ਲਈ ਪਾਨ ਦਾ ਬੀੜਾ ਚੁਕ ਕੇ ਆਇਆ ਸੀ ਅਤੇ ਜਿਸ ਨੂੰ ਤੂੰ ਇਸੇ ਬਹਾਦਰੀ ਦਿਖਾਉਣ ਦੇ ਬਦਲੇ ਵਿਚ ਲਖਾਂ ਦਾ ਖਿੱਲਤ ਤੇ ਅਹੁਦਾ ਦਿਤਾ ਸੀ। ਉਹ ਰਣ ਭੂਮੀ ਵਿਚ ਨਾ ਆਇਆ ਅਤੇ

ਕਾਇਰਾਂ ਵਾਂਗੂ ਕੰਧ ਦੇ ਓਹਲੇ ਹੀ ਲੁਕ ਕੇ ਖੜੋਤਾ ਰਿਹਾ।

ਦਰੇਗਾ ! ਅਗਰ ਰੂਏ ਓ ਦੀਦਮੇ॥
ਬਯਕ ਤੀਰ ਲਾਚਾਰ ਬਖਸ਼ੀਦਮੇ॥ ੩੫॥

ਦਰੇਗਾ—ਅਫਸੋਸ । ਅਗਰ—ਜੇਕਰ । ਰੂਏ—ਚੇਹਰਾ, ਮੂੰਹ । ਓ—ਉਸ ਦਾ । ਦੀਦਮੇ—ਮੈ ਵੇਖਦਾ । ਬ ਯਕ ਤੀਰ—ਇਕ ਤੀਰ ਨਾਲ। ਲਾਚਾਰ—ਓੜਕ ਅੰਤ (ਭਾਵ ਮੌਤ)। ਬਖਸ਼ੀਦਮੇ—ਬਖਸ਼ ਦੇਂਦਾ।

ਅਫਸੋਸ ! ਜੇਕਰ ਉਸ ਦਾ ਚੇਹਰਾ ਮੈਂ ਵੇਖ ਲੈਂਦਾ (ਤਾਂ) ਇਕ ਤੀਰ ਨਾਲ ਮੌਤ ਬਖਸ਼ ਦੇਂਦਾ ॥੩੫॥

ਭਾਵ—ਔਰੰਗਜ਼ੇਬ ! ਮੈਨੂੰ ਇਸ ਗੱਲ ਦਾ ਅਫਸੋਸ ਹੈ ਕਿ ਜੋ ਮੈਨੂੰ ਫੜਨ ਲਈ ਆਇਆ ਸੀ, ਮੈਂ ਉਸ ਦਾ ਮੂੰਹ ਭੀ ਨਾ ਡਿਠਾ। ਪਤਾ ਨਹੀਂ ਸਾਰੀ ਫੌਜ ਵਿਚ ਉਹ ਕਿਥੇ ਲੁਕਿਆ ਬੈਠਾ ਸੀ ਜਾਂ ਬੁਰਕਾ ਪਾ ਕੇ ਕਿਤੇ ਪਿਛੇ ਵਾਰ ਖੜਾ ਸੀ ? ਬਸ, ਮੈਨੂੰ ਇਕ ਇਸੇ ਗੱਲ ਦਾ ਹੀ ਅਰਮਾਨ ਤੇ ਅਫਸੋਸ ਹੈ। ਜੇਕਰ ਮੈਂ ਉਸ ਨੂੰ ਕਿਤੇ ਵੇਖ ਲੈਂਦਾ ਤਾਂ ਜ਼ਰੂਰ ਹੀ ਇਕੋ ਤੀਰ ਨਾਲ ਉਸ ਨੂੰ ਓੜਕ ਬਖਸ਼ ਦੇਂਦਾ ਜਾਂ ਉਸ ਦੇ ਗੁਨਾਹ ਬਖਸ਼ ਦੇਂਦਾ। ਉਸ ਨੇ ਮੇਰੇ ਬਰਖਿਲਾਫ ਜੋ ਬਦਨੀਤੀ ਦਿਲ ਵਿਚ ਧਾਰੀ ਹੋਈ ਹੈ ਇਹ ਭੀ ਇਕ ਬੜਾ ਭਾਰਾ ਗੁਨਾਹ ਹੈ, ਜੋ ਕਿਸੇ ਤਰ੍ਹਾਂ ਭੀ ਦੂਰ ਨਹੀਂ ਹੋ ਸਕਦਾ। ਉਸ ਦਾ ਫਲ ਭੋਗਣ ਲਈ ਉਹ ਜ਼ਰੂਰ ਦੋਜ਼ਕ ਦੀ ਅੱਗ ਵਿਚ ਸੜੇਗਾ। ਪਰ ਜੇਕਰ ਉਹ ਮੈਨੂੰ ਕਿਤੇ ਦਿਸ ਪੈਂਦਾ ਤਾਂ ਮੈਂ ਉਸ ਦੇ ਗੁਨਾਹਾਂ ਨੂੰ ਇਕੋ ਤੀਰ ਨਾਲ ਨਾਸ ਕਰ ਦੇਂਦਾ, ਜਿਸ ਕਰਕੇ ਉਹ ਦੋਜ਼ਕ ਵਿਚ ਨਾ ਜਾਂਦਾ ਅਤੇ ਬਹਿਸਤ ਵਿਚ ਜਾ ਕੇ ਸੁਖ ਭੋਗਦਾ। ਇਸ ਤਰ੍ਹਾਂ ਨਾਲ ਮੈਂ ਉਸ ਨੂੰ ਇਕ ਤੀਰ ਨਾਲ ਬਹਿਸ਼ਤ ਦਾ ਸੁਖ ਬਖਸ਼ ਦੇਂਦਾ, ਜੋ ਉਸ ਨੂੰ ਹੋਰ ਕਿਸੇ ਤਰ੍ਹਾਂ ਭੀ ਹਥ ਨਹੀਂ ਆ ਸਕਦਾ।

'ਧੰਨ ਹੈ ਸਤਿਗੁਰੂ ਜੋ ਵੈਰੀ ਦਾ ਭਲਾ ਚਾਹ ਰਿਹਾ ਹੈ।

ਹਮਾਖਰ ਬਸੇ ਜ਼ਖਮ ਤੀਰੋ ਤੁਫੰਗ॥
ਦੁ ਸੂਏ ਬਸੇ ਕੁਸ਼ਤਹ ਸ਼ੁਦ ਬੇਦਰੰਗ॥ ੩੬॥

ਹਮਾਖਰ—(ਹਮ+ਆਖਰ) ਭੀ ਪਿਛੋਂ, ਅੰਤ ਨੂੰ। ਬਸੇ—ਬਹੁਤ ਸਾਰੇ। ਦੁ ਸੂਏ—ਦੋਹਾਂ ਤਰਫਾਂ ਦੇ। ਕੁਸ਼ਤਹ ਸ਼ੁਦ—ਮੁਰਦਾ ਹੋ ਗਏ, ਮਰ ਗਏ। ਬੇਦਰੰਗ—ਝਟ ਪਟ।

ਅੰਤ ਨੂੰ ਤੀਰਾਂ ਬੰਦੂਕਾਂ ਦੇ ਬਹੁਤ ਸਾਰੇ ਜ਼ਖਮ (ਖਾ ਕੇ) ਦੋਹਾਂ ਪਾਸਿਆਂ ਦੇ ਬਹੁਤ ਸਾਰੇ (ਆਦਮੀ) ਝਟ ਪਟ ਹੀ ਮਰ ਗਏ ॥੩੬॥

ਬਸੇ ਬਾਨ ਬਾਰੀਦ ਤੀਰੋ ਤੁਫੰਗ॥
ਜਿਮੀ ਗਸ਼ਤ ਹਮ ਚੂੰ ਗੁਲੇ ਲਾਲਹ ਰੰਗ॥ ੩੭॥

ਬਸੇ—ਬਹੁਤ ਸਾਰੇ। ਬਾਰੀਦ—ਬਰਸੇ, ਬਾਰਸ਼ ਹੋਈ। ਤੀਰੋ ਤੁਫੰਗ—ਤੁਫੰਗਾਂ ਦੇ ਤੀਰ (ਭਾਵ ਗੋਲੀਆਂ)। ਗਸ਼ਤ—ਹੋ ਗਈ। ਹਮ ਚੂੰ—ਵਾਂਗੂ। ਗੁਲੇ—ਫੂਲ। ਲਾਲਹ—ਲਾਲਾ (ਕਾਬਲ ਦੇ ਇਲਾਕੇ ਦੇ ਇਕ ਖਾਸ ਕਿਸਮ ਦੇ ਫੁਲ ਦਾ ਨਾਮ ਹੈ, ਜੋ ਗੂੜੇ ਲਾਲ ਰੰਗ ਦਾ ਹੁੰਦਾ ਹੈ, ਗਜਨੀ ਦੇ ਇਲਾਕੇ ਵਿਚ ਇਹ ਬਹੁਤ ਹੁੰਦਾ ਹੈ, ਪਰ ਸੰਪ੍ਰਦਾਈ 'ਪੋਸਤ ਦਾ ਫੁਲ' ਕਿਹਾ ਕਰਦੇ ਹਨ)।

ਤੀਰਾਂ ਤੇ ਗੋਲੀਆਂ ਦੀ ਬੜੀ ਭਾਰੀ ਬਾਰਸ਼ ਹੋਈ। ਜ਼ਮੀਨ 'ਲਾਲੇ' ਦੇ ਫੁਲ ਵਾਂਗੂ ਲਾਲ ਰੰਗ ਦੀ ਹੋ ਗਈ ॥੩੭॥

ਭਾਵ-ਪਿਛੇ ਦਸ ਆਏ ਹਨ ਕਿ ਖਵਾਜ਼ਾ ਮਰਦੂਦ ਕੰਧ ਦੇ ਓਹਲੇ ਲੁਕਿਆ ਰਿਹਾ, ਪਰ ਅਸੀਂ ਉਸ ਨੂੰ ਕਿਤੇ ਵੇਖ ਨਾ ਸਕੇ। ਇਨ੍ਹਾਂ ਦੋਂਹ ਬੈਂਤਾਂ ਵਿਚ ਫੁਰਮਾਂਦੇ ਹਨ-ਹੇ ਔਰੰਗਜ਼ੇਬ! ਤੇਰੇ ਜਰਨੈਲ ਦੀ ਅਜੇਹੀ ਕਰਤੂਤ ਹੈ, ਪਰ ਸਿਪਾਹੀਆਂ ਦੀ ਕੀ ਹਾਲਤ ਹੋਈ ਕਿ ਤੀਰਾਂ ਅਤੇ ਗੋਲੀਆਂ ਦਾ ਮੀਂਹ ਵਸ ਪਿਆ, ਜਿਸ ਨਾਲ ਮਰ ਚੁਕਿਆਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਭਾਵੇਂ ਉਹ ਦੋਹਾਂ ਪਾਸਿਆਂ ਦੇ ਹੀ ਮੋਏ ਸਨ.ਪਰ ਮੇਰੇ ਸਾਥੀ ਤਾਂ ਕੇਵਲ ਹੈਗੇ ਹੀ ਚਾਲੀ ਸਨ, ਉਹਨਾਂ ਵਿਚੋਂ ਕਿੰਨੇ ਕੁ ਬਹੁਤੇ ਮਰ ਜਾਣੇ ਸਨ? ਇਹੋ ਜਾਣ ਲੈ, ਉਹ ਸਭ ਤੇਰੇ ਸਿਪਾਹੀ ਹੀ ਮਰੇ ਸਨ। ਉਹ ਕਿਨੇ ਕੁ ਸਨ? ਇਸ ਦੀ ਗਿਣਤੀ ਦਾ ਪਤਾ ਨਹੀਂ, ਪਰ ਉਹਨਾਂ ਦੇ ਲਹੂ ਨਾਲ ਉਥੋਂ ਦੀ ਧਰਤੀ ਦਾ ਰੰਗ 'ਲਾਲੇ' ਦੇ ਫੁਲ ਵਰਗਾ ਹੋ ਗਿਆ ਸੀ।

ਸਰੋ ਪਾਇ ਅੰਬੋਹ ਚੰਦਾਂ ਸ਼ੁਦਹ ॥
ਕਿ ਮੈਦਾਂ ਪੁਰ ਅਜ਼ ਗੋਇ ਚੌਗਾਂ ਸ਼ੁਦਹ ॥ ੩੮ ॥

ਸਰੋਪਾਇ=(ਸਰ+*ਵ+ਪਾਇ)ਸਿਰ ਤੇ ਪੈਰ। ਅੰਬੋਹ=ਇਕੱਠ। ਚੰਦਾਂ=ਏਨਾ। ਸੁਦਹ=ਹੋ ਗਿਆ ਸੀ। ਮੈਦਾਂ=ਰਣਭੂਮੀ। ਪੁਰ=ਭਰ ਗਈ ਸੀ। ਅਜ਼=ਸੇ, ਨਾਲ। ਗੋਇ=ਖਿਦੂ, ਗੇਂਦ ਭਾਵ ਸਿਰ। ਚੌਗਾਂ=ਖੂੰਡੀ ਭਾਵ ਲਤਾਂ।

ਸਿਰ ਤੇ ਪੈਰਾਂ ਦਾ ਇਕੱਠ ਏਨਾ ਹੋ ਗਿਆ ਸੀ, ਜੋ ਰਣਭੂਮੀ ਖਿਦੂ-ਖੂੰਡੀ ਨਾਲ ਭਰ ਗਈ ਹੋਈ ਸੀ ॥੩੮॥

ਭਾਵ-ਮਰਨ ਵਾਲਿਆਂ ਦੀ ਗਿਣਤੀ ਤਾਂ ਨਹੀਂ ਹੋ ਸਕਦੀ, ਪਰ ਇਸ ਤੋਂ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਮੈਦਾਨ ਜੰਗ ਲਤਾਂ ਬਾਹਾਂ ਤੇ ਸਿਰਾਂ ਨਾਲ ਭਰਿਆ ਹੋਇਆ ਸੀ। ਔਰੰਗਜ਼ੇਬ! ਮੈਨੂੰ ਫੜ ਕੇ ਲੈ ਜਾਣ ਦੇ ਦਮਗਜੇ ਮਾਰਨ ਵਾਲਾ 'ਮਰਦੂਦ' ਕੰਧ ਪਿਛੇ ਲੁਕ ਕੇ ਆਪਣੀ ਜਾਨ ਨੂੰ ਬਚਾਉਂਦਾ ਰਿਹਾ ਪਰ ਗਰੀਬ ਲਸ਼ਕਰ ਉਸ ਨੇ ਏਨਾ ਮਰਵਾ ਸੁਟਿਆ ਕਿ ਜਿਸ ਦੀ ਗਿਣਤੀ ਨਹੀਂ ਸੀ ਹੋ ਸਕਦੀ।

ਨੋਟ-ਇਸ ਵਿਚ ਸਿਰਾਂ ਨੂੰ ਗੇਂਦ ਤੇ ਲਤਾਂ ਨੂੰ ਖੂੰਡੀ ਕਿਹਾ ਹੈ।

ਤਰੰਕਾਰ ਤੀਰੋ ਤਰੰਕੇ ਕਮਾ ॥
ਬਰਾਮਦ ਯਕੇ ਹਾਇ ਹੂ ਅਜ਼ ਜ਼ਹਾਂ ॥ ੩੯ ॥

ਤਰੰਕਾਰ=ਟਣਕਾਰ, ਤਿੜ ਤਿੜ ਦੀ ਅਵਾਜ਼। ਤਰੰਕੇ=ਕੜਕੀਆਂ, ਚਿਰੜ ੨ ਦੀ ਅਵਾਜ਼ (ਜੋ ਕਮਾਨ ਦੇ ਖਿਚਨ ਤੋਂ ਨਿਕਲਦੀ ਹੈ)। ਕਮਾਂ=ਕਮਾਨ। ਬਰਾਮਦ=ਨਿਕਲੀ। ਯਕੇ=ਇਕੋ ਹੀ। ਜਹਾਂ=ਸੰਸਾਰ।

ਤੀਰਾਂ ਦੀ ਟਣਕ ਰ ਤੇ ਕਮਾਨਾਂ ਦੀ ਕੜਕੜਾਟ ਨਿਕਲੀ। ਇਕੋ 'ਹਾਇ, ਊ' ਨਾਲ ਜਗਤ (ਭਰ ਗਿਆ) ॥੩੯॥

ਭਾਵ-ਤੀਰਾਂ ਦੇ ਚਲਣ ਤੋਂ ਸਰਰ ਸਰਰ ਦੀ ਅਵਾਜ ਕਮਾਨਾਂ ਦੇ ਖਿਚਣ ਤੋਂ ਚਰੜ ੨

---

*ਫਾਰਸੀ ਦੀ 'ਵਾਓ' ਗੁਰਮੁਖੀ ਦੇ ਓ ਵਾਂਗੂ ਉਚਾਰੀ ਜਾਂਦੀ ਹੈ।

ਦੀ ਗੂੰਜ, ਤਲਵਾਰ ਦੇ ਸੂਤਨ ਵੇਲੇ ਦੀ ਸਰਕ ਸਰਕ ਦੀ ਅਵਾਜ਼ ਤੇ ਇਹਨਾਂ ਦੇ ਵਜਣ ਵੇਲੇ ਦੀ ਖਟਾ-ਖਚ, ਛਟਾ-ਛਰ, ਸਟਾ-ਸਟ ਦੀ ਅਵਾਜ਼ ਹਰ ਪਾਸੇ ਗੂੰਜ ਰਹੀ ਸੀ ਅਤੇ ਜਿਧਰ ਭੀ ਨਿਗਾਹ ਭਰ ਕੇ ਵੇਖੋ, ਜਖਮੀ ਲੋਕ ਤੜਫਦੇ ਹੋਏ ਹਾਇ! ਊਈਂ ਕਰਕੇ ਕਰਾਉਂਦੇ ਹੋਏ ਹੀ ਸੁਣਾਈ ਦੇਂਦੇ ਸਨ।

ਨੋਟ-'ਤਰੰਕਾਰ' ਪਦ ਲਿਖਾਰੀ ਦੀ ਉਕਾਈ ਤੋਂ ਹੋਇਆ ਭਾਸਦਾ ਹੈ, ਕਿਉਂਕਿ ਫਾਰਸੀ ਪਦ ਤਰੰਗ ਤੋਂ ਤਰੰਗਦਾਰ ਹੈ। ਤਰੰਗਦਾਰ ਦੇ ਅਰਥ ਹਨ-ਉਹ ਅਵਾਜ ਜੋ ਤੀਰ ਛਟਣ ਵੇਲੇ ਕਮਾਨ ਤੋਂ, ਤੀਰ ਤਲਵਾਰ ਤੇ ਗੁਰਜ ਦੇ ਲਗਣ ਵੇਲੇ ਜਾਂ ਤਲਵਾਰ ਦੇ ਟੁਟਣ ਵੇਲੇ ਹੁੰਦੀ ਹੈ।

ਦਿਗਰ ਸ਼ੋਰਸ਼ੇ ਕੈਬਰੇ ਕੀਨਹ ਕੋਸ਼ ॥
ਜ਼ੇ ਮਰਦਾਨਿ ਮਰਦਾਂ ਬਰੂੰ ਰਫ਼ਤ ਹੋਸ਼ ॥ ੪੦ ॥

ਦਿਗਰ-ਫਿਰ। ਸ਼ੋਰਸ਼ੇ-ਰੌਲੇ। ਕੈਬਰ-ਤੀਰ। ਜ਼ੇ-ਤੋਂ। ਕੀਨਹ ਕੋਸ਼-ਵੈਰ ਵਧਾਉਣ ਵਾਲੇ ਜਾਂ ਮਾਰੂ। ਮਰਦਾਨਿ ਮਰਦਾਂ-ਸੂਰਬੀਰ ਜੋਧਿਆਂ। ਬਰੂੰ-ਬਾਹਰ। ਰਫਤ-ਹੋ ਗਈ। ਹੋਸ਼-ਅਕਲ, ਬੁਧੀ।

ਫਿਰ ਮਾਰੂ ਤੀਰਾਂ ਦੇ ਰੌਲੇ ਨਾਲ ਬਹਾਦਰਾਂ ਤੋਂ ਬਹਾਦਰਾਂ ਦੀ ਅਕਲ ਬਾਹਰ ਹੋ ਗਈ ਜਾਂ ਮੱਤ ਮਾਰੀ ਗਈ ॥੪੦।

ਭਾਵ-ਜਦ ਸਭ ਪਾਸੇ ਹਾਇ-ਊਈ ਦੀ ਭਿਆਨਕ ਆਵਾਜ਼ ਸੁਣਾਈ ਦੇਂਦੀ ਸੀ, ਉਸ ਵੇਲੇ ਮਾਰੂ ਦੀ ਸ਼ੋਰਸ਼ ਤੜਥੱਲ) ਨੇ ਉਹ ਊਧਮ ਮਚਾਇਆ ਹੋਇਆ ਸੀ ਕਿ ਵਡੇ ਵਡੇ ਦਲੇਰ ਬਹਾਦਰਾਂ ਦ ਭੀ ਹਵਾਸ ਗੁੰਮ ਹੋ ਗਏ ਸਨ। ਇਸ ਦਾ ਕਾਰਨ ਕੀ ਸੀ? ਕੇਵਲ ਇਹੋ ਹੀ ਕਿ ਚਮਕੌਰ ਦੇ ਕਿਲੇ ਦੀ ਅਟਾਰੀ ਤੋਂ ਜੋ ਤੀਰ ਅਸੀਂ ਛਡਦੇ ਸਾਂ, ਉਹ ਤੇਰੀ ਫੌਜ ਦੇ ਕਈ ਕਈ ਸੂਰਮਿਆਂ ਨੂੰ ਜਿਮੀ ਉਤੇ ਲਿਟਾਈ ਜਾਂਦਾ ਸੀ। ਤੀਰਾਂ ਦੀ ਇਸ ਮਾਰੂ ਮਾਰ ਨੂੰ ਵੇਖ ਕੇ ਤੇਰੀ ਫੌਜ ਦ ਵਡੇ ੨ ਦਿਲਾਵਰਾਂ ਦੇ ਭੀ ਛਕੇ ਛੁਟ ਗਏ ਸਨ।

ਹਮਾਖ਼ਰ ਖਿ ਮਰਦੀ ਕਨੱਦ ਕਾਰਜ਼ਾਰ ॥
ਕਿ ਬਰ ਚਿਹਲ ਤਨ ਆਯਦਸ਼ ਬੇਸ਼ੁਮਾਰ ॥ ੪੧ ॥

ਹਮਾਖਰ-ਓੜਕ ਨੂੰ। ਚਿ-ਕਿ। ਮਰਦੀ-ਸੂਰਮਤਾਈ। ਕੁਨੱਦ-ਕਰਨਾ। ਕਾਰਜ਼ਾਰ-ਲੜਾਈ। ਬਰ-ਉਤੇ। ਚਿਹਲ ਤਨ-ਚਾਲੀ ਬੰਦੇ। ਆਯਦਸ਼-ਆ ਗਏ ਉਹ। ਬੇਸ਼ੁਮਾਰ-ਬੇਗਿਣਤ।

ਅੰਤ ਨੂੰ ਲੜਾਈ ਵਿਚ ਮਰਦਾਨਗੀ ਕੀ ਕਰੇ, (ਜਦ) ਕਿ ਚਾਲੀ ਜਾਣਿਆਂ ਉਤੇ ਉਹ ਬੇਗਿਣਤ ਆ ਪਏ ॥੪੧॥

ਭਾਵ-ਔਰੰਗਜ਼ੇਬ! ਤੂੰ ਆਪ ਹੀ ਜ਼ਰਾ ਗੌਰ ਨਾਲ ਸੋਚ, ਉਹਨਾਂ ਬਹਾਦਰਾਂ ਦੀ ਇਕੱਲੀ ਬਹਾਦਰੀ ਕੀ ਕਰ ਸਕਦੀ ਹੈ, ਜਦ ਕਿ ਕੇਵਲ ਚਾਲੀ ਬੰਦਿਆਂ ਉਤੇ ਬੇਗਿਣਤ ਫੌਜ ਆ ਪਵੇ? ਫਿਰ ਉਹ ਚਾਲੀ ਭੀ ਸਾਰੇ ਦਿਨ ਦੇ ਸਫਰ ਦੇ ਥਕੇ ਹੋਏ. ਠੰਢ ਦੇ ਭੰਨੇ ਹੋਏ, ਤੇਰੀ ਬੇਈਮਾਨ ਫੌਜ ਦੇ ਅਕਾਏ ਤੇ ਸਤਾਏ ਹੋਏ, ਢਿਡ ਤੋਂ ਭੀ ਭੁਖੇ ਕੇਵਲ ਚਾਲੀ ਸਿੰਘ! ਚਾਲੀਆਂ ਨਾਲ ਸੌ ਦਾ ਮੁਕਾਬਲਾ, ਦੋ ਸੌ ਚਾਰ ਸੌ, ਹਜਾਰ ਦੋ ਹਜਾਰ ਦ ਮੁਕਾਬਲਾ ਹੁੰਦਾ, ਤਦ ਤਾਂ ਕਿਹਾ ਜਾਂਦਾ ਕਿ ਜੰਗ ਕੀਤਾ ਜਾਂ ਹੋਇਆ ਪਰ ਇਥੇ ਕੇਵਲ ਅਕੇ ਥਕੇ, ਭੁਖੇ ਤਿਹਾਏ ਚਾਲੀ ਸਿੰਘ ਅਤੇ ਆਦਮਖੋਰ

ਪਠਾਣ ਗਿਣਤੀ ਵਿਚ ਭੀ ਅਗਿਣਤ ਚੁਪ ਕੀਤੇ ਹੀ ਉਤੇ ਆ ਪਏ ਤਾਂ ਫਿਰ ਉਹ ਕਿੰਨੀ ਕੁ ਬਹਾਦਰੀ ਕਰਕੇ ਵਿਖਾਉਣ।

ਇਥੋਂ ਤਕ ਚਮਕੌਰ ਦੇ ਜੁਧ ਦਾ ਵਰਣਨ ਕਰਕੇ ਅਗੇ ਆਪਨਾ ਚਮਕੌਰ ਤੋਂ ਬਾਹਰ ਨਿਕਲ ਜਾਣ ਦਾ ਵਰਨਣ ਕਰਦੇ ਹਨ।

ਨੋਟ—ਪਿਛੇ ਅੰਕ ੧੯ ਵਿਚ 'ਦਹਿ ਲਖ ਬਰਾਮਦ' ਕਹਿ ਆਏ ਹਨ, ਉਸ ਦਹ ਲਖ ਦਾ ਅਰਥ ਇਥੇ 'ਬੇਸ਼ੁਮਾਰ' ਪਦ ਨਾਲ ਸ੍ਰੀ ਮੁਖਾਰਬਿੰਦ ਤੋਂ ਸ੍ਰੀ ਹਜ਼ੂਰ ਸਤਿਗੁਰੂ ਜੀ ਆਪ ਹੀ ਫੁਰਮਾ ਰਹੇ ਹਨ।

(ਚਮਕੌਰ ਤੋਂ ਨਿਕਲਣਾ)

ਚਰਾਗ਼ੇ ਜਹਾਂ ਚੂੰ ਸ਼ੁਦਹ ਬੁਰਕ਼ਹ ਪੋਸ਼॥
ਸ਼ਹੇ ਸ਼ਬ ਬਰਾਮਦ ਹਮਹ ਜਲਵਹ ਜੋਸ਼॥ ੪੨॥

ਚਰਾਗੇ ਜਹਾਂ—ਜਗਤ ਦਾ ਦੀਵਾ ਭਾਵ ਸੂਰਜ। ਚੂੰ—ਜਦ ਕਿ। ਸ਼ੁਦਹ—ਹੋ ਗਿਆ। ਬੁਰਕਹ ਪੋਸ਼—ਪੜਦੇ ਹੇਠਾਂ ਭਾਵ ਲੁਕ ਗਿਆ। ਸ਼ਹੇ ਸ਼ਬ—ਰਾਤ ਦਾ ਸ਼ਹੁ, ਰਾਤ ਦਾ ਸਵਾਮੀ —ਚੰਦਰਮਾ। ਬਰਾਮਦ—ਉਪਰ ਆਇਆ। ਜਲਵਹ ਜੋਸ਼—ਚਮਕ ਦਮਕ। ਹਮਹ—ਸਾਰੇ।

ਜਦ ਜਗਤ ਦਾ ਦੀਵਾ (ਸੂਰਜ) ਪੜਦਾ ਪਹਿਨ ਕੇ ਲੁਕ ਗਿਆ। ਰਾਤ ਦਾ ਸਵਾਮੀ (ਚੰਦ੍ਰਮਾ) ਸਾਰੀ ਚਮਕ-ਦਮਕ ਨਾਲ ਆ ਗਿਆ। ੪੨॥

ਭਾਵ—ਪਿਛੇ ਅੰਕ ੧੯ ਤੋਂ ਲੈ ਕੇ ੪੧ ਅੰਕ ਤਕ ਜਿਸ ਜੁਧ ਦਾ ਵਰਣਨ ਕੀਤਾ ਹੈ, ਇਹ ਸਭ ਕੁਝ ਇਕ ਦਿਨ ਵਿਚ ਹੀ ਹੋਇਆ ਹੈ। ਇਸ ਗੱਲ ਨੂੰ ਸਪਸ਼ਟ ਕਰਨ ਲਈ ਸ੍ਰੀ ਹਜ਼ੂਰ ਜੀ ਨੇ ਇਥੇ ਫੁਰਮਾਇਆ ਹੈ ਕਿ ਜਦ ਸੂਰਜ ਛੁਪ ਗਿਆ ਤੇ ਚੰਦ ਚੜ੍ਹ ਪਿਆ, ਤਦ ਫਿਰ ਕੀ ਹੋਇਆ?

ਹਰਾਂਕਸ ਕਿ ਕ਼ਉਲੇ ਕ਼ਰਾ ਆਯਦਸ਼॥
ਕਿ ਯਜ਼ਦਾ ਬਰੋ ਰਹਨੁਮਾ ਆਯਦਸ਼॥ ੪੩॥

ਹਰਾਂਕਸ—ਜੋ ਕੋਈ ਆਦਮੀ। ਕਉਲੇ—ਕੌਲ,ਸੁਖ ਭਾਵ ਸੌਂਹ। ਕੁਰਾਂ—ਕੁਰਾਨ। ਆਯਦਸ਼ —ਆਉਂਦਾ ਹੈ (ਭਾਵ ਯਕੀਨ ਕਰਦਾ ਹੈ)। ਯਜ਼ਦਾ—ਵਾਹਿਗੁਰੂ, ਪ੍ਰਸਾਤਮਾ। ਬਰੋ—ਉਸ ਪਰ। ਰਹਨੁਮਾ—ਆਗੂ, ਰਾਹ ਵਿਖਾਉਣ ਵਾਲਾ।

ਜਿਸ ਕਿਸੇ ਨੂੰ ਕਿ ਕੁਰਾਨ ਦੇ ਸੁਖਨ ਉਤੇ (ਯਕੀਨ) ਆਉਂਦਾ ਹੈ, ਉਸ ਦੇ ਉਪਰ ਵਾਹਿਗੁਰੂ ਆਗੂ ਹੋ ਆਉਂਦਾ ਹੈ॥ ੪੩॥

ਭਾਵ—ਔਰੰਗਜ਼ੇਬ! ਚੇਤੇ ਰਖ, 'ਸਿਦਕ ਦੇ ਬੇੜੇ ਪਾਰ ਹੁੰਦੇ ਹਨ। ਜੋ ਕੋਈ ਭੀ 'ਕੁਰਾਨ ਦੀ ਸੌਂਹ ਉਤੇ ਯਕੀਨ ਲਿਆਉਂਦਾ ਹੈ, ਸੌਂਹ ਖਾਣ ਵਾਲਾ ਭਾਵੇਂ ਦਗਾ ਕਰੇ, ਪਰ ਖੁਦਾ ਦੇ ਨਾਮ ਉਤੇ ਯਕੀਨ ਵਾਲੇ ਦਾ ਸਹਾਈ ਖੁਦਾ ਆਪ ਹੁੰਦਾ ਹੈ ਅਤੇ ਉਸ ਦੇ ਸੁਖਾਂ ਦੇ ਸਾਧਨ ਦਾ ਜੋ ਕੋਈ ਰਸਤਾ ਹੁੰਦਾ ਹੈ, ਪਰਮਾਤਮਾ ਖੁਦ ਆ ਕੇ ਉਸ ਨੂੰ ਉਸ ਰਾਹ ਦੀ 'ਰਾਹਨੁਮਾਈ' ਕਰਦਾ ਹੈ।

ਨਾ ਪੇਚੀਦ ਮੂਏ ਨਾ ਰੰਜੀਦ ਤਨ॥

ਕਿ ਬੇਰੂੰ ਖ਼ੁਦਾ ਆਵੁਰਦ ਦੁਸ਼ਮਨ ਸ਼ਿਕਨ ॥ ੪੪ ॥

ਪੇਚੀਦ—ਵਿੰਗਾ, ਟੇਢਾ। ਮੂਏ—ਵਾਲ। ਰੰਜੀਦ—ਦੁਖ। ਤਨ—ਸਰੀਰ। ਬੇਰੂੰ—ਬਾਹਰ। ਆਵੁਰਦ—ਲੈ ਆਂਦਾ। ਸ਼ਿਕਨ—ਮਾਰ ਕੇ।

ਨਾ ਵਾਲ ਵਿੰਗਾ (ਤੇ) ਨਾ ਸਰੀਰ ਨੂੰ ਦੁਖ (ਹੋਇਆ)। ਖ਼ੁਦਾ ਨੇ ਬਾਹਰ ਲੈ ਆਂਦਾ, ਦੁਸਮਨਾਂ ਨੂੰ ਮਾਰ ਕੇ ।।੪੪।।

ਭਾਵ—ਔਰੰਗਜੇਬ! ਧਿਆਨ ਕਰ, ਤੇਰੀ ਅਨਗਿਣਤ ਫੌਜ ਆਈ, ਉਸ ਨੇ ਕੁਰਾਨ ਦੀ ਸੌਂਹ ਭੀ ਤੋੜ ਦਿਤੀ ਅਤੇ ਸਾਨੂੰ ਖੁਲੇ ਮੈਦਾਨ ਵਿਚ ਭੀ ਫੜ ਨਾ ਸਕੇ। ਫਿਰ ਅਸੀਂ ਚਮਕੌਰ ਦੀ ਗੜ੍ਹੀ ਵਿਚ ਆ ਟਿਕੇ, ਪਰ ਉਹਨਾਂ 'ਅਹਦ ਸ਼ਿਕਨਾਂ' ਨੇ ਇਥੇ ਆਣ ਕੇ ਭੀ ਸਾਡੇ ਨਾਲ ਜੰਗ ਛੇੜ ਦਿਤਾ। ਸਾਡੇ ਨਾਲ ਕੇਵਲ ਚਾਲੀ ਸਿੰਘ ਸਨ। ਉਸ 'ਟਿਡੀ ਦਲ' ਫੌਜ ਨੇ ਕਈ ਕੋਹਾਂ ਤਕ ਗੜ੍ਹੀ ਦੇ ਦੁਆਲੇ ਘੇਰਾ ਪਾ ਲਿਆ ਪਰ ਚੂੰਕਿ ਅਸੀਂ ਰਬ ਦੇ ਭਰੋਸੇ ਵਾਲੇ ਸਾਂ.ਇਸ ਲਈ ਉਸਨੇ ਸਾਨੂੰ ਰਾਹ ਵਿਖਾ ਦਿਤਾ। ਹਨੇਰੀ ਰਾਤ ਸਮੇਂ ਤੇਰੀ ਟਿਡੀ ਦਲ ਫੌਜ ਵਿਚੋਂ ਉਸ ਖੁਦਾ ਨੇ ਜਿਸ ਦਾ ਸਾਨੂੰ ਦ੍ਰਿੜ ਭਰੋਸਾ ਹੈ, ਤੇਰੀ ਫੌਜ ਵਿਚੋਂ ਬਾਹਰ ਲੈ ਆਂਦਾ। ਸਾਡੇ ਤਨ ਨੂੰ ਕੋਈ ਰਤੀ ਜਿੰਨਾ ਭੀ ਦੁਖ ਨਾ ਹੋਇਆ ਤੇ ਨਾ ਹੀ ਸਾਡਾ ਕੋਈ ਵਾਲ ਵਿੰਗਾ ਹੋਇਆ ਹੈ। ਇਸੇ ਲਈ ਤਾਂ ਸਾਡੇ ਬਜ਼ੁਰਗ ਸਤਿਗੁਰੂ ਜੀ ਨੇ ਫੁਰਮਾਇਆ ਹੈ—

ਤਾਤੀ ਵਾਉ ਨ ਲਾਗਈ ਪਾਰਬ੍ਰਹਮ ਸਰਣਾਈ ॥
ਚਉਗਿਰਦ ਹਮਾਰੇ ਰਾਮ ਕਾਰ ਦੁਖੁ ਲਗੈ ਨ ਭਾਈ ॥੧॥
ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ ॥
ਰਾਮ ਨਾਮੁ ਅਉਖਧੁ ਦੀਆ ਏਕਾ ਲਿਵਲਾਈ ॥੧॥ਰਹਾਉ।
ਰਾਖ ਲੀਏ ਤਿਨ ਰਖਨਹਾਰਿ ਸਭਿ ਬਿਆਧਿ ਮਿਟਾਈ ॥
ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ ॥ ੨ ॥

ਨਾ ਦਾਨਮ ਕਿ ਈਂ ਮਰਦ ਪੈਮਾਂ ਸ਼ਿਕਨ ॥
ਕਿ ਦੌਲਤ ਪਰਸਤਸਤੁ ਈਮਾਂ ਫ਼ਿਗਨ ॥ ੪੫ ॥

ਦਾਨਮ—ਮੈਂ ਸਮਝਦਾ। ਈਂ—ਅਹਿਦ, ਇਕਰਾਰ। ਸ਼ਿਕਨ—ਤੋੜਨ ਵਾਲਾ। ਦੌਲਤ— ਧਨ, ਮਾਇਆ। ਪਰਸਤਸਤੁ—(ਪਰਸਤ+ਸਤੁ) ਪੂਜਾ ਕਰਨ ਵਾਲਾ ਹੈ। ਈਮਾਂ—ਈਮਾਨ, ਧਰਮ। ਫਿਗਨ—ਧਕਾ ਦੇਣ ਵਾਲਾ, ਸੁਟ ਦੇਣ ਵਾਲਾ।

ਮੈਂ ਨਹੀਂ ਸਮਝਦਾ ਸਾਂ ਕਿ ਇਹ ਮਰਦ ਅਹਿਦ ਨੂੰ ਤੋੜਨ ਵਾਲਾ ਹੈ, ਜੋ ਦੌਲਤ ਦੀ ਪੂਜਾ ਕਰਨ ਵਾਲਾ ਹੈ (ਤੇ) ਧਰਮ ਨੂੰ ਸੁਟ ਦੇਣ ਵਾਲਾ ਹੈ ॥ ੪੫ ॥

ਭਾਵ—ਇਥੇ ਮਰਦ ਤੋਂ ਭਾਵ ਔਰੰਗਜ਼ੇਬ ਹੈ। ਸਾਹਿਬ ਜੀ ਉਸੇ ਨੂੰ ਸੰਬੋਧਨ ਕਰਦੇ ਹਨ ਕਿ ਮਰਦ ਹਮੇਸ਼ਾਂ ਸੁਖਨ ਦੇ ਬਧੇ ਹੁੰਦੇ ਹਨ। ਜਿਸ ਮਰਦ ਦਾ ਬਚਨ ਪੂਰਾ ਨਹੀਂ ਉਹ ਮਰਦ ਕਹਾਉਣ ਦਾ ਕੋਈ ਹਕ ਨਹੀਂ ਰਖਦਾ। ਨੀਤੀ ਤਾਂ ਇਥੋਂ ਤਕ ਕਹਿੰਦੀ ਹੈ ਕਿ ਜਿਸ ਮੂੰਹ ਵਿਚੋਂ ਨਿਕਲੀ ਹੋਈ ਗਲ ਪੂਰੀ ਨਹੀਂ ਹੁੰਦੀ, ਉਹ ਮੂੰਹ ਨਹੀਂ, ਉਹ ਤਾਂ ਪੱਦ ਮਾਰਨ ਵਾਲੀ ਗੁਦਾ ਦੇ

ਹੀ ਸਮਾਨ ਹੈ। ਫੁਰਮਾਂਦੇ ਹਨ—ਔਰੰਗਜ਼ੇਬ ! ਅਸੀਂ ਤੈਨੂੰ ਅਜਿਹਾ ਨਹੀਂ ਸਮਝਦੇ ਸਾਂ ਕਿ ਤੂੰ ਕੀਤੇ ਹੋਏ ਅਹਿਦ ਨੂੰ ਤੋੜ ਸੁਟੇਂਗਾ ਤੇ ਦੌਲਤ ਦੇ ਪਿਆਰ ਵਿਚ ਲਗ ਕੇ ਦੀਨ ਹੈ ਧਕਾ ਦੇ ਦੇਵੇਂਗਾ।

ਨ ਈਮਾਂ ਪਰਸਤੀ ਨ ਅਉਜ਼ਾਇ ਦੀਂ ॥
ਨ ਸਾਹਿਬ ਸ਼ਨਾਸੀ ਨ ਮਹੰਮਦ ਯਕੀਂ ॥ ੪੬ ॥

ਈਮਾਂ—ਈਮਾਨ, ਧਰਮ। ਪਰਸਤੀ—ਪੂਜਾ ਕਰਨੀ। ਅਉਜ਼ਾਇ—(ਵਜ਼ਅ ਦੀ ਜ਼ਮਾਂ) ਢੰਗ ਤ੍ਰੀਕਾ। ਸਾਹਿਬ—ਮਾਲਕ, ਖ਼ੁਦਾ। ਸ਼ਨਾਸੀ—ਪਛਾਣ। ਯਕੀਂ—ਯਕੀਨ, ਭਰੋਸਾ।

ਨਾ ਧਰਮ ਦੀ ਪੂਜਾ ਕਰਦਾ ਹੈਂ ਨਾ (ਹੀ ਕੋਈ) ਧਰਮ ਦਾ ਤ੍ਰੀਕਾ ਹੈ। ਨਾ ਮਾਲਕ ਦੀ ਪਛਾਨ ਕੀਤੀ ਹੈ ਨਾ (ਹੀ ਪੈਗੰਬਰ) ਮੁਹੰਮਦ ਉਤੇ ਯਕੀਨ ਹੈ ॥ ੪੬ ।,

ਭਾਵ—ਔਰੰਗਜ਼ੇਬ ! ਅਸੀਂ ਸੁਣਦੇ ਸਾਂ ਕਿ ਤੂੰ ਪੈਗੰਬਰ ਸਾਹਿਬ ਦੇ ਭਰੋਸੇ ਵਾਲਾ, ਰੱਬ ਦੀ ਪਛਾਣ ਵਾਲਾ ਆਪਣੇ ਦੀਨ ਦੇ ਪਿਆਰ ਵਾਲਾ ਤੇ ਧਰਮ ਦਾ ਸਚਾ ਉਪਾਸ਼ਕ ਹੈਂ। ਪਰ ਤਜਰਬੇ ਨੇ ਜੋ ਕੁਝ ਸਾਬਤ ਕੀਤਾ ਹੈ, ਉਹ ਬਿਲਕੁਲ ਹੀ ਇਸ ਦੇ ਉਲਟ ਹੈ —ਤੂੰ ਧਰਮ ਦਾ ਉਪਾਸਕ ਭੀ ਨਹੀਂ, ਤੇਰੇ ਵਿਚ ਧਰਮ ਦਾ ਪਿਆਰ ਹੋਣਾ ਤਾਂ ਇਕ ਪਾਸੇ ਰਿਹਾ ਧਰਮ ਦਾ ਕੋਈ ਢੰਗ ਹੀ ਨਹੀਂ ਹੈ। ਨਾ ਹੀ ਤੂੰ ਰਬ ਦੀ ਪਛਾਨ ਵ ਲਾ ਹੈਂ ਅਤੇ ਨਾ ਹੀ ਤੇਰਾ ਮੁਹੰਮਦ ਸਾਹਿਬ ਉਤੇ ਯਕੀਨ ਹੈ।

ਹਰਾਂ ਕਸ ਕਿ ਈਮਾਂ ਪਰਸਤੀ ਕੁਨੱਦ ॥
ਨ ਪੈਮਾਂ ਖ਼ੁਦਸ਼ ਪੇਸੋ ਪਸਤੀ ਕੁਨੱਦ ॥ ੪੭ ॥

ਹਰਾਂ ਕਸ—ਜੋ ਕੋਈ ਬੰਦਾ। ਪਰਸਤੀ—ਪੂਜ। ਕੁਨੱਦ—ਕਰਦਾ ਹੈ। ਪੈਮਾਂ—ਅਹਿਦ, ਸੁਖਨ। ਖ਼ੁਦਸ਼—ਆਪਣੇ। ਪੇਸੋ—ਅਗੇ। ਪਸਤੀ—ਪਿਛੇ। ਕੁਨੱਦ—ਕਰਦੇ।

ਜੋ ਕੋਈ ਬੰਦਾ ਧਰਮ ਦੀ ਪੂਜਾ ਕਰਦਾ ਹੈ, ਉਹ ਆਪਣੇ ਅਹਿਦ ਨੂੰ ਅਗੇ ਪਿਛੇ ਨਹੀਂ ਕਰਦਾ ॥ ੪੭ ॥

ਭਾਵ—ਜੇ ਤੂੰ ਪੁਛੇਂ ਕਿ ਤੇਰੇ ਵਿਚ 'ਈਮਾਨ ਪ੍ਰਸਤੀ ਕਿਉਂ ਨਹੀਂ ?' ਇਸ ਦਾ ਉਤਰ ਸੁਣ ਕਿ ਜੇਹੜੇ ਬੰਦੇ ਧਰਮ ਦੀ ਪੂਜਾ ਕਰਨ ਵਾਲੇ ਹੁੰਦੇ ਹਨ, ਉਹ ਆਪਣੇ ਕੀਤੇ ਹੋਏ ਐਹਦ ਨੂੰ ਪੂਰਾ ਕਰਦੇ ਹਨ, ਭਾਵੇਂ ਕਿਨੀਆਂ ਭੀ ਰੁਕਾਵਟਾਂ ਤੇ ਮੁਸੀਬਤਾਂ ਕਿਉਂ ਨਾ ਪੈ ਜਾਣ, ਫਿਰ ਭੀ ਉਸ ਨੂੰ ਪੂਰਾ ਕਰਦੇ ਹਨ, ਆਪਣੇ ਆਪ ਨੂੰ ਬਚਾਉਣ ਵਾਸਤੇ ਅਗਾ ਪਿਛਾ ਜਾਂ ਕੋਈ ਹੀਲਾ-ਬਹਾਨਾ ਨਹੀਂ ਵੇਖਦੇ। ਜਿਨ੍ਹਾਂ ਨੇ ਹੀਲੇ ਬਹਾਨੇ ਬਣਾ ਕੇ ਆਪਣੀ ਜਾਨ-ਮਾਲ ਦੀ ਰਖਿਆ ਕਰ ਲਈ ਹੈ ਜਾਂ ਰਖਿਆ ਕਰਨ ਵਾਸਤੇ ਕਈ ਤਰ੍ਹਾਂ ਦੀ ਆਨਾ-ਕਾਨੀ ਕਰਦਾ ਹੈ, ਉਹ ਕਦੇ ਭੀ ਧਰਮ ਦਾ ਪਿਆਰਾ ਨਹੀਂ ਹੋ ਸਕਦਾ ਅਤੇ ਨਾ ਹੀ ਕਹਾ ਸਕਦਾ ਹੈ ॥ ੪੭ ॥

ਕਿ ਈਂ ਮਰਦ ਰਾ ਜ਼ੱਰਹ ਏਤਬਾਰ ਨੇਸਤ ॥
ਕਿ ਕਸਮੇ ਕੁਰਾਨਸਤ ਯਜ਼ਦਾ ਯਕੇਸਤ ॥ ੪੮ ॥

ਰਾ—ਦਾ। ਜ਼ਰ੍ਹ—ਰੇਤ ਦਾ ਕਿਣਕਾ (ਏਨਾ ਛੋਟਾ ਟੁਕੜਾ ਜਿਸ ਦੀ ਫਿਰ ਵੰਡ ਨਾ ਹੋ ਸਕੇ ਭਾਵ ਬਿਲਕੁਲ ਥੋੜਾ)। ਨੇਸਤ—(ਨ+ਅਸਤ) ਨਹੀਂ ਹੈ। ਕੁਰਾਨਸਤ—(ਕੁਰਾਨ+ਅਸਤ) ਕੁਰਾਨ ਹੈ। ਯਕੇਸਤ—(ਯਕ+ਅਸਤ) ਇਕ ਹੈ।

ਇਸ ਮਰਦ ਨੂੰ ਇਕ ਕਿਣਕੇ ਜਿੰਨਾ ਭੀ ਇਤਬਾਰ ਨਹੀਂ ਹੈ। ਜੋ (ਆਖਦਾ ਹੈ) ਕੁਰਾਨ ਦੀ ਕਸਮ ਹੈ, ਖ਼ੁਦਾ ਹੈ॥ ੪੮॥

ਭਾਵ—ਔਰੰਗਜ਼ੇਬ! ਤੈਨੂੰ ਆਪਣੇ ਰਬ ਤੇ ਆਪਣੀ ਕੁਰਾਨ ਦੀ ਸੌਂਹ ਉਤੇ ਜ਼ਰਾ ਜਿੰਨਾ ਭੀ ਇਤਬਾਰ ਨਹੀਂ ਹੈ। ਤੇਰੇ ਭਰੋਸੇ ਵਿਚ ਖੁਦਾ ਕੋਈ ਨਹੀਂ, ਕੁਰਾਨ ਕੁਝ ਚੀਜ਼ ਨਹੀਂ ਕੇਵਲ ਦੁਨੀਆਂ ਨੂੰ ਧੋਖੇ ਵਿਚ ਰਖਣ ਲਈ ਤੂੰ ਖੁਦਾ ਤੇ ਕੁਰਾਨ ਦਾ ਢੌਂਗ ਬਣਾਇਆ ਹੋਇਆ ਹੈ। ਜੇ ਸਚ ਮੁਚ ਤੈਨੂੰ ਇਸ ਗਲ ਦਾ ਭਰੋਸਾ ਹੁੰਦਾ ਕਿ ਖੁਦਾ ਇਕ ਹੈ ਉਸ ਦੀ ਹਜ਼ੂਰੀ ਵਿਚ ਮੇਰਾ ਫੈਲੁਨਾਮਾ ਪੜ੍ਹਿਆ ਜਾਣਾ ਹੈ, ਫਿਰ ਤੂੰ ਇਸ ਤਰ੍ਹਾਂ ਦੀ ਧੋਖੇ ਬਾਜ਼ੀ ਨਾ ਕਰਦਾ ਜਿਸ ਦੀ ਤੂੰ ਸੌਂਹ ਖਾਧੀ ਹੋਈ ਹੈ। ਜੇ ਤੈਨੂੰ ਇਤਬਾਰ ਹੁੰਦਾ ਕਿ ਮੈਂ ਉਸ ਦੀ ਹਜ਼ੂਰੀ ਵਿਚ ਹਾਜ਼ਰ ਹੋ ਕੇ ਆਪਣੇ ਕੀਤੇ ਕਰਮਾਂ ਦੀ ਜਵਾਬ ਦੇਹੀ ਕਰਨੀ ਹੈ ਤਾਂ ਫਿਰ ਤੂੰ ਇਸ ਤਰ੍ਹਾਂ ਨਾਲ ਅਹਿਦ ਸ਼ਿਕਨੀ ਕਰਦੋਂ? ਤੇਰੇ ਇਹਨਾਂ ਕੰਮਾਂ ਨੂੰ ਵੇਖ ਕੇ ਮੈਂ ਨਿਝਕ ਹੋ ਕੇ ਆਖਦਾ ਹਾਂ ਕਿ ਤੈਨੂੰ 'ਕੁਰਾਨ ਦੀ ਸੌਂਹ ਅਤੇ ਖੁਦਾ ਇਕ ਹੈ, ਇਹ ਕਹਿਣ ਉਤੇ ਇਕ ਜ਼ਰੇ ਜਿੰਨਾ ਭੀ ਯਕੀਨ ਨਹੀਂ ਹੈ।

ਚੁ ਕਸਮੇ ਕੁਰਾ ਸਦ ਕੁਨੱਦ ਇਖ਼ਤੀਆਰ॥
ਮਰਾ ਕਤਰਹ ਨਿਯਾਯਦ ਅਜ਼ੋ ਏਤਬਾਰ॥ ੪੯॥

ਚੁ—ਜੇ। ਸਦ—ਸੌ, ਸੈਂਕੜੇ। ਕੁਨੱਦ—ਕਰੇ। ਇਖਤੀਆਰ—ਪ੍ਰਵਾਨ, ਮੰਨੇ। ਮਰਾ—ਮੈਨੂੰ। ਕਤਰਹ—ਬੂੰਦ ਜਿੰਨਾ। ਨਯਾਯਦ—ਨਹੀਂ ਆਉਂਦਾ। ਅਜ਼ੋ—ਉਸ ਉਤੇ।

ਜੇ (ਹੁਣ ਉਹ) ਕੁਰਾਨ ਦੀਆਂ ਸੌ ਕਸਮਾਂ ਭੀ ਮੰਨ ਲਵੇ ਮੈਨੂੰ ਉਸ ਉਤੇ ਇਕ ਬੂੰਦ ਜਿੰਨਾ ਭੀ ਨਿਸਚਾ ਨਹੀਂ ਆਉਂਦਾ॥ ੪੯॥

ਭਾਵ—ਕਈ ਆਖਿਆ ਕਰਦੇ ਹਨ, ਔਰੰਗਜੇਬ ਨੇ ਸ੍ਰੀ ਗੁਰੂ ਸਾਹਿਬ ਜੀ ਨੂੰ ਸਦ ਘਲਿਆ ਸੀ ਕਿ ਆਪ ਜੰਗ ਛਡ ਕੇ ਮੇਰੇ ਪਾਸ ਆਓ' ਅਤੇ ਇਸ ਗਲ ਲਈ ਕੁਰਾਨ ਦੀ ਸੌਂਹ ਖਾਧੀ ਸੀ ਕਿ 'ਤੁਹਾਨੂੰ ਇਸੇ ਤਰ੍ਹਾਂ ਦੀ ਕੋਈ ਤਕਲੀਫ ਨਹੀਂ ਹੋਵੇਗੀ। ਇਥੇ ਉਸ ਬਾਬਤ ਫੁਰਮਾ ਰਹੇ ਹਨ ਕਿ ਹੁਣ ਤੇਰੇ ਉਤੇ ਇਤਬਾਰ ਨਹੀਂ ਰਿਹਾ, ਕਿਉਂਕਿ ਤੂੰ ਖੁਦ ਦਗੇਬਾਜ ਹੈਂ। ਜਿਸ ਦਾ ਮੂੰਹ ਕੌੜਾ ਹੋਵ ਉਸ ਨੂੰ ਮਿਠੀ ਮਿਸਰੀ ਭੀ ਕੌੜੀ ਲਗਦੀ ਹੈ, ਇਸੇ ਤਰ੍ਹਾਂ ਤੈਨੂੰ ਭੀ ਹਰ ਕੋਈ ਦਗੇਬਾਜ਼ ਮਲੂਮ ਹੁੰਦਾ ਹੈ ਤੇਰਾ ਕਿਸੇ ਉਤੇ ਇਤਬਾਰ ਨਹੀਂ ਹੈ। ਇਸ ਲਈ ਤੇਰੇ ਧੋਖੇਬਾਜ਼ੀ ਦੇ ਕਾਰਨਾਮਿਆਂ ਨੂੰ ਵੇਖ ਸੁਣ ਕੇ ਮੈਨੂੰ ਤੇਰੇ ਉਤੇ ਯਕੀਨ ਨਹੀਂ ਆਉਂਦਾ, ਇਸ ਵਾਸਤੇ ਮੈਂ ਤੇਰੇ ਵਲ ਨਹੀਂ ਆਉਂਦਾ।

ਅਗਰਚਿਹ ਤੁਰਾ ਏਤਬਾਰ ਆਮਦੇ॥
ਕਮਰ ਬਸਤਹ ਏ ਪੇਸ਼ਵਾ ਆਮਦੇ॥ ੫੦॥

ਅਗਰਚਿਹ—ਜੇਕਰ। ਤੁਰਾ—ਤੈਨੂੰ। ਆਮਦੇ—ਆਉਂਦਾ ਜਾਂ ਹੁੰਦੀ। ਕਮਰ ਬਸਤਹ ਏ—ਲਕ ਬੰਨ੍ਹ ਕੇ, ਕਮਰ ਕਸਾ ਕਰਕੇ। ਪੇਸ਼ਵਾ—ਅਗਾਂ ਦੀ। ਆਮਦੇ—ਆ ਜਾਂਦੋਂ।

ਜੇਕਰ ਤੈਨੂੰ ਯਕੀਨ ਹੁੰਦਾ, ਕਮਰਕਸਾ ਕਰਕੇ ਅਗੋਂ ਦੀ ਆ ਜਾਂਦੋਂ ॥੫੦॥

ਭਾਵ-ਔਰੰਗਜ਼ੇਬ ! ਤੂੰ ਸਾਨੂੰ ਸਦ ਘਲਿਆ ਸੀ, ਪਰ ਅਸਾਂ ਸਾਫ ਇਨਸਾਫ ਕਰਦਿਆਂ ਹੋਇਆਂ ਭੀ ਲਿਖ ਦਿਤਾ ਸੀ, 'ਜੇ ਹਜ਼ਰਤ ਗੁਰੂ ਘਰ ਨਾਲ ਪਿਆਰ ਕਰਕੇ ਮਿਲਣਾ ਚਾਹੁੰਦਾ ਹੈ ਤਾਂ ਸਾਨੂੰ ਕੋਈ ਉਜ਼ਰ ਨਹੀਂ । ਗੁਰੂ ਨਾਨਕ ਦਾ ਘਰ ਸਭ ਦਾ ਸਾਂਝਾ ਤੇ ਸਭ ਦੇ ਵਾਸਤੇ ਹਰ ਵੇਲੇ ਹੀ ਖੁਲ੍ਹਾ ਹੈ ।' ਸਾਡੇ ਇਸ ਲਿਖੇ ਨੂੰ ਪੜ੍ਹ ਕੇ ਤੂੰ ਫੌਰਨ ਹੀ ਸਾਡੇ ਕੋਲ ਆ ਜਾਂਦੋਂ, ਪਰ ਤੂੰ ਨਹੀਂ ਆਇਆ, ਕਿਉਂਕਿ ਤੈਨੂੰ ਆਪਣੀ ਸੌਂਹ ਉਤੇ ਖੁਦ ਹੀ ਯਕੀਨ ਨਹੀਂ ਸੀ । ਉਹ ਸੌਂਹ ਤੂੰ ਸੱਚ ਮੁਚ ਹੀ ਪਰੇਮ ਪਾਉਣ ਵਾਸਤੇ ਨਹੀਂ ਖਾਧੀ ਸੀ,ਸਗੋਂ ਧੋਖਾ ਦੇਣ ਵਾਸਤੇ ਖਾਧੀ ਸੀ। ਤੂੰ ਚਾਹਿਆ ਸੀ, ਗੁਰੂ ਗੋਬਿਦ ਸਿੰਘ ਮੇਰੀ ਸੌਂਹ ਦਾ ਇਤਬਾਰ ਕਰਕੇ ਦਿਲੀ ਵਿਚ ਆ ਜਾਵੇਗਾ ਫਿਰ ਇਥੋਂ ਜਾ ਹੀ ਕਿਥੇ ਸਕੇਗਾ ? ਤੇਰੀਆਂ ਪਿਛਲੀਆਂ ਸੌਹਾਂ ਤੇ ਕਰਨੀਆਂ ਨੇ ਤੇਰਾ ਇਤਬਾਰ ਚੁਕਾ ਦਿਤਾ ਹੈ, ਇਸ ਵਾਸਤੇ ਮੈਂ ਨਹੀਂ ਆਇਆ । ਮੈਨੂੰ ਤਾਂ ਤੇਰੀ ਸੌਂਹ ਦਾ ਇਤਬਾਰ ਨਾ ਹੋਣਾ ਇਹ ਅਮਰ ਵਾਕਿਆ ਸੀ,ਪਰ ਤੈਨੂੰ ਆਪਣੀ ਸੌਂਹ ਉਤੇ ਆਪ ਭੀ ਯਕੀਨ ਨਹੀਂ ਸੀ । ਇਸ ਬੇਯਕੀਨੀ ਕਰਕੇ ਹੀ ਤੂੰ ਸਾਡੇ ਕੋਲ ਤਕ ਨਹੀਂ ਆਇਆ ।

ਕਿ ਫ਼ਰਜ਼ਸਤ ਬਰਸਰ ਤੁਰਾਂ ਈ ਸੁਖਨ ॥
ਕਿ ਕਉਲੇ ਖੁਦਾਅਸਤੁ ਕਸਮ ਅਸਤ ਮਨ ॥੫੧॥

ਫਰਜ਼ਸਤ=ਫਰਜ਼ ਹੈ । ਬਰਸਰ=ਸਿਰ ਉਤੇ । ਤੁਰਾ=ਤੈਨੂੰ । ਈਂ=ਇਸ । ਸੁਖਨ=ਬਚਨ ਕਉਲੇ ਖੁਦਾ ਅਸਤੁ=ਖੁਦਾ ਦਾ ਫੁਰਮਾਨ ਹੈ । ਅਸਤ=ਹੈ । ਮਨ=ਮੈਂ ਜਾਂ ਮੈਨੂੰ ।

ਇਸ ਸੁਖਨ (ਦੇ ਪੂਰਾ ਕਰਨ ਦਾ ਤੇਰੇ) ਸਿਰ ਉਤੇ ਫਰਜ਼ ਹੈ, (ਕਿਉਂਕਿ) ਜੋ ਖੁਦਾ ਦਾ ਕੌਲ (ਕੁਰਾਨ ਹੈ ਤੂੰ ਕਿਹਾ ਸੀ) ਮੈਨੂੰ (ਉਸ ਦੀ) ਕਸਮ ਹੈ ॥੫੧॥

ਭਾਵ-ਔਰੰਗਜ਼ੇਬ ! ਤੂੰ ਸੁਖਨ ਨੂੰ ਪੂਰਾ ਕਰਨ ਲਈ ਮੇਰੇ ਨਾਲ ਇਕਰਾਰ ਕੀਤਾ ਸੀ ਅਤੇ ਉਸ ਵੇਲੇ ਤੂੰ ਇਹ ਆਖਿਆ ਸੀ ਕਿ 'ਜੋ ਖੁਦਾ ਦੀ ਕਲਾਮ ਕੁਰਾਨ ਸ਼ਰੀਫ ਹੈ ਮੈਨੂੰ ਉਸਦੀ ਕਸਮ ਇਹ ਸੁਖਨ ਪੂਰਾ ਕਰਾਂਗਾ ।' ਬਸ, ਤੇਰੇ ਏਨੇ ਆਖਣ ਨਾਲ ਹੀ ਇਸ ਕੰਮ ਦੇ ਪੂਰਾ ਕਰਨ ਦਾ ਫਰਜ਼ ਤੇਰੇ ਤੇ ਆ ਜਾਂਦਾ ਹੈ, ਉਸ ਨੂੰ ਅਦਾ ਕਰ ।

ਅਗਰ ਹਜ਼ਰਤੇ ਖ਼ੁਦ ਸਿਤਾਦਹ ਸ਼ਵਦ ॥
ਬਜ਼ਾਨੋ ਦਿਲੇ ਕਾਰ ਵਾਜ਼ਹ ਸ਼ਵਦ ॥੫੨॥

ਅਗਰ=ਜੇਕਰ । ਹਜਰਤੇ=(ਹਜਰਤ ਦਾ ਸੰਬੋਧਨ) ਹੇ ਹਜਰਤ ! (ਬਾਦਸਾਹ ਦੇ ਸਨਮੁਖ ਉਸ ਨੂੰ ਸੰਬੋਧਨ ਕਰਨ ਲਈ ਹਜਰਤ ਸ਼ਬਦ ਬੋਲਿਆ ਜਾਣ ਦਾ ਰਵਾਜ ਸੀ, ਇਸ ਲਈ ਇਸ ਦਾ ਅਰਥ ਹੁੰਦਾ ਹੈ ਹੇ ਬਾਦਸ਼ਾਹ। ਖੁਦ=ਆਪ । ਸਿਤਾਦਹ ਸ਼ਵਦ=ਖੜੇ ਹੋਣਾ, ਮੌਜੂਦ ਹੋਣਾ । ਬਜਾਨ=ਸਰੀਰ ਨਾਲ । ਕਾਰ=ਕੰਮ । ਵਾਜ਼ਯ=ਪ੍ਰਗਟ, ਜ਼ਾਹਰ, ਰੌਸ਼ਨ ।

ਹੇ ਬਾਦਸ਼ਾਹ ! ਜੇਕਰ ਤੂੰ ਆਪ (ਇਥੇ) ਮੌਜੂਦ ਹੋ ਜਾਵੇਂ (ਤਦ) ਦਿਲ ਕਰਕੇ ਜਾਂ ਜਾਨ ਨਾਲ (ਜੋ ਭੀ) ਕਾਰ ਮੇਰੇ ਪਾਸੋਂ ਹੋਈ ਹੈ, ਉਹ (ਤੈਨੂੰ) ਵਾਜਯਾ (ਰੌਸ਼ਨ) ਹੋ ਜਾਵੇਗੀ ॥੫੨॥

ਭਾਵ-ਬਾਦਸ਼ਾਹ ! ਜਿਨ੍ਹਾ ਨੇ ਤੈਨੂੰ ਸਚ ਝੂਠ ਲਿਖਕੇ ਤੇ ਕਹਿਕੇ ਮੇਰੇ ਵਲੋਂ ਤੈਨੂੰ ਗੁਮਰਾਹ

ਕੀਤਾ ਹੈ ਤੇ ਜਿਸ ਦਾ ਨਤੀਜਾ ਇਹ ਜੰਗ-ਜਦਲ ਸ਼ੁਰੂ ਹੋ ਗਏ ਹਨ, ਜੇਕਰ ਤੂੰ ਇਕ ਵੇਰੀ ਇਥੇ ਆ ਜਾਵੇਂਗਾ ਤਾਂ ਤੈਨੂੰ ਸਾਰੀ ਗੱਲ ਰੋਸ਼ਨ ਹੋ ਜਾਵੇਗੀ, ਫਿਰ ਤੈਨੂੰ ਨਿਸਚਾ ਹੋ ਜਾਵੇਗਾ ਕਿ ਮੈਂ ਤੇਰੇ ਬਰਖਿਲਾਫ ਜਹਾਦ ਖੜਾ ਕਰਨ ਵਾਲਾ ਹਾਂ ਜਾਂ ਜੁਲਮ ਦਾ ਮਲੀਆਮੇਟ ਕਰਕੇ ਇਕ ਸਚੇ ਖੁਦਾ ਦੇ ਧਰਮ ਨੂੰ ਪਿਆਰ ਕਰਨ ਵਾਲਾ ਹਾਂ।

ਸ਼ੁਮਾ ਰਾ ਚੁ ਫਰਜ਼ ਅਸਤ ਕਾਰੇ ਕੁਨੀ ॥
ਬਮੂਜਬ ਨਵਿਸਤਹ ਸ਼ੁਮਾਰੇ ਕੁਨੀ ॥ ੫੩ ॥

ਸ਼ੁਮਾ—ਤੇਰਾ। ਸ਼ੁਮਾ ਰਾ—ਤੁਹਾਡਾ। ਕਾਰੇ ਕੁਨੀ—ਅਮਲ ਕਰੇਂ। ਬਮੂਜਬ—ਮੁਤਾਬਿਕ। ਨਵਿਸ਼ਤਹ—ਲਿਖੇ ਹੋਏ। ਸ਼ੁਮਾਰ—ਗਿਣਤੀ ਭਾਵ ਵੀਚਾਰ। ਕੁਨੀ—ਕਰ ਲਵੇਂ।

(ਹੁਣ) ਤੇਰਾ ਫਰਜ ਹੈ ਜੋ ਕੰਮਾਂ ਨੂੰ ਪੂਰਾ ਕਰੇਂ, ਲਿਖੇ ਦੇ ਮੁਤਾਬਿਕ ਵਿਚਾਰ ਕਰੇਂ ॥੫੩॥

ਭਾਵ—ਜੋ ਕੁਝ ਤੂੰ ਸਾਨੂੰ ਲਿਖਿਆ ਸੀ ਉਸ ਦੇ ਮੁਤਾਬਿਕ ਕੰਮ ਕਰਨਾ ਤੇਰਾ ਫਰਜ਼ ਹੈ ਅਤੇ ਉਸ ਦੇ ਅਨੁਸਾਰ ਕੰਮ ਕਰਨਾ ਤੇਰਾ ਧਰਮ ਹੈ, ਇਸ ਲਈ ਹੁਣ ਤੂੰ ਸੁਖਨ ਨੂੰ ਪੂਰਾ ਕਰਨ ਲਈ ਆਪਣੇ ਲਿਖੇ ਹੋਏ ਮੁਤਾਬਿਕ ਹੀ ਕੰਮ ਕਰ।

ਨਵਿਸ਼ਤਹ ਰਸੀਦੋ ਬਿਗੁਫਤਹ ਜ਼ੁਬਾਂ ॥
ਬਬਾਯਦ ਕਿ ਕਾਰ ਈਂ ਬਰਾਹਤ ਰਸਾਂ ॥ ੫੪ ॥

ਨਵਿਸ਼ਤਹ—ਲਿਖੀ ਹੋਈ ਪਤ੍ਰਕਾ। ਰਸੀਦੋ—ਪੁਜ ਗਈ ਹੈ। ਬਿਗੁਫਤਹ—ਕਹਿ ਦਿਤਾ। ਜ਼ੁਬਾਂ—ਜ਼ਬਾਨੀ। ਬਬਾਯਦ—ਚਾਹੀਦਾ। ਬਰਾਹਤ—ਸੁਖ ਨਾਲ। ਰਸਾਂ—ਪੁਜ ਜਾਵੇ।

ਲਿਖੀ ਹੋਈ ਪਤ੍ਰਕਾ ਪੁਜ ਗਈ ਹੈ, ਜ਼ਬਾਨੀ ਭੀ ਕਹਿ ਦਿਤਾ ਹੈ, (ਤੈਨੂੰ) ਚਾਹੀਦਾ ਹੈ ਕਿ ਇਸ ਕੰਮ ਨੂੰ ਸੁਖ ਨਾਲ ਰਾਸਤੀ ਤਕ ਪੁਚਾਵੇ ॥ ੫੪ ॥

ਭਾਵ—ਤੇਰਾ ਲਿਖਿਆਂ ਹੋਇਆ ਕਾਗਜ਼ ਕਾਜੀ ਦੇ ਹਥੀ ਸਾਨੂੰ ਪੁਜ ਗਿਆ ਹੈ ਅਤੇ ਉਸ ਨੇ ਜ਼ਬਾਨੀ ਭੀ ਤੇਰੇ ਮਤਲਬ ਨੂੰ ਸਾਡੇ ਕੋਲ ਕਿਹਾ ਹੈ, ਪਰ ਤੈਨੂੰ ਚਾਹੀਦਾ ਹੈ ਕਿ ਉਸ ਲਿਖੇ ਹੋਏ ਤੇ ਜਬਾਨੀ ਕਹਾ ਕੇ ਭੇਜੇ ਹਏ ਕੰਮ ਨੂੰ ਸੁਖ ਨਾਲ ਰਾਸਤੀ ਤਕ ਪੁਚਾ ਦੇਵੇਂ, ਤਾਂ ਕਿ ਫਿਰ ਹੋਰ ਕੋਈ ਗੜ-ਬੜ ਖੜੀ ਨਾ ਹੋ ਜਾਵੇ।

ਹਮੂੰ ਮਰਦ ਬਾਯਦ ਸ਼ਵਦ ਸੁਖਨ ਵਰ ॥
ਨ ਸ਼ਿਕਮੇ ਦਿਗਰ ਦਰ ਦਹਾਨੇ ਦਿਗਰ ॥ ੫੫ ॥

ਹਮੂ—ਸਾਰੇ। ਬਾਯਦ—ਚਾਹੀਦਾ ਹੈ। ਸ਼ਵਦ—ਹੋਵੇ। ਸੁਖਨ ਵਰ—ਗਲ ਦਾ ਪਕਾ। ਸ਼ਿਕਮੇ—ਪੇਟ ਵਿਚ। ਦਿਗਰ—ਹੋਰ। ਦਰ—ਵਿਚ। ਦਹਾਨੇ—ਮੂੰਹ ਦੇ।

ਸਾਰਿਆਂ ਆਦਮੀਆਂ ਨੂੰ ਗੱਲ ਨੂੰ ਪੱਕਾ ਹੋਣਾ ਚਾਹੀਦਾ ਹੈ। ਢਿਡ ਵਿਚ ਹੋਰ ਤੇ ਮੂੰਹ ਦੇ ਵਿਚ ਹੋਰ ਨਹੀਂ (ਹੋਣਾ ਚਾਹੀਦਾ) ॥ ੫੫ ॥

ਭਾਵ—'ਕਹਿਣੀ ਤੇ ਕਰਨੀ ਦਾ ਪੂਰਾ' ਹੋਣ ਵਾਲਾ ਹੀ ਮਰਦ ਹੈ। ਜਿਸ ਦੀ ਕਹਿਣੀ ਹੋਰ ਤੇ ਕਰਨੀ ਹੋਰ ਹੈ ਉਹ ਮਰਦ ਕਹਾਉਣ ਦੇ ਯੋਗ ਨਹੀਂ ਹੈ। ਉਸ ਵਾਸਤੇ ਹੁਕਮ ਹੈ— 'ਜਿਨਿ

ਮਨਿ ਹੋਰੁ ਮੁਖਿ ਹੋਰਿ ਸੀ ਕਾਢੇ ਕਚਿਆ ॥'

ਕਿ ਕਾਜ਼ੀ ਮਰਾ ਗੁਫ਼ਤਹ ਬੇਰੂੰ ਨਿਯਮ ॥
ਅਗਰ ਰਾਸਤੀ ਖ਼ੁਦ ਬਿਯਾਰੀ ਕ਼ਦਮ ॥ ੫੬ ॥

ਕਿ—ਜੋ । ਮਰਾ—ਮੈਨੂੰ । ਗੁਫਤਹ—ਕਿਹਾ । ਬੇਰੂੰ—ਬਾਹਰ । ਨਿਯਮ—ਨਹੀਂ ਹਾਂ । ਅਗਰ —ਜੇਕਰ । ਰਾਸਤੀ—ਸਚਾਈ । ਖੁਦ—ਆਪ । ਬਿਯਾਰੀ—ਲਿਆਓ । ਕਦਮ—ਪੈਰ ਜਾਂ ਕਰੂੰ ।

ਜੋ ਕਾਜ਼ੀ ਕਹਿੰਦਾ ਹੈ, ਮੈਨੂੰ (ਉਸ ਦੇ ਅਨੁਸਾਰ ਜਾਣੋ, ਮੈਂ ਉਸ ਤੋਂ) ਬਾਹਰ ਨਹੀਂ ਹਾਂ । ਜੇਕਰ [ਤੇਰੇ ਵਿਚ ਸਚਾਈ ਹੈ ਤਾਂ] ਆਪਣੇ ਕਦਮ ਲਿਆਉ ॥੫੬॥

ਭਾਵ—ਇਸ ਸੇਅਰ ਤੋਂ ਸੂਚਤ ਹੋ ਰਿਹਾ ਹੈ ਕਿ ਜਦ ਕਾਜ਼ੀ ਨੇ ਸਤਿਗੁਰੂ ਜੀ ਦੇ ਦਰਬਾਰ ਵਿਚ ਹਾਜ਼ਰ ਹੋ ਕੇ ਪਾਤਸ਼ਾਹ ਦੀ ਲਿਖਤ ਦਿਤੀ ਤੇ ਜ਼ਬਾਨੀ ਭੀ ਸੁਨੇਹੇ ਦਿਤੇ ਸਨ, ਉਸ ਵੇਲੇ ਇਹ ਭੀ ਕਿਹਾ—'ਪਾਤਸ਼ਾਹ ਹਜ਼ੂਰ ਦੀ ਬਜ਼ੁਰਗੀ ਦਾ ਕਾਯਲ ਹੈ, ਤੁਹਾਥੋਂ ਨਾਬਰ ਨਹੀਂ ਹੈ । ਹੁਣ ਜੰਗ ਵਿਚ ਰੁਝਾ ਹੋਇਆ ਹੈ, ਫੁਰਸਤ ਪਾ ਕੇ ਉਹ ਆਪ ਹਜ਼ੂਰ ਦੇ ਮੁਬਾਰਕ ਕਦਮਾਂ ਵਿਚ ਆ ਕੇ ਨਯਾਜ਼ ਹਾਸਲ ਕਰੇਗਾ, ਜਿਵੇਂ ਅਕਬਰ ਪਾਤਸ਼ਾਹ ਆਨ ਕੇ ਤੀਸਰੇ ਸਤਿਗੁਰਾਂ ਨੂੰ ਮਿਲਿਆ ਸੀ' ਆਦਿਕ ।

ਮਲੂਮ ਹੁੰਦਾ ਹੈ, ਕਿਸੇ ਇਸ ਤਰ੍ਹਾਂ ਦੇ ਕੀਤੇ ਹੋਏ ਇਕਰਾਰ ਵਲ, ਜੋ ਸਤਿਗੁਰੂ ਜੀ ਦੇ ਨਾਲ ਕਾਜ਼ੀ ਕਰ ਗਿਆ ਸੀ, ਸਤਿਗੁਰੂ ਜੀ ਔਰੰਗਜ਼ੇਬ ਨੂੰ ਧਿਆਨ ਦਿਵਾ ਰਹੇ ਹਨ ਅਤੇ ਕਹਿ ਰਹੇ ਹਨ, ਹੁਣ ਤੂੰ ਇਥੇ ਆਓ ।

ਤੁਰਾ ਗਰ ਬਬਾਯਦ ਕ਼ਉਲੇ ਕ਼ੁਰਾਂ ॥
ਬਨਿਜ਼ਦੇ ਸ਼ੁਮਾ ਰਾ ਰਾਸਨਮ ਹਮਾਂ ॥ ੫੭ ॥

ਤੁਰਾ—ਤੈਨੂੰ । ਗਰ—ਜੇਕਰ । ਬਬਾਯਦ—ਚਾਹੀਦਾ । ਕਉਲੇ ਕੁਰਾਂ—ਇਕਰਾਰ ਲਿਖੇ ਵਾਲਾ ਕੁਰਾਨ । ਬਨਿਜ਼ਦੇ—ਨਜ਼ਦੀਕ, ਕੋਲ । ਸ਼ੁਮਾ ਰਾ—ਤੁਹਾਡੇ । ਰਸਾਨਮ—ਪਹੁਚਾਉਂਦਾ ਹਾਂ ਮੈਂ । ਹਮ—(ਹਮ+ਆਂ) ਓਹੀ ਭੀ ।

ਜੇਕਰ ਤੈਨੂੰ ਚਾਹੀਦਾ ਹੈ, ਓਹ ਇਕਰਾਰ ਲਿਖੇ ਵਾਲਾ ਕੁਰਾਨ, ਮੈਂ ਉਹ ਭੀ ਤੇਰੇ ਕੋਲ ਪਹੁੰਚਾ ਦੇਂਦਾ ਹਾਂ ॥੫੭॥

ਭਾਵ—ਕਈ ਵਾਰੀ ਅਜੇਹਾ ਹੁੰਦਾ ਸੀ ਕਿ ਬਾਦਸ਼ਾਹ ਦਾ ਕਿਸੇ ਦੇ ਨਾਲ ਕੋਈ ਐਹਦ ਪੈਮਾਨ ਕੀਤਾ ਜ਼ਾਂਦਾ ਸੀ ਤਾਂ ਉਹ ਕੁਰਾਨ* ਦੀ ਜਿਲਦ ਅੰਦਰ ਜੋ ਖਾਲੀ ਸਫੇ ਹੁੰਦੇ ਸਨ, ਉਨ੍ਹਾਂ ਉਤੇ ਲਿਖਕੇ ਉਹ ਕੁਰਾਨ ਹੀ ਦਿਤਾ ਜ਼ਾਂਦਾ ਸੀ।ਇਸ ਸੇਅਰ ਤੋਂ ਪਤਾ ਲਗਦਾ ਹੈ ਕਿ ਔਰੰਗਜੇਬ ਨੇ ਭੀ ਕੁਰਾਨ ਦੀ ਜ਼ੋ ਸੌਂਹ ਖਾ ਕੇ ਐਹਦ ਕੀਤਾ ਸੀ,ਉਹ ਕੁਰਾਨ ਦ ਸਫਿਆਂ ਉਤੇ ਲਿਖ ਕੇ ਉਹ ਕੁਰਾਨ ਹੀ ਕਾਜ਼ੀ ਦੇ ਹਥ ਸਤਿਗੁਰੂ ਜੀ ਦੇ ਚਰਨਾਂ ਵਿਚ ਭੇਜ ਕੇ ਨਾਲ ਭੇਜੀ ਹੋਈ ਚਿਠੀ ਵਿਚ ਇਹ ਭੀ ਲਿਖਿਆ ਸੀ, 'ਕਾਜ਼ੀ ਦੇ ਜ਼ਬਾਨੀ ਕੀਤੇ ਹੋਏ ਕੌਲ-ਇਕਰਾਰ ਭੀ ਮੇਰੇ ਹੀ ਜਾਣ ਲੈਣੇ,

---

*ਸੁਣਿਆ ਜਾਂਦਾ ਹੈ, ਇਸ ਤਰ੍ਹਾਂ ਦਾ ਕੁਰਾਨ ਕਿਸੇ ਸਜਣ ਦੇ ਕੋਲ ਹੈ,ਜਿਸ ਉਤੇ ਮਹਾਰਾਜਾ ਰਣਜੀਤ ਸਿੰਘ ਜੀ ਨਾਲ ਕਾਬਲ ਦੇ ਬਾਦਸ਼ਾਹ ਦਾ ਅਹਿਦਨਾਮਾ ਲਿਖਿਆ ਹੋਇਆ ਹੈ ।

ਕਿਉਂਕਿ ਮੈਂ ਇਸ ਤੋਂ ਬਾਹਰ ਨਹੀਂ ਹਾਂ।' ਇਸ ਗੱਲ ਦਾ ਇਸ਼ਾਰਾ ਪਿਛਲੇ ਸ਼ੇਅਰ ਵਿਚ ਕੀਤਾ ਹੈ। ਹੁਣ ਇਥੇ ਉਸ ਕੁਰਾਨ ਵਲ ਇਸ਼ਾਰਾ ਕੀਤਾ ਹੈ ਕਿ ਬਾਦਸ਼ਾਹ! ਜੇਕਰ ਤੂੰ ਚਾਹੇਂ ਤਾਂ ਤੇਰਾ ਕੁਰਾਨ ਹੀ ਤੇਰੇ ਕੋਲ ਭੇਜ ਦੇਵਾਂ? ਜਿਸ ਦੀ ਲਿਖਤ ਨੂੰ ਪੜ ਕੇ ਤੂੰ ਆਪ ਹੀ ਆਪਣੀ ਸੌਂਹ ਤੇ ਧੋਖੇਬਾਜ਼ੀ ਨੂੰ ਵੇਖ ਲਵੇਂਗਾ।

ਨੋਟ-ਇਥੋਂ ਇਹ ਭੀ ਜ਼ਾਹਰ ਹੈ ਕਿ ਉਸ ਵੇਲੇ ਤਕ ਉਹ ਅਹਿਦਨਾਮਾ ਸਤਿਗੁਰੂ ਜੀ ਦੇ ਕੋਲ ਮੌਜੂਦ ਸੀ। ਪਰ ਅਫਸੋਸ ਕਿ ਕਿਸੇ ਇਤਿਹਾਸਕ ਖੋਜੀ ਨ ਅਜੇ ਤਕ ਉਸ ਦੀ ਖੋਜ ਨਹੀਂ ਕੀਤੀ ਜੋ ਉਹ ਕਿਥੇ ਗਿਆ ਤੇ ਕਿਸ ਦੇ ਕੋਲ ਅਤੇ ਕਿਸ ਹਾਲਤ ਵਿਚ ਹੈ।

ਕਿ ਤਸ਼ਰੀਫ ਦਰ ਕਸਬਹ ਕਾਂਗੜ ਕੁਨੱਦ॥
ਵਜ਼ਾਂ ਪਸ ਮੁਲਾਕਤ ਬਾਹਮ ਸ਼ਵੱਦ॥ ੫੮॥

ਤਸ਼ਰੀਫ=ਆਦਰ ਸੂਚਕ ਸ਼ਬਦ। ਕਸਬਹ=ਪਿੰਡ। ਕਾਂਗੜ=ਫੀਰੋਜ਼ਪੁਰ ਦੇ ਜ਼ਿਲੇ ਵਿਚ ਇਕ ਪਿੰਡ ਦਾ ਨਾਮ ਹੈ, ਜਿਥੋਂ ਦੇ ਰਈਸ 'ਰਾਇ ਜੋਧ' ਨੇ ਛੇਵੇਂ ਸਤਿਗੁਰੂ ਜੀ ਦੀ ਸੇਵਾ ਵਿਚ ਹਾਜਰ ਹੋ ਕੇ ਤੁਰਕੀ ਦਲ ਨਾਲ ਘਮਸਾਨ ਜੁਧ ਕੀਤਾ ਸੀ, ਜੋ ਜੁਧ ਦਿਲਬਾਗ ਤੇ ਗੁਲਬਾਗ ਘੋੜਿਆਂ ਦੇ ਕਾਰਨ ਹੋਇਆ ਸੀ। ਵਜ਼ਾਂ=ਉਸ ਤੋਂ। ਪਸ=ਪਿਛੋਂ। ਬਾਹਮ=ਆਪੋ ਵਿਚ। ਸ਼ਵਦ=ਹੋ ਜਾਵੇ।

'ਕਾਂਗੜ' ਪਿੰਡ ਵਿਚ (ਜੇਕਰ ਬਾਦਸ਼ਾਹ) ਤਸ਼ਰੀਫ (ਲਿਆਉਣਾ) ਕਰੇ, ਉਸ ਦੇ ਪਿਛੋਂ ਆਪੋ ਵਿਚ ਦੀ ਮੁਲਾਕ ਤ ਹੋ ਜਾਵੇਗੀ॥੫੮॥

ਭਾਵ-ਕਾਜ਼ੀ ਵਾਲੀ ਗੱਲ ਦਾ ਜ਼ਿਕਰ ਕਰਦਿਆਂ ਹੋਇਆਂ ਔਰੰਗਜ਼ੇਬ ਨੂੰ ਚਿਤਾਵਨੀ ਕਰਾਉਂਦੇ ਹਨ ਕਿ ਉਸ ਵੇਲੇ ਤੂੰ ਜੰਗ ਵਿਚ ਰੁਝਾ ਹੋਇਆ ਸੀ, ਪਰ ਹੁਣ ਤਾਂ ਤੇਰੇ ਗਲ ਵਿਚ ਜੰਗ ਦਾ ਰੁਝੇਵਾਂ ਕੋਈ ਨਹੀਂ ਹੈ, ਹੁਣ ਤੂੰ ਸਾਡੇ ਕੋਲ ਆ ਜਾਉ, ਅਸੀਂ ਮਾਲਵੇ ਦੇਸ ਦੇ ਕਾਂਗੜ ਪਿੰਡ ਵਿਚ ਠਹਿਰੇ ਹੋਏ ਹਾਂ। ਭਲਾ ਜੇਕਰ ਤੈਨੂੰ ਇਧਰ ਕੋਈ ਤੌਖਲਾ ਹੋਵੇ ਤਾਂ ਉਹ ਭੀ ਸੁਣ-

ਨ ਜ਼ੱਰਹ ਦਰੀਂ ਰਾਹਿ ਖ਼ਤਰਹ ਤੁਰਾਸਤ॥
ਹਮਹ ਕੌਮ ਬੈਰਾੜ ਹੁਕਮੇ ਮਰਾਸਤ॥ ੫੯॥

ਜ਼ੱਰਹ=ਕਿਣਕੇ ਜਿੰਨਾ ਭੀ। ਦਰੀਂ=(ਦਰ+ਈਂ) ਇਸ ਵਿਚ। ਰਾਹਿ=ਰਾਹ ਦੇ। ਖ਼ਤਰਹ=ਡਰ। ਤੁਰਾਸਤ=(ਤੁਰਾ+ਅਸਤ) ਤੈਨੂੰ ਹੈ। ਹਮਹ=ਸਾਰੀ। ਹੁਕਮ=ਹੁਕਮ ਵਿਚ। ਮਰਾਸਤ=(ਮਰਾ+ਅਸਤ) ਮੇਰੇ ਹੈ।

ਇਸ ਰਾਹ ਦੇ ਵਿਚ ਤੈਨੂੰ ਇਕ ਕਿਣਕੇ ਜਿੰਨਾ ਭੀ ਡਰ ਨਹੀਂ ਹੈ, (ਕਿਉਂਕਿ) ਸਾਰੀ ਬੈਰਾੜ ਕੌਮ ਮੇਰੇ ਹੁਕਮ ਵਿਚ ਹੈ॥੫੯॥

ਭਾਵ-ਚੂੰਕਿ ਹਜ਼ੂਰ ਨੇ ਬਾਦਸ਼ਾਹ ਨੂੰ ਸਦਾ ਦਿਤਾ ਹੈ ਕਿ ਕਾਂਗੜ ਪਿੰਡ ਵਿਚ ਆਓ। ਇਥੋਂ ਪਾਤਸ਼ਾਹ ਦੇ ਮਨ ਵਿਚ ਭਰਮ ਹੋ ਸਕਦਾ ਸੀ ਕਿ ਸ਼ਾਇਦ ਉਸ ਰਾਹ ਵਿਚ ਹੀ ਉਹ ਦਿਕਤ ਹੋਵੇ, ਜਿਸ ਫਾਹੀ ਵਿਚ ਮੈਂ ਫਸ ਜਾਵਾਂ ਤੇ ਗੁਰੂ (ਜਿਸ ਦਾ ਮੈਂ ਵੈਰੀ ਹੋ ਰਿਹਾਂ) ਮੈਨੂੰ ਇਸ ਤਰ੍ਹਾਂ ਕਿਸੇ ਫਾਹੀ ਵਿਚ ਫਸਾ ਕੇ ਵਖਰਾ ਬੈਠਾ ਤਮਾਸ਼ਾ ਹੀ ਨਾ ਵੇਖਦਾ ਹੋਵੇ। ਉਸ ਦੇ ਇਸ ਤਰ੍ਹਾਂ ਦੇ ਸ਼ਕਾਂ ਭਰੇ ਹੋਏ ਮਨ ਨੂੰ ਤਸੱਲੀ ਦਿਵਾ ਕੇ ਗੁਰੂ ਸਾਹਿਬ ਜੀ ਰਸਤੇ ਦੀ ਸਾਰੀ ਜ਼ਿਮੇਵਾਰੀ ਆਪਣੇ ਉਤੇ ਲੈਂਦੇ ਹਨ। ਫੁਰਮਾਂਦੇ ਹਨ-ਬਾਦਸ਼ਾਹ! ਤੈਨੂੰ ਇਸ ਰਾਹ ਵਿਚ ਇਕ

ਕਿਣਕੇ ਜਿੰਨਾ ਭੀ ਡਰ ਨਹੀਂ ਹੈ, ਕਿਉਂਕਿ ਇਸ ਇਲਾਕੇ ਦੇ ਮਾਲਕ ਬੈਰਾੜ ਕੌਮ ਦੇ ਸਰਦਾਰ ਹਨ ਅਤੇ ਉਹ ਬੈਰਾੜ ਕੌਮ ਸਿਖ ਹੋਣ ਦੀ ਹੈਸੀਅਤ ਵਿਚ ਸਾਰੀ ਦੀ ਸਾਰੀ ਹੀ ਮੇਰੇ ਹੁਕਮ ਵਿਚ ਹੈ। ਜਦ ਸਾਰ ਹੀ ਮੇਰੇ ਹੁਕਮ ਵਿਚ ਹਨ, ਤਦ ਫਿਰ ਉਹਨਾਂ ਪਾਸੋਂ ਕਦੇ ਭੀ, ਕਿਸੇ ਤਰ੍ਹਾਂ ਦਾ ਭੀ ਡਰ ਨਹੀਂ ਹੋ ਸਕਦਾ।

ਖਿਯਾ ਤਾ ਬ-ਮਨ ਖ਼ੁਦ ਜ਼ੁਬਾਨੀ ਕੁਨੇਮ ॥
ਬਰੂਏ ਸੁਮਾ ਮਿਹਰਬਾਨੀ ਕੁਨੇਮ ॥ ੬੦ ॥

ਬਿਯਾ—ਆਓ। ਤਾ—ਤਾਂਈ। ਦਾਮਨ—(ਬ—(ਵਾਧੂ ਪਦ ਹੈ)+ਮਨ) ਮੈਂ। ਖ਼ੁਦ—ਆਪ। ਜ਼ਬਾਨੀ—ਮੂੰਹੋਂ ਦੂਹੀ। ਕਨੇਨ—ਅਸੀਂ ਕਰ ਲਈਏ। ਬੇਰੂਏ—ਮੂੰਹ ਉਤੇ, ਸਾਹਮਣੇ। ਸ਼ੁਮਾ—ਤੇਰੇ। ਕੁਨੇਮ—ਮੈਂ ਕਰ ਦੇਵਾਂ।

ਆਓ, ਆਪਣੇ ਮੂੰਹ ਜ਼ਬਾਨੀ ਗਲ ਬਾਤ ਮੇਰੇ ਨਾਲ ਕਰ ਲੈ, (ਫਿਰ ਮੈਂ) ਤੇਰੇ ਸਾਹਮਣੇ ਮੇਹਰਬਾਨੀ ਕਰ ਦੇਵਾਂ।੬੦॥

ਭਾਵ-'ਬਾਬੇ ਕੇ ਬਾਬਰ ਕੇ ਦੋਊ॥ ਆਪ ਰਚੇ ਪਰਮੇਸ਼ਰ ਸੋਊ॥' ਸ੍ਰੀ ਹਜ਼ੂਰ ਪਿਛੇ ਇਸ ਗਲ ਨੂੰ ਕਹਿ ਆਏ ਹਨ। ਉਸ ਭਾਵ ਨੂੰ ਲੈਕੇ ਇਥੇ ਫੁਰਮਾਂਦੇ ਹਨ—ਔਰੰਗਜ਼ੇਬ! ਤੂੰ ਮੈਥੋਂ ਬਾਹਰ ਨਹੀਂ ਹੈਂ,ਮੈਂ ਤੇ ਤੂੰ ਦੋਵੇਂ ਕਿਸੇ ਇਕੋ ਕੰਮ ਦੇ ਪੂਰਾ ਕਰਨ ਵਾਸਤੇ ਪ੍ਰਭੂ ਦੇ ਭੇਜੇ ਹੋਏ ਜਗਤ ਵਿਚ ਆਏ ਹਾਂ। ਭੁਲ ਜਾਣਾ ਇਨਸਾਨੀ ਅਸਲਾ ਹੈ ਤੂੰ ਭੁਲ ਵਿਚ ਪੈ ਕੇ ਆਪਣੇ ਨਿਸ਼ਾਨੇ ਤੋਂ ਦੂਰ ਚਲਾ ਗਿਆ ਹੈਂ, ਜਿਸ ਕਰਕੇ ਪ੍ਰਭੂ ਪਿਤਾ ਦਾ ਤੇਰੇ ਉਤੇ ਕ੍ਰੋਧ ਹੋਵੇਗਾ ਅਤੇ ਫਿਰ ਤੂੰ ਦੁਖ ਭੋਗੇਂਗਾ। ਤੂੰ ਮਰੇ ਕੋਲ ਆਓ ਤਾਂਕਿ ਮੈਂ ਤੇਰੇ ਉਤੇ ਮੇਹਰਬਾਨੀ ਕਰਕੇ ਦਸਾਂ ਕਿ ਆਹ ਜਿਹੜੀ ਤੂੰ ਐਹਦ ਸ਼ਿਕਨੀ ਕੀਤੀ ਹੈ ਇਸ ਦਾ ਦੁਖ ਤੈਨੂੰ ਕੀ ਭੋਗਣਾ ਪੈਣਾ ਹੈ, ਤਾਂਕਿ ਤੂੰ ਉਸ ਦਾ ਪਛਤਾਵਾ ਕਰਕੇ ਉਸ ਦੁਖ ਤੋਂ ਬਚ ਜਾਵੇਂ।

ਧੰਨ ਸਤਿਗੁਰੂ ਹੈ, ਜੋ ਪੁਤਰਾਂ ਦੇ ਕਾਤਲ ਨੂੰ ਭੀ ਗਲੇ ਲੌਣ ਲਈ ਤਰਲੇ ਲੈ ਰਿਹਾ ਹੈ।

ਯਕੇ ਅਸਪ ਸ਼ਾਂਇਸਤਹ ਏ ਯਕ ਹਜ਼ਾਰ ॥
ਬਿਯ ਤਾ ਬਗੀਰੀ ਬ ਮਨ ਈਂ ਦਿਯਾਰ ॥ ੬੧ ॥

ਯਕ—ਇਕ। ਅਸਪ—ਘੋੜਾ। ਸਾਇਸਤਹ—ਸੁੰਦਰ। ਬਿਯਾ—ਲਿਆਓ। ਬਗੀਰੀ—(ਬ+ਗੀਰੀ) ਲਵੇਂ। ਬ ਮਨ—ਮੇਰੇ ਪਾਸੋਂ।ਈਂ—ਇਹ। ਦਿਯਾਰ—ਤਲਕਾ, ਇਲਾਕਾ, ਦੇਸ।

ਇਕ ਬਹੁਤ ਸੁੰਦਰ ਘੋੜਾ, ਇਕ ਹਜ਼ਾਰ ਦਾ ਲਿਆਓ, ਫਿਰ ਮੇਰੇ ਪਸੋਂ ਇਹ ਇਲਾਕਾ ਹਾਸਲ ਕਰ ਲੈ।੬੧॥

ਭਾਵ-ਔਰੰਗਜ਼ੇਬ! ਜਿਹੜਾ ਤੂੰ ਮੈਨੂੰ ਇਹ ਕਹਿ ਘਲਿਆ ਹੈ ਕਿ 'ਮੇਰੀ ਨਜ਼ਰ ਵਾਸਤੇ ਕੇਵਲ ਇਕ ਬਹੁਤ ਸੁੰਦਰ ਘੋੜਾ ਜੋ ਇਕ ਹਜ਼ਾਰ ਰੁਪੈ ਦਾ ਹੋਵੇ, ਉਹ ਲੈ ਕੇ ਆ ਜਾਓ ਅਤੇ ਉਸ ਦੇ ਮਗਰੋਂ ਮੇਰੇ ਪਾਸੋਂ ਅਨੰਦਪੁਰ ਦਾ ਇਲਾਕਾ ਜਗੀਰ ਲੈ ਜਾਓ' ਇਸ ਗਲ ਵਲ ਧਿਆਨ ਕਰ।

ਨੋਟ-ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ੧੯੩੪ ਈਸਵੀ ਗਰ ਸਪਤਮੀ ਦੇ ਖਾਲਸਾ ਸਮ ਚਾਰ ਵਿਚ ਜੋ ਜ਼ਫਰਨਾਮਾ ਛਾਪਿਆ ਹੈ, ਉਸ ਵਿਚ ਆਪ ਜੀ ਨੇ ਇਸ ਸ਼ੇਅਰ ਨੂੰ ਮੂਲ ਵਿਚ ਨਹੀਂ ਛਾਪਿਆ। ਹੇਠਾਂ ਫੁਟ ਨੋਟ ਵਿਚ ਸ਼ੇਅਰ ਦੇ ਕੇ ਅਰਥ ਕੋਈ ਨਹੀਂ ਲਿਖਿਆ

ਪਰ ਇਕ ਨੋਟ ਚਾੜ੍ਹਿਆ ਹੈ ਕਿ-

ਚੰਗੇ ਚੰਗੇ ਗਿਆਨੀਆਂ ਨੇ ਮੰਨਿਆ ਹੈ ਕਿ ਇਹ ਆਖਯੇਪ ਹੈ। ਇਸ ਦਾ ਭਾਵ ਅਪ੍ਰਸੰਗਕ ਹੈ, ਇਸ ਲਈ ਮੂਲ ਵਿਚ ਨਹੀਂ ਰਖਿਆ। ਜ਼ਫਰਨਾਮੇ ਦੀ ਇਕ ਕਾਪੀ ਵਿਚ ੬੦, ੬੧, ੬੨, ੬੩ ਚਾਰੇ ਸ਼ੇਅਰ ਨਹੀਂ ਹਨ।

(੨) ਮੁਨਸ਼ੀ ਮੰਗਲ ਸਿੰਘ ਜੀ ਨੇ ਇਸ ਦਾ ਟੀਕਾ ਇਉਂ ਕੀਤਾ ਹੈ-'ਇਕ ਹਜ਼ਾਰ ਸੁੰਦਰ ਘੋੜੇ ਲੈ ਕੇ ਮੇਰੇ ਪਾਸ ਆਓ ਤਾਂ ਤੂੰ ਮੈਥੋਂ ਇਹ ਦੇਸ਼ ਲੈ।'

ਮੁਨਸ਼ੀ ਜੀ ਦੇ ਇਸ ਅਰਥ ਤੋਂ ਪਤਾ ਨਹੀਂ ਲਗਦਾ ਕਿ ਇਹ ਇਕ ਹਜਾਰ ਘੋੜਾ ਸ੍ਰੀ ਗੁਰੂ ਸਾਹਿਬ ਜੀ ਬਾਦਸ਼ਾਹ ਤੋਂ ਮੰਗ ਰਹੇ ਹਨ ਜਾਂ ਬਾਦਸ਼ਾਹ ਗੁਰੂ ਜੀ ਪਾਸੋਂ ? ਦੂਜਾ ਮੂਲ ਵਿਚ 'ਯਕੇ ਅਸਪ' ਤੇ 'ਯਕ ਹਜ਼ਾਰ' ਪਾਠ ਆਉਂਦਾ ਹੈ। ਇਕ ਹਜ਼ਾਰ ਘੋੜੇ ਅਰਥ ਕਰਨ ਨਾਲ ਇਸ 'ਯਕੇ' ਪਦ ਦਾ ਅਰਥ ਰਹਿ ਜਾਂਦਾ ਹੈ ਅਤੇ ਭਾਵ ਦੀ ਘੜਮਸ ਚੌਦੇਂ ਨੇ ਹੀ ਕਈਆਂ ਦੇ ਮਨ ਵਿਚ ਸੰਸਾ ਪੈਦਾ ਕਰ ਦਿਤਾ ਹੈ ਕਿ ਇਹ ਸ਼ੇਅਰ ਪ੍ਰਸੰਗ ਤੋਂ ਬਾਹਰਾ ਹੈ।

ਸ਼ਹਨਸ਼ਾਹ ਰਾ ਬੰਦਹੇ ਚਾਕਰੇਮ ॥
ਅਗਰ ਹੁਕਮ ਆਯਦ ਬਜ਼ਾਂ ਹਾਜ਼ਰੇਮ ॥ ੬੨ ॥

ਸ਼ਹਨਸ਼ਾਹ—ਪਾਤਸ਼ਾਹਾਂ ਦੇ ਪਾਤਸ਼ਾਹ। ਰਾ—ਦਾ। ਬੰਦਹੇ—ਬੰਦਾ, ਸੇਵਕ। ਚਾਕਰੇਮ— ਮੈਂ ਨੌਕਰ, ਦਾਸ। ਆਯਦ—ਆ ਜਾਵੇ। ਬਜਾਂ—ਜਾਨ ਸਹਿਤ।

ਪਾਤਸ਼ਾਹਾਂ ਦੇ ਪਾਤਸ਼ਾਹ (ਵਾਹਿਗੁਰੂ) ਦਾ ਮੈਂ ਬੰਦਾ ਹਾਂ ਤੇ ਸੇਵਕ ਹਾਂ। ਜੇਕਰ ਹੁਕਮ ਆ ਜਾਵੇ ਤਾਂ ਜਾਨ ਸਮੇਤ ਹਾਜ਼ਰ ਹਾਂ ॥੬੨॥

ਭਾਵ-ਔਰੰਗਜ਼ੇਬ ! ਤੂੰ ਮੈਨੂੰ ਮਾਰਨ ਵਾਸਤੇ ਕਈ ਤਰ੍ਹਾਂ ਦੇ ਹੀਲੇ ਬਹਾਨੇ ਕੀਤੇ ਹਨ, ਪਰ ਤੈਨੂੰ ਪਤਾ ਹੋਣਾ ਚਾਹੀਦਾ ਹੈ ਮੈਂ ਉਸ ਵਾਹਿਗੁਰੂ ਦਾ ਸੇਵਕ ਹਾਂ ਤੇ ਬੰਦਾ ਹਾਂ। ਬੰਦਾ ਕੌਣ ਹੁੰਦਾ ਹੈ ?

ਬੰਦਾ ਹੋਇ ਬੰਦਗੀ ਗਹੈ ॥ ਬੰਦਕ ਹੋਇ ਬੰਧੁ ਸੁਧਿ ਲਹੈ ॥ (ਗੌੜੀ ੨)

ਮਨੁਖ ਦਾ ਧਰਮ ਹੈ ਬੰਦਾ ਹੋ ਜਾਨਾ, ਜੋ ਬੰਦਾ ਹੋ ਗਿਆ ਹੈ, ਉਹ ਸ਼ਹਿਨਸ਼ਾਹ ਫਿਰ ਆਪਣੇ ਬੰਦੇ ਦਾ ਸਬੰਧੀ ਬਣ ਕੇ ਖਬਰ ਲੈਂਦਾ ਹੈ ਅਤੇ ਫਿਰ ਜੋ ਬੰਦਾ ਹੋ ਕੇ ਸੇਵਕ ਹੋ ਗਿਆ ਹੈ, ਉਸ ਦੇ ਵਾਸਤੇ ਤਾਂ ਖਾਸ ਹੁਕਮ ਹੈ-

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮ ਜਪਾਵੈ ॥
ਜਹ ਜਹ ਕਾਜ ਕਿਰਤ ਸੇਵਕ ਕੀ ਤਹਾ ਤਹਾ ਉਠਿ ਧਾਵੈ ॥
ਸੇਵਕ ਕਉ ਨਿਕਟੀ ਹੋਇ ਦਿਖਾਵੈ ॥ [ਧਨਾਸਰੀ ਮਹਲਾ ੫]

ਇਸ ਕਾਰਨ ਕਰਕੇ ਮੈਂ ਤੇਰੇ ਟਿਡੀ ਦਲ ਵਿਚੋਂ ਸਹੀ ਸਲਾਮਤ ਨਿਕਲ ਆਇਆ ਹਾਂ। ਪਰ ਇਹ ਚੇਤੇ ਰਖ ਕਿ ਜਿਸ ਵੇਲੇ ਸਚੇ ਪਾਤਸ਼ਾਹ ਦਾ ਹੁਕਮ ਇਥੋਂ ਤੁਰ ਜਾਣ ਦਾ ਆ ਗਿਆ ਫਿਰ ਮੈਂ ਤਨ ਮਨ ਕਰਕੇ ਹਾਜ਼ਰ ਹਾਂ, ਕਿਉਂਕਿ ਬਜ਼ੁਰਗ ਸਤਿਗੁਰੂ ਨੇ ਫੁਰਮਾਨ ਕੀਤਾ ਹੈ-'ਜਾ ਸਦੇ ਤਾ ਢਿਲ ਨਾ ਪਾਇ।'

ਅਗਰਚਿਹ ਬਿਯਾਮਦ ਬਫ਼ੁਰਮਾਨੇ ਮਨ ॥

ਹਜ਼ੂਰਤ ਬਿਆਯਮ ਹਮਹ ਜ਼ਾਨੋ ਤਨ ॥ ੬੩ ॥

ਅਗਰਚਿਹ—ਜੇਕਰ । ਬਿਯਾਮਦ—(ਬਾ+ਆਮਦ) ਆ ਗਈ । ਬਫ਼ੁਰਮਾਨੇ—ਆਗਿਆ । ਮਨ—ਮੈਂ । ਹਜ਼ੂਰਤ—(ਹਜ਼ੂਰ+ਤੁ) ਤੇਰੇ ਸਾਹਮਣੇ । ਹਮਹ—ਸਾਰੇ । ਬਿਆਯਮ—ਮੈਂ ਆਵਾਂਗਾ । ਤਨ—ਸਰੀਰ ।

ਜੇਕਰ ਹੁਕਮ ਆ ਗਿਆ, (ਤਾਂ) ਮੈਂ ਤੇਰੇ ਸਾਹਮਣੇ ਸਾਰੇ (ਮਾਲ) ਜਾਨ ਤੇ ਸਰੀਰ ਕਰਕੇ ਆ ਜਾਵਾਂਗਾ ।੬੩।

ਭਾਵ—ਸ਼ੇਅਰ ੬੧ ਵਿਚ ਔਰੰਗਜ਼ੇਬ ਦੇ ਕਥਨ ਦਾ ਅਨੁਵਾਦ ਕਰਕੇ ੬੨ ਵਿਚ ਦਸਿਆ ਹੈ ਕਿ ਮੈਂ ਸ਼ਹਿਨਸ਼ਾਹ [ਵਾਹਿਗੁਰੂ] ਦਾ ਬੰਦਾ ਤੇ ਉਸ ਦਾ ਸੇਵਕ ਹਾਂ, ਉਸ ਦੀ ਓਟ ਵਿਚ ਰਹਿੰਦਾ ਹਾਂ, ਉਹੀ ਮੇਰਾ ਰੋਜ਼ੀ ਰਸਾਂ ਹੈ, ਉਸ ਤੋਂ ਬਿਨਾਂ ਮੈਂ ਹੋਰ ਕਿਸੇ ਕੀਤੇ ਹੋਏ ਅਗੇ ਨਜ਼ਰ ਭੇਟ ਦੇਣ ਨੂੰ ਤਿਆਰ ਨਹੀਂ ਹਾਂ ।

ਇਥੇ ਫਿਰ ਉਸੇ ਪਾਤਸ਼ਾਹ ਵਲ ਇਸ਼ਾਰਾ ਕਰਦੇ ਹਨ ਕਿ ਜੇਕਰ ਮੈਨੂੰ ਉਸ ਸਚੇ ਪਾਤਸ਼ਾਹ ਦਾ ਫ਼ੁਰਮਾਨ ਆ ਜਾਵੇ ਤਾਂ ਫਿਰ ਮੈਂ ਤਨ ਮਨ ਕਰਕੇ ਤੇਰੇ ਸਾਹਮਣੇ ਆ ਜਾਵਾਂਗਾ । ਉਸ ਦੀ ਆਗਿਆ ਤੋਂ ਬਿਨਾਂ ਮੇਰਾ ਤੇਰੇ ਕੋਲ ਆਉਣਾ ਕਿਸੇ ਤਰਾਂ ਭੀ ਨਹੀਂ ਹੋ ਸਕਦਾ ।

ਨੋਟ—ਉਸ ਵੇਲੇ ਇਹ ਨਿਯਮ ਸੀ ਕਿ ਪਾਤਸ਼ਾਹ ਨੂੰ ਜੇ ਕੋਈ ਘੋੜਾ, ਜੋ ਘਟ ਤੋਂ ਘਟ ਇਕ ਹਜ਼ਾਰ ਰੁਪਏ ਦੀ ਕੀਮਤ ਦਾ ਹੋਵੇ, ਨਜ਼ਰ ਕਰਦਾ ਸੀ ਤਾਂ ਉਸ ਨੂੰ ਪਾਤਸ਼ਾਹ ਵਲੋਂ ਇਕ ਪਿੰਡ ਇਨਾਮ ਵਜੋਂ ਜ਼ਾਗੀਰ ਵਿਚ ਮਿਲ ਜਾਂਦਾ ਸੀ । ਇਸ ਤਰ੍ਹਾਂ ਦੇ ਕਈ ਇਕ ਪਿੰਡ ਰਿਆਸਤ ਨਾਭਾ ਵਿਚ ਅਜ ਤਕ ਮਿਲੇ ਹੋਏ ਸੁਣੇ ਜਾਂਦੇ ਹਨ । ਬਾਦਸ਼ਾਹ ਨੇ ਗੁਰੂ ਜੀ ਨੂੰ ਕਾਜ਼ੀ ਦੇ ਹਥ ਆਖ ਘਲਿਆ ਹੈ ਕਿ ਇਕ ਘੋੜਾ ਨਜ਼ਰ ਕਰਨ ਵਾਲੇ ਨੂੰ ਇਕ ਪਿੰਡ ਜਗੀਰ ਦਿਤਾ ਜਾਂਦਾ ਹੈ, ਪਰ ਮੈਂ ਤੁਹਾਨੂੰ ਇਹ ਸਾਰਾ ਪਰਗਨਾ (ਇਲਾਕਾ) ਹੀ ਦੇ ਦੇਵਾਂਗਾ, ਤੁਸੀਂ ਕੇਵਲ ਇਕ ਘੋੜਾ ਲਿਆ ਕੇ ਮੇਰੀ ਨਜ਼ਰ ਕਰ ਦੇਵੋ ।

ਅਗਰ ਤੁ ਬਯਜ਼ਦਾ ਪਰਸਤੀ ਕੁਨੀ ॥
ਬਕਾਰੇ ਮਰਾ ਈਂ ਨ ਸੁਸਤੀ ਕੁਨੀ ॥ ੬੪ ॥

ਅਗਰ—ਜੇਕਰ । ਤੁ—ਤੂੰ । ਯਜ਼ਦਾ—ਪ੍ਰਮਾਤਮਾਂ, ਵਾਹਿਗੁਰੂ । ਪਰਸਤੀ—ਪੂਜਾ, ਉਪਾਸ਼ਨਾ ਬਦਗੀ । ਕੁਨੀ—ਕਰੇ । ਕਾਰੇ—ਕੰਮ ਵਿਚ । ਮਰਾ—ਮੇਰੇ । ਸੁਸਤੀ—ਢਿਲ, ਦੇਰ ।

ਜੇਕਰ ਤੂੰ ਰਬ ਦੀ ਪੂਜਾ ਕਰਦਾ ਹੈਂ, [ਤਦ] ਮੇਰ ਇਸ ਕੰਮ ਵਿਚ ਦੇਰੀ ਨਾ ਕਰੀਂ ।੬੪।

ਭਾਵ—ਅੰਕ ੬੦ ਵਿਚ ਜਿਹੜੀ ਗੱਲ ਕਹੀ ਹੈ ਉਸ ਦੀ ਤਾਕੀਦ ਕਰਦੇ ਹਨ ਅਤੇ ਨਹੋਰਾ ਸੁਟਦੇ ਹਨ ਕਿ ਜੇਕਰ ਤੂੰ ਆਪਣੇ ਆਪ ਨੂੰ 'ਰਬ ਪੂਜਕ' ਅਖਵਾਉਂਦਾ ਹੈਂ ਤਾਂ ਸਾਡੇ ਵਲ ਆਉਣ ਤੋਂ ਰਤੀ ਜਿੰਨੀ ਭੀ ਢਿਲ ਨਾ ਕਰੀਂ ।

ਤੇ ਬਾਯਦ ਕਿ ਯਜ਼ਦਾਂ ਸਨਾਸੀ ਕੁਨੀ ॥
ਨ ਗੁਫਤਹ ਕਸੇ ਕਸ ਖਰਾਸ਼ੀ ਕੁਨੀ ॥ ੬੫ ॥

ਤੇ—ਤੈਨੂੰ । ਬਾਯਦ—ਚਾਹੀਦਾ ਹੈ । ਯਜ਼ਦਾਂ—ਅਕਾਲ ਪੁਰਖ । ਸ਼ਨਾਸੀ—ਪਛਾਣ । ਕੁਨੀ—ਕਰੇਂ । ਗੁਫਤਹ—ਕਹਿਣ ਉਤੇ । ਕਸੇ—ਲੋਕਾ । ਕਸ—ਮਨੁਖ । ਖਰਾਸ਼ੀ—ਦਿਲਣਾ ਭਾਵ ਦੁਖੀ ਕਰਨਾ ।

ਤੈਨੂੰ ਚਾਹੀਦਾ ਹੈ ਕਿ ਪ੍ਰਮਾਤਮਾ ਦੀ ਪਛਾਣ ਕਰੇਂ, ਕਿਸੇ ਮਨੁਖ ਦੇ ਆਖੇ ਲਗ ਕੇ ਲੋਕਾਂ ਨੂੰ ਦੁਖੀ ਨਾ ਕਰੇਂ ॥ ੯੫ ॥

ਭਾਵ—ਹੇ ਔਰੰਗਜ਼ੇਬ ! ਤੂੰ ਆਪਣੇ ਆਪ ਨੂੰ ਰੱਬ ਦਾ ਪੂਜਕ ਅਖਵਾਉਂਦਾ ਹੈਂ ਪਰ ਮਲੂਮ ਹੁੰਦਾ ਹੈ ਤੂੰ ਅਜੇ ਉਸ ਪ੍ਰਮਾਤਮਾ ਨੂੰ ਨਹੀਂ ਪਛਾਣਿਆ ਹੀ ਨਹੀਂ । ਜੇ ਪਛਾਣ ਲੈਂਦੋਂ ਤਾਂ ਤੂੰ ਕਦੇ ਭੀ ਕਿਸੇ ਜੀਵ ਨੂੰ ਦੁਖ ਨਾ ਦੇਂਦੋ । ਕਿਸੇ ਨੂੰ ਦੁਖ ਦੇਣਾ ਤਾਂ ਕਿਤੇ ਰਿਹਾ, ਤੇਰਿਆਂ ਕੰਮਾਂ ਵਲੋਂ ਰਬ ਦੀ ਦੁਨੀਆਂ ਤ੍ਰਾਹਿ ਤ੍ਰਾਹਿ ਕਰ ਰਹੀ ਹੈ, ਇਸ ਲਈ ਅਸੀਂ ਤੈਨੂੰ ਚੇਤਾਵਨੀ ਕਰਉਂਦੇ ਹਾਂ ਕਿ ਤੂੰ ਰਬ ਦੀ ਪਛਾਣ ਵਾਲਾ ਹੋ ਕੇ ਕਿਸੇ ਨੂੰ ਦੁਖ ਨਾ ਦੇਹ, ਕਿਉਂਕਿ ਰਬ ਨੂੰ ਪਾਉਣ ਵਾਲਿਆਂ ਲਈ ਖਾਸ ਹੁਕਮ ਹੈ— 'ਦੁਖ ਨ ਦੇਵਹੁ ਕਿਸੈ ਜੀਅ ਪਤਿ ਸਿਉ ਘਰਿ ਜਾਵਹੁ ॥'

ਤੂ ਮਸਨਦ ਨਸ਼ੀ ਸਰਵਰੇ ਕਾਇਨਾਤ ॥
ਕਿ ਅਜਬਸਤੁ ਇਨਸਾਫ਼ ਈਂ ਹਮ ਸਿਫ਼ਾਤ ॥ ੯੬ ॥

ਮਸਨਦ—ਗੱਦੀ । ਨਸ਼ੀਂ—ਬੈਠਾ ਹੈਂ । ਸਰਵਰੇ—ਸਰਦਾਰ । ਕਾਇਨਾਤ—ਪਰਜਾ, ਦੁਨੀਆਂ ਖਲਕਤ । ਅਜਬਸਤੁ—(ਅਜਬ+ਅਸਤ) ਅਸਚਰਜ ਹੈ । ਈਂ—ਇਹ । ਹਮ—ਭੀ । ਸਿਫ਼ਾਤ —ਸਿਫਤਾਂ ।

ਤੂੰ (ਪਾਤਸ਼ਾਹੀ) ਗੱਦੀ ਉਤੇ ਬੈਠਾ ਹੋਇਆ ਹੈਂ ਖਲਕਤ ਦਾ ਸਰਦਾਰ ਹੈਂ, ਜੋ ਇਨਸਾਫ (ਤੂੰ ਕਰਦਾ ਹੈਂ) ਇਹ ਅਦਸਰਜ ਹੈ (ਅਤੇ ਤੇਰੀਆਂ) ਸਿਫਤਾਂ ਭੀ (ਅਸਚਰਜ ਹਨ) ॥੯੬॥

ਕਿ ਅਜਬਸਤੁ ਇਨਸਾਫ਼ੋ ਦੀਂ ਪਰਵਰੀ ॥
ਕਿ ਹੈਫ਼ ਅਸਤ ਸਦ ਹੈਫ਼ ਈਂ ਸਰਵਰੀ ॥ ੯੭ ॥

ਦੀਂ ਪਰਵਰੀ—ਦੀਨ ਦੀ ਪਾਲਨਾ ਕਰਨੀ । ਹੈਫ਼—ਅਫਸੋਸ । ਸਦ—ਸੌ ਵੇਰੀ । ਈਂ—ਇਸ । ਸਰਵਰੀ—ਸਰਦਾਰੀ ਜ਼ਾਂ ਬਾਦਸ਼ਾਹੀ ਉਤੇ ।

(ਤੇਰਾ) ਇਨਸਾਫ ਅਸਚਰਜ ਹੈ ਤੇ ਦੀਨ ਦੀ ਪਰਵਰਿਸ਼ ਕਰਨੀ (ਭੀ ਅਸਚਰਜ) ਹੈ । ਇਸ ਤੇ ਅਫਸੋਸ ਹੈ (ਅਤੇ ਤੇਰੀ ਇਸ ਸਰਦਾਰੀ ਉਤੇ) ਸੌ ਵੇਰੀ ਅਫਸੋਸ ਹੈ ॥੯੭॥

ਭਾਵ—ਇਹਨਾਂ ਦੋਹਾਂ ਸ਼ੇਅਰਾਂ ਵਿਚ ਔਰੰਗਜ਼ੇਬ ਦੇ ਕੀਤੇ ਜ਼ੁਲਮਾਂ ਵਲ ਇਸ਼ਾਰਾ ਕੀਤਾ ਹੈ, ਜੋ ਉਸ ਨੇ ਦੀਨ ਇਸਲਾਮ ਦੀ ਤਰੱਕੀ ਦੇ ਖਿਆਲ ਨਾਲ ਕੀਤੇ ਹਨ ਜਾਂ ਪਿਉ ਤੇ ਭਰਾਵਾਂ ਨਾਲ ਸਲੂਕ ਕੀਤੇ ਹਨ, ਜੋ ਮੁਸਲਮਾਨ ਸੂਫੀ ਫਕੀਰਾਂ ਨਾਲ ਕੀਤੇ ਹਨ, ਹਿਂਦੂਆਂ ਉਤੇ ਜੋ ਸਖਤੀਆਂ ਕੀਤੀਆਂ ਹਨ, ਸਰਮਦ ਵਰਗੇ ਰਬ ਦੇ ਪਿਆਰ ਵਾਲੇ ਸਚੇ ਫਕੀਰਾਂ ਨੂੰ ਦੀਨ ਇਸਲਾਮ ਦੇ ਬਹਾਨੇ ਨਾਲ ਕਤਲ ਕਰਨਾ ਆਦਿਕ ਸਾਰੇ ਹੀ ਜ਼ੁਲਮਾਂ ਨੂੰ 'ਅਸਚਰਜ' ਤੇ 'ਹੈਫ' ਕਹਿ ਕੇ ਜਤਾਉਣਾ ਕੀਤਾ ਹੈ ।

ਕਿ ਅਜਬਸਤੁ ਅਜਬਸਤੁ ਫਤਵਹ ਸ਼ੁਮਾ ॥
ਬਜੁਜ਼ ਰਾਸਤੀ ਸੁਖ਼ਨ ਗੁਫ਼ਤਨ ਜ਼ਿਯਾਂ ॥ ੯੮ ॥

ਫ਼ਤਹ—ਸ਼ਰਾਅ ਦੇ ਹੁਕਮ । (੨) ਸ਼ਰਾਅ ਦੇ ਮੁਤਾਬਕ ਕਿਸੇ ਗੱਲ ਦਾ ਫੈਸਲਾ ਸੁਣਾਉਣਾ 'ਫਤਵਹ' ਕਹਾਉਂਦਾ ਹੈ ਅਤੇ ਉਹ ਫਤਵੇ ਸ਼ਾਹੀ ਕਾਜੀ ਸੁਣਾਇਆ ਕਰਦਾ ਹੈ । ਸ਼ੁਮਾ—ਤੁਹਾਡਾ । ਬਜੁਜ਼—ਬਿਨਾਂ । ਰਾਸਤੀ—ਸਚਾਈ । ਸੁਖਨ—ਬਚਨ । ਗੁਫਤਹ—ਕਿਹਾ ਜਾਂਦਾ ਹੈ । ਜ਼ਿਯਾਂ—ਘਾਟਾ, ਹਾਨੀ ।

ਅਸਚਰਜ ਹੈ, ਅਸਚਰਜ ਹੈ, ਤੁਹਾਡੇ ਫਤਵੇ ਲਾਉਣ। ਸਚਾਈ ਤੋਂ ਬਿਨਾਂ ਬਚਨ ਦਾ ਕਹਿਣਾ ਹੀ ਘਾਟਾ (ਪਾਉਣਾ ਹੈ)॥ ੬੮॥

ਭਾਵ–ਹੇ ਔਰੰਗਜ਼ੇਬ! ਤੇਰੇ ਦੀਨੀ ਦਰਬਾਰ ਦਾ ਇਨਸਾਫ ਅਸਚਰਜ ਹੈ ਅਤੇ ਅਸਚਰਜ ਹੀ ਫਤਵੇ ਲਾਏ ਜਾਂਦੇ ਹਨ। ਚੇਤੇ ਰਖ, ਸਚੇ ਰਬ ਦੀ ਦਰਗਾਹ ਦੀ ਸ਼ਰਾਅ ਸਚੀ ਹੈ। ਉਸ ਸ਼ਰਾਅ ਵਿਚ ਸਚ ਤੋਂ ਬਿਨਾਂ ਹੋਰ ਜੋ ਭੀ ਸੁਖਨ ਆਖਣਾ ਹੈ, ਉਹ ਮਾਨੋ ਆਪਣਾ ਨੁਕਸਾਨ ਆਪਣੇ ਹਥੀਂ ਕਰਨਾ ਹੈ ਅਰਥਾਤ ਸੁਖਨ ਕਹਿ ਕੇ ਜੋ ਸੁਖਨ ਦੀ ਪਾਲਣਾ ਨਾ ਕਰਨੀ ਇਹ ਮਾਨੋ ਆਪਣੇ ਪੈਰਾਂ ਉਤੇ ਆਪਣੇ ਹਥੀਂ ਕੁਹਾੜਾ ਮਾਰ ਲੈਣ ਦੇ ਬਰਾਬਰ ਹੈ।

ਮਜ਼ਨ ਤੇਗ਼ ਬਰ ਖ਼ੂਨਿ ਕਸ ਬੇਦਰੇਗ਼॥
ਤੁਰਾ ਨੀਜ਼ ਖ਼ੂਨ ਅਸ਼ਤ ਬਾ ਚਰਖ਼ ਤੇਗ਼॥ ੬੯॥

ਮਜਨ=ਨਾ ਮਾਰ। ਤੇਗ=ਤਲਵਾਰ। ਬਰ=ਲਈ, ਵਾਸਤੇ। ਖੂਨਿ=ਖੂਨ ਕਰਨ, ਕਤਲ ਕਰਨ। ਕਮ=ਕਿਸੇ ਮਨੁਕ। ਬੇਦਰੇਗ=ਨਿਧੜਕ ਹੋ ਕੇ। ਤੁਹਾ=ਤੇਰਾ। ਨੀਜ਼=ਭੀ। ਬਾ=ਸਾਥ ਨਾਲ। ਚਰਖ=ਅਕਾਸ਼ (ਭਾਵ–ਰੱਬ ਦੀ)।

ਕਿਸੇ ਦਾ ਖੂਨ ਕਰਨ ਵਾਸਤੇ ਬੇਦਰੇਗ (ਨਿਧੜਕ) ਹੋ ਕੇ ਤਲਵਾਰ ਨਾ ਮਾਰ, [ਚੇਤੇ ਰਖ] ਅਕਾਸ਼ੀ ਤਲਵਾਰ ਨਾਲ ਤੇਰਾ ਭੀ ਖੂਨ [ਹੋਣਾ] ਹੈ। ੬੯॥

ਭਾਵ–ਜ਼ਾਲਮ ਹੋ ਕੇ ਮਜ਼ਲੂਮ ਉਤੇ ਜ਼ੁਲਮ ਦੀ ਤਲਵਾਰ ਨਾ ਚਲਾਓ ਕਿਉਂਕਿ ਓਹ ਖੁਦਾਵੰਦ ਕਰੀਮ ਮਜ਼ਲੂਮਾਂ ਦੀ ਹਮੇਸ਼ਾਂ ਹੀ ਇਮਦਾਦ ਕਰਦਾ ਆਇਆ ਹੈ ਹੁਣ ਭੀ ਉਹ ਇਹਨਾਂ ਦੀ ਇਮਦਾਦ ਕਰੇਗਾ। ਜਿਸ ਵੇਲੇ ਉਹ ਇਹਨਾਂ ਦੀ ਮਦਦ ਲਈ ਹਥ ਉਠਾਏਗਾ, ਉਸ ਵੇਲੇ ਉਸ ਦੀ ਤਲਵਾਰ ਤੇਰਾ ਖੂਨ ਕਰੇਗੀ। ਜੇਕਰ ਤੂੰ ਆਪਣਾ ਖੂਨ ਕਰੌਣਾ ਪਸੰਦ ਨਹੀਂ ਕਰਦਾ ਤਾਂ ਇਨ੍ਹਾਂ ਗਰੀਬਾਂ ਨੂੰ ਕਤਲ ਕਰਨ ਲਈ ਤਲਵਾਰ ਨਾ ਚਲਾਓ।

ਤੁ ਗ਼ਾਫ਼ਲ ਮਸ਼ਉ ਮਰਦਿ ਯਜ਼ਦਾਂ ਹਿਰਾਸ॥
ਕਿ ਓ ਬੇਨਿਆਜ਼ਸਤੁ ਓ ਬੇਸਪਾਸ॥ ੭੦॥

ਮਸ਼ਉ=(ਮ+ਸ਼ਉ) ਨਾ ਹੋ। ਮਰਦਿ=ਹੇ ਮਰਦ! ਹੇ ਬੰਦੇ। ਯਜ਼ਦਾਂ=ਰਬ ਤੋਂ। ਹਿਰਾਸ=ਡਰ। ਬੇਨਿਆਜ਼=ਬੇਪਰਵਾਹ, ਲੋੜ ਤੋਂ ਬਿਨਾਂ। ਬੇਸਪਾਸ=(ਬੇ+ਸਪਾਸ) ਖੁਸ਼ਾਮਦ ਤੋਂ ਬਿਨਾਂ।

ਹੇ ਬੰਦੇ! ਤੂੰ ਗਾਫਲ ਨਾ ਹੋ ਅਤੇ ਰਬ ਤੋਂ ਡਰ, (ਕਿਉਂ) ਜੋ ਉਹ ਬੇ ਪਰਵਾਹ ਹੈ ਅਤੇ ਉਹ ਖੁਸ਼ਾਮਦ ਤੋਂ ਬਿਨਾਂ ਹੈ॥ ੭੦॥

ਕਿ ਓ ਬੇ ਮੁਹਾਬਸਤੁ ਸ਼ਾਹਾਨਿਸ਼ਾਹ॥
ਜ਼ਮੀਨੋ ਜ਼ਮਾਂ ਰਾ ਸੱਚਹਏ ਪਾਤਸ਼ਾਹ॥ ੭੧॥

ਮੁਹਾਬ=ਡਰ। ਜਮੀਨੋ=ਧਰਤੀ ਅਤੇ। ਜ਼ਮਾਂ=ਆਸਮਾਨ। ਰਾ=ਦਾ।

[ਕਿਉਂ] ਜੋ ਉਹ ਡਰ ਤੋਂ ਰਹਿਤ ਹੈ, ਪਾਤਸ਼ਾਹਾਂ ਦਾ ਪਾਤਸ਼ਾਹ ਹੈ, ਧਰਤੀ ਤੇ ਅਕਾਸ਼ ਦਾ ਸੱਚਾ ਪਾਤਸ਼ਾਹ ਹੈ॥ ੭੧॥

ਖ਼ੁਦਾਵੰਦ ਏਜ਼ਦ ਜ਼ਮੀਨੋ ਜ਼ਮਾਂ ॥
ਕੁਨਿੰਦਸਤੁ ਹਰ ਕਸ ਮਕੀਨੋ ਮਕਾਂ ॥ ੭੨ ॥

ਖੁਦਾਵੰਦ—(ਖੁਦ+ਆਵੰਦ) ਆਪਣੇ ਆਪ ਪ੍ਰਗਟ ਹੋਣ ਵਾਲਾ । ਕੁਨਿੰਦਸਤੁ—(ਕੁਨਿੰਦ +ਅਸਤੁ) ਕਰਨ ਵਾਲਾ ਹੈ । ਹਰ ਕਸ—ਸਾਰਿਆਂ ਮਨੁਖਾਂ । ਮਕੀਨੋ—ਮਕਾਨ ਵਿਚ ਰਹਿਣ ਵਾਲੇ । ਮਕਾਂ—ਮਕਾਨ, ਜਗ੍ਹਾ ।

ਪ੍ਰਮਾਤਮਾ ਵਾਹਿਗੁਰੂ ਆਪਣੇ ਆਪ ਤੋਂ ਪ੍ਰਗਟਿਆ ਹੈ, ਧਰਤੀ ਅਕਾਸ਼ ਤੇ ਮਕਾਨਾਂ ਅਤੇ ਮਕਾਨਾਂ ਵਿਚ ਰਹਿਣ ਵਾਲੇ [ਸਾਰਿਆਂ ਮਨੁਖਾਂ ਦਾ ਇਕ ਓਹੋ ਹੀ] ਕਰਨ ਵਾਲਾ ਹੈ ॥ ੭੨ ॥

ਹਮ ਅਜ਼ ਪੀਰ ਮੋਰੋ ਹਮ ਅਜ਼ ਪੀਲ ਤਨ ॥
ਕਿ ਆਜਜ਼ ਨਿਵਾਜ਼ਸਤੁ ਗ਼ਾਫ਼ਿਲ ਸ਼ਿਕਨ ॥ ੭੩ ॥

ਹਮ—ਕੀ । ਅਜ਼—ਸੇ, ਤੋਂ । ਪੀਰ—ਬੁਢਾ । ਮੋਰੋ—ਕੀੜੀ ਜਾਂ ਕੀੜਾ । ਪੀਲ—ਹਾਥੀ । ਤਨ—ਸਰੀਰ । ਕਿ—ਜੋ । ਆਜਜ਼—ਗਰੀਬ । ਨਿਵਾਜ਼ਸਤ-(ਨਿਵਾਜ਼+ਅਸਤ) ਵਡਿਆਉਣ ਵਾਲਾ ਹੈ । ਸ਼ਿਕਨ-ਮਾਰਨ ਵਾਲਾ ।

ਜੋ ਕੀੜੀ ਤੋਂ ਲੈ ਕੇ ਹਾਥੀ ਤਕ ਦਾ ਭੀ ਕਰਨ ਵਾਲਾ ਹੈ,ਬਚੇ ਤੋਂ ਲੈ ਕੇ ਬੁਢੇ ਤਕ ਦਾ ਭੀ ਕਰਤਾ ਹੈ । ਉਹ ਆਜਿਜ ਨੂੰ ਵਡਿਆਉਨ ਵਾਲਾ ਤੇ ਗਾਫਲ ਨੂੰ ਮਾਰਨ ਵਾਲਾ ਹੈ ॥ ੭੩ ॥

ਭਾਵ-ਰਬ ਦੀ ਰਚਨਾ ਕਿਸੇ ਨਾ ਕਿਸੇ ਨਿਯਮ ਵਿਚ ਬਧੀ ਹੋਈ ਹੈ, ਜੋ ਆਪਣੇ ਨਿਯਮ ਤੋਂ ਬਾਹਰ ਹੋ ਗਿਆ ਹੈ, ਉਹੀ ਗਾਫਲ ਹੋ ਕੇ ਜ਼ਾਲਮ ਬਣ ਗਿਆ ਹੈ । ਭਾਵੇਂ ਸਾਰੀ ਰਚਨਾ ਹੀ ਉਸ ਨੇ ਬਣਾਈ ਹੈ, ਗਰੀਬ ਤੇ ਦੌਲਤ ਵਾਲੇ ਉਸ ਨੇ ਬਣਾਏ ਹਨ ਸ਼ੇਰ ਤੇ ਗਊਆਂ ਭੀ ਉਸੇ ਨੇ ਬਣਾਈਆਂ ਹਨ । ਜਦ ਦੋ ਸ਼ੇਰ ਆਪੋ ਵਿਚ ਜਦੋ-ਜਹਿਦ ਕਰਦੇ ਹਨ ਤਦ ਮਾਲਕ ਇਕ ਪਾਸੇ ਬੈਠਾ ਤਮਾਸ਼ਾ ਵੇਖਦਾ ਹੈ, ਪਰ ਜਦੋਂ ਇਕ ਸ਼ੇਰ ਗੁਸੇ ਨਾਲ ਭਰ ਕੇ ਗਊ ਦਾ ਖੂਨ ਕਰਨ ਲਗਦਾ ਹੈ ਉਸ ਵੇਲੇ ਇਲਾਹੀ ਕੈਹਰ ਟੁਟਦਾ ਹੈ ਜੋ ਸ਼ੇਰ ਦੀ ਗਰਦਨ ਭੰਨ ਸੁਟਦਾ ਹੈ । ਇਸੇ ਤਰ੍ਹਾਂ ਹੇ ਔਰੰਗਜ਼ੇਬ ! ਤੂੰ ਗਾਫਲ ਨਾ ਹੋ, ਆਪਣੇ ਫਰਜ਼ਾਂ ਨੂੰ ਨਾ ਭੁਲ, ਤੂੰ ਇਸ ਪਰਜਾ ਰੂਪ ਗਊ ਦਾ ਰਾਖਾ ਹੈਂ ਸ਼ੇਰ ਬਣ ਕੇ ਇਸ ਦਾ ਢਿਡ ਨਾ ਪਾੜ । ਜੇ ਇਸ ਗੱਲ ਤੋਂ ਬਾਜ਼ ਨਾ ਆਇਓਂ ਤਾਂ ਅਸਮਾਨੀ ਤਲਵਾਰ ਤੇਰਾ ਸਿਰ ਧੜ ਤੋਂ ਅਲਗ ਕਰ ਦੇਵੇਗੀ ।

ਕਿ ਓਰਾ ਚੁ ਇਸਮ ਅਸਤ ਆਜਜ਼ ਨਿਵਾਜ਼ ॥
ਕਿ ਓ ਬੇ ਸਪਾਸ ਅਸਤ ਓ ਬੇ ਨਿਆਜ਼ ॥ ੭੪ ॥

ਓਰਾ—ਉਸ ਦਾ । ਇਸਮ—ਨਾਮ । ਅਜਜ਼—ਗਰੀਬ । ਸਪਸ—ਲੋੜ । ਨਿਆਜ਼—ਪ੍ਰਵਾਹ । ਚੁ—ਜਦ ।

ਜਦ ਕਿ ਉਸ ਦਾ ਨਾਮ 'ਗਰੀਬ ਨਿਵਾਜ਼' ਹੈ, (ਕਿਉਂ) ਜੋ ਉਹ ਲੋੜ ਤੋਂ ਬਿਨਾਂ ਹੈ ਪਰਵਾਹ ਤੋਂ ਬਿਨਾਂ ਹੈ ॥ ੭੪ ॥

ਭਾਵ—ਉਸ ਦਾ ਨਾਮ 'ਗਰੀਬ ਨਿਵਾਜ' ਹੈ, ਉਸ ਨੇ ਗਰੀਬਾਂ ਨੂੰ ਜ਼ਰੂਰ ਨਿਵਾਜਣਾ ਹੈ । ਜੋ ਭੀ ਆਜ਼ਜ਼ ਉਸ ਦੇ ਦਰ ਤੇ ਡਿਗ ਪੈਂਦਾ ਹੈ ਉਸ ਨੂੰ ਉਹ ਸਾਰਿਆਂ ਤੋਂ ਵਡਾ ਕਰ ਦੇਂਦਾ ਹੈ । ਉਸ ਨੂੰ ਕਿਸੇ ਵਸਤੂ ਦੀ ਲੋੜ ਨਹੀਂ ਤੇ ਪਰਵਾਹ ਨਹੀਂ ਹੈ । 'ਲੋੜ' ਇਕ ਅਜੇਹੀ ਵਸਤੂ ਹੈ, ਜੋ ਸਭ ਦੀ ਗੁਲਾਮ ਕਰ ਦੇਂਦੀ ਹੈ, ਜਦ ਲੋੜ ਮੁਕ ਜਾਏ ਤਦ ਹੀ ਸਚਾ ਸੁਖ ਪ੍ਰਾਪਤ ਹੁੰਦਾ ਹੈ ।

ਏਜ਼ਦ ਨੂੰ ਕਿਸੇ ਵਸਤੂ ਦੀ ਲੋੜ ਨਾ ਹੋਣ ਕਰਕੇ ਉਸ ਨੂੰ ਕਿਸੇ ਦੀ ਪਰਵਾਹ ਨਹੀਂ ਹੈ। ਇਸ ਲਈ ਔਰੰਗਜ਼ੇਬ ! ਤੂੰ ਇਹ ਖਿਆਲ ਨਾ ਰਖੀਂ ਕਿ ਮੈਂ ਦੁਨੀਆਂ ਦਾ ਸਭ ਤੋਂ ਵਡਾ ਬਾਦਸ਼ਾਹ ਹਾਂ, ਉਸ ਨੂੰ ਕਦੇ ਨਾ ਕਦੇ ਮੇਰੇ ਨਾਲ ਕੋਈ ਕੰਮ ਜ਼ਰੂਰ ਪਵੇਗਾ, ਆਪਣੇ ਉਸ ਕਮ ਦੀ ਗਰਜ਼ ਨਾਲ ਉਹ ਮੇਰਾ ਲਿਹਾਜ ਕਰੂ। ਉਸ ਦੇ ਵਿਚ 'ਲੋੜ' ਪੈਦਾ ਹੀ ਨਹੀਂ ਹੋਈ ਤਾਂ ਫਿਰ ਉਸ ਨੂੰ ਲੋੜ ਪੈਣੀ ਹੀ ਕਿਥੋਂ ਹੈ ? ਤਾਂਤੇ ਉਸ ਤੋਂ ਡਰ ਤੇ ਡਰਦਾ ਹੋਇਆ 'ਜ਼ੁਲਮ' ਤੋਂ ਬਾਜ ਆਓ, ਜਿਸ ਕਰਕੇ ਤੇਰੇ ਉਤੇ ਉਸ ਦਾ ਕੋਹਰ ਨਾ ਵਰਤੇ।

ਕਿ ਓ ਬੇ ਨਗੂੰ ਅਸਤੁ ਓ ਬੇ ਚਗੂੰ ॥
ਕਿ ਓ ਰਹਨੁਮਾ ਅਸਤੁ ਓ ਰਹਨਮੂੰ ॥ ੭੫ ॥

ਨਗੂੰ-ਰੂਪ,ਰੇਖ,ਰੰਗ। ਚਗੂੰ=ਚਿੰਨ,ਚਕ੍ਰ। ਰਹਨੁਮਾ-ਰਾਹ ਦਸਨ ਵਾਲਾ। ਰਹਨਮੂ-ਰਾਹੇ ਰਾਹ ਲਈ ਜਾਣ ਵਾਲਾ, ਆਗੂ।

ਉਹ ਜੋ ਰੂਪ ਰੰਗ ਕੋਂ ਰਹਿਤ ਹੈ,ਉਹ ਚਿੰਨ੍ਹ ਚਕ੍ਰ ਤੋਂ ਬਿਨਾਂ ਹੈ। ਓਹ ਰਾਹ ਦਸਣ ਵਾਲਾ ਹੈ, ਓਹੀ ਰਾਹੇ ਰਾਹ ਲਈ ਜਾਣ ਵਾਲਾ ਹੈ ॥੭੫॥

ਭਾਵ-'ਗੁਰੂ ਮੇਰੈ ਸੰਗਿ ਸਦਾ ਹੈ ਨਾਲੇ ॥' ਇਥੇ ਪ੍ਰਸ਼ਨ ਹੋ ਸਕਦਾ ਹੈ ਕਿ ਜੇ ਵਾਹਿਗੁਰੂ ਸਦਾ ਹੀ ਸੰਗੀ ਤੇ ਨਾਲ ਹੈ ਤਾਂ ਫਿਰ ਦਿਸਦਾ ਕਿਉਂ ਨਹੀਂ ? ਇਸ ਦਾ ਉਤਰ ਦੇਂਦੇ ਹਨ ਕਿ ਦਿਸਨ ਵਾਲੀ ਚੀਜ਼ ਹੁੰਦੀ ਹੈ 'ਰੂਪ ਤੇ ਰੰਗ' ਜਾਂ ਕੋਈ 'ਚਿੰਨ੍ਹ ਚਕ੍ਰ', ਪਰ ਉਸ ਦਾ ਕੋਈ ਰੂਪ ਰੰਗ ਨਹੀਂ, ਕੋਈ ਚਿੰਨ੍ਹ ਚਕ੍ਰ ਨਹੀਂ ਫਿਰ ਦਿਸੇ ਕਿਵੇਂ ? ਹੁਣ ਫਿਰ ਪ੍ਰਸ਼ਨ ਹੋ ਸਕਦਾ ਹੈ ਕਿ ਜਦ ਦਿਸਦਾ ਨਹੀਂ ਤਾਂ ਤੁਸੀਂ ਕਿਵੇਂ ਕਹਿ ਸਕਦੇ ਹੋ ਕਿ ਉਹ ਸਾਡੇ ਨਾਲ ਹੈ। ਇਸਦਾ ਉਤ੍ਰ ਦਿਤਾ ਹੈ-'ਉਹ ਰਾਹ ਦਸਣ ਵਾਲਾ ਤੇ ਰਾਹੇ ਰਾਹ ਲਈ ਜਾਣ ਵਾਲਾ ਹੈ।' ਵੇਖੋ,ਚਮਕੌਰ ਦੀ ਗੜ੍ਹੀ ਤੋਂ ਅਧੀ ਰਾਤ ਦੇ ਸਮੇਂ, ਜਿਸ ਵੇਲੇ ਕਿ ਅੰਧਾ-ਧੁੰਦ ਹਨੇਰਾ ਸੀ, ਫਿਰ ਕਈ ਕੋਹਾਂ ਤਕ ਚੌਹੀਂ ਪਾਸੀਂ ਦੁਸ਼ਮਨ ਦੀਆਂ ਫੌਜਾਂ ਖਿਲਰੀਆਂ ਪਈਆਂ ਸਨ, ਜਿਨ੍ਹਾਂ ਦੇ ਰੌਲੇ ਗੌਲੇ ਨੇ ਦਿਸ਼ਾਂ ਦਾ ਗਿਆਨ ਭੀ ਨਹੀਂ ਰਹਿਣ ਦਿਤਾ, ਉਸ ਵੇਲੇ ਗੜ੍ਹੀ ਤੋਂ ਨਿਕਲ ਕੇ ਤੁਰ ਪੈਣਾ ਤੇ ਸਾਰੀ ਰਾਤ ਤੁਰੇ ਰਹਿਣਾ, ਕੋਈ ਰਾਹ ਖਹਿੜਾ ਨਹੀਂ, ਕੋਈ ਤਹਿਆ-ਪਗਡੰਡੀ ਭੀ ਨਹੀਂ ਹੈ ਕੇਵਲ ਨਕ ਦੀ ਸੇਧ ਅਤੇ ਰਬ ਦੀ ਓਟ ਦੇ ਆਸਰੇ ਤੁਰ ਗਏ ਹਨ, ਫਿਰ ਰਾਹੋਂ ਨਹੀਂ ਭੁਲੇ ਤੇ ਆਪਣੇ ਨਿਸ਼ਾਨੇ ਉਤੇ ਸਿਧੇ ਮਾਛੀਵਾੜੇ ਪੁਜ ਗਏ ਹਨ। ਇਹ ਰਾਹ ਕਿਸ ਨੇ ਦਸਿਆ ਹੈ ? ਅਤੇ ਰਾਹੇ ਰਾਹ ਕੌਣ ਟੋਰੀ ਲੈ ਗਿਆ ਹੈ ? ਇਹ ਕੁਝ ਵੇਖਕੇ ਹੀ ਜਗਯਾਸੂ ਨੂੰ ਨਿਸਚਾ ਹੋ ਜਾਂਦਾ ਹੈ ਕਿ ਮੇਰਾ ਸਿਰਜਣਹਾਰ ਮੇਰੀ ਰਖਿਆ ਕਰਨ ਲਈ ਹਰ ਵੇਲੇ ਮੇਰੇ ਨਾਲ ਹੈ, ਕਿਉਂਕਿ ਸਾਹਿਬ ਜੀ ਫੁਰਮਾਉਂਦੇ ਹਨ-

ਨਾਨਕ ਸਚੁ ਦਾਤਾਰ ਸਨਾਖਤ ਕੁਦਰਤੀ ॥

ਕਿ ਬਰ ਸਰ ਤੁਰਾ ਫ਼ਰਜ਼ ਕਸਮਿ ਕੁਰਾ ॥
ਬਗੁਫਤਹ ਸ਼ੁਮਾ ਕਾਰ ਖ਼ੂਬੀ ਰਸਾਂ ॥ ੭੬ ॥

ਬਰ-ਉਤੇ। ਸਰ-ਸਿਰ। ਤੁਰਾ-ਤੇਰਾ। ਫਰਜ-ਭਾਰ। ਕਸਮਿ-ਸਹੁੰ ਦਾ। ਕੁਰਾਂ-ਕੁਰਾਨ। ਬਗੁਫਤਹ-ਕਹੇ ਹੋਏ ਬਚਨ ਦਾ। ਸ਼ੁਮਾ-ਤੇਰੇ, ਆਪਣੇ। ਰਸਾਂ-ਪਹੁੰਚਾ ਦੇਹੁ।

ਜੋ ਤੇਰੇ ਉਤੇ ਕੁਰਾਨ ਦੀ ਕਸਮ ਦਾ ਭਾਰ ਹੈ,ਤੁਸੀਂ ਆਪਣੇ ਕਹੇ ਹੋਏ ਸੁਖਨ (ਅਨੁਸਾਰ)

ਕੰਮ ਨੂੰ ਖੂਬੀ ਤਕ ਪਹੁੰਚਾਓ ॥੭੬॥

ਭਾਵ-ਫਿਰ ਉਸੇ ਗੱਲ ਦੀ ਚੇਤਾਵਨੀ ਕਰਾਉਂਦੇ ਹਨ ਕਿ ਤੂੰ ਕਿਹਾ ਸੀ ਤੇ ਕੁਰਾਨ ਦੀ ਸੌਂਹ ਖਾ ਕੇ ਕਾਜ਼ੀ ਦੀ ਜ਼ਬਾਨੀ ਕਿਹਾ ਸੀ-'ਮੈਂ ਤੁਹਾਡੀ ਬਜ਼ੁਰਗੀ ਦਾ ਕਾਇਲ ਹਾਂ, ਇਸ ਮੁਹਿੰਮ ਤੋਂ ਵੇਹਲਾ ਹੋ ਕੇ ਦਰਸ਼ਨ ਦੀ ਨਿਆਜ ਹਾਸਲ ਕਰਾਂਗਾ' ਇਹ ਤੇਰਾ ਸੁਖਨ ਹੀ ਤੇਰੇ ਸਿਰ ਉਤੇ ਇਕ ਬੋਝ ਹੈ। ਤੇਰਾ ਫਰਜ਼ ਹੈ ਕਿ ਤੂੰ ਹੁਣ ਇਸ ਕੰਮ ਨੂੰ ਅਜੇਹੀ ਸੁੰਦਰਤਾ ਨਾਲ ਤੋੜ ਚੜ੍ਹਾਵੇਂ, ਜਿਸ ਕਰਕੇ ਤੇਰੇ ਨਾਮ ਨਾਲ 'ਬੇਜ਼ਬਾਨ' ਸ਼ਬਦ ਦਾ ਕਲੰਕ ਨਾ ਲਗ ਜਾਵੇ।

ਬ ਬਾਯਦ ਤੁ ਦਾਨਸ਼ ਪਰਸਤੀ ਕੁਨੀ ॥
ਬ ਕਾਰੇ ਸ਼ੁਮਾ ਚੀਰਹ ਦਸਤੀ ਕੁਨੀ ॥ ੭੭ ॥

ਬਾਯਦ-ਚਾਹੀਦਾ ਹੈ। ਦਾਨਸ਼-ਅਕਲਮੰਦੀ। ਪਰਸਤੀ-ਪਾਲਨਾ। ਕਾਰੇ-ਕੰਮ ਨੂੰ। ਸ਼ੁਮਾ-ਆਪਣਾ। ਚੀਰਹ ਦਸਤੀ-ਹਥ ਦੀ ਮਜਬੂਤੀ, ਪਕਾ ਹਥ ਪਾ ਕੇ।

(ਇਸ ਵੇਲੇ) ਤੈਨੂੰ ਅਕਲਮੰਦੀ ਦੀ ਪਾਲਣਾ ਕਰਨੀ ਚਾਹੀਦੀ ਹੈ। ਆਪਣੇ ਕੰਮ ਨੂੰ ਪਕੇ ਹਥ ਨਾਲ ਕਰਨਾ ॥੭੭॥

ਭਾਵ-ਇਹ ਦੇਖਿਆ ਗਿਆ ਹੈ ਕਿ ਕਈ ਕੰਮਾਂ ਨੂੰ ਬਾਦਸ਼ਾਹ ਲੋਕ ਤਾਂ ਕਰਨਾ ਚਾਹੁੰਦੇ ਹਨ ਪਰ ਉਹਨਾਂ ਦੇ ਅਹਿਦਕਾਰ ਉਸ ਕੰਮ ਵਿਚ ਢਿਲ-ਮਠ ਪਾ ਕੇ ਉਸ ਨੂੰ ਪੂਰਾ ਨਹੀਂ ਹੋਣ ਦਂਦੇ। ਖਾਸ ਕਰਕੇ ਜਿਸ ਕੰਮ ਨਾਲ ਕਿਸੇ ਭੀ ਅਹਿਲਕਾਰ ਦਾ ਕੋਈ ਸਬੰਧ ਹੋਵੇ, ਜਿਸ ਤੋਂ ਕਿਸੇ ਅਹਿਲਕਾਰ ਦੀ ਨਮੋਸ਼ੀ ਹੁੰਦੀ ਹੋਵੇ ਜਾਂ ਕਿਸੇ ਦੀ ਖੁਨਾਮੀ ਜ਼ਾਹਰ ਹੁੰਦੀ ਹੋਵੇ। ਉਸ ਤਰ੍ਹਾਂ ਦੇ ਕੰਮ ਨੂੰ ਜਾਂ ਬਾਦਸ਼ਾਹ ਆਪਣੇ ਜਰਨੈਲੀ ਹੁਕਮ ਨਾਲ ਪੂਰਾ ਕਰਦਾ ਹ ਜਾਂ ਅਹਿਲਕਾਰਾਂ ਦੀ ਆਪਸ ਵਿਚ ਦੀ ਨਚਾਕੀ ਪੂਰਾ ਕਰਾਇਆ ਕਰਦੀ ਹੈ। ਇਸ ਗਲ ਨੂੰ ਅਨੁਭਵ ਕਰਦੇ ਹੋਏ ਸ੍ਰੀ ਸਤਿਗੁਰੂ ਸਾਹਿਬ ਜੀ ਲਿਖਦੇ ਹਨ-ਔਰੰਗਜ਼ੇਬ! ਤੈਨੂੰ ਸਾਡੇ ਵਲ ਆਉਣ ਤੋਂ ਅਹਿਲਕਾਰਾਂ ਨੇ ਕਈ ਤਰ੍ਹਾਂ ਦੀਆਂ ਰੁਕਾਵਟਾਂ ਪਾਉਣੀਆਂ ਹਨ ਅਤੇ ਇਹ ਰੁਕਾਵਟਾਂ ਉਹਨਾਂ ਪਾਉਣੀਆਂ ਹਨ ਜਿਨ੍ਹਾਂ ਤੇਰੇ ਹੁਕਮ ਦਾ ਬਹਾਨਾ ਬਣਾ ਕੇ ਕਈ ਬੇਗੁਨਾਹਾਂ ਦਾ ਖੂਨ ਕੀਤਾ ਹੈ। ਉਹਨਾਂ ਦਾ ਪਾਪ ਤੇਰੇ ਰਾਹ ਵਿਚ ਰੋੜਾ ਹੋ ਕੇ ਅਟਕੇਗਾ ਜੋ ਤੈਨੂੰ ਸਾਡੇ ਕੋਲ ਆਉਣ ਨਹੀਂ ਦੇਵੇਗਾ, ਇਸ ਲਈ ਇਸ ਵੇਲੇ ਤੈਨੂੰ ਚਾਹੀਦਾ ਹੈ ਕਿ ਤੂੰ ਕਿਸੇ ਅਕਲਮੰਦੀ ਨਾਲ ਕੰਮ ਲਵੇਂ ਤਾਂਕਿ ਉਹ ਅਹਿਲਕਾਰ ਇਸ ਭੇਦ ਨੂੰ ਪ੍ਰਾਪਤ ਨਾ ਕਰ ਸਕਣ ਕਿ ਬਾਦਸ਼ਾਹ ਸਲਾਮਤ ਸਤਿਗੁਰੂ ਜੀ ਦੀ ਮੁਲਾਕਾਤ ਨੂੰ ਜਾ ਰਹੇ ਹਨ। ਭਲਾ ਜੇ ਕਿਸੇ ਕਾਰਨ ਕਰਕੇ ਉਹਨਾਂ ਨੂੰ ਇਹ ਗੱਲ ਪ੍ਰਗਟ ਭੀ ਹੋ ਜਾਵੇ ਤੇ ਉਹ ਕਈ ਤਰ੍ਹਾਂ ਦੀਆਂ ਰੁਕਾਵਟਾਂ ਪਾ ਦੇਣ ਤਾਂ ਫਿਰ ਤੂੰ 'ਚੀਰਹ ਦਸਤੀ ਕੁਨੀ' ਇਹ ਦੋਵੇਂ ਗੱਲਾਂ ਕੀਤੇ ਤੋਂ ਬਿਨਾਂ ਇਸ ਕੰਮ ਨੂੰ ਕਦੇ ਭੀ ਪੂਰਾ ਨਹੀਂ ਕਰ ਸਕੇਂਗਾ।

ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ ॥
ਕਿ ਬਾਕੀ ਬਿਮਾਂਦਸਤ ਪੇਚੀਦਹ ਮਾਰ ॥ ੭੮ ॥

ਚਿਹਾ ਸ਼ੁਦ-ਕੀ ਹੋ ਗਿਆ। ਕਿ ਚੂੰ-ਸਦ ਕਿ। ਬਚਗਾਂ-ਬਚੇ, ਪੁਤਰ। ਕੁਸ਼ਤਹ-ਮਾਰ ਸੁਟੇ। ਬਾਕੀ-ਪਿਛੇ। ਬਿਮਾਂਦਸਤ-ਰਹਿੰਦਾ ਹੈ। ਪੇਚੀਦਹ-ਕੁੰਡਲਾਂ ਵਾਲਾ। ਮਾਰ-ਸਪ।

ਕੀ ਹੋ ਗਿਆ ਜਦ ਕਿ ਚਾਰ ਪੁਤ੍ਰ ਮਾਰ ਸੁਟੇ ਹਨ, ਕੁੰਡਲਦਾਰ ਸੱਪ ਤਾਂ ਪਿਛੇ ਮੌਜੂਦ ਬੈਠਾ ਹੈ ॥੭੮॥

ਭਾਵ–ਤੇਰੇ ਅਹਿਲਕਾਰ ਤੈਨੂੰ ਸਾਡੇ ਕੋਲ ਆਉਣ ਤੋਂ ਕਿਉਂ ਰੋਕਣਗੇ ਅਤੇ ਕਿਉਂ ਰੁਕਾਵਟਾਂ ਪਾਉਣਗੇ ? ਇਸ ਦਾ ਕਾਰਣ ਇਹ ਹੈ ਕਿ ਸਰਹਿੰਦ ਦੇ ਸੂਬੇ ਨੇ ਕਈ ਤਰ੍ਹਾਂ ਦੇ ਝੂਠੇ ਫਰੇਬ ਕਰਕੇ ਸਾਡੇ ਬਰਖਿਲਾਫ ਤੇਰੇ ਕੋਲ ਰੀਪੋਟਾਂ ਕੀਤੀਆਂ, ਤੇਰੇ ਪਾਸੋਂ ਸਾਡੇ ਬਰਖਿਲਾਫ ਫੌਜ ਕਸ਼ੀ ਦਾ ਹੁਕਮ ਕਢਵਾਇਆ ਤੇ ਫਿਰ ਆਪ ਇਥੋਂ ਤਕ ਜ਼ਾਲਮ ਤੇ ਜਿੱਦੀ ਹੋ ਗਿਆ ਜੋ ਉਹਨੇ ਸਾਡੇ ਚਾਰ ਬਚੇ ਮਸੂਮ ਤੇ ਬੇਗੁਨਾਹ ਜੰਗ ਵਿਚ ਤੇ ਨੀਹਾਂ ਵਿਚ ਚਿਣਵਾਕੇ ਮਾਰ ਸੁਟੇ। ਮੈਨੂੰ ਉਨ੍ਹਾਂ ਮਰ ਗਿਆਂ ਦਾ ਕੋਈ ਅਫਸੋਸ ਨਹੀਂ, ਪਰ ਅਫਸੋਸ ਤਾਂ ਇਸ ਗੱਲ ਦਾ ਹੈ,ਜੇਹੜੇ ਬੇਗੁਨਾਹ ਮਸੂਮ ਕੁਝ ਕਰਨ ਜੋਗੇ ਨਹੀਂ, ਉਹ ਤਾਂ ਤੇਰੇ ਇਸ਼ਾਰੇ ਨਾਲ ਜਾਂ ਉਸ ਨੇ ਆਪਣੇ ਹਿਕ ਦੇ ਧਕੇ ਨਾਲ ਮਾਰ ਦਿਤੇ ਹਨ,ਪਰ ਇਕ ਕਰੁੰਡੀਆ ਸੱਪ ਤਾਂ ਬਾਕੀ ਰਹਿੰਦਾ ਹੈ, ਉਸ ਦੇ ਡੰਗ ਤੋਂ ਨਾ ਤੂੰ ਤੇ ਨਾ ਹੀ ਵਜੀਦ ਖਾਂ ਬਚ ਸਕਦਾ ਹੈ, ਉਸ ਤੋਂ ਬਚਨ ਵਾਸਤੇ ਤੂੰ ਜਾਂ ਉਸ ਨੇ ਕੁਝ ਕੀਤਾ ਜਾਂ ਨਹੀਂ ?

ਚਿ ਮਰਦੀ ਕਿ ਅਖ਼ਗਰ ਖ਼ਮੋਸ਼ਾਂ ਕੁਨੀ ॥
ਕਿ ਆਤਸ਼ ਦਮਾਂ ਰਾ ਬਦਉਰਾਂ ਕੁਨੀ ॥ ੭੯ ॥

ਮਰਦੀ=ਬਹਾਦਰੀ,ਸੂਰਬੀਰਤਾ। ਅਖਗਰ=ਚੰਗਿਆੜੇ। ਖ਼ਮੋਸ਼ਾਂ ਕੁਨੀ=ਚੁਪ ਕਰਾਉਣਾ (ਭਾਵ-ਬੁਝਾਉਣਾ) ਆਤਸ਼=ਅਗ। ਦਮਾਂ-ਭੜਕੀ ਹੋਈ, ਭੜ ੨ ਕਰਕੇ ਬਲਦੀ ਹੋਈ। ਰਾ =ਦਾੜ ਨੂੰ। ਬਦਉਰਾਂ–ਹੋਰ ਭੜਕਾਉਣਾ, ਅਗ ਨਾਲੋਂ ਭੀ ਤੇਜ਼।

(ਇਹ) ਕਿਸ ਤਰ੍ਹਾਂ ਦੀ ਬਹਾਦਰੀ ਹੈ; ਜੋ ਚੰਗਿਆੜਿਆਂ ਨੂੰ ਬੁਝਾਉਣਾ ਕਰਦ ਹੈ, (ਅਤੇ) ਜੋ ਅੱਗ ਭੜ ੨ ਕਰਕੇ ਮਚ ਰਹੀ ਹੈ, (ਉਸ) ਨੂੰ ਹੋਰ ਭੀ ਤੇਜ ਕਰ ਰਿਹਾ ਹੈ ॥੭੯॥

ਭਾਵ–ਪਿਛਲੇ ਹੀ ਭਾਵ ਨੂੰ ਫਿਰ ਦੁਹਰਾਉਂਦੇ ਹਨ, ਅੱਗ ਦੇ ਚੰਗਿਆੜੇ ਕਿਸੇ ਦੀ ਮਦਦ ਨਾਲ ਭੜਕ ਸਕਦੇ ਹਨ; ਬਿਨਾਂ ਸਹਾਇਤਾ ਤੋਂ ਉਹ ਭੜਕਨਗੇ ਨਹੀਂ ਸਗੋਂ ਆਪੇ ਹੀ ਬੁਝ ਜਾਣਗੇ, ਜੋ ਅਗੇ ਹੀ ਅਗ ਭੜਕੀ ਹੋਈ ਹੈ, ਉਸ ਉਤੇ ਪਾਣੀ ਦਾ ਛਿਟਾ ਦੇਣਾ ਭੀ ਮਾਨੋ ਉਸ ਦੀ ਭੜਕ ਨੂੰ ਬੁਲੰਦ ਕਰਨਾ ਹੈ। ਔਰੰਗਜ਼ੇਬ ! ਜ਼ਰਾ ਗਿਰੇਵਾਨ ਵਿਚ ਮੂੰਹ ਪਾ ਕੇ ਸੋਚ, ਤੇਰੇ ਜ਼ੁਲਮ ਨੂੰ ਠੰਢਾ ਕਰਨ ਵਾਸਤੇ 'ਖਾਲਸਾ' ਪੈਦਾ ਹੋਇਆ ਹੈ, ਜੋ ਤੇਰੇ ਜ਼ੁਲਮਾਂ ਨੂੰ ਫੂਕਨ ਵਾਸਤੇ ਇਕ ਅਗ ਦਾ ਅਲਾਂਬਾ ਹੋ ਗਿਆ ਹੈ, ਪਰ ਤੂੰ ਮੇਰੇ ਬਚੇ ਮਰਵਾ ਰਿਹਾ ਹੈਂ, ਜਿਨ੍ਹਾਂ ਦਾ ਇਸ ਤੇਰੇ ਜ਼ੁਲਮ ਨਾਲ ਕੋਈ ਵਾਹ ਨਹੀਂ ਹੈ,ਪਰ ਹਾਂ ਖਾਲਸੇ ਦੀ ਸੰਗਤ ਕਰਕੇ ਉਹ ਬਚੇ ਭੀ ਭੜਕਦੀ ਅਗ ਹੋ ਸਕਦੇ ਸਨ, ਖਾਲਸੇ ਤੋਂ ਬਿਨਾਂ ਹੋਣ ਕਰਕੇ ਉਨ੍ਹਾਂ ਨੇ ਆਪੇ ਹੀ ਇਥੋਂ ਤੁਰ ਜਾਣਾ ਸੀ। ਉਨ੍ਹਾਂ ਦੇ ਤੁਰ ਜਾਣ ਨਾਲ ਮੈਨੂੰ ਕੋਈ ਦੁਖ ਨਹੀਂ ਹੋਇਆ, ਕਿਉਂਕਿ ਮੇਰੀਆਂ ਆਸਾਂ ਉਮੈਦਾਂ ਦਾ ਮੁਦ ਮੇਰਾ 'ਭੁਜੰਗੀ' (ਕਰੁੰਡੀਆ ਸੱਪ–ਪਚੀਦਹ ਮਾਰ) ਮੌਜੂਦ ਬੈਠਾ ਹੈ, ਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੇ ਖਾਲਸਾ ਪੰਥ ਵਿਚ ਇਕ ਅਜੇਹੀ ਲੈਹਰ ਪੈਦਾ ਕਰ ਦਿਤੀ ਹੈ, ਜੋ ਤੇਰੀ ਬਾਦਸ਼ਾਹੀ ਦੀਆਂ ਜੜ੍ਹਾਂ ਨੂੰ ਪੁਟ ਕੇ ਖਾਰੇ ਸਮੁੰਦਰ ਵਿਚ ਸੁਟ ਦੇਵੇਗੀ।

ਚਿ ਖ਼ੁਸ਼ ਗੁਫ਼ਤ ਫਿਰਦੌਸੀਏ ਖ਼ੁਸ਼ ਜ਼ਬਾਂ ॥

ਸ਼ਿਤਾਬੀ ਬਵਦ ਕਾਰਿ ਅਹਿਰਮਨਾਂ ॥ ੯੦ ॥

ਚਿ-ਕੇਸਾ। ਖੁਸ਼-ਚੰਗਾ। ਗੁਫ਼ਤ-ਕਿਹਾ ਹੈ। ਫਿਰਦੌਸੀਏ-ਫਿਰਦੌਸੀ ਨੇ (ਫਿਰਦੌਸੀ ਇਕ ਕਵੀ ਦਾ ਨਾਮ ਹੈ,ਜਿਸ ਨੇ ਮਹਮੂਦ ਗਜ਼ਨਵੀ ਦੇ ਜ਼ਮਾਨੇ ਵਿਚ ਸ਼ਾਹਨਾਮਾ ਨਾਮ ਦੀ ਕਿਤਾਬ ਲਿਖੀ ਸੀ)। ਖੁਸ਼ ਜ਼ਬਾਂ=ਸੋਹਣੀ ਜੁਬਾਨ, ਮਿਠੀ ਰਸਨਾ ਨਾਲ। ਸ਼ਿਤਾਬੀ-ਕਾਹਲੀ। ਬਵਦ-ਹੁੰਦੀ ਹੈ, ਕਰਨੀ। ਕਾਰਿ=ਕੰਮ ਹੈ। ਅਹਿਰਮਨਾਂ=(ਅਹਿਰਮਨ ਦਾ ਬ: ਬ) ਰਾਖਸ਼ਾਂ ਦੇਵਾਂ (ਭਾਵ-ਸ਼ੈਤਾਨਾਂ)।

ਸੋਹਣੀ ਰਸਨਾਂ ਵਾਲੇ ਫਿਰਦੌਸੀ (ਕਵੀ) ਨੇ ਕੇਹੀ ਚੰਗੀ ਗੱਲ (ਸ਼ਾਹ ਨਾਮੇ ਵਿਚ) ਆਖੀ ਹੈ, (ਕਿ) ਕਾਹਲੀ ਕਰਨੀ ਸ਼ੈਤਾਨਾਂ ਦਾ ਕਮ ਹੈ ॥੯੦॥

ਭਾਵ-ਸਾਹਿਬਜ਼ਾਦਿਆਂ ਦੇ ਕਤਲ ਕਰਨ ਦਾ ਕੰਮ, ਜੋ ਵਜੀਦ ਖਾਂ ਨੇ ਕੀਤਾ ਹੈ, ਇਹ ਇਨਸਾਨਾਂ ਦਾ ਕੰਮ ਨਹੀਂ ਸੀ, ਏਹ ਸ਼ੈਤਾਨਾਂ ਵਾਲਾ ਕੰਮ ਸੀ ਜੋ ਉਸ ਨੇ ਕੀਤਾ। ਫਿਰ ਇਸਤਰ੍ਹਾਂ ਦੇ ਸ਼ੈਤਾਨੀ ਕੰਮ ਕਰਨ ਵਾਲਿਆਂ ਨੂੰ ਤੂੰ ਆਪਣੇ ਸਭ ਤੋਂ ਵਡੇ ਅਹਿਲਕਾਰ ਬਣਾਇਆ ਹੋਯਾ ਹੈ।

ਕਿ ਮਾ ਬਾਰਗਹਿ ਹਜ਼ਰਤ ਆਯਮ ਸ਼ੁਮਾ ॥
ਅਜ਼ਾਂ ਰੋਜ਼ ਬਾਸੀ ਵ ਸ਼ਾਹਿਦ ਸ਼ੁਮਾ ॥ ੯੧ ॥

ਮਾ-ਮੈਂ। ਬਾਰਗਹਿ-ਦਰਬਾਰ, ਕਚੈਹਰੀ। ਹਜ਼ਰਤ-ਰੱਬ। ਆਯਮ-ਆਵਾਂਗਾ। ਸ਼ੁਮਾ-ਤੁਹਾਡੇ। ਅਜ਼ਾ ਰੋਜ਼-ਉਸ ਦਿਨ। ਬਾਸ਼ੀ-ਹੋਵਾਂ।(੨)ਸਰਦਾਰ। ਸ਼ਾਹਿਦ-ਗਵਾਹ। ਸ਼ੁਮਾ-ਤੁਸੀਂ।

ਤੁਹਾਡੇ ਰਬ ਦੀ ਦਰਗਾਹ ਵਿਚ ਮੈਂ ਆਵਾਂਗਾ, ਉਸ ਦਿਨ ਉਸ ਸਰਦਾਰ ਉਤੇ ਤੂੰ ਗਵਾਹ ਹੋਵੀਂ ॥੯੧॥

ਭਾਵ-ਜਦ ਸਚੇ ਰਬ ਦੀ ਦਰਗਾਹ ਵਿਚ ਸਭ ਦੇ ਲੇਖੇ ਦਾ ਹਿਸਾਬ ਹੋਵੇਗਾ ਉਸ ਦਿਨ ਤੇਰੇ ਗਿਰੇਬਾਨ ਵਿਚ ਮੇਰਾ ਹਥ ਹੋਵੇਗਾ। ਮੈਂ ਤੈਥੋਂ ਪੁਛਾਂਗਾ ਕਿ ਬੇਗੁਨਾਹ ਬਚੇ ਵਜੀਦ ਖਾਂ ਨੇ ਕਿਉਂ ਮਾਰੇ ? ਕੀ ਤੂੰ ਉਨ੍ਹਾਂ ਦੇ ਮਾਰ ਦੇਣ ਦਾ ਹੁਕਮ ਉਸ ਨੂੰ ਦਿਤਾ ਸੀ ? ਜੇ ਮਾਰਨ ਦਾ ਹੁਕਮ ਦਿਤਾ ਸੀ ਤਾਂ ਕਿਸ ਅਪਰਾਧ ਦੇ ਬਦਲੇ ਵਿਚ ਉਨ੍ਹਾਂ ਨੂੰ ਮਾਰਿਆ ਗਿਆ ? ਜੇਕਰ ਤੂੰ ਉਨ੍ਹਾਂ ਦੇ ਮਾਰਨ ਦਾ ਹੁਕਮ ਨਹੀਂ ਦਿਤਾ ਸੀ ਤਾਂ ਫਿਰ ਉਸ ਨੇ ਉਨ੍ਹਾਂ ਨੂੰ ਕਿਉਂ ਮਰਵਾਇਆ ? ਇਸ ਗਲ ਦੀ ਗਵਾਹੀ ਆਪਣੇ ਸਚੇ ਖੁਦਾ ਦੀ ਦਰਗਾਹ ਵਿਚ ਤੈਨੂੰ ਦੇਣੀ ਪਵੇਗੀ ਅਤੇ ਜ਼ਰੂਰ ਹੀ ਦੇਣੀ ਪਵੇਗੀ।

ਵਗਰਨਹ ਤੁ ਈਂ ਹਮ ਫ਼ਰਾਮੁਸ਼ ਕੁਨੱਦ ॥
ਤੁਰਾ ਹਮ ਫ਼ਰਾਮੋਸ਼ ਯਜ਼ਦਾ ਕੁਨਦ ॥ ੯੨ ॥

ਵਗਰਨਹ=ਜੇਕਰ। ਈਂ=ਇਹ। ਹਮ=ਭੀ। ਫ਼ਰਾਮੁਸ਼=ਭੁਲਾਉਣਾ। ਤੁਰਾ ਹਮ=ਤੈਨੂੰ ਭੀ। ਫਰਾਮੋਸ਼=ਭੁਲਾ ਦੇਣਾ। ਯਜਦਾ=ਪ੍ਰਮਾਤਮਾ।

ਜੇਕਰ ਤੂੰ ਇਸ ਨੂੰ ਭੁਲਾਉਣਾ ਕਰੇਂਗਾ (ਤਾਂ) ਤੈਨੂੰ ਭੀ ਖੁਦਾ ਭੁਲੌਣਾ ਕਰੇਗਾ ॥੯੨॥

ਅਗਰ ਕਾਰ ਈਂ ਬਰ ਤੋ ਬਸਤੀ ਕਮਰ ॥
ਖੁਦਾਵੰਦ ਬਾਸ਼ਦ ਤੁਰਾ ਬਹਿਰਾਵਰ ॥ ੯੩ ॥

ਅਗਰ—ਜੇਕਰ। ਕਾਰਿ—ਈਂ—ਇਸ ਕੰਮ ਦੇ। ਬਰ—ਉਤੇ। ਤੋ—ਤੂੰ। ਬਸਤੀ—ਬੰਨ੍ਹ ਲਿਆ। ਬਾਸ਼ਦ—ਹੋਵੇਗਾ। ਬਹਿਰਵਾਰ—ਖੁਸ਼ ਨਸੀਬ ਜਾਂ ਫਲ ਦਾਤਾ।

ਜੇਕਰ ਤੂੰ ਇਸ ਕੰਮ ਦੇ (ਪੂਰਾ ਕਰਨ) ਉਤੇ ਲਕ ਬੰਨ੍ਹ ਲਿਆ (ਤਦ) ਖ਼ੁਦਾਵੰਦ ਤੈਨੂੰ ਫਲਦਾਤਾ ਹੋਵੇਗਾ ॥੯੩॥

ਭਾਵ-ਸ਼ੇਅਰ ੯੧ ਵਿਚ ਕਿਹਾ ਹੈ, 'ਰੱਬ ਦੀ ਦਰਗਾਹ ਵਿਚ, ਤੇਰੇ ਸਰਦਾਰ ਉਤੇ ਤੈਨੂੰ ਗਵਾਹੀ ਦੇਣੀ ਪਏਗੀ।' ਉਸ ਗੱਲ ਦੀ ਦ੍ਰਿੜ੍ਹਤਾ ਲਈ ਇਹਨਾਂ ਦੋਹਾਂ ਬੈਂਤਾਂ ਵਿਚ ਫੁਰਮਾਉਂਦੇ ਹਨ, ਜੇਕਰ ਤੂੰ ਕਿਸੇ ਲਿਹਾਜ ਮਲਾਹਜੇ ਵਿਚ ਆ ਕੇ ਇਸ ਗੱਲ ਨੂੰ ਭੁਲ ਜਾਏਂਗਾ ਜੇ ਖੁਦਾ ਦੀ ਯਾਦ ਵਿਚੋਂ ਤੂੰ ਭੁਲ ਗਿਆ ਤਾਂ ਫਿਰ 'ਸੋ ਮੂਆ ਜਿਸ ਮਨਹੁ ਵਸਾਰੇ' ਜਿਵੇਂ ਕਛੂ ਨੇ ਜਿਸ ਬਚੇ ਨੂੰ ਮਨ ਤੋਂ ਭੁਲਾ ਦਿਤਾ, ਓਹੀ ਅੰਡਾ ਗੰਦਾ ਹੋ ਕੇ ਨਸ਼ਟ ਹੋ ਜਾਂਦਾ ਹੈ, ਇਵੇਂ ਹੀ ਤੇਰੀ ਮੌਤ ਭੀ ਫਿਰ ਛੇਤੀ ਹੀ ਆ ਜਾਵੇਗੀ। ਪਰ ਜੇਕਰ ਤੂੰ ਇਸ ਇਨਸਾਫ ਦੇ ਕਰਨ ਲਈ ਤਿਆਰ ਹੋ ਜਾਵੇਂ ਤਾਂ ਫਿਰ ਖੁਦਾਵੰਦ ਕਰੀਮ ਤੈਨੂੰ ਹਰ ਤਰ੍ਹਾਂ ਨਾਲ ਖੁਸ਼ ਨਸੀਬ ਕਰੇਗਾ।

ਕਿ ਈਂ ਕਾਰ ਨੇਕ ਅਸਤੁ ਦੀਂ ਪਰਵਰੀ ॥
ਚੁ ਯਜ਼ਦਾ ਸ਼ਨਾਸੀ ਬਜਾਂ ਬਰਤਰੀ ॥ ੯੪ ॥

ਦੀਂ ਪਰਵਰੀ—ਧਰਮ ਦੀ ਪਾਲਨਾ ਕਰਨੀ। ਸ਼ਨਾਸੀ—ਪਛਾਣ। ਬਰਤਰੀ—ਵਡਾ। ਬਜਾਂ—ਜਾਨ।

ਜੋ ਧਰਮ ਦੀ ਪਾਲਣਾ ਕਰਨੀ ਹੈ, ਇਹ ਨੇਕ ਕੰਮ ਹੈ, (ਪਰ ਜੋ) ਰਬ ਦੀ ਪਛਾਣ ਕਰਨੀ ਹੈ, (ਇਹ) ਜਾਨ ਨਾਲੋਂ ਭੀ ਵਡਾ ਉਚਾ ਦਰਜਾ ਹੈ ॥੯੪॥

ਭਾਵ-ਰਾਜੇ ਚੁਲੀ ਨਿਆਉ ਕੀ' ਹੁਕਮ ਹੈ। ਇਸ ਵਾਸਤੇ ਫੁਰਮਾਉਂਦੇ ਹਨ, ਕਿ ਇਹ ਇਨਸਾਫ ਕਰਾਉਣ ਦਾ ਜੋ ਕੰਮ ਹੈ ਇਹੋ ਤੇਰਾ ਧਰਮ ਹੈ। ਇਸ ਨੂੰ ਪੂਰਾ ਕਰਾਉਣ, ਮਾਨੋ ਤੂੰ ਆਪਣੀ ਦੀਨ ਪਰਵਰੀ ਕਰ ਰਿਹਾ ਹੈਂ। ਫਿਰ ਇਸ ਕੰਮ ਦਾ ਕਰਨਾ 'ਰਬ ਦੀ ਪਛਾਣ' ਹੈ, ਜੋ ਇਸ ਜ਼ਿੰਦਗੀ ਨਾਲੋਂ ਭੀ ਬੇਹੱਦ ਉਤਮ ਹੈ, ਇਸ ਵਾਸਤੇ ਤੂੰ ਇਸ ਦੇ ਪੂਰਾ ਕਰਨ ਦੀ ਸਿਰ ਤੋੜ ਕੋਸ਼ਸ਼ ਕਰ।

ਤੁਰਾ ਮਨ ਨ ਦਾਨਮ ਕਿ ਯਜ਼ਦਾ ਸ਼ਨਾਸ ॥
ਬਰਾਮਦ ਜ਼ਿ ਤੋ ਕਾਰਹਾ ਦਿਲ ਖਰਾਸ਼ ॥ ੯੫ ॥

ਤੁਰਾ—ਤੈਨੂੰ। ਮਨ—ਮੈਂ। ਦਾਨਮ—ਜਾਣਦਾ ਮੈਂ। ਸ਼ਨਾਸੀ—ਪਛਾਣ ਵਾਲਾ। ਬਰਾਮਦ—ਹੋ ਚੁਕੇ। ਕਾਰਹ—ਬਹੁਤ ਕੰਮ। ਖਰਾਸ਼—ਦੁਖੀ ਕਰਨਾ।

ਮੈਂ ਤੈਨੂੰ ਰਬ ਦੀ ਪਛਾਣ ਵਾਲਾ ਨਹੀਂ ਜਾਣਦਾ, (ਕਿਉਂਕਿ) ਤੇਰੇ ਪਾਸੋਂ ਬਹੁਤ ਕੰਮ ਦਿਲ ਦੁਖੀ ਕਰਨ ਵਾਲੇ ਹੋ ਚੁਕੇ ਹਨ ॥੯੫॥

ਭਾਵ-'ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ।' ਰੱਬ ਦੇ ਪਿਆਰ ਵਾਲਾ ਤੇ ਰੱਬ ਦੀ ਪਛਾਨ ਵਾਲਾ ਕਿਸੇ ਦੇ ਭੀ ਦਿਲ ਨੂੰ ਦੁਖਾਉਂਦਾ ਨਹੀਂ ਹੈ। ਤੇਰੇ ਪਾਸੋਂ ਅਨੇਕਾਂ ਅਜੇਹੇ ਕੰਮ ਅਜ ਤਕ ਹੋ ਚੁਕੇ ਹਨ, ਜਿਨ੍ਹਾਂ ਨਾਲ ਅਨੇਕਾਂ ਦਿਲ ਦੁਖੀ ਹੋਏ ਹਨ। ਫਿਰ ਮੈਂ ਤੈਨੂੰ ਕਿਸ ਤਰ੍ਹਾਂ ਜਾਣ ਲਵਾਂ ਕਿ ਤੂੰ ਰਬ ਦੀ ਪਛਾਣ ਵਾਲਾ ਹੈਂ। ਤੇਰਿਆਂ ਕੰਮਾਂ ਨੂੰ ਵੇਖ ਕੇ ਹੀ ਮੈਂ ਕਹਿ ਰਿਹਾ ਹਾਂ—'ਤੈਨੂੰ ਰਬ ਦੀ ਪਛਾਣ ਨਹੀਂ ਹੈ।'

ਸ਼ਨਾਸਦ ਹਮੀ ਤੋ ਨ ਯਜ਼ਦਾ ਕਰੀਮ ॥
ਨ ਖ਼ਾਹਦ ਹਮੀ ਤੋ ਬਦੌਲਤ ਅਜ਼ੀਮ ॥ ੯੬ ॥

ਸ਼ਨਾਸਦ—ਪਛਾਣਦਾ । ਹਮੀ ਤੋ—ਤੈਨੂੰ ਭੀ । ਕਰੀਮ—ਕ੍ਰਿਪਾਲੂ । ਖ਼ਾਹਦ—ਚਾਹੁੰਦਾ । ਅਜ਼ੀਮ—ਵਡੀ, ਬਹੁਤ ਸਾਰੀ ।

ਕ੍ਰਿਪਾਲੂ ਰੱਬ ਤੈਨੂੰ ਭੀ ਨਹੀਂ ਪਛਾਣਦਾ । ਤੇਰੀ ਬੜੀ ਵਡੀ ਦੌਲਤ ਨੂੰ ਭੀ ਚਾਹੁੰਦਾ ਨਹੀਂ ਹੈ ॥੯੬॥

ਭਾਵ—ਜੇ ਤੂੰ ਰਬ ਨੂੰ ਨਹੀਂ ਪਛਾਣਦਾ ਤਾਂ ਤੈਨੂੰ ਭੀ ਰਬ ਨਹੀਂ ਪਛਾਣਦਾ ਅਤੇ ਨਾ ਹੀ ਉਸ ਨੂੰ ਤੇਰੀ ਬਹੁਤ ਵਡੀ ਦੌਲਤ ਦੀ ਲੋੜ ਹੈ । ਤੇਰੇ ਵਰਗੇ ਉਸ ਦੇ ਦਰ ਤੇ ਕਿੰਨੇ ਹੀ ਕੀੜੇ ਰੁਲ ਰਹੇ ਹਨ, ਉਹ ਤੇਰੇ ਵਰਗਿਆਂ ਦੀ ਕੀ ਪਰਵਾਹ ਰਖਦਾ ਹੈ ? ਤੈਨੂੰ ਹੀ ਆਪਣੇ ਭਲੇ ਲਈ ਉਸ ਨੂੰ ਪਛਾਨਣ ਦੀ ਲੋੜ ਹੈ ।

ਅਗਰ ਸਦ ਕਰਾਂ ਰਾ ਬਖ਼ੁਰਦੀ ਕਸਮ ॥
ਮਰਾ ਏਤਬਾਰੇ ਨ ਈਂ ਜ਼ੱਰਹ ਦਮ ॥ ੯੭ ॥

ਸਦ—ਸੌ । ਕੁਰਾ—ਕੁਰਾਨ । ਰਾ—ਦੀ । ਬਖੁਰਦੀ—ਖਾਵੇਂ । ਮਰਾ—ਮਨੂੰ । ਈਂ ਜ਼ੱਰਹ ਦਮ —ਇਸ ਦਮ ਰਤੀ ਜਿੰਨਾ ।

ਜੇਕਰ ਸੈਂਕੜੇ ਸੌਂਹਾਂ ਕੁਰਾਨ ਦੀਆਂ ਖਾ ਲਵੇਂ, (ਤਦ) ਇਸ ਦਮ ਮੈਨੂੰ ਰੱਤੀ ਜਿੰਨਾ ਭੀ ਇਤਬਾਰ ਨਹੀਂ ਹੈ ॥੯੭॥

ਭਾਵ—ਜੇਕਰ ਤੂੰ ਹੁਣ ਭੀ ਕਿਸੇ ਕਾਜ਼ੀ-ਵਾਜ਼ੀ ਨੂੰ ਭੇਜ ਕੇ ਸੌ ਕਸਮ ਕੁਰਾਨ ਦੀ ਖਾ ਲਵੇਂ, ਤੇ ਕਹਿ ਭੇਜੇਂ ਕਿ ਇਥੇ ਆ ਜਾਓ, ਮੈਂ ਇਥੇ ਹੀ ਸਾਰਾ ਸਮਝੌਤਾ ਕਰ ਲਵਾਂਗਾ ਤਾਂ ਮੈਂ ਹਰਗਿਜ਼ ਨਹੀਂ ਆਵਾਂਗਾ, ਕਿਉਂਕਿ ਮੈਨੂੰ ਤੇਰੀਆਂ ਕਸਮਾਂ ਦਾ ਇਤਬਾਰ ਨਹੀਂ ਹੈ । ਮੈਂ ਉਸ ਵੇਲੇ ਭੀ ਇਤਬਾਰ ਨਹੀਂ ਕਰਦਾ ਸਾਂ । ਪਰ ਤੇਰੇ ਕਾਜ਼ੀ ਨੇ ਕਈ ਅਜਿਹੀਆਂ ਗੱਲਾਂ ਕੀਤੀਆਂ ਜਿਨ੍ਹਾਂ ਨੂੰ ਸੁਣ ਕੇ ਮੇਰਾ ਭੁਜੰਗੀ (ਖਾਲਸਾ ਤੈਨੂੰ ਸਚ ਜਾਣ ਗਿਆ । ਮੈਂ ਭੁਜੰਗੀ ਦੇ ਕਹੇ ਤੇਰੀਆ ਸੌਂਹਾਂ ਨੂੰ ਉਸ ਵੇਲੇ ਮੰਨ ਗਿਆ ਸੀ, ਉਥੇ ਹਨ ਭੁਜੰਗੀ ਨੂੰ ਤੇਰੀਆਂ ਝੂਠੀਆਂ ਸੌਂਹਾਂ ਦਾ ਕੌੜਾ ਤਜਰਬਾ ਹੋ ਚੁਕਾ ਹੈ, ਇਸ ਕਾਰਨ ਕਰਕੇ ਹੁਣ ਕੋਈ ਭੀ ਵਜ੍ਹਾ ਨਹੀਂ ਜੋ ਤੇਰੀਆਂ ਸੈਂਕੜੇ ਸੌਂਹਾਂ ਦਾ ਭੀ ਇਤਬਾਰ ਕੀਤਾ ਜਾਵੇ ।

ਹਜ਼ੂਰੀ ਨਿਆਯਮ ਨ ਈਂ ਰਹ ਸ਼ਵਮ ॥
ਅਗਰ ਸ਼ਾਹ ਬਖਾਹਦ ਨ ਆਂ ਜਾ ਰਵਮ ॥ ੯੮ ॥

ਹਜ਼ੂਰੀ—ਤੇਰੇ ਦਰਬਾਰ ਵਿਚ । ਨਿਆਯਮ—ਮੈਂ ਨਹੀਂ ਜਾਵਾਂਗਾ । ਰਹ—ਰਾਹ । ਸ਼ਵਮ—ਪਾਵਾਂਗਾ । ਸ਼ਾਹ—ਬਾਦਸ਼ਾਹ । ਖਾਹਦ—ਚਾਹੇਗਾ । ਆਂ ਜਾ—ਉਸ ਜਗ੍ਹਾ । ਰਵਮ—ਜਾਵਾਂਗਾ ।

ਮੈਂ ਤੇਰੇ ਦਰਬਾਰ ਵਿਚ ਨਹੀਂ ਆਵਾਂਗਾ, ਨਾ ਹੀ ਇਸ ਰਾਹ ਪਵਾਂਗਾ । ਜਿਥੇ ਪਾਤਸ਼ਾਹ ਚਾਹੇ ਉਸ ਜਗ੍ਹਾ ਭੀ ਨਹੀਂ ਜਾਵਾਂਗਾ ॥ ੯੮ ॥

ਭਾਵ—ਸਾਫ ਦਸ ਦਿਤਾ ਹੈ ਕਿ ਤੇਰਾ ਇਤਬਾਰ ਨਹੀਂ, ਜੇ ਤੂੰ ਸਦ ਘਲੇਂਗਾ ਮੈਂ ਨਹੀਂ

ਆਵਾਂਗਾ। ਭਲਾ ਜੇ ਤੂੰ ਇਹ ਹੀ ਕਹਿ ਦੇਵੇਂ ਕਿ ਉਧਰ ਤੋਂ ਤੁਸੀਂ ਫਲਾਣੇ ਟਿਕਾਣੇ ਤੇ ਪੁਜ ਜਾਵੋ, ਇਧਰੋਂ ਮੈਂ ਉਥੇ ਪਹੁੰਚ ਜਾਂਦਾ ਹਾਂ ਅਰਥਾਤ ਦੋਹਾਂ ਦੇ ਦਰਮਿਆਨ ਕਿਸੇ ਟਿਕਾਣੇ ਉਤੇ ਹੀ ਮੁਲਾਕਾਤ ਹੋ ਜਾਵੇ ਤਾਂ ਮੈਂ ਉਥੇ ਭੀ ਨਹੀਂ ਜਾਵਾਂਗਾ। ਕਾਰਨ ਕੇਵਲ ਇਕੋ ਹੀ ਹੈ, ਜੋ ਤੇਰਾ ਇਤਬਾਰ ਮੈਨੂੰ ਰੱਤੀ ਜਿੰਨਾ ਭੀ ਨਹੀਂ ਹੈ।

ਇਥੋਂ ਤਕ ਔਰੰਗਜ਼ੇਬ ਦੀ ਬੇਇਨਸਾਫੀ, ਕਪਟ ਤੇ ਅਧਰਮ ਆਦਿਕ ਸਾਰੀਆਂ ਬਦੀਆਂ ਉਸ ਨੂੰ ਨਿਧੜਕ ਹੋ ਕੇ ਲਿਖੀਆਂ ਹਨ, ਪਰ ਉਸ ਵਿਚ ਕਈ ਗੁਣ ਭੀ ਹਨ। ਉਸ ਦੇ ਗੁਣਾਂ ਨੂੰ ਕਿਸੇ ਰੰਜ ਦੇ ਕਾਰਨ ਅਖਾਂ ਤੋਂ ਓਹਲੇ ਨਹੀਂ ਕਰਦੇ, ਉਹ ਭੁਲਾਏ ਨਹੀਂ। ਅਗੇ ਉਸ ਦੇ ਗੁਣਾਂ ਦਾ ਵਰਣਨ ਕਰਦੇ ਹਨ-

ਖੁਸ਼ਸਤ ਸ਼ਾਹਿ ਸ਼ਾਹਾਨਿ ਅਉਰੰਗਜ਼ੇਬ ॥
ਕਿ ਚਾਲਾਕ ਦਸਤਸਤੁ ਚਾਬਕ ਰਕੇਬ ॥ ੮੯ ॥

ਖੁਸ਼ਸਤ-(ਖੁਸ਼+ਅਸਤ) ਭਾਗਾਂ ਵਾਲਾ ਹੈ। ਚਾਲਾਕ ਦਸਤਸਤੁ-ਫੁਰਤੀਲੇ ਹਥ ਵਾਲਾ ਹੈ। ਚਾਬਕ ਰਕੇਬ-ਪਕਾ ਘੋੜ ਸਵਾਰ।

ਰਾਜਿਆਂ ਦਾ ਰਾਜਾ ਔਰੰਗਜ਼ੇਬ ਖੁਸ਼ ਨਸੀਬੇ ਵਾਲਾ ਹੈ। (ਤਲਵਾਰ ਚਲਾਉਣ ਵਿਚ) ਫੁਰਤੀਲੇ ਹਥ ਵਾਲਾ ਹੈ ਤੇ ਪਕਾ ਘੋੜ ਸਵਾਰ ਹੈ ॥੮੯॥

ਕਿ ਹੁਸ਼ਨਲ ਜਮਾਲ ਅਸਤ ਰਉਸ਼ਨ ਜ਼ਮੀਰ ॥
ਖ਼ੁਦਾਵੰਦ ਮੁਲਕ ਅਸਤ ਸਾਹਿਬ ਅਮੀਰ ॥ ੯੦ ॥

ਹੁਸਨਲ-ਬੜੇ ਸੁੰਦਰ ਰੂਪ ਵਾਲਾ। ਜਮਾਲ-ਚੇਹਰੇ ਦੀ ਦਮਕ ਰਉਸ਼ਨ-(ਰੌਸ਼ਨ) ਪ੍ਰਕਾਸ਼ ਵਾਲੀ। ਜ਼ਮੀਰ-ਬੁਧੀ। ਖੁਦਾਵੰਦ-ਮਾਲਕ।

ਬੜੇ ਸੁੰਦਰ ਰੂਪ ਵਾਲਾ ਹੈ, ਜਬ੍ਹੇ ਵਾਲਾ ਹੈ ਤ੍ਰਿਖੀ ਬੁਧੀ ਵਾਲਾ ਹੈ, ਮੁਲਕ ਦਾ ਮਾਲਕ ਹੈ ਅਤੇ ਅਮੀਰਾਂ [ਦੌਲਤ ਵਾਲਿਆਂ] ਦਾ ਸਾਹਿਬ ਹੈ ॥੯੦॥

ਬ ਤਰਤੀਬ ਦਾਨਸ਼ ਬ ਤਦਬੀਰ ਤੇਗ
ਖ਼ੁਦਾਵੰਦ ਦੇਗੋ ਓ ਖੁਦਾਵੰਦ ਤੇਗ ॥ ੯੧ ॥

ਤਰਤੀਬ-ਜੁਗਤੀ। ਬ-ਨਾਲ। ਦਾਨਸ਼-ਦਨਾਈ। ਬ ਤਦਬੀਰ-ਢੰਗ ਨਾਲ। ਖੁਦਾਵੰਦ -ਮਾਲਕ। ਦੇਗੋ-ਦੇਗ ਓ।

ਦਨਾਈ ਦੀ ਜੁਗਤੀ ਨਾਲ ਤੇ ਤਲਵਾਰ ਦੇ ਤਰੀਕੇ ਮਾਲ(ਮੁਲਕ ਨੂੰ ਕਾਬੂ ਕਰ ਰਿਹਾ ਹੈ, ਇਸ ਲਈ) ਦੇਗ ਦਾ ਮਾਲਕ ਤੇ ਤੇਗ ਦਾ ਭੀ ਮਾਲਕ ਹੈ ॥੯੧॥

ਭਾਵ-'ਦੇਗ ਦਾ ਮਾਲਕ' ਦਾ ਭਾਵ ਇਹ ਹੈ ਕਿ ਮਾਲ ਦੇ ਖਜ਼ਾਨੇ ਆਦਿਕ ਦੀ ਬਰਕਤ ਵਾਲਾ ਹੈ ਤੇ 'ਤੇਗ ਦਾ ਮਾਲਕ' ਤੋਂ ਭ ਵ ਜੰਗੀ ਸਮਾਨ ਤੇ ਜੰਗੀ ਤਾਕਤ ਦੀ ਸਾਹਿਬੀ ਵਾਲਾ ਹੈ।

ਕਿ ਰੌਸ਼ਨ ਜ਼ਮੀਰ ਅਸਤ ਹੁਸਨਲ ਜਮਾਲ ॥
ਖੁਦਾਵੰਦਿ ਬਖ਼ਸ਼ਿੰਦਹ ਏ ਮੁਲਕ ਮਾਲ ॥ ੯੨ ॥

ਪ੍ਰਕਾਸ਼ ਵਾਲੀ ਅਕਲ ਵਾਲਾ ਹੈ, ਬੜੇ ਜ਼ਬ੍ਹੇ ਤੇ ਸੁੰਦਰ ਰੂਪ ਵਾਲਾ ਹੈ। (ਪਰਜਾ ਦਾ) ਸਵਾਮੀ ਹੈ ਅਤੇ ਦੇਸ ਤੇ ਦੌਲਤ ਬਖਸ਼ਨ ਵਾਲਾ ਹੈ ॥ ੯੨ ॥

ਕਿ ਬਖ਼ਸ਼ਸ਼ ਕਬੀਰ ਅਸਤ ਦਰ ਜੰਗ ਕੋਹ ॥
ਮਲਾਇਕ ਸਿਫ਼ਤ ਚੂੰ ਸਰੱਯਾ ਸ਼ਕੋਹ ॥ ੯੩ ॥

ਬਖਸ਼ਸ਼–ਦਾਤ। ਕਬੀਰ–ਵਡੀ। ਦਰ–ਵਿਚ। ਕੋਹ–ਪਹਾੜ। ਮਲਾਇਕ–ਦੇਵਤਾ। ਚੂੰ –ਵਰਗਾ। ਸ਼ਰੱਯਾ–ਅਕਾਸ਼ ਦੀ ਚੋਟੀ। ਸ਼ਕੋਹ–ਪ੍ਰਤੱਖ।

ਜੋ ਵਡੀ ਬਖਸ਼ਸ਼ ਵਾਲਾ ਹੈ, ਜੰਗ ਵਿਚ ਪਹਾੜ ਹੈ, ਦੇਵਤੇ ਵਰਗੀ ਸਿਫਤ ਵਾਲਾ ਹੈ, ਅਕਾਸ਼ ਦੀ ਚੋਟੀ ਤਕ ਪ੍ਰਤਾਪ ਪ੍ਰਤੱਖ ਹੈ ॥੯੩॥

ਸ਼ਹਨ ਸ਼ਾਹਿ ਅਉਰੰਗ ਜ਼ੇਬ ਆਲਮੀਂ ॥
ਕਿ ਦਾਰਾਇ ਦੌਰ ਅਸਤ ਦੂਰ ਅਸਤ ਦੀਂ ॥ ੯੪ ॥

ਅਉਰੰਗ–ਗੱਦੀ, ਤਖਤ। ਜ਼ੇਬ–ਸੋਭਾ। ਆਲਮੀਂ–ਜਗਤ ਦੇ। ਦਾਰਾ–ਰਖਣ ਵਾਲਾ, ਸੰਭਾਲਣ ਵਾਲਾ। ਇ–ਦਾ। ਦੌਰ–ਧਰਤੀ ਦਾ ਚੱਕ੍ਰ। ਅਸਤ–ਹੈ। ਦੀਂ–(ਦੀਨ) ਧਰਮ।

ਪਾਤਸ਼ਾਹਾਂ ਦਾ ਪਾਤਸ਼ਾਹ ਹੈਂ, ਜਗਤ ਦੇ ਤਖਤ ਦੀ ਸੋਭਾ ਵਾਲਾ ਹੈਂ। ਧਰਤੀ ਦੇ ਚੱਕ੍ਰ ਨੂੰ ਸੰਭਾਲਣ ਵਾਲਾ (ਭਾਵ–ਸਮੇਂ ਦਾ ਪਾਤਸ਼ਾਹ) ਹੈਂ ਪਰ ਧਰਮ ਤੋਂ ਦੂਰ ਹੈਂ ॥੯੪॥

ਭਾਵ–ਸ਼ੇਅਰ ੮੯ ਤੋਂ ੯੪ ਤਕ ਇਹਨਾਂ ਛੇਆਂ ਬੈਂਤਾਂ ਵਿਚ ਔਰੰਗਜੇਬ ਦੇ ਗੁਣਾਂ ਦਾ ਵਰਣਨ ਕੀਟਾ ਹੈ, ਕਿ ਤੂੰ ਸਿਪਾਹਗੀਰੀ, ਹੁਕਮਰਾਨੀ ਰਾਜਨੀਤੀ, ਖੁਸ਼ ਨਸੀਬੀ, ਦਨਾਈ, ਕਾਮਯਾਬ ਪਾਤਸ਼ਾਹ ਹੋਣਾ, ਦੂਰੰਦੇਸ਼ੀ, ਜੰਗ ਵਿਚ ਅਹਿੱਲ ਰਹਿਣ ਆਦਿਕ ਸਾਰੇ ਗੁਣਾਂ ਵਿਚ ਪੂਰਨ ਹੈਂ। ਇਹ ਸਾਰੇ ਗੁਣ ਇਕ ਬਾਦਸ਼ਾਹ ਵਿਚ ਹੋਣੇ ਬਹੁਤ ਸੀ ਦੁਰਲਭ ਹਨ ਤੇ ਤੇਰੇ ਵਿਚ ਇਹ ਸਾਰੇ ਹੀ ਮੌਜੂਦ ਹਨ, ਖਰ ਤੇਰੇ ਵਿਚ ਇਕ ਬੜਾ ਭਾਰਾ ਘਾਟਾ ਇਹ ਹੈ, ਜੋ ਤੂੰ 'ਧਰਮ ਤੋਂ ਦੂਰ' ਹੈਂ।

ਇਸ ਤੋਂ ਪਹਿਲੇ ਭੀ ਉਸ ਦੇ ਇਨਸਾਫ, ਦੀਨ ਪਰਸਤੀ, ਸੁਖਨ ਪਰਸਤੀ, ਮੁਹੰਮਦ ਤੇ ਭਰੋਸਾ ਤੇ ਖੁਦਾ ਪਰਸਤੀ ਬਾਬਤ ਕਹਿੰਦੇ ਆਏ ਹਨ ਕਿ ਤੂੰ ਇਹਨਾਂ ਗੁਣਾਂ ਦੇ ਅਸਲੀ ਈਮਾਨ ਅਤੇ ਵਰਤਾਉ ਤੋਂ ਸਖਣਾ ਹੈਂ।

ਸਤਿਗੁਰੂ ਨਿਰਭਉ ਤੇ ਨਿਰਵੈਰ ਹੈ। ਇਸ ਨਿਰਵੈਰ ਭਾਵ ਵਿਚ ਹ ਕੇ ਸਤਿਗੁਰੂ ਜੀ ਨੇ ਔਰੰਗਜ਼ੇਬ ਦੇ ਜ ਸਚੇ ਗੁਣ ਹਠ,ਉਸ ਦੇ ਓਹ ਗੁਣ ਉਸ ਨੂੰ ਲਿਖ ਘਲੇ ਹਨ ਅਤੇ ਉਸ ਦੇ ਇਨ੍ਹਾਂ ਗੁਣਾਂ ਦੀ ਤਾਰੀਫ ਕੀਤੀ ਹੈ। ਉਸ ਦੇ ਔਗੁਣ ਲਿਖਣ ਲਗਿਆਂ ਝਿਜਕੇ ਨਹੀਂ ਹਨ, ਡਰੇ ਨਹੀਂ ਹਨ ਕਿ ਕਿਤੇ ਔਗੁਣਾਂ ਨੂੰ ਸੁਣ ਕੇ ਉਸ ਦਾ ਗੁਸਾ ਹੋਰ ਨਾ ਵਧ ਜਾਵੇ। ਜਿਸ ਤਰ੍ਹਾਂ ਗੁਣ ਲਿਖੇ ਹਨ, ਉਸੇ ਤਰ੍ਹਾਂ ਹੀ 'ਨਿਰਭਉ' ਪਦ ਵਿਚ ਰਹਿੰਦਿਆਂ ਉਸ ਦੇ ਸਾਰੇ ਔਗੁਣ ਲਿਖ ਕੇ ਘਲੇ ਹਨ ਅਤੇ ਚੇਤਾਵਣੀ ਕਰਾਈ ਹੈ ਕਿ ਇਹਨਾਂ ਔਗੁਣਾਂ ਦਾ ਤਿਆਗ ਕਰ।

ਮਨਮ ਕੁਸ਼ਤਨਮ ਕੋਹੀਆਂ ਬੁਤ ਪਰਸਤ ॥

ਕਿ ਓ ਬਤ ਪਰਸਤੰਦੁ ਮਨ ਬੁਤ ਸ਼ਿਕਸਤ ॥ ੯੫ ॥

ਮਨਮ—ਮੈਂ ਹਾਂ। ਕੁਸ਼ਤਨਮ—ਮਾਰਨ ਵਾਲਾ। ਕੋਹੀਆਂ—ਪਹਾੜੀਆਂ। ਬੁਤ ਪਰਸਤ—ਮੂਰਤੀ ਪੂਜਕ। ਪਰਸਤੰਦ—ਪੂਜਦੇ ਹਨ। ਸ਼ਿਕਸਤ—ਤੋੜਨ ਵਾਲਾ।

ਮੈਂ ਪਹਾੜੀਆਂ ਨੂੰ ਮਾਰਨ ਵਾਲਾ ਹਾਂ, (ਜੋ) ਬੁਤ ਪੂਜਕ ਹਨ। ਉਹ ਮੂਰਤੀਆਂ ਨੂੰ ਪੂਜਦੇ ਹਨ, ਮੈਂ ਬੁਤ ਤੋੜਨ ਵਾਲਾ ਹਾਂ ॥੯੫॥

ਬਬੀਂ ਗਰਦਸ਼ੇ ਬੇਵਫ਼ਾਈਏ ਜ਼ਮਾਂ ॥
ਪਸੇ ਪੁਸ਼ਰ ਉਫ਼ਤਦ ਰਸਾਨਦ ਜ਼ਿਯਾ ॥ ੯੬ ॥

ਬਬੀਂ—ਵੇਖ। ਗਰਦਸ਼ੇ—ਚੱਕ੍ਰ, ਗੇੜ। ਬੇਵਫਾਈ—ਬੇ ਅਸੂਲੀ, ਹਰਾਮੀ। ਜ਼ਮਾਂ—ਜ਼ਮਾਨੇ। ਪਸੇ—ਪਿਛੇ। ਪੁਸ਼ਤ—ਪਿਠ। ਉਫਤਦ—ਪੈਂਦਾ ਹੈ। ਰਸਾਨਦ—ਪਹੁੰਚਾਂਦਾ। ਜ਼ਿਯਾ—ਘਾਟਾ, ਨੁਕਸਾਨ।

ਵੇਖ, ਜ਼ਮਾਨੇ ਦੀ ਬੇਵਫਾਈ ਦੀ ਗਰਦਸ਼, (ਜਿਸ ਦੇ ਇਹ) ਪਿਛੇ ਪੈ ਜਾਂਦਾ ਹੈ,(ਉਸ ਨੂੰ) ਨੁਕਸਾਨ ਪੁਚਾਂਦਾ ਹੈ ॥੯੬॥

ਭਾਵ--ਇਥੇ ਔਰੰਗਜ਼ੇਬ ਨੂੰ ਇਸ ਗੱਲ ਦਾ ਉਲਾਂਭਾ ਦੇ ਰਹੇ ਹਨ ਕਿ ਤੂੰ ਤੇ ਮੈਂ ਇਕੋ ਹੀ ਅਕੀਦੇ ਵਾਲੇ ਹਾਂ। ਤੂੰ ਭੀ ਰੱਬ ਦਾ ਪੂਜਕ ਹੈਂ ਤੇ ਮੈਂ ਭੀ ਇਕ ਅਕਾਲ ਦਾ ਸੇਵੀ ਹਾਂ,ਤੂੰ ਭੀ ਬੁਤ ਸ਼ਿਕੰਨ ਹੈਂ ਅਤੇ ਮੈਂ ਭੀ ਮੂਰਤੀ ਪੂਜਾ ਦਾ ਖੰਡਨ ਕਰਨ ਵਾਲਾ ਹਾਂ। ਮੇਰੀ ਪਹਾੜੀਆਂ ਨਾਲ ਲੜਾਈ ਹੋ ਜਾਣੀ ਸੀ ਤੇ ਹੋਈ, ਕਿਉਂਕਿ ਉਨ੍ਹਾਂ ਨੂੰ ਮੇਰੀ ਸਿਖਿਆ 'ਬਿਨ ਕਰਤਾਰ ਨਾ ਕਿਰਤਮ ਮਾਨੋ ॥' ਅਤੇ 'ਜਉ ਕਹੋ ਕ੍ਰਿਸ਼ਨ ਕ੍ਰਿਪਾਨਿਧ ਹੈ ਕਿ ਕਾਜ਼ ਤੇ ਬਧਿਕ ਬਾਨ ਲਗਾਯੋ ॥' ਆਦਿਕ ਬੁਰੀ ਲਗੀ ਉਨ੍ਹਾਂ ਨੇ ਮੇਰੇ ਬਰਖਿਲਾਫ ਖੰਡਾ ਫੜਿਆ, ਅਸੂਲ ਪਰਸਤੀ ਉਤੇ ਲੜਾਈ ਸ਼ੁਰੂ ਹੋ ਪਈ। ਤੂੰ ਜੋ ਆਪ ਬੁਤ ਪੂਜਾ ਦੇ ਬਰਖਿਲਾਫ ਸੈਂ, ਫਿਰ ਤੂੰ ਉਨ੍ਹਾਂ ਦਾ ਹਾਮੀ ਕਿਵੇਂ ਹੋ ਗਿਆ? ਤੇਰਾ ਮੇਰਾ ਜੰਗ ਕਿਉਂ ਸ਼ੁਰੂ ਹੋਇਆ? ਮੈਂ ਕੋਈ ਤੇਰਾ ਇਲਾਕਾ ਨਹੀਂ ਦਬਾਇਆ? ਤੇਰੇ ਬਰਖਿਲਾਫ ਪਰਜਾ ਨੂੰ ਨਹੀਂ ਭੜਕਾਇਆ? ਤੇਰੀ ਹਕੂਮਤ ਦੇ ਬਰਖਿਲਾਫ ਅਵਾਜ਼ ਨਹੀਂ ਉਠਾਈ? ਫਿਰ ਤੂੰ ਐਵੇਂ ਹੀ ਖਾ-ਮ-ਖਾਹ ਪਹਾੜੀਆਂ ਦੀ ਮਦਦ ਕਰਨ ਲਈ ਕਿਉਂ ਚੜ੍ਹ ਆਇਓਂ? ਜੇਕਰ ਤੂੰ ਸਚਾ ਅਸੂਲ ਪ੍ਰਸਤ ਹੁੰਦੋਂ ਤਾਂ ਸੋਚਦੋਂ ਕਿ ਮੈਂ ਭੀ ਮੂਰਤੀ ਪੂਜਾ ਹਟਾਉਣਾ ਚਾਹੁੰਦਾ ਹਾਂ ਤੇ ਗੁਰੂ ਜੀ ਭੀ ਮੂਰਤੀ ਪੂਜਾ ਵਲੋਂ ਦੁਨੀਆਂ ਨੂੰ ਰੋਕ ਰਹੇ ਹਨ, ਮੈਂ ਭੀ ਚਾਹੁੰਦਾ ਹਾਂ ਕਿ ਦੁਨੀਆਂ ਰੱਬ ਦੀ ਪੂਜਾ ਕਰੇ ਸਤਿਗੁਰੂ ਜੀ ਭੀ ਇਕ ਅਕਾਲ ਦੇ ਸਿਮਰਨ ਦਾ ਉਪਦੇਸ਼ ਕਰਦੇ ਹਨ, ਮੇਰੀ ਉਨ੍ਹਾਂ ਦੀ ਲੜਾਈ ਨਹੀਂ ਬਣਦੀ ਕਿਉਂਕਿ ਉਹ ਮੇਰਾ ਕੰਮ ਕਰ ਰਹੇ ਹਨ। ਪਰ ਤੂੰ ਮਤਲਬ ਪ੍ਰਸਤ ਹੈਂ ਤੇ ਆਪਣੇ ਮਤਲਬ ਨੂੰ ਗੰਢਣ ਵਾਸਤੇ ਪਹਾੜੀਆਂ ਦਾ ਮਦਦਗਾਰ ਹੋ ਗਿਆ ਹੈਂ। ਇਹੋ ਹੀ ਜ਼ਮਾਨੇ ਦੀ ਬੇਵਫਾਈ ਦੀ ਗਰਦਸ਼ ਹੈ।

ਬਬੀਂ ਕੁਦਰਤਿ ਨੇਕ ਯਜ਼ਦਾਨਿ ਪਾਕ ॥
ਕਿ ਅਜ਼ ਯਕ ਬਦਹ ਲਕ ਰਸਾਨਦ ਹਲਾਕ ॥ ੯੭ ॥

ਬਬੀਂ—ਵੇਖ। ਪਾਕ—ਪਵਿਤ੍ਰ। ਯਜ਼ਦਾਨਿ—ਰੱਬ ਦੀ। ਅਜ਼—ਪਾਸੋਂ। ਰਸਾਂਨਦ—ਪੁਚਾਂਦਾ ਹੈ। ਹਲਾਕ—ਮੌਤ।

(ਪਰ ਉਸ) ਨੇਕ-ਪਾਕ ਰਬ ਦੀ ਕੁਦਰਤ ਵਲ ਵੇਖ, (ਜੋ) ਇਕ ਪਾਸੋਂ ਦਸ ਲਖ ਨੂੰ

ਹਲਾਕਤ ਪੁਚਾਂਦਾ ਹੈ ॥ ੯੭ ॥

ਭਾਵ-'ਦਸ ਲਖ' ਦਾ ਮਤਲਬ ਬੇਗਿਣਤ ਹੈ, ਜੋ ਪਿਛੇ ਕਹਿ ਆਏ ਹਨ। ਇਥੇ ਕਹਿੰਦੇ ਹਨ ਕਿ ਔਰੰਗਜ਼ੇਬ ! ਤੂੰ ਭਾਵੇਂ ਆਪਣੇ ਮਤਲਬ ਨੂੰ ਗੰਢਣ ਵਾਸਤੇ, ਆਪਣੇ ਅਸੂਲ ਨੂੰ ਤੋੜ ਕੇ, ਬੁਤ-ਪੂਜਕਾਂ ਨਾਲ ਇਕ-ਮਿਕ ਹੋ ਗਿਆ ਹੈਂ ਪਰ ਉਨ੍ਹਾਂ ਕੱਚੀ ਮੱਤ ਵਾਲੇ ਬੁਤ ਪੂਜਕਾਂ ਨੇ ਤੇਰੀ ਚਾਲ ਨੂੰ ਨਹੀਂ ਸਮਝਿਆ। ਜੇਹੜਾ ਖਾਲਸਾ ਉਨ੍ਹਾਂ ਪਹਾੜੀਆਂ ਦੇ ਧਰਮ ਦਾ ਰਾਖਾ ਹੋਣਾ ਹੈ, ਆਪਣੇ ਧਰਮ ਦੇ ਦੁਸ਼ਮਨ ਨਾਲ ਮਿਲ ਕੇ ਉਸੇ ਦੇ ਹੀ ਨਾਸ ਕਰਨ ਲਈ ਉਸ ਨਾਲ ਲੜ ਰਹੇ ਹਨ। ਜਦ ਉਨ੍ਹਾਂ ਦਾ ਰਖਵਾਲਾ ਖਾਲਸ ਪੰਥ ਮਿਟ ਗਿਆ ਤਾਂ ਫਿਰ ਤੂੰ ਜੋ ਹੁਣ ਉਨ੍ਹਾਂ ਦਾ ਸਾਥੀ ਬਣ ਕੇ ਖਾਲਸੇ ਨੂੰ ਮੇਟਣ ਵਾਸਤੇ ਲਗਾ ਹੋਇਆਂ ਹੈਂ, ਇਨ੍ਹਾਂ ਕੱਚੀ ਮਤ ਵਾਲੇ ਪਹਾੜੀਆਂ ਦੇ ਧਰਮ ਨੂੰ ਮੇਟ ਦੇਵੇਂਗਾ। ਪਰ ਮੇਰੇ ਵਾਹਿਗੁਰੂ ਨੂੰ ਅਜਿਹਾ ਨਹੀਂ ਭਾਉਂਦਾ ਤੇ ਉਸ ਨੇ ਇਕੋ ਇਕ ਖਾਲਸੇ ਪਾਸੋਂ ਤੇਰੀ ਬੇਗਿਣਤ ਫੌਜ ਨੂੰ ਤਬਾਹ ਕਰ ਦਿਤਾ ਹੈ। ਸ੍ਰੀ ਗੁਰੂ ਗਰੰਥ ਸਾਹਿਬ ਵਿਚ ਦਾਸ ਭਟ ਦਵਾਰਾ ਬਜ਼ੁਰਗ ਸਤਿਗੁਰੂ ਜੀ ਫੁਰਮਾਉਂਦੇ ਹਨ-

ਜਾਮਿ ਗੁਰੂ ਹੋਇ ਵਲਿ ਧਨਹਿ ਕਿਆ ਗਾਰਬ ਦਿਜੈ ॥
ਜਾਮਿ ਗੁਰੂ ਹੋਇ ਵਲਿ ਲਖ ਬਾਹਹਿ ਕਿਆ ਕਿਜੈ ॥

ਚਿ ਦੁਸ਼ਮਨ ਕੁਨੱਦ ਮਿਹਰਬਾਨਸਤ ਦੋਸਤ ॥
ਕਿ ਬਖ਼ਸ਼ਿੰਦਗੀ ਕਾਰਿ ਬਖਸ਼ਿੰਦਹ ਓਸਤ ॥ ੯੮ ॥

ਮਿਹਰਬਾਨਸਤ=ਮੇਹਰਬਾਨ ਹੈ। ਚਿ=ਕੀ। ਕੁਨੱਦ=ਕਰਦਾ। ਬਖਸ਼ਿੰਦਗੀ=ਬਖਸ਼ਸ਼ ਕਰਨਾਂ। ਬਖਸ਼ਿੰਦਹ=ਬਖਸ਼ਨ ਵਾਲਾ। ਓਸਤ-ਉਹ ਹੈ।

ਦੁਸ਼ਮਨ ਕੀ ਕਰ ਸਕਦਾ ਹੈ, (ਜਦ ਕਿ) ਦਸਤ ਮੇਹਰਬਾਨ ਹੈ। ਉਸ ਬਖਸ਼ਨ ਵਾਲੇ ਦਾ ਕੰਮ ਹੀ ਬਖਸ਼ਸ਼ ਕਰਨਾ ਹੈ ॥ ੯੮ ॥

ਰਿਹਾਈ ਦਿਹੋ ਰਹਨੁਮਾਈ ਦਿਹਦ ॥
ਜ਼ਬਾਂ ਰਾ ਬ ਸਿਫ਼ਤ ਆਸਨਾਈ ਦਿਹਦ ॥ ੯੯ ॥

ਰਿਹਾਈ=ਛੁਟਕਾਰਾ। ਦਿਹੋ=ਦੇਣ ਵਾਲਾ ਹੈ। ਰਹਨੁਮਾਈ=ਰਾਹ ਵਿਖਾਉਣਾ। ਦਿਹਦ =ਦੇਂਦਾ ਹੈ। ਜ਼ਬਾਂ-ਜ਼ੁਬਾਨ, ਜੀਭ। ਰਾ-ਨੂੰ। ਸਿਫਤਾਂ-ਉਪਮਾ, ਤਾਰੀਫ। ਆਸਨਾਈ-ਪਛਾਣ

ਛੁਟਕਾਰਾ ਦੇਣ ਵਾਲਾ ਹੈ, ਰਸਤਾ ਵਿਖਾਣ ਵਾਲਾ ਹੈ। ਜੀਭ ਨੂੰ ਉਸਤਤੀ (ਕਰਨ ਦੀ) ਪਛਾਣ ਦੇਂਦਾ ਹੈ ॥ ੯੯ ॥

ਭਾਵ- ਜਾ ਤੂ ਮੇਰੇ ਵਲਿ ਹੈ ਤਾ ਕਿਆ ਮੁਹਛੰਦਾ ॥ ਤੁਧ ਸਭ ਕਿਛ ਮੈਨੋ ਸਉਪਿਆ ਜਾ ਤੇਰਾ ਬੰਦਾ ॥ ਲਖਮੀ ਤੋਟਿ ਨ ਆਵਈ ਖਾਇ ਖਰਚ ਰਹੰਦਾ ॥ ਲਖ ਚਉਰਾਸੀਹ ਮੇਦਨੀ ਸਭ ਸੇਵ ਕਰੇਂਦਾ ॥ ਏਹ ਵੈਰੀ ਮਿਤ੍ਰ ਸਭ ਕੀਤਿਆ ਨਹ ਮੰਗਹਿ ਮੰਦਾ ॥' ਵਾਹਿਗੁਰੂ ਮਿਤ੍ਰ ਰਖਵਾਲਾ ਹੋਵੇ ਤਾਂ ਫਿਰ ਦੁਸ਼ਮਨ ਦਾ ਜੋਰ ਨਹੀਂ ਪੈ ਸਕਦਾ। ਹਰ ਤਰ੍ਹਾਂ ਦੇ ਦੁਖਾ ਕਲੇਸ਼ਾਂ ਅਤੇ ਮੁਸ਼ਕਲਾਂ ਪਾਸੋਂ ਉਹ ਆਪੇ ਹੀ ਹਥ ਦੇ ਕੇ ਰਖ ਲੈਂਦਾ ਹੈ ਜਿਥੇ ਛੁਟਕਾਰੇ ਦਾ ਕੋਈ ਰਾਹ ਨਹੀਂ ਦਿਸਦਾ, ਉਥੇ ਆਪੇ ਹੀ ਰਾਹਨੁਮਾਈ ਕਰਕੇ ਆਪਣੇ ਸੇਵਕ ਨੂੰ ਸੁਖ ਅਸਥਾਨ ਉਤੇ ਲੈ ਆਉਂਦਾ ਹੈ।

ਖ਼ਸ਼ਮ ਰਾ ਚੁ ਕੋਰ ਓ ਕੁਨਦ ਵਕ਼ਤੇ ਕਾਰ ॥

ਯਤੀਮਾਂ ਬਿਰੂੰ ਬੁਰਦ ਬੇ ਜ਼ਖਮ ਖ਼ਾਰ ॥ ੧੦੦ ॥

ਖਸ਼ਮ—ਵੈਰੀ। ਰਾ—ਨੂੰ। ਚੁ—ਵਾਂਗੂੰ ਕੋਰ—ਅੰਨ੍ਹਾ। ਕੁਨਦ—ਕਰਦਾ। ਵਕਤੇ—ਵੇਲੇ ਸਿਰ। ਕਾਰ—ਕੰਮ। ਯਤੀਮਾਂ—ਅਨਾਥਾਂ (ਜਿਨ੍ਹਾਂ ਦਾ ਮਾਂ ਪਿਉ ਨਾ ਹੋਵੇ)। ਬਿਰੂੰ—ਬਾਹਰ। ਬੁਰਦ—ਕਢ ਲੈਂਦਾ। ਬੇ—ਬਿਨਾ। ਖ਼ਾਰ—ਕੰਡਾ।

ਵੈਰੀ ਨੂੰ (ਬੁਰਾ) ਕੰਮ ਕਰਨ ਵੇਲੇ ਅੰਨੇ ਵਾਂਗੂੰ ਕਰ ਦੇਂਦਾ ਹੈ। ਅਨਾਥਾਂ ਨੂੰ ਕੰਡੇ ਦਾ ਜ਼ਖਮ (ਲਗੇ ਤੋਂ) ਬਿਨਾਂ (ਹੀ ਵੈਰੀ ਦੇ ਘੇਰੇ ਤੋਂ) ਬਾਹਰ ਕਢ ਲੈਂਦਾ ਹੈ ॥੧੦੦॥

ਭਾਵ—ਮ੍ਰਿਗੀ ਪੇਖੰਤ ਬਧਿਕ ਪ੍ਰਹਾਰੇਨ ਲਖ ਆਵਧਹ ॥
ਅਹੋ ਜਸੁ ਰਖੇਣ ਗੋਪਾਲਹ ਨਾਨਕ ਰੋਮ ਨ ਛੇਦ੍ਰਤੇ ॥

ਅਨੇਕਾਂ ਵੈਰੀ ਭਾਵੇਂ ਕਠੇ ਹੋ ਜਾਣ, ਪਰ ਵਾਹਿਗੁਰੂ ਦੀ ਮੇਹਰ ਹੋਵੇ ਤਾਂ ਉਹ ਸਾਰੇ ਵੈਰੀ ਭੀ ਐਨ ਵੇਲੇ ਸਿਰ ਅੰਨੇ ਹੋ ਜਾਣਗੇ।

ਹਰਾਂਕਸ ਕਜ਼ੋ ਰਾਸਤਬਾਜ਼ੀ ਕੁਨੱਦ ॥

ਰਹੀਮੇ ਬਰੋ ਰਹਮ ਸਾਜ਼ੀ ਕੁਨੱਦ ॥ ੧੦੧ ॥

ਹਰਾਂ ਕਸ—ਜੋ ਕੋਈ ਆਦਮੀ। ਕਜ਼ੋ—ਕਿ। ਰਾਸਤਬਾਜ਼ੀ-ਸਚਿਆਈ ਜਾਂ ਸਚ ਦੀ ਕਮਾਈ ਰਹੀਮੇ—ਰਹਿਮ ਕਰਨ ਵਾਲਾ। ਬਰੋ—(ਬਰ+ਉ)ਉਸਦੇ ਉਤੇ। ਰਹਮ ਸਾਜ਼ੀ—ਰਹਿਮ ਦਾ ਵਰਤਾਓ।

ਹਰ ਉਹ ਆਦਮੀ ਜੋ ਕਿ (ਸੰਸਾਰ ਵਿਚ) ਸਚ ਦੀ ਕਮਾਈ ਕਰਦਾ ਹੈ, (ਉਹ) ਦਿਆਲੂ ਵਾਹਿਗੁਰੂ ਉਸ ਦੇ ਉਤੇ ਰਹਿਮ ਦਾ ਵਰਤਾਉ ਕਰਦਾ ਹੈ ॥੧੦੧॥

ਭਾਵ—ਵਾਹਿਗੁਰੂ ਦਾ ਰੂਪ 'ਸੱਚ' ਹੈ, ਇਹ ਜਗਤ ਉਸ 'ਸੱਚ' ਦੇ ਰਹਿਣ ਦਾ ਘਰ ਹੈ, ਇਸ ਕਾਰਨ ਕਰਕੇ ਇਸ ਜਗਤ ਵਿਚ ਸਚ ਦੀ ਕਮਾਈ ਕਰਨ ਵਾਲੇ ਉਤੇ ਉਹ ਸੱਚਾ ਦਿਆਲੂ ਹੁੰਦਾ ਹੈ ਅਤੇ ਉਸ ਦੇ ਨਾਲ ਦਯਾ ਦਾ ਵਰਤਾਉ ਕਰਦਾ ਹੈ, ਜਿਸ ਕਾਰਨ ਕਰਕੇ ਉਸ ਦਾ ਕਿਸੇ ਤਰ੍ਹਾਂ ਦਾ ਭੀ ਬੁਰਾ ਨਹੀਂ ਹੋ ਸਕਦਾ।

ਕਸੇ ਖ਼ਿਦਮਤ ਆਯਦ ਬਸੇ ਦਿਲੋ ਜਾਂ ॥

ਖ਼ੁਦਾਵੰਦ ਬਖ਼ਸ਼ੀਬ ਬਰ ਵੈ ਅਮਾਂ ॥ ੧੦੨ ॥

ਕਸੇ—ਕੋਈ। ਖ਼ਿਦਮਤ—ਸੇਵਾ। ਆਯਦ—ਆ ਜਾਵੇ। ਬਸੇ—ਬਹੁਤ। ਜਾਂ—ਜਾਨ। ਖ਼ੁਦਾਵੰਦ ਵਾਹਿਗੁਰੂ ਮਾਲਕ। ਬਖਸ਼ੀਦ—ਦੇ ਦੇਂਦਾ ਹੈ। ਬਰ ਵੈ—ਉਸ ਉਤੇ। ਅਮਾਂ—ਸੁਖ।

ਜੋ ਕੋਈ ਦਿਲੋਂ ਜਾਨੋਂ [ਹੋ ਕੇ ਉਸ ਦੀ] ਸੇਵਾ ਵਿਚ ਹੀ ਬਹੁਤ ਆਉਂਦਾ ਹੈ, ਖੁਦਾਵੰਦ ਪ੍ਰਭੂ ਉਸ ਉਤੇ ਸੁਖ ਸ਼ਾਂਤੀ ਦੀ ਬਖਸ਼ਸ਼ ਕਰਦਾ ਹੈ ॥੧੦੨॥

ਚਿ ਦੁਸ਼ਮਨ ਕਜ਼ਾਂ ਹੀਲਹ ਸਾਜ਼ੀ ਕੁਨਦ ॥

ਅਗਰ ਰਹਨੁਮਾ ਬਰ ਵੈ ਰਾਜ਼ੀ ਸ਼ਵਦ ॥ ੧੦੩ ॥

ਚਿ—ਕੀ। ਕਜ਼ਾਂ—(ਕਿ+ਅਜ਼+ਆਂ) ਸੋ ਉਸ ਨਾਲ। ਹੀਲਹ ਸਾਜ਼ੀ—ਬਹਾਨੇ ਬਨਾਉਣੇ। ਅਗਰ—ਜੇਕਰ। ਰਹਨੁਮਾ—ਰਾਹ ਵਿਖਾਉਣ ਵਾਲਾ। ਰਾਜ਼ੀ—ਪ੍ਰਸੰਨ। ਸ਼ਵਦ—ਖੁਸ਼ ਹੁੰਦਾ ਹੈ।

ਵੈਰੀ ਉਸ ਨਾਲ ਬਹਾਨੇ ਸਾਜ਼ੀ (ਚਲਾਕੀ) ਕੀ ਕਰ ਸਕੇਗਾ ? ਜੇਕਰ ਉਸ ਉਤੇ ਰਾਹ ਦਸਣ ਵਾਲਾ ਰਬ ਰਾਜ਼ੀ ਹੋਵੇ । ੧੦੩॥

ਭਾਵ—ਵਾਹਿਗੁਰੂ ਦੀ ਪ੍ਰਸੰਨਤਾ ਹੋਵੇ ਤਾਂ ਦੁਸ਼ਮਨ ਦੀਆਂ ਚਲਾਕੀਆਂ ਦੀ ਪੇਸ਼ ਨਹੀਂ ਚਲਦੀ, ਜਿਸ ਤਰ੍ਹਾਂ ਕਿ ਹੇ ਔਰੰਗਜੇਬ ! ਤੂੰ ਕਈ ਤਰ੍ਹਾਂ ਦੀਆਂ ਚਲਾਕੀਆਂ ਸਾਡੇ ਨਾਲ ਖੇਡੀਆਂ ਹਨ, ਪਰ ਵਾਹਿਗੁਰੂ ਦੀ ਮੇਹਰ ਕਰਕੇ ਤੇਰੀ ਕੋਈ ਭੀ ਚਲਾਕੀ ਕਾਰਗਰ ਨਹੀਂ ਹੋਈ ਅਤੇ ਹਰ ਚਲਾਕੀ ਮਗਰੋਂ ਤੂੰ ਆਪ ਹੀ ਝੂਠਾ ਹੁੰਦਾ ਰਿਹਾ ਹੈਂ ।

ਅਗਰ ਬਰ ਯਕ ਆਯਦ ਦਹੋ ਦਹ ਹਜ਼ਾਰ ॥

ਨਿਗਾਹ ਬਾਨੀ ਓਰਾ ਸ਼ਵਦ ਕਿਰਦਗਾਰ ॥ ੧੦੪ ॥

ਅਗਰ—ਜੇਕਰ । ਬਰ ਯਕ—ਇਕ ਉਤੇ । ਆਯਦ—ਆ ਜਾਵੇ । ਦਹੋ ਦਹ ਹਜ਼ਾਰ—ਦਸ-ਦਾਹੇ ਹਜ਼ਾਰ. ਦਸ ਵੇਰੀ ਦਸ ਹਜਾਰ(ਭਾਵ ਇਕ ਲਖ)। ਨਿਗਾਹਬਾਨ—ਰਖਵਾਲਾ । ਓਰਾ—ਉਸ ਦਾ । ਸ਼ਵਦ—ਹੁੰਦਾ । ਕਿਰਦਗਾਰ—ਕਰਤਾਰ ।

ਜੇਕਰ ਇਕ (ਇਕਲੇ ਜਣੇ) ਉਤੇ ਇਕ ਲਖ (ਦੁਸ਼ਮਨ ਚੜ੍ਹ) ਆਵੇ (ਤਦ) 'ਕਰਤਾ ਪੁਰਖ' ਉਸ ਦਾ ਰਾਖਾ ਹੁੰਦਾ ਹੈ ॥੧੦੪॥

ਤੁਰਾ ਗਰ ਨਜ਼ਰ ਹਸਤ ਲਸ਼ਕਰ ਵ ਜ਼ਰ ॥

ਕਿ ਮਾਰਾ ਨਿਗਾਹਸਤ ਯਜ਼ਦਾ ਸ਼ੁਕਰ ॥ ੧੦੫ ॥

ਤੁਰਾ—ਤੇਰੀ । ਗਰ—ਜੇਕਰ । ਹਸਤ—(ਅਸਤ) ਹੈ । ਲਸ਼ਕਰ—ਫੌਜ਼ । ਜ਼ਰ—ਦੌਲਤ । ਮਾਰਾ—ਮੇਰੀ । ਨਿਗਾਹਸਤ—ਨਜ਼ਰ ਹੈ । ਸ਼ੁਕਰ—ਧੰਨਵਾਦ ।

ਜੇਕਰ ਤੇਰੀ ਨਜ਼ਰ (ਆਪਣੀ) ਫੌਜ ਅਤੇ ਦੌਲਤ ਵਲ ਹੈ, (ਤਾਂ) ਮੇਰੀ ਨਜ਼ਰ ਅਕਾਲ ਪੁਰਖ ਦਾ ਧੰਨਵਾਦ (ਕਰਨ) ਵਲ ਹੈ ॥੧੦੫॥

ਕਿ ਓਰਾ ਗ਼ਰੂਰ ਅਸਤ ਬਰ ਮੁਲਕੋ ਮਾਲ ॥

ਵ ਮਾਰਾ ਪਨਾਹਸਤ ਯਜ਼ਦਾਂ ਅਕਾਲ ॥ ੧੦੬ ॥

ਓਰਾ—ਉਸ ਨੂੰ । ਗਰੂਰ—ਹੰਕਾਰ । ਅਸਤ—ਹੈ । ਬਰ—ਉਪਰ । ਮੁਲਕੋ ਮਾਲ—ਮੁਲਕ ਵਾ ਦੌਲਤ (ਸਲਤਨਤ) । ਪਨਾਹਸਤ—ਓਟ ਹੈ, ਆਸਰਾ ਹੈ ।

ਜੇ ਹੰਕਾਰ ਉਸ ਨੂੰ[ਆਪਣੀ] ਸਲਤਨਤ ਤੇ ਦੌਲਤ ਉਤੇ ਹੈ[ਤਾਂ] ਮੈਨੂੰ ਯਜ਼ਦਾਂ ਅਰਥਾਤ ਅਕਾਲ ਦਾ ਹੀ ਆਸਰਾ ਤੇ ਓਟ ਹੈ ॥੧੦੬॥

ਭਾਵ—ਹੇ ਔਰੰਗਜ਼ੇਬ ! ਜਿਵੇਂ ਤੂੰ ਆਪਣੀ ਸਲਤਨਤ ਤੇ ਦੌਲਤ ਦਾ ਹੰਕਾਰ ਕਰਕੇ ਮਸਤ ਹੋ ਰਿਹਾ ਹੈਂ, ਓਵੇਂ ਹੀ ਮੈਨੂੰ ਉਸ ਅਕਾਲ ਦੀ ਓਟ ਹੈ ਜਿਸ ਨੂੰ ਤੂੰ ਯਜ਼ਦਾ ਆਖਦਾ ਹੈਂ ਅਰਥਾਤ ਯਜ਼ਦਾ ਨਾਮ ਹੀ ਅਕਾਲ ਦਾ ਹੈ ਅਤੇ ਉਹ ਅਕਾਲ ਸੀ ਮੇਰਾ ਆਸਰਾ ਪਰਨਾ ਹੈ ।

ਤੁ ਗ਼ਾਫ਼ਲ ਮਸ਼ਉ ਈਂ ਸਿਪੰਜੀ ਸਰਾਇ ॥

ਕਿ ਆਲਮ ਬਿਗੁਜ਼ਰਦ ਸਰੇ ਜ਼ਾ ਬਜਾਇ ॥ ੧੦੭ ॥

ਮਸਉ—(ਮਰੋ) ਨਾ ਹੋ। ਈਂ=ਇਹ।ਸਿਪੰਜੀ=(ਸਿ—ਤਿਨ+ਪੰਜੀ—) ਅਠ ਦਿਨ ਦੀ, ਭਾਵ ਚੰਦ ਰੋਜ਼ ਦੀ। ਸਰਾਇ=ਮੁਸਾਫਰਖਾਨਾ। ਕਿ=ਜੋ। ਆਲਮ=ਜਗਤ। ਬਿਗੁਜ਼ਰਦ=ਗੁਜ਼ਰ ਰਿਹਾ, ਲੰਘ ਰਿਹਾ ਹੈ। ਸਰੇ=ਸਿਰ ਤੋਂ। ਜਾ ਬਜਾਇ=ਜਾ-ਬ-ਜਾ, ਜਗ੍ਹਾ ਜਗ੍ਹਾ ਭਾਵ ਵਾਰੋ ਵਾਰੀ ਨਾਲ।

ਤੂੰ ਗਾਫਲ ਨਾ ਹੋ, ਇਹ (ਦੁਨੀਆਂ) ਕੁਝ ਦਿਨਾਂ ਦਾ ਮੁਸਾਫਰ ਖਾਨਾ ਹੈ। ਜੋ ਜਗਤ ਲੰਘਦਾ ਜਾ ਰਿਹਾ ਹੈ, (ਸਭਨਾਂ ਦੇ) ਸਿਰ ਤੋਂ ਵਾਰੋ ਵਾਰੀ ਨਾਲ ॥੧੦੭॥

ਭਾਵ-ਜੋ ਜ਼ਗਤ ਵਾਰ ਵਾਰੀ ਨਾਲ ਲੰਘਦਾ ਜਾ ਰਿਹਾ ਹੈ, ਉਸ ਦੇ ਤੁਰੇ ਜਾਣ ਨਾਲ ਇਕ ਦਿਨ ਮੇਰੀ ਵਾਰੀ ਭੀ ਚਲੇ ਜਾਣ ਦੀ ਆ ਜਾਣੀ ਹੈ। ਦੂਜਾ ਇਸ ਜਗਤ ਨੂੰ ਮੁਸਾਫਰਖਾਨਾ ਕਿਹਾ ਹੈ। ਜਿਵੇਂ ਮੁਸਾਫਰਖਾਨੇ ਵਿਚ ਕੋਈ ਮੁਸਾਫਰ ਭੀ ਸਦਾ ਥਿਰ ਨਹੀਂ ਰਹਿੰਦਾ, ਇਵੇਂ ਹੀ ਇਸ ਜਗਤ ਵਿਚ ਮੈਂ ਥਿਰ ਨਹੀਂ ਰਹਿ ਸਕਦਾ। ਤੀਜਾ ਇਸ ਨੂੰ 'ਸਿਪੰਜੀ' ਕਿਹਾ ਹੈ। ਗੁਜਰ ਲੋਕ ਜਦ ਮਾਲ ਡੰਗਰ ਨੂੰ ਕਿਸੇ ਦੂਜੇ ਇਲਾਕੇ ਵਿਚ ਘਾਹ ਚਰਾਉਣ ਲੈ ਜਾਂਦੇ ਹਨ ਤਾਂ ਉਥੇ ਜਾ ਕੇ ਘਾਸ-ਫੂਸ ਦੀਆਂ ਟਪਰੀਆਂ ਬਣਾ ਲੈਂਦੇ ਹਨ, ਉਨ੍ਹਾਂ ਟਪਰੀਆਂ ਦਾ ਨਾਮ 'ਸਿਪੰਜੀ' ਕਹਿੰਦੇ ਹਨ। ਜਦ ਗੁਜਰ ਲੋਕਾਂ ਦੇ ਇਲਾਕੇ ਵਿਚ ਘਾਹ ਹੋ ਜਾਂਦਾ ਹੈ, ਤਦ ਉਸ ਸਿਪੰਜੀ ਨੂੰ ਉਸੇ ਤਰ੍ਹਾਂ ਹੀ ਛਡ ਕੇ ਉਹ ਆਪਣੇ ਇਲਾਕੇ ਵਿਚ ਚਲੇ ਜਾਂਦੇ ਹਨ। ਇਵੇਂ ਹੀ ਇਹ ਜਗਤ ਸਿਪੰਜੀ ਹੈ। ਇਹ ਜੀਵ ਗੁਜਰ ਵਾਂਗ ਅਤੇ ਇੰਦ੍ਰੀਆਂ ਡੰਗਰਾਂ ਵਾਂਗ ਹਨ ਜੋ ਚਾਰ ਦਿਨ ਵਿਸ਼ੇ ਰੂਪ ਘਾਹ ਚਰ ਕੇ ਸਮਾਂ ਪੁਗ ਜਾਣ ਤੇ ਤੁਰ ਪੈਣਗੇ। ਸਤਿਗੁਰਾਂ ਨੇ ਇਸ ਨੂੰ 'ਗੋਇਲ ਵਾਸਾ' ਫੁਰਮਾਇਆ ਹੈ। ਯਥਾ-

ਗੋਇਲ ਆਇਆ ਗੋਇਲੀ ਕਿਆ ਤਿਸੁ ਡੰਫ ਪਸਾਰ ॥
ਮੁਹਲਤਿ ਪੁੰਨੀ ਚਲਣਾ ਤੂੰ ਸੰਮਲਿ ਘਰ ਬਾਰ ॥
ਹਰਿ ਗੁਣ ਗਾਉ ਮਨਾ ਸਤਿਗੁਰ ਸੇਵਿ ਪਿਆਰ ॥
ਕਿਆ ਥੋੜੜੀ ਬਾਤ ਗੁਮਾਨ ॥ ਰਹਾਉ ॥
ਜੈਸੇ ਰੈਣਿ ਪਰਾਹੁਣਾ ਉਠਿ ਚਲਸਹਿ ਪਰਭਾਤ ॥
ਕਿਆ ਤੂੰ ਰਤਾ ਗਿਰਸਤ ਸਿਉ ਸਭ ਫੁਲਾ ਕੀ ਬਾਗਾਤਿ ॥
ਅਤੇ-ਗੋਇਲ ਵਾਸਾ ਚਾਰ ਦਿਨ ਕਿਆ ਕੂੜਾ ਮਾਣਾ ਰਾਮ ॥

ਬਬੀਂ ਗਰਦਸ਼ੇ ਬੇਵਫਾਈ ਜ਼ਮਾਂ ॥
ਕਿ ਬਿਗੁਜ਼ਸ਼ਤ ਬਰ ਹਰ ਮਕੀਨੋ ਮਕਾਂ ॥ ੧੦੮ ॥

ਬਬੀਂ=ਵੇਖ। ਗਰਦਸ਼ੇ=ਚੱਕ੍ਰ। ਬੇਵਫਾਈ=ਨਾ ਅੰਗ ਪਾਲਣਹਾਰ। ਜ਼ਮਾ=ਜਮਾਨਾ, ਸਮਾਂ। ਬਿਗੁਜ਼ਸ਼ਤ=ਲੰਘ ਰਿਹਾ। ਮਕੀਮ=ਮਕਾਨ ਵਾਲੇ ਤੋਂ। ਮਕਾ=ਮਕਾਨ।

ਇਸ ਬੇਵਫਾਈ ਜ਼ਮਾਨੇ ਦੀ ਗਰਦ.ਾ ਵੇਖ, ਜੋ ਹਰ ਇਕ ਮਕਾਨ ਤੇ ਮਕਾਨ ਵਾਲੇ ਦੇ ਉਤੋਂ ਦੀ ਲੰਘ ਰਿਹਾ ਹੈ ॥ ੧੦੮ ॥

ਤੂੰ ਗਰ ਜ਼ਬਰ ਆਜਿਜ਼ ਖ਼ਰਾਸ਼ੀ ਮਕੁਨ ॥
ਕ਼ਸਮ ਰਾ ਬਤੇਸ਼ਹ ਤਰਾਸ਼ੀ ਮਕੁਨ ॥ ੧੦੯ ॥

ਜ਼ਬਰ—ਬਲਵਾਨ । ਆਜਿਜ਼—ਗਰੀਬਾਂ । ਖ਼ਰਾਸ਼ੀ—ਦੁਖ ਦੇਣਾ । ਮਕੁਨ—ਨਾ ਕਰ । ਬਤੇਸ਼ਹ—ਤੇਸ ਨਾਲ । ਤਰਾਸੀ—ਛਿਲਣਾ, ਕਟ-ਵਢ ।

ਜੇਕਰ ਤੂੰ ਬਲਵਾਨ ਹੈਂ ਤਾਂ ਗਰੀਬਾਂ ਨੂੰ ਦੁਖੀ ਨਾ ਕਰ । ਕਸਮਾਂ ਦੇ ਤੇਸੇ ਨਾਲ ਛਿਲਣਾ ਨਾ ਕਰ ॥੧੦੯॥

ਭਾਵ-ਤੂੰ ਜ਼ੋਰਾਵਰ ਹੈਂ, ਦੂਜਾ ਝੂਠੀਆਂ ਸੌਹਾਂ ਖਾਂਦਾ ਹੈਂ, ਇਸ ਤਰ੍ਹਾਂ ਵਿਚਾਰੇ ਗਰੀਬਾਂ ਨੂੰ ਭੁਲਾ ਕੇ ਮਾਰਦਾ ਹੈਂ, ਤੇਰੇ ਲਈ ਅਜੇਹਾ ਕੰਮ ਰਵਾਂ ਨਹੀਂ ਹੈ, ਇਸਲਈ ਇਸ ਕੰਮ ਤੋਂ ਤੋਬਾ ਕਰ।

ਹਕਿ ਯਾਰ ਬ ਸ਼ਦ ਚਿ ਦੁਸ਼ਮਨ ਕੁਨਦ ॥
ਅਗਰ ਦੁਸ਼ਮਨੀ ਰਾ ਬਸਦ ਤਨ ਕੁਨਦ ॥ ੧੧੦ ॥

ਹਕਿ—ਖੁਦਾ, ਵਾਹਿਗੁਰੂ । ਦਾਸ਼ਦ—ਹੋਵੇ । ਬ-ਸਦ—ਸੌ ਨਾਲ ।

[ਜੇ] ਵਾਹਿਗੁਰੂ ਯਾਰ ਹੋਵੇ (ਤਾਂ) ਦੁਸ਼ਮਨ ਕੀ ਕਰ ਸਕੇਗਾ ? ਭਾਵੇਂ ਦੁਸ਼ਮਨੀ ਵਾਲਾ ਸੈਂਕੜੇ ਸਰੀਰ ਕਠੇ ਕਰ ਲਵੇ ॥੧੧੦॥

ਖ਼ਸ਼ਮ ਦੁਸ਼ਮਨੀ ਗਰ ਹਜ਼ਾਰ ਆਵੁਰਦ ॥
ਨ ਯਕ ਮੂਇ ਓਰਾ ਆਜ਼ਾਰ ਆਵੁਰਦ ॥ ੧੧੧ ॥

ਖ਼ਸ਼ਮ—ਵੈਰੀ । ਆਵੁਰਦ—ਲੈ ਅ ਵੇ । ਮੂਇ—ਵਾਲ । ਓਰਾ—ਉਸ ਨੂੰ । ਆਜ਼ਾਰ—ਦੁਖ

ਵੈਰੀ ਜੇਕਰ ਦੁਸ਼ਮਨੀ [ਕਰਨ ਲਈ] ਹਜ਼ਾਰ (ਆਦਮੀ ਚੜ੍ਹਾ) ਲਿਆਵੇ (ਤਾਂ) ਉਸ ਨੂੰ ਇਕ 'ਵਾਲ' (ਜਿੰਨਾ ਭੀ) ਦੁਖ ਨਹੀਂ ਲਿਆਵੇਗਾ ॥੧੧੧॥

ਭਾਵ-ਔਰੰਗਜ਼ੇਬ ! ਸਾਰੇ ਕਥਨ ਦਾ ਸ ਰ ਇਹੋ ਹੈ ਕਿ ਰਬ ਦੀ ਯਾਦ ਕਰਨ ਵਾਲੇ ਪੁਰਸ਼ ਦਾ, ਵੈਰੀ ਭਾਵੇਂ ਹਜਾਰਾਂ ਤੇ ਲੱਖਾਂ ਆਦਮੀ ਇਕਠੇ ਕਰਕੇ ਲੈ ਆਵੇ, ਅਨੇਕਾਂ ਤਰੀਕਿਆਂ ਨਾਲ ਉਸ ਨੂੰ ਦੁਖ ਦੇਣਾ ਚਾਹੇ, ਉਸ ਦਾ ਨੁਕਸਾਨ ਕਰਨਾ ਚਾਹੇ, ਪਰ ਵਾਹਿਗੁਰੂ ਆਪਣੇ ਪਿਆਰੇ ਦਾ ਰਾਖਾ ਹੁੰਦਾ ਹੈ, ਇਸ ਲਈ ਉਸ ਦੇ ਇਕ ਵਾਲ ਨੂੰ ਭੀ ਦੁਖ ਨਹੀਂ ਪੁਚਾ ਸਕਗਾ । ਦੇਖ, ਬਜ਼ੁਰਗ ਸਤਿਗੁਰੂ ਜੀ ਫੁਰਮਾਉਂਦੇ ਹਨ-

ਜਾਕਉ ਮੁਸਕਲ ਅਤਿ ਬਣੈ ਢੋਈ ਕੋਇ ਨ ਦੇਇ ॥
ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇਇ ॥
ਸਭੋ ਭਜੈ ਆਸਰਾ ਚੁਕੈ ਸਭਿ ਅਸਰਾਉ ॥
ਚਿਤਿ ਆਵੈ ਓਸੁ ਪਾਰਬ੍ਰਹਮ ਤ ਲਗੈ ਨ ਤਤੀ ਵਾਉ ॥

ਵਾਹਿਗੁਰੂ ਜੀ ਕੀ ਫ਼ਤਹ ॥

ਅਗੰਜੇ ਅਭੰਜੇ ਅਰੂਪੇ ਅਰੇਖ ॥ ਅਗਾਧੇ ਅਬਾਧੇ ਅਭਰਮੇ ਅਲੇਖ ॥੧॥
ਅਰਾਗੇ ਅਰੂਪੇ ਅਰਖੇ ਅਰੰਗ ॥ ਅਜਨਮੇ ਅਬਰਨੇ ਅਭੂਤੇ ਅਭੰਗ ॥੨॥

ਜੋ (ਗੰਜ—ਗਿਣਤੀ) ਗਿਣਤੀ ਵਾਲਾ ਨਹੀਂ ਹੈ, (ਭੰਜ—ਨਾਸ) ਨਾਸ ਹੋਣ ਵਾਲਾ ਨਹੀਂ ਹੈ, ਰੂਪ ਵਾਲਾ ਨਹੀਂ ਰੇਖ ਵਾਲਾ ਭੀ ਨਹੀਂ ਹੈ । (ਜੋ) ਅਗਾਧ ਹੈ, ਸਾਧ ਹੋਣ ਵਾਲਾ

ਨਹੀਂ ਹੈ, ਭਰਮ ਵਿਚ ਨਹੀਂ ਹੈ, ਲੇਖੇ ਵਿਚ ਭੀ ਨਹੀਂ ਹੈ ॥੧॥ (ਜੋ) ਰਾਗ ਵਾਲਾ ਨਹੀਂ ਹੈ, ਰੂਪ ਵਾਲਾ ਨਹੀਂ ਹੈ, ਰੇਖ ਵਾਲਾ ਨਹੀਂ ਹੈ, ਰੰਗ ਵਾਲਾ ਨਹੀਂ ਹੈ। ਜਨਮ ਵਿਚ ਨਹੀਂ ਹੈ, ਬਰਨ ਵਿਚ ਨਹੀਂ ਹੈ, ਤੱਤਾਂ ਦੀ ਰਚਨਾ ਵਿਚ ਨਹੀਂ ਹੈ, ਨਾਸ ਨਹੀਂ ਹੁੰਦਾ ਹੈ ॥੨॥

ਅਛੇਦੋ ਅਭੇਦੋ ਅਕਰਮੋ ਅਕਾਮ ॥ ਅਖੇਦੋ ਅਭੇਦੋ ਅਭਰਮੋ ਅਭਾਮ ॥੩॥

ਅਰੇਖੋ ਅਭੇਖੋ ਅਲੇਖੋ ਅਭੰਗ ॥

ਖ਼ੁਦਾਵੰਦ ਬਖ਼ਸ਼ਿੰਦਹ ਰੰਗ ਰੰਗ ॥ ੪ ॥ ੧ ॥

(ਜੋ) ਛਿਦਨ ਵਾਲਾ ਨਹੀਂ ਹੈ, ਭਿਦਨ ਵਾਲਾ ਨਹੀਂ ਹੈ, ਕਰਮਾਂ ਵਿਚ ਨਹੀਂ ਹੈ, ਭਾਵਾਂ ਵਿਚ ਨਹੀਂ ਹੈ। (ਜੋ) ਦੁਖਾਂ ਵਿਚ ਨਹੀਂ ਹੈ ਭਦਾਂ ਵਿਚ ਨਹੀਂ ਹੈ, ਭਰਮਾਂ ਵਿਚ ਨਹੀਂ ਹੈ, ਭਾਵਾਂ ਵਿਚ ਨਹੀਂ ਹੈ ॥੩॥ ਰੇਖ ਵਿਚ ਨਹੀਂ ਹੈ, ਭੇਖ ਵਿਚ ਨਹੀਂ ਹੈ, ਲੇਖੇ ਵਿਚ ਨਹੀਂ ਹੈ, ਭੰਗ (ਹੋਣ ਵਾਲਾ ਭੀ) ਨਹੀਂ ਹੈ। (ਓਹ) ਖ਼ੁਦ ਵੰਦ (ਵਾਹਿਗੁਰੂ) ਹੀ ਰੰਗਾਂ ਰੰਗਾਂ ਦੀ ਬਖਸ਼ਸ਼ ਕਰਦਾ ਹੈ ॥੪॥੧॥

ਹਿਕਾਇਤ ਸ਼ੁਨੀਦੇਮ ਰਾਜਾਹ ਦਲੀਪ ॥

ਨਸ਼ਸਤਹ ਬੂਦਹ ਨਿਜ਼ਦ ਮਾਨੋ ਮਹੀਮ ॥ ੫ ॥

ਹਕਾਇਤ=ਕਹਾਣੀ। ਸ਼ੁਨੀਦਮ=ਸੁਣੀ ਹੈ ਮੈਂ। ਨਸ਼ਸਤਹ ਬੂਦਹ=ਬੈਠਾ ਹੋਇਆ ਸੀ। ਨਿਜ਼ਦ=ਨੇੜੇ, ਕੋਲ। ਮਾਨੋ=ਮਾਨਧਾਤਾ। ਮਹੀਪ=ਰਾਜਾ।

ਮੈਂ ਰਾਜੇ ਦਲੀਪ ਦੀ ਕਹਾਣੀ ਸੁਣੀ ਹੈ, (ਜੋ) ਰਾਜਾ ਮਾਨਧਾਤਾ ਦੇ ਕੋਲ ਬੈਠਾ ਹੋਇਆ ਸੀ ॥ ੫ ॥

ਕਿ ਓਰਾ ਹਮੀ ਬੂਦ ਪਿਸਰੇ ਚਹਾਰ ॥

ਕਿ ਦਰ ਰਜ਼ਮ ਦਰ ਬਜ਼ਮ ਆਮੁਖ਼ਤਹ ਕਾਰ ॥੬॥

ਹਮੀ ਬੂਦ=ਭੀ ਸਨ। ਪਿਸਰੇ=ਪੁਤਰ। ਚਹਾਰ=ਚਾਰ। ਰਜਮ=ਜੁਧ, ਜੰਗ। ਬਜਮ=ਸਭਾ। ਆਮੁਖ਼ਤਹ=ਸਿਖੇ ਹੋਏ। ਕਾਰ=ਕੰਮ।

ਜੋ ਉਸ ਦੇ ਪੁਤ੍ਰ ਭੀ ਚਾਰ ਸਨ, (ਜੋ) ਜੰਗ ਵਿਚ (ਅਤੇ) ਸਭਾ ਵਿਚ (ਆਉਣ ਵਾਲੇ) ਕੰਮ ਸਿਖੇ ਹੋਏ ਸਨ ॥੬॥

ਬ ਰਜ਼ਮ ਅੰਦਰਾਂ ਹਮਚੁ ਅਜ਼ ਸ਼ੇਰ ਮਸਤ ॥

ਕਿ ਚਾਬਕ ਰਕਾਬ ਅਸਤ ਗੁਸਤਾਖ਼ ਦਸਤ ॥ ੭ ॥

ਰਜਮ=ਲੜਾਈ, ਜੁਧ। ਅੰਦਰਾਂ+(ਅੰਦਰ+ਆਂ) ਵਿਚ ਉਹ। ਹਮਚੁ=ਵਾਂਗੂ। ਅਜ਼=ਸੰਸਾਰ, ਘੜਿਆਲ, ਮਗਰ ਮਛ। ਮਸਤ=ਮਤਵਾਲਾ। ਚਾਬਕ ਰਕਾਬ=ਘੋੜ ਸਵਾਰ। ਗੁਸਤਾਖ ਦਸਤ=ਫਰਤੀਲੇ ਹਥ ਵਾਲੇ।

(ਜੋ) ਲੜਾਈ ਵਿਚ ਮਗਰ ਮਛ ਤੇ ਮਸਤ ਸ਼ੇਰ ਵਾਂਗੂ (ਵੈਰੀ ਦਲ ਉਤੇ ਟੁਟ ਕੇ ਪੈ ਜਾਂਦੇ ਸਨ)। ਜੋ ਪਕੇ ਘੋੜ ਸਵਾਰ (ਤੇ ਤਲਵਾਰ ਚਲਾਉਣ ਵਿਚ) ਫੁਰਤੀਲੇ ਹਥਾਂ ਵਾਲੇ ਸਨ ॥੭॥

ਚਹਾਰੋਂ ਸ਼ਹਿ ਪੇਸ਼ ਪਿਸਰਾਂ ਬਖਾਂਦ ॥

ਜੁਦਾ ਬਬ ਜੁਦਾ ਕੁਰਸੀਏ ਜ਼ਰ ਨਿਸ਼ਾਂਦ ॥ ੮ ॥

ਚਹਾਰੋਂ—ਚਾਰੇ ਹੀ ਸ਼ਹਿ—ਰਾਜੇ ਨੇ। ਪੇਸ਼—ਸਾਹਮਣੇ। ਪਿਸਰਾਂ—ਪੁਤਰਾਂ ਨੂੰ। ਬਖਾਂਦ—ਬੁਲਾਇਆ। ਜੁਦਾ ਬਰ ਜੁਦਾ—ਵਖੋ ਵਖ ਉਪਰ। ਜ਼ਰ—ਸੋਨਾ। ਨਿਸ਼ਾਂਦ—ਬੈਠਾਇਆ।

ਚੌਹਾਂ ਪੁਤ੍ਰਾਂ ਨੂੰ ਰਾਜੇ ਨੇ ਕੋਲ ਸਦਿਆ।(ਫਿਰ ਉਨ੍ਹਾਂ ਨੂੰ)ਵਖੋ ਵਖ ਸੋਨੇ ਦੀਆਂ ਕੁਰਸੀਆਂ ਉਤੇ ਬਿਠਾ ਦਿਤਾ।੮॥

ਬਿਪੁਰਸੀਦ ਦਾਨਾਇ ਦੌਲਤ ਪਰਸਤ ॥

ਅਜ਼ੀਂ ਅੰਦਰੂੰ ਬਾਦਸ਼ਾਹੀ ਕਸ ਅਸਤ ॥ ੯ ॥

ਪਰਸੀਦ—ਪੁਛਿਆ। ਦਾਨਾਇ—ਸਿਆਣੇ। ਦੌਲਤ ਪਰਸਤ—ਗੱਦੀ ਦੇ ਸੇਵਕ (ਭਾਵ—ਮੰਤ੍ਰੀ)। ਅਜ਼ੀਂ ਅੰਦਰੂੰ—ਇਨ੍ਹਾਂ ਦੇ ਵਿਚੋਂ। ਕਸ ਅਸਤ—ਕੌਣ ਹੈ।

ਰਾਜ ਗਦੀ ਦੀ ਪੂਜਾ ਕਰਨ ਵਾਲੇ ਸਿਆਣਿਆਂ (ਵਜ਼ੀਰਾਂ) ਪਾਸੋਂ ਪੁਛਿਆ ਕਿ ਇਨ੍ਹਾਂ (ਚੌਹਾਂ) ਵਿਚੋਂ ਬਾਦਸ਼ਾਹੀ (ਦੇ ਜੋਗ) ਕੌਣ ਹੈ ? ॥੯॥

ਸ਼ੁਨੀਦ ਈਂ ਚੁ ਦਾਨਾਇ ਦਾਨਿਸ਼ ਨਿਹਾਦ ॥

ਬ ਤਮਕੀਨ ਪਾਸੁਖ ਆਲਮ ਵਰ ਕੁਸ਼ਾਦ ॥ ੧੦ ॥

ਸ਼ੁਨੀਦ—ਸੁਣਿਆ। ਚੁ—ਜਦ। ਦਾਨਾਇ—ਸਿਆਣੇ। ਦਾਨਿਸ਼ ਨਿਹਾਦ—ਬੁਧੀਵਾਨ। ਤਮਕੀਨਿ—ਪਦਵੀ। ਪਾਸੁਖ—ਉੱਤਰ। ਆਲਮ—ਝੰਡਾ। ਬਰ—ਉਪਰ। ਕੁਸ਼ਾਦ—ਉਚਾਕੀਤਾ।

ਜਦ ਬੁਧੀਵਾਨ ਸਿਆਣੇ (ਵਜ਼ੀਰ) ਨੇ ਇਹ ਸੁਣਿਆ। (ਤਦ) ਉਤਰ ਦੇਣ ਦੀ ਪਦਵੀ ਉਤੇ ਝੰਡਾ ਖੜਾ ਕੀਤਾ (ਅਰਥਾਤ ਉਤਰ ਲਈ ਬੋਲਿਆ) ॥੧੮॥

ਬਿਗੁਫਤੰਦ ਖ਼ੁਸ਼ ਦੀਨ ਦਾਨਾਇ ਨਗਜ਼ ॥

ਕਿ ਯਜ਼ਦਾਂ ਸ਼ਨਾਸ ਅਸਤ ਆਜ਼ਾਦ ਮਗਜ਼ ॥੧੨॥

ਬਿਗੁਫਤੰਦ—ਕਿਹਾ। ਖੁਸ਼—ਚੰਗਾ। ਦੀਨ—ਧਰਮ। ਦਾਨਾਇ—ਬੁਧੀਮਾਨ। ਨਗਜ਼—ਚਤਰ। ਯਜ਼ਦਾਂ ਸ਼ਨਾਸ—ਰੱਬ ਦੀ ਪਛਾਨ ਵਾਲਾ। ਅਸਤ—ਹੈ। ਅਜ਼ਾਦ—ਸਤੰਤਰ, ਖੁਲੇ। ਮਗਜ਼—ਦੀਮਾਗ।

ਕਹਿਣ ਲਗਾ-(ਹੇ ਬਾਦਸ਼ਾਹ ! ਤੂੰ(ਚੰਗੇ ਧਰਮ ਵਾਲਾ, ਸਿਆਣਾ ਤੇ ਚਤਰ ਹੈਂ। ਜੋ ਰਬ ਦੀ ਪਛਾਣ ਵਾਲਾ ਤੇ ਸੁਤੰਤਰ ਦਿਮਾਗ ਵਾਲਾ ਹੈਂ ॥੧੧॥

ਮਰਾ ਕੁਦਰਤੇ ਨੇਸਤ ਈਂ ਗੁਫਤਨ ਅਸਤ ॥

ਸੁਖਨ ਗੁਫਤਨੇ ਬਿਕਰ ਜਾਂ ਸੁਫਤਨ ਅਸਤ ॥ ੧੨ ॥

ਮਰਾ—ਮੈਨੂੰ। ਕਦਰਤੇ—ਤਾਕਤ। ਨੇਸਤ—ਨਹੀਂ ਹੈ। ਗਫਤਨ—ਬੋਲਣਾ। ਸੁਖਨ—ਬਚਨ। ਗੁਫਤਨੇ—ਬੋਲਣਾ। ਬਿਕਰ—ਕੁਆਰੀ। ਜਾਂ—ਜਾਨ। ਸੁਫਤਨ—ਵਿੰਨ੍ਹਣਾ।

ਇਸ (ਗੱਲ ਦੇ) ਕਹਿਣ ਦੀ ਮੈਨੂੰ ਤਾਕਤ ਨਹੀਂ ਹੈ। (ਕਿਉਂਕਿ ਇਸ) ਗੱਲ ਦਾ ਕਹਿਣਾ (ਮਾਨੋ) ਕੁਆਰੀ (ਲੜਕੀ ਦੀ) ਜ਼ਾਨ ਦਾ ਵਿੰਨ੍ਹਣਾ ਹੈ ॥੧੨॥

ਅਗਰ ਸ਼ਹਿ ਬਿਗੋਯਦ ਬਿਗੋਯਦ ਜਵਾਬ ॥

ਨੁਮਾਯਮ ਬ ਤੋ ਹਾਲ ਈਂ ਬਾ ਸਵਾਬ ॥ ੧੩ ॥

ਸ਼ਹਿ–ਰਾਜਾ,ਪਾਤਸ਼ਾਹ। ਬਿਗੋਯਦ–ਆਖੇ। ਬਿਗੋਯਮ–ਮੈਂ ਆਖਾਂ। ਨੁਮਾਯਮ–ਮੈਂ ਵਿਖਾ ਦੇਵਾਂ। ਬ ਤੋ–ਤੈਨੂੰ। ਹਾਲ–ਬ੍ਰਿਤਾਂਤ। ਬਾ–ਨਾਲ। ਸਵਾਦ–ਚੰਗੀ ਤਰ੍ਹਾਂ।

ਰਾਜਨ ! ਜੇਕਰ ਆਖੇਂ (ਤਾਂ) ਮੈਂ ਜਵਾਬ ਕਹਾਂ ? ਅਤੇ ਮੈਂ ਤੈਨੂੰ ਚੰਗੀ ਤਰਾਂ ਇਸ (ਗੱਲ ਦਾ) ਬ੍ਰਿਤਾਂਤ ਵਿਖਾ ਦੇਵਾਂ ? ॥੧੩॥

ਹਰਾਂ ਕਸ ਕਿ ਯਜ਼ਦਾਨਿ ਯਾਰੀ ਦਿਹਦ ॥

ਬ ਕਾਰਿ ਜਹਾਂ ਕਾਮਗ਼ਾਰੀ ਦਿਹਦ ॥ ੧੪ ॥

ਹਰਾਂ ਕਸ–ਉਹ ਕੋਈ ਆਦਮੀ। ਯਾਰੀ–ਸਹਾਇਤਾ। ਦਿਹਦ–ਦੇਂਦਾ ਹੈ। ਜ਼ਹਾਂ–ਜਗਤ। ਕਾਰਿ–ਕੰਮ ਵਿਚ। ਕਾਮਗਾਰੀ–ਕਾਮਯਾਬੀ।

ਉਹ ਕੋਈ ਆਦਮੀ, ਕਿ (ਜਿਸ ਨੂੰ) ਪ੍ਰਮਾਤਮਾ ਸਹਾਇਤਾ ਦੇਂਦਾ ਹੈ। ਸੰਸਾਰ ਦੇ ਕੰਮਾਂ ਵਿਚ (ਉਸ ਨੂੰ) ਕਾਮਯਾਬੀ ਸਫਲਤਾ ਦੇਂਦਾ ਹੈ ॥੧੪॥

ਕਿ ਈਂ ਰਾ ਬ ਅਕਲ ਆਜ਼ਮਾਈ ਕੁਨੇਮ ॥

ਵਜ਼ਾਂ ਪਸ ਬਕਾਰ ਆਜ਼ਮਾਈ ਕੁਨੇਮ ॥ ੧੫ ॥

ਈਂ ਰਾ–ਇਹਨਾਂ ਦੀ। ਬ ਅਕਲ–ਬੁਧੀ ਨਾਲ। ਆਜਮਾਈ–ਪ੍ਰੀਖਿਆ। ਕਨੇਮ–ਅਸੀਂ ਕਰੀਏ। ਵਜ਼ਾਂ–(ਵ+ਅਜ਼+ਆਂ) ਇਸ ਦੇ ਪਸ–ਪਿਛੋਂ। ਬਕਾਰ ਆਜ਼ਮਾਈ–ਕੰਮ ਨਾਲ–ਪ੍ਰੀਖਿਆ। ਕੁਨੇਮ–ਅਸੀਂ ਕਰੀਏ।

ਜੋ (ਪਹਿਲੇ) ਅਸੀਂ ਇਹਨਾਂ ਦੀ ਅਕਲ ਨਾਲ ਪ੍ਰੀਖਿਆ ਕਰ ਲਈਏ। ਉਸ ਦੇ ਮਗਰੋਂ ਕੰਮ ਨਾਲ ਪ੍ਰੀਖਿਆ ਕਰ ਲਈਏ ॥੧੫॥

ਭਾਵ–ਰਾਜੇ ਦਲੀਪ ਦੇ ਚਾਰ ਪੁਤਰ ਸਨ, ਉਨ੍ਹਾਂ ਨੇ ਵਜ਼ੀਰਾਂ ਨੂੰ ਪੁਛਿਆ–ਇਹਨਾਂ ਵਿਚੋਂ ਰਾਜ ਦ ਲਾਇਕ ਕੌਣ ਹੈ ? ਵਜ਼ੀਰਾਂ ਨੇ ਕਿਹਾ–ਇਸ ਗੱਲ ਦਾ ਉਤਰ ਦੇਣਾ ਬਹੁਤ ਔਖਾ ਹੈ, ਪਰ ਪਹਿਲੇ ਇਹਨਾ ਦੀ ਅਕਲ ਪਰਖੋ ਫਿਰ ਇਹਨਾਂ ਦੇ ਕੰਮ ਦੀ ਪ੍ਰੀਖਿਆ ਕਰ ਲਓ, ਜੇਹੜਾ ਦੋਹਾਂ ਗੱਲਾਂ ਵਿਚ ਪਾਸ ਨਿਕਲੇ ਉਸ ਨੂੰ ਰਾਜ ਦਿਓ। ਰਾਜੇ ਨੇ ਪੁਛਿਆ ਕਿ ਇਹਨਾਂ ਦੇ ਕੰਮ ਤੇ ਅਕਲ ਦੀ ਪ੍ਰੀਖਿਆ ਕਿਸ ਤਰ੍ਹਾਂ ਕੀਤੀ ਜਾਵੇ ? ਵਜ਼ੀਰ ਕਹਿਣ ਲਗੇ–

ਯਕੇ ਰਾ ਦਿਹਦ ਫ਼ੀਲ ਦਹਿ ਹਜ਼ਾਰ ਮਸਤ ॥

ਹਮਾਹ ਮਸਤੀ ਓ ਮਸਤੀ ਜ਼ੰਜੀਰ ਬਸਤ ॥ ੧੬ ॥

ਯਕੇ–ਇਕ। ਫੀਲ–ਹਾਥੀ। ਦਹਿ–ਦਸ। ਹਮਾਹ–ਸਾਰੇ ਹੀ। ਬਸਤ–ਬਧੇ ਹੋਏ।

ਇਕ (ਪੁਤਰ) ਨੂੰ ਦਸ ਹਜਾਰ ਮਸਤ ਹਾਥੀ ਦੇ ਦੇਵੋ (ਜੋ) ਸਾਰੇ ਹੀ ਮਸਤੀ ਨਾਲ ਮਤੇ ਹਏ ਤੇ ਜ਼ੰਜੀਰਾਂ ਨਾਲ ਬਧੇ ਹੋਏ ਹਨ ॥੧੬॥

ਦਿਗਰ ਰਾ ਦਿਹਦ ਆਪ ਪਾਂ ਸੁਦ ਹਜ਼ਾਰ ॥

ਜ਼ਿ ਜਰ ਸਾਖਤਹ ਜ਼ੀਨ ਚੂੰ ਨਉ ਬਹਾਰ ॥ ੧੭ ॥

ਦਿਗਰ—ਦੂਜੇ। ਰਾ—ਨੂੰ। ਅਸਪ—ਘੋੜੇ। ਪਾਂ ਸੂਦ ਹਜ਼ਾਰ=ਪੰਜ ਸੌ ਹਜ਼ਾਰ (ਭਾਵ ਪੰਜ ਲਖ)। ਜ਼ਰ—ਸੋਨਾ। ਸਾਖਤਹ—ਬਣੇ ਹੋਏ। ਜ਼ੀਨ—ਕਾਠੀਆਂ। ਨਾਉ ਬਹਾਰ—ਨਵੀਂ ਰੁਤ।

ਦੂਜੇ ਨੂੰ ਪੰਜ ਲਖ ਘੋੜੇ ਦੇ ਦੇਵੋ, ਜਿਨ੍ਹਾਂ ਦਾ ਜ਼ੀਨ (ਆਦਿਕ ਸਾਰਾ ਸਾਮਾਨ) ਸੋਨੇ ਦਾ ਨਵੀਂ ਰੁਤ ਵਾਂਗੂ ਬਣਾਇਆ ਹੋਇਆ ਹੋਵੇ ॥੧੭॥

ਸਿਯਮ ਰਾ ਦਿਹਦ ਸ਼ੁਤਰ ਸੇ ਸੂਦ ਹਜ਼ਾਰ ॥

ਹਮਾਹ ਨੁਕਰਹ ਬਾਰੋ ਹਮਹ ਜ਼ਰ ਨਿਗਾਰ ॥ ੧੮ ॥

ਸਿਯਮ ਰਾ—ਤੀਜੇ ਨੂੰ। ਸ਼ੁਤਰ—ਊਠ। ਸੇ ਸੂਦ ਹਜ਼ਾਰ—ਤਿੰਨ ਸੌ ਹਜ਼ਾਰ (ਭਾਵ ਤਿੰਨ ਲਖ)। ਹਮਹ—ਸਾਰੇ। ਨੁਕਰਹ—ਚਾਂਦੀ। ਬਾਰੋ—ਭਾਰ ਹੋਵੇ। ਜ਼ਰ—ਸੋਨਾ। ਨਿਗਾਰ—ਸਜਾਏ

ਤੀਜੇ ਨੂੰ (ਰਾਜਾ) ਤਿੰਨ ਲਖ ਊਠ ਦੇ ਦੇਵੋ, ਜੋ ਸਾਰੇ ਹੀ ਚਾਂਦੀ ਦੇ ਭਾਰ ਨਾਲ ਲਦੇ ਹੋਏ ਤੇ ਸੋਨੇ ਨਾਲ ਸ਼ਿੰਗਾਰੇ ਹੋਏ ਹੋਣ ॥੧੮॥

ਚੁਅਮ ਰਾ ਦਿਹਦ ਮੂੰਗ ਯਕ ਨੁਖ਼ਦ ਨੀਮ ॥

ਅਜ਼ਾਂ ਮਰਦ ਅਜ਼ਾਦ ਆਕਿਲ ਅ ਜ਼ੀਮ ॥ ੧੯ ॥

ਚੁਅਮ ਰਾ—ਚੌਥੇ ਨੂੰ। ਮੂੰਗ ਯਕ—ਇਕ ਦਾਣਾ ਮੂੰਗੀ। ਨੁਖ਼ਦ—ਚਣਾ। ਨੀਮ=ਅਧਾ। ਅਜ਼ਾਂ—ਇਸ ਕਰਕੇ। ਆਜ਼ਾਦ—ਸੁਤੰਤਰ। ਆਕਿਲ—ਅਕਲ ਵਾਲਾ। ਅਜ਼ੀਮ—ਵਡਾ।

[ਰਾਜਾ!] ਚੌਥੇ [ਪੁਤਰ] ਨੂੰ ਇਕ (ਦਾਣਾ) ਮੂੰਗੀ ਦਾ ਤੇ ਅਧਾ (ਦਾਣਾ) ਚਣੇ ਦਾ ਦੇਵੋ। ਇਸ ਕਰਕੇ (ਕਿ) ਉਹ ਮਰਦ ਸੁਤੰਤ੍ਰ (ਖਿਆਲ ਵਾਲਾ ਤੇ) ਵਡੀ ਅਕਲ ਵਾਲਾ ਹੈ ॥੧੯॥

ਬਿਆਵੁਰਦ ਪੁਰ ਅਕਲ ਖ਼ਾਨਾ ਰਜ਼ਾਂ ॥

ਦਿਗਰ ਨੀਮ ਨੁਖ਼ਦਸ਼ਿ ਬਿਬਸਤਨ ਕਜ਼ਾਂ ॥ ੨੦ ॥

ਬਿਆਵੁਰਦ—ਲੈ ਆਇਆ। ਪੁਰ ਅਕਲ—ਬੁਧੀਵਾਨ। ਖ਼ਾਨਾ—ਘਰ ਦਿਗਰ—ਹੋਰ ਦੂਜਾ। ਨੀਮ-ਅਦਾ। ਨੁਖ਼ਦਿਸ਼-ਚਣਾ,ਉਸਨੇ। ਬਿਬਸਤਨ—ਸਾਬਤ। ਕਜ਼ਾਂ—ਬਰਾਬ੍ਰ ਉਸਦੇ।

(ਉਹ) ਜੋ ਕਿ ਅਕਲ ਦਾ ਭੰਡਾਰ (ਰਾਜ ਪੁਤਰ ਹੈ, ਉਹ ਦਾਣਾ) ਘਰ ਲੈ ਆਇਆ। (ਫਿਰ) ਉਸ ਨੇ ਅਧੇ ਚਣੇ ਦੇ ਬਰਾਬਰ ਦਾ ਇਕ ਹੋਰ ਸਾਬਤ ਚਣਾ ਲੇ ਲਿਆ ॥੨੦॥

ਭਾਵ-ਵਜ਼ੀਰਾਂ ਦੀ ਸਲਾਹ ਮੰਨਕੇ ਰਾਜੇ ਨੇ ਪੁਤਰਾਂ ਨੂੰ ਸਭ ਕੁਝ ਦੇਕੇ ਤੋਰ ਦਿਤਾ। ਚੌਥਾ ਪੁਤਰ ਜਿਸ ਨੂੰ ਇਕ ਦਾਣਾ ਮੂੰਗੀ ਦਾ ਤੇ ਅਧਾ ਦਾਣਾ ਚਣੇ ਦਾ ਮਿਲਿਆ ਸੀ, ਉਹ ਰਾਜੇ ਪਾਸੋਂ ਲੈ ਕੇ ਆ ਗਿਆ ਅਤੇ ਫਿਰ ਉਸ ਨੇ ਬਜ਼ਾਰ ਜਾ ਕੇ ਉਸ ਚਣੇ ਦੇ ਅਧੇ ਦਾਣੇ ਦੇ ਤੋਲ ਜਿਡਾ ਇਕ ਸਾਬਤ ਦਾਣਾ ਵਟਾ ਕੇ ਲੈ ਆਂਦਾ। ਅਤੇ-

ਹਮੀਖ਼ਾਸਤ ਕੋ ਤਖ਼ਮ ਰੇਜ਼ੀ ਕੁਨਦ ॥

ਖਿਰਦ ਆਜ਼ਮਾਇਸ਼ ਬਰੇਜ਼ੀ ਕੁਨਦ ॥ ੨੧ ॥

ਹਮੀਖ਼ਾਸ਼ਤ—ਚਾਹੁੰਦਾ ਸੀ। ਤੁਖ਼ਮ—ਬੀਜ। ਰੇਜ਼ੀ—ਬੀਜਨਾ। ਖਿਰਦ—ਬੁਧੀ। ਆਜ਼ਮਾਇਸ਼ =ਪ੍ਰੀਖਿਆ। ਬ-ਰੇਜ਼ੀ—ਬੀਜਨ ਨਾਲ।

ਉਹ ਚਾਹੁੰਦਾ ਸੀ ਕਿ ਬੀਜ ਨੂੰ ਬੀਜਨਾ ਕਰੇ। ਬੀਜਨ ਨਾਲ ਬੁਧੀ (ਜਾਂ ਕਿ ਮਤ) ਦੀ ਪ੍ਰੀਖਿਆ ਕਰ ਲਵ ॥੨੧॥

ਦਫ਼ਨ ਕਰਦ ਹਰ ਦੋ ਜ਼ਮੀਂ ਅੰਦਰਾਂ ॥
ਨਜ਼ਰ ਕਰਦ ਬਰ ਸ਼ੁਕਰਿ ਸਾਹਿਬ ਗਿਰਾਂ ॥ ੨੨ ॥

ਦਫਨ ਕਰਦ–ਦਬ ਦਿਤੇ । ਹਰ ਦੋ–ਦੋਵੇਂ ਬੀਜ । ਜ਼ਮੀਂ–ਜ਼ਮੀਨ । ਅੰਦਰਾਂ–(ਅੰਦ੍+ਆਂ) ਵਿਚ,ਉਹ । ਨਜ਼ਰ ਕਰਦ–ਆਸ । ਬਰ–ਉਪਰ । ਸਾਹਿਬ-ਵਾਹਿਗੁਰੂ । ਗਿਰਾਂ–ਬੜੇ ਵਡੇ ।

ਉਹ ਦੋਵੇਂ ਬੀਜ ਉਸ ਨੇ ਧਰਤੀ ਵਿਚ ਦਬ ਦਿਤੇ । ਬੜੇ ਵਡੇ ਮਾਲਕ (ਵਾਹਿਗੁਰੂ) ਦਾ ਸ਼ੁਕਰ ਕਰਦੇ ਹੋਇਆਂ ਨੇ ਉਸ ਉਤੇ ਆਸ ਕਰ ਲਈ ॥੨੨॥

ਚੁ ਸ਼ਸ਼ ਮਾਹ ਗੁਜ਼ਸ਼ਤੰਦ ਦਰਾਂ ਦਫ਼ਨ ਵਾਰ ॥
ਪਦੀਦ ਆਮਦਹ ਸਬਜ਼ਹੇ ਨੌ ਬਹਾਰ ॥ ੨੩ ॥

ਚੁ–ਜਦ । ਸ਼ਸ਼–ਛੇ । ਮਾਹ–ਮਹੀਨੇ । ਗੁਜ਼ਸ਼ਤੰਦ–ਬੀਤ ਗਏ । ਦਰਾਂ–(ਦਰ+ਆਂ) ਉਸ ਵਿਚ । ਦਫ਼ਨਵਾਰ–ਬੀਜਿਆ ਹੋਇਆ । ਪਦੀਦ ਆਮਦਹ–ਪ੍ਰਗਟ ਹੋ ਆਇਆ । ਸਬਜ਼ਹੇ–ਸਾਵੇ ਰੰਗ ਦਾ । ਨੌ ਬਹਾਰ–ਨਵੀਂ ਰੁਤ ।

ਜਦ ਉਹਨਾਂ ਨੂੰ (ਧਰਤੀ) ਵਿਚ ਬੀਜੇ ਹੋਇਆਂ ਨੂੰ ਛੇ ਮਹੀਨੇ ਬੀਤ ਗਏ । (ਤਦ) ਨਵੀਂ ਰੁਤ ਉਤੇ ਸਾਵਾ ਰੰਗ ਪ੍ਰਗਟ ਹੋ ਆਇਆ ਅਰਥਾਤ ਉਹਨਾਂ ਬੀਜਾਂ ਤੋਂ ਬੂਟੇ ਉਗੇ ਹੋਏ ਨਜ਼ਰ ਆ ਗਏ ॥੨੩॥

ਬਰੇਜ਼ੀਦਹ ਦਹ ਸਾਲ ਤੁਖ਼ਮੇ ਕਜ਼ਾਂ ॥
ਬਪਰਵੁਰਦਹ ਓਰਾ ਬੁਰਦਨ ਅਜ਼ਾਂ ॥ ੨੪ ॥

ਬਰੇਜ਼ੀਦਹ–ਬੀਜਦਿਆਂ ਹੋਇਆਂ । ਤੁਖਮੇ–ਬੀਜ । ਕਜ਼ਾਂ–(ਕਿ+ਅਜ+ਆਂ) ਜੋ ਉਸ ਤੋਂ । ਬਪਰਵੁਰਦਹ–ਪਰਵਰਸ਼ ਕਰਨਾ, ਪਾਲਿਆ । ਓਰਾ–ਉਸ ਨੂੰ । ਬੁਰਦਨ–ਲੈ ਜਾਣਾ ।

ਦਸ ਸਾਲ ਤਕ ਬੀਜਿਆ ਜੋ ਬੀਜ ਉਸ ਤੋਂ ਹੋਇਆ, ਉਸ ਦੀ ਪਾਲਣਾ ਕੀਤੀ ਅਤੇ ਉਸ ਤੋਂ ਹੋਈ ਖੇਤੀ ਨੂੰ ਵਧਿਆ ॥੨੪॥

ਬਰੇਜ਼ੀਦ ਦਹ ਬਿਸਤ ਬਾਰਸ਼ ਅਜ਼ੋ ॥
ਬਸੇ ਗਸ਼ਤ ਖਰਵਾਰ ਦ ਨਹ ਅਜ਼ੋ ॥ ੨੫ ॥

ਬਰੇਜ਼ੀਦ–(ਬ-ਰੇਜ਼ੀਦ) ਬੀਜ਼ਿਆ । ਬਿਸਤ–ਵੀਹ । ਬਾਰਸ਼–(ਬਾਰ+ਸ਼) ਵੇਰੀ ਓਸ ਨੂੰ ਅਜ਼ੋ–(ਅਜ਼+ਓ) ਉਸ ਤੋਂ । ਬਸੇ–ਬਹੁਤ ਸਾਰੇ । ਗਸ਼ਤ–ਹੋ ਗਏ ਹਾਸਲ ਕੀਤੇ । ਖਰਵਾਰ ਖਲਵਾੜੇ । ਦਾਨਹ–ਦਾਣੇ । (ਜਦ) ਦਸ ਵੀਹ ਵੇਰੀ ਉਸ ਨੂੰ ਬੀਜਿਆ, (ਤਦ) ਉਸ ਤੋਂ ਦਾਣਿਆਂ ਦੇ ਬਹੁਤ ਸਾਰ ਖਲਵਾੜੇ ਪੈਦਾ ਹੋ ਗਏ ॥੨੫॥

ਚੁਨਾ ਜ਼ਯਾਦਹ ਸ਼ੁਦ ਦੌਲਤੇ ਦਿਲ ਕਰਾਰ ॥
ਕਿ ਜੋ ਦਾਨਹ ਸ਼ੁਦ ਦਾਨਹਾਇ ਅੰਬਾਰ ॥ ੨੬ ॥

ਚੁਨਾ–ਅਜਿਹੀ । ਜ਼ਯਾਦਹ–ਬਹੁਤ । ਸ਼ੁਦ-ਹੋਈ । ਦਿਲ ਕਰਾਰ–ਰਜ ਗਏ ਭਾਵ ਬੇਅੰਤ। ਦਾਨਹਾਇ–ਦਾਣਿਆਂ ਦੇ । ਅੰਬਾਰ–ਢੇਰ ।

ਏਨੀ ਬਹੁਤੀ ਦੌਲਤ ਹੋ ਗਈ (ਜੋ) ਦਿਲ ਨੂੰ ਤਸੱਲੀ ਹੋ ਗਈ। ਜੋ ਉਹਨਾਂ (ਦੋ)

ਦਾਨਿਆਂ ਤੋਂ ਦਾਨਿਆਂ ਦੇ ਅੰਬਾਰ (ਢੇਰਾਂ ਦੇ ਢੇਰ) ਹੋ ਗਏ ਹਨ ॥੨੬॥

ਖਰੀਦਹ ਅਜ਼ਾਂ ਨਕਦ ਦਹ ਹਜ਼ਾਰ ਫ਼ੀਲ ॥

ਚੁਕੋਹੇ ਰਵਾਂ ਹਮ ਚੁ ਦਰਿਆਇ ਨੀਲ ॥ ੨੭ ॥

ਖਰੀਦਹ-ਮੁਲ ਲੀਤੇ। ਅਜ਼ਾਂ-ਉਸ ਤੋਂ। ਨਕਦ-ਰੋਕ ਰੁਪਏ ਨਾਲ। ਫ਼ੀਲ-ਹਾਥੀ। ਚੁ-ਵਾਂਗੂ। ਕੋਹੇ-ਪਹਾੜ। ਰਵਾਂ-ਤੁਰਦੇ। ਹਮਚੁ-ਵਾਂਗੂ। ਨੀਲ-ਨਦੀ, ਜੋ ਮਿਸਰ ਵਿਚ ਹੈ।

(ਉਸ ਨੇ) ਉਸ ਰਕਮ ਨਾਲ ਦਸ ਹਜ਼ਾਰ ਹਾਥੀ ਮੁਲ ਲਏ, (ਜੋ) ਪਹਾੜ ਵਾਂਗੂ (ਵਡੇ ਬਦਨ ਵਾਲੇ ਅਤੇ) 'ਨੀਲ' ਦਰਿਆ ਵਾਂਗੂ (ਮਠੀ ੨ ਚਾਲ ਨਾਲ) ਚਲਦੇ ਸਨ ॥੨੭॥

ਬਗੀਰਦ ਅਜ਼ੋ ਅਸਪ ਪਾਂ ਸੂਦ ਹਜ਼ਾਰ ॥

ਹਮਹ ਜ਼ਰੋ ਜ਼ੀਨੋ ਹਮਹ ਨੁਕਰਹ ਵਾਰ ॥ ੨੮ ॥

ਬਗੀਰਦ-(ਬ+ਗੀਰਦ) ਲੈ ਲੀਤੇ। ਅਸਪ-ਘੋੜੇ। ਪਾਂ ਸੂਦ ਹਜ਼ਾਰ-ਪੰਜ ਸੌ ਹਜ਼ਾਰ ਭਾਵ ਪੰਜ ਲਖ। ਹਮਹ-ਸਾਰੇ ਹੀ। ਜ਼ਰੋ-ਸੋਨੇ ਦੀਆਂ। ਜ਼ੀਨੋ-ਕਾਠੀਆਂ ਵਾਲੇ। ਨੁਕਰਹ-ਚਾਂਦੀ। ਵਾਰ-ਲੜੀਆਂ।

(ਫਿਰ ਉਸ ਨੇ ਉਸ ਦੌਲਤ ਤੋਂ) ਪੰਜ ਲਖ ਘੋੜੇ ਮੁਲ ਲੈ ਲੀਤੇ, (ਜੋ) ਸਾਰੇ ਹੀ ਸੋਨੇ ਦੀਆਂ ਜ਼ੀਨਾਂ ਵਾਲੇ ਤੇ ਚਾਂਦੀ ਦੀਆਂ ਲੜੀਆਂ ਵਾਲੇ ਸਨ ॥੨੮॥

ਖਰੀਦੰਦ ਸੇ ਸੂਦ ਹਜ਼ਾਰਹ ਸ਼ੁਤਰ ॥

ਹਮਹ ਜ਼ਰ ਬਾਰੋ ਹਮਹ ਨੁਕਰਹ ਪੁਰ ॥ ੨੯ ॥

ਖ਼ਰੀਦੰਦ-ਮੁਲ ਲੈਣੇ। ਸੇ ਸੂਦ ਹਜ਼ਾਰਹ-ਤਿੰਨ ਸੌ ਹਜ਼ਾਰ ਭਾਵ ਤਿੰਨ ਲਖ। ਸ਼ੁਤਰ-ਊਠ ਜ਼ਰ-ਸੋਨਾ। ਬਾਰੋ-ਭਾਰ ਵਾਲੇ। ਪੁਰ-ਭਰੇ ਹੋਏ। ਨੁਕਰਹ-ਚਾਂਦੀ।

(ਹੋਰ ਉਸ ਨੇ) ਤਿੰਨ ਲਖ ਊਠ ਮੁਲ ਲੀਤੇ, (ਜੋ) ਸਾਰੇ ਹੀ ਸੋਨੇ ਦੇ ਭਾਰ ਨਾਲ ਲਦੇ ਹੋਏ ਤੇ ਸਾਰੇ ਹੀ ਚਾਂਦੀ ਨਾਲ ਪੁਰ ਕੀਤੇ (ਮੜੇ) ਹੋਏ ਸਨ ॥੨੯॥

ਵਜ਼ਾਂ ਦਾਲ ਨਉ ਸ਼ਹਰ ਆਜਮ ਬਿ ਬਸਤ ॥

ਕਿ ਨਾਮੇ ਅਜ਼ਾਂ ਸ਼ਹਰ ਦਿਹਲੀ ਸ਼ੁਦਸਤ ॥ ੩੦ ॥

ਵਜ਼ਾਂ-(ਵ+ਅਜ਼+ਆਂ) ਉਸ ਤੋਂ। ਨਉ-ਨਵਾਂ। ਆਜ਼ਮ-ਬਹੁਤ ਵਡਾ। ਬਸਤ-ਬੰਨ੍ਹਿਆ, ਵਸਾਇਆ। ਅਜ਼ਾਂ-ਉਸ ਦਾ। ਸ਼ੁਦਸਤ-ਹੋਇਆ ਹੈ।

ਉਸ ਦਾਲ (ਦੇ ਦਾਣੇ ਦੀ ਆਮਦਨ) ਤੋਂ (ਇਕ) ਬਹੁਤ ਵਡਾ ਨਵਾਂ ਸ਼ਹਿਰ ਭੀ ਬਣਿਆ ਹੈ। ਉਸ਼ ਸ਼ਹਿਰ ਦਾ ਨਾਮ ਭੀ 'ਦਿੱਲੀ' ਹੋਇਆ ਹੈ ॥੩੦॥

ਭਾਵ-ਜੋ ਚਣੇ ਦਾ ਅਧਾ ਦਾਨਾ ਸੀ, ਉਹ ਅਧਾ ਦੇ ਕੇ ਸਾਰਾ ਦਾਨਾ ਵਟਾ ਕੇ ਲਿਆ ਸੀ, ਉਸ ਦੀ ਆਮਦਨ ਤੋਂ ਇਕ ਬਹੁਤ ਵਡਾ ਸ਼ੈਹਰ ਭੀ ਵਸਾਇਆ ਹੈ। 'ਦਾਲ' ਤੋਂ ਪੈਦਾ ਹੋਣ ਕਰਕੇ ਉਸ ਸ਼ੈਹਰ ਦਾ ਨਾਉਂ ਦਿੱਲੀ ਸ਼ੈਹਰ ਮਸ਼ਹੂਰ ਹੋਇਆ ਹੈ।

ਦਿਗਰ ਦਾਨਹ ਰਾ ਬਸਤ ਮੂੰਗੀ ਪਟਨ ॥

ਚੁ ਦੋਸਤਾਂ ਪਸੰਦਸਤ ਦੁਸ਼ਮਨ ਫਿਗਨ ॥ ੩੧ ॥

ਦਿਗਰ—ਦੂਜੇ । ਬਸਤ—ਵਸਾਇਆ ਹੈ. ਬੰਨਿਆ ਹੈ । ਮੂੰਗੀ ਪਟਨ—ਇਹ ਭੀ ਇਕ ਸ਼ੈਹਰ ਦਾ ਨਾਮ ਹੈ । ਪਸੰਦਸਤ—ਮਨ ਨੂੰ ਭਾਉਂਦਾ ਹੈ । ਫਿਗਨ—ਤੋੜਨ ਵਾਲਾ ਹੈ ।

ਦੂਜੇ (ਮੂੰਗੀ) ਦੇ ਦਾਣੇ ਤੋਂ 'ਮੂੰਗੀ ਪਟਨ' [ਨਾਮ ਦਾ] ਸ਼ੈਹਰ ਬਣਿਆ ਹੈ, ਜੋ ਮਿਤ੍ਰਾਂ ਦੇ ਮਨ ਨੂੰ ਭਾਉਂਦਾ ਹੈ ਤੇ ਦੁਸ਼ਮਨਾਂ ਦੇ ਦਿਲ ਨੂੰ ਤੋੜਨ ਵਾਲਾ ਹੈ ॥੩੧॥

ਬਿ ਗੁਜ਼ੀਰਦ ਦਹ ਦੋ ਬਰੀਂ ਨਮਤ ਸਾਲ ॥

ਬਸੇ ਗਸ਼ਤ ਜੋ ਦੌਲਤੇ ਬੇਜ਼ਵਾਲ ॥ ੩੨ ॥

ਗੁਜਰੀਦ—ਬੀਤ ਗਏ । ਦਹ ਦੋ—ਦਸ+ਦੋ ਬਾਰਾਂ । ਬਰੀਂ—ਉਪਰ, ਇਸੇ । ਨਮਤ—ਢੰਗ, ਤ੍ਰੀਕੇ । ਸਾਲ—ਬਰਸ, ਵਰੇ । ਬਸੇ—ਬਹੁਤ । ਗਸ਼ਤ—ਹੋ ਗਏ । ਜੋ—(ਅਜ+ਓ) ਉਸ ਤੋਂ । ਬੇਜ਼ਵਾਲ—ਨਾ ਘਟਣ ਵਾਲੀ ।

(ਜਦ) ਇਸੇ ਹੀ ਤਰ੍ਹਾਂ ਕੇ ਉਪਰ ਬਾਰਾਂ ਵਰੇ ਗੁਜ਼ਰ ਗਏ । ਉਸ ਤੋਂ ਨਾ ਮੁਕਣ ਵਾਲੀ ਬਹੁਤ ਸਾਰੀ ਦੌਲਤ ਹੋ ਗਈ ॥੩੨॥

ਚੁ ਬਿਨਸ਼ਸਤ ਬਰ ਤਖ਼ਤ ਮਾਨੋ ਮਹੀਪ ॥

ਬ ਪੁਰਸਿਸ਼ ਦਰਾਮਦ ਸ਼ਹੇ ਹਫ਼ਤ ਦੀਪ ॥ ੩੩ ॥

ਚੁ—ਜਦ । ਬਿਨਸ਼ਸਤ—ਬੈਠਾ । ਬਰ ਤਖਤ—ਤਖਤ ਉਤੇ । ਮਾਨੋ—ਮਾਨਧਾਤਾ । ਬਪੁਰਸ਼ਿਸ—ਪੁਛਣਾ ਕੀਤਾ । ਦਰਾਮਦ—ਆਯਾ । ਸ਼ਹੇ—ਰਾਜਾ । ਹਫ਼ਤ—ਸਤ ।

ਜਦ ਮਾਨਧਾਤਾ ਰਾਜਾ ਤਖਤ ਉਤੇ ਬੈਠਾ (ਤੇ ਵਜ਼ੀਰ ਉਸ ਦੇ ਕੋਲ ਆਯਾ) ਤਦ ਉਹ ਸਤਾਂ ਦੀਪਾਂ ਦਾ ਰਾਜਾ ਪੁਛਣ ਲਗਾ ॥੩੩॥

ਬ ਗੁਫ਼ਤਾ ਕਿ ਪੇਸੀਨ ਕਾਗਦ ਬਿਆਰ ॥

ਚਿ ਬਖ਼ਸ਼ੀਦਹ ਅਮ ਮਨ ਬ ਪਿਸਰਾਂ ਸ਼ੁਮਾਰ* ॥ ੩੪ ॥

ਗੁਫ਼ਤਾ—ਕਿਹਾ । ਪੇਸ਼ੀਨ—ਪਹਿਲਾ । ਬਿਆਰ—ਲਿਆਓ । ਬਖਸ਼ੀਦਹ ਅਮ—ਦਾਤ ਦਿਤੀ ਮੈਂ । ਬ ਪਿਸਰਾਂ—ਪੁਤਰਾਂ ਨੂੰ । ਸ਼ੁਮਾਰ—ਗਿਣਤੀ ਕਰ ।

(ਰਾਜੇ ਨੇ ਵਜ਼ੀਰ ਨੂੰ) ਕਿਹਾ—ਜੋ ਪਹਿਲਾਂ ਕਾਗਜ਼ ਲਿਆਓ (ਅਤੇ ਵੇਖੋ ਕਿ) ਮੈਂ ਪੁਤਰਾਂ ਨੂੰ ਕੀ ਦਾਤ ਦਿਤੀ ਹੋਈ ਹੈ ? ਗਿਣਤੀ ਕਰਕੇ ਦਸੋ ॥੩੪॥

ਦਬੀਰੇ ਕਲਮਜਨ ਕਲਮ ਬਰ ਗ੍ਰਿਫ਼ਤ ॥

ਜਵਾਬ ਸੁਖਨ ਰਾ ਅਲਨ ਬਰ ਗਰਿਫਤ ॥ ੩੫ ॥

ਦਬੀਰੇ—ਮੁਨਸ਼ੀ । ਕਲਮਜਨ—ਕਲਮ ਚਲਾਉਣ ਵਾਲੇ। ਬਰ ਗ੍ਰਿਫ਼ਤ—ਫੜ ਲਈ । ਜਵਾਬੇ ਸੁਖ਼ਨ ਰਾ—ਉਤਰ ਦੀ ਗਲ । ਅਲਮ—ਝੰਡਾ । ਬਰ ਗਰਿਫਤ—ਖੜਾ ਕੀਤਾ ।

ਕਲਮ ਚਲਾਉਣ ਵਾਲੇ ਮੁਨਸ਼ੀ ਨੇ ਕਲਮ (ਹਥ ਵਿਚ) ਫੜ ਲਈ । (ਫਿਰ) ਉਤਰ ਦੀ ਗੱਲ (ਆਖਣ ਲਈ, ਉਸ ਨੇ) ਝੰਡਾ† ਖੜਾ ਕੀਤਾ ॥੩੫॥

---

*ਪਾਠਾਂਤ੍ਰ—ਚਹਾਰ ਭੀ ਵੇਖਿਆ ਹੈ ।

†ਪਹਿਲੇ ਸਮੇਂ ਵਿਚ ਰਵਾਜ ਹੁੰਦਾ ਸੀ, ਜਿਸ ਨੇ ਰਾਜੇ ਮਹਾਰਾਜੇ ਨਾਲ ਗੱਲ ਕਰਨੀ ਹੁੰਦੀ ਉਹ ਹਥ ਵਿਚ ਝੰਡਾ ਫੜ ਕੇ ਖੜਾ ਕਰਦਾ, ਫਿਰ ਰਾਜਾ ਆਪ ਹੀ ਉਸ ਥੋਂ ਪੁਛਦਾ ਸੀ ।

ਬਗਫਤਾ ਚਿ ਬਖ਼ਸ਼ੀਦਮ ਏਸ਼ਾਂ ਹਜ਼ਾਰ ॥

ਬਕਾਗਜ਼ ਬਬੀਂ ਤਾ ਜ਼ਬਾਨਸ਼ ਬਿਆਰ ॥੩੬॥

ਬਗੁਫਤਾ—ਕਿਹਾ । ਬਖਸ਼ੀਦਮ—ਮੈਂ ਬਖਸ਼ਿਆ । ਏਸ਼ਾਂ—ਉਨ੍ਹਾਂ ਨੂੰ । ਬਬੀਂ—ਵੇਖ । ਬਕਾਗਜ਼ —ਕਾਗਜ਼ ਉਤੇ । ਜਬਾਨਸ਼—ਜ਼ਬਾਨ ਨਾਲ ਉਸ ਨੂੰ

(ਰਾਜੇ ਨੇ) ਕਿਹਾ-ਮੈਂ ਉਨ੍ਹਾਂ ਨੂੰ ਕਿੰਨੇ ਹਜ਼ਾਰ ਬਖਸ਼ਿਆ ਹੈ ? ਕਾਗਜ਼ ਉਤੇ ਵੇਖੋ ਤੇ ਫਿਰ ਉਸ ਨੂੰ ਜ਼ਬਾਨ ਉਤੇ ਲਿਆਓ ਅਰਥਾਤ ਪਹਿਲਾਂ ਕਾਗਜ਼ ਤੋਂ ਪੜ੍ਹ ਲਓ ਅਤੇ ਫਿਰ ਜ਼ਬਾਨ ਨਾਲ ਕਹੁ ॥੩੬॥

ਬਕਾਗਜ਼ ਬਬੀਂ ਤਾ ਬਗੋਯਦ ਜ਼ਬਾਂ ॥

ਚਿ ਬਖ਼ਸ਼ੀਦਹ ਸ਼ੁਦ ਬਖ਼ਸ਼ ਹਰ ਕਸ ਕਜ਼ਾਂ ॥ ੩੭ ॥

ਬ—ਉਤੇ । ਬਬੀਂ—ਵੇਖ । ਬਗੋਯਦ—ਕਹੁ । ਬਖ਼ਸ਼ੀਦਹ ਸ਼ੁਦ—ਬਖਸ਼ਸ਼ ਹੋਈ ਹੈ,ਦਾਤ ਦਿਤੀ ਗਈ ਹੈ । ਬਖ਼ਸ਼-ਬਖਰਾ, ਹਿਸਾ, ਭਾਗ । ਕਜ਼ਾਂ—(ਕ+ਅਜ਼+ਆਂ) ਜੋ ਉਸ ਨੂੰ ।

(ਪਹਿਲੇ) ਕਾਗਜ਼ ਉਤੇ ਵੇਖੋ (ਅਤੇ ਫਿਰ) ਜੀਭ ਨਾਲ ਕਹੁ,(ਕਿ) ਕੱਲੇ ਕੱਲੇ ਨੂੰ ਕੀ ਕੁਝ ਭਾਗ ਬਖਸ਼ਸ਼ ਹੋਈ ਹੈ । ੩੭॥

ਚੁ ਬਿਸ਼ਨੀਦ ਸੁਖ਼ਨਿ ਮਹੀਪਾਨਿ ਮਾਨ ॥

ਫ਼ਰਿਸ਼ਤਾ ਸਿਫ਼ਤ ਚੂੰ ਮਲਾਇਕ ਮਕਾਨ ॥ ੩੮ ॥

ਚੁ—ਜਦੋਂ । ਬਿਸ਼ਨੀਦ—ਸੁਣੀ । ਸੁਖ਼ਨਿ—ਗੱਲ । ਚੂੰ—ਵਰਗੀ । ਸਿਫ਼ਤ—ਉਪਮਾ, ਤਾਰੀਫ਼। ਮਲਾਇਕ—ਦੇਵਤੇ । ਮਕਾਨ—ਪਦਵੀ ।

ਜਦੋਂ ਮਾਨਧਾਤਾ ਮਹਾਰਾਜੇ ਦੀ ਗੱਲ ਸੁਣੀ, (ਜੋ ਰਾਜਾ) ਦੇਵਤਿਆਂ ਜਿਹੀ ਸਿਫਤ (ਵਾਲਾ ਤੇ) ਦਵਤਿਆਂ ਵਰਗੀ ਪਦਵੀ (ਵਾਲਾ ਹੈ) ॥੩੮॥

ਬਿਆਰੀ ਮਰਾ ਪੇਸ਼ ਬਖ਼ਸ਼ੀਦਹ ਮਨ ॥

ਚਰਾਗ਼ ਜਹਾਂ ਆਫਤਾਬੇ ਯਮਨ ॥ ੩੯ ॥

ਬਿਆਰੀ—ਲਿਆਵੋ । ਮਰਾ ਪੇਸ਼-ਮੇਰੇ ਸਾਹਮਣੇ । ਬਖ਼ਸ਼ੀਦਹ—ਦਾਤ । ਮਨ—ਮੈਂ।ਚਰਾਗ— ਦੀਵੇ । ਜਹਾਂ—ਜਹਾਨ । ਆਫਤਾਬੇ—ਸੂਰਜ । ਯਮਨ—ਇਕ ਦੇਸ ਦਾ ਨਾਮ ਹੈ, ਜਿਥੇ ਮਾਨਧਾਤਾ ਦਾ ਰਾਜ ਸੀ ।

ਲਿਆਓ ਮੇਰੇ ਸਾਹਮਣੇ (ਜੋ ਕੁਝ) ਮੈਂ (ਤੁਹਾਨੂੰ) ਦਿਤਾ ਸੀ । ਹੇ ਜਗਤ ਦੇ ਦੀਵਿਓ ਤੇ ਯਮਨ (ਦੇਸ ਦੇ) ਸੂਰਜੋ ॥੩੯॥

ਭਾਵ–ਜਦ ਰਾਜਾ ਮਾਨਧਾਤਾ ਨੇ ਵਜ਼ੀਰ ਤੋਂ ਪੁਛਿਆ ਕਿ ਦਸੋ, ਮੈਂ ਪੁਤਰਾਂ ਨੂੰ ਕੀ ਕੁਝ ਦਿਤਾ ਹੈ ? ਕਾਗਜ਼ ਤੋਂ ਵੇਖ ਕੇ ਮੈਨੂੰ ਸਭ ਕੁਝ ਦਸੋ । ਤਦ ਵਜੀਰਾਂ ਨੇ ਕਾਗਜਾਂ ਨੂੰ ਵੇਖਕੇ ਰਾਜੇ ਨੂੰ ਤਫਸੀਲ ਵਾਰ ਸਭ ਕੁਝ ਦਸ ਦਿਤਾ । ਫਿਰ ਰਾਜੇ ਨੇ ਪੁਤਰਾਂ ਲਈ ਜਗਤ ਦਾ ਦੀਵਾ ਪਦ ਵਰਤਿਆ ਹੈ । ਦੇਸ ਵਿਚ ਰਾਜੇ ਦਾ ਪਰਤਾਪ ਸੂਰਜ ਵਾਂਗੂ ਹੁੰਦਾ ਹੈ, ਰਾਜਕੁਮਾਰਾਂ ਦਾ ਨਾਮ ਜਗ ਵਿਚ ਰੋਸ਼ਨ ਹੋ ਚੁਕਾ ਸੀ । ਇਸ ਕਰਕੇ ਰਾਜੇ ਨੇ ਚੌਹਾਂ ਪੁਤਰਾਂ ਨੂੰ ਯਮਨ ਦੇ ਸੂਰਜ ਨਾਮ ਨਾਲ ਸੰਬੋਧਨ ਕੀਤਾ ਹੈ ।

ਬਗੋਯਦ ਮੁਰਦੰਦ ਬਾਜ਼ੇ ਮੁਹਿਮ ॥
ਕਿ ਮਾ ਹਮ ਬਸਾ ਫ਼ੀਲ ਬਖ਼ਸ਼ੀਦਹ ਅਮ ॥੪੦॥

ਮੁਰਦੰਦ—ਮਰ ਗਏ। ਮੁਹਿਮ—ਲੜਾਈ। ਮਾ ਹਮ—ਮੈਂ ਭੀ। ਬਸਾਂ—ਬਹੁਤ ਸਾਰੇ।

(ਵਡੇ ਪੁਤ੍ਰ ਨੇ) ਕਿਹਾ ਕਈ (ਹਾਥੀ) ਲੜਾਈ ਵਿਚ ਮਰ ਗਏ ਹਨ। ਜੋ (ਬਚ ਰਹੇ ਸਨ, ਉਨ੍ਹਾਂ ਵਿਚੋਂ) ਬਹੁਤ ਸਾਰੇ ਹਾਥੀ ਮੈਂ (ਲੋਕਾਂ ਅਤੇ ਸੇਵਕਾਂ ਨੂੰ) ਬਖਸ਼ ਦਿਤੇ ਸਨ (ਹੁਣ ਮੇਰੇ ਕੋਲ ਇਕ ਭੀ ਨਹੀਂ ਹੈ) ॥ ੪੦ ॥

ਦਿਗਰ ਰਾ ਬਿ ਪੁਰਸੀਦ ਅਸਪਸ਼ ਚਿ ਕਰਦ ॥
ਕਿ ਬਾਜੇ ਬਬਖ਼ਸ਼ੀਦ ਬਾਜੇ ਬਿਮੁਰਦ ॥ ੪੧ ॥

ਦਿਗਰ ਰਾ—ਦੂਜੇ ਨੂੰ। ਪੁਰਸੀਦ—ਪੁਛਿਆ। ਅਸਪਸ਼—(ਅਸਪ+ਸ਼) ਘੋੜੇ ਉਹ। ਚਿ ਕਰਦ—ਕੀ ਕੀਤੇ। ਬਿ ਮੁਰਦ—ਮਰ ਗਏ।

ਦੂਜੇ (ਪੁਤਰ) ਨੂੰ (ਰਾਜੇ ਨੇ) ਪੁਛਿਆ, ਉਨ੍ਹਾਂ ਘੋੜਿਆਂ ਨੂੰ (ਤੂੰ) ਕੀ ਕੀਤਾ ਹੈ ? (ਉਸ ਨੇ ਕਿਹਾ) ਕਈ (ਤਾਂ ਮੈਂ) ਬਖਸ਼ ਦਿਤੇ ਹਨ ਅਤੇ ਕਈ ਮਰ ਗਏ ਹਨ ॥ ੪੧ ॥

ਸੋਇਮ ਰਾ ਬਿਪੁਰਸੀਦ ਸ਼ੁਤਰਾਂ ਨੁਮਾ ॥
ਕੁਜਾ ਤੋ ਬਿ ਬਖ਼ਸ਼ੀਦ ਏ ਜਾਨਿ ਮਾ ॥ ੪੨ ॥

ਸੋਇਮ ਰਾ—ਤੀਜੇ ਨੂੰ। ਪੁਰਸੀਦ—ਪੁਛਿਆ। ਸ਼ੁਤਰਾਂ—ਊਠ। ਨੁਮਾਂ—ਵਿਖਾਓ। ਕੁਜਾ—ਕਿਥੇ ? ਜਾਨਿ ਮਾ—ਮੇਰੀ ਜਾਨ।

ਤੀਜੇ (ਪੁਤਰ) ਨੂੰ ਪੁਛਿਆ ਊਠ (ਕਿਥੇ ਹਨ ? ਮੈਨੂੰ) ਵਿਖਾਓ। ਹੇ ਮੇਰੀ ਜਾਨ! (ਉਨ੍ਹਾਂ ਨੂੰ) ਕਿਥੇ ਬਖਸ਼ਿਆ ਹੈ ? ॥ ੪੨ ॥

ਬਿ ਗੁਫਤਹ ਕਿ ਬਾਜ਼ੇ ਬਕਾਰ ਆਮਦੰਦ ॥
ਬਖ਼ਸ਼ਸ਼ ਅੰਦਰੂੰ ਬੇਸ਼ੁਮਾਰ ਆਮਦੰਦ ॥ ੪੩ ॥

ਬਕਾਰ—ਕੰਮ ਵਿਚ। ਆਮਦੰਦ—ਆ ਗਏ। ਬੇਸੁਮਾਰ—ਅਗਿਣਤ ਹੀ।

ਉਸ ਨੇ ਕਿਹਾ—ਕਈ ਤਾਂ ਇਕ ਲੜਾਈ ਵਿਚ ਕੰਮ ਆ ਗਏ ਹਨ (ਭਾਵ ਜੰਗ ਵਿਚ ਮਰ ਗਏ ਹਨ। ਅਗਿਣਤ ਹੀ ਊਠ ਬਖਸ਼ਸ਼ ਕਰਨ ਵਿਚ ਖਰਚ ਆ ਗਏ ਹਨ (ਮੇਰੇ ਕੋਲ ਇਸ ਵੇਲੇ ਇਕ ਭੀ ਊਠ ਬਾਕੀ ਨਹੀਂ ਹੈ ਜੋ ਆਪ ਨੂੰ ਵਿਖਾ ਸਕਾਂ) ॥ ੪੩ ॥

ਚਵੁਮ ਰਾ ਬਿ ਪੁਰਸੀਦ ਕਿ ਏ ਨੇਕ ਬਖਤ ॥
ਸਜ਼ਾਵਾਰਿ ਦੇਹੀਮ ਸ ਯਾਨ ਤਖਤ ॥ ੪੪ ॥

ਚਵੁਮ ਰਾ—ਚੌਥੇ ਨੂੰ। ਪੁਰਸੀਦ—ਪੁਛਿਆ। ਨੇਕ ਬਖਤ—ਚੰਗੇ ਭਾਗਾਂ ਵਾਲੇ। ਸਜ਼ਾਵਾਰਿ—ਲਾਇਕ. ਜੋਗ। ਦੇਹੀਮ—ਛਤ੍ਰ ਚੌਰ। ਸਾਯਾਨ—ਜੋਗ। ਤਖਤ—ਰਾਜ ਗੱਦੀ।

ਚੌਥੇ (ਪੁਤਰ) ਨੂੰ ਪੁਛਿਆ—ਹੇ ਭਾਗਾਂ ਵਾਲੇ! ਹੇ ਛਤ੍ਰ ਚੌਰ ਦੇ ਯੋਗ! ਅਤੇ ਹੇ ਰਾਜ ਗੱਦੀ ਦੇ ਲਾਇਕ ॥ ੪੪ ॥

ਕੁਜਾ ਗਸ਼ਤ ਬਖਸ਼ਸ਼ ਤੁ ਮਾਰਾ ਫ਼ਹੀਮ ॥
ਯਕੇ ਦਾਨਹ ਮੂੰਗੋ ਦਿਗਰ ਨੁਖ਼ਦ ਨੀਮ ॥ ੪੫ ॥

ਕੁਜਾ—ਕਿਥੇ । ਗਸ਼ਤ—ਏਈ । ਫ਼ਹੀਮ—ਸਮਝਾਓ । ਨੁਖ਼ਦ—ਚਣਾ ।

ਮੇਰੀ ਦਾਤ ਕਿਥੇ ਗਈ ? ਤੂੰ ਮੈਨੂੰ ਸਮਝਾਓ । ਇਕ ਦਾਣਾ ਮੂੰਗੀ ਦਾ ਅਤੇ ਅਧਾ ਦਾਣਾ ਚਣੇ ਦਾ (ਜੋ ਤੈਨੂੰ ਦਿਤਾ ਗਿਆ ਸੀ) ॥ ੪੫ ॥

ਸ਼ਵਦ ਗਰ ਹੁਕਮ ਤਾ ਬਿਆਰੇਮ ਪੇਸ਼ ॥
ਹਮਹ ਫੀਲ ਅਸਪੋ ਅਜ਼ੋ ਊਤਰ ਬੇਸ਼ ॥ ੪੬ ॥

ਸ਼ਵਦ—ਹੋਵੇ । ਬਿਆਰੇਮ—ਲਿਆਵਾਂ ਮੈਂ । ਪੇਸ਼—ਸਾਹਮਣੇ । ਹਮਹ—ਸਾਰੇ । ਅਸਪੋ—ਘੋੜੇ । ਬੇਸ਼—ਬਹੁਤ ਸਾਰੇ ।

(ਉਸ ਨੇ ਕਿਹਾ) ਜੇਕਰ ਹੁਕਮ ਹੋਵੇ ਤਾਂ ਮੈਂ ਸਾਹਮਣੇ ਲੈ ਆਵਾਂ । ਸਾਰੇ ਹਾਥੀ, ਘੋੜੇ ਅਤੇ ਜੋ ਉਸ ਤੋਂ ਬਹੁਤ ਸਾਰੇ ਊਠ ਹੋਏ ਹਨ ॥ ੪੬ ॥

ਨਦਰ ਕਰਦ ਫੀਲੇ ਦੋ ਦਹ ਹਜ਼ਾਰ ਮਸਤ ॥
ਪੁਰ ਅਜ਼ ਜ਼ਰ ਬਾਰੋ ਹਮਹ ਨੁਕਰਾ ਬਸਤ ॥ ੪੭ ॥

ਨਦਰ ਕਰਦ—ਨਜ਼ਰ ਕੀਤੇ, ਵਿਖਾਏ । ਦੋ ਦਾਹੇ—ਰੀਹ ਜਾਂ ਦਸ ਤੇ ਦੋ—ਬਾਰਾਂ । ਜ਼ਰ—ਸੋਨਾ । ਨੁਕਰ—ਚਾਂਦੀ । ਬਸਤ—ਮੜੇ ਹੋਏ ।

(ਉਸ ਨੇ) ਬਾਰਾਂ (ਜਾਂ ਵੀਹ ਹਜ਼ਾਰ ਹਾਥੀ (ਲਿਆ ਕੇ) ਰਾਜੇ ਦੀ ਨਜ਼ਰ ਕੀਤੇ (ਜੋ) ਸਾਰੇ ਹੀ ਸੋਨੇ ਦੇ ਭਾਰ ਨਾਲ ਭਰੇ ਹੋਏ ਤੇ ਚਾਂਦੀ ਨਾਲ ਮੜੇ ਹੋਏ ਸਨ ॥ ੪੭ ॥

ਹਮਾਂ ਅਸਪ ਦਹ ਸੂਦ ਹਜ਼ਾਰ ਆਵਰੀਦ ॥
ਹਮਾਂ ਜ਼ੀ ਨੋ ਜ਼ਰ ਬੇਸ਼ੁਮਾਰ ਆਵਰੀਦ ॥ ੪੮ ॥

ਹਮਾਂ—(ਅਮ+ਆਂ) ਉਹ ਭੀ । ਅਸਪ—ਘੋੜੇ । ਦਹ ਸੂਦ ਹਜ਼ਾਰ—ਦਸ ਸੌ ਹਜ਼ਾਰ (ਭਾਵ ਦਸ ਲਖ) । ਆਵਰੀਦ—ਲਿਆਇਆ ।

(ਫਿਰ) ਉਹ ਦਸ ਲਖ ਘੋੜੇ ਭੀ ਲਿਆਇਆ । ਉਹ ਸੋਨੇ ਦੀਆਂ ਜ਼ੀਨਾਂ ਭੀ ਅਗਿਣਤ ਹੀ ਲਿਆਇਆ ॥ ੪੮ ॥

ਹਮਾਂ ਖੋਦ ਖ਼ਫਤਾਨ ਓ ਬਰਗੁਸਤਵਾਂ ॥
ਬਸੇ ਤੀਰ ਸਮਸ਼ੇਰ ਕੀਮਤ ਗਿਰਾਂ ॥ ੪੯ ॥

ਹਮ—(ਹਮ—ਭੀ । ਆਂ—ਓਹ) ਉਹ ਭੀ । ਖ਼ਫਤਾਨ—ਸੁਨੈਹਰੀ ਸੰਜੋਆਂ । ਟੋਪ—ਲੋਹੇ ਦਾ ਟੋਪ, ਜੋ ਸਿਰ ਦੀ ਰਖਿਆ ਲਈ ਪਾਇਆ ਜਾਂਦਾ ਹੈ । ਬਰ—ਚੰਗੇ । ਗੁਸਤਵਾਂ—ਸੁਨੈਹਰੀ-ਰੁਪੈਹਰੀ ਝੁਲ । ਗਿਰਾਂ—ਬਹੁਤ ।

ਉਹ ਲੋਹੇ ਦੇ ਟੋਪ, ਸੁਨੈਹਰੀ ਸੰਜੋਆਂ ਅਤੇ ਬਹੁਤ ਚੰਗੀਆਂ ਸੁਨੈਹਰੀ ਝੁਲਾਂ, ਬਹੁਤ ਸਾਰੇ ਤੀਰ ਅਤੇ ਬਹੁਤ ਭਾਰੇ ਮੁਲ ਦੀਆਂ ਤਲਵਾਰਾਂ ॥ ੪੯ ॥

ਬਸੇ ਸ਼ੁਤ੍ਰ ਬਗਦਾਦ ਜ਼ਰ ਬਫ਼ਤ ਬਾਰ ॥
ਜ਼ਰੋ ਜਾਮਹ ਹਮ ਆਸਤੀਂ ਬੇਸ਼ੁਮਾਰ ॥੫੦॥

ਬਸੇ—ਬਹੁਤ । ਸ਼ੁਤ੍ਰ—ਊਂਠ । ਬਗਦਾਦ—ਇਕ ਸ਼ਹਿਰ ਦਾ ਨਾਮ ਹੈ, ਜਿਥੋਂ ਦੇ ਊਂਠ ਮਸ਼ਹੂਰ ਹਨ । ਜ਼ਰ ਬਫ਼ਤ—ਜ਼ਰੀ ਦੇ ਕਪੜੇ ਖੀਨ ਖ਼ਾਬ ਵਗੈਰਾ । ਬਾਰ—ਭਾਰ । ਜ਼ਰੋ—ਸੋਨਾ ਅਤੇ । ਜਾਮਹ—ਬਸਤ੍ਰ, ਕਪੜੇ । ਹਨ—ਭੀ । ਆਸਤੀਂ—(ਆਸਤੀਨ) ਕੁੜਤੇ। ਬੇਸ਼ੁਮਾਰ—ਅਨਾਗਣਤ ।

ਬਹੁਤ ਸਾਰੇ ਬਗਦਾਦ ਦੇ ਊਂਠ, ਜੋ ਖੀਨਖਾਬ ਦੇ ਭਾਰ (ਨਾਲ ਲਦੇ ਹੋਏ ਸਨ) । ਸੋਨਾ ਕਪੜੇ ਤੇ ਕੁੜਤੇ ਭੀ ਅਨਗਿਣਤ (ਲੈ ਕੇ ਆਇਆ) ॥ ੫੦ ॥

ਕਿ ਦਹ ਨੀਲ ਦਹ ਪਦਮ ਦੀਨਾਰ ਜ਼ਰਦ ॥
ਕਜ਼ੋ ਦੀਦਹ ਸ਼ੁਦ ਦੀਦਹ ਏ ਦੋਸਤ ਸਰਦ ॥੫੧॥

ਦਹ—ਦਸ । ਨੀਲ—ਸੌ ਕਰੋੜ ਦਾ ਅਰਬ, ਸੌ ਅਰਬ ਦਾ ਖਰਬ ਤੇ ਸੌ ਖਰਬ ਦਾ ਇਕ 'ਨੀਲ' ਹੁੰਦਾ ਹੈ । ਪਦਮ—ਸੌ ਨੀਲ ਦਾ ਇਕ ਪਦਮ ਹੁੰਦਾ ਹੈ । ਦੀਨਾਰ—ਮੋਹਰ । ਜ਼ਰਦ—ਪੀਲਾ ਰੰਗ । ਦੀਦਹ—ਵੇਖ ਕੇ । ਸ਼ੁਦ—ਹੁੰਦਾ । ਦੀਦਹ—ਅਖਾਂ । ਸਰਦ—ਠੰਢੀਆਂ ।

ਜੋ ਦਸ ਨੀਲ, ਦਸ ਪਦਮ ਪੀਲੇ ਰੰਗ ਦੀਆਂ ਮੋਹਰਾਂ, ਜਿਨ੍ਹਾਂ ਨੂੰ ਵੇਖ ਕੇ ਦੋਸਤਾਂ ਦੀਆਂ ਅਖਾਂ ਠੰਢੀਆਂ ਹੁੰਦੀਆ ਹਨ ॥ ੫੧ ॥

ਕਿ ਯਕ ਮੂੰਗ ਯਕ ਸ਼ਹਰ ਜ਼ੂ ਕਾਮ ਸ਼ੁਦ ॥
ਕਿ ਮੂੰਗੀ ਪਟਨ ਸ਼ਹਰ ਓ ਨਾਮ ਸ਼ੁਦ ॥੫੨॥

ਜ਼ੂ—(ਅਜ+ਉ) ਉਸ ਤੋਂ । ਕਾਮ—ਇਛਾ । ਸ਼ੁਦ—ਹੋਇਆ ।

ਜੋ ਇਕ ਮੂੰਗੀ (ਦਾ ਦਾਣਾ ਸੀ) ਉਸ ਤੋਂ ਇਕ ਸ਼ਹਿਰ ਇਛਾ (ਅਨੁਸਾਰ ਤਿਆਰ) ਹੋਇਆ ਹੈ, ਉਸ ਸਹਿਰ ਦਾ ਨਾਮ 'ਮੂੰਗੀ ਪਟਨ' (ਪ੍ਰਸਿਧ) ਹਇਆ ਹੈ ॥ ੫੨ ॥

ਕਿ ਨੀਮੇ ਨੁਖ਼ੁਦ ਰਾ ਦਿਗਰ ਸ਼ਹਰ ਬਸਤ ॥
ਕਿ ਨਾਮੇ ਅਜ਼ੋ ਸ਼ਹਰ ਦਿਹਲੀ ਸ਼ੁਦਸਤ ॥੫੩॥

ਜੋ ਅੱਧਾ ਚਣੇ ਦਾ (ਦਾਣਾ ਸੀ, ਉਸ ਤੋਂ) ਦੂਜਾ ਸ਼ਹਿਰ ਬਝਾ ਹੈ, ਅਤੇ ਉਸ ਦਾ ਨਾਮ 'ਦਿਲੀ' ਸ਼ੈਹਰ (ਪਰਗਟ) ਹੋਇਆ ਹੈ ॥ ੫੩ ॥

ਖੁਸ਼ ਆਮਦ ਬ ਤਦਬੀਰ ਮਾਨੋ ਮਹੀਪ ॥
ਖਿਤਾਬਸ਼ ਬਦੋ ਦਾਦ ਰਾਜਹ ਦਲੀਪ ॥੫੪॥

ਖ਼ੁਸ਼ ਆਮਦ—ਚੰਗੀ ਲਗੀ । ਤਦਬੀਰ—ਜੁਗਤੀ । ਮਾਨੋ—ਮਾਨਧਾਤਾ । ਖ਼ਿਤਾਬ—ਇਜ਼ਤ, ਸੂਚਕ ਪਦ, ਲਕਬ । ਸ਼—ਉਸ । ਬਦੋ—ਉਸ ਨੂੰ । ਦਾਦ—ਦਿਤਾ । ਦਲੀਪ—ਦਿਲ ਦਾ ਪਤੀ ।

ਰਾਜਾ ਮਾਨਧਾਤਾ ਨੂੰ (ਚੌਥੇ ਪੁਤਰ ਦੀ) ਜੁਗਤੀ ਚੰਗੀ ਲਗੀ । ਉਸ ਨੇ ਉਸ ਨੂੰ 'ਰਾਜਾ ਦਲੀਪ' ਲਕਬ (ਖਿਤਾਬ) ਦੇ ਦਿਤਾ (ਅਰਥਾਤ ਉਸ ਦਿਨ) ਤੋਂ ਉਸਦਾ ਨਾਮ ਰਾਜਾ ਦਲੀਪ ਧਰ ਦਿਤਾ ॥ ੫੪ ॥

ਕਿ ਪੈਦਾ ਅਜ਼ੋ ਮਰਦ ਸ਼ਾਹਨ ਸ਼ਹੀ ॥
ਸਜ਼ਾਵਰ ਤਖਤ ਅਸਤ ਤਾਜ਼ੋ ਮਹੀ ॥ ੫੫ ॥

ਪੈਦਾ-ਪ੍ਰਗਟ । ਮਰਦ-ਪ੍ਰਤਾਪ । ਸ਼ਾਹਨਸ਼ਹੀ-ਸ਼ਹਿਨਸ਼ਾਹੀ । ਸਜਾਵਾਰ-ਯੋਗ।ਮਹੀ-ਧ੍ਰਤੀ।

ਜੋ ਉਸ ਤੋਂ ਸ਼ਹਿਨਸ਼ਾਹੀ ਦਾ ਪ੍ਰਤਾਪ ਪ੍ਰਗਟ ਹੋਇਆ ਸੀ । (ਉਸ ਕਰਕੇ ਉਹ) ਧਰਤੀ ਉਤੇ ਤਖਤ ਤੇ ਤਾਜ ਦੇ ਯੋਗ ਹੋ ਗਿਆ ਸੀ ॥ ੫੫ ॥

ਬ-ਜ਼ੇਬਦ ਅਜ਼ੋ ਮਰਦ ਤਾਜੋ ਨਗੀਂ ॥
ਬਰਾਂ ਅਕਲੋ ਤਦਬੀਰ ਹਜ਼ਾਰ ਆਫਰੀਂ ॥ ੫੬ ॥

ਜ਼ੇਬਦ—ਸੋਭਦਾ ਹੈ । ਨਗੀਂ—ਨਗੀਨਾ, ਮੋਹਰ । ਆਫਰੀਂ—ਆਫਰੀਨ, ਕੁਰਬਾਨ,ਸਦਕੇ । ਤਦਬੀਰ-ਜੁਗਤੀ । ਤਾਜੋ—ਛਤ੍ਰ ਚੌਰ ।

ਉਸ ਮਰਦ ਨੂੰ ਛਤ੍ਰ ਚੌਰ ਤੇ ਮੋਹਰ ਸੋਭਦੀ ਹੈ, ਉਸ ਦੀ ਅਕਲ ਤੇ ਜੁਗਤੀ ਤੋਂ ਹਜਾਰ ਵੇਰੀ ਕੁਰਬਾਨ ਹੁੰਦੇ ਹਾਂ ॥ ੫੬ ॥

ਸਿ ਓ ਹਸਤ ਬੇਅਕਲ ਅਲੂਦਹ ਮਗ਼ਜ਼ ॥
ਨ ਗੁਫ਼ਤਾਰ ਖ਼ੁਸ਼ਤਰ ਨ ਰਫ਼ਤਾਰ ਨਗ਼ਜ਼ ॥ ੫੭ ॥

ਸਿ ਓ-ਤਿੰਨ ਹੀ । ਹਸਤ-ਹੈਂਗੇ ਹਨ । ਬੇਅਕਲ-ਮੂਰਖ, ਅਕਲ ਤੋਂ ਹੀਣੇ । ਅਲੂਦਹ-ਗੰਦੇ । ਮਗਜ਼-ਦਿਮਾਗ । ਗਫ਼ਤਾਰ-ਬੋਲੀ । ਖ਼ੁਸ਼ਤਰ-ਚੰਗੀ ਸੁੰਦਰ । ਰਫਤਾਰ-ਚਾਲ,ਤੋਰ। ਨਗਜ-ਪਿਆਰੀ ।

(ਬਾਕੀ ਦੇ) ਤਿੰਨੇ (ਪੁਤਰ) ਹੀ ਮੂਰਖ ਗੰਦੇ ਦਿਮਾਗ ਵਾਲੇ ਹਨ । (ਉਨ੍ਹਾਂ ਦੀ) ਨਾ ਬੋਲੀ ਚੰਗੀ ਤੇ ਨਾ ਹੀ ਤਰ ਪਿਆਰੀ ਹੈ (ਅਰਥਾਤ ਉਨ੍ਹਾਂ ਨੂੰ ਨਾ ਗੱਲ ਕਰਨ ਦੀ ਤਾਮੀਜ਼ ਹੈ ਤੇ ਨਾ ਹੀ ਕਿਸੇ ਕੰਮ ਨੂੰ ਸਰੰਜਾਮ ਕਰਨ ਦੀ ਅਕਲ ਆਉਂਦੀ ਹੈ) ॥੫੭॥

ਹਮੀ ਖ਼੍ਵਾਸਤ ਕਿ ਓਰਾ ਬਸ਼ਾਹੀ ਦਿਹਮ ॥
ਕਿ ਦੌਲਤ ਖ਼ੁਦਸ਼ ਰਾ ਆਗਾਹੀ ਦਿਹਮ ॥ ੫੮ ॥

ਹਮੀਂ-(ਹਮ+ਈਂ) ਇਸ ਨੇ ਭੀ । ਖ਼੍ਵਾਸਤ-ਚਾਹਿਆ,ਇਛਾ ਕੀਤੀ ਹੈ । ਓਰਾ-ਉਸ ਨੂੰ। ਦਿਹਮ-ਮੈਂ ਦੇਵਾਂ । ਖ਼ੁਦਸ਼-ਆਪਣੀ । ਰਾ-ਦੀ । ਆਗਾਹੀ-ਪਤਾ ।

ਇਸ ਨੇ ਵੀ ਚਾਹਿਆ ਜੋ ਮੈਂ ਉਸ ਨੂੰ ਪਾਤਸ਼ਾਹੀ ਦੇ ਦੇਵਾਂ ਅਤੇ ਆਪਣੀ ਦੌਲਤ ਦਾ ਭੀ ਇਸ ਨੂੰ ਪਤਾ ਦੇ ਦੇਵਾਂ ॥੫੮॥

ਬਜ਼ੇਬਦ ਬਰ ਔਰੰਗਿ ਸ਼ਾਹਨ ਸ਼ਹੀ ॥
ਕਿ ਸ੍ਵਾਹਿਬ ਸ਼ਊਰ ਅਸਤਵ ਮਾਲਿਕ ਮਹੀ ॥ ੫੯ ॥

ਬਜ਼ੇਬਦ-ਸੋਭਾ ਦੇਂਦਾ ਹੈ । ਬਰ-ਉਪਰ । ਔਰੰਗਿ-ਰਾਜ ਗੱਦੀ । ਸ੍ਵਾਹਿਬ-ਸਾਹਿਬ, ਮਾਲਕ । ਸ਼ਊਰ-ਬੁਧੀਵਾਨ । ਮਹੀ-ਧਰਤੀ ।

ਰਾਜਾ (ਦਲੀਪ) ਰਾਜ ਗੱਦੀ ਉਤੇ ਸੋਭਾ ਦੇਂਦਾ ਹੈ । ਜੋ ਬੁਧੀਵਾਨਾਂ ਦਾ ਮਾਲਕ ਹੈ ਅਤੇ ਧਰਤੀ ਦਾ ਮਾਲਕ ਹੈ ॥੫੯॥

ਖ਼ਿਤਾਬਸ਼ ਅਜ਼ੋ ਗਸ਼ਤ ਰਾਜਹ ਦਲੀ ਪ॥
ਖ਼ਿਲਾਫ਼ਤ ਬਬਖ਼ਸ਼ੀਦ ਮਾਨੋ ਮਹੀਪ ॥ ੬੦ ॥

ਸ਼–ਉਸ ਦਾ। ਗਸ਼ਤ–ਹੋ ਗਿਆ। ਖ਼ਿਲਾਫ਼ਤ–ਬਾਦਸ਼ਾਹੀ। ਮਾਨੋ–ਮਾਨਧਾਤਾ।

'ਰਾਜਾ ਦਲੀਪ' ਉਸ ਦਾ ਖਿਤਾਬ ਹੋ ਗਿਆ ਹੈ। ਉਸ ਨੂੰ ਰਾਜਾ ਮਾਨਧਾਤਾ ਨ ਬਾਦਸ਼ਾਹੀ ਬਖਸ਼ ਦਿਤੀ ਹੈ ॥੬੦॥

ਸਿ ਪਿਸਰਾਂ ਦਿਗਰ ਸ਼ਾਹ ਆਜ਼ਾਦ ਕਰਦ ॥
ਨ ਦਾਨਸ਼ ਪ੍ਰਸਤੋ ਨ ਆਜ਼ਾਦ ਮਰਦ ॥ ੬੧ ॥

ਸਿ–ਤਿੰਨ। ਪਿਸਰਾਂ–ਪੁਤ੍ਰਾਂ। ਸ਼ਾਹ–ਰਾਜੇ। ਅਜ਼ਾਦ ਕਰਦ–ਦਸ਼ ਵਿਚੋਂ ਕਢ ਦਿਤਾ। ਦਾਨਸ਼ ਪ੍ਰਸਤੋ–ਉਹ ਬੁਧੀਵਾਨ।

ਬਾਕੀ ਦੇ ਤਿੰਨਾਂ ਪੁਤ੍ਰਾਂ ਨੂੰ ਰਾਜੇ ਨੇ ਦੇਸ ਤੋਂ ਕਢ ਦਿਤਾ। (ਕਿਉਂਕਿ) ਨਾ ਉਹ ਬੁਧੀਵਾਨ ਸਨ ਤੇ ਨਾ (ਹੀ ਵਿਕ ਰਾਂ ਤੋਂ) ਆਜ਼ਾਦ ਪੁਰਖ ਸਨ ॥੬੧॥

ਕਿ ਓਰਾ ਬਰ ਓ ਜ਼ਰ ਸਿੰਘਾਸਨ ਨਿਸ਼ਾਦ ॥
ਕਲੀਦੇ ਕੁਹਨ ਗੰਜ ਰਾ ਬਰ ਕੁਸ਼ਾਦ ॥ ੬੨ ॥

ਓਰਾ–ਉਸ ਨੂੰ। ਬਰ–ਉਤੇ। ਜ਼ਰ ਸਿੰਘਾਸਨ–ਸੋਨੇ ਦੇ ਤਖਤ। ਨਿਸ਼ਾਦ–ਬੈਠਾ ਦਿਤਾ। ਕਲੀਦੇ–ਕੁੰਜੀ। ਕੁਹਨ–ਪੁਰਾਣੇ। ਗਜ–ਖਜ਼ਾਨਾ। ਰਾ–ਨੂੰ। ਕੁਸ਼ਾਦ–ਖੋਲ੍ਹ ਦਿਤਾ।

ਉਸ ਨੂੰ ਸੋਨੇ ਦੇ ਤਖਤ ਉਤੇ ਬੈਠਾ ਦਿਤਾ। ਕੁੰਜੀ ਨਾਲ ਪੁਰਾਣਾ ਖਜ਼ਾਨਾ ਖੋਲ੍ਹ ਕੇ (ਦੇ ਦਿਤਾ) ॥੬੨॥

ਬਦੋ ਦਾਦ ਸ਼ਾਹੀ ਖ਼ੁਦ ਆਜ਼ਾਦ ਗਸ਼ਤ ॥
ਬਿਪੋਸ਼ੀਦ ਦਲ ਕੋ ਰਵਾਂ ਸ਼ੁਦ ਬਦਸ਼ਤ ॥ ੬੩ ॥

ਬਦੋ–ਉਸ ਨੂੰ। ਦਾਦ–ਦਿਤੀ। ਸ਼ਾਹੀ–ਪਾਤਸ਼ਾਹੀ। ਖ਼ੁਦ–ਆਪ। ਆਜ਼ਾਦ ਗਸ਼ਤ–ਸੁਤੰਤ੍ (ਖੁਲ੍ਹਾ) ਹੋ ਗਿਆ। ਬਿਪਸ਼ੀਦ–ਪਾ ਲਈ। ਦਲਕੋ–ਫਕੀਰਾਂ ਦੀ ਗੰਦੜੀ। ਰਵਾਂ ਸ਼ੁਦ–ਤੁਰਦਾ ਹੋਇਆ। ਬਦਸ਼ਤ–ਉਜਾੜ (ਵਲ) ਨੂੰ।

(ਰਾਜਾ ਮਾਨਧਾਤਾ ਨੇ) ਉਸ ਨੂੰ ਪਾਤਸ਼ਾਹੀ ਦੇ ਦਿਤੀ ਅਤੇ ਆਪ (ਗ੍ਰਹਸਤ ਦੇ ਬੰਧਨਾਂ ਤੋਂ) ਆਜ਼ਾਦ ਹੋ ਗਿਆ। (ਉਸ ਨੇ) ਫਕੀਰਾਂ ਵਾਲੀ ਗੋਦੜੀ ਪਾ ਲਈ ਅਤੇ ਜੰਗਲ ਵੱਲ ਨੂੰ ਤੁਰਦਾ ਹੋਇਆ ॥੬੩॥

ਭਾਵ–ਇਸ ਸਾਰੀ ਕਹਾਣੀ ਲਿਖਣ ਤੋਂ ਸ੍ਰੀ ਸਤਗੁਰੂ ਜੀ ਦਾ ਇਹ ਭਾਵ ਸੀ ਕਿ ਪਹਿਲੇ ਸਮੇਂ ਦੇ ਰਾਜੇ ਮਹਾਰਾਜੇ ਰਾਜ ਦੀ ਵਾਗ ਡੋਰ ਸੌਂਪਣ ਤੋਂ ਪਹਿਲਾਂ, ਆਪਣੇ ਪੁਤਰਾਂ ਦੀ ਲਿਆਕਤ ਨੂੰ ਵੇਖਦੇ ਸਨ। ਜੇਹੜਾ ਲੜਕਾ ਹਰ ਤਰ੍ਹਾਂ ਨ ਲ ਰਾਜ ਦੇ ਕੰਮ ਨੂੰ ਚਲਾਉਣ ਦੇ ਯੋਗ ਹੁੰਦਾ ਉਹ ਭਾਵੇਂ ਸਾਰਿਆਂ ਤੋਂ ਛੋਟਾ ਜਾਂ ਵਡਾ ਹੁੰਦਾ, ਰਾਜਾ ਉਸ ਨੂੰ ਰਾਜ ਦੇ ਕੇ ਆਪ ਬਨ ਵਿਚ ਤਪ ਕਰਨ ਲਈ ਚਲਾ ਜਾਂਦਾ ਸੀ। ਉਸ ਤੋਂ ਬਿਨਾਂ ਉਸ ਦੇ ਹੋਰ ਜਿੰਨੇ ਪੁਤਰ ਹੁੰਦੇ, ਜੇਕਰ ਤਾਂ ਉਹ ਹਰ ਤਰ੍ਹਾਂ ਨਾਲ ਲਾਇਕ ਹੁੰਦੇ ਅਥਵਾ ਰਾਜ ਦੇ ਕੰਮਾਂ ਤੋਂ ਭਲੀ ਪ੍ਰਕਾਰ ਜਾਣੂ

ਹੁੰਦੇ ਅਤੇ ਰਾਜ ਦੇ ਵਿਚ, ਭਰਾ ਦੇ ਨਾਲ ਮਿਲ ਕੇ, ਮੋਢਾ ਜੋੜ ਕੇ ਰਾਜ ਕਾਜ ਨੂੰ ਚਲਾਉਣ ਲਈ ਤਿਆਰ ਹੁੰਦੇ, ਤਦ ਤਾਂ ਉਨ੍ਹਾਂ ਨੂੰ ਗੁਜ਼ਾਰੇ ਲਈ ਜਗੀਰ ਦੇ ਦਿਤੀ ਜਾਂਦੀ ਅਤੇ ਜੇਕਰ ਨਾਲਾਇਕ ਹੁੰਦੇ, ਤਦ ਦੇਸ ਤੋਂ ਬਾਹਰ ਕਢ ਦਿਤਾ ਜਾਂਦਾ ਸੀ। ਇਨ੍ਹਾਂ ਕਾਰਨਾਂ ਕਰਕੇ, ਹਰ ਇਕ ਰਾਜ ਕੁਮਾਰ ਨੂੰ ਆਪਣੇ ਆਪ ਨੂੰ ਸੁਯੋਗ ਬਨਾਉਣ ਦੀ ਧੁਨ ਲਗੀ ਰਹਿੰਦੀ ਸੀ ਅਤੇ ਇਸੇ ਧੁਨ ਵਿਚ ਮਸਤ ਹੋ ਕੇ ਕਈ ਰਾਜ ਕੁਮਾਰ ਬੜੇ ਲਾਇਕ ਭੀ ਹੋ ਜਾਂਦੇ ਸਨ। ਜੇਕਰ ਕਿਸੇ ਕਾਰਨ ਕਰਕੇ ਉਨ੍ਹਾਂ ਨੂੰ ਪਿਤਾ ਦਾ ਰਾਜ ਨਾ ਭੀ ਨਸੀਬ ਹੁੰਦਾ ਤਾਂ ਆਪਣੇ ਦੇਸ ਤੋਂ ਬਾਹਰ ਜਾ ਕੇ ਆਪਣੀ ਯਗਤਾ ਨਾਲ ਹੋਰ ਰਾਜ ਬਣਾ ਕੇ ਪਿਤਾ ਦੇ ਨਾਮ ਨੂੰ ਰੌਸ਼ਨ ਕਰਦੇ ਅਤੇ ਉਸ ਰਾਜ ਨੂੰ ਭੀ ਪਿਤਾ ਦੇ ਨਾਮ ਨਾਲ ਜੋੜ ਕੇ ਲੋਕ ਪ੍ਰਲੋਕ ਦਾ ਜਸ ਖਟਿਆ ਕਰਦੇ ਸਨ।

ਔਰੰਗਜ਼ੇਬ! ਹੁਣ ਤੂੰ ਆਪਣੇ ਗਿਰੇਵਾਨ ਵਿਚ ਮੂੰਹ ਪਾ ਕੇ ਸੋਚ, ਤੇਰੇ ਵਾਂਗੂ ਕੋਈ ਭੀ ਰਾਜ ਕੁਮਾਰ ਪਿਉ ਨੂੰ ਕੈਦ ਕਰਕੇ, ਭਰਾਵਾਂ ਨੂੰ ਕਤਲ ਕਰਕੇ ਰਾਜ ਗੱਦੀ ਉਤੇ ਬੈਠਾ ਸੀ? ਜਿਸ ਨੇ ਰਾਜ ਨੂੰ ਧੋਖੇ ਨਾਲ ਲਿਆ ਹੈ, ਜ਼ੁਲਮ ਕਰਕੇ ਸਯੋਗ ਭਰਾ ਦਾ ਜਿਸ ਨੇ ਹੱਕ ਖੋਹ ਲਿਆ ਹੈ, ਭਲਾ ਉਸ ਤੋਂ ਧਰਮ ਕਦੇ ਹੋ ਸਕਦਾ ਹੈ? ਜਿਵੇਂ ਰੇਤ ਵਿਚੋਂ ਤੇਲ ਨਹੀਂ ਨਿਕਲ ਸਕਦਾ, ਇਵੇਂ ਹੀ ਤੇਰੇ ਪਾਸੋਂ ਧਰਮ ਦੀ ਆਸ ਰਖਣੀ ਬਿਅਰਥ ਹੈ। ਜਦ ਤੂੰ ਇਨਸਾਫ ਨਾਲ ਰਾਜ ਲਿਆ ਹੀ ਨਹਾਂ, ਤਦ ਤੂੰ ਇਨਸਾਫ ਦਾ ਪਿਆਰਾ ਕਿਵੇਂ ਹੋ ਸਕਦਾ ਹੈਂ? ਅਤੇ ਇਨਸਾਫ ਕਿਵੇਂ ਕਰ ਸਕਦਾ ਹੈਂ?

ਬਿਦੇਹ ਸਾਕੀਆ ਸਾਗਰੇ ਸਬਜ਼ ਰੰਗ॥
ਕਿ ਮਾਰਾ ਬਕਾਰ ਅਸਤ ਦਰ ਵਕਤਿ ਜੰਗ॥ ੬੪॥

ਬਿ–(ਵਾਧ ਪਦ ਹੈ)। ਸਾਕੀਆ–ਸ਼ਰਾਬ ਪਿਆਉਣ ਵਾਲਿਆ(ਸਾਕੀ ਸ਼ਰਾਬ ਪਿਆਉਣ ਵਾਲੇ ਨੂੰ ਕਹਿੰਦੇ ਹਨ ਭਾਵ ਗੁਰੂ ਤੋਂ ਹੈ ਜੋ ਨਾਮ ਦੀ ਦਾਤ ਦੇਂਦਾ ਹੈ। ਆ–ਸੰਬੋਧਨ ਪਦ ਹੈ) ਅਰਥਾਤ ਹੇ ਸਤਿਗੁਰੋ! ਸਾਗਰ–ਪਿਆਲਾ। ਏ–ਦਾ। ਸਬਜ ਰੰਗ–ਹਰਾ ਰੰਗ (ਭਾਵ ਹਰਾ ਭਰ ਰਖ)। ਬਕਾਰ–ਲੜੀਦਾ। ਦਰ–ਵਿਚ। ਵਕਤਿ–ਵੇਲੇ। ਜੰਗ–ਜੁਧ।

ਹੇ ਸਾਕੀ! ਮੈਨੂੰ ਹਰੇ ਰੰਗ ਦਾ ਪਿਆਲਾ ਦੇਹੁ। ਜੋ ਮੈਨੂੰ ਜੁਧ ਦੇ ਵੇਲੇ ਲੋੜੀਦਾ ਹੈ॥੬੪॥

ਭਾਵ–ਦਸਮੇਸ ਸੁਆਮੀ ਜੀ! ਸ੍ਰੀ ਗੁਰੂ ਨਾਨਕ ਦੇਵ ਜੀ ਅਗੇ ਪ੍ਰਾਰਥਨਾ ਕਰਦੇ ਹਨ–ਹੇ ਸਤਿਗੁਰ! ਤੂੰ ਸਹਾਇਤਾ ਕਰ, ਨਾਮ ਦੀ ਦਾਤ ਜੋ ਤੂੰ ਬਖਸ਼ਦਾ ਹੈਂ, ਉਹ ਹਰਿ ਨਾਮ ਦਾ ਰੰਗ (ਪਰੇਮ) ਦੇਹੁ ਜਿਸ ਪਰੇਮ ਵਿਚ ਰੱਤਾ ਹੋਇਆ ਇਸ਼ ਸੰਸਰਕ ਮੋਹ ਮਾਇਆ ਦੇ ਵਿਚ ਲਿਪਾਇਮਾਨ ਨਾ ਹੋਵਾਂ ਕਿਉਂਕਿ ਇਸ ਮਾਇਆ ਦੇ ਮੋਹ ਤੋਂ ਬਚਾਉਣ ਵਾਲਾ ਇਕ ਪਰੇਮ ਹੈ ਅਤੇ ਪਰੇਮ ਦਾ ਦਾਤਾ ਤੂੰਹੀ ਹੈਂ। ਮੈਨੂੰ ਤੇਰੇ ਬਖਸ਼ੇ ਪਰੇਮ ਦੀ ਹੀ ਓਟ ਹੈ।

ਬ ਮਨ ਦੇਹ ਕਿ ਬਖ਼ਤ ਆਜ਼ਮਾਈ ਕੁਨਮ॥
ਜ਼ ਤੇਗ਼ ਖੁਦਸ਼ ਕਾਰਰਵਾਈ ਕੁਨਮ॥ ੬੫॥ ੨॥

ਬ ਮਨ–ਮੈਨੂੰ। ਬਖ਼ਤ–ਭਾਗ, ਕਿਸਮ। ਆਜ਼ਮਾਈ–ਪ੍ਰੀਖਿਆ। ਕੁਨਮ–ਮੈਂ ਕਰਾਂ। ਤੇਗੇ–ਤਲਵਾਰ ਨਾਲ। ਖੁਦਸ਼–ਆਪਣੀ।

ਮੈਨੂੰ ਦੇਹੁ, ਤਾਂਕਿ ਮੈਂ ਆਪਣੀ ਕਿਸਮਤ ਦੀ ਪ੍ਰੀਖਿਆ ਕਰਾਂ। (ਅਤੇ) ਆਪਣੀ ਤਲਵਾਰ ਦਾ ਕੰਮ ਸ਼ੁਰੂ ਕਰਾਂ ॥੬੫॥੨॥

ਭਾਵ—ਹੇ ਗੁਰੂ ਨਾਨਕ ! ਕ੍ਰਿਪਾ ਕਰ, ਮੈਨੂੰ ਆਪਣੇ ਬਖਸ਼ੇ ਹੋਏ ਹਰਿ ਨਾਮ ਦਾ ਪਰੇਮ ਦਿਓ, ਜ਼ਰੂਰ ਦਿਓ, ਤਾਂਕਿ ਮੈਂ ਇਸ ਸੰਸਾਰਕ ਜਦੋ-ਜਹਿਦ ਵਿਚ ਲੜਦਾ ਹੋਇਆ ਹਾਰ ਨਾ ਜਾਵਾਂ ਸਗੋਂ ਆਪਣੀ ਤਲਵਾਰ ਦੇ ਜੌਹਰ ਵਿਖਾਵਾਂ। ਭਾਵ ਇਹ ਕਿ ਭਾਣਾ ਮੰਨਣ ਤੋਂ ਮਨ ਨੂੰ ਕਾਂਪ ਨਾ ਆਵੇ, ਸਗੋਂ ਇਸ ਤਰ੍ਹਾਂ ਭਾਣੇ ਉਤੇ ਅਡੋਲ ਰਹਾ ਕਿ, ਕੁਤਬ ਮੀਨਾਰ ਬਣ ਕੇ ਤੇਰੇ ਨ ਮ ਨੂੰ ਦੁਨੀਆਂ ਉਤੇ ਰੌਸ਼ਨ ਕਰ ਦੇਵਾਂ।

——

ਵਾਹਿਗੁਰੂ ਜੀ ਕੀ ਫ਼ਤਹ ॥

(ਹਿਕਾਇਤ ਤੀਸਰੀ)

ਖ਼ੁਦਾਵੰਦ ਦਾਨਿਸ਼ ਦਿਹੋ ਦਾਦ ਗਰ ॥

ਰਜ਼ਾ ਬਖ਼ਸ਼ ਰੋਜ਼ੀ ਦਿਹੋ ਹਰ ਹਨਰ ॥੧॥

ਖ਼ੁਦਾਵੰਦ—ਵਾਹਿਗੁਰੂ। ਦਾਨਿਸ਼ ਦਿਹ—ਸਮਝ ਦੇਣ ਵਾਲਾ ਓ—ਅਤੇ। ਦਾਦਗਰ—ਨਿਆਉਂ ਕਰਨ ਵਾਲਾ। ਰਜ਼ਾ—ਅਨੰਦ ਖੁਸ਼ੀ।ਰੋਜ਼ੀ—ਖ਼ੁਰਾਕ, ਅੰਨ। ਹਰ—ਸਾਰਿਆਂ। ਹੁਨਰ—ਵਿਦਿਆ

ਵਾਹਿਗੁਰੂ ਸਮਝ ਦੇਣ ਵਾਲਾ ਤੇ ਇਨਸਾਫ ਦੇਣ ਵਾਲਾ ਹੈ। ਅਨੰਦ ਬਖਸ਼ਨ ਵਾਲਾ,ਅੰਨ ਅਤੇ ਸ਼ਾਰੀਆਂ ਵਿਦਿਆਂ ਦਾ ਦਾਤਾ ਹੈ ॥੧॥

ਅਮਾਂ ਬਖਸ ਬਖਸ਼ਿੰਦਹ ਓ ਦਸਤਗੀਰ ॥

ਕੁਸ਼ਾਇਸ਼ ਕੁਨੋ ਰਹਨਮਾਇਸ਼ ਪਜ਼ੀਰ ॥੨॥

ਅਮਾਂ—ਸੁਖ। ਬਖਸ਼ਿੰਦਹ—ਉਦਾਰ,ਸਖੀ। ਦਸਤਗੀਰ—ਹਥ ਫੜਨ ਵਾਲਾ (ਭਾਵ ਸਹਾਇਕ ਹੈ। ਕੁਸ਼ਾਇਸ਼ਕੁਸ—ਬੰਧਨ ਨੂੰ ਨਾਸ ਕਰਨ ਵਾਲਾ। ਰਹਨਮਾਇਸ਼—ਰਾਹ ਵਿਖਾਉਣ ਵਾਲਾ। ਪਜ਼ੀਰ—ਮਨ ਭਾਉਂਦਾ।

ਸੁਖ ਬਖਸ਼ਨ ਵਾਲਾ ਹੈ, ਉਦਾਰ ਨੂੰ, ਸਹਾਇਤਾ ਕਰਨ ਵਾਲਾ ਹੈ। ਬੰਧਨਾਂ ਨੂੰ ਦੂਰ ਕਰਨ ਵਾਲਾ ਹੈ, ਆਗੂ ਹੈ ਤੇ ਮਨ ਭਾਉਣ ਵਾਲਾ ਹੈ ॥੨॥

ਹਿਕਾਇਤ ਸ਼ੁਨੀਦਮ ਯਕੇ ਨੇਕ ਮਰਦ ॥

ਕਿ ਅਜ਼ ਦੌਰਿ ਦੁਸ਼ਮਨ ਬਰ ਆਵੁਰਦ ਗਰਦ ॥੩॥

ਸ਼ੁਨੀਦਮ—ਮੈਂ ਸੁਣੀ ਹੈ। ਯਕੇ—ਇਕ। ਨੇਕ—ਚੰਗੇ। ਦੌਰਿ—ਹੋਂਦ, ਹਸਤੀ। ਬਰ—ਉਪਰ। ਆਵੁਰਦ—ਲੈ ਆਂਦੀ। ਗਰਦ—ਖਾਕ।

ਇਕ ਭਲੇ ਆਦਮੀ ਦੀ ਅਸਾਂ ਕਹਾਣੀ ਸੁਣੀ ਹੈ। (ਜਿਸ ਨੇ)ਦੁਸ਼ਸਨ ਦੇ ਦੌਰ ਦੀ ਗਰਦ ਉਡਾ ਦਿਤੀ ਸੀ (ਅਰਥਾਤ ਜਿਸ ਨੇ ਵੈਰੀ ਨੂੰ ਮਾਰ ਕੇ ਖਾਕ ਨਾਲ ਮਿਲਾ ਦਿਤਾ ਸੀ) ॥੩॥

ਖਸ਼ਮ ਅਫ਼ਗਨੋ ਸ਼ਾਹਿ ਚੀਂ ਦਿਲ ਫਿਰਾਜ਼ ॥

ਗ਼ਰੀਬੁਲ ਨਵਾਜ਼ੋ ਗ਼ਨੀਮੁਲ ਗੁਦਾਜ਼ ॥੪॥

ਖ਼ਸਮ—ਵੈਰੀ । ਅਫ਼ਗਨ—ਪਛਾਣ ਵਾਲਾ । ਸ਼ਾਹਿ—ਪਾਤਸ਼ਾਹ । ਚੀਂ—ਚੀਨ । ਫਿਰਾਜ਼—ਉਦਾਰ । ਗੁਦਾਜ਼—ਗਾਲਣ ਵਾਲਾ ।

(ਉਹ) ਚੀਨ ਦਾ ਪਾਤਸ਼ਾਹ ਵੈਰੀਆਂ ਨੂੰ ਪਟਕਾਉਣ ਵਾਲਾ ਤੇ ਦਿਲ ਦਾ ਸਖੀ ਸੀ । ਗਰੀਬਾਂ ਨੂੰ ਵਡਿਆਉਣ ਵਾਲਾ ਤੇ ਦੁਸ਼ਮਨਾਂ ਨੂੰ ਗਾਲ ਸੁਟਣ ਵਾਲਾ ਸੀ ॥੪॥

ਬ ਰਜ਼ਮੋ ਬ ਬਜ਼ਮ ਓ ਹਮਹ ਬੰਦੁਬਸਤ ॥
ਕਿ ਬਿਸੀਆਰ ਤੇਗਸਤ ਹੁਸ਼ਿਆਰ ਦਸਤ ॥੫॥

ਬ—ਵਿਚ । ਰਜ਼ਮ—ਜੁਧ । ਬ ਬਜ਼ਮ—ਸਭਾ ਵਿਚ । ਹਮਹ—ਸਾਰੇ । ਬਿਸੀਆਰ—ਬਹੁਤ ਹੀ । ਤੇਗਸਤ—(ਤੇਗ+ਅਸਤ) ਤਲਵਾਰ ਹੈ । ਦਸਤ—ਹਥ ।

ਉਹ ਜੁਧ ਵਿਚ ਤੇ ਸਭਾ ਵਿਚ ਦੇ ਸਾਰੇ ਬੰਦੋਬਸਤ (ਕਰਨ ਵਾਲਾ ਸੀ) । ਤਲਵਾਰ ਚਲਾਉਣ ਵਿਚ ਫੁਰਤੀਲੇ (ਚਲਾਕ) ਹਥਾਂ ਵਾਲਾ ਸੀ ॥੫॥

ਨਵਾਲਹਿ ਪਿਆਲਹਿ ਜਿ ਰਜ਼ਮੋ ਬ ਬਜ਼ਮ ॥
ਤੁ ਗੁਫ਼ਤੀ ਕਿ ਦਿਗਰ ਯਲੇ ਸ਼ੁਦ ਬ ਬਜ਼ਮ ॥੬॥

ਨਵਾਲਹਿ—ਲੁਕਮਾ,ਭਾਵ ਖਾਣਾ । ਪਿਆਲਹ—ਸ਼ਰਾਬ ਦਾ ਕਪ ।(ਭਾਵ ਪੀਣਾ) । ਰਜ਼ਮੋ—ਜੁਧ ਅਤੇ । ਬ ਬਜ਼ਮ—ਸਭਾ ਵਿਚ । ਗੁਫ਼ਤੀ—ਕਹੇਂ । ਯਲੇ—ਮੱਲ,ਪਹਿਲਵਾਨ । ਸ਼ੁਦ—ਹੋਯਾ

ਖਾਣ ਪੀਣ ਵਲੋਂ ਜੰਗ ਤੇ ਸਭਾ ਵਿਚ (ਕਿਸੇ ਗਲੋਂ ਘੱਟ ਨਹੀਂ ਸੀ) । ਤੂੰ (ਇਹੋ ਹੀ) ਕਹੇਂਗਾ ਕਿ ਸਭਾ ਵਿਚ (ਉਹ) ਦੂਜਾ ਹੀ ਪਹਿਲਵਾਨ ਹੋਇਆ ਹੈ ॥੬॥

ਜ਼ਿ ਤੀਰੋ ਤੁਫੰਗ ਹਮਚੋ ਆਮੋਖਤਹ ॥
ਤੋ ਗੋਈ ਕਿ ਦਰ ਸ਼ਿਕਮ ਅੰਦੋਖਤਹ ॥੭॥

ਹਮ ਚੋ—ਅਜੇਹਾ । ਆਮੋਖ਼ਤਹ—ਸਿਖਿਆ ਹੋਇਆ ਸੀ । ਗੋਈ—ਕਹੇਂਗਾ । ਸ਼ਿਕਮ—ਮਾਂ ਦੇ ਪੇਟ । ਅੰਦੋਖ਼ਤਹ—ਕਠਾ ਕੀਤਾ ਗਿਆ (ਭਾਵ ਸਿਖ ਕੇ ਆਇਆ ਸੀ) ।

ਤੀਰ ਤੇ ਬੰਦੂਕ ਵਲੋਂ ਅਜਿਹਾ ਸਿਖਿਆ ਹੋਇਆ ਸੀ । ਤੂੰ (ਏਹੋ) ਕਹੇਂਗਾ ਜੋ(ਇਹ)ਮਾਂ ਦੇ ਪੇਟ ਵਿਚੋਂ ਸਿਖ ਕੇ ਆਇਆ ਹੈ ॥੭॥

ਚੋ ਮਾਲਿਸ਼ ਗਿਰਾਨਸ਼ ਮਤਾਅਸ਼ ਅਜ਼ੀਮ ॥
ਕਿ ਮੁਲਕਸ਼ ਬਸੇ ਹਸਤ ਬਖਸ਼ਸ਼ ਕਰੀਮ ॥ ੮ ॥

ਮਾਲਿ—ਦੌਲਤ । ਸ—ਉਸ । ਗਿਰਾਨ—ਭਾਰੀ । ਮਤਾਅਸ਼—ਪਦਾਰਥ ਉਸ ਦਾ । ਅਜ਼ੀਮ—ਬਹੁਤ । ਮੁਲਕਸ਼—ਦੇਸ ਉਸ ਦਾ । ਬਸੇ—ਬਹੁਤ । ਹਸਤ—ਹੈ । ਕਰੀਮ—ਕ੍ਰਿਪਾਲੂ, ਦਾਤਾ ।

ਮਾਲ ਆਦਿਕ ਉਸ ਦਾ ਬਹੁਤ ਭਾਰੀ ਸੀ. ਪਦਾਰਥ ਉਸ ਦਾ ਬਹੁਤ ਵਡਾ ਸੀ । ਮੁਲਕ ਉਸ ਦੇ ਬਹੁਤ ਸਨ, ਦਾਤ ਦੇਣ ਵਿਚ ਕ੍ਰਿਪਾਲੂ ਸੀ ॥੮॥

ਅਜ਼ੋ ਬਾਦਸ਼ਾਹੀ ਬ ਆਖ਼ਿਰ ਸ਼ੁਦਸਤ ॥
ਨਿਸ਼ਸਤੰਦ ਵਜ਼ੀਰਾਨਿ ਓ ਪੇਸ਼ੁ ਪਸਤ ॥ ੯ ॥

ਅਜ਼ੋ=ਉਸ ਦਾ। ਆਖਿਰ=ਓੜਕ, ਅੰਤ। ਸ਼ੁਦਸਤ=(ਸ਼ੁਦ+ਅਸਤ) ਹੋਇਆ ਹੈ। ਨਿਸ਼ਸਤੰਦ=ਬੈਠ ਗਏ। ਪੇਸ਼ੁ ਪਸਤ=ਅਗੇ ਪਿਛੇ। ਓ=ਉਸ ਦੇ।

(ਜ਼ਦ) ਉਸ ਦੀ ਬਾਦਸ਼ਾਹੀ ਦਾ ਅੰਤ ਸਮਾਂ ਹੋ ਗਿਆ (ਤਦ) ਵਜ਼ੀਰ ਆਣ ਕੇ ਉਸ ਦੇ ਅਗੇ ਪਿਛੇ ਬੈਠ ਗਏ ॥੯।

ਜ਼ਿ ਤੋ ਪਸ ਕਿਰਾ ਬਾਦਸ਼ਾਹੀ ਦਹੇਮ ॥

ਕਿਰਾ ਤਾਜਿ ਇਕਬਾਲ ਬਰ ਸਰ ਨਹੇਮ ॥ ੧੦ ॥

ਜ਼ਿ ਤੋ=ਤੈਥੋਂ। ਪਸ=ਪਿਛੋਂ। ਕਿਰਾ=ਕਿਸ ਨੂੰ। ਦਹੇਮ=ਅਸੀਂ ਦਈਏ। ਤਾਜਿ=ਛਤ੍ਰ ਚੋਰ। ਇਕਬਾਲ=ਪ੍ਰਤਾਪ। ਸਰ=ਸਿਰ। ਨਹੇਮ=ਰਖੀਏ।

(ਅਤੇ ਪੁਛਣ ਲਗੇ-ਹੇ ਬਾਦਸ਼ਾਹ!) ਤੈਥੋਂ ਪਿਛੇ (ਇਹ) ਬਾਦਸ਼ਾਹੀ ਕਿਸ ਨੂੰ ਦੇਈਏ? ਕਿਸ ਦੇ ਸਿਰ ਉਤੇ ਪ੍ਰਤਾਪ ਵਾਲਾ ਛਤ੍ਰ ਚੋਰ ਰਖੀਏ? ॥੧੦॥

ਕਿਰਾ ਮਰਦ ਅਜ਼ ਖਾਨਾ ਬੇਰੂੰ ਕੁਨੇਮ ॥

ਕਿਰਾ ਬਖਤ ਇਕਬਾਲ ਬਰ ਸਰ ਨਹੇਮ ॥ ੧੧ ॥

ਕਿਰਾ ਮਰਦ=ਕਿਸ ਮਰਦ ਨੂੰ। ਅਜ਼ ਖ ਨਾ=ਘਰ ਤੋਂ। ਬੇਰੂੰ=ਬਾਹਰ। ਕੁਨੇਮ=ਅਸੀਂ ਕਰੀਏ? ਬਖਤ=ਭਾਗ।

ਕਿਸ ਮਰਦ ਨੂੰ ਘਰ ਤੋਂ ਬਾਹਰ ਅਸੀਂ ਕਰ ਦੇਈਏ? ਕਿਸ ਦੇ ਸਿਰ ਉਤੇ (ਇਹ) ਪ੍ਰਤਾਪ ਵਾਲੀ ਕਿਸਮਤ ਰਖੀਏ? ॥੧੧॥

ਬਹੋਸ਼ ਅੰਦਰ ਆਮਦ ਕੁਸ਼ਾਦਹ ਦੋ ਚਸ਼ਮ ॥

ਬਗੁਫ਼ਤਹ ਸੁਖਨ ਸ਼ਾਹ ਪੇਸ਼ੀਨਹ ਰਸਮ ॥੧੨॥

ਬਹੋਸ਼=ਸੁਰਤ ਵਿਚ ਹੋਸ਼ ਵਿਚ=ਕੁਸ਼ਾਦਹ=ਖੋਲ੍ਹੀਆਂ। ਚਸ਼ਮ=ਅੱਖਾਂ। ਗੁਫਤਹ=ਕਹਾ। ਪੇਸ਼ੀਨਹ ਰਸਮ=ਪਹਿਲੀ ਮਰਯਾਦਾ।

(ਵਜ਼ੀਰਾਂ ਦੀ ਗੱਲ ਸੁਣ ਕੇ ਬ ਦਸ਼ਾਹ) ਸੁਰਤ ਵਿਚ ਆਇਆ (ਤੇ ਉਸ ਨੇ) ਦੋਵੇਂ ਅੱਖਾਂ ਖੋਲ੍ਹੀਆਂ (ਫਿਰ) ਰਾਜੇ ਨੇ ਪਹਿਲੀ ਮਰਯਾਦਾ ਦੀ ਗੱਲ ਆਖੀ ॥੧੨॥

ਨ ਪਾਓ ਨ ਦਸਤੋ ਨ ਚਸ਼ਮੋ ਜ਼ਬਾਂ ॥

ਨ ਹੋਸ਼ੋ ਨ ਹਿੰਮਤ ਨ ਹੈਬਤ ਕਸਾਂ ॥੧੩॥

ਨ ਹਾਉਲੋ ਨ ਹਿੰਮਤ ਨ ਹੀਲਾ ਨ ਹੋਸ਼ ॥

ਨ ਬੀਨੀ ਨ ਬੀਨਾਇਗੀ ਹਰ ਦੋ ਗੋਸ਼ ॥੧੪॥

ਹਰਾਂ ਕਸ ਕਿ ਹਸਤ ਅਜ਼ਮਾਇਸ਼ ਬਵਦ ॥

ਵਜ਼ਾਂ ਦਉਰ ਦੀਂ ਬਾਦਸ਼ਾਹੀ ਬਵਦ ॥੧੫॥

ਪਾਓ=ਪੈਰ। ਦਸਤੋ=ਹਥ। ਚਸ਼ਮੋ=ਅਖਾਂ। ਜ਼ਬਾਂ=ਜੀਭ। ਹੈਬਤ=ਦਬਾਉ। ਕਸਾਂ=ਲੋਕਾਂ ਦਾ। ਹਾਉਲੋ=ਡਰ। ਹੀਲਾ=ਯਤਨ। ਹਿੰਮਤ-ਪੁਰਸ਼ਾਰਥ। ਹੋਸ਼-ਸੰਭਾਲ। ਬੀਨੀ-

ਨੱਕ । ਬੀਨਾਇਗੀ-ਨਜ਼ਰ, ਦ੍ਰਿਸ਼ਟੀ । ਗੋਸ਼-ਕੰਨ । ਹਰਾਂ ਕਸ-ਜੋ ਕੋਈ । ਬਵਦ-ਹੋਵੇ । ਵਜ਼ਾਂ -ਉਸ ਪਾਸੋਂ । ਦਉਰ-ਆਗਯਾ । ਦੀ-ਧਰਮ । ਬਵਦ-ਹੋਵੇਗੀ ।

(ਜਿਸ ਦੇ) ਪੈਰ ਨਹੀਂ, ਹਥ ਨਹੀਂ, ਅਖਾਂ ਨਹੀਂ ਜੀਭ (ਨਹੀਂ) । (ਜਿਸ ਨੂੰ) ਹੋਸ਼ ਨਹੀਂ ਹਿੰਮਤ ਨਹੀਂ ਤੇ ਲੋਕਾਂ ਦਾ ਦਬਾਓ ਨਹੀਂ ॥ ੧੩ ॥ ਡਰ ਨਹੀਂ ਦਲੇਰੀ ਨਹੀਂ ਯਤਨ ਨਹੀਂ ਤੇ ਸੁਰਤ ਨਹੀਂ । ਨਕ ਨਹੀਂ ਨਜ਼ਰ ਅਤੇ ਦੋ ਕੰਨ ਭੀ ਨਹੀਂ ਹਨ ॥ ੧੪ ॥ ਜੋ ਕੋਈ ਕਿ ਅਜ਼ਮਾਇਸ਼ ਵਿਚ ਇਸ ਤਰ੍ਹਾਂ ਦਾ ਪੂਰਾ ਹੋਵੇ, ਉਸ ਦੀ ਆਗਿਆ (ਵਿਚ ਤੁਰਨ ਨਾਲ) ਧਰਮ ਦੀ ਬਾਦਸ਼ਾਹੀ ਹੋਵੇਗੀ (ਭਾਵ-ਉਪਰ ਦਸੇ ਹੋਏ ਗੁਣਾਂ ਵਾਲਾ ਜੇਹੜਾ ਪੁਰਸ਼ ਪੂਰਾ ਹੋਵੇ, ਉਸ ਨੂੰ ਬਾਦਸ਼ਾਹੀ ਤਖਤ ਉਤੇ ਬਿਠਾ ਦਿਓ ਫਿਰ ਤੁਹਾਡੇ ਮੁਲਕ ਵਿਚ ਧਰਮ ਦਾ ਰਾਜ ਹੋ ਜਾਵੇਗਾ)੧੫

ਅਜ਼ਬ ਮਾਂਦ ਦਾਨਾਇ ਦਉਰ ਈਂ ਜਵਾਬ ॥
ਸੁਖ਼ਨ ਬਾਜ਼ ਦੀਗਰ ਕੁਨਦ ਬਾ ਸਵਾਬ ॥ ੧੬ ॥

ਅਜਬ-ਅਸਚਰਜ, ਹੈਰਾਨ । ਮਾਂਦ-ਰਹੇ । ਦਾਨਾਇ-ਜਿਆਣੇ ਲੋਕ । ਦਉਰ-ਸਮਾਂ, ਵੇਲਾ । ਸੁਖਨ-ਗੱਲ । ਬਾਜ਼-ਫੇਰ । ਬਾ-ਨਾਲ । ਸਵਾਬ-ਚੰਗਿਆਈ ।

ਸਮੇਂ ਦੇ ਸਿਆਣੇ ਲੋਕ ਇਸ ਉਤਰ ਨੂੰ(ਸੁਣ ਕੇ)ਹੈਰਾਨ ਹ ਰਹੇ । ਫੇਰ ਦੂਜੀ ਵੇਰੀ(ਉਨ੍ਹਾਂ ਦਾ ਮਨ) ਭਲੀ ਤਰ੍ਹਾਂ ਨਾਲ ਗੱਲ ਕਰਨ ਨੂੰ ਚਾਹਿਆ ॥੧੬॥

ਬ ਕਿੰਗਸ਼ ਦਰਾਂਮਦ ਦਰੰਗਸ਼ ਗਿਰਿਫਤ ॥
ਜਵਾਬੇ ਸੁਖਨ ਰਾ ਬਰੰਗਸ਼ ਗਿਰਿਫਤ ॥ ੧੭ ॥

ਕਿੰਗਸ਼-ਮਤਾ । ਦਰਾਂਮਦ—(ਦਰ+ਆਮਦ) ਵਿਚ ਆਇਆ । ਦਰੰਗ-ਢਿਲ । ਗਿਰਿਫਤ -ਫੜੀ । ਰਾ-ਨੂੰ, ਦਾ । ਬਰੰਗ-ਚੰਗੀ ਤਰ੍ਹਾਂ । ਸ਼-ਉਸ । ਗਿਰਿਫਤ—ਫੜਿਆ ।

(ਵਜ਼ੀਰ) ਮਤਾ (ਕਰਨ ਲਈ ਵਜ਼ੀਰ ਸਭਾ) ਵਿਚ ਆਇਆ ਅਤੇ ਉਸ ਨੇ ਢਿਲ ਲਾਈ ਫਿਰ ਗਲ ਦੇ ਉਤਰ ਨੂੰ ਬੜੀ ਚੰਗੀ ਤਰ੍ਹਾਂ ਨਾਲ ਕਹਿਣ ਲਗਾ ॥੧੭॥

ਚਪੋ ਰਾਸਤ ਸ਼ ਕਰਦ ਚਰਖ਼ੇ ਜ਼ੁਬਾਂ ॥
ਬਰਾਂ ਵੁਰਦ ਸੁਖ਼ਨੇ ਕੈਬਰ ਕਮਾਂ ॥ ੧੮ ॥

ਚਪੋ-ਖੱਬਾ ਤੇ । ਰਾਸਤ-ਸੱਜਾ । ਸ਼-ਉਹ । ਚਰਖੇ-ਚੱਕਰ, ਗੇੜੇ । ਜ਼ੁਬਾਂ-ਜ਼ੁਬਾਨ । ਬਰ-ਉਪਰ । ਆਵੁਰਦ-ਆਇਆ । ਸੁਖ਼ਨੇ-ਗੱਲ ਦੇ । ਚੁ-ਵਾਂਗੂ । ਕੈਬਰ-ਤੀਰ । ਕਮਾਂ-ਕਮਾਨ ਧਨੁਖ ।

ਉਹ ਖਬੇ ਸਜੇ ਗੇੜ ਕਰਦਾ ਹੋਇਆ, ਗੱਲ ਨੂੰ ਜੀਭ ਉਤੇ ਲੈ ਆਇਆ, ਕਮਾਨ ਦੇ ਤੀਰ ਵਾਂਗੂ (ਨਿਸ਼ਾਨੇ ਉਤੇ) ॥੧੮॥

ਭਾਵ-ਪਹਿਲੇ ਉਸ ਨੇ ਹੋਰ ਕਈ ਤਰ੍ਹਾਂ ਦੀਆਂ ਇਧਰ ਉਧਰ ਦੀਆਂ ਗੱਲਾਂ ਕੀਤੀਆਂ । ਅੰਤ ਜਿਸ ਤਰ੍ਹਾਂ ਕਮਾਨ ਵਿਚੋਂ ਨਿਕਲ ਕੇ ਤੀਰ ਨਿਸ਼ਾਨੇ ਵਿਚ ਜਾ ਕੇ ਵਜਦਾ ਹੈ, ਇਸ ਤਰ੍ਹਾਂ ਉਸ ਦੀ ਗੱਲ ਟਿਕਾਣੇ ਤੇ ਆ ਗਈ । ਉਹ ਕਹਿਣ ਲਗਾ-

ਕਿ ਐ ਸ਼ਾਹ ਹੁਸ਼ਿਆਰ ਆਜ਼ਾਦ ਮਗਜ਼ ॥
ਚਿਰਾ ਮੇ ਤੁ ਗੋਈ ਦਰੀਂ ਕਾਰ ਨਗਜ਼ ॥ ੧੯ ॥

ਐ ਸ਼ਾਹ-ਹੇ ਰਾਜਨ ! ਹੁਸ਼ਿਆਰ-ਸਿਆਣਾ । ਆਜ਼ਾਦ-ਸੁਤੰਤਰ । ਮਗਜ਼-ਦਿਮਾਗ । ਚਿਰਾ-ਕਿਉਂ, ਕਿਸ ਤਰ੍ਹਾਂ ਦਾ । ਮੇ ਤੁ ਗੋਈ-(ਤੂ ਮੇ ਗੋਈ) ਤੂੰ ਕਿਹਾ ਹੈ । ਦਰੀਂ ਕਾਰ-(ਦਰ+ਈਂ+ਕਾਰ) ਇਸ ਕੰਮ ਵਿਚ । ਨਗਜ਼-ਹੈਰਾਨ ।

ਹੇ ਰਾਜ਼ਨ ! ਤੂੰ ਬੜਾ ਸਿਆਣਾ ਤੇ ਅਲੌਕਿਕ ਦਿਮਾਗ ਵਾਲਾ ਹੋਕੇ, ਕੀ ਕਿਹਾ ਹੈ ? ਇਸ ਕੰਮ ਵਿਚ (ਮੈਂ) ਹੈਰਾਨ ਹਾਂ ।।੧੯।

ਕਸੇ ਰਾ ਸ਼ਵਦ ਕਾਰ ਈਂ ਦਰ ਜਮਾਂ ॥
ਵਜਾਂ ਹਸਤ ਐਬਸਤ ਜ਼ਾਹਰ ਜਹਾਂ ॥ ੨੦ ॥

ਕਸੇ-ਜੇਹੜਾ ਕੋਈ । ਸ਼ਵਦ-ਹੋਵੇ । ਈਂ-ਇਸ । ਜਨਾਂ-ਜਮਾਨਾ, ਸੰਸਾਰ । ਵਜਾਂ-ਉਸ ਦੇ । ਹਸਤ-ਹਥ । ਐਬਸਤ-(ਐਬ+ਅਸਤ) ਰਾ ਬੁਰੈ । ਜ਼ਾਹਰ-ਪ੍ਰਤੱਖ । ਜਹਾਂ-ਜਗਤ ।

ਜਿਸ ਕਿਸੇ ਦਾ, ਜਗਤ ਵਿਚ ਇਸ ਤਰ੍ਹਾਂ ਦਾ ਕੰਮ ਹੋਵੇ । ਉਸ ਦੇ ਹਥ ਜਹਾਨ ਨੂੰ (ਸੌਂਪ ਦੇਣਾ, ਜਗਤ ਵਿਚ) ਪ੍ਰਤੱਖ ਹੀ ਬੁਰਾ ਹੈ ।੨੦॥

ਭਾਵ-ਰਾਜਨ ! ਜਿਸ ਤਰ੍ਹਾਂ ਦਾ ਆਦਮੀ ਤੁਸਾਂ ਫੁਰਮਾਇਆ ਹੈ, ਉਸ ਨੂੰ ਰਾਜ ਦੇ ਦੇਣਾ ਤਾਂ ਜਗਤ ਵਿਚ ਬਹੁਤ ਭਾਰਾ ਐਬ ਹੈ ਅਤੇ ਇਹ ਗੱਲ ਤਾਂ ਸਭਨਾਂ ਨੂੰ ਪ੍ਰਤੱਖ ਦਿਸਦੀ ਹੈ । ਕਿਸੇ ਦਾ ਕੋਈ ਐਬ ਲੁਕਿਆ ਰਹਿ ਸਕਦਾ ਹੈ, ਪਰ ਹਥ, ਪੈਰ, ਨਕ, ਕੰਨ, ਜੀਭ ਆਦਿਕਾਂ ਦਾ ਨਾ ਹੋਣ ਵਾਲਾ ਐਬ ਤਾਂ ਕਿਸੇ ਤਰ੍ਹਾਂ ਭੀ ਲੁਕ ਨਹੀਂ ਸਕਦਾ ।

ਕਿ ਈਂ ਹਸਤ ਐਬੋ ਤੁ ਗੋਈ ਹੁਨਰ ॥
ਕਿ ਐ ਸ਼ਾਹ ਸ਼ਾਹਾਨਿ ਹਮਹ ਬਹਰੋ ਬਰ ॥ ੨੧ ॥

ਈ-ਇਹ । ਹਸਤ-ਹਥ । ਐਬ-ਔਗੁਣ । ਗੋਈ-ਕਿਹਾ । ਹੁਨਰ-ਗੁਣ । ਹਮਹ-ਸਾਰੇ । ਬਹਰੋ-(ਬਹਰ+ਓ+ਬਰ) ਸਮੁੰਦਰ ਤੇ ਧਰਤੀ ।

ਅਨ੍ਵੈ ਅਰਥ-ਹੇ ਧਰਤੀ ਤੇ ਸਮੁੰਦਰ ਦੇ ਪਾਤਸ਼ਾਹ ! ਜੋ ਤੂੰ ਇਹ ਕਿਹਾ ਹੈ, (ਦੁਨੀਆਂ) ਇਸ ਨੂੰ ਔਗੁਣ ਕਹਿੰਦੀ ਹੈ, (ਪਰ) ਤੂੰ ਗੁਣ ਕਹਿੰਦਾ ਹੈਂ ।।੨੧।

ਨ ਦਰ ਜੰਗ ਪੁਸ਼ਤੋ ਨ ਦੁਸ਼ਨਾਮ ਦਾਦ ॥
ਨ ਅੰਗੁਸ਼ਤ ਬਰ ਹਰਫਿ ਦੁਸ਼ਮਨ ਨਿਹਾਦ ॥ ੨੨ ॥

ਪੁਸ਼ਤੋ-ਪਿਠ । ਦੁਸ਼ਨਾਮ-ਗਾਲ । ਦਾਦ-ਦਿਤੀ । ਅੰਗੁਸ਼ਤਿ-ਉਂਗਲ । ਹਰਫਿ-ਲਿਖਤ ਦੇ। ਨਿਹਾਦ-ਰਖੀ ।

ਨਾ ਜੰਗ ਵਿਚ ਪਿਠ ਦਿਤੀ ਹੈ ਨਾ ਗਾਲ ਦਿਤੀ ਹੈ । ਨਾ ਹੀ ਦੁਸ਼ਮਨ ਦੀ ਲਿਖਤ ਉਤੇ ਉਂਗਲ ਰਖੀ ਹੈ ।।੨੨॥

ਭਾਵ--ਰਾਜਨ ! ਤੁਸਾਂ ਅਜ ਤਕ ਕਿਸੇ ਜੰਗ ਵਿਚ ਪਿਠ ਨਹੀਂ ਦਿਤੀ, ਅਜ ਤਕ ਕਿਸੇ ਨੂੰ ਗਾਲ ਨਹੀਂ ਕਢੀ ਅਤੇ ਦੁਸ਼ਮਨ ਦੀ ਲਿਖਤ ਉਤੇ ਉਂਗਲ ਨਹੀਂ ਰਖੀ । ਇਸ ਦਾ ਭਾਵ ਇਹ ਹੈ ਕਿ ਦੁਸ਼ਮਨ ਨਾਲ ਕਿਸੇ ਤਰ੍ਹਾਂ ਦਾ ਸੁਲਹਨਾਮਾ ਲਿਖ ਕੇ ਦਸਤਖਤ ਨਹੀਂ ਕੀਤੇ, ਦੁਸ਼ਮਨ ਨੂੰ ਡੰਡੇ ਦੇ ਜ਼ੋਰ ਨਾਲ ਸਿਧਾ ਕੀਤਾ ਹੈ, ਕਿਸੇ ਤਰ੍ਹਾਂ ਦੀ ਮਾਫੀ ਮੰਗ ਕੇ ਆਪਣੀ ਹੇਠੀ ਨਹੀਂ ਕੀਤੀ ।

ਨ ਆਰਾਮਿ ਦੁਸਮਨ ਨ ਆਜ਼ਾਰਿ ਦੋਸਤ ॥
ਜਵਾਬੇ ਗਦਾ ਰਾ ਅਦੂ ਰਾ ਬਿਪੋਸਤ ॥੨੩॥

ਆਰਾਮਿ–ਸੁਖ । ਆਜ਼ਾਰਿ–ਦੁਖ ਦਿਤਾ । ਗਦਾ–ਮੰਗਤਾ । ਅਦੂ–ਵੈਰੀ । ਬਿਪੋਸਤ–ਖੱਲ ।

(ਤੁਸਾਂ) ਦੁਸਮਨ ਨੂੰ ਸੁਖ ਨਹੀਂ ਲੈਣ ਦਿਤਾ, ਮਿਤ੍ਰ ਨੂੰ ਦੁਖ ਨਹੀਂ ਹੋਣ ਦਿਤਾ । ਮੰਗਤੇ ਨੂੰ ਜਵਾਬ ਨਹੀਂ ਦਿਤਾ ਅਤੇ ਵੈਰੀ ਨੂੰ ਖੱਲ ਉਤਾਰੇ ਤੋਂ ਬਿਨਾਂ ਨਹੀਂ ਛਡਿਆ ॥੨੩॥

ਨਵੀਸਿੰਦਹ ਰਾ ਜਾ ਨ ਹਰਫੋ ਨਿਹਦ ॥
ਸੁਖ਼ਨ ਰਾ ਬ ਹੱਕ ਜਾਇ ਸ਼ਰਫੋ ਦਿਹਦ ॥੨੪॥

ਨਵੀਂਸਿੰਦਹ–ਲਿਖਾਰੀ (ਭਾਵ ਇਤਿਹਾਸ ਦਾ ਲੇਖਕ) ਜਾ–ਜਗ੍ਹਾ । ਹਰਫੋ–ਔਗੁਣ । ਨਿਹਦ–ਰਖੀ । ਬ ਹੱਕ–ਸੱਚ । ਜਾਇ–ਜਗ੍ਹਾ, ਪਦਵੀ । ਸ਼ਰਫੋ–ਵਡਿਆਈ ।

ਲਿਖਾਰੀ ਨੂੰ ਔਗੁਣ (ਲਿਖਣ ਲਈ) ਜਗ੍ਹਾ ਨਹੀਂ ਦਿਤੀ । (ਅਤੇ) ਸੱਚੀ ਗੱਲ (ਕਹਿਣ ਵਾਲੇ) ਨੂੰ ਵਡਿਆਈ ਦੀ ਜਗ੍ਹਾ ਤੇ ਰਖਿਆ ਹੈ ॥੨੪॥

ਨ ਉਸਤਾਦ ਰਾ ਦਾਦ ਜਾਇ ਸੁਖਨ ॥
ਫਰਾਮੋਸ਼ਗੀ ਚੂੰ ਬਕਾਰੇ ਕੁਹਨ ॥੨੫॥

ਉਸਤਾਦ–ਸਿਖਯਾ ਦਾਤਾ,ਮਾਸਟਰ । ਦਾਦ–ਦਿਤਾ । ਜਾਏ–ਜਗ੍ਹਾ । ਸੁਖਨ–ਗੱਲ,ਬੋਲਣ। ਫਰਾਮੋਸ਼ਗੀ–ਭੁਲਣਾ, ਭੁਲ । ਕੁਹਨ–ਪੁਰਾਣਾ । ਚੂੰ–ਕਿਉਂ ।

ਤੁਸਾਂ ਅਜ ਤਕ) ਉਸਤਾਦ ਨੂੰ ਗੱਲ ਕਹਿਣ ਦੀ ਜਗ੍ਹਾ ਨਹੀਂ ਦਿਤੀ । (ਫਿਰ ਹੁਣ) ਪੁਰਾਣੇ ਕੰਮ ਨੂੰ ਕਿਉਂ ਭੁਲ ਗਏ ਹੋ ? ॥੨੫॥

ਬ ਬਦ ਮਸਲਿਹਤ ਕਸ ਨ ਦਾਦਨ ਦਿਗਰ ॥
ਬ ਹੁਸ਼ ਨਾਮਿ ਓ ਚੂੰ ਤੋ ਗੋਯਦ ਹੁਨਰ ॥ ੨੬ ॥

ਬਦ–ਬੁਰੀ । ਮਸਲਿਹਤ–ਸਲਾਹ । ਦਾਦਨ–ਦੇਣੀ ਚਾਹੀਦੀ । ਹੁਨਰ–ਗੁਣ । ਹੁਸ਼–ਸੁਰਤ–ਹੋਸ਼ । ਓ–ਓਹ । ਚੂੰ ਤੋ–ਤੇਰੇ ਵਰਗਾ । ਗੋਯਦ–ਆਖੇ ।

ਬੁਰੀ ਸਲਾਹ ਤਾਂ ਕਿਸੇ ਦੂਜੇ ਆਦਮੀ ਨੂੰ ਭੀ ਨਹੀਂ ਦੇਣੀ ਚਾਹੀਦੀ । ਹੋਸ਼ ਸੰਭਾਲੋ, ਤੁਹਾਡੇ ਵਰਗਾ (ਸਿਆਣਾ ਰਾਜਾ) ਉਸ (ਬੁਰਿਆਈ) ਦਾ ਨਾਮ ਗੁਣ [ਕਿਵੇਂ] ਆਖ ਸਕਦਾ ਹੈ ? ॥੨੬॥

[ਵਜ਼ੀਰ ਦੀ ਇਹ ਗਲ ਸੁਣ ਕੇ ਰਾਜਾ ਕਹਿਣ ਲਗਾ];–

ਬ ਬੀਨਦ ਦਿਗਰ ਜ਼ਨ ਬ ਚਸ਼ਮੇ ਖ਼ੁਦਸ਼ ॥
ਨ ਬਰ ਕਾਰਿ ਕਸ ਕਰਦ ਨਦਰਿ ਬਦਸ਼ ॥੨੭॥

ਬੀਨਦ–ਵੇਖਦਾ । ਦਿਗਰ–ਦੂਸਰੀ । ਜ਼ਨ–ਔਰਤ । ਬ ਚਸ਼ਮੇ–ਅੱਖਾਂ ਨਾਲ । ਖ਼ੁਦਸ਼–ਆਪਣੀਆਂ । ਬਰ–ਉਪਰ । ਕਾਰਿ–ਕੰਮ ਦੇ । ਬਦਸ਼–ਬੁਰੀ ।

[ਜੋ] ਆਪਣੀਆਂ ਅਖਾਂ ਨਾਲ ਦੂਜੀ ਔਰਤ ਵਲ ਬੁਰੀ ਨਜ਼ਰ ਨਾਲ ਨਹੀਂ ਵੇਖਦਾ ਹੈ । [ਅਤੇ] ਨਾ ਹੀ ਕਿਸੇ ਹੋਰ ਦੇ ਕੰਮ ਉਪਰ ਭੈੜੀ ਨਜ਼ਰ ਕਰਦਾ ਹੈ ॥੨੭॥

ਨਜ਼ਰ ਕਰਦ ਕਸ ਬਰ ਨ ਹਰਫ਼ੇ ਹਰਾਮ ॥
ਨਿਗਾਹ ਦਾਸ਼ਤ ਬਰ ਸ਼ੁਕਰਿ ਯਜ਼ਦਾ ਮੁਦਾਮ ॥੨੮॥

ਹਰਫੇ—ਗੱਲ। ਹਰਾਮ—ਅਯੋਗ। ਨਿਗਾਹ—ਨਜਰ। ਦਾਸ਼ਤ ਰਖਦਾ ਹੈ। ਮੁਦਾਮ—ਸਦਾ।

(ਜੋ) ਕਿਸੇ ਦੇ ਅਯੋਗ ਬਚਨਾਂ ਉਤੇ ਧਿਆਨ ਨਹੀਂ ਕਰਦਾ ਹੈ। ਹਮੇਸ਼ਾਂ ਪ੍ਰਮਾਤਮਾ ਦਾ ਸ਼ੁਕਰੀਆ (ਕਰਨ) ਉਤੇ ਨਿਗਾਹ [ਲਾਈ] ਰਖਦਾ ਹੈ ॥੨੮॥

ਨਜ਼ਰ ਰਾ ਬ ਬਦਕ ਰਿ ਦੀਗਰ ਬਿਬਸਤ ॥
ਸ਼ਨਾਸੀ ਤੋ ਤਹਕੀਕ ਓ ਕੋਰ ਹਸਤ ॥੨੯॥

ਰਾ—ਨੂੰ। ਬਦਕਾਰਿ—ਬੁਰੇ ਕੰਮ ਵਲੋਂ। ਦੀਗਰ ਦੂਜੇ। ਬਿਬਸਤ—ਬੰਨਿਆ (ਭਾਵ ਰੋਕ ਰਖਿਆ)। ਸ਼ਨਾਸੀ—ਪਛਾਣ। ਤਹਕੀਕ—ਨਿਸਚਾ, ਸਚਮੁਚ। ਕਰ—ਅੰਨ੍ਹਾ। ਹਸਤ—ਹੈ।

(ਜਿਸ ਨੇ) ਆਪਣੀ ਨਜ਼ਰ ਨੂੰ ਦੂਜੇ ਦੇ ਬੁਰੇ ਕੰਮਾਂ ਵਲੋਂ ਬੰਨ੍ਹਿਆ ਹੋਇਆ ਹੈ। ਤੂੰ ਪਛਾਨ ਸਚ ਮੁਚ ਓ ਅੰਨ੍ਹਾ ਹੈ ॥੨੯॥

ਭਾਵ—ਜੋ ਅਖਾਂ ਨਾਲ ਕਿਸੇ ਦੀ ਬੁਰਾਈ ਨਹੀਂ ਵੇਖਦਾ, ਸਚ ਮੁਚ ਦਾ ਓਹੀ ਅੰਨ੍ਹਾ ਹੈ।

ਕਦਮ ਰਾ ਨ ਦਾਰਦ ਬ ਬਦਕਾਰ ਕਾਰ ॥
ਨ ਦਰ ਜੰਗ ਪਾਏ ਪੁਸ਼ਤੇ ਹਜ਼ਾਰ ॥ ੩੦ ॥

ਕਦਮ—ਡਿਗ(ਭਾਵ ਪੈਰ)। ਦਾਰਦ—ਰਖਦਾ। ਬਦਕਾਰ—ਬੁਰਾ ਕੰਮ। ਕਾਰ ਕਰਨਾ। ਦਰ—ਵਿਚੋਂ। ਪਸ—ਪਿਛੇ। ਪੁਸ਼ਤੇ—ਪਿਛੇ।

(ਜੋ) ਪੈਰ ਨੂੰ ਬੁਰੇ ਕੰਮ ਕਰਨ ਵਿਚ ਰਖਦਾ ਨਹੀਂ (ਹੈ ਅਤੇ) ਨਾ ਹੀ ਹਜ਼ਾਰਾਂ ਦੇ ਪਿਛੇ (ਲਗ ਕੇ ਜੰਗ ਵਿਚੋਂ ਪੈਰ ਪਿਛੇ ਕਰਦਾ ਹੈ ॥੩੦॥

ਭਾਵ—ਜੋ ਪੈਰ ਬੁਰੇ ਕੰਮ ਦੇ ਰਾਹ ਨਹੀਂ ਜਾਂਦਾ ਅਤੇ ਹਜ਼ਾਰਾਂ ਦੇ ਪਿਛੇ ਲਗਕੇ ਜੰਗ ਵਿਚੋਂ ਪਿਛਾਂਹ ਨੂੰ ਨਹੀਂ ਮੁੜਦਾ ਹੈ।

ਨ ਦਰ ਕਾਰ ਦੁਜ਼ਦੀ ਨ ਦਿਲ ਬਿਸ਼ਕਨੀ ॥
ਨ ਖਾਨਾ ਖਮਰਬਾਜ਼ ਨ ਰਹਜ਼ਨੀ ॥ ੩੧ ॥

ਦੁਜ਼ਦੀ—ਚੋਰੀ। ਬਿਸ਼ਕਨੀ—ਤੜਨਾ, ਦੁਖਾਉਣਾ। ਖਾਨਾ—ਘਰ। ਖਮਰਬਾਜ਼—ਸ਼ਰਾਬੀ, ਸ਼ਰਾਬ ਪੀਣ ਵਾਲਾ ਜਾਂ ਸ਼ਰਾਬ ਵੇਚਣ ਵਾਲਾ। ਰਾਹਜ਼ਨੀ—ਰਾਹ ਮਾਰਨਾ, ਧਾੜੇ ਮਾਰਨੇ।

(ਜੋ) ਚੋਰੀ ਦੇ ਕੰਮ ਵਿਚ ਨਹੀਂ (ਜਾਂਦਾ ਤੇ) ਨਾ (ਹੀ ਕਿਸੇ ਦਾ) ਦਿਲ ਦੁਖਾਉਂਦਾ ਹੈ। ਨਾ ਸ਼ਰਾਬੀ ਦੇ ਘਰ (ਜਾਂਦਾ ਹੈ ਤੇ) ਨਾ ਧਾੜੇ ਮਾਰਦਾ ਹੈ ॥੩੧॥

ਬਨਾਕਸ ਦੁਆਏ ਨ ਗੋਯਦ ਸੁਖਨ ॥
ਬ ਖਾਹਸ਼ ਖਰਾਸ਼ੀ ਨ ਜੋਯਦ ਸੁਖਨ ॥੩੨॥

ਬ—ਵਿਚ। ਨਾਕਸ—ਬੁਰੀ। ਦੁਆਏ—ਵਰ, ਅਸੀਸ। ਗੋਯਦ—ਬੋਲਦਾ। ਖਾਹਸ਼—ਇਛਾ। ਖਰਾਸ਼ੀ—ਛਿਲਣਾ, ਦੁਖਾਉਣਾ। ਜੋਯਦ—ਢੂੰਡਦਾ।

(ਜੋ) ਬੁਰੀ ਅਸੀਸ (ਦੇਣ ਦੀ) ਗੱਲ ਨਹੀਂ ਬੋਲਦਾ। (ਜੋ) ਦੁਖਾਉਣ ਵਾਲੀ ਗੱਲ ਢੂੰਡਣ ਦੀ ਇੱਛਾ ਨਹੀਂ ਰਖਦਾ ॥੩੨॥

ਭਾਵ–ਜੋ ਕਿਸੇ ਨੂੰ ਬਦ-ਦੁਆ ਜਾਂ ਗਾਲੀ-ਗਲੋਚ ਨਹੀਂ ਬੋਲਦਾ ਜਾਂ ਕਿਸੇ ਦਾ ਬੁਰਾ ਨਹੀਂ ਚਿਤਵਦਾ ਤੇ ਨਾ ਹੀ ਬੁਰਾ ਮੰਗਦਾ ਹੈ ਅਤੇ ਕਿਸੇ ਨੂੰ ਦੁਖੀ ਕਰਨ ਦੀ ਇੱਛਾ ਨਹੀਂ ਕਰਦਾ ਨਾ ਹੀ ਦੁਖਾਉਣ ਵਾਲੀ ਗਲ ਢੂੰਡਦਾ ਹੈ।

ਬ ਬਦਕਾਰਿ ਕਸ ਦਰ ਨ ਦਾਦੰਦ ਪਾਇ ॥

ਕਿ ਓ ਪਾਇ ਲੰਗਸਤ ਗੋਈ ਬਜਾਇ ॥੫੩॥

ਦਾਦੰਦ–ਦੇਂਦਾ ਹੈ। ਪਾਇ–ਪੈਰ। ਲੰਗਸਤ–(ਲੰਗ+ਅਸਤ) ਲੂਲ੍ਹਾ ਹੈ। ਗੋਈ–ਕਿਹਾ ਹੈ। ਬਜਾਇ–ਦਰੁਸਤ, ਠੀਕ।

(ਜੋ) ਕਿਸੇ ਮਨੁਖ ਦੇ ਬੁਰਾ ਕਰਨ ਦੇ ਕੰਮ ਵਿਚ ਪੈਰ ਨਹੀਂ ਦੇਂਦਾ ਹੈ। ਉਹ ਪੈਰਾਂ ਤੋਂ ਲੂਲ੍ਹਾ ਹੈ, (ਇਹ ਮੈਂ) ਦਰੁਸਤ ਕਿਹਾ ਹੈ।੩੩॥

ਬ ਦੁਜ਼ਦੀ ਮਤਾ ਰਾ ਨ ਆਲੂਦਹ ਦਸਤ ॥

ਬਖ਼ੁਰਸ਼ੇ ਹਰਾਮੋ ਕੁਸ਼ਾਇਦ ਨ ਦਸਤ ॥੩੪॥

ਦੁਜ਼ਦੀ–ਚੋਰੀ। ਮਤਾ–(ਮਤਾਅ) ਪੂੰਜੀ, ਮੂੜੀ। ਆਲੂਦਹ–ਲਬੇੜਿਆ। ਦਸਤ–ਹਥ। ਖੁਰਸ਼ੇ–ਖਾਣਾ, ਖੁਰਾਕ। ਹਰਾਮੋ–ਅਯੋਗ, ਬਗਾਨਾ ਹੱਕ। ਕੁਸ਼ਾਇਦ–ਖੁਲ੍ਹਾ ਕੀਤਾ (ਭਾਵ ਫੈਲਾਇਆ, ਲੰਮਾ ਕੀਤਾ)। ਦਸਤ–ਹਥ।

(ਜਸ ਨੇ ਕਿਸੇ ਦੀ) ਮੂੜੀ ਦੀ ਚੋਰੀ ਵਿਚ ਹਥ ਨਹੀਂ ਲਬੇੜਿਆ ਹੈ। (ਅਤੇ) ਹਰਾਮ ਦੇ ਖਾਣੇ (ਨੂੰ ਖਾਣ ਵਾਸਤੇ) ਹਥ ਨਹੀਂ ਪਸਾਰਿਆ ਹੈ ।੩੪॥

ਭਾਵ–ਨਾ ਕਿਸੇ ਦੀ ਮੂੜੀ ਚੁਰਾਈ ਹੈ ਅਤੇ ਨਾ ਹੀ ਬਗਾਨੇ ਹੱਕ ਨੂੰ ਖਾਣ ਲਈ ਤਿਆਰ ਹੋਇਆ ਹੈ।

ਬਖ਼ੁਦ ਦਸਤ ਖ਼ਾਹਸ ਨ ਗੀਰੰਦ ਮਾਲ ॥

ਨ ਰਯਤ ਖ਼ਰਾਸ਼ੀ ਨ ਆਜਿਜ਼ ਜ਼ਵਾਲ ॥੩੫॥

ਖੁਦ–ਆਪਣੇ। ਨ–ਨਾਲ। ਦਸਤ–ਹਥ। ਖਾਹਿਦ–ਚਾਹੁੰਦਾ, ਇਰਾਦਾ। ਗੀਰੰਦ–ਫੜਿਆ ਖ਼ਰਾਸ਼ੀ–ਦੁਖੀ ਕੀਤਾ। ਆਜਿਜ਼–ਮੁਥਾਜ, ਅੱਤ ਗਰੀਬ। ਜ਼ਵਾਲ–ਪੀੜਾ, ਨੁਕਸਾਨ।

(ਜੋ) ਆਪਣ ਹਥ ਨਾਲ (ਕਿਸੇ ਦਾ) ਮਾਲ-ਸਬਾਬ ਨਹੀਂ ਫੜਿਆ ਚਾਹੁੰਦਾ। ਰਯਤ (ਪਰਜਾ) ਨੂੰ ਦੁਖੀ ਨਹੀਂ ਕੀਤਾ ਤੇ ਨਾ ਹੀ ਗਰੀਬਾਂ-ਮੁਹਤਾਜਾਂ ਦਾ ਨੁਕਸਾਨ ਕੀਤਾ ਹੈ ।੩੫॥

ਦਿਗਰ ਜ਼ਨ ਨ ਖ਼ੁਦ ਦਸਤ ਅੰਦਾਖ਼ਤਨ ॥

ਰੱਯਤ ਖਲਾਸਹ ਨ ਬਰ ਤਾਖਤਨ ॥ ੩੬ ॥

ਦਿਗਰ ਜ਼ਨ–ਪਰਾਈ ਔਰਤ। ਖ਼ੁਦ ਦਸਤ–ਆਪਣਾ ਹਥ। ਅੰਦਾਖਤਨ–ਪਾਇਆ ਹੈ। ਖਲਾਸਹ–ਅਜ਼ਾਦੀ, ਖੁਲ੍ਹ। ਬਰ–ਉਤੇ। ਤਾਖਤਨ–ਚੜ੍ਹਾਈ ਕੀਤੀ।

(ਜਿਸ ਨੇ) ਪਰਾਈ ਔਰਤ ਨੂੰ ਹਥ ਨਹੀਂ ਪਾਇਆ ਹੈ। ਅਤੇ ਨਾ ਹੀ ਪਰਜਾ ਦੀ ਖੁਲ੍ਹ ਉਤੇ ਚੜ੍ਹਾਈ ਕੀਤੀ ਹੈ ॥੩੬॥

ਭਾਵ-ਪਰਾਈ ਔਰਤ ਨਾਲ ਪਰੇਮ ਨਹੀਂ ਕੀਤਾ ਅਤੇ ਪਰਜਾ ਦੀ ਅਜ਼ਾਦੀ ਦਾ ਮਲੀਆ ਮੇਟ ਨਹੀਂ ਕੀਤਾ ਹੈ।

ਬਖ਼ੁਦ ਦਸਤ ਰਿਸ਼ਵਤ ਨ ਆਲੂਦਹ ਕਰਦ ॥
ਕਿ ਅਜ਼ ਸ਼ਾਹ ਦੁਸ਼ਮਨ ਬਰਾਵੁਰਦ ਗਰਦ ॥੩੭॥

ਅਜ਼=ਤੋਂ, ਨਾਲ। ਬਰਾਵੁਰਦ=ਮਿਲਾ ਦਿਤਾ। ਗਰਦ=ਖਾਕ।

(ਜਿਸ ਨੇ) ਆਪਣੇ ਹਥ ਨੂੰ ਵਢੀ ਨਾਲ ਲਬੇੜਨਾ ਨਹੀਂ ਕੀਤਾ। (ਸਗੋਂ ਹਥ) ਨਾਲ ਰਾਜੇ ਦੇ ਵੈਰੀ ਨੂੰ ਖਾਕ ਨਾਲ ਮਿਲਾ ਦਿਤਾ ਹੈ ॥੩੭॥

ਨ ਜ਼ਾਇ ਅਦੂ ਰਾ ਦਿਹਦ ਵਕਤਿ ਜੰਗ ॥
ਬ ਬਾਰਸ਼ ਦਿਹਦ ਤੇਗ ਤਰਕਸ਼ ਖ਼ਦੰਗ ॥੩੮॥

ਜਾਇ=ਮੌਕਾ, ਸਮਾਂ, ਵੇਲਾ। ਅਦੂ ਰਾ=ਵੈਰੀ ਨੂੰ। ਦਿਹਦ=ਦੇਂਦਾ। ਬਾਰਸ਼=ਮੀਂਹ। ਤਰਕਸ਼=ਭਥਾ। ਖ਼ਦੰਗ=ਇਕ ਬ੍ਰਿਛ ਦਾ ਨਾਮ ਹੈ.ਜਿਸ ਦੀ ਲਕੜੀ ਦੇ ਤੀਰ ਬਣਾਏ ਜਾਂਦੇ ਸਨ, ਭਾਵ ਵਿਚ ਤੀਰ।

(ਜੋ) ਜੰਗ ਦੇ ਵੇਲੇ ਵਿਚ ਵੈਰੀ ਨੂੰ (ਵਾਰ ਕਰਨ ਦਾ) ਮੌਕਾ ਹੀ ਨਹੀਂ ਦੇਂਦਾ। (ਜੋ) ਤਲਵਾਰਾਂ (ਵਾਹੁੰਦਾ ਅਤੇ) ਭਥੇ ਵਿਚੋਂ ਤੀਰਾਂ ਦਾ ਮੀਂਹ ਵਸਾ ਦੇਂਦਾ ਹੈ ॥੩੮॥

ਭਾਵ-ਜੋ ਸੂਰਮਾ ਹਥਾਂ ਦੀ ਫੁਰਤੀ ਨਾਲ ਆਪਣਾ ਵਾਰ ਕਰਦਾ ਹੈ. ਤੀਰਾਂ ਦਾ ਮੀਂਹ ਵਸਾਈ ਜਾਂਦਾ ਹੈ, ਪਰ ਵੈਰੀ ਨੂੰ ਵਾਰ ਕਰਨ ਦਾ ਮੌਕਾ ਹੀ ਨਹੀਂ ਦੇਂਦਾ ਹੈ।

ਨ ਰਾਮਸ਼ ਦਿਹਦ ਅਸਪ ਰਾ ਵਕਤਿ ਕਾਰ ॥
ਨ ਜਾਇਸ਼ ਅਦੂ ਰਾ ਦਿਹਦ ਦਰ ਦਿਯਾਰ ॥੩੯॥

ਰਾਮਸ਼=ਅਰਾਮ, ਸੁਖ। ਅਸਪ ਰਾ=ਘੋੜੇ ਨੂੰ। ਕਾਰ=ਕੰਮ। ਜਾਇਸ਼=ਜਗ੍ਹਾ, ਟਿਕਾਣਾ। ਅਦੂ=ਦੁਸ਼ਮਨ। ਦਿਯਾਰ=ਦਸ, ਮੁਲਕ।

(ਜੋ) ਕੰਮ ਦੇ ਸਮੇਂ ਵਿਚ ਘੋੜ ਨੂੰ ਆਰਾਮ ਨਹੀਂ ਕਰਨ ਦੇਂਦਾ। (ਜੋ) ਮੁਲਕ ਦੇ ਵੈਰੀ ਨੂੰ ਰਹਿਣ ਦਾ ਟਿਕਾਣਾ ਨਹੀਂ ਦੇਂਦਾ ॥੩੯॥

ਭਾਵ-ਜੋ ਕੋਈ ਇਸ ਤਰ੍ਹਾਂ ਦਾ ਕੰਮ ਹੀ ਨਹੀਂ ਕਰਦਾ, ਜਿਸ ਕਰਕੇ ਮੁਲਕ ਵਿਚ ਕਿਸੇ ਭੀ ਟਿਕ ਨੇ ਉਤੇ ਕੋਈ ਦੁਸ਼ਮਨ ਖੜਾ ਹੋ ਸਕੇ, ਸਭਨਾਂ ਨੂੰ ਪਿਆਰ ਦੇ ਵਰਤਾਵ ਨਾਲ ਮਿਤਰ ਬਣਾਈ ਰਖਦਾ ਹੈ।

ਕਿ ਬੇ ਦਸਤ ਓ ਹਸਤ ਗੋ ਪੁਰ ਹੁਨਰ ॥
ਬ ਆਲੂਦਗੀ ਦਰ ਨ ਬਸਤਨ ਕਮਰ ॥੪੦॥

ਬੇ ਦਸ਼ਤ=ਹਥ ਤੋਂ ਬਿਨਾਂ,ਲੁੰਜਾ। ਹਸਤ=ਹੈ। ਗੋ=ਕਹਿੰਦੇ ਹਨ। ਪੁਰ ਹੁਨਰ-ਗੁਣਾਂ ਨਾਲ ਭਰੇ ਹੋਏ, ਗੁਣਵਾਨ। ਬ ਆਲੂਦਗੀ=ਬੁਰਾਈ, ਮੰਦਾ ਕੰਮ। ਬਸਤਨ-ਬੰਨ੍ਹਿਆ। ਦਰ-ਵਿਚ। ਕਮਰ-ਲਕ।

ਗੁਣਵਾਨ (ਪੁਰਸ਼) ਉਸ ਨੂੰ ਹਥਾਂ ਤੋਂ ਬਿਨਾਂ (ਲੁੰਜਾ) ਕਹਿੰਦੇ ਹਨ। (ਜੋ) ਹਥ ਨਾਲ

ਬੁਰਾ ਕੰਮ ਕਰਨ ਲਈ ਲਕ ਨਹੀਂ ਬੰਨ੍ਹਦਾ ਹੈ ॥੪੦॥

ਨ ਗੋਯਦ ਕਸੇ ਬਦ ਸੁਖਨ ਜ਼ੀਂ ਜ਼ਬਾਂ ॥

ਕਿ ਓ ਬੇਜ਼ਬਾਨਸਤ ਜ਼ਾਹਿਰ ਜਹਾਂ ॥੪੧॥

ਗੋਯਦ-ਬੋਲਦਾ। ਬਦ ਸੁਖਨ-ਬੁਰਾ ਬਚਨ। ਜ਼ੀਂ ਜ਼ਬਾਂ-(ਅਜ਼+ਈਂ+ਜ਼ਬਾਂ)ਇਸ ਜਬਾਨ ਤੋਂ। ਬੇਜ਼ਬਾਨਸਤ-(ਬੇ+ਜ਼ਬਾਨ+ਅਸਤ) ਜੀਭ ਤੋਂ ਬਿਨਾਂ (ਗੁੰਗਾ) ਹੈ।

ਜੋ ਕੋਈ ਆਦਮੀ ਇਸ ਜ਼ਬਾਨ ਤੋਂ ਬੁਰਾ ਬਚਨ ਨਹੀਂ ਬੋਲਦਾ ਹੈ। ਉਹ ਜਗਤ ਵਿਚ ਪ੍ਰਤੱਖ ਹੀ ਗੁੰਗਾ ਹੈ ॥੪੧॥

ਸ਼ੁਨੀਦਨ ਨ ਬਦ ਸੁਖਨਿ ਕਸ ਰਾ ਬਗੋਸ਼ ॥

ਕਿ ਓ ਹਸਤ ਬੇਗੋਸ਼ ਗੋਈ ਬਹੋਸ਼ ॥ ੪੨ ॥

ਸੁਨੀਦਨ-ਸੁਣਦਾ। ਬਦ ਸੁਖਨਿ-ਬੁਰੀਆਂ ਗੱਲਾਂ। ਕਸ ਰਾ-ਕਿਸੇ ਆਦਮੀ ਦੀ। ਬਗੋਸ਼-ਕੰਨ ਨਾਲ। ਬੇਗੋਸ਼-ਬਿਨਾਂ ਕੰਨਾਂ ਤੋਂ,ਬੋਲਾ। ਗੋਈ-ਕਿਹਾ ਹੈ। ਬਹੋਸ਼-ਸੁਰਤ ਵਾਲਿਆਂ।

ਜੋ ਕੰਨਾਂ ਨਾਲ ਕਿਸੇ ਦੀਆਂ ਬੁਰੀਆਂ ਗੱਲਾਂ ਨਹੀਂ ਸੁਣਦਾ ਹੈ। ਉਹ (ਪੁਰਸ਼ ਸਚ ਮੁਚ ਹੀ) ਬੋਲਾ ਹੈ, (ਇਹ ਗੱਲ) ਸੁਰਤਵਾਨਾਂ ਨੇ ਆਖੀ ਹੈ ॥੪੨॥

ਕਿ ਪਸ ਪਰਦਹ ਚੁਗ਼ਲੀ ਸ਼ੁਨੀਦਸ ਨ ਕਸ ॥

ਵਜ਼ਾਂ ਖ਼ੁਦ ਸ਼ਨਾਸੀ ਕਿ ਗੋਈ ਸ਼ਹਸ ॥ ੪੩ ॥

ਪਸ-ਪਿਛੇ। ਪਰਦਹ-ਪੜਦੇ। ਕਸ-ਕਿਸੇ ਆਦਮੀ। ਵਜ਼ਾਂ-(ਵ+ਅਜ+ਆਂ) ਉਸ ਤੋਂ। ਖ਼ੁਦ-ਆਪਣਾ। ਸ਼ਨਾਹੀ-ਪਛਾਣੋ। ਕਿ-ਜੋ। ਗੋਈ-ਕਿਹਾ।ਸ਼ਹਸ-(ਸ਼ਹ+ਸ)ਰਾਜਾ ਉਸਨੂੰ।

(ਜੋ) ਪੜਦੇ ਪਿਛੇ (ਖੜਾ ਹੋ ਕੇ) ਕਿਸੇ ਆਦਮੀ ਦੀ ਚੁਗਲੀ ਨਹੀਂ ਸੁਣਦਾ ਹੈ। ਉਸ ਨੂੰ ਆਪਣਾ ਰਾਜਾ ਪਛਾਣੋ ਤੇ ਆਖੋ ॥੪੩॥

ਕਸੇ ਕਾਰਿ ਬਦ ਰਾ ਨ ਗੀਰੰਦ ਬੋਇ ॥

ਕਿ ਓਹ ਹਸਤ ਬਬੀਨੀ ਓ ਨੇਕ ਖੋਇ ॥੪੪॥

ਕਾਰਿ-ਕੰਮ। ਬਦ-ਬੁਰੇ। ਗੀਰੰਦ-ਲੈਂਦਾ। ਬੋਇ-ਵਾਸ਼ਨਾ। ਬਬੀਨੀ-ਨਕ ਤੋਂ ਬਿਨਾਂ। ਨੇਕ-ਚੰਗਾ। ਖ਼ੋਇ-ਸੁਭਾਵ।

ਜੋ ਕਿਸੇ ਆਦਮੀ ਦੇ ਬੁਰੇ ਕੰਮ ਦੀ ਵਾਸ਼ਨਾ ਨੂੰ ਨਹੀਂ ਲੈਂਦਾ ਹੈ। ਉਹ ਨਕ ਤੋਂ ਬਿਨਾਂ ਹੈ ਅਤੇ ਉਹ ਚੰਗੇ ਸੁਭਾਵ ਵਾਲਾ ਹੈ ॥੪੪॥

ਨ ਹਉਲਿ ਦਿਗਰ ਹਸਤ ਗ਼ੈਰ ਅਜ਼ ਖ਼ੁਦਾਇ ॥

ਕਿ ਹਿੰਮਤ ਵਰਾਂ ਰਾ ਦਰਾਰਦ ਜ਼ਿ ਪਾਇ ॥੪੫॥

ਹਉਲਿ-ਡਰ। ਦਿਗਰ-ਦੂਜਾ। ਗ਼ੈਰ-ਬਿਨਾਂ। ਅਜ਼-ਤੋਂ। ਹਿੰਮਤ ਵਰਾਂ-ਹਿੰਮਤ ਵਾਲਿਆਂ ਦਰਾਰਦ-(ਦਰ+ਆਰਦ) ਆਟਾ। ਜ਼ਿ-ਵਿਚ। ਪਾਇ-ਪਾਂਦਾ, ਬਣਾ ਦੇਂਦਾ।

(ਜਿਸ ਨੂੰ) ਖ਼ੁਦਾ ਤੋਂ ਬਿਨਾਂ ਹੋਰ ਕਿਸੇ ਦੂਜੇ ਦਾ ਡਰ ਨਹੀਂ ਹੈ। (ਜੋ) ਹਿੰਮਤ ਵਾਲਿਆਂ ਨੂੰ ਆਟੇ (ਦੀ ਸ਼ਕਲ) ਵਿਚ ਪਾ ਦੇਂਦਾ ਹੈ (ਅਰਥਾਤ ਮਹਾਂ ਬਲਵਾਨ ਸੂਰਮਿਆਂ ਨੂੰ ਮਾਰ ਕੇ

ਖਾਕ ਨਾਲ ਮਿਲਾ ਦੇਂਦਾ ਹੈ ॥ ੪੫ ॥

ਬਹੋਸ਼ ਅੰਦਰ ਆਯਦ ਹਮਹ ਵਕਤਿ ਜੰਗ ॥

ਕਿ ਕੋਸ਼ਸ਼ ਕੁਨੱਦ ਓ ਬ ਤੀਰੋ ਤੁਫੰਗ ॥ ੪੬ ॥

ਹੋਸ=ਸੁਰਤ । ਆਯਦ=ਆਉਂਦਾ ਹੈ । ਹਮਹ=ਸਦਾ । ਕੋਸ਼ਸ਼=ਯਤਨ, ਉਦਮ । ਬ ਤੀਰੋ =ਤੀਰਾਂ ਨਾਲ । ਤੁਫੰਗ=ਬੰਦੂਕ ।

ਜੋ ਸਦਾ ਜੰਗ ਦੇ ਵਲੇ ਸੁਰਤ ਵਿਚ ਆਉਂਦਾ ਹੈ । ਜੋ ਤੀਰਾਂ ਤੇ ਬੰਦੂਕਾਂ ਨਾਲ ਕੋਸ਼ਸ਼ ਕਰਦਾ ਹੈ ॥ ੪੬ ॥

ਭਾਵ-ਜੋ ਜੁਧ ਦੇ ਸਮੇਂ ਵਿਚ ਕਦੇ ਭੀ ਗਫਲਤ ਨਹੀਂ ਕਰਦਾ, ਕਦੇ ਅਵੇਸਲਾ ਨਹੀਂ ਹੁੰਦਾ, ਕਦੇ ਸ਼ਰਾਬ ਆਦਿਕ ਨਸ਼ਾ ਪੀ ਕੇ ਮਦਹੋਸ਼ ਨਹੀਂ ਹੁੰਦਾ, ਸਦਾ ਹੀ ਹੋਸ਼ ਵਿਚ ਸਾਵਧਾਨ ਤਿਆਰ ਬਰ ਤਿਆਰ ਰਹਿੰਦਾ ਹੈ ਅਤੇ ਫਤਹ ਹਾਸਲ ਕਰਨ ਦੀ ਕੋਸ਼ਿਸ਼ ਵਿਚ ਰਹਿੰਦਾ ਹੋਇਆ ਤੀਰਾਂ ਤੇ ਬੰਦੂਕਾਂ ਦੀ ਹਿੰਮਤ ਵਲੋਂ ਹਾਰਦਾ ਨਹੀਂ ਹੈ ।

ਕਿ ਦਰ ਕਾਰਿ ਇਨਸਾਫ਼ ਓ ਹਿੰਮਤ ਅਸਤ ॥

ਕਿ ਦਰ ਪੇਸ਼ ਗੁਰਬਾਇ ਓ ਆਜਿਜ਼ ਅਸਤ ॥ ੪੭ ॥

ਹਿੰਮਤ=ਲੱਕ ਬੰਨ੍ਹੀ ਰਖਦਾ । ਦਰ ਪੇਸ਼=ਸਾਹਮਣੇ । ਗੁਰਬਾਇ=ਗਰੀਬਾਂ । ਆਜਿਜ਼=ਮੁਤਾਜ, ਅਧੀਨ ।

ਜੋ ਇਨਸਾਫ ਦੇ ਕੰਮ ਵਿਚ ਲਕ ਬੰਨ੍ਹੀ ਰਖਦਾ ਹੈ । ਜੋ ਗਰੀਬਾਂ ਦੇ ਸਾਹਮਣੇ ਭੀ ਮੁਤਾਜ ਹੁੰਦਾ ਹੈ ॥ ੪੭ ॥

ਭਾਵ- ਝਗੜੇ ਨਬੇੜਨ ਦੇ ਕੰਮ ਵਿਚ ਕਦੇ ਭੀ ਸੁਸਤੀ ਨਹੀਂ ਕਰਦਾ ਹੈ, ਰਾਤ ਹੋਵੇ ਜਾਂ ਦਿਨ, ਮੀਂਹ ਹੋਵੇ ਜਾਂ ਹਨੇਰੀ ਸਰਦੀ ਹੋਵੇ ਜਾਂ ਗਰਮੀ ਹਰ ਸਮੇਂ ਹੀ ਝਗੜਿਆਂ ਦਾ ਇਨਸਾਫ ਕਰਨ ਵਿਚ ਤਿਆਰ ਰਹਿੰਦਾ ਹੈ, ਫਿਰ ਹੰਕਾਰ ਨਾਲ ਆਕੜਿਆ ਨਹੀਂ ਫਿਰਦਾ, ਸਗੋਂ ਮਹਾਂ ਕੰਗਾਲਾਂ ਦੇ ਅਗੇ ਭੀ ਆਜਜ਼ ਹੋ ਕੇ ਰਹਿੰਦਾ ਹੈ, ਪਰਜਾ ਦੇ ਗਰੀਬ ਲੋਕਾਂ ਨੂੰ ਆਪਣਾ ਅਜ਼ੀਜ ਜਾਣ ਕੇ ਉਹਨਾਂ ਨਾਲ ਪਿਆਰ ਵਰਤਾਓ ਕਰਦਾ ਹੈ ।

ਨ ਹੀਲਹ ਕੁਨਦ ਵਕਤ ਦਰ ਕਾਰਜ਼ਾਰ ॥

ਨ ਹੈਬਤ ਕੁਨਦ ਦੁਸ਼ਮਨਾ ਬੇਸ਼ੁਮਾਰ ॥ ੪੮ ॥

ਹੀਲਹ=ਬਹਾਨਾ । ਕਾਰਜ਼ਾਰ=ਲੜਾਈ । ਹੈਬਤ=ਖੌਫ ਡਰ । ਬੇਸ਼ੁਮਾਰ=ਅਣਗਿਣਤ ।

ਜੋ ਲੜਾਈ ਦੇ ਸਮੇਂ ਵਿਚ (ਕਿਸੇ ਤਰ੍ਹਾਂ ਦਾ)ਬਹਾਨਾ ਨਹੀਂ ਕਰਦਾ ਹੈ । (ਅਤੇ) ਵੈਰੀਆਂ ਦੀ ਅਣਗਿਣਤ (ਫੌਜ ਵੇਖ ਕੇ) ਡਰ ਪ੍ਰਾਪਤ ਨਹੀਂ ਕਰਦਾ ॥ ੪੮ ॥

ਹਰਾਂ ਕਸ ਕਜ਼ੀ ਹਸਤ ਗਾਜ਼ੀ ਬਵਦ ॥

ਬਕਾਰੇ ਜਹਾਂ ਰਜ਼ਮ ਸਾਜ਼ੀ ਕੁਨਦ ॥ ੪੯ ॥

ਹਰਾਂ ਕਸ=ਜੋ ਕੋਈ ਆਦਮੀ । ਕਜ਼ੀ=(ਕਿ+ਅਜ਼+ਈਂ) ਜੋ ਇਸ ਤੋਂ । ਬਵਦ=ਹੋਵੇ । ਬਕਾਰੇ=ਕੰਮ ਵਿਚ । ਜਹਾਂ=ਜਹਾਨ, ਜਗਤ । ਰਜ਼ਮ=ਜੁਧ । ਸਾਜ਼ੀ=ਤਿਆਰੀ । ਗਾਜ਼ੀ=ਧਰਮ ਦਾ ਜੁਧ ਕਰਨ ਵਾਲਾ ।

ਜੋ ਕੋਈ ਆਦਮੀ ਇਸ ਤਰ੍ਹਾਂ ਦਾ 'ਗਾਂਜੀ' ਹੋਇਆ ਹੈ। (ਅਤੇ) ਜੋ ਜਗਤ ਦੇ ਕੰਮ ਵਿਚ ਜੰਗ ਦੀ ਤਿਆਰੀ ਕਰਦਾ ਹੈ ॥੪੯॥

ਕਸੇ ਰਾ ਕਿ ਈਂ ਕਾਰ ਆਯਦ ਪਸੰਦ ॥

ਵਜ਼ਾਂ ਸ਼ਾਹ ਬਾਸ਼ਦ ਜਹਾਂ ਅਰਜ਼ਮੰਦ ॥੫੦॥

ਕਸੇ ਰਾ—ਜਿਸ ਕਿਸੇ ਆਦਮੀ। ਆਯਦ—ਆਵੇਗੀ।ਵਜ਼ਾਂ—ਉਸ। ਸ਼ਾਹ—ਰਾਜੇ। ਬਾਜ਼ਦ —ਹੋਇਆ। ਅਰਜ਼ਮੰਦ—ਪਤ ਵਾਲਾ, ਇਜ਼ਤ ਵਾਲਾ।

ਜਿਸ ਕਿਸੇ ਆਦਮੀ ਨੂੰ ਇਹ ਕੰਮ ਪਸੰਦ ਆਵੇਗਾ। ਉਸ (ਆਦਮੀ ਦੇ) ਰਾਜਾ ਹੋਇਆਂ ਜਗਤ ਇਜ਼ਤ ਪਾਵੇਗਾ ॥੫੦॥

ਸ਼ੁਨੀਦ ਈਂ ਸੁਖਨ ਦਉਰਿ ਦਾਨਾ ਵਜ਼ੀਰ ॥

ਕਿ ਆਕਿਲ ਸ਼ਨਾਸ ਅਸਤ ਪੋਜ਼ਜ਼ ਪਜ਼ੀਰ ॥੫੧॥

ਸੁਨੀਦ—ਸੁਣ ਲਈ। ਸੁਖਨ—ਗੱਲ। ਦਉਰ—ਸਮਝਿਆ। ਦਾਨਾ-ਦਨਾਅ, ਸਿਆਣਾ। ਆਕਿਲ-ਅਕਲ ਵਾਲਾ। ਸਨਾਸ ਪਛਾਣ ਵਾਲਾ। ਪੋਜਜ-ਬੇਨਤੀ। ਪਜ਼ੀਰ-ਮੰਨਣ ਵਾਲਾ।

ਸਮੇਂ ਦੇ ਸਿਆਣੇ ਵਜ਼ੀਰ ਨੇ ਇਸ ਗੱਲ ਨੂੰ ਸੁਣ ਕੇ ਸਮਝਿਆ, ਜੋ (ਰਾਜਾ) ਅਕਲ ਵਾਲਾ, ਪਛਾਣ ਵਾਲਾ ਤੇ ਬੇਨਤੀ ਨੂੰ ਮੰਨਣ ਵਾਲਾ ਹੈ ॥੫੧॥ (ਉਸ ਨੇ ਕਿਹਾ)--

ਕਸੇ ਰਾ ਸ਼ਨਾਸੀ ਬ ਅਕਲਿ ਬਹੀ ॥

ਬਰੋਰਾ ਬਿਦਿਹ ਤਾਜ ਤਖਤੋ ਮਹੀ ॥੫੨॥

ਕਸ-ਜਿਸ ਕਿਸੇ। ਸ਼ਨਾਸ਼ੀ-ਤੂੰ ਪਛਾਣ ਲਵੇਂ। ਬਹੀ-ਚੰਗੀ। ਮਰੋਰਾ (ਮਰ+ਓਰਾ) ਠੀਕ ਉਸ ਨੂੰ। ਬਿਦਿਹ-ਦੇ ਦਿਓ। ਮਹੀ-ਧਰਤੀ।

ਜਿਸ ਕਿਸੇ ਨੂੰ ਤੂੰ ਚੰਗੀ ਅਕਲ ਵਾਲਾ ਪਛਾਣ ਲਵੇਂ। ਠੀਕ, ਉਸ ਨੂੰ ਧਰਤੀ ਦੀ ਰਾਜ ਗੱਦੀ ਤੇ ਛਤਰ ਚੋਰ ਦੇ ਦਿਓ ॥੫੨॥

ਕਿ ਬਖਸੀ ਤੋ ਓਰਾ ਮਹੀ ਤਖ਼ਤ ਤਾਜ ॥

ਗਰ ਓਰਾ ਸ਼ਨਾਸੀ ਕਿ ਰਯਤਿ ਨਿਵਾਜ਼ ॥੫੩॥

ਤੂੰ ਧਰਤੀ, ਗੱਦੀ ਤੇ ਤਾਜ ਉਸ ਨੂੰ ਬਖਸ਼ ਦੇਵੀਂ। ਜੇਕਰ ਕਿ ਤੂੰ ਉਸ ਨੂੰ ਪਰਜਾ ਦੀ ਪਾਲਨਾ ਕਰਨ ਵਾਲਾ ਪਛਾਣ ਲਵੇਂ ॥੫੩॥

ਬ ਹੈਰਤ ਦਰਾਮਦ ਬ ਪਿਸਰਾਂ ਚਹਾਰ ॥

ਕਸੋ ਗੋਇ ਗੀਰਦ ਹਮਹ ਵਕਤਿ ਕਾਰ ॥੫੪॥

ਹੈਰਤ-ਹੈਰਾਨੀ, ਅਸਚਰਜਤਾ। ਦਰਾਮਦ-ਵਿਚ ਆ ਗਏ। ਬ ਪਿਸਰਾਂ-ਉਸ ਦੇ ਪੁਤ੍ਰ। ਚਹਾਰ-ਚਾਰ। ਕਸੇ-ਕੌਣ ਕੋਈ। ਗੋਇ-ਗੇਂਦ, ਖਿੱਦੂ। ਗੀਰਦ-ਫੜੇਗਾ। ਹਮਹ-ਸਾਰੇ।

(ਇਹ ਸੁਣ ਕੇ ਰਾਜੇ ਦੇ) ਚਾਰੇ ਪੁਤਰ ਹੈਰਾਨੀ ਵਿਚ ਆ ਗਏ। ਸਭਨਾਂ ਵਿਚੋਂ ਕੰਮ ਦੇ ਵੇਲੇ ਖਿਦੂ ਨੂੰ ਕੌਣ ਕੋਈ ਫੜੇਗਾ ? ॥੫੪॥

ਭਾਵ-ਉਸ ਰਾਜੇ ਦੇ ਚਾਰ ਪੁਤ੍ਰ ਸਨ, ਵਜ਼ੀਰਾਂ ਨੇ ਪੁਛਿਆ, ਕਿਸ ਨੂੰ ਗੱਦੀ ਦਿਤੀ ਜਾਏ ? ਉਸ ਦੇ ਉਤਰ ਵਿਚ ਰਾਜੇ ਨੇ ਬੜੀ ਸੋਹਣੀ ਨੀਤੀ ਦਸ ਕੇ ਫੁਰਮਾਇਆ-ਜੇਹੜਾ ਕੋਈ ਇਸ ਤਰ੍ਹਾਂ ਦਾ ਵੇਖਦੇ ਹੋ, ਉਸ ਨੂੰ ਗੱਦੀ ਦੇ ਦਿਓ। ਉਹ ਪਰਜਾ ਨੂੰ ਸੁਖ ਦਵੇਗਾ ਤੇ ਧਰਮ ਦਾ ਰਾਜ ਕਰੇਗਾ। ਇਸ ਦੇ ਉਲਟ ਕੀਤਿਆਂ ਨਾ ਧਰਮ ਦਾ ਰਾਜ ਹੋਵੇਗਾ ਤੇ ਨਾ ਹੀ ਪਰਜਾ ਨੂੰ ਸੁਖ ਮਿਲੇਗਾ। ਔਰੰਗਜ਼ੇਬ ! ਸੁਣਿਆ ਈ ? ਪਿਛਲੇ ਰਾਜੇ ਇਸ ਤਰ੍ਹਾਂ ਨਾਲ ਰਾਜ ਤੇ ਇਨਸਾਫ ਕਰਿਆ ਕਰਦੇ ਸਨ। ਫਿਰ ਪੁਤ੍ਰ ਭੀ ਪਿਤਾ ਦੇ ਆਗਿਆਕਾਰ ਹੋ ਕੇ ਆਪਣੇ ਆਪ ਨੂੰ ਸੁਯੋਗ ਸਾਬਤ ਕਰਕੇ ਰਾਜ ਪ੍ਰਤਾਪ ਕਰਿਆ ਕਰਦੇ ਸਨ। ਤੇਰੇ ਵਾਂਗੂ ਕੋਈ ਭੀ ਰਾਜ ਨਾ ਲੈਂਦਾ ਸੀ ਤੇ ਨਾ ਹੀ ਕਿਸੇ ਨੂੰ ਮਿਲਿਆ ਸੀ। ਜਿਸ ਤਰ੍ਹਾਂ ਜ਼ੁਲਮ ਨਾਲ ਤੂੰ ਰਾਜ ਲਿਆ ਹੈ, ਉਸੇ ਤਰ੍ਹਾਂ ਦੇ ਜ਼ਾਲਮ ਸਾਕੀ ਤੇਰੇ ਨਾਲ ਮਿਲੇ ਹੋਏ ਹਨ, ਇਸੇ ਕਾਰਨ ਕਰਕੇ 'ਦੀਨ ਤੇਰੇ ਤੋਂ ਕੋਹਾਂ ਦੂਰ ਹੈ।'

ਹਰਾਂ ਕਸ ਕਿ ਰਾ ਅਕਲਿ ਯਾਰੀ ਦਿਹਦ ॥
ਬਕਾਰੇ ਜਹਾਂ ਕਾਮਗਾਰੀ ਕੁਨੱਦ ॥ ੫੫ ॥

ਯਾਰੀ-ਸਹਾਇਤਾ। ਕਾਮਗਾਰੀ-ਇਛਾ ਪੂਰੀ।

ਜਿਸ ਕਿਸੇ ਆਦਮੀ ਨੂੰ ਬੁਧੀ ਸਹਾਇਤਾ ਦੇਂਦੀ ਹੈ। ਸੰਸਾਰ ਦੇ ਕੰਮਾਂ ਵਿਚ (ਉਸ ਦੀ) ਇਛਾ ਪੂਰੀ ਕਰਦੀ ਹੈ ॥੫੫॥

ਬਿਦਿਹ ਸਾਕੀਯਾ ਸਾਗਰੇ ਸਬਜ਼ ਰੰਗ ॥
ਕਿ ਮਾਰਾ ਬਕਾਰ ਅਸਤ ਦਰ ਵਕਤਿ ਜੰਗ ॥੫੬॥

ਹੇ ਸਾਕੀ ! ਸਬਜ ਰੰਗ ਦਾ ਪਿਆਲਾ ਲਿਆ ਦਿਓ। ਜੋ ਮੈਨੂੰ ਜੰਗ ਦੇ ਸਮੇਂ ਵਿਚ ਕੰਮ ਆਉਣ ਵਾਲਾ ਹੈ ॥੫੬॥

ਬਿਦਿਹ ਸਾਕੀਯਾ ਸਾਗਰੇ ਨੈਨ ਪਾਨ ॥
ਕੁਨਦ ਪੀਰ ਸਦ ਸਾਲਹ ਰਾ ਨੌ ਜਵਾਨ ॥੫੭॥੩॥

ਨੈਨ ਪਾਨ-ਅੱਖਾਂ ਨੂੰ ਰੰਗਣ ਵਾਲਾ। ਕੁਨਦ-ਕਰਦਾ। ਪੀਰ-ਬੁਢਾ। ਸਦ-ਸੌ। ਸਾਲਹਾ ਰਾ-ਵਰ੍ਹਿਆਂ ਦਾ।

ਹੇ ਸਾਕੀ ! ਅੱਖਾਂ ਨੂੰ ਰੰਗਣ ਵਾਲਾ ਪਿਆਲਾ ਮੈਨੂੰ ਦਿਓ ! ਜੋ ਸੌ ਵਰ੍ਹਿਆਂ ਦੇ ਬੁਢੇ ਨੂੰ ਨਵਾਂ ਜੁਆਨ ਕਰ ਦੇਂਦਾ ਹੈ ॥੫੭॥੩॥

ਭਾਵ-'ਲੋਇਨ ਸੂਰਤਿ ਕਰੇਇ' ਸੁਰਤ ਦੀਆਂ ਅਖਾਂ ਹਨ। ਜੋ 'ਲੋਇਣ ਰਤੇ ਲੋਇਣ' ਪ੍ਰਕਾਸ਼ ਕਰਨ ਵਾਲੇ ਦੇ ਪਰੇਮ ਰੰਗ ਵਿਚ ਰੰਗੀਆਂ ਹੋਈਆਂ ਹਨ, ਜਿਨ੍ਹਾ ਦੇ ਪਰੇਮ ਰੰਗ ਦਾ ਵਰਣਨ ਇਉਂ ਫੁਰਮਾਇਆ ਹੈ-

ਅਖੀ ਪ੍ਰੇਮ ਕਸਾਈਆ ਜਿਉ ਬਿਲਕ ਮਸਾਈ ਰਾਮ ॥
ਅਤੇ-ਅਖੀ ਪ੍ਰੇਮ ਕਸਾਈਆ ਹਰਿ ਹਰਿ ਨਾਮ ਪਿਖੰਨ ॥
ਜੇਕਰ ਦੂਜਾ ਦੇਖਦੇ ਜਨ ਨਾਨਕ ਕਢਿ ਦਿਚੰਨ ॥

ਹੇ ਸਤਿਗੁਰੂ! ਜੋ ਤੂੰ ਪਰੇਮ ਬਖਸ਼ਿਆ ਹੈ, ਕ੍ਰਿਪਾ ਕਰ ਕਿ ਇਹ ਪਰੇਮ ਸਦਾ ਬਣਿਆ ਰਹੇ, ਜਿਸ ਪਰੇਮ ਰੰਗ ਨੂੰ ਪ੍ਰਾਪਤ ਕਰਕੇ ਜੀਵ ਕਦੇ ਭੀ ਬੁਢਾ ਨਹੀਂ ਹੁੰਦਾ, ਸਗੋਂ ਬੁਢਾ ਹੋ ਚੁਕਾ ਆਤਮਾ ਮੁੜ ਕੇ ਜੁਆਨ ਹੋ ਜਾਂਦਾ ਹੈ।

ਵਾਹਿਗੁਰੂ ਜੀ ਕੀ ਫ਼ਤਹ ॥

(ਹਿਕਾਇਤ ਚੌਥੀ)

ਕਿ ਰੋਜ਼ੀ ਦਿਹਦ ਅਸਤ ਰਾਜ਼ਿਕ ਰਹੀਮ ॥
ਰਿਹਾਈ ਦਿਹੋ ਰਹਿਨੁਮਾਏ ਕਰੀਮ ॥ ੧ ॥

ਕਿ—ਜੋ। ਰੋਜ਼ੀ—ਖੁਰਾਕ, ਅੰਨ। ਦਿਹੰਦ—ਦੇਣ ਵਾਲਾ। ਅਸਤ—ਹੈ। ਰਾਜ਼ਿਕ—ਰਜ਼ਾਅ (ਭਾਣਾ) ਵਰਤਾਨ ਵਾਲਾ। ਰਹੀਮ—ਦਿਆਲੂ। ਰਿਹਾਈ—ਛੁਟਕਾਰਾ। ਰਹਿਨੁਮਾਏ—ਰਾਹ ਵਿਖਾਣ ਵਾਲਾ, ਆਗੂ। ਕਰੀਮ—ਕ੍ਰਿਪਾਲੂ।

ਜੋ ਰੋਜ਼ੀ ਦੇਣ ਵਾਲਾ; ਭਾਣਾ ਵਰਤਾਣ ਵਾਲਾ ਤੇ ਦਿਆਲੂ ਹੈ। ਛੁਟਕਾਰਾ ਦੇਣ ਵਾਲਾ ਤੇ ਰਾਹ ਵਿਖਾਉਣ ਵਾਲਾ ਕ੍ਰਿਪਾਲੂ ਹੈ ॥੧॥

ਦਿਲ ਅਫ਼ਜ਼ਾਇ ਦਾਨਿਸ਼ ਦਿਹੋ ਦਾਦਗਰ ॥
ਰਜ਼ਾ ਬਖ਼ਸ਼ ਰੋਜ਼ੀ ਦਿਹੋ ਹਰ ਹੁਨਰ ॥ ੨ ॥

ਅਫ਼ਜਾਇ—ਵਧਾਉਣਾ। ਦਾਨਿਸ਼—ਬੁਧੀ,ਅਕਲ। ਦਾਦਗਰ—ਨਿਆਉ ਕਰਨ ਵਾਲਾ। ਰਜ਼ਾ—ਪ੍ਰਸਨਤਾ। ਹਰ ਹੁਨਰ—ਸਾਰੇ ਗੁਣਾਂ ਵਾਲਾ।

(ਜੋ) ਦਿਲ ਨੂੰ ਵਧਾਉਣ ਵਾਲਾ, ਅਕਲ ਦੇਣ ਵਾਲਾ ਤੇ ਇਨਸਾਫ ਕਰਨ ਵਾਲਾ ਹੈ। ਖੁਸ਼ੀ ਬਖਸ਼ਨ ਵਾਲਾ, ਅੰਨ ਦਾਤਾ ਤੇ ਸਾਰੇ ਗੁਣਾਂ ਵਾਲਾ ਹੈ ॥੨॥

ਹਿਕਾਯਤ ਸ਼ੁਨੀਦਮ ਯਕੇ ਨੇਕ ਜ਼ਨ ॥
ਚੁ ਸ਼ਮਸ਼ਾਦ ਕੱਦੇ ਬਜੂਏ ਚਮਨ ॥ ੩ ॥

ਹਿਕਾਯਤ—ਕਹਾਣੀ। ਸ਼ੁਨੀਦਮ—ਮੈਂ ਸੁਣੀ ਹੈ। ਨੇਕ ਜ਼ਨ—ਪਵਿਤ੍ਰ ਔਰਤ। ਸ਼ਮਸ਼ਾਦ—ਸਰੂ ਬ੍ਰਿਛ। ਕੱਦੇ—ਕੱਦ, ਸਰੀਰ ਦੀ ਲੰਬਾਈ। ਬ—ਉਪਰ। ਜੂਏ—ਨਦੀ। ਚਮਨ—ਬਗੀਚੀ। ਚੁ—ਵਾਂਗੂ।

ਅਸਾਂ ਇਕ ਭਲੀ ਇਸਤ੍ਰੀ ਦੀ ਕਹਾਣੀ ਸੁਣੀ ਹੋਈ ਹੈ। ਜੋ ਸਰੂ ਬ੍ਰਿਛ ਵਾਂਗੂ ਲੰਮੇ ਕੱਦ ਵਾਲੀ ਸੀ, (ਜਿਵੇਂ) ਨਦੀ ਦੇ ਕੰਢੇ ਉਪਰ ਦੀ ਬਗੀਚੀ ਵਿਚ ਸਰੂ ਦਾ ਬ੍ਰਿਛ ਲੰਮਾ ਖੜਾ ਨਜ਼ਰ ਆਉਂਦਾ ਹੈ ॥੩॥

ਕਿ ਓਰਾ ਪਿਦਰ ਰਾਜਹ ਏ ਉਤਰ ਦੇਸ ॥
ਬ ਸ਼ੀਰੀਂ ਜ਼ੁਬਾਂ ਹਮਚੁ ਇਖ਼ਲਾਸ ਕੇਸ ॥ ੪ ॥

ਓਰਾ—ਉਸ ਦਾ। ਪਿਦਰ—ਪਿਤਾ। ਏ—ਦਾ। ਉਤਰ ਦੇਸ—ਪਹਾੜੀ ਮੁਲਕ। ਸ਼ੀਰੀ—ਮਿਠੀ। ਬ—ਨਾਲ। ਜ਼ੁਬਾਂ—ਜੀਭ। ਹਮਚੁ—ਵਾਂਗੂ, ਨਿਆਂਈ। ਇਖ਼ਲਾਕ—ਪਿਆਰ। ਕੇਸ—ਧਰਮ।

ਉਸ ਦਾ ਪਿਤਾ ਪਹਾੜੀ ਮੁਲਕ ਦਾ ਰਾਜਾ ਸੀ। ਜੋ (ਸ਼ੱਕਰ ਵਾਂਗੂ) ਮਿਠੀ ਜ਼ਬਾਨ ਵਾਲਾ

ਅਤੇ ਧਰਮ ਦੇ ਪਿਆਰ ਵਾਲਾ ਸੀ (ਅਰਥਾਤ ਉਸ ਦਾ ਪਿਤਾ ਧਰਮ ਦਾ ਪਿਆਰਾ ਅਤੇ ਮਿਠਾ ਬੋਲਣ ਵਾਲਾ ਸੀ) ॥ ੪ ॥

ਕਿ ਆਮਿਦ ਬਰਾਏ ਹਮਹ ਗੁਸਲ ਗੰਗ ॥
ਚੁ ਕੈਬਰ ਕਮਾਂ ਹਮਚੁ ਤੀਰੋ ਤੁਫੰਗ ॥ ੫ ॥

ਆਮਿਦ-ਆਇਆ । ਬਰਾਏ-ਵਾਸਤੇ । ਹਮਹ-ਸਾਰੇ । ਗੁਸ਼ਲ-ਇਸ਼ਨਾਨ । ਗੰਗ-ਗੰਗਾ । ਕੈਬਰ-ਤੀਰ । ਕਮਾਂ-ਧਨੁਖ ।

(ਜੋ ਰਾਜਾ ਸਾਰੇ ਪ੍ਰਵਾਰ ਨੂੰ ਨਾਲ ਲੈ ਕੇ)ਗੰਗਾ ਦਾ ਇਸ਼ਨਾਨ ਕਰਨ ਵਾਸਤੇ (ਇਸ ਤਰ੍ਹਾਂ) ਆਇਆ । ਜਿਵੇਂ ਕਮਾਨ ਵਿਚੋਂ ਨਿਕਲਿਆ ਹੋਇਆ ਤੀਰ ਅਤੇ ਬੰਦੂਕ ਵਿਚੋਂ ਨਿਕਲੀ ਹੋਈ ਗੋਲੀ (ਆਉਂਦੀ ਹੈ) ॥ ੫ ॥

ਹਮੀਂ ਖ਼ਾਸਤ ਕਿ ਓ ਰਾ ਸੁਯੰਬਰ ਕੁਨਮ ॥
ਕਸੇ ਈਂ ਪਸੰਦ ਆਯਦ ਓ ਰਾ ਦਿਹਮ ॥ ੬ ॥

ਹਮੀਂ-ਇਹ ਵੀ । ਖ਼ਾਸਤ—ਇਛਾ ਹੈ । ਆਯਦ-ਆ ਜਾਵੇ ।

(ਰਾਜੇ ਨੂੰ) ਇਹ ਭੀ ਇਛਾ ਹੈ, ਜੋ ਉਸ (ਲੜਕੀ) ਦਾ ਸੁਅੰਬਰ ਕਰਾਂ, ਜੇ ਕੋਈ ਲੜਕਾ ਇਸ ਦੇ ਪਸੰਦ ਆ ਜਾਵੇ ਉਸ ਨੂੰ ਮੈਂ (ਲੜਕੀ) ਦੇ ਦੇਵਾਂ ॥ ੬ ॥

ਬਿਗੋਯਦ ਸੁਖ਼ਨ ਦੁਖ਼ਤਰੇ ਨੇਕਤਨ ॥
ਕਸੇ ਤੋ ਪਸੰਦ ਆਯਦ ਓ ਰਾ ਬਕੁਨ ॥ ੭ ॥

ਬਿਗੋਯਦ-ਕਿਹਾ । ਦਖਤਰੇ-ਲੜਕੀ,ਪੁਤ੍ਰੀ । ਨੇਕਤਨ-ਪਵਿਤ੍ਰਾਤਮਾ । ਕਸੇ-ਜੇਹੜਾ ਕੋਈ ਪੁਰਖ । ਆਯਦ-ਆ ਜਾਵੇ । ਓਹ-ਉਸ ਨੂੰ । ਬਕੁਨ-ਪਤੀ ਕਰ ਲੈ ।

(ਰਾਜੇ ਨੇ) ਬਚਨ ਕਿਹਾ-ਹੇ ਪਵਿਤ੍ਰਾਤਮਾ ਪੁਤ੍ਰੀ ! ਜੇਹੜਾ ਕੋਈ ਪੁਰਖ ਤੈਨੂੰ ਪਸੰਦ ਆ ਜਾਵੇ, ਉਸ ਨੂੰ ਪਤੀ ਕਰ ਲੈ ॥ ੭ ॥

ਨਿਸ਼ਾਂਦੰਦ ਬਰ ਕਾਖ ਓ ਹਫ਼ਤ ਖ਼ਨ ॥
ਚੁ ਮਾਹੇ ਮਹੀ ਆਫ਼ਤਾਬੇ ਯਮਨ ॥੮॥

ਨਿਸਾਂਦੰਦ-ਬਿਠਾ ਦਿਤਾ । ਬਰ-ਉਪਰ । ਕਾਖ-ਅਟਾਰੀ । ਓ-ਉਸ ਨੂੰ । ਹਫਤ-ਸਤ । ਖ਼ਨ-ਖਾਨੇ,ਕਮਰ ਭਾਵ ਛਤਾਂ। ਮਾਹੇ -ਚੰਦ੍ਰਮਾ।ਮਹੀ-ਧਰਤੀ ਜਾਂ ਪੁੰਨਿਆਂ । ਆਫ਼ਤਾਬੇ-ਸੂਰਜ

(ਫਿਰ) ਉਸ (ਲੜਕੀ) ਨੂੰ ਸਤ ਛਤਾਂ ਵਾਲੀ ਅਟਾਰੀ ਉਤੇ ਬਿਠਾ ਦਿਤਾ । ਜੋ ਪੁੰਨਿਆਂ ਦੇ ਚੰਦਰਮਾ ਤੇ ਯਮਨ ਦੇ ਸੂਰਜ ਵਾਂਗੂ (ਪ੍ਰਕਾਸ਼ ਵਾਲੀ ਹੈ) ॥੮॥

ਦਹਾਨੇ ਦੁਹਲ ਰਾ ਦਹਨ ਬਰ ਕੁਸ਼ਾਦ ॥
ਜਵਾਬੇ ਸੁਖ਼ਨ ਰਾ ਉਜਰ ਬਰ ਨਿਹਾਦ ॥੯॥

ਦਹਾ+ਨੇ—ਮੂੰਹ ਦਾ । ਦੁਹਲ-ਢੋਲ । ਦਹਨ-ਮੂੰਹ । ਬਰ ਕੁਸ਼ਾਦ-ਖੋਲ੍ਹਿਆ । ਉਜਰ--ਬੇਨਤੀ । ਬਰ ਨਿਹਾਦ-ਉਤੇ ਰਖੀ (ਭਾਵ ਕਹਿ ਸੁਣਾਈ) । (ਪਹਿਲੇ) ਢੋਲ ਦਾ ਮੂੰਹ ਖੋਲ੍ਹਿਆ, ਫਿਰ) ਮੂੰਹ ਖੋਲ੍ਹ ਕੇ ਉਤਰ ਦੇ ਬਚਨ ਨੂੰ ਬੇਨਤੀ ਉਪਰ ਰਖਿਆ ॥੯॥

ਭਾਵ-ਪਹਿਲੇ ਰਾਜੇ ਨੇ ਢੋਲ ਵਜਵਾ ਕੇ ਲੋਕਾਂ ਨੂੰ ਸਦਵਾ ਲਿਆ ਅਤੇ ਫਿਰ ਲੜਕੀ ਵਲ ਮੁਖਾਤਬ ਹੋ ਕੇ ਉਸ ਨੂੰ ਬੜੀ ਨਿਮਰਤਾ ਤੇ ਪਿਆਰ ਦੇ ਤਰੀਕੇ ਨਾਲ ਇਸ ਤਰ੍ਹਾਂ ਦਾ ਬਚਨ ਕਹਿ ਸੁਣਾਇਆ।

ਕਿ ਨੇਕੋ ਬਬੀਂ ਰਾਜਹਾ ਬੇਸ਼ੁਮਾਰ ॥

ਕਿ ਵਕਤੇ ਤਰੱਦਦ ਬ ਆਮੋਖ਼ਤ ਕਾਰ ॥ ੧੦ ॥

ਨੇਕੋ-ਹੇ ਨੇਕ (ਪਵਿਤ੍ਰਾਤਮਾ)। ਬਬੀਂ-ਵੇਖ। ਰਾਜਹਾ-ਰਾਜੇ। ਬੇਸ਼ੁਮਾਰ-ਅਨਗਿਣਤ। ਤਰਦੱਦ-ਜੁਧ, ਜੰਗ। ਆਮੋਖ਼ਤ-ਸਿਖੇ ਹੋਏ।

ਜੋ ਹੇ ਨੇਕ (ਬਖਤ ਪੁਤ੍ਰੀ!) (ਇਹ) ਅਨਗਿਣਤ ਰਾਜੇ (ਕਠੇ ਹੋਏ ੨ ਹਨ)। ਜੋ ਲੜਾਈ ਸਮੇਂ ਦੇ ਕਾਰ-ਵਿਹਾਰ ਨੂੰ ਚੰਗੀ ਤਰ੍ਹਾਂ ਸਿਖੇ ਹੋਏ ਹਨ ॥ ੧੦ ॥

ਕਸੇ ਤੋ ਪਸੰਦ ਆਯਦਤ ਈਂ ਜ਼ਮਾਂ ॥

ਵਜ਼ਾਂ ਪਸ ਬ ਦਾਮਦੀ ਆਯਦ ਹਮਾਂ ॥ ੧੧ ॥

ਕਸੇ-ਜੋ ਕੋਈ। ਤੋ-ਤੈਨੂੰ। ਆਯਦਤ-ਆਵ,ਤੈਨੂੰ। ਜ਼ਮਾਂ-ਵੇਲੇ, ਸਮੇਂ ਵਿਚ। ਵਜ਼ਾ-ਉਸ ਤੋਂ। ਪਸ-ਪਿਛੋਂ। ਦਾਮਾਦੀ-ਜਵਾਈ। ਆਯਦ-ਆਵੇਗਾ। ਹਮਾਂ-ਉਹ ਭੀ।

ਜੇਹੜਾ ਕੋਈ ਆਦਮੀ ਇਸ ਵੇਲੇ ਤੈਨੂੰ ਪਸੰਦ ਆਉਂਦਾ ਹੈ। ਉਸ ਮਗਰੋਂ (ਮੇਰਾ) ਭੀ ਓਹੀ ਜਵਾਈ ਹੋ ਕੇ ਆਵੇਗਾ ॥੧੧॥ ਭਾਵ-ਪਹਿਲੇ ਤੂੰ ਪਸੰਦ ਕਰ, ਫਿਰ ਮੈਂ ਉਸ ਨਾਲ ਤੇਰਾ ਵਿਆਹ ਕਰ ਦੇਵਾਂ, ਤਦ ਉਹ ਮੇਰਾ ਜਵਾਈ ਹੋ ਕੇ, ਮੇਰੇ ਦਰਬਾਰ ਵਿਚ ਸੋਭਾ ਪਾਇਗਾ।

ਨੁਮਾਦੰਦ ਬ ਓ ਰਾਜਹਾ ਬੇਸ਼ੁਮਾਰ ॥

ਪਸੰਦਸ਼ ਨਿਯਾਮਦ ਕਸੇ ਕਾਰ ਬਾਰ ॥ ੧੨ ॥

ਨੁਮਾਦੰਦ-ਵਿਖਾ ਦਿਤੇ। ਪਸੰਦਸ਼-ਪਸੰਦ ਉਸ ਨੂੰ। ਨਿਯਾਮਦ-ਨਾ ਆਏ। ਕਸੇ-ਕਿਸੇ ਦਾ। ਕਾਰ ਬਾਰ-ਕਾਰ ਵਿਹਾਰ।

ਉਸ ਨੂੰ ਅਨਗਿਣਤ ਰਾਜੇ ਵਿਖ ਏ ਗਏ। (ਪਰ) ਉਸ (ਲੜਕੀ) ਨੂੰ ਕਾਰ-ਵਿਹਾਰ ਤੋਂ ਕੋਈ ਇਕ ਭੀ ਪਸੰਦ ਨਾ ਆਇਆ ॥ ੧੨ ॥

ਹਮ ਆਖਿਰ ਯਕੇ ਰਾਜਿਹ ਸੁਭਟ ਸਿੰਘ ॥

ਪਸੰਦ ਆਯਦਸ਼ ਹਮ ਚੁ ਗਰੁਰਾਂ ਨਿਹੰਗ ॥ ੧੩ ॥

ਹਮ ਆਖਿਰ-ਅੰਤ ਨੂੰ। ਹਮਚੁ-ਵਾਂਗੂ। ਗਰੁਰਾ-ਗਰਜਨ ਵਾਲਾ। ਨਿਹੰਗ-ਮਗਰਮਛ।

ਅਖੀਰ ਨੂੰ ਇਕ 'ਸੁਭਟ' (ਨਾਮ ਵਾਲਾ) ਰਾਜਾ ਉਸ ਦੇ ਪਸੰਦ ਆਇਆ ਜੋ ਘੜਿਆਲ (ਮਗਰ ਮਛ) ਵਾਂਗੂ ਗਰਜਨ ਵਾਲਾ ਸੀ ॥ ੧੩ ॥

ਹਮਹ ਉਮਦਹੇ ਰਾਜਹਾ ਪੇਸ਼ ਖ੍ਵਾਂਦ ॥

ਜੁਦਾ ਬਰ ਜੁਦਾ ਦੌਰਿ ਮਜਲਿਸ ਨਿਸ਼ਾਂਦ ॥ ੧੪ ॥

ਹਮਹ-ਸਾਰੇ ਹੀ। ਉਮਦਹੇ-ਸੋਹਣੇ-। ਪੇਸ਼-ਸਾਹਮਣੇ, ਅਗੇ। ਖ੍ਵਾਂਦ-ਸਦ ਲਏ। ਜੁਦਾ ਬਰ ਜੁਦਾ-ਵਖੋ ਵਖਰੇ। ਦੌਰ-ਚੁਫੇਰੇ। ਮਜਬਿਸ-ਸਭਾ,ਦਰਬਾਰ। ਨਿਸ਼ਾਂਦ-ਬਿਠਾ ਦਿਤੇ।

ਸਾਰੇ ਹੀ ਸੋਹਣੇ ੨ ਰਾਜੇ ਅਗੇ ਸਦ ਲਏ। (ਅਤੇ, ਸਭਾ ਦੇ ਵਿਚ (ਚਾਰ) ਚੁਫੇਰੇ ਵਖੋ ਵਖਰੇ (ਸਿੰਘਾਸਨਾਂ) ਉਤੇ (ਉਨ੍ਹਾਂ ਨੂੰ) ਬਿਠਾ ਦਿਤਾ ॥ ੧੪ ॥

ਬਿ ਪੁਰਸੀਦ ਕਿ ਐ ਦੁਖਤਰੇ ਨੇਕ ਖ਼ੋਇ ॥

ਤੁਰਾ ਕਸ ਪਸੰਦ ਆਯਦ ਅਜ਼ੀਹਾਂ ਬਜੋਇ ॥੧੫॥

ਪੁਰਸੀਦ-ਪੁਛਿਆ। ਐ-ਹੇ। ਦੁਖ਼ਤਰੇ-ਪੁਤ੍ਰੀ। ਖ਼ੋਇ-ਸੁਭਾਵ। ਤੁਰਾ-ਤੈਨੂੰ। ਅਜ਼ੀਹਾਂ ਬਜੋਇ-(ਅਜ਼+ਈਹਾਂ+ਬਜੋਇ) ਇਨ੍ਹਾਂ ਦੀ ਖੋਜ ਵਿਚੋਂ, ਇਨ੍ਹਾਂ ਦੀ ਤਲਾਸ਼ ਵਿਚੋਂ।

ਪੁਛਿਆ-ਹੇ ਨੇਕ ਸੁਭਾਵ ਵਾਲੀ ਪੁਤ੍ਰੀ! ਇਨ੍ਹਾਂ ਸਭਨਾਂ ਦੀ ਢੂੰਡ ਵਿਚੋਂ ਤੈਨੂੰ ਕੇਹੜਾ ਆਦਮੀ ਪਸੰਦ ਆਇਆ ਹੈ? ॥ ੧੫ ॥

ਰਵਾਂ ਕਰਦ ਜ਼ੁੱਨਾਰ ਦਾਰਾਨਿ ਪੇਸ਼ ॥

ਬਿਗੋਯਦ ਕਿ ਈਂ ਰਾਜਹੇ ਉਤਰ ਦੇਸ ॥੧੬॥

ਰਵਾਂ ਕਰਦ-ਭੇਜ ਦਿਤਾ। ਜ਼ੁੱਨਾਰ-ਜਨੇਊ। ਦਾਰਾਨਿ-ਰਖਣ ਵਾਲੇ। ਪੇਸ਼-ਸਾਹਮਣੇ।

(ਰਾਜੇ ਨੇ) ਜਨੇਊ ਰਖਣ ਵਾਲੇ (ਭਾਵ ਬ੍ਰਾਹਮਣਾਂ) ਨੂੰ ਅਗੇ ਭੇਜ ਦਿਤਾ। ਉਨ੍ਹਾਂ ਨੇ ਕਿਹਾ -ਜੋ ਇਹ ਉਤਰ ਦੇਸ ਦਾ ਰਾਜਾ ਹੈ ॥ ੧੬ ॥

ਕਿ ਓ ਨਾਮ ਬਸਤਸਤ ਬਛਤ੍ਰਾਮਤੀ ॥

ਚੁ ਮਾਹੇ ਫਲਕ ਆਫ਼ਤਾਬੇ ਮਹੀ ॥੧੭॥

ਬਸਤਸਤ-(ਬਸਤ+ਅਸਤ) ਬੰਨ੍ਹਿਆ ਹੈ (ਭਾਵ ਰਖਿਆ ਹੈ)। ਚੁ-ਵਾਂਗੂ। ਮਾਹੇ-ਚੰਦ੍ਰਮਾ ਫਲਕ=ਅਕਾਸ਼। ਆਫਤਾਬੇ=ਸੂਰਜ। ਮਹੀ-ਧਰਤੀ ਕਿ ਉਸਦਾ ਨਾਂ ਛਤ੍ਰਾਮਤੀ ਰਖਿਆ ਹੈ। (ਜਿਸ ਦੀ ਸੁੰਦਰਤਾ) ਅਕਾਸ਼ ਦੇ ਚੰਦ੍ਰਮਾ ਅਤੇ ਧਰਤੀ ਦੇ ਸੂਰਜ ਵਾਂਗੂ ਹੈ ॥੧੭ ॥

ਅਜ਼ੀਂ ਰਾਜਹਾ ਕਸ ਨਿਯਾਮਦ ਨਜ਼ਰ ॥

ਵਜ਼ਾਂ ਪਸ ਅਜ਼ੀਂ ਹਾਂ ਬੁਬੀਂ ਪੁਰ ਗੁਹਰ ॥੧੮॥

ਅਜ਼ੀਂ=(ਅਜ਼+ਈਂ) ਇਸ ਤੋਂ। ਨਿਯਾਮਦ-ਨਹੀਂ ਆਇਆ। ਵਜ਼ਾ ਪਸ=ਉਸ ਦੇ ਮਗਰੋਂ। ਅਜ਼ੀਂ ਹਾਂ-ਇਨ੍ਹਾਂ ਵਿਚੋਂ। ਪੁਰ ਗੁਹਰ-ਗੁਣਾਂ ਵਿਚ ਪੂਰਨ। ਬੁਬੀਂ-ਵੇਖ।

ਇਨ੍ਹਾਂ ਰਾਜਿਆਂ ਵਿਚੋਂ ਕੋਈ ਆਦਮੀ ਨਜ਼ਰ ਹੇਠਾਂ ਨਹੀਂ ਆਇਆ ਹੈ। ਉਸ ਦੇ ਮਗਰੋਂ (ਉਨ੍ਹਾਂ ਨੇ ਫਿਰ ਕਿਹਾ) ਹੇ ਗੁਣਾਂ ਵਿਚੋਂ ਪੂਰਨ! ਇਨ੍ਹਾਂ ਵਿਚੋਂ ਭੀ ਵੇਖ ਲੈ ॥੧੮॥

ਨਜ਼ਰ ਕਰਦ ਬਰ ਰਾਜਹਾ ਨਾਜ਼ਨੀਂ ॥

ਪਸੰਦਸ਼ ਨਿਆਮਦ ਕਸੇ ਦਿਲ ਨਗੀਂ ॥੧੯॥

ਨਜ਼ਰ ਕਰਦ=ਨਿਗਾਹ ਕੀਤੀ। ਰਾਜਹਾ-ਰਾਜਿਆਂ। ਬਰ=ਉਪਰ। ਨਾਜ਼ਨੀ=ਨਾਜ਼ਕ ਸਰੀਰ ਵਾਲੀ ਨੇ। ਪਸਦਸ਼=ਉਸ ਨੂੰ ਪਸਦ। ਦਿਲ ਨਗੀਂ=ਦਿਲ ਦਾ ਨਗੀਨਾ।

(ਉਸ) ਨਾਜ਼ਕ ਸਰੀਰ ਵਾਲੀ ਨੇ ਰਾਜਿਆਂ ਉਤੇ ਨਜ਼ਰ ਕੀਤੀ। (ਪਰ) ਉਸ ਨੂੰ ਕੋਈ ਆਦਮੀ ਭੀ ਪਸੰਦ ਨਾ ਆਇਆ (ਜੋ ਉਸ ਦੇ) ਦਿਲ ਦਾ ਨਗੀਨਾ ਹੁੰਦਾ ॥ ੧੯ ॥

ਸੁਯੰਬਰ ਵਜ਼ਾਂ ਰੋਜ਼ ਮਉਕੂਫ਼ ਗਸ਼ਤ ॥

ਕਿ ਨਾਜ਼ਮ ਬ ਬਰਖ਼ਾਸਤ ਦਰਵਾਜ਼ਹ ਬਸਤ ॥ ੨੦ ॥

ਵਜ਼ਾਂ ਰੋਜ—ਉਸ ਦਿਨ । ਮਉਕੂਫ਼—ਹਟਾਈ । ਗਾਸ਼ਤ—ਗਈ । ਨਾਜ਼ਮ—ਪ੍ਰਬੰਧਕ । ਬਰਖਾਸਤ—ਉਠ ਖੜੋਤੇ । ਬਸਤ—ਬੰਦ ਕਰ ਦਿਤਾ । ਉਸ ਦਿਨ ਸੁਯੰਬਰ ਹਟਾਇਆ ਗਿਆ। ਜੋ ਪ੍ਰਬੰਧਕ (ਸਨ, ਉਹ) ਉਠ ਖੜੋਤੇ ਤੇ ਦਰਵਾਜ਼ਾ ਬੰਦ ਹੋ ਗਿਆ ॥ ੨੦ ॥

ਕਿ ਰੋਜ਼ੇ ਦਿਗਰ ਸ਼ਾਹ ਜ਼ੱਰੀਂ ਸਿਪਰ ॥
ਅਉਰੰਗ ਬਰ ਆਮਦ ਚੁ ਰੌਸ਼ਨ ਗੁਹਰ ॥ ੨੧ ॥

ਰੋਜ਼ੇ ਦਿਗਰ—ਦੂਜੇ ਦਿਨ । ਜ਼ਰੀ—ਸੁਨੈਹਰੀ । ਸਿਪਰ—ਢਾਲ । ਅਉਰੰਗ—ਤਖਤ, ਰਾਜ ਸਿੰਘਾਸਨ । ਬਰ ਆਮਦ—ਚੜ੍ਹ ਬੈਠਾ । ਚੁ—ਵਾਂਗੂ । ਰੌਸ਼ਨ—ਚਮਕੀਲੇ । ਗਹਰ—ਮੋਤੀ ।

ਦੂਜੇ ਦਿਨ ਸੁਨੈਹਰੀ ਢਾਲ ਵਾਲਾ ਰਾਜਾ (ਆਪਣੇ) ਬੜੇ ਸਰੇਸ਼ਟ ਸਿੰਘਾਸਨ ਉਤੇ ਆਇਆ ਤੇ ਮੋਤੀ ਵਾਂਗੂ ਪ੍ਰਕਾਸ਼ਿਆ (ਭਾਵ ਸੂਰਜ ਚੜ੍ਹਿਆ ਤੇ ਰੋਸ਼ਨੀ ਫੈਲ ਗਈ) ॥ ੨੧ ॥

ਦਿਗਰ ਰੋਜ਼ ਹਮ ਰਾਜਹਾ ਖ਼੍ਵਾਸਤੰਦ ॥
ਦਿਗਰ ਗੂੰਨਹ ਬਾਜ਼ਾਰ ਆਰਾਸਤੰਦ ॥ ੨੨ ॥

ਦਿਗਰ ਰੋਜ਼—ਦੂਸਰੇ ਦਿਨ । ਹਮ—ਭੀ । ਰਾਜਹਾ—ਰਾਜਿਆਂ ਨੂੰ । ਖ਼੍ਵਸਾਤੰਦ—ਬੁਲਾਇਆ । ਦਿਗਰ ਗੂੰਨਹ—ਦੂਜੀ ਤਰ੍ਹਾਂ ਨਾਲ । ਬਾਜ਼ਾਰ—ਲੰਮੀ ਕਰਤਾਰ ਵਰਗੀ ਸਭਾ । ਆਰਾਸਤੰਦ—ਸੰਵਾਰਨਾ ਕੀਤਾ । ਦੂਜੇ ਦਿਨ ਭੀ ਰਾਜਿਆਂ ਨੂੰ ਬੁਲਾ ਲਿਆ, (ਅਤੇ ਫਿਰ) ਦੂਜੀ ਤਰ੍ਹਾਂ ਨ ਲ ਸਭਾ ਨੂੰ ਸਵਾਰ ਕੇ ਬਣਾਇਆ ॥ ੨੨ ॥

ਨਜ਼ਰ ਕੁਨ ਬਰੂਏ ਤੋ ਐ ਦਿਲਰੁਬਾਇ ॥
ਕਿਰਾ ਤੋ ਨਜ਼ਰ ਦਰ ਬਿਆਯਦ ਬਜਾਇ ॥ ੨੩ ॥

ਨਜ਼ਰ ਕੁਨ—ਨਿਗਾਹ ਕਰ, ਵੇਖ । ਬਰੂਏ—ਚੇਹਰਿਆਂ ਉਤੇ । ਦਿਲਰੁਬਾਇ—ਮਨ ਮੋਹਨ ਵਾਲੀ । ਕਿਰਾ—ਕਿਸ ਨੂੰ । ਬਜਾਇ—ਠੀਕ ।

(ਰਾਜੇ ਨੇ ਫੇਰ ਕਿਹਾ)—ਹੇ ਮਨ ਨੂੰ ਮੋਹਨ ਵ ਲੀ ਪਿਆਰੀ ਪੁਤਰੀ !(ਇਹਨਾਂ ਸਭਨਾਂ ਦੇ) ਚਿਹਰਿਆਂ ਉਤੇ ਤੂੰ ਨਿਗਾਹ ਕਰਕੇ ਵੇਖ,ਤੇਰੀ ਨਜ਼ਰ ਵਿਚ ਕੌਣ ਕੋਈ ਠੀਕ ਆਉਂਦਾ ਹੈ।੨੩।

ਬਪੈਹਨ ਅੰਦਰ ਆਮਦ ਗੁਲੇ ਅੰਜਮਨ ॥
ਕਿ ਜ਼ਰ ਆਬ ਰੰਗਅਸਤ ਸੀਮਾਬ ਤਨ ॥ ੨੪ ॥

ਪੈਹਨ—ਵੇਹੜਾ,ਮੰਡਪ ਦਾ ਮੈਦਾਨ । ਆਮਦ—ਆ ਗਈ । ਗੁਲੇ—ਫੁਲ । ਅੰਜਮਨ—ਸਭਾ । ਜ਼ਰ ਅ ਪ—ਸੋਨੇ ਦੀ ਚਮਕ । ਸੀਮਾਬ—ਪਾਰਾ । ਤਨ—ਸਰੀਰ ।

(ਉਹ) ਸਭਾ ਦਾ ਫੁਲ (ਛਤ੍ਰਮਤੀ) ਮੰਡਪ ਦੇ ਵਿਹੜੇ ਵਿਚ ਆ ਗਈ । (ਜਿਸ ਦੇ) ਸਰੀਰ ਦੀ ਆਬ (ਦਮਕ) ਪਾਰੇ ਵਰਗੀ ਤੇ ਰੰਗ ਸੋਨੇ ਵਰਗਾ ਹੈ ॥ ੨੪ ॥

ਰਵਾਂ ਗਸ਼ਤ ਦਰ ਰਾਜਹਾ ਬੇਸ਼ੁਮਾਰ ॥
ਗੁਲਿ ਸੁਰਖ ਚੂੰ ਗ਼ੁੰਬਜਿ ਨਉ ਬਹਾਰ ॥ ੨੫ ॥

ਰਵਾਂ ਗਸ਼ਤ—ਤੁਰ ਪਈ । ਦਰ—ਵਿਚ । ਰਾਜਹਾ—ਰਾਜਿਆਂ। ਗੁਲਿ ਸੁਰਖ—ਗੁਲਾਬ ਦੇ ਫੁਲ ।

ਗੁੰਬਜਿ—ਬੁਰਜ। ਨਉ ਬਹਾਰ—ਬਸੰਤ ਰੁਤ।

(ਪਿਤਾ ਦੀ ਆਗਿਆ ਸੁਣ ਕੇ, ਬਛਤ੍ਰਾਮਤੀ) ਅਨਗਿਣਤ ਰਾਜਿਆਂ ਦੇ ਵਿਚ ਫਿਰ ਗਈ। ਮਾਨੋ ਬਸੰਤ ਰੁਤ ਵਿਚੋਂ ਗੁਲਾਬ ਦੇ ਫੁਲਾਂ ਦਾ ਮੁਨਾਰਾ (ਲੰਘ ਗਿਆ ਹੈ) ॥ ੨੫ ॥

ਬਿਦੁਜ਼ਦੀਦ ਦਿਲ ਰਾਜਹਾ ਬੇਸ਼ੁਮਾਰ ॥
ਬਿਉਫ਼ਤੰਦ ਜ਼ਮੀਂ ਚੂੰ ਯਲਿ ਕਾਰਜ਼ਾਰ ॥ ੨੬ ॥

ਬਿਦੁਜ਼ਦੀਦ—ਚੁਰਾ ਲਿਆ। ਬਿਉਫ਼ਤੰਦ—ਡਿਗ ਪਏ। ਯਲਿ—ਸੂਰਮੇ। ਕਾਰਜਾਰ—ਜੁਧ, ਲੜਾਈ ਚੂੰ—ਵਾਂਗੂੰ।

ਅਨਗਿਣਤ ਰਾਜਿਆਂ ਦਾ ਦਿਲ (ਉਸ ਨੇ) ਚੁਰਾ ਲਿਆ। (ਉਹ ਮੋਹਤ ਹੋ ਕੇ ਇਸ ਤਰ੍ਹਾਂ ਧਰਤੀ ਉਤੇ ਡਿਗ ਪਏ, ਜਿਵੇਂ ਸੂਰਮੇ ਰਣਭੂਮੀ ਵਿਚ ਡਿਗੇ ਹੁੰਦੇ ਹਨ ॥ ੨੬ ॥

ਬਿਜ਼ਦ ਬਾਂਗ ਬਰ ਵ ਕਿ ਖ਼ਾਤੂੰਨਿ ਖ਼੍ਵੇਸ਼ ॥
ਕਿ ਈਂ ਉਮਦਹ ਏ ਰਾਜਹਾ ਉਤ੍ਰ ਦੇਸ਼ ॥ ੨੭ ॥

ਬਿਜ਼ਦ—ਮਾਰਿਆ (ਭਾਵ ਕਿਹਾ) ਬਾਂਗ—ਬੋਲਾ, ਲਲਕਾਰਾ ਤਾਹਨਾ। ਬਰ—ਉਪਰ। ਵੈ—ਉਹਨਾਂ। ਖਾਤੂਨ—ਇਸਤ੍ਰੀ (ਭਾਵ ਲੜਕੀ। ਖ਼੍ਵੇਸ਼—ਆਪਣੀ। ਉਮਦਹ—ਬਹੁਤਾ ਸੋਹਣਾ।

(ਬ੍ਰਾਹਮਣ ਨੇ) ਉਨ੍ਹਾ ਰਾਜਿਆਂ ਉਤੇ ਬਚਨ ਮਾਰਿਆ (ਭਾਵ ਗੱਲ ਆਖੀ)। ਇਹ ਜੋ ਬਹੁਤ ਸੋਹਣੀ ਹੈ, ਇਹ ਉਤਰ ਦੇਸ ਦੇ ਰਾਜੇ ਦੀ ਆਪਣੀ (ਲੜਕੀ ਹੈ) ॥ ੨੭ ॥

ਵਜ਼ਾਂ ਦੁਖ਼ਤਰੇ ਹਸਤ ਬਛਤ੍ਰ ਮਤੀ ॥
ਚੁ ਮਾਹੇ ਫ਼ਲੱਕ ਹਮਚੁ ਹੂਰੇ ਪਰੀ ॥ ੨੮ ॥

ਵਜ਼ਾਂ—ਉਸ ਦੀ। ਦੁਖ਼ਤਰੇ—ਲੜਕੀ, ਧੀ, ਬੇਟੀ। ਹਸਤ—ਹੈ। ਬਛਤ੍ਰਾਮਤੀ—ਉਸ ਦਾ ਨਾਮ ਹੈ। ਚੁ—ਵਾਂਗੂ। ਮਾਹੇ—ਚੰਦ੍ਰਮਾ। ਫਲੱਕ—ਅਕਾਸ਼। ਹਮਚੁ—ਵਾਂਗੂੰ। ਹੂਰ—ਅਪਛਰਾਂ। ਪਰੀ—ਉਡਨ ਵਾਲੀ ਹੂਰ।

ਬਛਤ੍ਰਾਮਤੀ (ਨਾਮ ਵਾਲੀ ਜੋ) ਉਸ ਦੀ ਲੜਕੀ ਹੈ। (ਉਹ) ਆਕਾਸ਼ ਦੇ ਚੰਦ੍ਰਮਾ ਵਾਂਗੂ (ਪ੍ਰਕਾਸ਼ ਦਾ ਪੁੰਜ ਸੋਹਣੀ ਅਤੇ) ਹੂਰ ਪਰੀ ਵਾਂਗੂ (ਕੋਮਲ ਸਰੀਰ ਵਾਲੀ ਹੈ) ॥੨੮॥

ਸ੍ਵਯੰਬਰ ਦਰਾਮਦ ਚੁ ਮਾਹੇ ਫਲੱਕ ॥
ਫ਼ਰਿਸ਼ਤਹ ਸਿਫਤ ਓ ਚੁ ਜ਼ਾਤਸ਼ ਮਲੱਕ ॥ ੨੯ ॥

ਦਰਾਮਦ—ਵਿਚ ਆਈ। ਮਾਹੇ—ਚੰਦ੍ਰਮਾ। ਫਲੱਕ—ਅਕਾਸ਼। ਫਰਿਸ਼ਤਹ—ਦੇਵਤਾ। ਜ਼ਾਤ—ਸਰੀਰ। ਸ਼—ਉਸ ਦਾ। ਮਲੱਕ—ਦੇਵਤਾ। ਸਿਫਤ—ਗੁਣ।

ਅਕਾਸ਼ ਦੇ ਚੰਦ੍ਰਮਾ ਵਾਂਗੂ ਸ੍ਵਯੰਬਰ (ਦੇ ਪਿੰਡਾਲ) ਵਿਚ ਆਈ ਹੈ। ਓਹ ਫਰਿਸ਼ਤੇ ਵਰਗੇ ਗੁਣਾਂ ਵਾਲੀ ਤੇ ਦੇਵਤਿਆਂ ਵਰਗੇ ਸਰੀਰ ਵਾਲੀ ਹੈ ॥ ੨੯ ॥

ਕਿਰਾ ਦੌਲਤ ਇਕਬਾਲ ਯਾਰੀ ਦਿਹਦ ॥
ਕਿ ਈਂ ਮਾਹਰੂਇ ਕਾਮਗਾਰੀ ਕੁਨਦ ॥ ੩੦ ॥

ਕਿਰਾ—ਕਿਸ ਦਾ। ਦੌਲਤ—ਭਾਗ। ਇਕਬਾਲ—ਪ੍ਰਤਾਪ। ਯਾਰੀ—ਸਹਾਇਤਾ। ਮਾਹਰੂਇ—ਚੰਦ੍ਰਮਾ ਜੇਹੇ ਮੂੰਹ। ਕਾਮਗਾਰੀ—ਇਛਾ ਪੂਰਨ।

(ਹੁਣ ਵੇਖੀਏ!) ਪ੍ਰਤਾਪ ਵਾਲਾ ਕਿਸਮਤ ਦਾ ਭਾਗ ਕਿਸਨੂੰ ਸਹਾਇਤਾ ਦੇਂਦਾ ਹੈ? ਜੋ ਇਹ ਚੰਦ੍ਰਮਾ ਵ੍ਰਗੇ ਮੂੰਹਵਾਲੀ ਇਛਾ ਪੂਰਨ ਕਰਦੀ ਹੈ। ੩੦

ਭਾਵ ਇਸ ਦੀ ਸੁੰਦਰਤਾ ਨੂੰ ਵੇਖ ਕੇ ਸਭ ਕੋਈ ਇਸ ਨੂੰ ਪਾਉਣ ਦੀ ਇਛਾ ਕਰ ਰਿਹਾ ਹੈ, ਪਰ ਜਿਸ ਦੀ ਕਿਮਤ ਪ੍ਰਤਾਪ ਵਾਲੀ ਹੈ ਅਤੇ ਉਹ ਕਿਸਮਤ ਜਿਸ ਦੀ ਸਹਾਇਤਾ ਕਰੇਗੀ, ਉਸੇ ਨੂੰ ਇਹ ਪ੍ਰਾਪਤ ਹੋ ਕੇ ਉਸ ਦੀ ਇਛਾ ਪੂਰੀ ਕਰੇਗੀ।

ਪਸੰਦ ਆਮਦ ਓਰਾ ਸੁਭਟ ਸਿੰਘ ਨਾਮ ॥
ਕਿ ਰੌਸ਼ਨ ਤਬੀਯਤ ਸਲੀਖ਼ਤ ਮੁਦਾਮ ॥ ੩੧ ॥

ਰੌਸ਼ਨ—ਪ੍ਰਕਾਸ਼। ਤਬੀਯਤ—ਸੁਭਾਉ। ਸਲੀਖਤ—ਹਸਮੁਖ। ਮੁਦਾਮ—ਸਦਾ।

'ਸੁਭਟ ਸਿੰਘ' ਨਾਮ (ਵਾਲਾ ਇਕ) ਰਾਜਾ ਉਸ ਦੇ ਪਸੰਦ ਆਇਆ। ਜੋ ਪ੍ਰਕਾਸ਼ ਬੁਧੀ ਵਾਲਾ ਤੇ ਸਦਾ ਹਸਮੁਖ ਰਹਿੰਦਾ ਸੀ॥ ੩੧॥

ਰਵਾਂ ਕਰਦ ਬਰ ਵੈ ਵਕੀਲਸ਼ ਗਿਰਾਂ ॥
ਕਿ ਐ ਸ਼ਾਹਿ ਸਾਹਾਨ ਰੌਸ਼ਨ ਜ਼ਮਾਂ ॥ ੩੨ ॥

ਰਵਾਂ ਕਰਦ—ਭੇਜ ਦਿਤੇ। ਬਰ ਵੈ—ਉਸ ਦੇ ਕੋਲ। ਵਕੀਲਸ—ਵਕੀਲ ਉਸ ਨੇ। ਗਿਰਾਂ—ਵਡੇ। ਜ਼ਮਾਂ—ਸਮਾਂ, ਵੇਲਾ ਜ਼ਮਾਨਾ।

ਉਸ ਨੇ ਉਸ ਦੇ ਕੋਲ ਵਡੇ ੨ ਵਕੀਲ ਭੇਜ ਦਿਤੇ। ਜੋ (ਸੁਭਟ ਸਿੰਘ ਕੋਲ ਜਾ ਕੇ ਕਹਿਣ ਲਗੇ) ਹੇ ਰਾਜਿਆਂ ਦੇ ਰਾਜੇ! ਅਤੇ ਸਮੇਂ ਦੇ ਪ੍ਰਕਾਸ਼ ਵਾਲੇ (ਭਾਵ ਨੂੰ ਸਮਝਣ ਵਾਲੇ)॥ ੩੨॥

ਕਿ ਈਂ ਤਰਜ਼ ਲਾਲਾਇ ਬਰਗੋ ਸਮਨ ॥
ਕਿ ਲਾਇਕ ਸ਼ੁਮਾ ਹਸਤ ਈਂ ਰਾ ਬਿਕੁਨ ॥ ੩੩ ॥

ਤਰਜ਼—ਢੰਗ ਤਰ੍ਹਾਂ। ਲਾਲਾਇ—ਲਾਲੇ ਦਾ ਫਲ। ਇਕ ਤਰ੍ਹਾਂ ਲਾਲ ਰੰਗ ਦਾ ਖਾਸ ਫਲ, ਜੋ ਗਜ਼ਨੀ ਦੇ ਇਲਾਕੇ ਵਿਚ ਬਹੁਤ ਹੁੰਦਾ ਹੈ)। ਬਰਗੋ—ਪੁਤ੍ਰ। ਸਮਨ—ਚੰਬੇਲੀ। ਲਾਇਕ—ਜੋਗ। ਸ਼ੁਮਾ—ਤੁਹਾਡੇ ਈਂ ਰਾ—ਇਸ ਨੂੰ। ਬਿਕੁਨ—ਕਰ ਲਵੋ(ਭਾਵ ਇਸਤ੍ਰੀ ਬਣਾ ਲਵੋ।

ਜੋ ਇਸ ਤਰ੍ਹਾਂ ਦੀ (ਸੁੰਦਰ ਤੇ ਕੋਮਲ) ਸਰੀਰ ਵਾਲੀ ਹੈ, ਜਿਸ ਤਰ੍ਹਾਂ ਦਾ 'ਲਾਲੇ ਦਾ ਫੁਲ' ਅਤੇ ਚੰਬੇਲੀ ਦਾ ਪੱਤ੍ਰ (ਹੁੰਦਾ ਹੈ)। (ਜੋ ਹਰ ਤਰ੍ਹਾਂ ਕਰਕੇ) ਤੁਹਾਡੇ ਲਾਇਕ ਹੈ ਇਸ ਨੂੰ ਕਰ (ਭਾਵ ਵਿਆਹ) ਲਵੋ॥ ੩੩॥

ਬਿਗੁਫ਼ਤਹ ਯਕੇ ਖ਼ਾਨਹ ਬਾਨੂ ਮਰਾਸਤ ॥
ਕਿ ਚਸ਼ਮੇ ਅਜ਼ੋ ਹਰ ਦੋ ਆਹੂ ਬਰਾਸਤ ॥ ੩੪ ॥

ਬਿਗੁਫ਼ਤਹ—ਆਖਿਆ। ਯਕੇ—ਇਕ। ਖ਼ਾਨਹ—ਘਰ ਵਿਚ। ਬਾਨ—ਇਸਤ੍ਰੀ। ਮਰਾਸਤ—ਮੇਰੇ ਹੈ। ਚਸ਼ਮੇ-ਅੱਖਾਂ। ਅਜ਼ੋ—ਉਸਦੀਆਂ। ਹਰ ਦੋ—ਦੋਵੇਂ। ਆਹੂ—ਹਰਨ। ਬਰਾਸਤ—(ਬਰ+ਅਸਤ) ਬਚਾ ਹੈ।

(ਸੁਭਟ ਸਿੰਘ ਨੇ) ਆਖਿਆ, ਮੇਰੇ ਘਰ ਇਕ ਇਸਤ੍ਰੀ ਹੈ। ਜੋ ਕਿ ਉਸ ਦੀਆਂ ਦੋਵੇਂ ਅਖਾਂ ਹੀ ਹਰਨ ਦੇ ਬਚੇ ਹਨ॥ ੩੪॥ ਭਾਵ—ਜਿਸ ਤਰ੍ਹਾਂ ਹਰਨ ਦੇ ਬਚੇ ਦੀਆਂ ਅਖਾਂ ਤੇ ਬੱਚਾ ਹਰ ਤਰ੍ਹਾਂ ਦੇ ਕਰਕੇ ਸੁੰਦਰ ਹੁੰਦਾ ਹੈ, ਇਸੇ ਤਰ੍ਹਾਂ ਹੀ ਉਹ ਔਰਤ ਅਖਾਂ ਵਲੋਂ ਸੁੰਦਰ ਤਾਂ ਹੋਣੀ ਹੀ ਸੀ; ਉਂਞ ਭੀ ਹਰ ਤਰ੍ਹਾਂ ਕਰਕੇ ਉਹ ਸੁੰਦਰੀ ਹੈ। (ਇਸ ਕਾਰਨ ਕਰਕੇ):-

ਕਿ ਹਰਗਿਜ਼ ਮਨ ਈਂ ਰਾ ਨ ਕਰਦਮ ਕਬੂਲ ॥

ਕਿ ਕਉਲਿ ਕੁਰਾਨ ਅਸਤ ਕਸਮੇ ਰਸੂਲ ॥੩੫॥

ਹਰਗਿਜ਼—ਕਦੇ ਭੀ। ਮਨ—ਮੈਂ। ਈਂ ਰਾ—ਇਸ ਨੂੰ। ਕਰਦਮ ਕਬੂਲ-ਪ੍ਰਵਾਨ ਕਰਦਾ। ਕਉਲਿ-ਹੁਕਮ ਹੈ। ਕਰਾਨ-ਮੁਸਲਮਾਨੀ ਮਤ ਦੀ ਪੁਸਤਕ ਕਸਮੇ-ਸੌਂਹ। ਰਸੂਲ-ਪੈਗੰਬਰ।

ਮੈਂ ਇਸ ਨੂੰ ਕਦੇ ਭੀ ਕਬੂਲ ਨਹੀਂ ਕਰਦਾ। (ਕਿਉਂਕਿ) ਕੁਰਾਨ ਦਾ ਹੁਕਮ ਹੈ ਅਤੇ ਰਸੂਲ ਦੀ ਸਹੁੰ ਹੈ ॥ ੩੫ ॥

ਭਾਵ—ਭਾਵੇਂ ਸੁਭਟ ਸਿੰਘ' ਇਕ ਹਿੰਦੂ ਰਾਜਪੂਤ ਰਾਜਾ ਸੀ, ਪਰ ਮੁਸਲਮਾਨੀ ਬਾਦਸ਼ਾਹੀ ਦੇ ਪ੍ਰਭਾਵ ਕਰਕੇ ਕੁਰਾਨ ਦਾ ਕੌਲ ਤੇ ਰਸੂਲ ਦੀ ਸਹੁੰ ਹਰ ਕੋਈ ਖਾ ਲਿਆ ਕਰਦਾ ਸੀ ਅਤੇਇਸ ਗੱਲ ਨੂੰ ਕਰਨਾ ਇਕ ਬੜਾ ਫਖਰ ਮੰਨਿਆ ਜਾਂਦਾ ਸੀ, ਜਿਹਾ ਕਿ ਕਾਬਲ ਆਦਿਕ ਸ਼ਰਾਅ ਦੇ ਇਲਾਕੇ ਵਿਚ ਅਜ ਕਲ ਭੀ ਹਿੰਦੂ ਲੋਕ ਕੁਰਾਨਤੇ ਰਸੂਲ ਦੀਸਹੁੰ ਖਾਂਦੇ ਹਨ ਅਤੇ ਕੁਰਾਨ,ਰਸੂਲ ਅਲਾਹ, ਤੋਬਾ ਆਦਿਕ ਲਫਜ਼ ਸਭ ਦੇ ਮੂੰਹ ਚੜ੍ਹੇ ਹੋਏ ਹਨ, ਇਸੇ ਤਰ੍ਹਾਂ ਓਦੋਂ ਭੀ ਸੀ।

ਬਗੋਸ਼ ਅੰਦਰ ਆਮਦ ਅਜ਼ੀਹਾਂ ਸੁਖ਼ਨ ॥
ਬਜੰਬਸ ਦਰ ਆਮਦ ਜ਼ਨੇ ਨੇਕ ਤਨ ॥੩੬॥

ਬੰਗੋਸ਼-ਕੰਨ ਵਿਚ। ਅਜ਼ੀਹਾਂ-ਇਸ ਤਰ੍ਹਾਂ। ਬੰਜਗੁਸ਼-ਜੋਸ਼, ਸੂਰਬੀਰਤ ਦਾ ਜੋਸ਼, ਲਹੂ ਦਾ ਉਬਾਲ। ਜ਼ਨੇ-ਔਰਤ,ਇਸਤ੍ਰੀ।ਨੇਕ ਤਨ-ਪਵਿਤ੍ਰ ਸਰੀਰ।ਦਰ-ਵਿਚ। ਆਮਦ-ਆਗਈ।

ਜਦ ਇਸ ਤਰ੍ਹਾਂ ਦੀ ਗੱਲ (ਉਸ ਦੇ) ਕੰਨਾਂ ਵਿਚ ਆ ਕੇ ਪਈ। ਤਾਂ ਉਸ) ਪਵਿਤ੍ਰ ਸਰੀਰ ਵਾਲੀ ਇਸਤ੍ਰੀ (ਦੇ ਮਨ) ਵਿਚ ਜੋਸ਼ ਆ ਗਿਆ ॥ ੩੬ ॥

ਕਸੇ ਫ਼ਤਹ ਮਾ ਰਾ ਕਨਦ ਵਕਤਿ ਕਾਰ ॥
ਵਜ਼ਾਂ ਸ਼ਾਹ ਮਾ ਰਾ ਸ਼ਵਦ ਈਂ ਦਿਆਰ ॥੩੭॥

ਕਸੇ-ਜੇਹੜਾ ਕੋਈ। ਮਾ ਰਾ—ਮੈਨੂੰ।ਕੁਨਦ-ਕਰੇਗਾ। ਕਾਰ—ਜੁਧ ਲੜਾਈ। ਵਜ਼ਾਂ-ਉਹ। ਸ਼ਾਹ-ਰਾਜਾ। ਮਾ ਰਾ-ਮੇਰਾ। ਸ਼ਵਦ-ਹੋਵੇਗਾ। ਈਂ-ਇਸ। ਦਿਆਰ-ਮੁਲਕ।

ਜੇਹੜਾ ਕੋਈ ਮੈਨੂੰ (ਇਸ)ਸਮੇਂ ਜੁਧ ਵਿਚ ਫਤੇ ਕਰੇਗਾ। ਉਹੋ ਹੀ ਮੇਰਾ ਅਤੇ ਇਸ ਮੁਲਕ ਦਾ ਰਾਜਾ ਹੋਵੇਗਾ ॥ ੩੭ ॥

ਬਕੋਸ਼ੀਦ ਮੈਦਾਂ ਵ ਜੋਸ਼ੀਦ ਜੰਗ ॥
ਬਿਪੋਸ਼ੀਦ ਖ਼ਫਤਾਨ ਪਉਲਾਦ ਰੰਗ ॥੩੮॥

ਬਕੋਸ਼ੀਦ-ਛੇਤੀ ਕੀਤੀ। ਜ਼ੋਸ਼ੀਦ-ਮਚਾਇਆ। ਬਿਪੋਸ਼ਦ-ਪਹਿਨ ਲਿਆ। ਖ਼ਫ਼ਤਾਨ—ਖਿਲਤਾ, ਸੰਜੋਇ। ਪਉਲਾਦ ਰੰਗ—ਲੋਹੇ ਦਾ।

ਜੁਧ ਵਾਸਤੇ ਬਹੁਤ ਛੇਤੀ ਕੀਤੀ ਤੇ ਬੜੇ ਜ਼ੋਰ ਸ਼ੋਰ ਨਾਲ ਜੁਧ ਮਚਾਇਆ। ਗਲ ਵਿਚ ਫੌਲਾਦ ਦਾ ਸੰਜੋਅ ਪਹਿਨ ਲਿਆ ॥ ੩੮ ॥

ਨਿਸ਼ਸਤਹ ਬਰਾਂ ਰਥ ਚੁ ਮਾਹੇ ਮੁਨੀਰ ॥
ਬਿ ਬਸਤੰਦ ਸ਼ਮਸ਼ੇਰ ਜੁਸਤੰਦ ਤੀਰ ॥੩੯॥

ਨਿਸ਼ਸਤ-ਬੈਠ ਗਈ। ਬਰਾਂ-(ਬਰ+ਆਂ) ਉਹ ਉਪਰ। ਮਾਹੇ-ਚੰਦ੍ਰਮਾ। ਮੁਨੀਰ—ਪ੍ਰਕਾਸ਼ ਮਾਹੇ ਮਨੀਰ-ਪੂੰਨਿਆ ਦਾ ਚੰਦ੍ਰਮਾ। ਚੁ-ਵਰਗੀ।,ਬਸਤੰਦ-ਬੰਨ੍ਹ ਲਈ। ਜੁਸਤੰਦ-ਢੂੰਡਿਆ

ਪੂੰਨਿਆਂ ਦੇ ਚੰਦ੍ਰਮਾ ਵਰਗੀ (ਬਛਤ੍ਰਾਮਤੀ) ਰਥ ਉਤੇ ਬੈਠ ਗਈ। (ਉਸ ਨੇ ਲਕ ਨਾਲ)

ਤਲਵਾਰ ਬੰਨ੍ਹ ਲਈ ਅਤੇ (ਕਮਾਨ ਹਥ ਵਿਚ) ਫੜ ਲਿਆ ॥ ੩੯ ॥

ਬ ਮੈਦਾਂ ਦਰਾਮਦ ਚੁ ਗ਼ੁਰਰੰਦਹ ਸ਼ੇਰ ॥
ਚੁ ਸ਼ੇਰਅਸਤ ਸ਼ੇਰ ਅਫ਼ਗਨਓ ਦਿਲ ਦਲੇਰ ॥੪੦॥

ਬ ਮੈਦਾਂ–ਜੁਧ ਭੂਮੀ। ਦਰਾਮਦ–ਵਿਚ ਆਈ। ਗੁਰਰੰਦਹ–ਭਬਕ ਮਾਰਦਾ ਹੋਇਆ। ਚੁ–ਜੈਸਾ, ਵਰਗਾ। ਸ਼ੇਰ ਅਫਗਨਾਓ–ਸ਼ੇਰਾਂ ਨੂੰ ਪਟਕਾਉਣ ਵਾਲਾ।

ਗਰਜਦੇ ਹੋਏ ਸ਼ੇਰ ਵਾਂਗੂ ਜੁਧ ਭੂਮੀ ਵਿਚ ਆ ਗਈ। ਸ਼ੇਰ ਵਰਗੀ ਹੈ, (ਪਰ) ਸ਼ੇਰ ਨੂੰ ਪਟਕਾ ਕੇ ਸੁਟਣ ਵਾਲੀ, ਉਹ ਦਿਲ ਦੀ ਦਲੇਰ (ਸੂਰਮਾ) ਹੈ ॥ ੪੦ ॥

ਬਿਪੋਸ਼ੀਦ ਖ਼ਫ਼ਤਾਨ ਜੋਸ਼ੀਦ ਜੰਗ ॥
ਬਿਕੋਸ਼ੀਦ ਮੈਦਾਂ ਬ ਤੀਰ ਓ ਤੁਫੰਗ ॥੪੧॥

ਬਿਪੋਸ਼ੀਦ–ਪਹਿਨ ਲਿਆ। ਖ਼ਫ਼ਤਾਨ–ਸੰਜੋਅ, ਲੋਹੇ ਦੀ ਜਾਲੀ ਦਾ ਕੁੜਤਾ। ਜੋਸ਼ੀਦ–ਭਾਰੇ ਜੋਸ਼ ਨਾਲ। ਬਿਕੋਸ਼ੀਦ–ਬੜੀ ਕੋਸ਼ਸ਼ ਕੀਤੀ।

ਸੰਜੋਅ ਨੂੰ ਗਲ ਵਿਚ ਪਹਿਨ ਕਰਕੇ ਬੜੇ ਭਾਰੇ ਜੋਸ਼ ਨਾਲ ਜੰਗ ਸ਼ੁਰੂ ਕੀਤਾ। ਤੀਰਾਂ ਤੇ ਬੰਦੂਕਾਂ ਨਾਲ ਮੈਦਾਨ ਨੂੰ (ਜਿਤਨ ਦੀ) ਕੋਸ਼ਸ਼ ਕੀਤੀ ॥ ੪੧ ॥

ਚੁਨਾ ਤੀਰ ਬਾਰੀਦ ਦਰ ਕਾਰਜ਼ਾਰ ॥
ਕਿ ਲਸ਼ਕਰ ਬਕਾਰ ਆਮਦਸ਼ ਬੇਸ਼ੁਮਾਰ ॥੪੨॥

ਚੁਨਾ–ਇਸ ਤਰ੍ਹਾਂ ਦੇ। ਬਾਰੀਦ–ਬਾਰਸ਼ ਕੀਤੀ। ਕਾਰਜਰਾ–ਜੁਧ. ਲੜਾਈ। ਬਕਾਰ ਆਮਦਸ਼–ਕੰਮ ਆ ਗਈ, ਉਸ ਦੀ। ਬੇਸ਼ੁਮਾਰ–ਬੇਗਿਣਤ।

ਲੜਾਈ ਵਿਚ ਉਸਨੇ ਤੀਰਾਂ ਦੀ ਇਸ ਤਰ੍ਹਾਂ ਬਾਰਸ਼ ਕੀਤੀ। ਜੋ ਉਸ (ਸੁਭਟ ਸਿੰਘ) ਦੀ ਬਹੁਤ ਸਾਰੀ ਫੌਜ ਮ ਰੀ ਗਈ ॥ ੪੨ ॥

ਚੁਨਾ ਬਾਨ ਬਾਰੀਦ ਤੀਰੋ ਤੁਫ਼ੰਗ ॥
ਬਸੇ ਮਰਦਮਾਂ ਮਰਦਹ ਸ਼ੁਦ ਜਾਇ ਜੰਗ ॥੪੩॥

ਬਾਨ–ਤੀਰ। ਤੀਰੋ ਤੁਫੰਗ–ਬੰਦੂਕ ਤੇ ਤੀਰ ਭਾਵ ਗੋਲੀਆਂ। ਮਰ ਮਾਂ–ਬੰਦਿਆਂ। ਮੁਰਦਹ ਸ਼ੁਦ–ਮਰ ਗਏ। ਜ਼ਾਇ–ਜਗ੍ਹਾ।

ਤੀਰਾਂ ਤੇ ਗੋਲੀਆਂ ਦੀ ਇਸ ਤਰ੍ਹਾਂ ਬਾਰਸ਼ ਹੋਈ। (ਜਿਸ ਨਾਲ) ਜੁਧ ਦੀ ਜਗ੍ਹਾ ਵਿਚ ਬਹੁਤ ਸਾਰੇ ਮੁਰਦਾ ਹੋ ਗਏ (ਭਾਵ ਅਨਗਿਣਤ ਆਦਮੀ ਮਾਰੇ ਗਏ ॥ ੪੩ ॥

ਸ਼ਹੇ ਨਾਮ ਗਜ ਸਿੰਘ ਦਰ ਆਮਦ ਬਜੰਗ ॥
ਚੁ ਕੈਬਰ ਕਮਾਂ ਹਮਚੁ ਤੀਰੋ ਤੁਫ਼ੰਗ ॥ ੪੪ ॥

ਸ਼ਹੇ–ਰਾਜਾ। ਦਰ ਆਮਦ–ਵਿਚ ਆ ਗਿਆ। ਬਜੰਗ–ਜੁਧ ਭੂਮੀ। ਚੁ–ਐਸੇ। ਕੈਬਰ ਕਮਾਂ–ਕਮਾਨ ਵਿਚੋਂ ਤੀਰ। ਹਮਚ–ਜਿਸ ਤਰ੍ਹਾਂ। (ਇਕ) 'ਗਜ ਸਿੰਘ' ਨਾਮ ਦਾ ਰਾਜਾ ਰਣ ਭੂਮੀ ਵਿਚ (ਇਸ ਤਰ੍ਹਾਂ) ਆਇਆ। ਜਿਸ ਕਮਾਨ ਵਿਚੋਂ ਤੀਰ ਅਤੇ ਬੰਦੂਕ ਵਿਚੋਂ ਗੋਲੀ ਆਉਂਦੀ ਹੈ (ਭਾਵ ਝਟ ਪਟ ਹੱਲਾ ਕਰਕੇ ਸਿਧਾ ਹੀ ਆਇਆ) ॥ ੪੪ ॥

ਬਜੁੰਬਸ਼ ਦਰ ਆਮਦ ਚੁ ਇਫ਼ਰੀਦ ਮਸਤ ॥
ਯਕੇ ਗੁਰਜ਼ ਅਜ਼ ਫ਼ੀਲ ਪੈਕਰ ਬਦਸਤ ॥ ੪੫ ॥

ਬਜੁੰਬਸ਼=ਕਰੋਧਵਾਨ । ਚੁ=ਜਿਵੇਂ । ਇਫ਼ਰੀਦ=ਦੇਉ, ਰਾਖਸ਼ । ਅਜ਼=ਵਰਗਾ । ਪੈਕਰ=ਕਲਬੂਤ, ਬਦਨ । ਬਦਸਤ=ਹਥ ਨਾਲ ।

(ਉਹ ਰਾਜਾ) ਮਤਵਾਲੇ ਦੇਉ ਵਰਗਾ ਕ੍ਰੋਧਵਾਨ ਹੋ ਕੇ (ਜੁਧ ਵਿਚ) ਆਇਆ। (ਜਿਸ ਨੇ) ਇਕ ਹਥ ਵਿਚ ਹਾਥੀ ਦੇ ਸਰੀਰ ਵਰਗਾ (ਬੜਾ ਵਡਾ ਸਾਰਾ) ਗੁਜਰ ਫੜਿਆ ਹੋਇਆ ਸੀ॥੪੫॥

ਯਕੇ ਤੀਰ ਜ਼ਦ ਬਾਨੂਏ ਪਾਕ ਮਰਦ ॥
ਕਿ ਗਜ ਸਿੰਘ ਅਜ਼ ਅਸਪ ਆਮਦ ਬਗਰਦ ॥ ੪੬ ॥

ਯਕੇ=ਇਕੋ । ਜ਼ਦ=ਮਾਰਿਆ । ਬਾਨੂ=ਇਸਤ੍ਰੀ । ਏ=ਨੇ । ਪਾਕ-ਪਵਿਤ੍ਰ । ਅਜ਼=ਤੋਂ । ਅਸਪ=ਘੋੜੇ । ਬਗਰਦ-ਖਾਕ ਉਤੇ ।

(ਉਸ) ਨੇਕ ਇਸਤ੍ਰੀ ਨੇ (ਉਸ) ਮਰਦ ਨੂੰ ਇਕੋ ਹੀ ਤੀਰ ਮਾਰਿਆ । ਜਿਸ ਨਾਲ 'ਗਜ ਸਿੰਘ' ਘੋੜੇ ਤੋਂ ਖਾਕ ਵਿਚ ਆ ਕੇ ਡਿਗ ਪਿਆ ॥ ੪੬ ॥

ਦਿਗਰ ਰਾਜਾ ਰਨ ਸਿੰਘ ਦਰਾਮਦ ਬਰੋਸ਼ ॥
ਕਿ ਪਰਵਾਨਹੇ ਚੂੰ ਦਰਾਮਦ ਬਜੋਸ਼ ॥ ੪੭ ॥

ਦਿਗਰ-ਦੂਜਾ । ਬਰੋਸ਼-ਕ੍ਰੋਧ ਨਾਲ। ਪ੍ਰਵਾਨਹੇ-ਪਤੰਗੇ ਵਾਂਗੂ। ਬਜੋਸ਼-ਜੋਸ਼ ਨਾਲ । ਦ੍ਰਾਮਦ-ਆਯਾ ।

ਦੂਜਾ ਰਾਜਾ 'ਰਨ ਸਿੰਘ' ਬੜੇ ਕ੍ਰੋਧ ਨਾਲ (ਰਣ ਵਿਚ) ਆਇਆ । ਜੋ ਪਤੰਗੇ ਵਾਂਗੂ ਜੋਸ਼ ਨਾਲ ਭਰ ਕੇ (ਜੁਧ ਰੂਪ ਦੀਵੇ ਉਤੇ) ਆਇਆ ਸੀ ॥ ੪੭ ॥

ਚੁਨਾ ਤੇ.ਗ ਜ਼ਦ ਬਾਨੂਏ ਸ਼ੇਰ ਤਨ ॥
ਬਿਉਫ਼ਤਾਦ ਰਨ ਸਿੰਘ ਚੁ ਸਰਵਿ ਚਮਨ ॥ ੪੮ ॥

ਚੁਨਾ=ਜਦ । ਤਨ=ਸਰੀਰ, ਸਾਥ । ਜ਼ਦ=ਮਾਰੀ । ਤੇਗ-ਤਲਵਾਰ । ਬਿਉਫ਼ਤਾਦ=ਡਿਗ ਪਿਆ । ਚੁ=ਵਾਂਗੂ । ਸਰਵਿ=ਸਰੂ ਬ੍ਰਿਛ । ਚਮਨ-ਬਾਗ ।

ਸ਼ੇਰ (ਵਰਗੇ ਬਲਵਾਨ) ਸਰੀਰ ਵਾਲੀ ਇਸਤ੍ਰੀ ਨ ਜਦ ਤਲਵਾਰ ਮਾਰੀ (ਤਦ) ਬਾਗ ਦੇ ਸਰੂ ਬ੍ਰਿਛ ਵਾਂਗੂ ਰਨ ਸਿੰਘ (ਧਰਤੀ ਉਤੇ) ਡਿਗ ਪਿਆ ॥ ੪੮ ॥

ਯਕੇ ਸ਼ਹਰ ਅੰਬੇਰ ਦਿਗਰ ਜੋਧ ਪੁਰ ॥
ਖ਼ਰਾਮੀਦ ਬਾਨੂ ਚੁ ਰਖਸ਼ਿੰਦਹ ਦੁਰ ॥ ੪੯ ॥

ਖ਼ਰਾਮੀਦ-ਮਟਕ ਨਾਲ ਤੁਰਨਾ । ਬਾਨੂ-ਇਸਤ੍ਰੀ । ਚੋ-ਜੈਸੇ । ਰਖ਼ਸ਼ਿੰਦਹ=ਚਮਕੀਲਾ । ਦੁਰ=ਮੋਤੀ । ਅੰਬੇਰ=ਇਕ ਸ਼ਹਿਰ ਦਾ ਨਾਮ ਹੈ ।

ਇਕ 'ਅੰਬੇਰ' ਸ਼ਹਿਰ ਦਾ ਤੇ ਦੂਜਾ ਜੋਧਪੁਰ (ਦਾ ਰਾਜਾ, ਇਹ ਦੋਵੇਂ ਇਕਠੇ ਹੀ ਮੈਦਾਨ ਵਿਚ ਆਇ । ਜੋ ਮੋਤੀ ਵਾਂਗੂ ਚਮਕੀਲੇ ਸ੍ਰੀਰ ਵਾਲੀ ਇਸਤ੍ਰੀ ਹੈ, (ਉਹ) ਮਟਕ ਨਾਲ ਤੁਰ ਕੇ (ਇਨ੍ਹਾਂ ਦੇ ਸਾਹਮਣੇ) ਆ ਗਈ ॥ ੪੯ ॥

ਬਿਜ਼ਦ ਤੇ.ਗ ਬਾਜ਼ੋਰ ਬਾਨੂ ਇ ਸਿਪਰ ॥

ਕਿ ਬਰਖ਼ਾਸਤ ਸ਼ੋਅਲਹ ਬਸੇ ਚੂੰ ਗੁਹਰ ॥ ੫੦ ॥

ਬਿਜ਼ਦ=ਮਾਰੀ । ਬਾਜ਼ੋਰ=ਜ਼ੋਰ ਨਾਲ । ਸਿਪਰ=ਢਾਲ । ਬਰਖਾਸਤ=ਉਠੇ, ਨਿਕਲੇ । ਸ਼ੁਅਲਹ=ਸ਼ੋਅਲੇ, ਅਗ ਦੇ ਚਿੰਗਾੜੇ । ਬਸੇ=ਬਹੁਤ । ਚੂੰ=ਵਾਂਗੂ । ਗੁਹਰ=ਮੋਤੀ ।

(ਜਦ ਉਨ੍ਹਾਂ ਨੇ) ਤਲਵਾਰ ਜ਼ੋਰ ਨਾਲ ਮਾਰੀ (ਤਾਂ ਇਸਤ੍ਰੀ ਨੇ ਢਾਲ ਉਤੇ ਰੋਕੀ । ਜਿਸ ਕਰਕੇ) ਢਾਲ ਵਿਚੋਂ ਅਗ ਦੇ ਚਿੰਗਿਆੜੇ ਨਿਕਲੇ, ਜੋ ਮੋਤੀਆਂ ਵਾਂਗੂ ਬਹੁਤ (ਚਮਕਦੇ ਸਨ, ਅੰਤ ਨੂੰ ਉਹ ਭੀ ਮਾਰੇ ਗਏ) ॥ ੫੦ ॥

ਸੋਇਮ ਰਾਜਹ ਬੂੰਦੀ ਦਰਾਮਦ ਦਲੇਰ ॥
ਚੁ ਦਰ ਬਚਹ ਆਹੂ ਚੋ ਗੁੱਰੰਦਹ ਸ਼ੇਰ ॥ ੫੧ ॥

ਸੋਇਮ=ਤੀਜਾ । ਬੂੰਦੀ=ਇਕ ਸ਼ਹਿਰ ਦਾ ਨਾਮ ਹੈ । ਦਲੇਰ=ਹੌਸਲੇ ਤੇ ਹਿੰਮਤ ਵਾਲਾ । ਆਹੂ=ਹਰਨ । ਚੋ=ਜਸੇ । ਗੁਰੰਰਦਹ=ਭਬਕ ਮਾਰਦਾ ਹੋਇਆ ।

ਤੀਜਾ, ਬੂੰਦੀ (ਸ਼ਹਿਰ ਦਾ) ਰਾਜਾ (ਇਸ ਤਰ੍ਹਾਂ) ਦਲੇਰ ਹੋ ਕੇ ਆ ਗਿਆ । ਜਿਸ ਤਰ੍ਹਾਂ ਭਬਕ ਮਾਰਦਾ ਹੋਇਆ ਸ਼ੇਰ ਹਰਨ ਦੇ ਬਚੇ ਉਤੇ ਆਉਂਦਾ ਹੈ ॥ ੫੧ ॥

ਚੁਨਾਂ ਤੀਰ ਜ਼ਦ ਹਰ ਦੋ ਅਬਰੂ ਸ਼ਿਕੰਜ ॥
ਬਿਉਫ਼ਤਾਦ ਅਮਰ ਸਿੰਘ ਚੋ ਸ਼ਾਖੇ ਤਰੰਜ ॥ ੫੨ ॥

ਚੁਨਾਂ=ਐਸਾ । ਜਦ=ਮਾਰਿਆ । ਹਰ ਦੋ=ਦੋਵੇਂ । ਅਬਰੂ=ਭਰਵਟੇ । ਸ਼ਕੰਜ=ਤਿਊੜੀ । ਬਿਉਫਤਾਦ=ਡਿਗ ਪਿਆ । ਚੋ=ਵਾਂਗੂ । ਸ਼ਾਖੇ=ਟਾਹਣੀ ਨਾਲੋਂ । ਤਰੰਜ=ਨਿੰਬੂ ।

ਦੋਹਾਂ ਭਰਵਟਿਆਂ ਦੀ ਤਿਊੜੀ ਵਿਚ ਅਜੇਹਾ ਤੀਰ ਮਾਰਿਆ । (ਜਿਸ ਨਾਲ ਬੂੰਦੀ ਦਾ ਰਾਜਾ) 'ਅਮਰ ਸਿੰਘ' ਟਾਹਣੀ ਨਾਲੋਂ ਟੁਟੇ ਹੋਏ ਨਿੰਬੂ ਵਾਂਗੂ (ਧਰਤੀ ਉਤੇ) ਡਿਗ ਪਿਆ ॥੫੨॥

ਚੁਹਮ ਰਾਜਹ ਜੈ ਸਿੰਘ ਦਰਾਮਦ ਮੁਸ੍ਵਾਫ਼ ॥
ਬਜੋਸ਼ ਅੰਦਰੂ ਸ਼ੁਦ ਚੁ ਅਜ਼ ਕੋਹ ਕਾਫ਼ ॥ ੫੩ ॥

ਚੁਹਮ=ਚੋਥਾ । ਮਸਾਫ=ਰਣ ਭੂਮੀ।ਬਜੋਸ਼=ਕਰੋਧ । ਅਜ਼=ਵਾਂਗੂ । ਕਹਕਾਫ=ਇਕ ਪਹਾੜ ਦਾ ਨਾਮ ਹੈ । ਚੌਥਾ 'ਜੈ ਸਿੰਘ' (ਨਾਮ ਵਾਲਾ) ਰਾਜਾ ਰਣ ਭੂਮੀ ਵਿਚ ਆਇਆ । (ਜੋ) ਅੰਦਰਲੇ ਜੋਸ਼ ਨਾਲ ਕੋਹ ਕਾਫ਼' ਵਾਂਗੂ (ਉਚਾ) ਹੋ ਗਿਆ ਹੋਇਆ ਸੀ ॥੫੩॥

ਹਮਾਂ ਖ਼ੁਰਦ ਸ਼ਰਬਤ ਕਿ ਯਾਰੇ ਚੁਹਮ ॥
ਜ਼ ਜੈ ਸਿੰਘ ਪਸ ਯਕ ਨਿਯਾਮਦ ਕਦਮ ॥ ੫੪ ॥

ਹਮਾਂ=ਓਹੀ । ਖ਼ੁਰਦ=ਪੀਤਾ । ਜ (ਅਜ਼)=ਤੋਂ । ਪਸ=ਪਿਛੋਂ । ਨਿਯਾਮਦ=ਨਾ ਆਇਆ।

ਚੌਥੇ ਨੇ ਭੀ ਮਿਤ੍ਰਾਂ ਵਾਲਾ ਓਹੋ ਹੀ ਸ਼ਰਬਤ ਪੀਤਾ (ਭਾਵ ਮਰ ਗਿਆ) । ਜੈ ਸਿੰਘ ਤੋਂ ਪਿਛੋਂ (ਫਿਰ ਕੋਈ ਪੁਰਖ) ਇਕ ਕਦਮ ਅਗੇ ਨ ਆਇਆ ॥੫੪॥

ਯਕੇ ਸ਼ਾਹ ਫ਼ਰੰਗੋ ਪਲੰਦੇ ਦਿਗਰ ॥
ਬਮੈਦਾ ਦਰਾਮਦ ਚੁ ਸ਼ੇਰੇ ਬਬਰ ॥ ੫੫ ॥

ਯਕੇ=ਇਕ । ਦਿਗਰ=ਦੂਜਾ ਬਮੈਦਾਂ=ਮੈਦਾਨ ਵਿਚ । ਦਰਾਮਦ=ਆਇਆ । ਚ=ਵਾਂਗੂ ।

ਇਕ ਫਰੰਗ'ਦਾ, ਦੂਜਾ'ਪਲੰਦ'ਦਾ(ਦੋਵੇਂ ਰਾਜੇ)ਬਬਰ ਸ਼ੇਰ ਵਾਂਗੂ ਰਣ'ਚ ਆ ਗਏ।।੫੫।।

ਸੋਇਮ ਸ਼ਾਹ ਅੰਗ੍ਰੇਜ਼ ਚੂ ਆਫ਼ਤਾਬ ॥

ਚੁਹਮ ਸ਼ਾਹਿ ਹਬਸ਼ੀ ਚੋ ਮਗਰੇ ਦਰਾਬ ॥ ੫੬ ॥

ਸੋਇਮ–ਤੀਜਾ।ਆਫ਼ਤਾਬ—ਸੂਰਜ।ਮਗਰੇ—ਮਗਰ ਮਛ। ਦਾਰਬ—(ਦਰ+ਆਬ) ਪਾਣੀਵਿਚ।

ਤੀਜਾ ਸੂਰਜ ਵਰਗੇ (ਤੇਜ ਵਾਲਾ) ਅੰਗਰੇਜ਼ ਰਾਜਾ। ਚੌਥਾ ਹਬਸ਼ੀ (ਕੌਮ ਦਾ) ਰਾਜਾ (ਇਸ ਤਰ੍ਹਾਂ ਹੱਲਾ ਕਰਕੇ ਆਇਆ) ਜਿਸ ਤਰ੍ਹਾਂ ਪਾਣੀ ਵਿਚੋਂ ਮਛ ਪੈਂਦਾ ਹੈ ।।੫੬।।

ਯਕੇ ਰਾ ਬਿਜ਼ਦ ਨੇਜ਼ਾ ਮੁਸ਼ਤੇ ਦਿਗ਼ਰ ॥

ਸੋਇਮ ਰਾ ਬਪਾਓ ਚਹਮ ਰਾ ਸਿਪਰ ॥ ੫੭ ॥

ਬਿਜ਼ਦ—ਮਾਰਿਆ। ਨੇਜ਼ਾ—ਬਰਛਾ। ਮੁਸ਼ਤੇ–ਮੁਕਾ। ਸੋਇਮ–ਤੀਜੇ। ਚੁਹਨ—ਚੌਥੇ। ਰਾ—ਨੂੰ। ਸਿਪਰ—ਢਾਲ। ਇਕ ਨੂੰ ਬਰਛਾ ਮਾਰਿਆ, ਦੂਜੇ ਨੂੰ ਮੁਕਾ ਮਾਰਿਆ। ਤੀਜੇ ਨੂੰ ਪੈਰਾਂ ਨਾਲ ਕੁਟਿਆ, ਚੌਥੇ ਦਾ (ਮੂੰਹ) ਢਾਲ (ਨਾਲ ਭੰਨ ਸੁਟਿਆ) ।।੫੭।।

ਚੁਨਾਂ ਮੇ ਬਿਉਫਤਾਦ ਨ ਬਰਖ਼ਾਸਤ ਬਾਜ਼ ॥

ਸੂਏ ਆਸਮਾਂ ਜਾਨ ਪਰਵਾਜ਼ ਸਾਜ਼ ॥ ੫੮ ॥

ਚੁਨਾਂ–ਅਜੇਹਾ। ਮੇ ਬਿਉਫ਼ਤਾਦ–ਡਿਗ ਪਿਆ। ਬਰਖਾਸਤ–ਉਠਿਆ। ਬਾਜ਼–ਫਿਰ। ਸੂ–ਵੱਲ। ਏ–ਦੀ। ਆਸਮਾਂ–ਅਕਾਸ਼। ਪ੍ਰਵਾਜ–ਉਡਾਰੀ। ਪ੍ਰਵਾਜ ਸਾਜ਼–ਉਡ ਗਈ।

(ਉਹ ਚਾਰੇ ਇਸ ਤਰ੍ਹਾਂ ਡਿਗ ਪਏ ਜੋ ਫਿਰ ਉਠ ਨਾ ਸਕੇ। (ਉਨ੍ਹਾਂ ਦੀ) ਜਾਨ ਅਸਮਾਨ ਵਲ ਉਡਾਰੀ ਲਾ ਗਈ (ਭਾਵ ਮਰ ਗਏ ।।੫੮।।

ਦਿਗ਼ਰ ਕਸ ਨਿਆਮਦ ਤਮੰਨਾਇ ਜੰਗ ॥

ਕਿ ਪੇਸ਼ੇ ਨਿਯਾਮਦ ਦਿਲਾਵਰ ਨਿਹੰਗ ॥ ੫੯ ॥

ਦਿਗਰ–ਹੋਰ, ਫੇਰ। ਤਮੰਨਾਇ—ਇਛਾ, ਫੁਰਨਾ, ਖਿਆਲ। ਪਸ਼ੇ–ਸਾਹਮਣੇ। ਦਿਲਾਵਰ–ਹੌਸਲੇ ਵਾਲਾ। ਨਿਯਾਮਦ—ਆਇਆ। ਨਿਹੰਗ–ਮਗਰ ਮਛ, ਸੰਸਾਰ।

ਫੇਰ ਹੋਰ ਕਿਸੇ ਆਦਮੀ ਨੂੰ ਜੁਧ ਕਰਨ ਦੀ ਇਛਾ ਹੀ ਨਾ ਫੁਰੀ। (ਅਤੇ) ਹੌਸਲੇ ਵਾਲੇ ਦਲੇਰ ਸੰਸਾਰ ਦੇ ਸਾਹਮਣੇ ਕੋਈ ਭੀ ਨਾ ਆਇਆ ।।੫੯।।

ਸ਼ਬੇ ਸ਼ਹਿ ਸ਼ਬਿਸਤਾਂ ਚੂ ਆਮਦ ਬਫ਼ੌਜ ॥

ਸਿਪਹ ਖਾਨਹ ਅ ਮਦ ਹਮਹ ਮੌਜ ਮੌਜ ॥ ੬੦ ॥

ਸ਼ਬੇ–ਰਾਤ ਦਾ। ਸ਼ਹਿ–ਸਵਾਮੀ. ਚੰਦ੍ਰਮਾ।ਸ਼ਬਿਸਤਾਂ–ਰਾਤ ਦਾ ਮਮਾਂ। ਚੂ–ਜਦ। ਬਫੌਜ–ਸੈਨਾ ਸਮੇਤ। ਸਿਪਾਹ–ਫੌਜ। ਖਾਨ–ਘਰ। ਹਮਹ–ਸ ਰਿਆਂ। ਮੌਜ–ਲੈਹਰ। ਮੌਜ–ਠਾਠ।

ਰਾਤ ਦਾ ਰਾਜਾ ਚੰਦ੍ਰਮਾ, ਰਾਤ ਦੇ ਵੇਲੇ ਜਦ (ਆਪਣੀ) ਫੌਜ ਦੇ ਸਮੇਤ ਆ ਗਿਆ। (ਤਦ) ਸਾਰਿਆਂ (ਰਾਜਿਆਂ) ਦੀ ਸੈਨਾ, (ਆਪਣੇ) ਠਾਠ (ਸਮੇਤ ਦਰਿਆਓ ਦੀ) ਲੈਹਰ(ਵਾਂਗੂ ਆਪਣੇ) ਘਰ ਨੂੰ ਆ ਗਈ ।।੬੦।। ਭਾਵ–ਜਦ ਰਾਤ ਪਈ ਤੇ ਤਾਰਿਆਂ ਸਮੇਤ ਚੰਦ੍ਰਮਾ ਚੜ੍ਹ ਪਿਆ ਉਸ ਵੇਲੇ ਸਭਨਾਂ ਰਾਜਿਆਂ ਦੀ ਫੌਜ ਸਮਾਂ ਤਾੜਕੇ ਆਪੋ ਆਪਣੇ ਡੇਰਿਆਂ ਨੂੰ ਮੁੜ ਕੇ ਆ

ਗਈ, ਜਿਸ ਤਰ੍ਹਾਂ ਦਰਿਆ ਦੀ ਲੈਹਰ ਪਹਾੜ ਨਾਲ ਟੱਕਰ ਖਾ ਕੇ ਪਿਛਾਂਹ ਨੂੰ ਮੁੜ ਆਉਂਦੀ ਹੈ।

ਬਰੋਜ਼ਿ ਦਿ:ਗਰ ਰੌਸ਼ਨੀਅਤ ਪਨਾਹ ॥

ਬ ਔਰੰਗ ਦਰਾਮਦ ਚੂੰ ਔਰੰਗ ਸ਼ਾਹ ॥ ੯੧ ॥

ਬਰੋਜ਼ਿ ਦਿਗਰ—ਦੂਜੇ ਦਿਨ। ਰੌਸ਼ਨੀਅਤ ਪਨਾਹ—ਚਾਨਣੇ ਦਾ ਆਸਰਾ—ਸੂਰਜ। ਬ—ਉਤੇ। ਔਰੰਗ—ਰਾਜ ਗੱਦੀ, ਤਖਤ। ਔਰੰਗਸ਼ਾਹ ਤਖਤ ਦਾ ਮਾਲਕ।

ਫਿਰ ਦੂਜੇ ਦਿਨ ਦਾ ਚਾਨਣ ਦਾ ਆਸਰਾ ਸੂਰਜ (ਜਦ ਆਪਣੀ) ਗੱਦੀ ਉਤੇ ਆ ਗਿਆ, ਜਿਵੇਂ ਰਾਜਾ ਰਾਜ ਗੱਦੀ ਉਤੇ ਆ ਬੈਠਦਾ ਹੈ ॥ ੯੧ ॥

ਭਾਵ—ਜਿਸ ਤਰ੍ਹਾਂ ਰਾਜਾ ਆਪਣੇ ਤਖਤ ਉਤੇ ਬੈਠਦਾ ਹੈ, ਇਸ ਤਰ੍ਹਾਂ ਜਦ ਸੂਰਜ ਆਪਣੇ ਅਕਾਸ਼ ਰੂਪ ਤਖਤ ਤੇ ਆ ਬੈਠਾ ਤੇ ਉਸ ਨੇਆਪਣੇਪ੍ਰਕਾਸ਼ ਨਾਲ ਸਾਰੇ ਜਗਤ ਨੂੰ ਰੌਸ਼ਨਕਰਦਿਤਾ

ਦੋ ਸੂਏ ਯਲਾਂ ਜੁਮਲਹ ਬਸਤੰਦ ਕਮਰ ॥

ਬ ਮੈਦਾਨ ਜਸਤੰਦ ਸਿਪਰ ਬਰ ਸਿਪਰ ॥ ੯੨ ॥

ਦੋ ਸੂਏ—ਦੋਹਾਂ ਪਾਸਿਆਂ ਦੇ। ਯਲਾਂ—ਸੂਰਮੇ। ਜੁਮਲਹ—ਸਾਰੇ ਕਠੇ ਹੋ ਕੇ। ਬਸਤੰਦ—ਬੰਨ੍ਹ ਕੇ। ਕਮਰ—ਲਕ। ਜਸਤੰਦ—ਗਏ। ਸਿਪਰ—ਢਾਲ।

ਦੋਹਾਂ ਪਾਸਿਆਂ ਦੇ ਸਾਰੇ ਸੂਰਮੇ ਇਕਠੇ ਹੋ ਕੇ, ਕਮਰ ਕਸੇ ਕਰਕੇ। ਢਾਲ ਉਤੇ ਢਾਲ (ਫੜ ਕੇ) ਮੈਦਾਨ ਵਲ ਚਲੇ ਗਏ ॥ ੯੨ ॥

ਬਗੁਰਰੀਦਨ ਆਮਦ ਦੋ ਅਬਰੇ ਮਸਾਫ਼ ॥

ਯਕੇ ਗਸ਼ਤ ਘਾਯਲ ਯਕੇ ਗਸ਼ਤ ਸਾਫ਼ ॥ ੯੩ ॥

ਗੁਰਰੀਦਨ—ਗਜਣਾ। ਆਮਦ—ਆ ਗਏ। ਅਬਰੇ—ਬਦਲ। ਮੁਸਾਫ਼—ਜੁਧ। ਗਸ਼ਤ—ਹੋਇਆ। ਘਾਯਲ—ਜ਼ਖਮੀ। ਸਾਫ਼—ਦੂਰ।

ਲੜਾਈ ਦੇ ਦੋ ਬੱਦਲ ਆਏ ਅਤੇ ਗਰਜਨ ਲਗ ਪਏ। (ਉਹਨਾਂ ਵਿਚੋਂ) ਇਕ ਜ਼ਖਮੀ ਹੋ ਗਿਆ ਅਤੇ ਇਕ ਦੂਰ ਹੋ ਗਿਆ (ਭਾਵ ਮਰ ਗਿਆ) ॥ ੯੩ ॥

ਚਕਾ ਚਕ ਬਰਖਾਸਤ ਤੀਰੋ ਤੁਫੰਗ ॥

ਖਤਾ ਖਤ ਦਰਾਮਦ ਹਮਾਂ ਰੰਗ ਰੰਗ ॥ ੯੪ ॥

ਚਕਾ ਚਕ—ਘਚਾ-ਘਚ (ਤੀਰ ਵਜਣ ਵੇਲੇ ਦੀ ਆਵਾਜ਼ ਘਚਰ ਹੁੰਦੀ ਹੈ)। ਖਤਾ ਖਤ—ਕਾੜ ਕਾੜ (ਗੋਲੀ ਵਜਣ ਵੇਲੇ ਦੀ ਇਹ ਅਵਾਜ ਹੁੰਦੀ ਹੈ)। ਬਰਖਾਸਤ—ਉਠੀ।

ਤੀਰਾਂ ਦੇ (ਵਜਣ ਤੋਂ) ਘਚਾ ਘਰ (ਅਵਾਜ਼) ਉਠੀ ਅਤੇ ਬੰਦੂਕਾ (ਦੇ ਚਲਣ ਤੇ ਵਜਣ ਵੇਲੇ) ਕਾੜ (ਦੀ ਅਵਾਜ ਰਣ ਭੂਮੀ) ਵਿਚੋਂ ਆਉਣ ਲਗੀ, (ਇਸ ਤਰ੍ਹਾਂ) ਸਭ ਪਾਸਿਆਂ ਤੋਂ ਰੰਗਾਂ ਰੰਗਾਂ (ਦੀ ਆਵਾਜ਼ ਹੁੰਦੀ ਸੀ) ॥ ੯੪ ॥

ਜ਼ ਤੀਰੋ ਜ਼ ਤੋਪੋ ਜ਼ ਤੇਗੋ ਤਬਰ ॥

ਜ਼ ਨੇਜ਼ਾ ਵ ਨਾਚਿਖ ਵ ਨਾਵਕ ਸਿਪਰ ॥ ੯੫ ॥

ਤੇਗ—ਤਲਵਾਰ। ਤਬਰ—ਕੁਹਾੜੇ। ਨਾਚਿਖ—ਛੋਟਾ ਬਰਛਾ। ਨਾਵਕ—ਲੋਹੇ ਦਾ ਤੀਰ।

ਤੀਰਾਂ ਨਾਲ, ਤੋਪਾਂ ਨਾਲ, ਤਲਵਾਰਾਂ ਤੇ ਕੁਹਾੜਿਆਂ ਨਾਲ, ਬਰਛੇ ਨਾਲ ਜਾਂ ਛੋਟੇ ਬਰਛੇ ਨਾਲ ਜਾਂ ਲੋਹੇ ਦੇ ਤੀਰਾਂ ਨਾਲ ਵਾ ਢਾਲਾਂ ਨਾਲ (ਬੜਾ ਭਾਰਾ ਜੁਧ ਹੋਇਆ) ॥੯੫॥

ਯਕੇ ਦੇਵ ਆਮਦ ਕਿ ਜ਼ਾਗੇ ਨਿਸ਼ਾਂ ॥

ਚੋ ਗੁਰਰੰਦਹ ਸ਼ੇਰ ਹਮਚੋ ਪੀਲੇ ਦਮਾਂ ॥੯੬॥

ਜ਼ਾਗੇ–ਕਾਂ। ਨਿਸ਼ਾਂ–ਨਿਆਂਈਂ ਵਰਗਾ। ਚੋ–ਜੈਸੇ। ਗਰਰੰਦਹ–ਗਰਜਨ। ਹਮਚੋ–ਵਰਗਾ। ਪੀਲੇ–ਹਾਥੀ। ਦਮਾਂ–ਮਤਵਾਲਾ।

ਇਕ ਦੈਂਤ ਆਇਆ ਜੋ ਕਾਉਂ ਦੇ ਸਮਾਨ (ਕਾਲਾ ਸੀ)। ਸ਼ੇਰ ਵਾਂਗੂ ਘੁਰਾਉਨ ਲਗਾ (ਜੋ) ਹਾਥੀ ਵਰਗਾ ਮਤਵਾਲਾ ਸੀ ॥੯੬॥

ਕੁਨਦ ਤੀਰ ਬਾਰਾਂ ਚੋ ਬਾਰਾਨਿ ਮੇਘ ॥

ਬਰਖ਼ਸ਼ ਅੰਦਰਾਂ ਅਬਰ ਚੂੰ ਬਰਕ ਤੇਗ ॥੯੭॥

ਕੁਨਦ–ਕਰਦਾ ਹੈ। ਬਾਰਾਂ–ਬਾਰਸ਼। ਬਾਰਾਨਿ–ਬਰਖਾ ਦੀ। ਮੇਘ–ਬਦਲ। ਬਰਖਸ਼= (ਬ+ਰਾਖਸ਼) ਚਮਕੀ। ਅਬਰ–ਬਦਲ। ਚੂੰ=ਵਾਂਗ। ਬਰਕ–ਬਿਜਲੀ। ਤੇਗ=ਤਲਵਾਰ।

ਬੱਦਲ ਦੀ ਬਰਖਾ ਸਮਾਨ ਤੀਰਾਂ ਦੀ ਬਾਰਸ਼ ਕਰਦਾ ਹੈ। (ਅਤੇ) ਬਦਲਾਂ ਵਿਚ ਬਿਜਲੀ ਦੀ ਚਮਕ ਸਮਾਨ ਤਲਵਾਰ ਚਮਕਾਈ ਹੈ ॥੯੭॥

ਬਜੋਸ਼ ਅੰਦਰਾਮਦ ਦਹਾਨੇ ਦੁਹਲ ॥

ਚੋ ਪੁਰ ਗਸ਼ਤ ਬਾਜ਼ਾਰ ਜਾਏ ਅਜ਼ਲ ॥੯੮॥

ਬਜੋਸ਼=ਬੜੇ ਜੋਸ਼। ਦਹਾਨੇ–ਮੂੰਹ। ਦੁਹਲ–ਢੋਲ। ਪੁਰ ਗਸਤ=ਭਰ ਗਿਆ। ਬਾਜ਼ਾਰ= ਮੇਲਾ। ਜ਼ਾਏ–ਜਗ੍ਹਾ। ਅਜ਼ਲ–ਕਿਆਮਤ (ਭਾਵ ਮੌਤ)।

ਢੋਲ ਦਾ ਮੂੰਹ ਬੜੇ ਜੋਸ਼ ਵਿਚ ਆ ਗਿਆ। (ਰਣ ਭੂਮੀ ਦੀ) ਜਗ੍ਹਾ ਤੇ ਮੌਤ ਦਾ ਮੇਲ ਭਰ ਗਿਆ ॥੯੮॥ ਭਾਵ–ਦੋਹਾਂ ਪਾਸਿਆਂ ਤੋਂ ਧੌਂਸੇ ਨਗਾਰੇ ਵਜਣ ਲਗ ਪਏ, ਸੂਰਮਿਆਂ ਨੇ ਕਟਾ ਵਢ ਸ਼ੁਰੂ ਕਰ ਦਿਤੀ ਤੇ ਮੌਤ ਦਾ ਬਜਾਰ ਭਰ ਗਿਆ ਭਾਵ ਬਹੁਤ ਸਾਰੇ ਮਰ ਗਏ।

ਹਰਾਂ ਕਸ ਕਿ ਪੱਰਾ ਸ਼ਵਦ ਤੀਰਿ ਸ਼ਸਤ ॥

ਬ ਸੂਦ ਪਹਿਲੂਏ ਪੀਲ ਮਰਦਾਂ ਗੁਜ਼ਸ਼ਤ ॥੯੯॥

ਹਰਾਂ ਕਸ–ਜੇਹੜਾ ਕੋਈ। ਪੱਰਾ ਸ਼ਵਦ–ਉਡਦਾ ਹੋਇਆ। ਸ਼ਸ਼ਤ–ਨਿਸ਼ਾਨਾ। ਸੂਦ–ਸੋ। ਪਹਿਲੂ=ਪਸਲੀ। ਏ=ਦੀ। ਪੀਲ ਮਰਦਾਂ=ਹਾਥੀ ਵਰਗੇ ਬੰਦਿਆਂ, ਵਡੀ ਡੀਲ ਡੌਲ ਵਾਲੇ ਸੂਰਮਿਆਂ। ਗੁਜ਼ਸਤ–ਲੰਘ ਗਿਆ।

(ਰਾਜ ਕੁਮਾਰੀ ਦੇ ਧਨੁਖ ਤੋਂ) ਜੇਹੜਾ ਕੋਈ ਭੀ ਉਡਦਾ ਹੋਇਆ ਤੀਰ ਨਿਸ਼ਾਨੇ (ਵਿਚ ਵਜਾ ਹੈ। ਉਹ) ਬੜੀ ਵਡੀ ਡੀਲ ਵਾਲੇ ਸੂਰਮਿਆਂ ਦੀਆਂ ਸੌ ਪਸਲੀਆਂ ਵਿਚੋਂ ਦੀ ਲੰਘਗਿਆ ਹੈ।੯੯।

ਹਮਾਂ ਕਸ ਬਸੇ ਤੀਰ ਜ਼ਦ ਬਰ ਕਜ਼ਾਂ ॥

ਬਿ ਉਫ਼ਤਾਦ ਦੇਵੇ ਚੋ ਕਾਖੇ ਗਿਰਾਂ॥੭੦॥

ਹਮਾਂ ਕਸ–ਉਸਨੇ ਭੀ। ਬਸੇ–ਬਹੁਤ। ਜ਼ਦ–ਮਾਰੇ। ਬਰ ਕਜ਼ਾਂ–(ਬਰ+ਕਿ+ਅਜ਼+ਆਂ) ਉਸਦੇ

ਉਤੇ।ਬਿਉਫ਼ਤਾਦ—ਡਿਗ ਪਿਆ।ਦੇਵੇ ਚੋ—ਦੇਉ ਵਾਂਗੂ।ਕਾਖੇ—ਅਟਾਰੀ ਵਾਂਗ।ਗਿਰਾਂ—ਵਡੀ।

ਉਸ ਨੇ ਭੀ ਉਸ ਦੇ ਉਤੇ ਬਹੁਤ ਸਾਰੇ ਤੀਰ ਮਾਰੇ। (ਜਿਸ ਕਰਕੇ ਉਹ) ਦੈਂਤ ਉਚੀ ਅਟਾਰੀ ਵਾਂਗੂ ਡਿਗ ਪਿਆ (ਤੇ ਮਰ ਗਿਆ) ॥੭੦॥

ਦਿਗਰ ਦੇਵ ਗਰਗਸ਼ਤ ਆਮਦ ਬਜੰਗ ॥

ਚੋ ਸ਼ੇਰਿ ਅਜ਼ੀਮ ਹਮਚੋ ਪਰ ਰਾ ਪਲੰਗ ॥੭੧॥

ਗਰਗਸ਼ਤ—(ਗਰ ਸ਼ ਇਲ ਜ਼ਾਂ ਗਿਰਝ। ਅਜ਼ੀਮ—ਵਡਾ। ਹਮ ਚੋ—ਵਰਗਾ। ਪਰ ਰਾ—ਉਡਨ ਵਾਲਾ। ਪਲੰਗ—ਚਿਤ੍ਰਾ।

ਦੂਜਾ (ਇਕ ਹੋਰ) ਦੇਉ ਗਿਰਝ (ਸਮਾਨ) ਜੰਗ ਕਰਨ ਲਈ ਆਇਆ। (ਜੋ) ਸ਼ੇਰ ਦੇ ਸਮਾਨ ਵਡਾ ਸੀ ਤੇ ਪਲੰਗ* ਸਮਾਨ ਉਡਣ ਵਾਲਾ ਸੀ ॥੭੧॥

ਚੁਨਾਂ ਜ਼ਖਮ ਗੋਪਾਲ ਅੰਦਾਖਤ ਸਖ਼ਤ ॥

ਬਿ ਉਫਤਾਦ ਦਾਨੋ ਚੂੰ ਬੇਖ਼ ਅਜ਼ ਦਰਖਤ ॥੭੨॥

ਚੁਨਾਂ—ਅਜੇਹਾ। ਗੋਪਾਲ—ਗੋਪੀਆ. ਗੁਲੇਲਾ। ਅੰਦਾਖ਼ਤ—ਮਾਰਿਆ। ਸਖ਼ਤ—ਕਰੜਾ। ਦਾਨ—ਦੈਂਤ। ਚੂੰ—ਜਿਵੇਂ, ਵਾਂਗੂ। ਬੇਖ਼—ਜੜ੍ਹ। ਅਜ਼—ਤੋਂ। ਦਰਖਤ—ਬਿਰਛ।

ਅਜੇਹਾ ਕਰੜਾ ਗੁਲੇਲਾ (ਉਸ ਨੂੰ ਰਾਜ ਕੁਮਾਰੀ ਨੇ)ਮਾਰਿਆ,(ਜਿਸ ਦੇ) ਜ਼ਖਮ ਨਾਲ ਦੈਂਤ (ਇਸ ਤਰ੍ਹਾਂ, ਡਿਗ ਪਿਆ। (ਜਿਸ ਤਰ੍ਹਾਂ) ਜੜ੍ਹ ਤੋਂ ਪੁਟਿਆ ਹੋਇਆ ਬ੍ਰਿਛ (ਡਿਗਦਾ ਹੈ)॥੭੨॥

ਦਿਗਰ ਕਸ ਨਿਆਮਦ ਅਜ਼ੋ ਆਰਜ਼ੂ ॥

ਕਿ ਆਯਦ ਬਜੰਗੇ ਚੁਨੀਂ ਮਾਹਰ ॥੭੩॥

ਦਿਗਰ—ਫੇਰ. ਹੋਰ। ਕਸ—ਕੋਈ ਭੀ। ਅਜ਼ੋ—ਉਸ ਤੋਂ। ਆਰਜ਼ੂ—ਇਛਾ। ਆਯਦ—ਆਵੇ। ਚੁਨੀਂ—ਅਜੇਹੀ। ਮਾਹਰੂ—ਚੰਦ੍ਰਮੁਖੀ।

ਫੇਰ ਕਿਸੇ ਨੇ ਭੀ ਉਸ ਦੇ(ਸਾਹਮਣੇ) ਆਉਣ ਦੀ ਇਛਾ ਨਾ ਕੀਤੀ। ਜੋ ਚੰਦ੍ਰਮੁਖੀ ਇਸ ਤਰ੍ਹਾਂ ਦੇ ਜੰਗ ਕਰਨ ਨੂੰ ਆਈ ਹੋਈ ਸੀ ॥੭੩॥

ਸ਼ਾਹਿ ਚੀਨ ਸਰ ਤਾਜ ਰੰਗੀਂ ਨਿਹਾਦ ॥

ਬਲਾਇ ਰੁ ਬਾਰਸ਼ ਦਿਹੱਨ ਬਰ ਕੁਸ਼ਾਦ ॥੭੪॥

ਸ਼ਾਹਿ—ਰਾਜਾ। ਚੀਨ—ਇਕ ਦੇਸ ਦਾ ਨਾਮ ਹੈ, ਭਾਵ ਚੜ੍ਹਦੀ ਦਿਸ਼ਾਂ ਤੋਂ ਹੈ। ਸਰ—ਸਿਰ। ਨਿਹਾਦ—ਰਖ ਦਿਤਾ। ਬਲਾਇ—ਚੁੜੇਲ। ਗੁਬਾਰ—ਹਨੇਰਾ, (ਭਾਵ ਕਾਲਾ)। ਸ਼—ਉਸ। ਦਿਹਨ—ਮੂੰਹ। ਬਰ ਕੁਸ਼ਾਦ—ਖੋਲ੍ਹ ਲਿਆ।

ਚੀਨ ਦੇ ਰਾਜੇ ਨ (ਆਪਣੇ) ਸਿਰ ਤੋਂ ਰੰਗੀਨ ਤਾਜ (ਲਾਹ ਕੇ) ਰਖ ਦਿਤਾ ਹੈ। (ਜੋ) ਕਾਲੀ ਚੁੜੇਲ ਹੈ, ਉਸ ਨੇ (ਆਪਣਾ) ਮੂੰਹ ਖੋਲ੍ਹ ਲਿਆ ਹੈ ॥੭੪॥

ਭਾਵ—ਸੂਰਜ ਛਿਪ ਗਿਆ ਹੈ, ਉਸ ਦਾ ਪ੍ਰਕਾਸ਼ ਮਿਟ ਗਿਆ ਹੈ ਅਤੇ ਕਾਲੀ ਬੋਲੀ ਰਾਤ ਦਾ ਪ੍ਰਭਾਵ ਫੈਲ ਗਿਆ ਹੈ।

---

*ਇਕ ਬੜੇ ਫੁਰਤੀਲੇ ਜਾਨਵਰ ਦਾ ਨਾਮ ਹੈ, ਇਸ ਦਾ ਅਰਥ ਚਿਤ੍ਰਾ ਕਰਦੇ ਹਨ, ਪਰ ਫਾਰਸੀ ਵਿਚ ਚਿਤਰੇ ਦਾ ਨਾਮ 'ਯੂਜ਼' ਕਿਹਾ ਜਾਂਦਾ ਹੈ।

ਸ਼ਬ ਆਮਦ ਯਕੇ ਫ਼ੌਜ ਰਾ ਸਾਜ਼ ਕਰਦ ॥
ਜ਼ ਦੀਗਰ ਵਜ਼ਹ ਬਾਜ਼ੀ ਆਗ਼ਾਜ਼ ਕਰਦ ॥੭੫॥

ਸ਼ਬ—ਰਾਤ। ਵਜ਼ਹ—ਢਗ। ਬਾਜ਼ੀ—ਖੇਡ। ਆਗਾਜ਼—ਅਰੰਭ। ਇਕ ਫੌਜ ਦਾ ਬਨਾਉ ਕਰਦੀ ਹੋਈ ਰਾਤ ਆ ਗਈ। ਉਸਨੇ ਦੂਜੀ ਤਰ੍ਹਾਂ ਨਾਲ ਖੇਡ ਦਾ ਆਰੰਭ ਕਰ ਦਿਤਾ ॥੭੫॥

ਕਿ ਅਫ਼ਸੋਸ ਅਫ਼ਸੋਸ ਹੈ ਹਾਤ ਹਾਤ ॥
ਅਜ਼ੀਂ ਉਮਰ ਵਜ਼ੀਂ ਜ਼ਿੰਦਗੀ ਜ਼ੀਂ ਹਯਾਤ ॥੭੬॥

ਅਫਸ਼ੋਸ—ਸੋਕ। ਹਾਤ ਹਾਤ—ਹਾਇ ਹਾਇ। ਅਜ਼ੀਂ—ਇਸ। ਵਜ਼ੀਂ—(ਵ+ਅਜ਼ੀਂ) ਤੇ ਇਸ। ਜ਼ੀਂ—ਇਸ। ਹਯਾਤ—ਜੀਵਨ।

(ਬਛਤ੍ਰਾਮਤੀ ਨੇ ਕਿਹਾ)—ਹਾਇ! ਹਾਇ!! ਅਫਸ਼ੋਸ (ਹੈ! ਸੌ ਵਾਰੀ) ਅਫਸੋਸ ਹੈ। ਇਸ ਉਮਰ, ਇਸ ਜਿੰਦਗੀ ਅਤੇ ਇਸ ਜੀਵਨ ਉਤੇ ॥ ੭੬ ॥

ਬ ਰੋਜ਼ੇ ਦਿਗ਼ਰ ਰੌਸ਼ਨੀਯਤ ਫਿਕਰ ॥
ਬਰ ਔਰੰਗ ਦਰਾਮਦ ਚੂੰ ਸ਼ਾਹੇ ਦਿਗਰ ॥੭੭॥

ਰੌਸ਼ਨ ਯਤ ਫਿਕਰ—ਚਾਨਣ ਦਾ ਪ੍ਰਬੰਧ ਕਰਨ ਵਾਲਾ—ਸੂਰਜ। ਬਰ—ਔਰੰਗ—ਗੱਦੀ ਉਤੇ। ਚੂੰ—ਵਾਂਗੂੰ। ਸ਼ਾਹੇ ਦਿਗਰ—ਦੂਜੇ ਰਾਜੇ।

ਦੂਜੇ ਦਿਨ ਰੌਸ਼ਨੀ ਦਾ ਪ੍ਰਬੰਧ ਕਰਨ ਵਾਲਾ (ਸੂਰਜ)। (ਆਪਣੇ ਅਕਾਸ਼ ਰੂਪ) ਸਿੰਘਾਸਨ ਉਤੇ ਦੂਜੇ ਰਾਜ ਵਾਂਗੂ ਆ ਗਿਆ ॥ ੭੭ ॥

ਭਾਵ—ਜਿਸ ਤਰ੍ਹਾ ਇਕ ਰਾਜੇ ਦੇ ਗੁਜਰ ਜਾਣ ਮਗਰੋਂ ਦੂਜਾ ਰਾਜਾ ਰਾਜ ਗੱਦੀ ਉਤੇ ਆ ਬੈਠਦਾ ਹੈ, ਇਸੇ ਤਰ੍ਹਾਂ ਹੀ ਰਾਤ ਦੇ ਮਗਰੋਂ ਸੂਰਜ ਦੇਵਤਾ ਅਕਾਸ਼ ਮੰਡਲ ਵਿਚ ਆ ਬਿਰਾਜਿਆ ਹੈ।

ਸਿਪਹਿ ਸੂ ਦੁ ਬਰਖ਼ਾਸਤ ਅਜ਼ ਜੋਸ਼ਿ ਜੰਗ ॥
ਰਵਾਂ ਸ਼ੁਦ ਬ ਹਰ ਗੋਸ਼ਹ ਤੀਰੋ ਤੁਫ਼ੰਗ ॥੭੮॥

ਸਿਪਹਿ—ਸਿਪਾਹ, ਸੈਨਾ, ਫੌਜ। ਸੂ ਦੁ—ਦੋ ਪਾਸੇ। ਬਰਖਾਸਤ—ਉਠ ਖੜੋਤੀ। ਅਜ਼—ਨਾਲ ਜੋਸ਼ਿ—ਦਿਲ ਦੇ ਉਬਾਲ (ਭਾਵ ਕਰੋਧ)। ਰਵਾਂ ਸ਼ੁਦ—ਚਲਣੇ ਸ਼ੁਰੂ ਹੋ ਗਏ। ਹਰ ਗੋਸ਼ਹ—ਸਾਰੇ ਕੋਨਿਆਂ ਵਿਚ।

(ਤਦ) ਦੋਹਾਂ ਪਾਸਿਆਂ ਦੀ ਫੌਜ ਦਿਲ ਦੇ ਉਤਸ਼ਾਹ ਨਾਲ ਜੰਗ ਵਾਸਤੇ ਉਠ ਕੇ ਖੜੀ ਹੋ ਗਈ। ਸਾਰੇ ਕੋਨਿਆਂ (ਖੂੰਜਾਂ) ਵਿਚ ਤੀਰ ਤੇ ਗੋਲੀਆਂ ਚਲਣੀਆਂ ਸ਼ੁਰੂ ਹੋ ਗਈਆਂ ॥ ੭੮ ॥

ਰਵਾਂ ਰਉ ਸ਼ੁਦਹ ਕੈਬਰਿ ਕੀਨਹ ਕੋਸ਼ ॥
ਕਿ ਬਾਜ਼ੂਇ ਮਰਦਾਂ ਬਰਾਵੁਰਦ ਜੋਸ਼ ॥੭੯॥

ਰਵਾਂ ਰਉ—ਦਬਾ ਦਬ। ਸ਼ੁਦਹ—ਹੋਏ, ਚਲੇ। ਕੈਬਰਿ—ਤੀਰ। ਕੀਨਹ ਕੋਸ਼—ਬੁਰਾ ਯਤਨ, ਬੁਰਾਈ। ਬ ਜ਼ੂਇ—ਬਾਹਾਂ, ਮਦਦਗਾਰ।

ਬੁਰਾਈ ਕਰਨ ਵਾਲੇ ਤੀਰ ਦਬਾ ਦਬ ਚਲੇ। ਮਰਦਾਂ ਦੀਆਂ ਬ ਹਾਂ ਵਿਚ ਜੋਸ਼ ਆ ਗਿਆ ॥੭੯॥

ਚੁ ਲਸ਼ਕਰ ਤਮਾਮੀ ਦਰਾਮਦ ਬਕਾਮ ॥

ਯਕੇ ਮਾਂਦ ਓ ਰਾ ਸੁਭਟ ਸਿੰਘ ਨਾਮ ॥੯੦॥

ਚੁ–ਜਦ। ਲਸ਼ਕਰ–ਫੌਜ। ਤਮਾਮੀ–ਸਾਰੀ ਹੀ। ਦਰਾਮਦ–ਆ ਗਈ। ਬਕਾਮ–ਕੰਮ ਵਿਚ (ਭਾਵ ਮਰ ਗਈ)। ਯਕੇ–ਇਕੋ ਹੀ। ਮਾਂਦ–ਰਹਿ ਗਿਆ ਓ ਰਾ–ਉਸ ਦਾ।

ਜਦ ਸਾਰੀ ਹੀ ਫੌਜ ਮਰ ਗਈ,(ਅਤੇ ਪਿਛੇ) ਇਕੋ ਹੀ ਰਹਿ ਗਿਆ,ਉਸ ਦਾ ਨਾਮ'ਸੁਭਟ ਸਿੰਘ' ਸੀ ॥੯੦॥

ਬਗੋਯਦ ਕਿ ਐ ਸ਼ਾਹਿ ਰੁਸਤਮ ਜ਼ਮਾਂ ॥
ਤੁ ਮਾ ਰਾ ਬਿਕੁਨ ਯਾ ਬਗੀਰੀ ਕਮਾਂ ॥੯੧॥

ਬਗੋਯਦ–ਕਿਹਾ। ਰੁਸਤਮ–ਇਕ ਪਹਿਲਵਾਨ ਜੋਧੇ ਦਾ ਨਾਮ ਹੈ ਜੋ ਬੜਾ ਬਹਾਦਰ ਯੋਧਾ ਹੋ ਚੁਕਾ ਹੈ। ਬਿਕਨ–ਕਰ। ਬਗੀਰੀ–ਫੜ।

(ਬਛਤ੍ਰਾਮਤੀ ਨੇ) ਕਿਹਾ–ਹੇ ਰਾਜੇ ! ਸਮੇਂ ਦੇ ਰੁਸਤਮ ! ਕੀ ਤੂੰ ਮੈਨੂੰ ਕਰਦਾ ਹੈਂ ਜਾਂ ਕਮਾਨ ਫੜਦਾ ਹੈਂ ? (ਅਰਥਾਤ ਮੇਰੇ ਨਾਲ ਸ਼ਾਦੀ ਕਰਦਾ ਹੈਂ ਜਾਂ ਲੜਾਈ ਕਰਦਾ ਹੈਂ ?) ॥੯੧॥

ਬ ਗਜ਼ਬ ਅੰਦਰ ਆਮਦ ਚੁ ਸ਼ੇਰੇ ਯਿਆਂ ॥
ਨ ਪੁਸ਼ਤੇ ਦਿਹਮ ਬਾਨੂ ਏ ਹਮ ਚੁਨਾਂ ॥੯੨॥

ਗਜ਼ਬ–ਕਰੋਧ। ਚੁ–ਵਾਂਗੂ। ਯਿਆਂ–ਡਰਾਉਣਾ। ਪੁਸ਼ਤੋ–ਪਿਠ। ਦਿਹਮ–ਦੇਵਾਂਗਾ। ਬਾਨੂ –ਇਸਤ੍ਰੀ। ਹਮ–ਮੈਂ। ਚੁਨਾ–ਇਸ ਤਰ੍ਹਾਂ।

(ਇਹ ਗੱਲ ਸੁਣਦਿਆਂ ਹੀ ਸੁਭਟ ਸਿੰਘ) ਕ੍ਰੋਧ ਅੰਦਰ ਆ ਗਿਆ ਅਤੇ ਸ਼ੇਰ ਦੇ ਸਮਾਨ ਡਰਾਉਣਾ (ਹੋ ਕੇ ਕਹਿਣ ਲਗਾ)–'ਹੇ ਇਸਤ੍ਰੀ ! ਇਸ ਤਰ੍ਹਾਂ ਨਾਲ ਮੈਂ (ਜੁਧ ਨੂੰ) ਪਿਠ ਨਹੀਂ ਦਿਆਂਗਾ ॥੯੨॥

ਬਿਪੋਸ਼ੀਦ ਖ਼ਫਤਾਨ ਜੋਸ਼ੀਦ ਜੰਗ ॥
ਬਿਕੋਸ਼ੀਦ ਚੂੰ ਸ਼ੇਰ ਮਰਦਾਂ ਨਿਹੰਗ ॥੯੩॥

ਬਿਪੋਸ਼ੀਦ–ਪਹਿਨ ਲਿਆ। ਖ਼ਫਤਾਨ–ਸੰਜੋਇ। ਜੋਸੀਦ–ਮਚਿਆ। ਬਿਕੋਸ਼ੀਦ–ਉਦਮ ਕੀਤਾ, ਯਤਨ ਕੀਤਾ। ਨਿਹੰਗ–ਮਗਰ ਮਛ।

(ਫਿਰ ਉਸ ਨੇ) ਸੰਜੋਅ ਪਹਿਨ ਲਿਆ ਤੇ ਜੰਗ ਮਚਾ ਦਿਤਾ। (ਉਸ) ਸ਼ੇਰ ਮਰਦ ਨੇ ਮਗਰ ਮਛ ਵਰਗਾ ਉਦਮ ਕੀਤਾ ॥੯੩॥

ਬ ਚਾਲਸ਼ ਦਰਾਂਮਦ ਚੁ ਸ਼ੇਰੇ ਅਜ਼ੀਮ ॥
ਬ ਕੈਬਰ ਕਮਾਂ ਕਰਦ ਬਾਰਸ਼ ਕਰੀਮ ॥੯੪॥

ਚਾਲਸ਼–ਚਾਲ, ਤਰ। ਅਜ਼ੀਮ–ਵਡਾ। ਕੈਬਰ–ਤੀਰ। ਕਮਾਂ–ਕਮਾਨ। ਬਾਰਸ਼–ਮੀਂਹ। ਕਰੀਮ–ਵਡੀ। ਚੁ–ਵਾਂਗੂ। ਬ–ਸਾਥ, ਨਾਲ।

ਉਹ ਚਲ ਕੇ ਵਡੇ ਸ਼ੇਰ ਵਾਂਗੂ (ਜੰਗ) ਵਿਚ ਆ ਗਿਆ। ਕਮਾਨ ਨਾਲ ਤੀਰਾਂ ਦੀ ਬੜੀ ਭਾਰੀ ਬਾਰਸ਼ ਕਰ ਦਿਤੀ (ਅਰਥਾਤ ਤੀਰਾਂ ਦਾ ਮੀਂਹ ਵਸ੍ਹਾ ਦਿਤਾ) ॥੯੪॥

ਚਪੋ ਰਾਸਤ ਓ ਕਰਦ ਖਮ ਕਰਦ ਰਾਸਤ ॥

ਗਰੇਵੇ ਕਮਾਂ ਚਰਖ਼ ਚੀਨੀ ਬਿਖ਼ਾਸਤ ॥ ੯੫ ॥

ਚਪੋ ਰਾਸਤ—ਖੱਬਾ ਤੇ ਸੱਜਾ। ਖਮ—ਵਿੰਗਾ, ਟੇਢਾ। ਰਾਸਪ—ਸਿਧਾ। ਗਰੇਵੇ—ਖੜਾਕ। ਚਰਖ—ਅਕਾਸ਼। ਬਿਖਾਸਤ—ਉਠਿਆ।

ਉਸ ਨੇ ਖਬੇ ਤੇ ਸਜੇ (ਵੱਲ ਵਾਰ) ਕੀਤਾ,(ਫਿਰ) ਵਿੰਗਾ ਤੇ ਸਿਧਾ (ਭੀ ਮੁਕਾਬਲਾ ਕੀਤਾ। ਚੀਨ (ਦੇਸ)ਦੀ ਕਮਾਨ ਦਾ ਖੜਾਕ ਅਕਾਸ਼ ਤਕ ਉਠਿਆ (ਅਰਥਾਤ ਸੁਭਟ ਸਿੰਘ ਦੇ ਹਥ ਵਿਚ ਚੀਨ ਦੇਸ ਦੀ ਕਮਾਨ ਸੀ, ਉਸ ਦੇ ਤਿੜਕਨ ਦਾ ਖੜਾਕ ਅਕਾਸ ਤਕ ਗੂੰਜਿਆ ॥ ੯੫ ॥

ਹਰਾਂ ਕਸ ਕਿ ਨੇਜ਼ਹ ਬਿਉਫ਼ਤਾਦ ਮੁਸ਼ਤ ॥
ਦੋ ਤਾ ਗਸ਼ਤ ਮਸ਼ਤ ਹਮੀਂ ਚਾਰ ਗਸ਼ਤ ॥ ੯੬ ॥

ਹਰਾਂ ਕਸ—ਜੋ ਕੋਈ। ਨੇਜ਼ਹ—ਬਰਛਾ। ਬਿਉਫ਼ਤਾਦ—ਡਿਗਾ। ਮਸ਼ਤ—ਮੁਠੀ। ਦੋ ਤਾ—ਦੂਹਰਾ। ਗਸ਼ਤ—ਹੋ ਗਿਆ। ਹਮੀ—ਓਹ ਭੀ। ਚਾਰ ਗਸ਼ਤ—ਚਾਰ ਹੋ ਗਿਆ।

(ਬਛਤ੍ਰਮਤੀ ਦੀ) ਮੁਠ ਦਾ ਬਰਛਾ ਜਿਸ ਕਿਸੇ ਉਤੇ ਡਿਗ ਪਿਆ। ਉਹ ਦੋ ਹੋ ਗਿਆ ਜਾਂ ਉਹ ਚਾਰ ਮੁਠਾਂ ਹੋ ਗਿਆ। ॥ ੯੬ ॥

ਭਾਵ—ਰਾਜ ਕੁਮਾਰੀ ਨੇ ਹਥ ਦੇ ਬਰਛੇ ਨਾਲ ਜਿਸ ਕਿਸੇ ਉਤੇ ਵਾਰ ਕੀਤਾ ਉਹ ਦੋ ਤੋਂ ਚਾਰ ਟੁਕੜੇ ਤਕ ਹੋ ਕੇ ਡਿਗ ਪਿਆ।

ਬਿਯਾਵਖ਼ਤ ਬਾ ਦੀਗਰੇ ਬਾਜ ਪਰ ॥
ਚੁ ਸੁਰਖ ਅਜ਼ਦਹਾ ਬਰ ਹਮੀ ਸ਼ੇਰ ਨਰ ॥ ੯੭ ॥

ਬਿਯਾਵਖ਼ਤ—ਦੂਜੇ ਨਾਲ ਚੰਬੜੀ। ਬਾ—ਨਾਲ। ਦੀਗਰੇ—ਦੂਜੇ। ਬਾਜ਼—ਫੇਰ। ਪਰ—ਪਿਛੇ। ਚੁ—ਵਾਂਗ। ਸੁਰਖ—ਲਾਲ। ਅਜ਼ਦਹਾ—ਬਹੁਤ ਵਡਾ ਸਪ। ਬਰ—ਉਤੇ। ਸ਼ੇਰ ਨਰ—ਸੂਰਮੇ।

ਫਿਰ ਪਿਛੇ (ਦੀ ਹੋ ਕੇ) ਦੂਜੇ ਨਾਲ (ਇਸ ਤਰ੍ਹਾਂ ਚੰਬੜ ਗਈ। ਜ਼ਿਵੇਂ ਲਾਲ ਰੰਗ ਦੀ) ਸਰਾਲ ਸੂਰਮੇ ਉਤੇ (ਪਈ ਹੁੰਦੀ ਹੈ) ॥ ੯੭ ॥

ਚੁਨਾਂ ਬਾਨ ਉਫ਼ਤਾਦ ਤੀਰੋ ਤੁਫੰਗ ॥
ਜ਼ਮੀ ਕੁਸਤ ਗਾਨਸ਼ ਸ਼ੁਦਹ ਲਾਲ ਰੰਗ ॥ ੯੮ ॥

ਕੁਨਾਂ—ਅਜੇਹਾ। ਉਫ਼ਤਾਦ—ਲਗਾ। ਕੁਸ਼ਤਗਾਨ—ਮੁਰਦਿਆਂ। ਸ਼ੁਦਹ—ਹੋ ਗਈ।ਬਾਨ—ਚੋਟ

ਤੀਰਾਂ ਤੇ ਗੋਲੀਆਂ ਦੀਆਂ ਅਜੇਹੀਆਂ ਸੱਟਾਂ ਵਜੀਆਂ। (ਜੋ) ਮੁਰਦਿਆਂ ਦੇ ਲਹੂ ਨਾਲ ਧਰਤੀ ਭੀ ਲਾਲ ਰੰਗ ਦੀ ਹੋ ਗਈ। ॥ ੯੮ ॥

ਕੁਨਦ ਤੀਰ ਬਾਰਾਨ ਰੋਜ਼ੇ ਤਮਾਮ ॥
ਕਸੇ ਰਾ ਨ ਗਸਤੀਦ ਮਕਸੂਦ ਕਾਮ ॥ ੯੯ ॥

ਕਨਦ—ਕੀਤੀ। ਬਾਰਾਨ—ਬਾਰਸ। ਰੋਜ਼ੇ ਤਮਾਮ—ਸਾਰਾ ਦਿਨ। ਕਸੇ ਰਾ—ਕਿਸੇ ਦੀ। ਗਸ਼ਤੀਦ—ਹੋਇਆ। ਮਕਸੂਦ—ਪੂਰੀ ਹੋਈ।

(ਦੋਹਾਂ ਪਾਸਿਆਂ ਨੇ) ਸਾਰਾ ਦਿਨ ਤੀਰਾਂ ਦੀ ਬਾਰਸ਼ ਕੀਤੀ। (ਪਰ)ਕਿਸੇ ਦੀ ਭੀ ਕਾਮਨਾ ਪੂਰੀ ਨਾ ਹੋਈ ॥ ੯੯ ॥

ਅਜ਼ੋ ਜੰਗਜ਼ੋ ਮਾਂਦਗੀ ਮਾਂਦਹ ਗਸ਼ਤ ॥
ਬਿਉਫ਼ਤਾਦ ਹਰ ਦੋ ਦਰਾਂ ਪਹਨ ਦਸ਼ਤ ॥੯੦॥

ਅਜ਼ੋ—ਉਸ ਤੋਂ। ਜੰਗਜ਼ੋ—ਲੜਾਕੇ, ਜੋਧੇ। ਮਾਂਦਗੀ—ਥਕੇਵੇਂ ਨਾਲ। ਮਾਂਦਹ ਗਸ਼ਤ—ਦੁਖੀ ਹੋ ਗਏ। ਬਿਉਫ਼ਤਾਦ—ਡਿਗ ਪਏ। ਹਰ ਦੋ—ਦੋਹਾਂ ਪਾਸਿਆਂ ਦੇ। ਦਰਾਂ—ਉਹ ਵਿਚ। ਪਹਨ—ਚੌੜੇ। ਦਸ਼ਤ—ਉਜਾੜ।

ਲੜਾਕੇ ਜੋਧੇ ਉਸ(ਜੁਧ ਦੇ) ਥਕੇਵੇਂ ਤੋਂ ਦੁਖੀ ਹੋ ਗਏ। ਦੋਹਾਂ ਪਾਸਿਆਂ ਦੇ ਉਸ ਉਜਾੜ ਦੇ ਮੈਦਾਨ ਵਿਚ ਡਿਗ ਪਏ ॥੯੦॥

ਸ਼ਾਹਨ ਸ਼ਾਹਿ ਰੂਮੀ ਸਿਪਰ ਦਾਦ ਰੂਇ ॥
ਦਿਗਰ ਸ਼ਾਹ ਪੈਦਾ ਸ਼ੁਦਹ ਏਕ ਖ਼ੂਇ ॥੯੧॥

ਰੂਮੀ—ਰੂਮ ਦਾ (ਭਾਵ ਚਿਟਾ)। ਸਿਪਰ—ਢਾਲ। ਰੂਇ—ਚੇਹਰੇ ਉਤੇ। ਦਿਗਰ—ਦੂਜਾ। ਸ਼ੁਦਹ—ਹੋ ਗਿਆ। ਖ਼ੂਇ—ਸਭਾਵ।

ਰੂਮ ਦੇ ਸ਼ਹਨਸ਼ਾਹ ਨੇ (ਆਪਣੇ) ਚਿਹਰੇ ਉਤੇ ਢਾਲ ਰਖ ਲਈ। (ਉਸ ਦੀ ਜਗ੍ਹਾ ਤੇ) ਚੰਗੇ ਸੁਭਾਵ ਵਾਲਾ ਹੋਰ ਰਾਜਾ ਹੋ ਗਿਆ ਹੈ ॥੯੧॥

ਭਾਵ—ਰੌਸ਼ਨੀ ਵਾਲਾ ਰਾਜਾ ਸੂਰਜ ਛਿਪ ਗਿਆ ਹੈ ਤੇ ਉਸ ਦੀ ਥਾਂ ਚੰਦ੍ਰਮਾ ਚੜ੍ਹ ਪਿਆ ਹੈ।

ਨ ਦਰ ਜੰਗ ਆਸੂਦਹ ਸ਼ੁਦ ਯਕ ਜ਼ਮਾਂ ॥
ਬਿਉਫ਼ਤਾਦ ਹਰ ਦੋ ਚੁਨੀ ਕੁਸ਼ਤਗਾਂ ॥੯੨॥

ਆਸੂਦਹ—ਸੁਖ। ਸ਼ੁਦਹ—ਹੋਇਆ। ਬਿਉਫ਼ਤਾਦ—ਡਿਗ ਪਏ। ਹਰ ਦੋ—ਦੋਹਾਂ ਪਾਸਿਆਂ ਦੇ। ਚੁਨੀ—ਵਾਂਗੂ। ਕੁਸ਼ਤਗਾਂ—ਮੁਰਦੇ।

ਲੜਾਈ ਦੇ ਸਮੇਂ ਵਿਚ ਇਕ ਨੂੰ ਭੀ ਸੁਖ ਨਾ ਹੋਇਆ। ਮੁਰਦਿਆਂ ਵਾਂਗੂ ਦੋਵੇਂ ਹੀ ਡਿਗ ਪਏ ਹਨ ॥੯੨॥

ਦਿਗਰ ਰੋਜ਼ ਬਰਖਾਸਤ ਹਰ ਦੋ ਬਜੰਗ ॥
ਬਿ ਆਵੇਖਤ ਬਾ ਯਕ ਦਿਗਰ ਚੂੰ ਨਿਹੰਗ ॥੯੩॥

ਦਿਗਰ ਰੋਜ਼—ਦੂਜੇ ਦਿਨ। ਬਰਖਾਸਤ—ਉਠ ਖੜੋਤੇ। ਆਵੇਖਤ—ਚੰਬੜ ਗਏ। ਯਕ ਦਿਗਰ—ਇਕ ਦੂਜੇ ਨੂੰ।

ਦੂਜੇ ਦਿਨ ਦੋਵੇਂ ਹੀ ਜੁਧ ਲਈ ਉਠ ਖਲੋਤੇ। ਮਗਰ ਮਛ ਵਾਂਗੂ ਇਕ ਦੂਜੇ ਨੂੰ ਚੰਬੜ ਗਏ ਹਨ ॥੯੩॥

ਬ ਜ਼ਾਂ ਹਰ ਦੋ ਤਨ ਕੂਜ਼ਹਗਾਨੇ ਸ਼ੁਦਹ ॥
ਕਜ਼ਾਂ ਸੀਨਹ ਗਾਹੀਨ ਅਰਵਾਂ ਸ਼ੁਦਹ ॥੯੪॥

ਬ ਜ਼ਾਂ—ਉਸ ਤੋਂ। ਹਰ—ਦੋਹਾਂ। ਤਨ—ਸਰੀਰ। ਕਜ਼ੂਹਗਾਨੇ—ਕੁਬ। ਕਜ਼ਾਂ—(ਕਿ+ਅਜ਼+ਆਂ) ਅਤੇ ਉਹਨਾਂ ਤੋਂ। ਸੀਨਹ ਗਾਹੀਨ—ਛਾਤੀਆਂ। ਅਰਵਾਂ—(ਅਰਗਵਾਨ) ਲਾਲ। ਸ਼ੁਦਹ—ਹੋ ਗਏ।

(ਫਿਰ) ਉਨ੍ਹਾਂ ਦੋਹਾਂ ਦੇ ਸਰੀਰ ਕੁਬੇ ਹੋ ਗਏ। ਅਤੇ ਉਨ੍ਹਾਂ ਦੇ ਸੀਨੇ ਦੀ ਥਾਂ ਲਾਲ ਸੂਹੀ ਹੋ ਗਈ ਹੈ (ਭਾਵ-ਛਾਤੀਆਂ ਲਹੂ ਲੁਹਾਨ ਹੋ ਗਈਆਂ ਹਨ) ॥੯੪॥

ਬਰਖਸ਼ ਅੰਦਰ ਆਮਦ ਚੋ ਮੁਸ਼ਕੀਂ ਨਿਹੰਗ ॥

ਬਸੇ ਬੰਗਸ਼ੀ ਯੁਜ਼ੂ ਬੋਰੋ ਪਲੰਗ ॥੯੫॥

ਬ=ਵਿਕ। ਰਖਸ਼=ਨਚਣਾ। ਚੋ=ਵਾਂਗੂੰ। ਮੁਸ਼ਕੀ=ਕਾਲਾ। ਨਿਹੰਗ=ਮਗਰ ਮਛ। ਬਸੇ ਬੰਗਸ਼ੀ=ਬੰਗਸ ਦੇਸ ਦਾ। ਯੁਜ਼ੂ+ਚਿਤ੍ਰਾ। ਬੋਰੇ+(ਬੋਰ+ਓ) ਘੋੜਾ। ਪਲੰਗ=ਤੰਦੂਆ।

ਨਚਨ ਵਿਚ ਆਏ ਕਾਲੇ ਮਗ੍ਰਮਛ। ਬਹੁਤ ਸਾਰੇ ਬੰਗ ਦੇਸ ਦੇ ਚਿਤਰੇ,ਘੋੜੇ ਤੇ ਪਲੰਗ।੯੫।

ਭਾਵ-ਜਿਵੇਂ ਪਾਨੀ ਵਿਚ ਤੰਦੂਏ ਤੇ ਮਗਰ ਮਛ ਨਚਦੇ ਹਨ, ਇਸੇ ਤਰ੍ਹਾਂ ਰਣ ਭੂਮੀ ਵਿਚ ਬੰਗ ਦੇਸ ਦੇ ਘੋੜੇ ਨਚਣ ਲਗੇ।

ਕਿ ਅਬਲਕ ਸਿਯਾਹ ਅਬਲਕੋ ਯੁਜ਼ੂ ਬੋਰ ॥

ਬਰਖ਼ਸ਼ ਅੰਦਰ ਆਮਦ ਚੋ ਤਾਊਸ ਮੋਰ ॥ ੯੬ ॥

ਅਬਲਕ+ਡਬਖੜੱਬਾ। ਸਿਯਾਹ=ਕਾਲਾ। ਅਬਲਕ=ਗਦਰਾ। ਯੁਜ਼ੂ ਚਿਤ੍ਰਾ। ਬੋਰ= ਘੋੜਾ। ਤਾਊਸ=ਮੋਰ, ਨਰ ਮੋਰ। ਚੋ = ਵਾਂਗੂੰ। ਬਰਖਸ਼ = ਨਾਚ, ਮੋਰ ਦੀ ਪੈਲ।

ਜੋ ਡਬਖੜੱਬਾ, ਕਾਲਾ, ਗਦਰਾ ਤੇ ਚਿਤ੍ਰਾ ਘੋੜਾ ਹੈ। (ਉਹ) ਨਰ ਮੋਰ ਵਾਂਗੂ ਨਾਚ ਵਿਚ ਆਏ (ਭਾਵ-ਕੁਦਨ ਲਗ ਪਏ) ॥੯੬॥

ਜ਼ਰਹ ਪਾਰਹ ਸ਼ੁਦ ਖ਼ੋਦੋ ਖ਼ਫਤਾਂ ਬਜੰਗ ॥

ਜ਼ ਬਕਤਰ ਜ਼ ਬਰਗਸਤਵਾਂ ਬ ਖ਼ੁਦੰਗ ॥ ੯੭ ॥

ਫਰਹ = ਸੰਜੋਯ। ਪਾਰਹ ਸ਼ੁਦ = ਫੀਤਾ ੨(ਛੋਟੇ ੨ ਟੁਕੜੇ) ਹੋ ਗਿਆ। ਖ਼ੋਦੋ=ਲੋਹੇ ਦਾ ਟੋਪ। ਖ਼ਫਤਾਂ=ਚਿਲਤਾ। ਬਕਤਰ=ਸੰਜੋਯ। ਬਰਗਸਤਵਾਂ=ਘੋੜੇ ਦਾ ਸੰਜਯ। ਬਾ = ਨਾਲ। ਖਦੰਗ = ਤੀਰ।

ਜੰਗ ਵਿਚ ਤੀਰਾਂ ਦੀ (ਮਾਰ) ਨਾਲ ਜਿਰਹ (ਸੰਜੋਇ), ਖੋਦ, ਖਫਤਾਨ ਬਕਤਰ ਅਤੇ ਬਰਗਸਤਵਾਨ ਨਿਕੇ ੨ ਟੁਕੜੇ ਹੋ ਗਏ ਹਨ ॥੯੭॥

ਨੋਟ-ਜ਼ਿਰਹ, ਖਫ਼ਤਾਨ ਤੇ ਬਕਤਰ ਤਿੰਨੇ ਨਾਮ ਸੰਜੋਯ ਦੇ ਹਨ,ਪਰ ਇਨ੍ਹਾਂ ਦੀ ਬਨਾਵਟ ਵਿਚ ਥੋੜਾ ੨ ਫਰਕ ਹੁੰਦਾ ਹੈ। ਜਿਹਾ ਕਿ-

ਜ਼ਿਰਹ-ਲੋਹੇ ਦੀ ਪਤਰੀ ਦੇ ਚਾਰ ਟੁਕੜਿਆਂ ਦਾ ਬਨਦਾ ਹੈ। ਦੋ ਟੁਕੜੇ ਛਾਤੀ ਅਗੇ ਤੇ ਦੋ ਟੁਕੜੇ ਪਿਠ ਪਿਛੇ ਰਕ ਕੇ ਕੁੰਡੀਆਂ ਜੋੜੀਆਂ ਜਾਂਦੀਆ ਹਨ। ਇਹ ਸਰੀਰ ਉਤੇ ਬਨੈਨ ਵਾਂਗੂ ਫਿਟ ਹੁੰਦਾ ਹੈ।

ਖਫ਼ਤਾਨ-ਲੋਹੇ ਦੀਆਂ ਜੰਜੀਰੀਆਂ ਦਾ ਪੂਰਾ ੨ ਕੁੜਤਾ ਬਣਿਆ ਹੁੰਦਾ ਹੈ, ਜੋ ਗਲ ਤੋਂ ਪਾਇਆ ਜਾਂਦਾ ਹੈ ਅਤੇ ਲਕ ਉਤੋਂ ਪਟਕੇ ਨਾਲ ਕਸਿਆ ਜਾਂਦਾ ਹੈ। ਇਸ ਦੀਆਂ ਅਧੀਆਂ ਬਾਹਾਂ ਭੀ ਬਣੀਆਂ ਹੁੰਦੀਆਂ ਹਨ।

ਰਕਤਰ-ਕੇਵਲ ਲੋਹੇ ਦੀਆਂ ਚਾਰ ਪਤ੍ਰੀਆਂ, ਜੋ ਛਾਤੀ ਦੀ ਰਖਿਆ ਵਾਸਤੇ ਛਾਤੀ ਉਤ ਪਟਕੇ ਨਾਲ ਬੰਨ੍ਹੀਆਂ ਜਾਂਦੀਆਂ ਹਨ। ਪਿਛਲੇ ਪਾਸੇ ਕੇਵਲ ਦੋ ਡੋਰੀਆਂ ਇਕ ਉਪਰਲੇ ਸਿਰ ਦੀ ਤੇ ਇਕ ਹੇਠਲੇ ਸਿਰੇ ਦੀ ਹੁੰਦੀ ਹੈ,ਉਹ ਚਾਰੇ ਪਤ੍ਰੀਆਂ ਕਬਜੇ ਵਾਂਗੂ ਜੁੜੀਆਂ ਹੁੰਦੀਆਂ ਹਨ ਜਿਵੇਂ

ਹਿੰਦੂਆਂ ਦਾ ਮੁਕਟ ਬਣਿਆ ਹੁੰਦਾ ਹੈ।

ਬਰਗਸਤਵਾਨ–ਘੋੜਿਆ ਵਾਸਤੇ ਲੋਹੇ ਦੀਆਂ ਤਾਰਾਂ ਦਾ ਧਾਰੀਦਾਰ ਝੁਲ ਹੁੰਦਾ ਹੈ, ਜਿਸ ਤਰ੍ਹਾਂ ਆਦਮੀਆਂ ਲਈ ਖਫ਼ਤਾਨ ਹੁੰਦਾ ਹੈ ਉਸ ਤਰ੍ਹਾਂ ਦਾ ਹੀ ਇਹ ਘੋੜਿਆਂ ਵਾਸਤੇ ਹੁੰਦਾ ਹੈ।

ਚੁਨਾ ਤੀਰ ਬਾਰਾਂ ਸ਼ੁਦਹ ਕਾਰਜ਼ਾਰ ॥

ਜ਼ ਬਕਤਰ ਜ਼ ਜ਼ਿਰਹਾ ਬਰਾਰਦ ਸ਼ਿਰਾਰ ॥ ॥ ੯੮ ॥

ਚੁਨਾਂ–ਅਜੇਹੀ। ਬਾਰਾਂ–(ਬਾਰਾਨ) ਬਾਰਸ਼। ਸ਼ੁਦਹ–ਹੋਈ। ਕਾਰਜਾਰ–ਜੁਧ। ਬਰਾਰਦ –ਕਢੇ। ਸ਼ਿਰਾਰ–ਚੰਗਿਆੜੇ।

ਜੁਧ ਵਿਚ ਤੀਰਾਂ ਦੀ ਅਜੇਹੀ ਬਾਰਸ਼ ਹੋਈ। (ਜਿਸ ਨਾਲ) ਜਿਰਹ ਵਿਚੋਂ ਤੇ ਬਕਤਰਾਂ ਅਗ ਦੇ ਚਿੰਗਿਆੜੇ ਨਿਕਲ ਪਏ ॥ ੯੮ ॥

ਬਰਖਸ਼ ਅੰਦਰ ਆਮਦ ਚੋ ਸ਼ੇਰਿ ਨਿਹੰਗ ॥

ਜ਼ਮੀ ਗਸ਼ਤ ਸੁਮ ਹਮਚੋ ਪੁਸ਼ਤੇ ਪਲੰਗ ॥ ੯੯ ॥

ਰਖ਼ਸ਼–ਨਚਣ। ਚੋ–ਵਾਂਗੂ। ਸ਼ੇਰਿ–ਸ਼ੇਰ ਦੇ। ਨਿਹੰਗ–ਸੂਰਮੇ। ਸੁਮ–ਘੋੜੇ ਦਾ ਪੌੜ, ਖੁਰ। ਗਸ਼ਤ–ਹਈ। ਪੁਸ਼ਤੇ–ਪਿਠ। ਪਲਘ–ਚਿਤ੍ਰਾ।

ਜੋਧੇ ਸ਼ੇਰ ਵਾਂਗੂ ਨਚਨ ਕੁਦਨ ਲਗ ਪਏ। ਘੋੜਿਆਂ ਦੇ ਸੁਮਾਂ ਨਾਲ ਧਰਤੀ ਚਿਤਰੇ ਦੀ ਪਿਠ ਵਰਗੀ (ਚਿਤ੍ਰ ਮਿਤ੍ਰੀ) ਹੋ ਗਈ ਹੈ ॥ ੯੯ ॥

ਚੁਨਾ ਜ਼ਿਆਦਹ ਸ਼ੁਦ ਆਤਿਸੇ ਤੀਰ ਬਾਰ ॥

ਕਿ ਅਕਲ ਅਜ਼ ਮਗਜ਼ ਰਫਤ ਹੋਸ਼ ਅਜ਼ ਦਿਮਾਗ਼ ॥ ੧੦੦ ॥

ਚੁਨਾ–ਅਜੇਹੀ। ਜ਼ਿਆਦਹ–ਬਹੁਤ। ਸ਼ੁਦ–ਹੋਈ। ਆਤਿਸ਼ੇ–ਅੱਗ। ਬਾਰ–ਬਾਰਸ਼। ਅਕਲ–ਬੁਨੀ। ਰਫ਼ਤ–ਗਈ। ਅਜ਼–ਤੋਂ।

ਤੀਰਾਂ ਦੀ ਬਾਰਸ਼ ਨਾਲ ਅਜੇਹੀ ਅਗ ਜ਼ਿਆਦਾ ਹੋ ਗਈ। (ਜਿਸ ਨਾਲ) ਅਕਲ ਤੋਂ ਹੋਸ਼ ਅਤੇ ਦਿਮਾਗ ਤੋਂ ਮਰਜ਼ ਦੂਰ ਹੋ ਗਿਆ ਅਰਥਾਤ ਤੀਰਾਂ ਦੀ ਮਾਰ ਨੇ ਸੂਰਮਿਆਂ ਦੇ ਦਿਲ ਤੇ ਦਿਮਾਗ ਵਿਚ ਖਰਾਬੀ ਕਰ ਦਿਤੀ ਹੈ ॥ ੧੦੦ ॥

ਚੁ ਆਵੇਖ਼ਤ ਸਰ ਦੋ ਹਮਾਂ ਜਾਇ ਜੰਗ ॥

ਕਿ ਤੇਗ਼ ਅਗ ਮਿਯਾਂ ਗਸ਼ਤ ਤਰਕਸ ਖਦੰਗ ॥ ੧੦੧ ॥

ਆਵੇਖ਼ਤ–ਘੇਰੇ ਗਏ, ਉਲਝ ਗਏ। ਚੁ–ਅਜੇਹੇ। ਹਰ ਦੋ–ਦੋਵੇਂ। ਹਮਾਂ–ਉਹ ਭੀ। ਜਾਇ ਜੰਗ–ਜੁਧ ਭੂਮੀ। ਮਿਯਾ–ਮਿਆਨ। ਕਿ–ਜੋ। ਅਜ਼–ਤੋਂ। ਤਰਕਸ਼–ਭਥਾ। ਖੱਦੰਗ–ਤੀਰ।

ਉਹ ਦੋਵੇਂ ਜੁਧ ਭੂਮੀ ਵਿਚ ਅਜੇਹੇ ਉਲਝ ਗਏ। ਜੋ ਮਿਆਨ ਤੋਂ ਤਲਵਾਰ ਅਤੇ ਭਥੇ ਤੀਰ ਚਲੇ ਗਏ (ਅਰਥਾਤ ਤਲਵਾਰਾਂ ਟੁਟ ਜਾਣ ਕਰਕੇ ਮਿਆਨ ਖਾਲੀ ਅਤੇ ਤੀਰ ਮੁਕ ਜਾਣ ਕਰਕੇ ਭਥੇ ਖਾਲੀ ਰਹਿ ਗਏ ਹਨ) ॥ ੧੦੧ ॥

ਚੁਨਾ ਜੰਗ ਕਰਦੰਦ ਸੁਬਹ ਤਾ ਬ ਸ਼ਾਮ ॥

ਬਿਉਫ਼ਤਾਦ ਮੂਰਛਤ ਨ ਖੁਰਦੰਦ ਤੁਆਮ ॥ ੧੦੨ ॥

ਕਰਦੰਦ–ਕੀਤਾ। ਸੁਬਹ–ਸਵੇਰ। ਤਾ–ਤੋਂ। ਬ ਸ਼ਾਮ–ਸੰਝ ਤਕ। ਬਿਉਫਤਾਦ–ਡਿਗ ਪਏ। ਖੁਰਦੰਦ–ਖਾਧੀ। ਤੁਆਮ–ਰੋਟੀ।

ਸਵੇਰ ਤੋਂ (ਸ਼ੁਰੂ ਕਰਕੇ) ਸ਼ਾਮ ਤਕ ਅਜੇਹਾ ਜੰਗ ਕੀਤਾ। ਰੋਟੀ ਭੀ ਨਾ ਖਾਧੀ, (ਇਸ ਕਰਕੇ) ਬੇਹੋਸ਼ ਹੋ ਕੇ ਡਿਗ ਪਏ ॥ ੧੦੨ ॥

ਜ਼ ਖੁਦ ਮਾਂਦਹ ਸ਼ੁਦ ਹਰ ਦੋ ਦਰ ਜਾਇ ਜੰਗ ॥

ਚੁ ਸ਼ੇਰੇ ਯਿਆਨੋ ਦੋ ਬਾਜ਼ੇ ਪਲੰਗ ॥ ੧੦੩ ॥

ਖੁਦ–ਆਪ। ਮਾਂਦਹ ਸ਼ੁਦ–ਥਕ ਗਏ। ਹਰ ਦੋ–ਦੋਵੇਂ ਹੀ। ਦਰ–ਵਿਚ। ਜਾਇ ਜੰਗ ਜੁਧ ਭੂਮੀ। ਯਿਆਨੋ–ਡਰਾਉਣੇ ਬਾਜ਼ੇ ਪਲੰਗ–ਬਾਜ ਤੇ ਚਿਤਰੇ।

ਉਹ ਦੋਵੇਂ ਆਪ ਹੀ ਥਕ ਗਏ (ਕਿਉਂ ਕਿ ਉਨ੍ਹਾਂ ਨੇ) ਜੁਧ ਭੂਮੀ ਵਿਚ ਡਰਾਉਣੇ ਦੋ ਸ਼ੇਰਾਂ ਦੋ ਬਾਜਾਂ ਤੇ ਦੋ ਚਿਤ੍ਰਿਆਂ ਵਾਂਗੂ (ਜੁਧ ਕੀਤਾ ਹੈ) ॥੧੦੩॥

ਚੁ ਹਬਸ਼ੀ ਬੁਰੱਦ ਦੁਜ਼ਦ ਦੀਨਾਰ ਜ਼ਰਦ ॥

ਜ਼ਹਾਂ ਗਸ਼ਤ ਚੂੰ ਗੰਬਜ਼ੇ ਦੂਦ ਗਰਦ ॥ ੧੦੪ ॥

ਚ–ਜਦ। ਹਬਸ਼ੀ–ਹਬਸ਼ ਦੇਸ਼ ਦਾ। ਬਰੱਦ–ਲੈ ਗਿਆ। ਦੁਜ਼ੰਦ–ਚੋਰ। ਦੀਨਾਰ–ਮੋਹਰ। ਜ਼ਰਦ–ਪੀਲੇ ਰੰਗ ਦੀ (ਭਾਵ ਸੋਨੇ ਦੀ)। ਜਹਾਂ–ਜਹਾਨ, ਜਗਤ। ਗਸ਼ਤ–ਹੋ ਗਿਆ ਗੁੰਬਜੇ–ਬੁਰਜ। ਦੂਦ–ਧੂੰਆਂ। ਗਰਦ–ਧੂੜ, ਧੁੰਧ। (੨) ਫਿਰਨਾ।

ਜਦ ਸੋਨੇ ਦੀ ਮੋਹਰ ਨੂੰ ਹਬਸ਼ੀ ਚੋਰ (ਚੁਰਾ ਕੇ) ਲੈ ਗਿਆ। (ਅਤੇ) ਜਹਾਨ ਹੋ ਗਿਆ ਧੂੰਏ ਤੇ ਗਰਦ ਦੇ ਬੁਰਜ ਵਾਂਗੂ ॥੧੦੪॥

ਭਾਵ–ਸੂਰਜ ਗਰੂਬ ਹੋ ਗਿਆ ਤੇ ਰਾਤ ਦਾ ਹਨੇਰਾ ਚੌਹੀਂ ਪਾਸੀਂ ਫੈਲ ਗਿਆ।

ਸੋਇਮ ਰੋਜ਼ ਚੌਗਾਂ ਬਿਬੁਰਦ ਆਫ਼ਤਾਬ ॥

ਜਹਾਂ ਗਸ਼ਤ ਚੂੰ ਰੌਸ਼ਨਸ਼ ਮਾਹਤਾਬ ॥ ੧੦੫ ॥

ਸੋਇਮ ਰੋਜ–ਤੀਜੇ ਦਿਨ। ਚੌਗਾਂ–ਖੂੰਡੀ (ਭਾਵ ਬਾਜੀ)। ਬਿਬੁਰਦ–ਲੈ ਗਿਆ। ਆਫਤਾਬ –ਸੂਰਜ। ਰੌਸ਼ਨਸ਼–ਪ੍ਰਕਾਸ਼ਵਾਨ। ਮਾਹਤਾਬ–ਚੰਦ੍ਰਮਾ।

(ਜਦ) ਤੀਜੇ ਦਿਨ ਸੂਰਜ ਬਾਜੀ ਲੈ ਗਿਆ (ਅਰਥਾਤ ਤੀਜੇ ਦਿਨ ਦਾ ਸੂਰਜ ਚੜ੍ਹ ਪਿਆ)। ਚੰਦ੍ਰਮਾਂ ਵਾਂਗੂ (ਸਾਰਾ) ਜਹਾਨ ਰੌਸ਼ਨਸ਼ (ਚਾਨਣਾ ਹੀ ਚਾਨਣਾ) ਹੋ ਗਿਆ ॥੧੦੫॥

ਬਿ ਬਰਖ਼ਾਸਤ ਹਰ ਦੋ ਅਜ਼ੀਂ ਜਾਇ ਜੰਗ ॥

ਰਵਾਂ ਕਰਦ ਹਰ ਸੂਇ ਤੀਰੋ ਤੁਫੰਗ ॥ ੧੦੬ ॥

ਬਰਖਾਸਤ–ਉਠ ਖੜ੍ਹਤੇ। ਰਵਾਂ ਕਰਦ–ਚਲਾ ਦਿਤੀਆਂ ਹਰ ਸੂਏ–ਸਭ ਪਾਸੀਂ।

(ਉਸ ਵੇਲੇ) ਦੋਹਾਂ ਪਾਸਿਆਂ ਦੇ ਸੂਰਮੇ ਜੁਧ ਭੂਮੀ ਵਿਚ ਉਠ ਖੜੋਤੇ। ਸਭ ਪਾਸੇ ਤੀਰ ਅਤੇ ਗੋਲੀਆਂ (ਚਲਾਣੀਆਂ) ਸ਼ੁਰੂ ਕਰ ਦਿਤੀਆਂ ॥੧੦੬॥

ਚੁਨਾ ਗਰਮ ਸ਼ੁਦ ਆਤਿਸ਼ੇ ਕਾਰ ਜ਼ਾਰ ॥

ਕਿ ਫੀਲੇ ਦੋ ਦਹ ਹਜ਼ਾਰ ਆਮਦ ਬਕਾਰ ॥ ੧੦੭ ॥

ਚੁਨਾ–ਇਸ ਤਰ੍ਹਾਂ। ਆਤਿਸ਼ੇ–ਅਗ ਵਾਂਗੂ। ਕਾਰਜਾਰ–ਜੁਧ। ਫੀਲੇ–ਹਾਥੀ। ਬਕਾਰ–ਕੰਮ।

ਲੜਾਈ ਜਦ ਅਗ ਵਾਂਗੂ ਗਰਮ ਹੋ ਗਈ (ਅਰਥਾਤ ਜਦ ਜੁਧ ਨੇ ਚੰਗਾ ਜੋਰ ਫੜ ਲਿਆ ਅਤੇ ਬਾਰਾਂ ਹਜਾਰ ਹਾਥੀ ਮਾਰੇ ਗਏ ॥੧੦੭॥

ਬਕਾਰ ਆਮਦਹ ਅਸਪ ਹਫਤ ਸੂਦ ਹਜ਼ਾਰ ॥

ਹਮਹ ਜ੍ਵਾਨ ਸ਼ਾਇਸਤਹ ਏ ਨਾਮਦਾਰ ॥ ੧੦੮ ॥

ਬਕਾਰ ਆਮਦਹ—ਕੰਮ ਆਏ (ਭਾਵ ਮਰ ਗਏ) । ਅਸਪ—ਘੋੜੇ । ਹਫਤ—ਸਤ । ਸੂਦ—ਸੌ । ਹਫਤ ਸੂਦ ਹਜਾਰ—ਸਤ ਸੌ ਹਜਾਰ (ਭਾਵ ਸਤ ਲਖ) ਹਮਹ—ਸਾਰੇ । ਸ਼ਾਇਸਤਹ—ਸੁੰਦਰ ।

ਸਤ ਸੌ ਹਜਾਰ (ਭਾਵ ਸਤ ਲਖ) ਘੋੜੇ ਮਾਰੇ ਗਏ । ਸਾਰੇ ਹੀ ਸੋਹਣੇ ੨ ਜਵਾਨ ਤੇ ਨਾਮੀ ੨ (ਜੋਧੇ ਭੀ ਮਾਰੇ ਗਏ) । ੧੦੮॥

ਜ਼ ਸਿੰਧੀ ਵ ਅਰਬੀ ਵ ਅਰਾਕ ਜ਼ਾਇ ॥

ਬਕਾਰ ਆਮਦਹ ਅਸਪ ਚੂੰ ਬਾਦ ਪਾਇ ॥ ੧੦੯ ॥

ਅਰਾਕ ਜ਼ਾਇ—ਅਰਾਕ ਦੇ ਜੰਮੇ ਹੋਏ, ਅਰਾਕੀ ਘੋੜੇ । ਬਾਦ ਪਾਇ—(ਬਾਦ—ਹਵਾ) ਹਵਾ ਤੋਂ ਤੇਜ ਚਲਣ ਵਾਲੇ ਘੋੜੇ। ਸਿੰਧ ਦੇਸ ਦੇ, ਅਰਬ ਦੇਸ ਦੇ, ਅਰਾਕ ਦਸ ਦੇ ਅਤੇ ਹਵਾ ਤੋਂ ਭੀ ਤੇਜ ਚਲਣ ਵਾਲੇ ਘੋੜੇ ਜਦ ਸਾਰੇ ਹੀ ਕੰਮ ਆ ਗਏ (ਅਰਥਾਤ ਮਰ ਗਏ) ॥ ੧੦੯ ॥

ਬਸੇ ਕੁਸ਼ਤਹ ਸਰਹੰਗ ਸਾਇਸਤਹ ਸ਼ੇਰ ॥

ਬਵਕਤੇ ਤਰਦਦ ਬਕਾਰੇ ਦਲੇਰ ॥ ੧੧੦ ॥

ਬਸੇ—ਬਹੁਤ । ਕੁਸ਼ਤਹ—ਮਾਰੇ ਗਏ । ਸ਼ਰਹੰਗ—ਤਲੰਗੇ, ਫੌਜੀ ਸਿਪਾਹੀ । ਸ਼ਾਇਸਤਹ—ਸੋਹਣੇ, ਖੂਬਸੂਰਤ । ਵਕਤ—ਸਮਾਂ । ਤਰਦੁਦ—ਜੁਧ । ਬ—ਵਿਚ । ਕਾਰੇ—ਕੰਮ ਵਿਚ ।

ਬਹੁਤ ਸਾਰੇ ਸੋਹਣੇ ਸਿਪਾਹੀ ਸ਼ੇਰਾਂ ਵਰਗੇ ਜੋਧੇ ਮਾਰੇ ਗਏ । ਜੋ ਵਕਤ ਪੈਣ ਉਤੇ ਜੁਧ ਦੇ ਕੰਮ ਵਿਚ ਬੜ ਹੌਸਲੇ ਸਨ ॥ ੧੧੦ ॥

ਬ ਗੁਰਰੀਦਨ ਆਮਦ ਦੋਅਬਰੇ ਸਿਆਹ ॥

ਨਮੇ ਖੂੰਨ ਮਾਹੀ ਤਫੇ ਤੇਗ ਮਾਹ ॥ ੧੧੧ ॥

ਗੁਰਰੀਦਨ—ਗਰਜਨਾ । ਆਮਦ—ਆਏ । ਦੋ ਅਬਰੇ—ਦੋ ਬੱਦਲ । ਸਿਆਹ—ਕਾਲਾ । ਨਮੇ—ਬੂੰਦਾਏ—ਦੀ । ਖੂੰਨ—ਲਹੂ। ਮਾਹੀ—ਮਛੀ। ਤਫੇ—ਚਮਕਦੀ। ਤੇਗ—ਤਲਵਾਰ । ਮਾਹ—ਚੰਦ੍ਰਮਾਂ

ਗਰਜਦੇ ਹੋਏ ਦੋ ਕਾਲੇ ਬੱਦਲ ਆ ਗਏ । ਲਹੂ ਦੀਆਂ ਬੂੰਦਾਂ ਮਛੀ ਤਕ ਅਤੇ ਤਲਵਾਰ ਦੀ ਚਮਕ ਚਦ੍ਰਮਾ ਤਕ ਪੁਜ ਗਈ ॥੧੧੧॥ ਭਾਵ—ਦੋਹਾਂ ਪਾਸਿਆਂ ਦੀ ਫੌਜ ਹੀ ਦੋ ਕਾਲੇ ਬਦਲ ਹਨ, ਜੋ ਮਾਰੋ ਮਰਦਾ ਬਕਾਰਾ ਕਰਦੀ ਹੋਈ ਇਕ ਦੂਜੀ ਉਤੇ ਆ ਪਈ ਹੈ । ਕਵੀ ਲੋਕਾਂ ਨੇ ਮੰਨਿਆ ਹੋਇਆ ਹੈ ਕਿ ਧਰਤੀ ਨੂੰ ਮਛੀ ਨੇ ਚੁਕਿਆ ਹੈ, ਉਸ ਵਲ ਇਸ਼ਾਰਾ ਕੀਤਾ ਹੈ । ਧਰਤੀ ਦਾ ਆਸਰਾ ਰੂਪ ਮਛੀ ਤਕ ਲਹੂ ਦੀਆਂ ਬੂੰਦਾਂ ਤੇ ਜਗਤ ਪ੍ਰਕਾਸ਼ਕ ਰੂਪ ਚੰਦ੍ਰਮਾਂ ਤਕ ਤਲਵਾਰ ਦੀ ਚਮਕ ਪੁਜ ਗਈ ਹੈ, ਅਥਾਤ ਪਤਾਲ ਤੋਂ ਲੈਕੇ ਸੂਰਗ ਲੋਕ ਤਕ ਇਸ ਜੁਧ ਦੀ ਖਬਰ ਹੋ ਗਈਹੈ।

ਬਜੰਗ ਅੰਦਰੂ ਗੌਗਹ ਇ ਗਾਜ਼ੀਆਂ ॥

ਜ਼ਮੀ ਤੰਗ ਸ਼ੁਦ ਅਜ਼ ਸੁੰਮੇ ਤਾਜ਼ੀਆਂ ॥ ੧੧੨ ॥

ਗੌਗਹ—ਰੌਲਾ। ਗਾਜ਼ੀਆਂ—ਧਰਮ ਜੁਧ ਵਿਚ ਸ਼ਹੀਦੀ ਪਾਨ ਦੀ ਇਛਾ ਨਾਲ ਜੁਧ ਕਰਨ ਲਈ ਆਏ ਹੋਏ ਸੂਰਮੇ ਨੂੰ ਗਾਜ਼ੀ ਕਹਿੰਦੇ ਹਨ। ਤਾਜ਼ੀਆਂ—ਘੋੜੇ।

ਜੰਗ ਵਿਚ ਗਾਜ਼ੀ ਲੋਕਾਂ ਦਾ ਰੌਲਾ-ਗੌਲਾ ਪੈ ਰਿਹਾ ਹੈ। ਘੋੜਿਆਂ ਦੇ ਸੁੰਮਾਂ ਨਾਲ ਧਰਤੀ ਤੰਗ ਹੋ ਰਹੀ ਹੈ ॥੧੧੨॥

ਸੁੰਮੇ ਬਾਦ ਪਾਇਆਂ ਫ਼ੌਲਾਦ ਨਾਲ ॥

ਜ਼ਮੀ ਗਸ਼ਤ ਪੁਸ਼ਤੇ ਪਲੰਗੇ ਮਸਾਲ ॥ ੧੧੯ ॥

ਸੁੰਮੇ—ਸੁੰਮ,ਖੁਰ। ਬਾਦ ਪਾਜਾਂ—(ਪਾਇ ਦਾ ਬ: ਬ:)ਪੌਣ ਬੇਗੀ ਘੋੜਿਆਂ। ਫ਼ੌਲਾਦ ਨਾਲ—ਲੋਹੇ ਦੀ ਖੁਰੀ. ਜੋ ਘੋੜੇ ਦੀ ਸੁੰਮ ਨੂੰ ਲਾਈ ਹੁੰਦੀ ਹੈ। ਗਸ਼ਤ—ਹੋ ਗਈ। ਪੁਸ਼ਤੇ—ਪਿਠ। ਪਲੰਗੇ—ਚਿਤਰੇ ਦੀ। ਮਸਾਲ—ਵਰਗੀ।

ਪੌਣ-ਵੇਗੀ ਘੋੜਿਆਂ ਦੇ ਸੁੰਮਾਂ ਨੂੰ ਜੋ ਫੌਲਾਦ ਦੀਆਂ ਖੁਰੀਆਂ ਲਗੀਆਂ ਹਨ। (ਉਨ੍ਹਾਂ ਦੀ ਮਾਰ ਨਾਲ) ਧਰਤੀ ਚਿਤਰੇ ਦੀ ਪਿਠ ਵਰਗੀ (ਚਿਤ੍ਰ ਮਿਤ੍ਰੀ ਜੇਹੀ) ਹੋ ਗਈ ਹੈ ॥੧੧੩॥

ਚਰਾਗ਼ੇ ਜਹਾਨੇ ਖ਼ੁਮੇ ਬਾਦਹ ਖ਼ੁਰਦ ॥

ਸਰੇ ਤਾਜ ਦੀਗਰ ਬਿਰਾਦਰ ਸਪੁਰਦ ॥ ੧੧੪ ॥

ਚਰਾਗ਼ੇ—ਦੀਵੇ ਨੇ। ਜਹਾਨੇ—ਜਗਤ ਦੇ। ਖੁਮੇ—ਮਟ, ਘੜਾ। ਬਾਦਗ—ਮਦ,ਸ਼ਰਾਬ। ਖੁਰਦ—ਖਾ ਲਿਆ,ਪੀ ਲਿਆ। ਸਰੇ—ਸਿਰ ਦਾ। ਦੀਗਰ—ਦੂਜੇ। ਬਿਰਾਦਰ—ਭਰਾ।ਸਪੁਰਦ—ਸੌਂਪ ਦਿਤਾ

ਜਗਤ ਦੇ ਦੀਵੇ ਨੇ ਸ਼ਰਾਬ ਦਾ ਘੜਾ ਪੀ ਲਿਅ (ਤੇ ਬੇਹੋਸ਼ ਹੋ ਕੇ ਸੌਂ ਗਿਆ ਹੈ, ਇਸ ਲਈ ਉਸਨੇ ਆਪਣੇ)ਸਿਰ ਦਾ ਤ ਜ(ਆਪਣੇ)ਦੂਜੇ ਭਰਾ ਨੂੰ ਸੌਂਪ ਦਿਤਾ ਹੈ॥੧੧੫॥ ਭਾਵ-ਸੂਰਜ ਡੁਬ ਗਿਆ ਹੈ ਅਤੇ ਉਸਦੀ ਜਗ੍ਹਾ ਉਤੇ ਚੰਦ੍ਰਮਾਂ ਰਾਜ ਕਾਜ ਨੂੰ ਸੰਭਾਲ ਕੇ ਰੋਸ਼ਨੀ ਕਰ ਰਿਹਾ ਹੈ।

ਬਰੋਜ਼ਿ ਚਹਾਰਮ ਤਪੀਦ ਆਫਤਾਬ ॥

ਬ ਜਲਵਹ ਦਰ ਆਵੇਖ਼ਤ ਜ਼ੱਰਰੀਂ ਤਨਾਬ ॥ ੧੧੫ ॥

ਰੋਜਿ—ਦਿਨ ਵਿਚ। ਚਹਾਰਮ—ਚੌਥੇ। ਤਪੀਦ—ਤਪਿਆ। ਆਫਤਾਬ—ਸੂਰਜ। ਜਲਵਹ—ਤੇਜ ਪ੍ਰਤਾਪ। ਆਵੇਖ਼ਤ—ਖਿਚ ਲਈਆਂ। ਜ਼ੱਰਰੀਂ—ਸੋਨੇ ਵਰਗੀਆਂ। ਤਨਾਬ—ਤਨਾਵਾਂ।

ਜਦ ਚੌਥੇ ਦਿਨ ਵਿਚ ਸੂਰਜ ਤਪਿਆ (ਤੇ ਉਸ ਨੇ ਬੜੀ) ਸਜ ਧਜ ਨਾਲ (ਆਪਣੀਆਂ) ਸੁਨੈਹਰੀ ਤਨਾਵਾਂ ਖਿਚ ਲਈਆਂ (ਭਾਵ—ਚੌਥੇ ਦਿਨ ਦਾ ਸੂਰਜ ਚੜ੍ਹਿਆ ਅਤੇ ਉਸ ਨੇ ਕਿਰਨਾਂ ਛਡ ਦਿਤੀਆਂ) ॥੧੧੫॥

ਦਿਗਰ ਰਵਿਸ਼ ਮਰਦਾਨਹ ਬਸਤੰਦ ਕਮਰ ॥

ਯਮਾਨੀ ਕਮਾਂ ਦਸਤ ਬਰ ਰੂਇ ਸਿਪਰ ॥ ੧੧੬ ॥

ਦਿਗਰ—ਫੇਰ। ਰਵਿਸ਼—ਢੰਗ। ਮਰਦਾਨਹ—ਸੂਰਮਤਾਈ। ਬਸਤੰਦ—ਬੰਨ੍ਹ ਲਈ। ਯਮਾਨੀ—ਯਮਨ ਦੇਸ ਦੀ। ਕਮਾਂ—ਕਮਾਨ। ਦਸਤ—ਹਥ। ਬਰ—ਉਪਰ। ਰੂਇ—ਚੇਹਰੇ।ਸਿਪਰ—ਢਾਲ।

ਫੇਰ ਸੂਰਮਤਾਈ ਦੇ ਢੰਗ ਨਾਲ ਲਕ ਬੰਨ੍ਹ ਲਿਆ। ਯਮਨ ਦੇਸ ਦੀ ਬਣੀ ਹੋਈ ਕਮਾਨ ਹਥ (ਵਿਚ) ਫੜ ਲਈ ਅਤੇ) ਚੇਹਰੇ ਉਤੇ ਢਾਲ (ਦੀ ਓਟ ਕਰ ਲਈ) ॥੧੧੬॥

ਚੇ ਹੋਸ਼ ਅੰਦਰ ਆਮਦ ਬਜੋਸ਼ੀਦ ਜੰਗ ॥

ਬਜ਼ਿਦ ਅੰਦਰ ਆਮਦ ਚੋ ਕੋਸ਼ਸ਼ ਪਲੰਗ ॥ ੧੧੭ ॥

ਚੋ—ਜਦ। ਹੋਸ਼—ਸੁਰਤ। ਆਮਦ—ਆਈ। ਬਜੋਸ਼ੀਦ—ਕਰੋਧਵਾਨ। ਬਜ਼ਿਦ—ਕਰੋਧ ਵਿਚ। ਚੋ—ਵਾਂਗੂ। ਕੋਸ਼ਸ਼—ਫੁਰਤੀ। ਪਲੰਗ—ਚਿਤ੍ਰਾ।

ਜਦ (ਸਰੀਰ ਵਿਚ) ਹੋਸ਼ ਆਈ (ਤਾਂ) ਕਰੋਧਵਾਨ ਹੋ ਕੇ ਜੰਗ(ਲੜਨ ਲਈ ਖੜੋ ਗਏ)। (ਮਾਨੋ) ਚਿਤਰੇ ਵਾਂਗੂ ਕਰੋਧ ਵਿਚ (ਆ ਕੇ ਜੁਧ ਲਈ ਕੋਸ਼ਸ਼ ਕਰਕੇ ਆਏ ॥ ੧੧੭ ॥

ਚੁਅਮ ਰੋਜ਼ ਕੁਸ਼ਤੰਦ ਦਹ ਹਜ਼ਾਰ ਫੀਲ ॥
ਦੋ ਦਹ ਹਜ਼ਾਰ ਅਸਪੋ ਚੋ ਦਰਿਆਇ ਨੀਲ ॥ ੧੧੮ ॥

ਕੁਸ਼ਤੰਦ—ਮਾਰੇ ਗਏ। ਫੀਲ—ਹਾਥੀ। ਅਸਪੋ—ਘੋੜੇ। ਚੋ—ਵਰਗੇ। ਦਰਿਆਇ ਨੀਲ—ਨੀਲ ਦਰਿਆ ਬਹੁਤ ਤੇਜ਼ ਵਗਦਾ ਹੈ ਉਸ ਵਰਗੇ ਤੇਜ਼।

ਚੌਥੇ ਦਿਨ ਦਸ ਹਜ਼ਾਰ ਹਾਥੀ ਮਾਰੇ ਗਏ। ਬਾਰਾਂ ਹਜ਼ਾਰ ਘੋੜੇ ਮਾਰੇ ਗਏ, (ਜੋ) ਨੀਲ ਦਰਿਆ ਵਾਂਗੂ (ਤੇਜ਼ ਚਲਣ ਵਾਲੇ ਸਨ) ॥ ੧੧੮ ॥

ਬਕਾਰ ਆਮਦਹ ਪਿਆਦਹ ਸਿ ਸਦ ਹਜ਼ਾਰ ॥
ਜਵਾਂ ਮਰਦ ਸ਼ੇਰਾਨ ਆਜ਼ਮੂਦਹ ਕਾਰ ॥ ੧੧੯ ॥

ਪਿਆਦਹ—ਪੈਦਲ ਸਿਪਾਹੀ। ਸਿ ਸਦ ਹਜ਼ਾਰ—ਤਿੰਨ ਸੌ ਹਜ਼ਾਰ ਅਰਥਾਤ ਤਿੰਨ ਲਖ। ਸ਼ੇਰਾਨ—ਸ਼ੇਰਾਂ ਵਰਗੇ ਸੂਰਮੇ। ਆਜ਼ਮਦਹ ਕਾਰ—ਕੰਮਾਂ ਵਿਚ ਅਜ਼ਮਾਏ ਹੋਏ।

ਤਿੰਨ ਸੌ ਹਜ਼ਾਰ ਪਦਲ ਫੌਜ ਮਾਰੀ ਗਈ। (ਜੋ) ਸ਼ੇਰਾਂ ਵਰਗੇ ਜੁਆਨ ਮਰਦ ਤੇ ਕੰਮਾਂ ਵਿਚ ਅਜ਼ਮਾਏ ਹੋਏ ਸਨ ॥ ੧੧੯ ॥

ਕੁਨਦ ਜ਼ੱਰਹ ਏ ਰਥ ਚਹਾਰੋ ਹਜ਼ਾਰ ॥
ਖਸ਼ੇਰ ਅਫਗਨੋ ਜੰਗ ਆਮੁਖ਼ਤਹ ਕਾਰ ॥ ੧੨੦ ॥

ਕੁਨਦ—ਕਰ ਦਿਤੇ। ਜ਼ੱਰਹ—ਟੁਕੜੇ ੨। ਚਹਾਰੋ—ਚਾਰ। ਅਫਗਨ—ਡੇਗਨ ਵਾਲੇ। ਆਮਖ਼ਤਹ—ਸਿਖੇ ਹੋਏ। ਕਾਰ—ਕੰਮ।

ਚਾਰ ਹਜ਼ਾਰ ਰਥਾਂ ਨੂੰ ਛੋਟੇ੨ ਟੁਕੜੇ ਕਰ ਸੁਟਿਆ ਹੈ। (ਜੋ) ਸ਼ੇਰਾਂ ਨੂੰ ਮਾਰ ਸੁਟਣ ਵਾਲੇ ਤੇ ਜੰਗ ਦਾ ਕੰਮ ਸਿਖੇ ਹੋਏ ਸਨ (ਉਹ ਜੋਧੇ ਰਥਾਂ ਵਿਚ ਮਾਰੇ ਗਏ ਹਨ) ॥ ੧੨੦ ॥

ਕਿ ਅਜ਼ ਚਾਰ ਤੀਰ ਅਸਤ ਕੁਸਤਹ ਚਹਾਰ ॥
ਦਿਗਰ ਤੀਰ ਕੁਸ਼ਤਸ਼ ਸਰੇ ਬਹਲਦਾਰ ॥ ੧੨੧ ॥

ਅਜ਼—ਨਾਲ। ਅਸਪ—ਘੋੜੇ। ਕੁਸ਼ਤਹ—ਮਾਰ ਸੁਟੇ। ਦਿਗਰ—ਹੋਰ। ਕੁਸ਼ਤਸ਼—ਮਾਰਿਆ, ਉਸ ਨੇ। ਸਰੇ—ਸਿਰ ਵਿਚ। ਬਹਲਦਾਰ—ਰਥਵਾਹੀ। ਚਹੁੰ ਤੀਰਾਂ ਨਾਲ ਚਾਰ ਘੋੜੇ ਮਾਰ ਸੁਟੇ ਅਤੇ ਦੂਜਾ ਤੀਰ ਰਥਵਾਹੀ ਦੇ ਸਿਰ ਵਿਚ ਮਾਰਿਆ ॥ ੧੨੧ ॥

ਸੇਇਮ ਤੀਰ ਜ਼ਦ ਹਰ ਦੋ ਅਬਰੂ ਸ਼ਿਕੰਜ ॥
ਕਿ ਮਾਰੇ ਬਿਪੇਚਦ ਜ਼ ਸਉਦਾਇ ਗੰਜ ॥ ੧੨੨ ॥

ਸੇਇਮ—ਤੀਜਾ।ਜ਼ਦ—ਮਾਰਿਆ।ਹਰ ਦੋ—ਦੋਹਾਂ।ਅਬਰੂ—ਭਰਵਟਿਆਂ।ਸ਼ਿਕੰਜ—ਤੀਊੜੀ। ਮਾਰੇ

—ਸਪ।ਬਿਪੇਚਦ—ਵਲ ਖਾਂਦਾ, ਤੜਫਦਾ। ਸਉਦਾਇ—ਚਿੰਤਾ, ਗਮ। ਗਜ—ਖਜਾਨਾ, ਧਨ।

ਤੀਜਾ ਤੀਰ ਦੋਹਾਂਭਰਵਟਿਆਂ(ਦੇ ਵਿਚਾਲੇ)ਤਿਊੜੀਵਿਚ ਮਾਰਿਆ।(ਜਿਸਦੇ ਵਜਣਨਾਲ ਉਹ ਇਸਤਰ੍ਹਾਂ ਤੜਫਿਆ,ਜਿਵੇਂ)ਖਜਾਨੇ(ਦੇ ਵਿਛੋੜੇ ਦੀ)ਚਿੰਤਾ ਨਾਲ ਸ਼ਪ ਤੜਪਦਾ ਹੈ॥੧੨੨॥

ਚਹਾਰਮ ਬਿਜ਼ਦ ਤੀਰ ਖਬਰਸ਼ ਨਿਯਾਫ਼ਤ ॥

ਕਿ ਭਰਮਸ਼ ਬਬਰਖਾਸਤ ਧਰਮਸ਼ ਨਤਾਫ਼ਤ ॥੧੨੩॥

ਬਿਜ਼ਦ—ਮਾਰਿਆ। ਖਬਰਸ਼—ਸੁਰਤ,ਉਸਨੇ। ਨਿ-ਯਾਫ਼ਤ—ਨਾ ਪਾਈ। ਭਰਮਸ਼—ਭੁਲੇਖਾ ਉਸ ਦਾ। ਬ ਬਰਖ਼ਾਸਤ—ਚੁਕਿਆ ਗਿਆ। ਧਰਮਸ਼—ਧਰਮ ਉਸ ਦਾ। ਤਾਫ਼ਤ—ਚਮਕਿਆ।

(ਬਛਤ੍ਰਮਤੀ ਨੇ) ਚੌਥਾ ਤੀਰ ਮਾਰਿਆ (ਤਾਂ)ਉਸ (ਸੁਭਟ ਸਿੰਘ) ਨੂੰ ਸੁਰਤ ਹੀ ਨਾ ਆਈ। ਉਸ ਦਾ ਭੁਲੇਖਾ ਚੁਕਿਆ ਗਿਆ ਤੇ ਉਸ ਨੂੰ ਧਰਮ ਦੀ ਯਾਦ ਭੀ ਨਾ ਆਈ॥ ੧੨੩॥

ਬਿਜ਼ਦ ਚੂੰ ਚੁਅਮ ਕੈਬਰੇ ਨਾਜਨੀਂ ॥

ਬਖੁਰਦੰਦ ਸ਼ਹ ਰਗ ਬਿਉਫਤਦ ਜ਼ਮੀਂ ॥੧੨੪॥

ਬਿਜ਼ਦ—ਮਾਰਿਆ। ਚੂੰ—ਜ਼ਦ। ਚੁਅਮ—ਚੌਥਾ। ਕੈਬਰੇ—ਇਕ ਤੀਰ। ਨਾਜ਼ਨੀ—ਨਾਜ਼ਕ ਬਦਨ ਵਾਲੀ,ਕੋਮਲਾਂਗੀ ਇਸਤ੍ਰੀ ਨੇ। ਬਖੁਰਦੰਦ—ਲਗਾ। ਸ਼ਾਹ ਰਗ—ਗਿਚੀ ਦੀ ਨਾੜੀ। ਬਿਉਫਤਦ ਡਿਗਾ। 'ਕੋਮਲ ਸਰੀਰ ਵਾਲੀ ਬਛਤ੍ਰਮਤੀ ਨੇ ਜਦ ਚੌਥਾ ਤੀਰ ਮਾਰਿਆ। (ਜੋ ਸੁਭਟ ਸਿੰਘ ਦੀ) ਸ਼ਾਹ ਰਗ ਵਿਚ ਲਗਾ (ਅਤੇ ਉਹ) ਧਰਤੀ ਉਤੇ ਡਿਗ ਪਿਆ॥ ੧੨੪॥

ਬਿਦਾਨਿਸਤ ਕਿ ਈਂ ਮਰਦ ਪਜ਼ਮੁਰਦਹ ਗਸ਼ਤ ॥

ਬਿਉਫ਼ਤਾਦ ਬੂਮ ਹਮ ਚੁਨੀ ਸ਼ੇਰ ਮਸਤ ॥੧੨੫॥

ਬਿ—(ਵਾਧੂ ਹੈ)। ਦਾਨਿਸਤ—ਜ਼ਾਣ ਲਿਆ। ਕਿ—ਜੇ। ਈਂ—ਇਹ। ਪਜ਼ਮੁਰਦਹ—ਅਧਮੋ-ਇਆ। ਗਸ਼ਤ—ਹੋ ਗਿਆ। ਬਿਉਫਤਾਦ—ਡਿਗਾ। ਬੂਮ—ਧਰਤੀ। ਹਮ ਚੁਨੀ—ਵਾਂਗੂ,ਵਰਗਾ।

ਉਸ ਨੇ ਜਾਨ ਲਿਆ ਜੋ ਇਹ ਪੁਰਸ਼ ਅਧਮੋਇਆ ਹੋ ਗਿਆ ਹੈ। (ਅਤੇ) ਮਤਵਾਲੇ ਸ਼ੇਰ ਵਾਂਗੂ ਧਰਤੀ ਉਤੇ ਡਿਗ ਪਿਆ ਹੈ॥ ੧੨੫॥

ਕਿ ਅਜ਼ ਰਥ ਬਿਆਮਦ ਬਰਾਮਦ ਜ਼ਮੀਂ ॥

ਖਰਾਮੀਦਹ ਸ਼ੁਦ ਪੈਕਰੇ ਨਾਜਨੀਂ ॥੧੨੬॥

ਕਿ—ਜੋ। ਅਜ਼—ਤੋਂ। ਬਿਆਮਦ—ਆ ਗਈ। ਬਰਾਮਦ—ਬਾਹਰ ਆਈ। ਜ਼ਮੀਂ—ਧਰਤੀ। ਖਰਾਮੀਦਹ ਸੁਦ—ਤੁਰ ਪਈ। ਪੈਕਰੇ—ਪੁਤਲੀ। ਜੋ ਰਥ ਤੋਂ ਬਾਹਰ ਨਿਕਲੀ ਅਤੇ ਧਰਤੀ ਉਤੇ ਆਈ। (ਫਿਰ) ਕੋਮਲ ਸਰੀਰ ਵਾਲੀ ਪੁਤਲੀ ਤੁਰ ਪਈ॥ ੧੨੬॥

ਬਯਕ ਦਸ਼ਤ ਬਰਦਾਸ਼ਤ ਯਕ ਪਿਆਲਹ ਆਬ ॥

ਬਨਿਜ਼ਦਿ ਸ਼ਹ ਆਮਦ ਚੋ ਪਰਰਾ ਉਕਾਬ ॥੧੨੭॥

ਬ—ਵਿਚ। ਯਕ—ਇਕ। ਦਸਤ—ਹਥ। ਬਰਦਾਸ਼ਤ—ਚੁਕਿਆ। ਆਬ—ਪਾਣੀ। ਬਨਿਜ਼ਦਿ—ਬਹੁਤ ਨੇੜੇ। ਸ਼ਹ—ਰਾਜਾ। ਚੋ—ਵਾਂਗੂ। ਪਰਰਾ—ਉਡਨ ਵਾਲਾ ਪੰਛੀ।

ਪਾਣੀ ਦਾ ਇਕ ਪਿਆਲਾਇਕ ਹਥ ਵਿਚ ਚੁਕਿਆ। ਉਕਾਬ ਪੰਛੀ ਵਾਂਗੂ ਉਡਾਰੀ ਮਾਰ ਕੇ

(ਬਹੁਤ ਫੁਰਤੀ ਨਾਲ) ਰਾਜਾ (ਸੁਭਟ ਸਿੰਘ) ਦੇ ਬਿਲਕੁਲ ਨੇੜੇ ਆ ਗਈ ॥੧੨੭॥

ਬਗੋਯਦ ਕਿ ਐ ਸ਼ਾਹ ਆਜ਼ਾਦ ਮਰਦ ॥
ਚਿਰਾ ਖ਼ੁਫ਼ਤਹ ਹਸਤੀ ਤੋ ਦਰ ਖ਼ੂਨੇ ਗਰਦ ॥ ੧੨੮ ॥

ਬਗੋਯਦ—ਆਖਿਆ । ਕਿ—ਜੋ । ਐ—ਹੇ । ਅਜ਼ਾਦ—ਅਲੌਕਿਕ।ਬੇਮਿਸਾਲ—ਅਚਰਜ । ਚਿਰਾ—ਕਿਉਂ।ਖ਼ੁਫ਼ਤਹ ਸੁਤਾਪਿਆ—ਹਸਤੀ— ਹੈਂ।ਤੋ—ਤੂੰ । ਦਰ—ਵਿਚ । ਖ਼ੂਨੇ ਗਰਦ—ਲਹੂ ਤੇਮਿਟੀ

(ਉਸ ਨੇ ਆ ਕੇ) ਕਿਹਾ—ਜੋ ਹੇ ਅਸਚਰਜ ਸੂਰਮੇ ਰਾਜਨ ! ਤੂੰ ਲਹੂ ਤੇ ਮਿਟੀ ਵਿਚ ਕਿਉਂ ਸੁਤਾ ਪਿਆ ਹੈਂ ? ॥੧੨੮॥

ਹਮਾਂ ਜਾਨ ਜਾਨੀ ਤੋਅਮ ਨੌ ਜਵਾਂ ॥
ਬਦੀਦਨ ਤੁਰਾ ਆਮਦਨ ਈਂ ਜ਼ਮਾਂ ॥ ੧੨੯ ॥

ਹਮਾਂ—ਓਹੋ ਹੀ । ਜਾਨ—ਜਿੰਦ । ਜ਼ਾਨੀ—ਪਿਆਰੀ। ਤੋਅਮ—ਮੈਂ ਤੇਰੀ ਹਾਂ । ਨੌ ਜਵਾਂ—ਚੜ੍ਹਦੀ ਜਵਾਨੀ ਵਾਲੇ ਬਦੀਦਨ—ਦਰਸ਼ਨ ਵਾਸਤੇ।ਆਮਦਨ—ਆਈ ਹਾਂ ਮੈਂ।ਈਂ—ਇਸ ।ਜ਼ਮਾਂ—ਸਮੇਂ ।

ਹੇ ਚੜ੍ਹਦੀ ਜੁਆਨੀ ਵਾਲੇ ਜਾਨ ਤੋਂ ਭੀ ਪਿਆਰੇ ! ਮੈਂ ਉਹੋ ਹੀ ਤੇਰੀ (ਦਾਸੀ) ਹਾ । ਤੇਰਾ ਦਰਸ਼ਨ ਕਰਨ ਵਾਸਤੇ ਇਸ ਸਮੇਂ (ਇਥੇ) ਮੈਂ ਆਈ ਹਾਂ ॥੧੨੯॥

ਬਗੋਯਦ ਕਿ ਐ ਬਾਨੂਏ ਨੇਕ ਬਖਤ ॥
ਚਿਰਾ ਆਮਦੀ ਤੋ ਦਰੀਂ ਜਾਇ ਸਖਤ ॥ ੧੩੦ ॥

ਬਗੋਯਦ—ਕਿਹਾ । ਬਾਨੂਏ—ਇਸਤ੍ਰੀਏ । ਨੇਕ ਬਖ਼ਤ—ਚੰਗੇ ਭਾਗ । ਚਿਰਾ—ਕਿਉਂ । ਆਮਦੀ—ਆਈ ਹੈਂ । ਦਰੀਂ ਜਾਇ—(ਦਰ+ਈਂ+ਜਾ) ਇਸ ਜਗ੍ਹਾ ਵਿਚ । ਸਖਤ—ਕਠੋਰ,ਦੁਖਦਾਈ।

(ਸੁਭਟ ਸਿੰਘ ਨੇ) ਕਿਹਾ—ਜੋ ਹੇ ਚੰਗੇ ਭਾਗਾਂ ਵਾਲੀ ਇਸਤ੍ਰੀਏ ! ਤੂੰ ਇਸ ਡਰਾਉਣੀ ਜਗ੍ਹਾ ਵਿਚ ਕਿਉਂ ਆਈ ਹੈਂ ॥੧੩੦॥

ਅਗਰ ਮੁਰਦਾ ਬਾਸ਼ੀ ਬਿਆਰੇਮ ਲਾਸ਼ ॥
ਵਗਰ ਜ਼ਿੰਦਹ ਹਸਤੀ ਬਯਜ਼ਦਾਂ ਸਿਪਾਸ ॥ ੧੩੧ ॥

ਅਗਰ—ਜੇਕਰ । ਮਰਦਾ—ਮਰ ਗਿਆ । ਬਾਸ਼ੀ—ਹੋਵੇਂ । ਬਿਆਰੇਮ—ਮੈਂ ਲੈ ਆਵਾਂ । ਲਾਸ਼—ਲੋਥ । ਵਗਰ—ਅਤੇ ਜੇਕਰ । ਜਿੰਦਹ ਹਸਤੀ—ਜੀਉਂਦਾ ਹੈ । ਯਜ਼ਦਾ—ਵਾਹਿਗੁਰੂ, ਪ੍ਰਮਾਤਮਾ ।

(ਛਤ੍ਰਮਤੀ ਨੇ ਕਿਹਾ)—ਜੇਕਰ ਮਰ ਗਿਆ ਹੈਂ ਤਾਂ ਮੈਂ ਲੋਥ ਲੈ ਆਵਾਂ । (ਅਤੇ) ਜੇ ਜੀਉਂਦਾ ਹੈਂ, ਤਦ ਪ੍ਰਮਾਤਮਾ ਦਾ ਧੰਨਵਾਦ ਕਰਾਂ (ਇਸ ਵਾਸਤੇ ਇਥੇ ਆਈ ਹਾਂ) ॥੧੩੧॥

ਅਜ਼ਾਂ ਗੁਫ਼ਤਨੀਹਾ ਖੁਸ਼ ਆਮਦ ਸੁਖਨ ॥
ਬਗੋਯਦ ਕਿ ਐ ਨਾਜ਼ਨੀਂ ਸੀਮ ਤਨ ॥ ੧੩੨ ॥

ਅਜ਼ਾਂ—ਉਸਤੋਂ।ਗੁਫ਼ਤਨੀਹਾ—ਕਹੇ ਹੋਏ।ਖੁਸ਼ ਆਮਦ—ਚੰਗੇ ਲਗੇ।ਸੁਖ਼ਨ—ਬੋਲ,ਗੱਲਾਂ।ਬਗੋਯਦ—ਕਿਹਾ।ਨਾਜ਼ਨੀਂ—ਕੋਮਲ ਸਰੀਰ ਵਾਲੀ।ਸੀਮ(ਸੀਮਾਬ)·ਪਾਰੇ ਤੋ ਬਨੀਹੋਈ ਚਾਂਦੀ।ਤਨ-ਸਰੀਰ

ਉਸ (ਦੇ ਮੂੰਹ) ਤੋਂ ਕਹੇ ਹੋਏ ਬਚਨ (ਸੁਭਟ ਸਿੰਘ ਨੂੰ)ਚੰਗੇ ਲਗੇ । (ਫਿਰ ਉਸ ਨੇ)ਕਿਹਾ—ਜੋ ਹੇ ਚਾਂਦੀ ਵਰਗੇ ਸਰੀਰ ਵਾਲੀ ਕੋਮਲਾਂਗੀ ॥੧੩੨॥ ਨੋਟ—ਸੀਮਾਬ ਤੋਂ ਬਣੀ ਹੋਈ

ਚਾਂਦੀ ਅਸਲੀ ਚਾਂਦੀ ਨਾਲੋਂ ਨਿਗਰ ਅਤੇ ਚਮਕ ਵਿਚ ਭੀ ਜ਼ਿਆਦਾ ਹੁੰਦੀ ਹੈ।

ਹਰਾਂ ਚਿ ਕਿ ਖਾਹੀ ਬਿਗੋ ਮਨ ਦਿਹਮ ॥
ਕਿ ਐ ਸ਼ੇਰ ਦਿਲ ਮਨ ਗ਼ੁਲਾਮੇ ਤੁਅਮ ॥ ੧੩੩ ॥

ਹਰਾਂ ਕਿ–ਜੋ ਕੁਝ ਕਿ। ਖਾਹੀ--ਚਾਹੁੰਦੀ ਹੈਂ। ਬਿਗੋ--ਕਹੁ। ਮਨ=ਮੈਂ। ਦਿਹਮ=ਦੇਵਾਂ। ਮਨ=ਮੈਂ। ਗ਼ੁਲਮ=ਗੁਲਾਮ, ਦਾਸ। ਤੁਅਮ=ਤੇਰਾ।

ਜੋ ਕੁਝ ਕਿ (ਤੂੰ) ਚਾਹੁੰਦੀ ਹੈਂ, (ਉਹ ਮੈਨੂੰ) ਕਹੁ, ਮੈਂ (ਤੈਨੂੰ) ਦੇਵਾਂ। ਕਿਉਂਕਿ ਸ਼ੇਰ ਦਿਲ (ਰਾਜ) ਕੁਮਾਰੀ! ਮੈਂ ਤੇਰਾ ਦਾਸ (ਹੋ ਗਿਆ ਹਾਂ) ॥੧੩੩॥

ਖ਼ੁਦਾਵੰਦ ਬਾਸ਼ੀ ਤੋ ਐ ਕਾਰ ਸਖ਼ਤ ॥
ਕਿ ਮਾਰਾ ਬਿ ਯਕ ਬਾਰ ਕੁਨ ਨੇਕ ਬਖ਼ਤ ॥ ੧੩੪ ॥

ਖ਼ੁਦਾਵੰਦ=ਪਤੀ,ਖਾਵੰਦ, ਸ਼ੋਹਰ। ਬਾਸ਼ੀ=ਹੋਵੇਂ। ਤੋ=ਤੂੰ। ਕਾਰ ਸਖਤ=ਕਠੋਰ ਕੰਮ ਕਰਨ ਵਾਲੇ। ਮਾਰਾ=ਤੈਨੂੰ। ਬਿ=ਭੀ। ਕੁਨ=ਕਰ। ਨੇਕ ਬਖਤ=ਚੰਗੇ ਭਾਗਾਂ ਵਾਲੀ।

(ਬਛਤ੍ਰਾਮਚੀ ਨੇ ਕਿਹਾ)--ਹੇ ਕਠੋਰ ਕੰਮ ਕਰਨ ਵਾਲੇ ਸੂਰਮੇ! ਤੂੰ ਮੇਰਾ ਸਵਾਮੀ ਹੋ ਜਾਹੁ। ਮੈਨੂੰ ਭੀ ਇਕ ਵੇਰੀ ਚੰਗੇ ਭਾਗਾਂ ਵਾਲੀ (ਭਾਵ ਸੁਹਾਗਵੰਤੀ) ਕਰ ਦੇਹੁ ॥੧੩੪॥

ਬਿਜ਼ਦ ਪੁਸ਼ਤ ਪਾਓ ਕੁਸ਼ਾਦਸ਼ ਦੋ ਚਸ਼ਮ ॥
ਹਮਾਂ ਰਵਸ਼ ਸ਼ਾਹਨਿ ਪੇਸ਼ੀਨਹ ਰਸਮ ॥ ੧੩੫ ॥

ਬਿਜ਼ਦ=ਮਾਰਿਆ। ਪੁਸ਼ਤ=ਪਿਠ। ਪਾਓ=ਪੈਰ। ਕੁਸ਼ਾਦਸ਼=ਖੋਲ੍ਹੀਆਂ ਉਸ ਨੇ। ਚਸ਼ਮ=ਅਖਾਂ। ਹਮਾ=ਓਹੀ। ਰਵਸ਼=ਤਰੀਕਾ,ਮਰਯਾਦਾ।ਪੇਸ਼ੀਨਹ=ਪਹਿਲੇ ਹੋ ਚੁਕੇ। ਰਸ਼ਮ=ਰੀਤੀ।

ਉਸ (ਸੁਭਟ ਸਿੰਘ)ਨੇ ਦੋਵੇਂ ਅਖਾਂ ਖੋਲ੍ਹੀਆਂ ਅਤੇ ਪਛਤਾਵੇ ਨਾਲ ਧ੍ਰਤੀ ਦੀ ਪਿਠ ਉਤੇ ਪੈਰ ਮਾਰਿਆ(ਕਿ ਮੈਂ ਇਛਾ ਪੂਰੀ ਕਰਨ ਦਾ ਬਚਨ ਹੀ ਕਿਉਂ ਦਿਤਾ ਹੈ? ਪਰ ਫੇਰ ਉਸ ਨੇ) ਓਹੀ ਤ੍ਰੀਕਾ (ਧਾਰਨ ਕੀਤਾ, ਜੋ) (ਪਹਿਲੇ ਮਹਾਰਾਜੇ ਮਰਯਾਦਾ (ਕੀਤਾ ਕਰਦੇ ਸਨ) ॥ ੧੩੫ ॥

ਬਿਉਫਤਾਦ ਬਰ ਰਥ ਬਿਆਵੁਰਦ ਜਾਂ ॥
ਬਿਜ਼ਦ ਨੌਬਤਸ਼ ਸ਼ਾਹ ਸ਼ਾਹੇ ਜ਼ਮਾਂ ॥ ੧੩੬ ॥

ਬਿਉਫਤਾਦ=ਪੈ ਗਿਆ। ਬਰ ਰਥ=ਰਥ ਉਤੇ। ਬਿਆਵੁਰਦ=ਲੈ ਆਈ। ਜਾਂ=ਜਗ੍ਹਾ,ਘਰ ਬਿਜ਼ਦ-ਮਾਰੀ,ਵਜਾਈ।ਨੌਬਤਸ਼-ਧੌਂਸਾ,ਨਗਾਰਾ,ਉਸ। ਸ਼ਾਹ-ਰਾਜਾ।ਸ਼ਾਹੇ ਜ਼ਮਾਂ-ਜਗਤ ਦਾ ਰਾਜਾ।

(ਸੁਭਟ ਸਿੰਘ) ਰਥ ਉਤੇ ਲੰਮਾ ਪੈ ਗਿਆ, (ਉਹ ਉਸ ਨੂੰ) ਘਰ ਲੈ ਆਈ। ਜਗਤ ਦੇ ਰਾਜਿਆਂ ਦੇ ਰਾਜੇ (ਬਛਤ੍ਰਾਮਤੀ ਦੇ ਪਿਤਾ) ਨੇ ਉਸ ਵੇਲੇ (ਖੁਸ਼ੀ ਦਾ) ਧੌਂਸਾ ਵਜਵਾਇਆ (ਅਤੇ ਸ਼ਦਿਆਨਾ ਕੀਤਾ) ॥ ੧੩੬ ॥

ਬਹੋਸ਼ ਅੰਦਰ ਆਮਦ ਦੋ ਚਸ਼ਮਸ਼ ਕੁਸ਼ਾਦ ॥
ਬਿਗੋਯਦ ਕਿਰਾ ਜਾਇ ਮਾ ਰਾ ਨਿਹਾਦ ॥ ੧੩੭ ॥

ਚਸ਼ਮਸ਼=ਅਖ ਉਸ। ਕੁਸ਼ਾਦ=ਖੋਲ੍ਹੀ। ਬਿਗੋਯਦ=ਕਿਹਾ। ਕਿਰਾ ਜਾਇ--ਕਿਸ ਦੇ ਘਰ। ਮਾਰਾ--ਮੈਨੂੰ। ਨਿਹਾਦ--ਰਖਿਆ ਹੈ।

(ਜਿਸ਼ ਵੇਲੇ ਸੁਭਟ ਸਿੰਘ) ਹੋਸ਼ ਵਿਚ ਆਇਆ ਤੇ ਉਸ ਨੇ ਦੋਵੇਂ ਅਖਾਂ ਖੋਲ੍ਹੀਆਂ । (ਅਤੇ) ਕਿਹਾ--ਮੈਨੂੰ ਕਿਸ ਦੇ ਘਰ ਲਿਆ ਰਖਿਆ ਹੈ ? ॥ ੧੩੭ ॥

ਬਗੋਯਦ ਤੁਰਾ ਜ਼ਫਰ ਜੰਗ ਯਾਫ਼ਤਮ ॥
ਬਕਾਰੇ ਸ਼ੁਮਾ ਕਿਤ ਖ਼ੁਦਾ ਯਾਫ਼ਤਮ ॥੧੩੮॥

ਬਗੋਯਦ-ਕਿਹਾ । ਤੁਰਾ-ਤੈਨੂੰ । ਜ਼ਫ਼ਰ-ਜਿਤ । ਯਾਫ਼ਤ=ਪਾਈ ਹੈ । ਮ=ਮੈਂ । ਬਕਾਰੇ=ਕੰਮ ਨਾਲ । ਸ਼ਮਾ—ਤੁਹਾਡੇ । ਕਿਤ ਖਦਾ=ਖਾਵੰਦ, ਪਤੀ । ਯਾਫ਼ਤਮ=ਮੈਂ ਪਾਇਆ ਹੈ ।

(ਬਛਤ੍ਰਾਮਤੀ ਨੇ ਕਿਹਾ-ਤੁਹਾਨੂੰ ਮੈਂ ਜੁਧ ਵਿਚ ਜਿਤ ਕੇ ਪਾਇਆ ਹੈ । ਤੁਹਾਡੇ ਕੰਮ (ਭਾਵ ਬਚਨ)ਨਾਲ ਤੁਹਾਨੂੰ ਮੈਂ ਪਤੀ ਪ੍ਰਾਪਤ ਕੀਤਾ ਹੈ ।(ਇਸ ਵਾਸਤੇ ਇਹ ਮੇਰੇ ਪਿਤਾ ਦਾ ਘਰ ਹੈ,ਇਸ ਵੇਲੇ ਤੁਹਾਡਾ ਆਪਣਾ ਹੀ ਘਰ ਹੈ,ਜਿਥੇ ਤੁਹਾਡੀ ਸੇਵਾ ਕੀਤੀ ਜਾ ਰਹੀ ਹੈ) ॥੧੩੮॥

ਪਸ਼ੇਮਾਂ ਸ਼ੁਦਹ ਸੁਖ਼ਨ ਗੁਫ਼ਤਨ ਫਜ਼ੂਲ ॥
ਹਰਾਂ ਚਿਹ ਕਿ ਗੋਈ ਤੋ ਬਰ ਮਨ ਕਬੂਲ ॥੧੩੯॥

ਪਸ਼ੇਮਾਂ-ਪਸ਼ੇਮਾਨ, ਪਛਤਾਵੇ ਵਾਲਾ । ਸ਼ੁਦਹ-ਹੋਇਆ । ਗੁਫ਼ਤਨ=ਕਹਿਣ । ਫਜ਼ੂਲ=ਬਿਅਰਥ,ਨਿਕੰਮਾ । ਸੁਖਨ=ਬਚਨ, ਇਕਰਾਰ । ਹਰਾਂ ਚਿਹ=ਜੋ ਕੁਝ ਕਿ । ਗੋਈ=ਆਖੇ। ਤੋ-ਤੂੰ । ਬਰ=ਉਪਰ । ਮਨ-ਮੈਂ । ਕਬੂਲ=ਮਨਜੂਰ, ਪਰਵਾਨ । (ਆਪਣੇ) ਬਿਅਰਥ ਕਹੇ ਹੋਏ ਸੁਖਨ ਨੂੰ (ਚੇਤੇ ਕਰਕੇ ਸੁਭਟ ਸਿੰਘ ਬਹੁਤ)ਪਸ਼ੇਮਾਨ(ਸ਼ਰਮਿੰਦਾ)ਹੋਇਆ । (ਪਰ ਮਨ ਨੂੰ ਪੱਕਾ ਕਰ ਕੇ ਉਸ ਨੇ ਕਿਹਾ) ਜੋ ਕੁਝ ਕਿ (ਹੁਣ) ਤੂੰ ਆਖੇਂ ਮੈਨੂੰ ਓਹੋ ਹੀ ਮਨਜ਼ੂਰ ਹੈ ।।੧੩੯॥

ਬਿਦੇਹ ਸਾਕੀਆ ਜਾਮਿ ਫੀਰੋਜ਼ਹ ਫ਼ਾਮ ॥
ਕਿ ਮਾ ਰਾ ਬਕਾਰ ਅਸਤ ਰੋਜ਼ੇ ਤਮਾਮ ॥੧੪੦॥

ਜਾਮਿ-ਪਿਆਲਾ । ਫੀਰੋਜ਼ਹ-ਹਰਾ । ਫਾਮ=ਰੰਗਤ । ਮਾਰਾ=ਮੈਨੂੰ । ਬਕਾਰ ਅਸਤ-ਲੋੜੀਦਾ ਹੈ । ਰੋਜ਼ੇ ਤਮਾਮ=ਸਾਰੇ ਦਿਨ । ਹੇ ਸਾਕੀ ! ਮੈਨੂੰ ਹਰੀ ਰੰਗਤ ਵਾਲਾ ਪਿਆਲਾ ਦਿਓ । ਜੋ ਮੈਨੂੰ ਸਭਨਾਂ ਦਿਨਾਂ ਵਿਚ ਲੋੜੀਦਾ ਹੈ ॥੧੪੦॥

ਤੋ ਮਾ ਰਾ ਬਿਦੇਹ ਤਾ ਸ਼ਵਮ ਤਾਜ਼ਹ ਦਿਲ ॥
ਕਿ ਗੌਹਰ ਬਿਆਰੇਮ ਆਲੂਦਹ ਗਿਲ ॥੧੪੧॥੧॥

ਮਾ ਰਾ—ਮੈਨੂੰ । ਬਿਦੇਹ-ਦੇਹੁ । ਸ਼ਵਮ-ਹੋਵੇਗਾ । ਤਾਜ਼ਹ=ਅਨੰਦ, ਖੁਸ਼ੀ ਨਾਲ ਪ੍ਰਫੁਲਤ । ਗੋਹਰ=ਮੋਤੀ । ਬਿਆਰੇਮ-ਲਿਆਵਾਂ । ਆਲੂਦਹ-ਲਿਬੜਿਆ ਹੋਇਆ । ਗਿਲ-ਮਿਟੀ ।

ਤੂੰ ਮੈਨੂੰ ਦੇਹੁ,ਤਾਂ (ਮੇਰਾ) ਮਨ ਪ੍ਰਸੰਨ ਹੋਵੇਗਾ। (ਫਿਰ ਮੈਂ) ਚਿਕੜ ਨਾਲ ਲਿਬੜਿਆ ਹੋਯਾ ਮੋਤੀ ਲੈ ਆਵਾਂਗਾ ॥੧੪੧॥੪॥ ਭਾਵ- ਹੇ ਗੁਰੂ ! ਮੈਨੂੰ 'ਹਰੀ ਦੀ ਰੰਗਤ' ਚਾੜ੍ਹਨ ਵਾਲਾ ਨਾਮ ਦਾ ਸਿਮਰਨ ਬਖਸ਼ ਜਿਸ ਕਰਕੇ ਮਨ ਨੂੰ ਸਚੀ ਖੁਸ਼ੀ ਤੇ ਸੁਖ ਪ੍ਰਾਪਤ ਹੋਵੇ । ਜਿਸ ਕਰਕੇ ਮਨ ਸਭਨਾਂ ਦਾ ਪਿਆਰਾ ਹੋ ਕੇ ਸਭਨਾਂ ਵਿਚੋਂ ਗੁਣਾਂ ਦਾ ਗ੍ਰਹਿਣ ਕਰੇ ਤੇ ਔਗੁਣਾਂ ਨੂੰ ਛਡ ਦੇਵੇ।ਜਿਸਤਰ੍ਹਾਂਚਿਕੜ ਵਿਚੋਂ ਮੋਤੀ ਕਢ ਲਈਦਾ ਹੈ, ਇਸੇ ਤਰ੍ਹਾਂ ਔਗੁਣਾਂ ਵਿਚੋਂ ਗੁਣ ਲੈ ਲਵਾਂ । ਜੈਸਾ ਕਿ ਹੁਕਮ ਹੈ-

ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥
ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜ ਮਲੀਐ ॥

ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥
ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥ (ਸੂਹੀ ਛੰਤ ਮ: ੫)

ਸਿਖਯਾ-ਔਰੰਗਜ਼ੇਬ ਨੂੰ ਸੰਬੋਧਨ ਕਰਕੇ ਸਤਿਗੁਰੂ ਜੀ ਨੇ ਇਹ ਕਹਾਣੀ ਪਤ੍ਰਕਾਵਿਚ ਲਿਖੀ ਹੈ। ਇਸ ਦੇ ਲਿਖਣ ਦਾ ਇਹ ਭਾਵ ਹੈ ਕਿ ਸੂਰਬੀਰ ਇਸਤ੍ਰੀ ਵੀ ਆਪਣਾ ਪ੍ਰਣ ਪੂਰਾ ਕਰਦੀ ਹੈ। ਬਛਤ੍ਰਾਮਤੀ ਨੇ ਸੁਭਟ ਸਿੰਘ ਨੂੰ ਪਤੀ ਵਰਨਾ ਚਾਹਿਆ ਪਰ ਉਸ ਨੇ ਇਨਕਾਰ ਕਰ ਦਿਤਾ। ਬਛਤ੍ਰਾਮਤੀ ਨੇ ਉਸ ਨੂੰਜੁਧ ਵਿਚ ਜਿਤ ਕੇ ਪਤੀ ਧਾਰਨ ਕੀਤਾਤੇ ਆਪਣੇ ਕਹੇ ਹੋਏ ਬਚਨ ਨੂੰ ਪੂਰਾ ਕੀਤਾ। ਭਾਵੇਂ ਉਸ ਨੂੰ ਬਚਨ ਪੂਰਾ ਕਰਨ ਲਈ ਮਰਨ ਮਾਰਨ ਤਕ ਪੁਜਣਾ ਪਿਆ, ਪਰ ਬਚਨ ਨੂੰ ਝੂਠਾ ਨਹੀਂ ਹੋਣ ਦਿਤਾ ਅਤੇ ਜਿਸ ਨੇ ਬਚਨ ਕਰਕੇਤੋੜ ਨਹੀਂਚਾੜ੍ਹਿਆ, ਉਸ ਸੁਭਟ ਸਿੰਘ ਨੂੰਉਸ ਦਾ ਪਤੀ ਹੋ ਕੇ ਸੁਖ ਤੇ ਜਿੰਦਗੀ ਪ੍ਰਾਪਤ ਕਰਕੇ ਭੀਆਪਣੇ ਆਪ ਵਿਚ ਪਸ਼ੇਮਾਨ ਹੋਣਾ ਪਿਆ,ਇਹੋ ਹੀ ਸਚੇ ਸੂਰਬੀਰਾਂ ਦੀ ਨਿਸ਼ਾਨੀ ਹੈ। ਔਰੰਗਜ਼ੇਬ! ਹੁਣ ਆਪਣੇ ਆਪ ਇਸ ਕਹਾਣੀ ਨਾਲ ਮਿਲਾਓ ਕੀ ਤੂੰ ਬਛਤ੍ਰਾਮਤੀ ਵਾਂਗੂ ਧਰਮ ਦੀ ਲੜਾਈ ਲੜ ਕੇ ਬਚਨ ਨੂੰ ਪੂਰਾ ਕੀਤਾ ਹੈ ? ਜਾਂ ਸੁਭਟ ਸਿੰਘ ਵਾਂਗੂ ਆਪਣੇ ਮਨ ਵਿਚ ਭੀ ਕਦੇ ਪਸ਼ੇਮਾਨ ਹੋਇਆ ਹੈਂ ? ਜੇ ਤੇਰ ਵਿਚ ਦੋਵੇਂ ਹੀ ਗੱਲਾਂ ਨਹੀਂ ਹਨ, ਤਦ ਤੂੰ ਨਾ ਹੀ ਇਸਤ੍ਰੀ ਹੈਂ ਤੇ ਨਾ ਹੀ ਮਰਦ ਹੈਂ ?

ੴ ਵਾਹਿਗੁਰੂ ਜੀ ਕੀ ਫਤਹ ॥

(ਹਿਕਾਇਤ ਪੰਜਵੀਂ)

ਤੁਈ ਰਹਨੁਮਾ ਓ ਤੁਈ ਦਿਲ ਕੁਸ਼ਾਇ ॥
ਤੁਈ ਦਸਤਗੀਰ ਅੰਦਰ ਹਰ ਦੋ ਸਰਾਇ ॥ ੧ ॥

ਤੁਈ=ਤੂੰ ਹੈਂ। ਰਹਨਮਾ-ਰਾਹ ਵਿਖਾਉਣ ਵਾਲਾ। ਓ=ਅਤੇ। ਦਿਲ ਕੁਸ਼ਾਇ-ਚਿਤ ਨੂੰ ਪ੍ਰਸੰਨ ਕਰਨ ਵਾਲਾ। ਦਸਤਗੀਰ=ਹਥ ਫੜਨ ਵਾਲਾ। ਹਰ ਦੋ ਸਰਾਇ-ਦੋਹਾਂ ਲੋਕਾਂ ਵਿਚ।

ਤੂੰਹੀ ਰਾਹ ਵਿਖਾਉਣ ਵਾਲ ਹੈਂ ਅਤੇ ਤੂੰਹੀ ਚਿਤ ਨੂੰ ਪ੍ਰਸੰਨ ਕਰਨ ਵਾਲਾ ਹੈਂ। ਦੋਹਾਂ ਲੋਕਾਂ (ਲੋਕ ਪ੍ਰਲੋਕ) ਅੰਦਰ ਤੂੰ ਹੀ ਹਥ ਨੂੰ ਫੜਨ ਵਾਲਾ (ਅਰਥਾਤ ਸਾਰੇ ਬ੍ਰਹਮੰਡ ਦਾ ਆਸਰਾ ਭੀ ਤੂੰ ਹੀ ਹੈਂ) ॥ ੧ ॥

ਤੁ ਰੱਜ਼ਾਕ ਰੋਜ਼ੀ ਦਿਹੋ ਦਸਤਗੀਰ ॥
ਕਰੀਮੇ ਖ਼ਤਾਂ ਬਖਸ਼ ਦਾਨਿਸ਼ ਪਜ਼ੀਰ ॥ ੨ ॥

ਤੁ=ਤੂੰ। ਰੱਜ਼ਾਕ-(ਧਨ-ਪਦਾਰਥ)ਦੇਨ ਵਾਲਾ। ਰੋਜ਼ੀ ਦਿਹੋ-(ਰੋਜੀ-ਖੁਰਾਕ) ਖਾਣ ਯੋਗ ਪਦਾਰਥ ਦੇਣ ਵਾਲਾ। ਦਸਤਗੀਰ=ਆਸਰਾ ਦੇਣ ਵਾਲਾ। ਕਰੀਮੇ-ਕ੍ਰਿਪਾਲੂ। ਖਤਾ-ਗੁਨਾਹ ਭੁਲਾਂ। ਦਾਨਿਸ਼ ਪਜੀਰ=ਜਾਣੀ ਜਾਣ, ਅੰਦਰ ਦੇ ਲੁਕਵੇਂ ਭੇਦ ਜਾਣਨ ਵਾਲਾ।

ਤੂੰ ਰਾਜਕ ਹੈਂ, ਰੋਜ਼ੀ ਦਾਤਾ ਹੈਂ, ਸਹਾਰਾ ਦੇਣ ਵਾਲਾ ਹੈਂ। ਕ੍ਰਿਪਾਲੂ ਹੈਂ, ਭੁਲ ਬਖਸ਼ਨ ਵਾਲਾ ਹੈਂ ਅਤੇ ਅੰਤਰਜ਼ਾਮੀ ਹੈਂ ॥ ੨ ॥

ਹਿਕਾਯਤ ਸ਼ਨੀਦਮ ਯਕੇ ਕਾਜ਼ੀਅਸ਼ ॥
ਕਿ ਬਰਤਰ ਨ ਦੀਦਮ ਕਜ਼ੋ ਦੀਗਰਸ਼ ॥ ੩ ॥

ਹਿਕਾਯਤ=ਕਹਾਣੀ। ਸ਼ੁਨੀਦਮ=ਮੈਂ ਸੁਣੀ। ਕਾਜ਼ੀਅਸ਼=ਕਾਜੀ ਹੈਗਾ ਸੀ। ਬਰਤਰ= ਵਧੀਆ। ਦੀਦਨ-ਵੇਖਿਆ। ਕਜ਼ੋ='ਕ+ਅਜ਼+ਓ)ਉਸਤੋਂ। ਦੀਗਰਸ਼-ਹੋਰ ਕੋਈ ਦੂਜਾ।

ਮੈਂ ਕਹਾਣੀ ਸੁਣੀ ਹੈ, (ਕਿ) ਇਕ ਕਾਜ਼ੀ ਹੈਗਾ ਸੀ। ਉਸ ਤੋਂ ਵਧੀਆ ਹੋਰ ਕੋਈ ਦੂਜਾ ਨਹੀਂ ਸੀ ॥ ੩ ॥

ਯਕੇ ਖ਼ਾਨਹ ੳ ਬਾਨੂਏ ਨੌ ਜਵਾਂ ॥
ਕਿ ਕੁਰਬਾਂ ਸ਼ਵਦ ਹਰ ਕਸੇ ਨਾਜ਼ ਦਾਂ ॥ ੪ ॥

ਖਾਨਹ—ਘਰ। ਬਾਨੂਏ—ਇਸਤ੍ਰੀ, ਚੜ੍ਹਦੀ ਜੁਆਨੀ ਵਾਲੀ। ਕੁਰਬਾਂ—ਕੁਰਬਾਨ। ਸ਼ਵਦ—ਹੁੰਦਾ। ਹਰ ਕਸੇ—ਸਭ ਕੋਈ। ਨਾਜ਼ ਦਾਂ—ਨਖਰਾ ਜਾਨਣ ਵਾਲਾ।

ਉਸ (ਕਾਜ਼ੀ) ਦੇ ਘਰ ਇਕ ਚੜ੍ਹਦੀ ਜਵਾਨੀ ਵਾਲੀ ਔਰਤ ਸੀ। ਕਿ (ਜਿਸ ਦੇ ਉਤੋਂ) ਨਖਰਾ ਜਾਣਨ ਵਾਲਾ ਸਭ ਕੋਈ ਕੁਰਬਾਨ ਹੁੰਦਾ ਸੀ (ਅਰਥਾਤ ਉਸ ਦੇ ਹਾਵ-ਭਾਵ ਨਾਲ ਸਭ ਕੋਈ ਮੋਹਿਆ ਜਾਂਦਾ ਸੀ) ॥ ੪ ॥

ਕਿ ਸੋਸਨ ਸਰੇ ਰਾ ਫਿਰੋ ਮੇਜ਼ਦਹ ॥
ਗੁਲੇ ਲਾਲਹ ਰਾ ਦਾਗ ਦਰ ਦਿਲ ਸ਼ੁਦਹ ॥ ੫ ॥

ਸੋਸਨ—ਇਕ ਫਲ ਦਾ ਨਾਮ ਹੈ, ਜੋ ਬਹੁਤ ਸੋਹਣਾ ਤੇ ਕੋਮਲ ਹੁੰਦਾ ਹੈ। ਸਰੇ—ਸਿਰ। ਰਾ—ਨੂੰ। ਫਿਰੋ—ਹੇਠਾਂ। ਮੇਜ਼ਦਹ—ਸੁਟਦਾ ਸੀ। ਗੁਲੇ ਲਾਲਹ—'ਲ ਲੇ' ਦਾ ਫੁਲ। ਦਾਗ—ਧਬਾ, ਨਿਸ਼ਾਨ। ਦਰ—ਵਿਚ। ਸ਼ੁਦਹ—ਹੁੰਦਾ।

(ਉਸ ਦੇ ਰੂਪ ਨੂੰ ਵੇਖ ਕੇ) 'ਸੋਸਨ' ਸਿਰ ਨੂੰ ਹੇਠਾਂ ਸੁਟ ਲੈਂਦੀ ਸੀ। ਲੱਾਲੇ ਦੇ ਫੁਲ ਨੂੰ ਭੀ ਦਿਲ ਵਿਚ ਦਾਗ ਹੋ ਜਾਂਦਾ ਸੀ ॥ ੫ ॥ ਭਾਵ-ਉਸ ਦੀ ਕੋਮਲਤਾ ਤੇ ਸੁੰਦਰਤਾ ਦੇ ਅਗੇ ਸੋਸਨ ਸ਼ਰਮਿੰਦੀ ਹੁੰਦੀ ਸੀ ਅਤੇ ਲਾਲੇ ਦਾ ਫੁਲ ਉਸ ਦੀ ਸੁੰਦਰਤਾ ਨੂੰ ਵੇਖ ਕੇ ਮਨ ਵਿਚ ਈਰਖਾਂ ਕਰਦਾ ਸੀ ਕਿ ਮੈਂ ਅਜੇਹਾ ਸੁੰਦਰ ਕਿਉਂ ਨ ਹੋ ਗਿਆ।

ਕਜ਼ਾਂ ਸੂਰਤੇ ਮਾਹ ਰਾ ਬੀਮ ਸ਼ੁਦ ॥
ਰਸ਼ਕ ਸੋਖ਼ਤਹ ਅਜ ਮਿਆ ਨੀਮ ਸ਼ੁਦ ॥ ੬ ॥

ਕਜਾਂ-(ਕਿ+ਅਜਾਂ) ਜੋ ਉਸ ਤੋਂ। ਸੂਰਤੇ—ਸ਼ਕਲ। ਮਾਹ—ਚੰਦ੍ਰਮਾ। ਬੀਮ-ਡਰ। ਸ਼ੁਦ—ਹੋਇਆ। ਰਸ਼ਕ-ਈਰਖਾ ਸੋਖਤਹ-ਸੜਕੇ। ਮਿਆਂ-ਵਿਚਾਲੇ। ਨੀਮ—ਅਧਾ। ਸ਼ੁਦ-ਹੋਗਿਆ

ਉਸ ਤੋਂ ਚੰਦ੍ਰਮਾਂ ਦੀ ਸੂਰਤ (ਸ਼ਕਲ) ਨੂੰ ਡਰ ਹੋ ਗਿਆ। ਈਰਖਾ ਦੀ ਅਗ ਵਿਚ ਸੜ ਕੇ ਅਧਾ ਹੋ ਗਿਆ ਹੈ ॥ ੬ ॥

ਬਕਾਰ ਅਜ ਸੂਏ ਖ਼ਾਨਹ ਬੇਰੂੰ ਰਵਦ ॥
ਬ ਦੋਸੇ ਜ਼ੁਲਫ਼ ਸ਼ੋਰ ਸੁੰਬਲ ਸ਼ਵਦ ॥ ੭ ॥

ਬਕਾਰ—ਕੰਮ ਲਈ। ਅਜ਼-ਤੋਂ। ਸੂਏ-ਪਾਸੇ। ਖ਼ਾਨਹ-ਘਰ। ਬੇਰੂੰ-ਬਾਹਰ। ਰਵਦ-ਜਾਂਦੀ ਸੀ। ਦੋਸੇ-ਮੋਢੇ। ਬ—ਉਤੇ। ਜ਼ੁਲਫ਼-ਅਲਕਾਂ। ਸ਼ੋਰ—ਕੂਕ ਸੁੰਬਲ—ਇਸ਼ਕ ਪੇਚਾ।

(ਉਹ ਇਸਤ੍ਰੀ ਜਦ) ਕੰਮ ਲਈ ਘਰ ਤੋਂ ਬਾਹਰ ਵਲ ਨੂੰ ਜਾਂਦੀ ਸੀ। (ਤਦ) ਦੋਹਾਂ ਮੋਢਿਆਂ ਉਤੇ ਜੁਲਫਾਂ ਲਮਕੀਆਂ ਹੋਈਆਂ ਨੂੰ ਵੇਖ ਕੇ) ਇਸ਼ਕ ਪੇਚਾ ਕੂਕਾਂ ਦੇਂਦਾ ਸੀ ॥ ੭ ॥

ਗਰ ਆਬੇ ਬ ਦਰਿਆਇ ਬਸ਼ੋਯਦ ਰੁਖਸ਼ ॥

ਹਮਹ ਖ਼ਾਰਿ ਮਾਹੀ ਸ਼ਵਦ ਗੁਲ ਰੁਖਸ਼ ॥ ੮ ॥

ਗਰ–ਜੇਕਰ। ਆਬੇ–ਪਾਣੀ। ਬਸ਼ੋਯਦ–ਧੋਵੇ। ਰੁਖਸ਼–ਮੂੰਹ, ਉਹ। ਹਮਹ–ਸਾਰੇ। ਖ਼ਾਰਿ–ਕੰਡੇ, ਚੋਨੇ। ਮਾਹੀ–ਮਛੀ। ਸ਼ਵਦ–ਹੁੰਦੇ। ਗੁਲ–ਫੂਲ। ਰੁਖ਼ਸ਼–ਰੂਪ।

ਜੇਕਰ ਉਹ ਦਰਿਆ ਦੇ ਪਾਣੀ ਵਿਚ ਮੂੰਹ ਧੋਂਦੀ ਸੀ। (ਤਦ) ਸਾਰੀਆਂ ਮਛੀਆਂ ਦੇ ਕੰਡੇ ਫੂਲ ਰੂਪ ਹੋ ਜਾਂਦੇ ਸਨ ॥ ੮ ॥

ਭਾਵ–ਉਸ ਦੀ ਕੋਮਲਤਾ ਦੇ ਸਪਰਸ਼ ਕੀਤੇ ਹੋਏ ਪਾਣੀ ਨਾਲ ਕੰਡੇ ਭੀ ਫੂਲ ਹੋ ਜਾਂਦੇ ਸਨ।

ਬਖੁਮ ਉਫਤਾਦਹ ਹਮਾਂ ਸਾਯਹ ਆਬ ॥
ਜ਼ ਮਸਤੀ ਸ਼ੁਦਹ ਨਾਮ ਨਰਗਸ ਸ਼ਰਾਬ ॥ ੯ ॥

ਬ–ਵਿਚ। ਖ਼ਮ–ਮਟ, ਘੜਾ। ਉਫਤਾਦਹ–ਪੈ ਗਿਆ। ਹਮਾਂ–ਓਹੀ। ਜ਼–ਨਾਲ। ਮਸਤੀ–ਅਮਲ। ਸ਼ੁਦਹ–ਹੋ ਗਿਆ। ਨਰਗਸ ਸ਼ਰਾਬ–ਅੰਗੂਰੀ ਸ਼ਰਾਬ ਦਾ ਨਾਮ ਹੈ।

ਉਸ ਦੇ (ਮੂੰਹ ਦਾ) ਪਰਛਾਵਾਂ ਮਟ (ਘੜੇ) ਦੇ ਪਾਣੀ ਵਿਚ ਪੈ ਗਿਆ। (ਜਿਸ) ਨਾਲ (ਘੜੇ ਦਾ ਪਾਣੀ) ਅਮਲ (ਨਸ਼ੇ) ਵਾਲਾ ਹੋ ਗਿਆ (ਅਤੇ ਉਸ ਦਾ) ਨਾਮ 'ਨਰਗਸ ਸ਼ਰਾਬ' ਪ੍ਰਸਿਧ ਹੋ ਗਿਆ ਹੈ ॥ ੯ ॥ ਭਾਵ–ਉਸ ਦੇ ਚੇਹਰੇ ਦੇ ਪਰਛਾਵੇਂ ਦੇ ਅਸਰ ਨਾਲ ਹੀ ਪਾਣੀ ਵਿਚ ਨਸ਼ਾ ਪੈਦਾ ਹੋ ਗਿਆ ਤੇ ਉਸ ਦਾ ਨਾਮ ਸ਼ਰਾਬ ਪੈ ਗਿਆ। ਜੋ ਕੋਈ ਉਸ ਦਾ ਦੀਦਾਰ ਕਰ ਲੈਂਦਾ ਸੀ ਉਹ ਮਸਤ ਹੋ ਕੇ ਆਪਾ ਹੀ ਭੁਲ ਜਾਂਦਾ ਸੀ।

ਬਦੀਦਸ਼ ਯਕੇ ਰਾਜਹੇ ਨੌ ਜਵਾਂ ॥
ਕਿ ਹੁਸਨਲ ਜਮਾਲ ਅਸਤ ਜ਼ਾਹਿਰ ਜਹਾਂ ॥ ੧੦ ॥

ਬਦੀਦਸ਼–(ਬਦੀਦ+ਸ਼) ਵੇਖਿਆ ਉਸ ਨੇ। ਯਕੇ–ਇਕ। ਰਾਜਹੇ–ਰਾਜੇ ਨੂੰ। ਕਿ–ਜੋ। ਹੁਸਨਲ ਜਮਾਲ–ਸੁੰਦਰ ਸਰੂਪ। ਅਸਤ–ਹੈ। ਜ਼ਾਹਿਰ ਜ਼ਹਾਂ–ਜਗਤ ਵਿਚ ਮਸ਼ਹੂਰ।

ਉਸ ਲੜਕੀ ਨੇ ਇਕ ਨੌਜਵਾਨ ਰਾਜੇ ਨੂੰ ਵੇਖਿਆ ਜੋ ਬਹੁਤ ਹੀ ਸੁੰਦਰ ਸਰੂਪ ਵਾਲਾ ਅਤੇ ਜਗਤ ਵਿਚ ਮਸ਼ਹੂਰ ਸੀ ॥ ੧੦ ॥

ਬਿਗੁਫ਼ਤਹ ਕਿ ਐ ਰਾਜਹੇ ਨੇਕ ਬਖਤ ॥
ਤੋ ਮਾ ਰਾ ਬਿਦੇਹ ਜ਼ਾਇ ਨਜ਼ਦੀਕਿ ਤਖਤ ॥ ੧੧ ॥

(ਉਸ ਨੇ) ਕਿਹਾ ਹੇ ਚੰਗੇ ਭਾਗਾਂ ਵਾਲੇ ਰਾਜੇ! ਤੂੰ ਮੈਨੂੰ ਤਖਤ (ਉਤੇ ਆਪਣੇ) ਨੇੜੇ ਬੈਠਨ ਨੂੰ ਜਗ੍ਹਾ ਦੇਹੁ ॥ ੧੧ ॥

ਭਾਵ–ਪਹਿਲੇ ਸਮੇਂ ਵਿਚ ਰਾਜ ਸਿੰਘਾਸਨ ਉਤੇ ਰਾਣੀ ਰਾਜੇ ਦੇ ਕੋਲ ਬੈਠਿਆ ਕਰਦੀ ਸੀ। ਉਸ ਗਲ ਵਲ ਇਸ਼ਾਰਾ ਕੀਤਾ ਹੈ ਕਿ ਤੂੰ ਮੈਨੂੰ ਆਪਣੀ ਇਸਤ੍ਰੀ ਬਣਾ ਕੇ ਤਖਤ ਉਤੇ ਆਪਣੇ ਕੋਲ ਬੈਠਣ ਦਾ ਹੱਕਦਾਰ ਬਣਾ ਲੈ।

ਨਖੁਸਤੀਂ ਸਰਿ ਕਾਜ਼ੀ ਆਵਰ ਤਰਾਸਤ ॥
ਵਜ਼ਾਂ ਪਸ ਕਿ ਈਂ ਖਾਨਹ ਮ ਅਜ਼ ਤਰਾਸਤ ॥ ੧੨ ॥

ਨਖੁਸਤੀਂ–ਪਹਿਲੇ। ਸਰਿ–ਸਿਰ। ਆਵਰ–ਲਿਆਓ। ਤ੍ਰਾਸਤ–ਵਢਕੇ। ਵਜ਼ਾਂ ਪਸ–ਇਸ

ਤੋਂ ਪਿਛੋਂ। ਈਂ=ਏਹ। ਖ਼ਾਨਹ ਮਾ=ਮੇਰਾ ਘਰ। ਤੁਰਾਸਤ-ਤੇਰਾ ਹੈ।

(ਰਾਜੇ ਨੇ ਕਿਹਾ)-ਪਹਿਲੋਂ (ਤੂੰ ਆਪਣੇ ਖਾਵੰਦ) ਕਾਜ਼ੀ ਦਾ ਸਿਰ ਵਢ ਕੇ ਲਿਆਓ।ਇਸ ਦੇ ਮਗਰੋਂ ਇਹ ਮੇਰਾ ਘਰ ਤੇਰਾ (ਹੀ ਘਰ) ਹੈ॥ ੧੨॥

ਸ਼ੁਨੀਦ ਈਂ ਸੁਖਨ ਰਾ ਦਿਲ ਅੰਦਰ ਨਿਹਾਦ॥
ਨ ਰਾਜ਼ੇ ਦਿਗਰ ਪੇਸ਼ਿ ਔਰਤ ਕੁਸ਼ਾਦ॥ ੧੩॥

ਸ਼ਨੀਦ-ਸੁਣੀ। ਈਂ=ਏਹ। ਸੁਖਮ-ਗੱਲ। ਨਿਹਾਦ=ਰਖ ਲਈ। ਰਾਜ਼ੇ=ਭੇਦ ਨੂੰ। ਦਿਗਰ ਪੇਸ਼ਿ-ਦੂਜੇ ਦੇ ਸਾਹਮਣੇ। ਕੁਸ਼ਾਦ-ਖੋਲ੍ਹਿਆ। ਇਹ ਗੱਲ ਸੁਣ ਕੇ ਇਸਤ੍ਰੀ ਨੇ ਦਿਲ ਦੇ ਅੰਦਰ ਧਾਰ ਲਈ (ਅਤੇ ਕਿਸੇ ਦੂਜੇ) ਅਗੇ ਇਸਤ੍ਰੀ ਨੇ ਇਸ ਭੇਤ ਨੂੰ ਪ੍ਰਗਟ ਨਾ ਕੀਤਾ॥ ੧੩॥

ਬਵਕਤੇ ਸ਼ੌਹਰਿ ਚੋ ਖੁਸ਼ ਖੁਫਤਹ ਦੀਦ॥
ਬਿਜ਼ਦ ਤੇਗ਼ ਖੁਦ ਦਸਤ ਸਰਿ ਓ ਬੁਰੀਦ॥ ੧੪॥

ਬਵਕਤੇ-ਸਮੇਂ ਸਿਰ। ਸ਼ੌਹਰਿ-ਖਾਵੰਦ, ਪਤੀ। ਚੋ-ਜਦ। ਖੁਸ਼ ਖ਼ਫਤਹ-ਸੁਖ ਦੀ ਨੀਂਦ ਸੁਤਾ (ਭਾਵ ਗੂੜੀ ਨੀਂਦ ਵਿਚ ਸੌਂ ਗਿਆ)। ਦੀਦ-ਵੇਖਿਆ। ਬਿਜ਼ਦ=ਮਾਰੀ। ਖੁਦ ਦਸ਼ਤ-ਆਪਣੇ ਹਥੀਂ। ਸਰਿ ਓ ਬੁਰੀਦ-ਉਸ ਦਾ ਸਿਰ ਵਢ ਲਿਆ।

ਜਦ (ਉਸ ਨੇ) ਖਾਵੰਦ ਨੂੰ ਵੇਲੇ ਸਿਰ ਸੁਖ ਦੀ ਨੀਂਦ ਵਿਚ ਸੁਤਾ ਪਿਆ ਡਿਠਾ। (ਤਦ) ਆਪਣੇ ਹਥ ਨਾਲ ਤਲਵਾਰ ਮਾਰੀ ਅਤੇ ਉਸ ਦਾ ਸਿਰ ਵਢ ਲਿਆ॥ ੧੪॥

ਬੁਰੀਦਹ ਸਰਿ ਓ ਰਵਾ ਜਾਇ ਗਸ਼ਤ॥
ਦਰਾਂ ਜਾ ਸਬਲ ਸਿੰਘ ਬਿਨਸ਼ਸਤਹ ਅਸਤ॥ ੧੫॥

ਬਰੀਦਹ-ਵਢ ਕੇ। ਸਰਿ ਓ-ਉਸ ਦਾ ਸਿਰ। ਰਵਾਂ-ਤੁਰਪਈ। ਜਾਇ ਗਸ਼ਤ-ਟਿਕਾਣੇ ਤੇ ਗਈ। ਦਰਾਂ ਜਾ-ਉਸ ਜਗ੍ਹਾ ਵਿਚ।ਸਬਲ ਸਿੰਘ-(ਉਸ ਰਾਜੇ ਦਾ ਨਾਮ ਸੀ, ਜਿਸ ਉਤੇ ਉਹ ਮੋਹਤ ਹੋਈ ਸੀ)। ਬਿਨਸ਼ਸਤਹ-ਬੈਠਾ ਹੋਇਆ। ਅਸਤ-ਹੈ।

ਵਢ ਕੇ ਸਿਰ ਉਸ ਦਾ ਤੁਰ ਪਈ ਤੇ ਟਿਕਾਣੇ ਉਤੇ ਜਾ ਪੁਜੀ। ਉਸ ਜਗ੍ਹਾ ਵਿਚ, (ਜਿਥੇ ਉਸ ਦਾ ਪ੍ਰੀਤਮ ਰਾਜਾ) 'ਸਬਲ ਸਿੰਘ' ਬੈਠਾ ਹੋਇਆ ਹੈ॥ ੧੫॥

ਤੁ ਗੁਫਤੀ ਮਰਾ ਹਮ ਚੁਨੀ ਕਰਦਹ ਅਮ॥
ਬਪੇਸ਼ਿ ਤੁ ਈਂ ਸਰ ਮਨ ਆਵੁਰਦਹ ਅਮ॥ ੧੬॥

ਤੁ ਗੁਫਤੀ-ਤੂੰ ਕਿਹਾ ਸੀ। ਮਰਾ-ਮੈਨੂੰ। ਹਮ ਚੁਨੀ-ਉਸੇ ਤਰ੍ਹਾਂ। ਕਰਦਹ ਅਮ-ਕੀਤਾ ਹੈ, ਮੈਂ। ਬਪੇਸ਼ਿ ਤੁ-ਤੇਰੇ ਸਾਹਮਣੇ। ਈਂ ਸਰ-ਇਹ ਸਿਰ। ਅਵੁਰਦਹ ਅਮ-ਲਿਆਂਦਾ ਹੈ ਇਹ।

(ਜਾ ਕੇ ਕਹਿਣ ਲਗੀ-ਪਿਆਰੇ! ਜਿਸ ਤਰ੍ਹਾਂ) ਤੂੰ ਮੈਨੂੰ ਕਿਹਾ ਸੀ, ਮੈਂ ਉਸੇ ਤਰ੍ਹਾਂ ਕੀਤਾਹੈ। (ਆਪਣੇ ਖਾਵੰਦ ਦਾ) ਇਹ ਸਿਰ ਤੇਰੇ ਸਾਹਮਣੇ ਲੈ ਆਂਦਾ ਹੈ॥ ੧੬॥

ਅਗਰ ਸਰ ਤੁ ਖ੍ਵਾਹੀ ਸਰ ਤੋ ਮੇ ਦਿਹਮ॥
ਬਜਾਨੋ ਦਿਲੇ ਬਰ ਤੋ ਆਸ਼ਿਕ ਸ਼ੁਦਮ॥ ੧੭॥

ਅਗਰ-ਜੇਕਰ। ਸਰ-ਸਿਰ। ਖ੍ਵਾਹੀ-ਚਾਹੇਂ। ਤੋ-ਤੈਨੂੰ। ਮੇ ਦਿਹਮ-ਮੈਂ ਦੇਵਾਂ। ਬਜਾਨ-

ਜਾਨ ਨਾਲ। ਬਰ ਤੋ-ਤੇਰੇ ਉਤੇ। ਸ਼ੁਦਮ-ਹੋ ਗਈ ਹਾਂ।

(ਫਿਰ ਕਿਹਾ- ਜੇਕਰ ਤੂੰ (ਮੇਰਾ) ਸਿਰ ਭੀ ਚਾਹੇਂ, (ਤਾਂ ਆਪਣਾ) ਸਿਰ (ਵਢ ਕੇ ਭੀ) ਮੈਂ ਤੈਨੂੰ ਦੇ ਦੇਵਾਂ? (ਕਿਉਂਕਿ) ਮਨ ਤੇ ਚਿੱਤ ਕਰਕੇ ਮੈਂ ਤੇਰੇ ਉਤੇ ਆਸ਼ਿਕ ਹੋ ਗਈ ਹਾਂ ॥ ੧੭ ॥

ਕਿ ਇਮ ਸ਼ਬ ਕੁਨ ਆਂ ਅਹਦ ਤੋ ਬਸਤਹਈ ॥

ਬ ਗ਼ਮਜ਼ਹ ਚਸ਼ਮ ਜਾਨਿ ਮਨ ਕੁਸ਼ਤਹਈ ॥ ੧੮ ॥

ਕਿ-ਜੋ। ਇਮ ਸ਼ਬ=ਇਸ ਰਾਤ। ਕੁਨ=ਕਰ। ਆਂ-ਓਹ। ਅਹਦ-ਬਚਨ। ਤੋ-ਤੂੰ। ਬਸਤਹਾਈ-ਬੰਨ੍ਹਿਆ ਹੈ। ਬ=ਨਾਲ। ਗਮਜ਼ਹ ਚਸ਼ਮ=ਅਖ ਦੇ ਇਸ਼ਾਰੇ, ਅਖਾਂ ਦੇ ਕਟਾਖਯ। ਜਾਨਿ-ਜਿੰਦ। ਮਨ-ਮੇਰੀ। ਕੁਸ਼ਤਹਈ-ਕੋਹ ਦਿਤੀ, ਵਿੰਨ੍ਹ ਦਿਤੀ ਹੈ।

(ਫਿਰ ਕਹਿਣ ਲਗੀ-ਪਿਆਰੇ!) ਜੋ ਅਹਿਦ ਤੂੰ ਬੰਨ੍ਹਿਆ ਹੈ, ਇਸ ਰਾਤ ਵਿਚ ਉਹ ਪੂਰਾ ਕਰ। (ਤੂੰ) ਅਖਾਂ ਦੇ ਕਟਾਖਯ ਨਾਲ ਮੇਰੀ ਜਾਨ ਨੂੰ ਵਿੰਨ੍ਹ ਦਿਤਾ ਹੈ ॥ ੧੮ ॥

ਭਾਵ-ਤੇਰੀਆਂ ਮਸਤਾਨੀਆਂ ਅਖਾਂ ਨੇ ਮੈਨੂੰ ਘਾਇਲ ਕਰ ਦਿਤਾ ਹੈ, ਇਸ ਕਰਕੇ ਮੈਂ ਤੇਰੇ ਹੁਕਮ ਮੁਤਾਬਕ ਕੰਮ ਕੀਤਾ ਹੈ, ਹੁਣ ਤੂੰ ਆਪਣ ਕੀਤੇ ਹੋਏ ਬਚਨ ਨੂੰ ਪੂਰਾ ਕਰ।

ਚੋ ਦੀਦਸ਼ ਸਰੇ ਰਾਜਹੇ ਨੌ ਜਵਾਂ ॥

ਬਿਤਰਸੀਦ ਵ ਗੁਫ਼ਤਹ ਕਿ ਏ ਬਦਨਿਸ਼ਾਂ ॥ ੧੯ ॥

ਚੋ=ਜਦ। ਦੀਦਸ਼=ਉਸ ਨੇ ਡਿਠਾ। ਸਰੇ=ਸਿਰ ਵਲ। ਤਰਸੀਦ--ਡਰ ਗਿਆ। ਵ-ਅਤੇ। ਗੁਫਤਹ=ਆਖਿਆ। ਏ-ਹੇ। ਬਦਨਿਸ਼ਾਂ=ਭੈੜੇ ਲੱਛਣਾਂ ਵਾਲੀ। ਜਦ ਉਸ ਨੌਜਵਾਨ ਰਾਜੇ ਨੇ (ਕਾਜ਼ੀ ਦੇ) ਸਿਰ ਵਲ ਡਿਠਾ। (ਤਦ)ਡਰ ਗਿਆ ਤੇ ਕਿਹਾ-ਜੋ ਹੇ ਬੁਰੇ ਲਛਣਾਂ ਵਾਲੀਏ!।੧੯।

ਚੁਨਾ ਬਦ ਤੋ ਕਰਦੀ ਖ਼ੁਦਾਵੰਦ ਖੇਸ਼ ॥

ਕਿ ਮਾ ਰਾ ਚਿਹ ਆਰੀ ਅਜ਼ੀਂ ਕਾਰ ਬੇਸ਼ ॥ ੨੦ ॥

ਚੁਨਾਂ=ਅਜੇਹਾ। ਬਦ-ਬੁਰਾ। ਤੋ ਕਰਦੀ-ਤੂੰ ਕੀਤਾ। ਖੇਸ਼-ਆਪਣੇ। ਕਿ-ਜੋ। ਮਾ ਰਾ=ਮੈਨੂੰ। ਚਿਹ-ਕੀ। ਆਰੀ-ਲਿਆਵੇਂਗੀ। ਅਜ਼ੀਂ ਕਾਰ-ਇਸ ਕੰਮ ਤੋਂ। ਬੇਸ਼-ਵਧੀਕ।

(ਜਦ ਕਿ) ਤੂੰ ਆਪਣੇ ਖਾਵੰਦ ਦਾ ਅਜੇਹਾ ਬੁਰਾ ਕੀਤਾ ਹੈ। (ਤਾਂ ਫਿਰ) ਇਸ ਕੰਮ ਤੋਂ ਵਧੀਕ ਮਨੂੰ ਕੀ ਲਿਆ ਦੇਵੇਂਗੀ? ॥ ੨੦ ॥

ਭਾਵ-ਜਦ ਤੂੰ ਆਪਣੇ ਹਥਾਂ ਨਾਲ ਖਾਵੰਦ ਦਾ ਸਿਰ ਵਢਨ ਲਗਿਆਂ ਦੇਰ ਨਹੀਂ ਲਾਈ ਤਾਂ ਯਾਰ ਦੇ ਵਾਸਤੇ ਤੇਰੇ ਪਾਸੋਂ ਭਲੇ ਕੰਮ ਦੀ ਕੀ ਆਸ ਹੋ ਸਕਦੀ ਹੈ?

ਜ਼ਿ ਤੋ ਦੋਸਤੀ ਮਨ ਬ ਬਾਜ਼ ਆਮਦਮ ॥

ਜ਼ਿ ਕਰਦਹ ਤੋ ਮਨ ਦਰ ਨਿਆਜ਼ ਆਮਦਮ ॥ ੨੧ ॥

ਜਿ=ਤੋਂ। ਤੋ-ਤੇਰੀ। ਮਨ-ਮੈਂ। ਬਾਜ਼ ਆਮਦਮ=ਬਾਜ਼ ਆਇਆ(ਭਾਵ ਪਿਛੇ ਹਟ ਗਿਆ ਹਾਂ)। ਕਰਦਹ=ਕੰਮ। ਮਨ-ਮੈਂ। ਦਰ=ਵਿਚ। ਨਿਆਜ਼-ਇਛਾ।

ਤੇਰੀ ਮਿਤ੍ਰਤਾਈ ਤੋਂ ਮੈਂ ਬਾਜ ਆਇਆ (ਮੇਰੇ ਉਤੇ ਕ੍ਰਿਪਾ ਕਰ, ਮੈਂ ਇਸ ਮਿਤ੍ਰਤਾਈ ਦੇ ਨਾਮ ਤੋਂ ਹੀ ਰਜ ਗਿਆ ਹਾਂ)। ਤੇਰੇ ਇਸ ਕਾਰਨਾਮੇ ਤੋਂ ਹੀ ਤੇਰੇ ਨਿਆਜ਼ ਨੂੰ ਪਾਇਆ ਚਾਹੁੰਦਾ ਹਾਂ (ਅਰਥਾਤ ਤੇਰੇ ਇਸ ਕੰਮ ਨੂੰ ਵੇਖ ਕੇ ਹੀ ਮੈਂ ਤੇਰੀ ਕ੍ਰਿਪਾ ਦਾ ਮੰਗਤਾ ਹੋਇਆ ਹਾਂ, ਮੇਰੇ ਉਤੇ ਕ੍ਰਿਪਾ

ਕਰ ਅਤੇ ਇਹ ਪਿਆਰ ਦਾ ਪਿਆਲਾ ਕਿਸੇ ਹੋਰ ਨੂੰ ਪਿਆਓ) ॥ ੨੧ ॥

ਚੁਨੀ ਬਦ ਤੋ ਕਰਦੀ ਖ਼ੁਦਾਵੰਦ ਕਾਰ ॥
ਮਰਾ ਕਰਦਹ ਬਾਸ਼ੀ ਚੁਨੀ ਰੋਜ਼ਗਾਰ ॥੨੨॥

ਚੁਨੀ—ਅਜੇਹਾ। ਬਦ—ਬੁਰਾ। ਤੋ ਕਰਦੀ—ਤੂੰ ਕੀਤਾ। ਖ਼ੁਦਾਵੰਦ-ਖਾਵੰਦ। ਕਾਰ—ਕੰਮ। ਮਰਾ—ਮੈਨੂੰ। ਬਾਸੀ—ਹੋਵੇਗਾ। ਰੋਜ਼ਗਾਰ—ਵਰਤਾਉ। (ਜਦ) ਤੂੰ ਅਜੇਹਾ ਬੁਰਾ ਕੰਮ ਆਪਣੇ ਖਾਵੰਦ ਨਾਲ ਕੀਤਾ। ਤਾਂ ਮੇਰੇ (ਨਾਲ ਭੀ ਤੂੰ) ਅਜੇਹਾ ਹੀ ਵਰਤਾਉ ਕਰਨਾ ਹੋਵੇਗਾ? ॥ ੨੨ ॥

ਭਾਵ-ਜੇਹੜਾ ਸਲੂਕ ਤੂੰ ਆਪਣੇ ਖਾਵੰਦ ਨਾਲ ਹੁਣ ਕਰਕੇ ਆਈ ਹੈਂ ਅਤੇ ਇਸ ਵੇਲੇ ਮੈਨੂੰ ਫਿਰ ਆਪਣਾ ਖਾਵੰਦ ਬਣਾਇਆ ਚਾਹੁੰਦੀ ਹੈਂ, ਕਿਸੇ ਦਿਨ ਨੂੰ ਫਿਰ ਮੇਰੇ ਨਾਲ ਭੀ ਤੇਰਾਇਹੋ ਵਰਤਾਓ ਹੋਵੇਗਾ, ਕਿਉਂਕਿ- 'ਪਾੜੋਸੀ ਕੇ ਜੋ ਹੂਆ ਤੂ ਆਪਨੇ ਭੀ ਜਾਨ ॥'

ਬਿਅੰਦਾਖ਼ਤ ਸਰ ਰਾ ਦਰਾਂ ਜਾ ਜ਼ਿ ਦਸਤ ॥
ਬਰੇ ਸੀਨਹ ਓ ਸਰ ਬਿਜ਼ਦ ਹਰ ਦੁ ਦਸਤ ॥੨੩॥

ਬਿਅੰਦਾਖ਼ਤ—ਸੁਟ ਦਿਤਾ। ਸਰ ਰਾ—ਸਿਰ ਨੂੰ। ਦਰਾਂ ਜਾ-ਉਸ ਜਗ੍ਹਾ ਵਿਚ। ਜਿ-ਤੋਂ। ਦਸਤ-ਹਥ। ਬਰੇ ਸੀਨਹ-ਛਾਤੀ ਉਤੇ। ਓ-ਅਤੇ। ਬਿਜ਼ਦ-ਮਾਰੇ। ਹਰ ਦੁ ਦਸਤ-ਦੋਵੇਂ ਹਥ

ਹਥ ਵਿਚੋਂ ਸਿਰ ਨੂੰ ਉਤੇ ਹੀ ਸੁਟ ਦਿਤਾ। ਛਾਤੀ ਅਤੇ ਸਿਰ ਉਤੇ (ਉਸ ਨੇ ਆਪਣੇ) ਦੋਵੇ ਹਥ ਮਾਰੇ (ਅਰਥਾਤ ਪਿਟਣਾ ਸ਼ੁਰੂ ਕਰ ਦਿਤਾ) ॥ ੨੩ ॥

ਮਰਾ ਪੁਸ਼ਤ ਦਾਦੀ ਤੁਰਾ ਹਕ ਦਿਹਦ ॥
ਵਜ਼ਾਂ ਰੋਜ਼ ਮੌਲਾਇ ਕਾਜ਼ੀ ਸ਼ਵਦ ॥੨੪॥

ਮਰਾ—ਮੈਨੂੰ। ਪੁਸ਼ਤ-ਪਿਠ। ਦਾਦੀ—ਦਿਤੀ ਹੈ। ਤੁਰਾ—ਤੈਨੂੰ। ਹਕ—ਖ਼ੁਦਾ। ਦਿਹਦ—ਦੇਵੇਗਾ। ਵਜ਼ਾਂ ਰੋਜ਼—ਉਸ ਦਿਨ। ਮੌਲਾਇ—ਪ੍ਰਮਾਤਮਾ। ਸ਼ਵਦ—ਹੋਵੇਗਾ। ਕਾਜ਼ੀ—ਇਸਲਾਮੀ ਸ਼ਰ੍ਹਾ ਦੇ ਮੁਤਾਬਿਕ ਸਚੇ ਝੂਠ ਦਾ ਨਿਰਣੇ ਕਰਨ ਵਾਲਾ।

(ਫਿਰ ਕਹਿਣ ਲਗੀ)—ਤੂੰ ਮੈਨੂੰ ਪਿਠ ਦਿਤੀ ਹੈ, ਤੈਨੂੰ ਖ਼ੁਦਾ ਪਿਠ ਦੇਵੇਗਾ। ਉਸ ਦਿਨ, (ਜਿਸ ਦਿਨ) ਪ੍ਰਮਾਤਮਾ (ਆਪ) ਕਾਜ਼ੀ ਹੋਵੇਗਾ ॥ ੨੪ ॥

ਭਾਵ—ਇਸਲਾਮ ਇਹ ਗੱਲ ਕਹਿੰਦਾ ਹੈ ਕਿ ਕਿਆਮਤ ਦੇ ਰੋਜ਼ ਤਕ ਸਾਰੀਆਂ ਰੂਹਾਂ ਕਬਰਾਂ ਵਿਚ ਦਬੀਆਂ ਰਹਿਣਗੀਆਂ। ਜਿਸ ਵੇਲੇ ਫਰਿਸ਼ਤਾ ਅਸਰਾਫੀਲ ਤੁਰੀ ਵਜਾਏਗਾ, ਤਦੋਂ ਸਾਰੀਆਂ ਰੂਹਾਂ ਖੜੀਆਂ ਹੋ ਜਾਣਗੀਆਂ, ਖ਼ੁਦਾਵੰਦ ਆਪ ਤਖਤ ਤੇ ਬੈਠ ਕੇ ਸਭਨਾਂ ਦੇ ਕਰਮਾਂ ਦਾ ਫੈਸਲਾ ਕਰੇਗਾ। ਪੈਗੰਬਰ ਮੁਹੰਮਦ ਸਾਹਿਬ ਜਿਸ ਦੀ ਹਾਮੀ ਭਰਨਗੇ ਉਨ੍ਹਾਂ ਨੂੰ ਜੰਨਤ ਨਸੀਬ ਹੋਵੇਗੀ ਦੂਜੇ ਸਭਨਾਂ ਨੂੰ ਦੋਜ਼ਕ, ਪਰ ਕਿਸੇ ੨ ਨੂੰ ਬਹਿਸ਼ਤ ਭੀ ਮਿਲੇਗਾ। ਉਹ ਕਾਜ਼ੀ ਦੀ ਔਰਤ ਸੀ, ਇਸ ਲਈ ਉਹ ਮੁਸਲਮਾਨੀ ਅਕੀਦੇ ਅਨੁਸਾਰ ਕਹਿ ਰਹੀ ਹੈ, ਕਿ ਜਿਸ ਦਿਨ ਪ੍ਰਮਾਤਮਾ ਆਪ ਕਾਜ਼ੀ ਹੋ ਕੇ ਨਿਆਉਂ ਕਰੇਗਾ ਉਸ ਦਿਨ ਤੈਨੂੰ ਪਿਠ ਦੇਵੇਗਾ।

ਨੋਟ—ਮੁਸਲਮਾਨੀ ਰਾਜ ਦੇ ਸਮੇਂ ਹਰ ਇਕ ਮੁਕੱਦਮਾ ਸ਼ਰਾਅ ਦੇ ਮੁਤਾਬਕ ਹੁੰਦਾ ਸੀ। ਸ਼ਰਾਅ ਦੀ ਕਿਤਾਬ ਨੂੰ ਫੋਲ ਕੇ ਫਤਵੇ ਕਾਜ਼ੀ ਲੋਕ ਦਸਿਆ ਕਰਦੇ ਸਨ। ਜਿਸ ਤਰ੍ਹਾਂ ਅਜ ਕਲ ਕਾਨੂੰਨੀ ਵਿਦਵਾਨ ਦਾ ਨਾਮ ਵਕੀਲ; ਐਡਵੋਕੇਟ ਜਾਂ ਬਾਰ-ਐਟ-ਲਾ (ਬੈਰਿਸਟਰ) ਹੈ, ਇਸੇ ਤਰ੍ਹਾਂ ਉਸ ਸਮੇਂ ਅਤੇ ਹੁਣ ਭੀ ਕਾਬਲ ਆਦਿਕ ਦੇਸ, ਜਿਥੇ ਸ਼ਰਾਅ ਦੀ ਹਕੂਮਤ ਹੈ, ਉਥੇ 'ਕਾਜ਼ੀ' ਮੌਜੂਦ ਹਨ।

ਇਸਲਾਮੀ ਅਦਾਲਤ ਵਿਚ ਕਾਜ਼ੀ, ਮੁਫਤੀ ਦੇ ਹਾਕਮ ਹੁੰਦੇ ਹਨ। ਦੋਜ਼ਾਂ ਤਿੰਨ ਮੁਫਤੀ ਸਰਾਅ ਦੀ ਪੜਚੋਲ ਕਰਦੇ ਹਨ, ਕਾਜ਼ੀ ਉਨ੍ਹਾਂ ਦੀ ਵਿਚਾਰ ਨੂੰ ਸੁਣ ਕੇ ਫਤਵਾ ਦੇਂਦਾ ਹੈ ਅਤੇ ਹਾਕਮ ਹੁਕਮ ਸੁਣਾਉਂਦਾ ਹੈ।ਇਸ ਸਾਰੇ ਵਿਚਾਰ ਨੂੰ ਜਾਣਨ ਵਾਲੀ ਹੋਣ ਕਰਕੇ ਉਹ ਕਹਿ ਰਹੀ ਹੈ, ਜਿਸ ਦਿਨ 'ਮੁੱਲਾਅ ਆਪ ਕਾਜ਼ੀ ਹੋਵੇਗਾ।'

ਬਿਅੰਦਾਖ਼ਤ ਸਰ ਖ਼ਾਨਹ ਆਮਦ ਬਬਾਜ਼ ॥
ਬਿਆਂ ਲਾਸ਼ ਕਾਜ਼ੀ ਬ ਖੁਸ਼ਮਦ ਦਰਾਜ਼ ॥ ੨੫ ॥

ਬਿਅੰਦ ਖ਼ਤ--ਸੁਟ ਦਿਤਾ। ਸਰ=ਉਤੇ। ਖ਼ਾਨਹ-ਘਰ। ਆਮਦ--ਆ ਗਈ। ਬ ਬਾਜ=ਮੁੜਕੇ। ਬਿਆ--ਉਸ ਕਲ। ਲਾਸ਼--ਮੁਰਦਾ ਲੋਕ। ਖੁਸ਼ਪਦ--ਸੌਂ ਗਈ। ਦਰਾਜ਼ ਲੰਮੀ।

ਸਿਰ ਨੂੰ (ਉਥੇ ਹੀ) ਸੁਟ ਦਿਤਾ (ਤੇ ਆਪ) ਮੁੜ ਕੇ ਘਰ ਆ ਗਈ। ਉਥੇ (ਆ ਕੇ) ਕਾਜ਼ੀ ਦੀ ਲਾਸ਼ ਦੇ ਕੋਲ ਹੀ ਲੰਮੀ ਪੈ ਕੇ ਸੌਂ ਗਈ ॥ ੨੫ ॥

ਬਿਅੰਦਾਖਤ ਬਰ ਸਰ ਜ਼ ਖ਼ੁਦ ਦਸਤ ਖਾਕ ॥
ਬਿਗੁਫ਼ਤਾ ਕਿ ਖ਼ੇਜ਼ੇਦ ਯਾਰਾਨਿ ਪਾਕ ॥ ੨੬।

ਬਿਅੰਦਾਖਤ--ਪਾਈ। ਬਰ ਸਰ--ਸਿਰ ਉਤੇ। ਜ--(ਅਜ਼) ਨਾਲ। ਖ਼ੁਦ--ਆਪਣੇ। ਦਸਤ--ਹਥ। ਖ਼ਾਕ--ਖੇਹ ਮਿਟੀ। ਬਿਗੁਫ਼ਤਾ--ਕਿਹਾ। ਖੇਜ਼ੇਦ--ਉਠੋ। ਯਾਰਾਨਿ ਪਾਕ--ਪਵਿਤ੍ਰ ਮਿਤਰੋ।

(ਉਸ ਨੇ) ਆਪਣੇ ਹਬ ਨਾਲ ਆਪਣੇ ਸਿਰ ਵਿਚ ਮਿਟੀ ਪਾ ਲਈ (ਅਤੇ ਮੂੰਹ ਨਾਲ ਰੌਲਾ ਮਚਾਉਂਦੀ ਹੋਈ ਨੇ) ਕਿਹਾ-ਹੇ ਪਵਿਤ੍ਰ ਸਜਣੋ! ਉਠੋ ॥ ੨੬ ॥

ਚਿਹ ਬਦ ਕਾਰ ਕਰਦ ਈਂ ਕਸੇ ਸੋਰ ਬਖਤ ॥
ਕਿ ਕਾਜ਼ੀ ਬਜਾਂ ਕੁਸ਼ਤ ਯਕ ਜ਼ਖਮ ਸਖਤ ॥ ੨੭ ॥

ਚਿਹ--ਕੀ। ਬਦ ਕਾਰ--ਬੁਰਾ ਕੰਮ। ਕਰਦ--ਕੀਤਾ। ਈਂ--ਏਹ। ਕਸੇ--ਕਿਸੇ ਆਦਮੀ।ਸੋਰ ਬਖ਼ਤ-ਮੰਦ ਭਾਗੀ,ਚੰਦਰੇ।ਬਜਾਂ-ਜਾਨਤੋਂ ਹੀ। ਕੁਸ਼ਤ-ਮਾਰ ਸੁਟਿਆ। ਯਕ ਜ਼ਖਮ-ਇਕੋ ਘਾਉ।

ਕਿਸੇ ਮੰਦਭਾਗੀ ਨੇ ਇਹ ਕੀ ਬੁਰਾ ਕੰਮ ਕੀਤਾ ਹੈ। ਜੋ ਇਕ ਸਖਤ ਹੀ ਸਟ ਨਾਲ ਕਾਜ਼ੀ ਨੂੰ ਜਾਨੋ ਮਾਰ ਸੁਟਿਆ ਹੈ ॥ ੨੭ ॥

ਬ-ਹਰ ਜਾ ਕਿ ਯਾਬੇਦ ਖੂਨਸ਼ ਨਿਸ਼ਾਂ ॥
ਹਮਾਂ ਰਾਹ ਗੀਰੰਦ ਹਮਹ ਮਰਦੁਮਾਂ ॥ ੨੮ ॥

ਬ--ਵਿਚ। ਹਰ ਜਾ--ਜਿਸ ਜਗ੍ਹਾ, ਜਿਥੇ। ਯਾਬੇਦ-ਪਿਆ ਹੋਇਆ। ਖੂਨਸ਼-ਉਸ ਲਹੂ।ਨਿਸ਼ਾਂ-ਨਿਸ਼ਾਨ ਚਿੰਨ੍ਹ। ਹਮਾ ਰਾਹ=ਉਸੇ ਰਾਹ। ਗੀਰੰਦ=ਫੜ,ਲਿਆ।ਹਮਹ=ਸਭਨਾਂ। ਮਰਦੁਮਾਂ=ਆਦਮੀਆਂ।

ਜਿਥੇ ਕੋਈ ਲਹੂ ਦਾ ਨਿਸ਼ਾਨ ਪਿਆ ਹੋਇਆ ਸੀ, (ਜੋ ਲਹੂ ਵਢੇ ਹੋਏ ਸਿਰ ਵਿਚੋਂ ਡਿਗਾ ਸ਼ੀ)। ਸਾਰਿਆਂ ਆਦਮੀਆਂ ਨੇ ਉਸੇ ਹੀ ਰਾਹ ਨੂੰ ਫੜ ਲਿਆ (ਅਰਥਾਤ ਲਹੂ ਦੇ ਨਿਸ਼ਾਨਾਂ ਦੇ ਮਗਰ ਮਗਰ ਹੀ ਸਾਰੇ ਆਦਮੀ ਚਲੇ ਗਏ) ॥ ੨੮ ॥

ਬ ਆਂ ਜਾ ਜਹਾਂ ਖਲਕ ਇਸਤਾਦਹ ਕਰਦ ॥
ਬਜਾਇ ਸਰੇ ਕਾਜ਼ੀ ਉਫ਼ਤਾਦਹ ਕਰਦ ॥ ੨੯ ॥

ਬ-ਵਿਚ । ਆਂ-ਉਸ । ਜਾ-ਜਗ੍ਹਾ । ਖਲਕ-ਖਲਕਤ, ਲੋਕ । ਇਸਤਾਦਹ ਕਰਦ-ਖੜਾ ਕੀਤਾ । ਬਜਾਇ-ਜਿਸ ਜਗ੍ਹਾ ਵਿਚ । ਸਰੇ-ਸਿਰ । ਉਫ਼ਤਦਹ ਕਰਦ-ਸੁਟਿਆ ਹੋਇਆ ਸੀ ।

ਸਾਰੀ ਖਲਕਤ ਨੂੰ ਲਿਜਾ ਕੇ (ਉਸ ਨੇ) ਉਸ ਜਗ੍ਹਾ ਵਿਚ ਕਰ ਦਿਤਾ । ਜਿਥੇ (ਉਸ ਨੇ) ਕਾਜ਼ੀ ਦਾ ਸਿਰ ਸੁਟਿਆ ਹੋਇਆ ਸੀ ॥ ੨੯ ॥

ਬਿਦਾਨਿਸਤ ਹਮ ਔਰਤੋ ਮਰਦੁਮਾਂ ॥
ਕਿ ਈਂ ਰਾ ਬਿਕੁਸ਼ਤ ਅਸਤ ਰਾਜਹ ਹਮਾਂ ॥ ੩੦ ॥

ਬਿਦਾਨਿਸਤ-ਜਾਣ ਲਿਆ । ਹਮ-ਭੀ । ਅਰਤੋ ਮਰਦੁਮਾਂ-ਔਰਤਾਂ ਤੇ ਮਰਦਾਂ । ਕਿ-ਜੋ । ਈਂ ਰਾ-ਇਸ ਨੂੰ । ਬਿਕੁਸ਼ਤ ਅਸਤ-ਮਾਰਿਆ ਹੈ, ਵਢਿਆ ਹੈ । ਰਾਜਹ ਹਮਾਂ-ਉਸ ਰਾਜੇ ਨੇ।

ਔਰਤਾਂ ਤੇ ਆਦਮੀਆਂ ਨੇ ਜਾਣ ਲਿਆ । ਜੋ ਉਸ ਰਾਜੇ ਨੇ ਹੀ ਇਸ ਨੂੰ ਮਾਰਿਆ ਹੈ॥੩੦॥

ਗ੍ਰਿਫਤੰਦ ਓ ਰਾ ਬਿ ਬਸਤੰਦ ਸਖਤ ॥
ਕਿ ਜਾਇ ਜਹਾਂਗੀਰ ਬਿਨਸ਼ਸਤਹ ਤਖਤ ॥ ੩੧ ॥

ਗ੍ਰਿਫਤੰਦ-ਫੜ ਲਿਆ । ਓ ਰਾ-ਉਸ ਨੂੰ । ਬਸਤੰਦ-ਬੰਨ ਲਿਆ । ਸਖ਼ਤ-ਕਸ ਕੇ । ਜਾਇ -ਜਗ੍ਹਾ । ਬਿਨਸ਼ਸਤਹ-ਬੈਠਾ ਹੋਇਆ ' ਜ਼ਹਾਂਗੀਰ-ਇਕ ਮੁਸਲਮਾਨ ਪਾਤਸ਼ਾਹ, ਜੋ ਅਕਬਰ ਦਾ ਪੁਤਰ, ਸ਼ਾਹ ਜਹਾਨ ਦਾ ਪਿਤਾ ਔਰੰਗਜ਼ੇਬ ਦਾ ਦਾਦਾ ਸੀ । ਇਹ ੩੧ ਅਗਸਤ ਸੰਨ ੧੫-੬੯ ਨੂੰ ਜੰਮਿਆਂ ਤੇ ੨੮ ਅਕਤੂਬਰ ਸੰਨ ੧੬੨੭ ਵਿਚ ਮਰਿਆ ਸੀ । ਇਸ ਦਾ ਮਕਬਰਾ ਸ਼ਾਹ ਦਰੇ (ਲਾਹੌਰ ਬਣਿਆ ਹੋਇਆ ਹੈ । ਇਸ ਦੀ ਬੇਗਮ ਦਾ ਹੀ ਨਾਮ ਨੂਰ ਜਹਾਂ ਸੀ ।

(ਲੋਕਾਂ ਨੇ) ਉਸ ਨੂੰ ਫੜ ਲਿਆ ਤੇ ਘੁਟ ਕੇ ਬੰਨ੍ਹ ਲਿਆ । ਜਿਸ ਜਗ੍ਹਾ ਤੇ ਜਹਾਂਗੀਰ ਤਖਤ ਉਤੇ ਬੈਠਾ ਹੋਇਆ ਸੀ (ਉਥੇ ਉਸ ਨੂੰ ਲੈ ਗਏ) ॥ ੩੧ ॥

ਬਿਗੁਫਤੰਦ ਕਿ ਈਂ ਰਾ ਹਵਾਲਹ ਕੁਨਦ ॥
ਬ ਦਿਲ ਹਰ ਚਿਹ ਦਾਰਦ ਸਜ਼ਾਇਸ ਦਿਹਦ ॥ ੩੨ ॥

ਬਿਗੁਫਤੰਦ-ਕਿਹਾ । ਕਿ-ਜੋ । ਈਂ ਰਾ-ਇਸ ਨੂੰ ਹਵਾਲਹਕੁਨਦ-ਹਵਾਲੇ ਕਰਦਾਹਾਂ (ਤੈਨੂੰ ਸੌਂਪਦਾ ਹਾਂ) । ਬ-ਵਿਚ । ਹਰ-ਚਹ ਜੋ ਕੁਝ । ਦਾਰਦ-ਰਖਦਾ । ਸਜ਼ਾਇਸ਼-ਡਡ ਜਾਂ ਬਦਲਾ ਉਸ ਨੂੰ । ਦਿਹਦ-ਦੇਵੇਗੀ । (ਜਹਾਂਗੀਰ ਨੇ) ਕਿਹਾ-ਜੋ ਇਸ (ਆਦਮੀ) ਨੂੰ (ਮੈਂ ਕਾਜ਼ੀ ਔਰਤ ਦੇ) ਹਵਾਲੇ ਕਰਦਾ ਹਾਂ । (ਉਹ ਇਸ ਦੇ ਵਾਸਤੇ) ਜੋ ਕੁਝ ਦਿਲ ਵਿਚ (ਖਿਆਲ) ਰਖਦੀ ਹੋਵੇਗੀ ਓਹ ਸਜ਼ਾ ਇਸ ਨੂੰ ਦੇਵੇਗੀ (ਇਹ ਆਖ ਕੇ ਉਹ ਰਾਜਾ ਉਸ ਨੂੰ ਸੌਂਪ ਦਿਤਾ) ॥ ੩੨ ॥

ਬਿਫ਼ਰਮੂਦ ਜੱਲਾਦ ਰਾ ਸ਼ੋਰ ਬਖਤ ॥
ਕਿ ਈਂ ਸਰ ਜੁਦਾ ਕੁਨ ਬ ਯਕ ਜ਼ਖਮਿ ਸਖਤ ॥੩੩॥

ਬਿਫ਼ਰਮੂਦ-ਹੁਕਮ ਦਿਤਾ,, ਫ਼ੁਰਮਾਨ ਕੀਤਾ । ਜੱਲਾਦ ਰਾ-ਮਾਰਨ ਵਾਲੇ ਨੂੰ । ਸ਼ੋਰ ਬਖ਼ਤ-ਬੁਰੀ ਕਿਸਮਤ ਵਾਲਾ । ਕਿ-ਜੋ । ਈਂ ਸਰ-ਇਸ ਦਾ ਸਿਰ । ਜੁਦਾ ਕੁਨ-ਵਖਰਾ ਕਰ ਦੇਹੁ । ਬ ਯਕ ਜ਼ਖਮਿ ਸਖਤ-ਜ਼ੋਰ ਦੀ ਇਕ ਸਟ ਨਾਲ ।

(ਉਸ ਔਰਤ ਨੇ) ਜੱਲਾਦ ਨੂੰ ਹੁਕਮ ਦਿਤਾ-ਜੋ ਇਸ ਮੰਦਭਾਗੇ ਦਾ ਸਿਰ (ਤਲਵਾਰ ਦੀ) ਇਕੋ ਹੀ ਜ਼ੋਰ ਦੀ ਸਟ ਨਾਲ (ਧੜ ਤੋਂ) ਵਖਰਾ ਕਰ ਦੇਹੁ ॥ ੩੩ ॥

ਚੁ ਸ਼ਮਸ਼ੇਰ ਰਾ ਦੀਦ ਆਂ ਨੌਜਵਾਂ ॥
ਬ ਲਰਜ਼ਹ ਦਰਾਮਦ ਚੋ ਸਰਵੇ ਗਿਰਾਂ ॥ ੩੪ ॥

ਚੁ–ਜਦ। ਸ਼ਮਸ਼ੇਰ–ਤਲਵਾਰ। ਰਾ–ਨੂੰ। ਦੀਦ–ਵੇਖਿਆ। ਆਂ–ਉਸ। ਲਰਜ਼ਹ–ਕਾਂਬਾ, ਕੰਬਨੀ। ਦਰਾਮਦ–(ਸ੍ਰੀਰ)ਵਿਚ ਆਈ। ਚੋ–ਵਾਂਗੂ। ਸਰਵੇ ਗਿਰਾਂ–ਭਾਰੇ ਸਰੂ ਬ੍ਰਿਛ।

ਜਦ ਉਸ ਨੌਜਵਾਨ ਨੇ ਤਲਵਾਰ ਨੂੰ ਵੇਖਿਆ। (ਤਦ ਉਸ ਦੇ ਸਰੀਰ) ਵਿਚ ਕੰਬਨੀ ਆ ਗਈ ਬੜੇ ਭਾਰੀ ਸਰੂ ਬ੍ਰਿਛ ਵਾਂਗੂ ॥ ੩੪ ॥ ਭਾਵ–ਜਿਸ ਤਰ੍ਹਾਂ ਥੋੜੀ ਜਿਨੀ ਹਵਾ ਨਾਲ ਭੀ ਬੜਾ ਵਡਾ ਸਰੂ ਕੰਬਨ ਲਗ ਜਾਂਦਾ ਹੈ ਅਤੇ ਹਵਾ ਦੇ ਬੰਦ ਜਾਣ ਉਤੇ ਭੀ ਸਰੂ ਦਾ ਕਾਂਬਾ ਨਹੀਂ ਹਟਦਾ, ਇਸੇ ਤਰ੍ਹਾਂ ਉਹ ਨੌਜਵਾਨ ਚਮਕਦੀ ਹੋਈ ਤਲਵਾਰ ਨੂੰ ਵੇਖ ਕੇ ਕੰਬਣ ਲਗ ਪਿਆ।

ਬਿਗੁਫਤਹ ਕਿ ਮਨ ਕਾਰਿ ਬਦ ਕਰਦਹ ਅਮ ॥
ਬਕਾਰੇ ਸ਼ੁਮਾ ਤੌਰ ਖ਼ੁਦ ਕਰਦਹ ਅਮ ॥ ੩੫ ॥

ਬਿਗੁਫਤਹ–ਆਖਿਆ। ਕਿ–ਜੋ। ਮਨ–ਮੈਂ। ਕਾਰਿ ਬਦ–ਬੁਰਾ ਕੰਮ। ਕਰਦਹ ਅਮ–ਕੀਤਾ ਹੈ। ਬਕਾਰੇ–ਕੰਮ ਵਿਚ। ਸ਼ੁਮਾ–ਤਰ। ਤੌਰ–ਮੁਤਾਬਿਕ, ਅਨਸਾਰ। ਖ਼ੁਦ–ਆਪ।

(ਰਾਜੇ ਨੇ) ਕਿਹਾ -ਜੋ ਮੈਂ (ਬਹੁਤ) ਬੁਰਾ ਕੰਮ ਕੀਤਾ ਹੈ। ਤੇਰੇ ਮੁਤਾਬਿਕ ਕੰਮ ਵਿਚ 'ਆਪ' (ਪ੍ਰਗਟ) ਕੀਤਾ ਹੈ ॥ ੩੫ ॥ ਭਾਵ–ਰਾਜੇ ਨੇ ਪਛਤਾਵਾ ਕਰਦਿਆਂ ਹੋਇਆ ਕਿਹਾ ਕਿ ਬੇਸਕ ਮੈਂ ਬਹੁਤ ਬੁਰਾ ਕੰਮ ਕੀਤਾ ਹੈ, ਜੋ ਮੈਂ ਤੇਰੀ ਮਰਜੀ ਦੇ ਉਲਟ ਹੋ ਗਿਆ ਹਾਂ। ਮੈਂ''ਆਪ' ਨੂੰ ਇਸ ਗੱਲ ਦਾ ਦੋਸ਼ੀ ਮੰਨ ਰਿਹਾ ਹਾਂ, ਜੋ ਤੇਰੇ ਨਾਲ ਕੀਤੇ ਕੌਲ ਤੋਂ ਪਿਛੇ ਹਟ ਗਿਆ ਹਾਂ।

ਨਮੂਦਹ ਇਸ਼ਾਰਤ ਬਚਸ਼ਮੇ ਬਆਂ ॥
ਕਿ ਐ ਬਾਨੂਏ ਸਰਵਰਿ ਬਾਨੂਆਂ ॥ ੩੬ ॥

ਨਮੂਦ–ਕੀਤੀ। ਇਸ਼ਾਰਤ–ਸੈਨਤ। ਬਚਸ਼ਮੇ–ਅਖ ਨਾਲ। ਬ ਆਂ–ਉਸ ਨੂੰ। ਕਿ–ਜੋ। ਬਾਨੂਏ–ਇਸਤ੍ਰੀ। ਸਰਵਰਿ–ਸਿਰਤਾਜ। ਬਾਨੂਆਂ–ਇਸਤ੍ਰੀਆਂ।

(ਫਿਰ) ਇਕ ਅਖ ਨਾਲ ਉਸ ਨੂੰ ਇਸ਼ਾਰਾ ਕੀਤਾ (ਭਾਵ ਸੈਨਤ ਕੀਤੀ)। ਜੋ ਹੇ ਇਸਤ੍ਰੀਆਂ ਦੀ ਸਿਰਤਾਜ ਇਸਤ੍ਰੀ ! ਹੇ ਰਾਣੀਆਂ ਵਿਚੋਂ ਸ਼ਿਰੋਮਣੀ ਰਾਣੀ ॥ ੩੬ ॥

ਜ਼ਿ ਹੁਕਮਿ ਸ਼ੁਮਾਂ ਮਨ ਖ਼ਤਾ ਕਰਦਹ ਅਮ ॥
ਕਿ ਕਾਰ ਈਂ ਬ ਬੇਮਸਲਿਹਤ ਕਰਦਹ ਅਮ ॥ ੩੭ ॥

ਜ਼ਿ–ਤੋ। ਸ਼ੁਮਾ–ਤੇਰਾ। ਮਨ–ਮੈਂ। ਖ਼ਤਾ–ਗੁਨਾਹ,ਭੁਲ। ਕਰਦਹ ਅਮ–ਕੀਤੀ ਹੈ। ਕਾਰ ਈਂ–ਏਹ ਕੰਮ। ਬਮਸਲਿਹਤ–ਵਿਚਾਰ ਤੋਂ ਬਿਨਾਂ ਜਾਂ ਸਲਾਹ ਤੋਂ ਬਿਨਾਂ।

ਤੇਰੇ ਹੁਕਮ ਤੋਂ (ਜੋ ਇਨਕਾਰ) ਕੀਤਾ ਹੈ, (ਇਹ ਇਕ) ਮੈਂ ਗੁਨਾਹ ਕੀਤਾ ਹੈ। (ਪਰ) ਇਹ ਜੋ ਕੰਮ (ਹੈ, ਇਹ) ਮੈਂ ਸੋਚੇ ਸਮਝੇ ਅਤੇ ਵਿਚਾਰੇ ਤੋਂ ਬਿਨਾਂ ਕੀਤਾ ਹੈ ॥ ੩੭ ॥ (ਇਸ ਕਰਕੇ)

ਖਿਲਾਸ਼ਮ ਬਿਦਿਹ ਅਹਿਦ ਕਰਦਮ ਕਬੂਲ ॥
ਕਿ ਅਹਿਦਿ ਖ਼ੁਦਾ ਅਸਤ ਕਸਮੇ ਰਸੂਲ ॥ ੩੮ ॥

ਖਿਲਾਸ਼ਮ–ਖਲਾਸੀ ਮੈਨੂੰ, ਛੁਟਕਾਰਾ ਮੈਨੂੰ। ਬਿਦਿਹ–ਦੇਹ। ਅਹਿਦ–ਬਚਨ। ਕਰਦਮ–

ਕਰਦਾ ਹਾਂ । ਕਬੂਲ-ਮਨਜ਼ੂਰ । ਕਿ-ਜੇ। ਅਹਿਦ-ਸੌਂਹ । ਅਸਤ-ਹੈ। ਰਸਲ-ਮਹੰਮਦ, ਪੈਗੰਬ੍ਰ
ਮੈਨੂੰ ਛੁਟਕ ਰਾ ਦੇਹ, ਮੈਂ ਤੇਰਾ ਬਚਨ ਪ੍ਰਵਾਨ ਕਰਦਾ ਹਾਂ । ਜੋ (ਮੈਂ ਕਿਹਾ ਹੈ, ਇਸ ਵਿਚ) ਖੁਦਾ ਦੀ ਸੌਂਹ ਤੇ ਰਸੂਲ ਦੀ ਸੌਂਹ (ਮੇਰੀ ਜ਼ਾਮਨ) ਹੈ ॥ ੩੮ ॥

ਗੁਨਹ ਬਖ਼ਸ਼ ਤੋ ਮਨ ਖ਼ਤਾ ਕਰਦਹ ਅਮ ॥
ਕਿ ਐ ਜਿਗਰਿ ਜਾਂ ਮਨ ਗ਼ੁਲਾਮਿ ਤੁਅਮ ॥ ੩੯ ॥

ਗੁਨਹ-ਭੁਲ । ਮਨ-ਮੈਂ । ਖ਼ਤਾ-ਗੁਨਾਹ, ਗਲਤੀ । ਜਿਗਰਿ-ਜਿੰਦ । ਤੁਅਮ-ਤੇਰਾ ਹਾਂ ।
ਤੂੰ (ਮੇਰਾ) ਗੁਨਾਹ ਬਖਸ਼, ਮੈਂ (ਬਹੁਤ) ਭੁਲ ਕੀਤੀ ਹੈ । ਜੋ ਹੇ (ਮੇਰੀ) ਜਿੰਦ ਜਾਨ ! ਮੈਂ ਤੇਰਾ ਗੁਲਾਮ ਸੇਵਕ) ਹਾਂ ॥ ੩੯ ॥

ਬਿਗੁਫ਼ਤਹ ਗਰ ਈਂ ਰਾਜਹ ਪਾਸਦ ਕੁਸ਼ਮ ॥
ਨ ਕਾਜ਼ੀ ਮਰਾ ਜ਼ਿੰਦਹ ਦਸਤ ਆਯਦਮ ॥ ੪੦ ॥

ਬਿਗਫਤਹ-ਆਖਿਆ । ਗਰ-ਜ਼ੇਕਰ । ਪਾਸਦ=ਪੰਜ ਸੌ । ਕੁਸ਼ਮ=ਮਾਰ ਦੇਵਾਂ । ਮਰਾ=ਮੈਨੂੰ । ਦਸਤ-ਹਥ । ਆਯਦਮ=ਆਵੇਗਾ ।
(ਇਸ ਇਸ਼ਾਰੇ ਨੂੰ ਸਮਝ ਕੇ ਉਹ) ਕਹਿਣ ਲਗੀ-ਜੇਕਰ ਇਸ ਤਰ੍ਹਾਂ ਦੇ ਰਾਜੇ ਪੰਜ ਸੌ ਭੀ ਮੈਂ ਮਾਰ ਦੇਵਾਂ । (ਤਦ ਭੀ) ਕਾਜ਼ੀ ਮੈਨੂੰ ਜੀਉਂਦਾ ਹਥ ਨਹੀਂ ਆਉਣਾ ॥ ੪੦ ॥

ਕਿ ਓ ਕੁਸ਼ਤਹ ਸ਼ੁਦ ਮਨ ਚਰਾ ਈਂ ਕੁਸ਼ਮ ॥
ਕਿ ਖ਼ੂਨਿ ਅਜ਼ੀਂ ਬਰ ਸਰਿ ਖ਼ੁਦ ਕੁਨਮ ॥੪੧॥

ਕਿ-ਜਦ । ਕੁਸ਼ਤਹ ਸ਼ੁਦ-ਮਰ ਗਿਆ ਹੈ । ਮਨ-ਮੈਂ । ਚਰਾ-ਕਿਉਂ । ਈ-ਇਸ ਨੂੰ । ਕੁਸ਼ਮ-ਮਾਰਾਂ ਜਾਂ ਮਰਵਾਵਾਂ । ਖ਼ੂਨ-ਮਾਰਨ ਦਾ ਪਾਪ । ਅਜ਼ੀਂ-ਇਸ ਦਾ । ਬਰ ਸਰਿ-ਸਿਰ ਦੇ ਉਤੇ । ਖੁਦ=ਆਪਣੇ । ਕੁਨਮ-ਕਰ ਲਵਾਂ ।
ਜਦ ਕਿ ਓਹ ਮਰ ਗਿਆ ਹੈ, (ਤਾਂ) ਮੈਂ ਇਸ ਨੂੰ ਕਿਉਂ ਮਾਰਾਂ ? ਇਸ ਦੇ ਮਾਰਨ ਦਾ ਪਾਪ ਅ ਪਣੇ ਸਿਰ ਉਤੇ ਆਪੇ ਹੀ ਕਰਾ ਲਵਾਂ ? (ਇਹ ਗਲ ਕਰਨੀ ਬਹੁਤ ਹੀ ਬੁਰੀ ਹੈ) ॥ ੪੧ ॥

ਚਿਹ ਖਸ਼ਤਰ ਕਿ ਈਂ ਰਾ ਖ਼ਲਾਸੀ ਦਿਹਮ ॥
ਵ ਮਨ ਹਜ਼ਰਤੇ ਕਾਬਹ ਅੱਲਹ ਰਵਮ ॥੪੨॥

ਚਿਹ-ਕੇਹੀ । ਖੁਸ਼ਤਰ-ਬਹੁਤ ਚੰਗੀ ਗਲ । ਖ਼ਲਾਸੀ-ਛੁਟਕਾਰਾ । ਦਿਹਮ-ਦੇਵਾਂ। ਮਨ-ਮੈਂ ਹਜ਼ਰਤੇ-ਆਦਰ ਸੂਚਕ ਸ਼ਬਦ ਹੈ ਜੋ ਪਵਿਤ੍ਰ ਜਗ੍ਹਾ ਜਾਂ ਨਾਮ ਨਾਲ ਸੰਬਧਿਤ ਕੀਤਾ ਜਾਂਦਾ ਹੈ। ਕਾਰਹ-ਮਕੇ ਸ਼ੈਹਰ ਅੰਦਰ ਉਹ ਜਗ੍ਹਾ ਜਿਸ ਦੀ ਹਜ ਲਈ ਮੁਸਲਮਾਨ ਲਕ ਜਾਂਦੇ ਹਨ।ਜਿਵੇਂ ਅੰਮ੍ਰਿਤਸਰ ਸ੍ਰੀ ਹਰਮਿੰਦਰ ਤੇ ਸਰੋਵਰ ਦਾ ਨਾਮ ਹੈ ਅਤੇ ਸ਼ੈਹਰ ਦਾ ਨਾਮ ਭੀ ਅੰਮ੍ਰਿਤਸਰ ਹੈ, ਇਸੇ ਤਰ੍ਹਾਂ ਸ਼ੈਹਰ ਤੇ ਕਿਬਲ ਗਾਹ ਕਾਬਹ ਦਾ ਨਾਮ ਭੀ ਮੱਕਾ ਹੀ ਪ੍ਰਸਿਧ ਹੈ।ਰਵਮ-ਮੈਂ ਚਲੀ।
ਕੇਹੀ ਚੰਗੀ ਗੱਲ ਹੈ ਇਸ ਨੂੰ ਛੁਟਕ ਰਾ ਦੇ ਦੇਵਾਂ । ਅਤੇ ਮੈਂ (ਆਪ) ਅੱਲਾਹ (ਦੇ ਘਰ) ਹਜ਼ਰਤ ਕਾਬੇ (ਦੀ ਹੱਜ ਕਰਨ ਲਈ ਮਕੇ ਸ਼ਰੀਫ) ਚਲੀ ਜਾਵਾਂ ॥ ੪੨ ॥

ਬਿਗੁਫ਼ਤ ਈਂ ਸੁਖਨ ਰਾ ਵ ਕਰਦਸ਼ ਖਿਲਾਸ ॥

ਬਖ਼ਾਨਹ ਖ਼ੁਦ ਆਮਦ ਜਮਹ ਕਰਦ ਖ਼ਾਸ ॥ ੪੩ ॥

ਬਿਗੁਫਤ-ਕਿਹਾ। ਕਰਦਸ਼ ਖਿਲਾਸ- ਅਜ਼ਾਦ ਕਰ ਦਿਤਾ। ਬਖਾਨਹ-ਘਰ ਵਿਚ। ਖੁਦ-ਆਪਣੇ। ਆਮਦ-ਆ ਗਈ। ਜਮਹ ਕਰਦ-ਕਠੇ ਕਰ ਲਏ।ਖਾਸ-ਖਾਸ ੨ ਬੰਦੇ ਵ ਪਦਾਰਥ

ਇਸ ਗੱਲ ਨੂੰ ਕਿਹਾ ਅਤੇ ਉਸ ਦਾ ਛੁਟਕਾਰਾ ਕਰ ਦਿਤਾ। ਫਿਰ ਆਪਣੇ ਘਰ ਵਲ ਆ ਗਈ ਅਤੇ ਖਾਸ ੨ ਬੰਦੇ ਅਤੇ ਪਦਾਰਥ ਕਠੇ ਕਰ ਲਏ ॥ ੪੩ ॥

ਬਿ ਬਸਤੰਦ ਬਾਰੇ ਤਿਆਰੀ ਕੁਨਦ ॥
ਕਿ ਏਜ਼ਦ ਮਰਾ ਕਾਮਗਾਰੀ ਦਿਹਦ ॥੪੪॥

ਬਸਤੰਦ-ਬੰਨ੍ਹ ਲਿਆ। ਬਾਰ=ਭਾਰ ਨੂੰ। ਏਜ਼ਦ-ਪ੍ਰਮਾਤਮਾ। ਮਰਾ=ਮੈਨੂੰ। ਕਾਮਗਾਰੀ-ਮਨੋ ਕਾਮਨਾ। ਦਿਹਦ-ਦੇਵ। ਭਾਰ ਨੂੰ ਬੰਨ੍ਹ ਲਿਆ (ਅਤੇ ਤੁਰਨ ਦੀ) ਤਿਆਰੀ ਕਰ ਲਈ। (ਉਸ ਵੇਲੇ ਕਹਿਣ ਲਗੀ)ਜੋ ਪ੍ਰਮਾਤਮਾ ਮੈਨੂੰ ਮਨੋ ਕਾਮਨਾ ਦੇਵੇ ॥ ੪੪ ॥

ਦਰੇਗ਼ ਅਜ਼ ਕਬਾਇਲ ਜੁਦਾ ਮੇਸ਼ਵਮ ॥
ਅਗਰ ਜ਼ਿੰਦਹ ਬਾਸ਼ਮ ਬ ਬਾਜ਼ ਆਮਦਮ ॥੪੫॥

ਦਰੇਗ-ਅਫ਼ਸੋਸ। ਅਜ਼-ਤੋਂ। ਕਬਾਇਲ=ਕਬੀਲੇ, ਭਾਈਚਾਰਾ, ਬ੍ਰਾਦਰੀ। ਜੁਦਾ-ਵਖਰੀ। ਮੇਸ਼ੂਮ-ਮੈਂ ਹੁੰਦੀ ਹਾਂ। ਬਾਸ਼ਮ=ਰਹੀ। ਬਾਜ਼=ਵਾਪਸ।

(ਫਿਰ ਕਹਿਣ ਲਗੀ-ਮੈਨੂੰ ਇਸ ਗਲ ਦਾ ਬੜਾ) ਅਰਮਾਨ ਹੈ (ਜੋ ਮੈ ਅਜ ਸਾਰੇ) ਭਾਈਚਾਰੇ ਤੋਂ ਵਿਛੜ ਕੇ ਵਖਰੀ ਹੋ ਰਹੀ ਹਾਂ। (ਪਰ ਹਛਾ) ਜੇਕਰ ਜੀਊਂਦੀ ਰਹੀ (ਤਾਂ ਛੇਤੀ ਹੀ) ਵਾਪਸ ਆ ਜਾਵਾਂਗੀ (ਅਤੇ ਜੇ ਮਰ ਗਈ ਤਾਂ ਖੁਦਾ ਹਾਫਜ਼)॥ ੪੫ ॥

ਮਤਾਇ ਨਕਦ ਜਿਨਸ ਰਾ ਬਾਰ ਬਸਤ ॥
ਰਵਾਨਾ ਸੂਏ ਕਾਬਹ ਅੱਲਹ ਸ਼ੁਦਸਤ ॥੪੬॥

ਮਤਾਇ-ਜ਼ੇਵਰ ਆਦਿਕ ਪੂੰਜੀ। ਨਕਦ-ਰੋਕ। ਜਿਨਸ-ਚੀਜ਼ਾਂ। ਰਾ-ਦਾ। ਬਾਰ=ਭਾਰ। ਰਵਾਨਾ-ਤੁਰੀ। ਸੂਏ-ਤਰਫ। ਕਾਬਹ-ਮੱਕਾ। ਅਲਹ-ਰੱਬ। ਸ਼ੁਦਸਤ-ਹੋ ਗਈ ਹੈ।

ਜੇਵਰ, ਰੁਪੈ, ਮੋਹਰਾਂ, ਸੋਨਾ, ਚਾਂਦੀ ਤੇ ਚੰਗੇ ੨ ਪਦਾਰਥਾਂ ਦੀਆਂ ਗੰਢਾਂ ਬੰਨ੍ਹ ਲਈਆਂ। (ਉਹ ਸਭ ਕੁਝ ਲੈ ਕੇ) ਪਰਮੇਸਰ ਦੇ ਘਰ, ਮਕੇ ਵਲ ਤੁਰ ਪਈ ॥ ੪੬ ॥

ਚੋ ਬੇਰੂੰ ਬਰਾਮਦ ਦੋ ਸਿਹ ਮੰਜ਼ਲਸ਼ ॥
ਬਯਾਦ ਆਮਦਹ ਖਾਨਹ ਅਜ਼ਾਂ ਦੋਸਤਸ਼ ॥੪੭॥

ਚੋ-ਜਦ। ਬੇਰੂੰ=ਬਾਹਰ। ਦੋ ਸਿਹ=ਦੋ ਤਿੰਨ। ਮੰਜ਼ਲਸ਼-ਪੜਾਉ ਉਹ। ਬ ਯਾਦ-ਚੇਤੇ ਵਿਚ। ਖਾਨਹ-ਘਰ। ਅਜ਼ਾਂ-ਉਸ। ਦੋਸਤਸ਼-ਯਾਰ ਉਸ ਨੂੰ।

ਜਦ ਉਹ (ਸ਼ਹਿਰ ਤੋਂ) ਬਾਹਰ ਦੋ ਤਿੰਨ ਪੜਾਉ ਤਕ ਚਲੀ ਆਈ। (ਤਦ) ਉਸ ਨੂੰ ਉਸ ਯਾਰ ਦਾ ਘਰ ਚੇਤੇ ਗਿਆ ॥ ੪੭ ॥

ਬ ਬਾਜ਼ ਆਮਦਹ ਨੀਮ ਸ਼ਬ ਖਾਨਹ ਆਂ ॥
ਨਿਆਮਤ ਅਜੀਮੇ ਵ ਦੌਲਤ ਗਿਰਾਂ ॥੪੮॥

ਬਾਜ ਆਮਦਹ–ਪਿਛੇ ਮੁੜ ਆਈ। ਨੀਮ ਸ਼ਬ–ਅਧੀ ਰਾਤ। ਆਂ=ਉਸ। ਨਿਆਮਤ–ਪਦਾਰਥ,ਸੁਗਾਤਾਂ। ਅਜ਼ੀਮੇ–ਬਹੁਤ ਵਡੀਆਂ। ਦੌਲਤ=ਧਨ ਮਾਲ। ਗਿਰਾਂ=ਬਹੁਤ।

ਅਧੀ ਰਾਤ ਵੇਲੇ ਉਸ ਮਿਤ੍ਰ ਦੇ ਘਰ ਨੂੰ ਮੁੜ ਕੇ ਆ ਗਈ। ਬੜੀਆਂ ਵਡੀਆਂ ਸੁਗਾਤਾਂ, ਧਨ-ਮਾਲ ਤੇ ਪਦਾਰਥ ਭੀ ਬਹੁਤ ਸਾਰਾ (ਲੈ ਆਈ) ॥ ੪੮ ॥

ਬਿ ਦਾਨਿਸਤ ਆਲਮ ਕੁਜਾ ਜਾਇ ਗਸ਼ਤ ॥
ਚਿਹ ਦਾਨਦ ਕਿ ਕਸ ਹਾਲ ਬਰ ਸਰ ਗੁਜ਼ਸ਼ਤ ॥੪੯॥

ਦਾਨਿਸਤ–ਜਾਣਿਆ। ਆਲਮ–ਜਗਤ। ਕੁਜਾ–ਕਿਸ। ਜਾਇ–ਜਗ੍ਹਾ। ਗਸ਼ਤ–ਗਈ ਹੈ। ਚਿਹ–ਕੀ। ਦਾਨਦ–ਜਾਣਦਾ। ਕਿ–ਜੋ। ਕਸ–ਕੀ। ਹਾਲ–ਸਮਾਂ। ਬਰ ਸਿਰ=ਸਿਰ ਉਤੇ। ਗੁਜ਼ਸ਼ਤ=ਗੁਜ਼ਰਦਾ ਹੈ। ਜਗਤ ਨੇ ਇਹ ਨਾ ਜਾਣਿਆ (ਜੋ ਉਹ) ਕਿਸ ਜਗ੍ਹਾ ਤੇ ਗਈ ਹੈ। (ਕੋਈ) ਕੀ ਜਾਣਦਾ ਹੈ,ਜੋ ਕਿਸ ਤਰ੍ਹਾਂ ਦਾ ਸਮਾਂ ਸਿਰ ਉਤੇ ਲੰਘ ਰਿਹਾ ਹੈ ॥ ੪੯ ॥

ਭਾਵ–ਵਾਹਿਗੁਰੂ ਦੀ ਗਤੀ ਬੇਅੰਤ ਹੈ, ਕਿਸੇ ਕੰਮ ਦਾ ਕਿਸੇ ਨੂੰ ਕੋਈ ਭੀ ਪਤਾ ਨਹੀਂ ਹੈ। ਚਲਾਕ ਆਦਮੀ ਜਗਤ ਨਾਲ ਅਨੇਕਾ ਧੋਖ ਕਰਦੇ ਹਨ, ਲੋਕੀਂ ਉਨ੍ਹਾਂ ਦੀਆਂ ਚਾਲਾਂ ਅਤੇ ਧੋਖੇ-ਬਾਜ਼ੀਆਂ ਨੂੰ ਕਿਸ ਤਰ੍ਹਾਂ ਭੀ ਨਹੀਂ ਜਾਣ ਸਕਦੇ। ਇਸ ਲਈ ਏਹੋ ਕਹਿਣਾ ਚਾਹੀਦਾ ਹੈ–

ਜਿਨਿ ਕਿਛੁ ਕੀਆ ਸੋਈ ਜਾਣੈ ਜਿਨਿ ਏਹ ਸਭ ਬਿਧਿ ਸਾਜੀ ॥

ਬਿਦਿਹ ਸਾਕੀਆ ਪਿਆਲਹ ਫ਼ੀਰੋਜ਼ਹ ਫ਼ਾਮ ॥
ਕਿ ਮਾਰਾ ਬਕਾਰ ਅਸਤ ਵਕਤਿ ਤੁਆਮ ॥੫੦॥

ਬਿਦਿਹ–ਦਿਓ। ਸਾਕੀਆ–ਹੇ ਸਾਕੀ ਫ਼ੀਰੋਜ਼ਹ ਫ਼ਾਮ–ਹਰੇ ਰੰਗ ਦਾ (ਭਾਵ ਗਿਆਨ)। ਮਾਰਾ–ਮੈਨੂੰ। ਬਕਾਰ–ਲੋੜੀਦਾ। ਅਸਤ–ਹੈ। ਵਕਤਿ–ਵੇਲੇ ਸਿਰ। ਤੁਆਮ=ਰੋਟੀ।

ਹੇ ਸਾਕੀ! ਮੈਨੂੰ ਹਰੇ ਰੰਗ ਦਾ ਪਿਆਲਾ ਦੇਹ! ਜੋ ਮੈਨੂੰ ਰੋਟੀ ਦੇ ਵੇਲੇ ਸਿਰ ਚਾਹੀਦਾ ਹੈ।।੫੦।।

ਬ ਮਨ ਦਿਹ ਕਿ ਖੁਸ਼ਤਰ ਦਮਾਗ਼ੇ ਕੁਨਮ ॥
ਕਿ ਰੌਸ਼ਨ ਤਬੈ ਚੂੰ ਚਰਾਗ਼ੇ ਕੁਨਮ ॥ ੫੧ ॥

ਬ ਮਨ–ਮੈਨੂੰ। ਖੁਸ਼ਤਰ–ਬਹੁਤ ਚੰਗੀ। ਦਮਾਗ਼ੇ=ਸੋਚ ਵਿਚਾਰ। ਰੌਸ਼ਨ=ਪ੍ਰਕਾਸ਼। ਤਬੈ=ਤਬਅ, ਚਿਤ। ਚੂੰ=ਵਾਂਗ। ਚਰਾਗ਼ੇ=ਦੀਵੇ ਦੇ। ਮੈਨੂੰ ਦੇਹੁ ਜੋ ਮੈਂ ਬਹੁਤ ਚੰਗੀ ਵਿਚਾਰ ਕਰਾਂ। ਜੋ ਚਿੱਤ ਨੂੰ ਦੀਵੇ ਦੇ ਵਾਂਗੂ ਪ੍ਰਕਾਸ਼ ਸਰੂਪ ਕਰ ਦੇਵੇ ॥ ੫੧ ॥੫॥

ਭਾਵ–ਹੇ ਸਤਿਗੁਰੂ ਜੀ! ਮੈਨੂੰ ਪੂਰਨ ਗਿਆਨ ਬਖਸ਼ੋ, ਜੋ ਆਤਮਾ ਦਾ ਭੋਜਨ ਹੈ। ਜਿਸ ਤਰ੍ਹਾਂ ਖੁਰਾਕ ਨੂੰ ਖਾ ਕੇ ਸਰੀਰ ਦੇ ਵਿਚ ਹਰ ਤਰ੍ਹਾਂ ਦੀ ਤਾਕਤ ਰੋਸ਼ਨ ਹੋ ਜਾਂਦੀ ਹੈ, ਠੀਕ ਇਸੇ ਤਰ੍ਹਾਂ ਹੀ ਗਿਆਨ ਦੀ ਖੁਰਾਕ ਆਤਮਾ ਨੂੰ ਪ੍ਰਾਪਤ ਹੋ ਜਾਵੇ ਤਾਂ ਫਿਰ ਸਾਰੇ ਹੀ ਇੰਦਰ ਬ੍ਰਹਮ ਗਿਆਨ ਨੂੰ ਪ੍ਰਾਪਤ ਕਰਕੇ ਅਗਿਆਨ ਦੇ ਹਨੇਰੇ ਤੋਂ ਅਗਾਂਹ ਲੰਘ ਜਾਂਦੇ ਹਨ। ਦੀਵੇ ਦੇ ਉਜਾਲੇ ਵਿਚ ਜਿਸ ਤਰ੍ਹਾਂ ਸਾਰੇ ਪਦਾਰਥਾਂ ਦਾ ਯਥਾਰਥ ਸਰੂਪ ਪ੍ਰਤੀਤ ਹੋਣ ਲਗ ਪੈਂਦਾ ਹੈ, ਇਸੇ ਤਰ੍ਹਾਂ ਇਸ ਸਿਮਰਨ ਦੇ ਪ੍ਰਤਾਪ ਨਾਲ 'ਗੁਰ ਚਾਨਣ ਗਿਆਨ ਚਰਾਗ' ਗਿਆਨ ਦਾ ਚਾਨਣ ਹੋ ਜਾਂਦਾ ਹੈ, ਤਦ ਫਿਰ ਜਗਿਆਸੂ ਦੀ ਇਹ ਅਵਸਥਾ ਹੋ ਜਾਂਦੀ ਹੈ–

ਮਿਟੈ ਅੰਧੇਰਾ ਅਗਿਆਨਤਾ ਭਾਈ ਕਮਲ ਹੋਵੈ ਪਰਗਾਸ ॥
ਗੁਰ ਬਚਨੀ ਸੁਖ ਉਪਜੈ ਭਾਈ ਸਭ ਫਲ ਸਤਿਗੁਰ ਪਾਸ ॥

ਮੇਰਾ ਤੇਰਾ ਛੋਡੀਐ ਭਾਈ ਹੋਈਐ ਸਭ ਕੀ ਧੂਰਿ ॥
ਘਟਿ ਘਟਿ ਆਤਮ ਦੇਉ ਭਾਈ ਪੇਖੈ ਸੁਣੈ ਹਦੂਰਿ ॥

ਸਿਖ੍ਯਾ—ਸ੍ਰੀ ਸਤਿਗੁਰੂ ਸਾਹਿਬ ਜੀ ਨੇ ਔਰੰਗਜ਼ੇਬ ਨੂੰ ਇਸ ਕਹਾਣੀ ਤੋਂ ਇਹ ਸਿਖ੍ਯਾ ਸੂਚਨ ਕਰਾਈ ਹੈ- ਵੇਖ, ਤੇਰੇ ਕਾਜ਼ੀ ਦੇ ਘਰ ਵਿਚ ਕੀ ਵਰਤ ਰਹੀ ਹੈ। ਫਿਰ ਇਸ ਤੋਂ ਇਹ ਭੀ ਜ਼ਾਹਰ ਕੀਤਾ ਹੈ, ਕਿ ਇਹ ਕਾਜ਼ੀ ਜਹਾਂਗੀਰ ਦੇ ਪਾਤਸ਼ਾਹ ਦੇ ਸਮੇਂ ਹੋਇਆ ਹੈ। ਤੇਰੇ ਬਾਬੇ ਦੇ ਰਾਜ ਵੇਲੇ ਭੀ ਕਾਜ਼ੀ ਲੋਕ ਐਸੇ ਸਨ, ਤੇਰੇ ਜ਼ਮਾਨੇ ਵਿਚ ਇਨ੍ਹਾਂ ਦੀ ਬੇਪਰਵਾਹੀ ਦੀ ਹਦ ਹੀ ਟਪ ਗਈ ਹੈ। ਜਿਨ੍ਹਾਂ ਕਾਜ਼ੀਆਂ ਨੂੰ ਤੂੰ ਧਰਮ ਤੇ ਇਨਸਾਫ ਦੇ ਰੂਪ ਮੰਨੀ ਬੈਠਾ ਹੈਂ, ਇਸ ਨਮੂਨੇ ਦੀ ਕਹਾਣੀ ਤੋਂ ਆਪਣੇ ਰਾਜ ਦੇ ਕਾਜ਼ੀਆਂ ਦਾ ਹਾਲ ਵੇਖ ਲੈ।

ਦੂਜਾ—ਉਸ ਜਨਾਨੀ ਵਲੇ ਵੇਖ ਜਿਸ ਨੇ ਆਪਣੇ ਇਰਾਦੇ ਨੂੰ ਪੂਰਾ ਕਰਨ ਵਾਸਤੇ ਨਿਕਾਹ ਦੇ ਵੇਲੇ ਦੀਆਂ ਮੰਨੀਆਂ ਹੋਈਆਂ ਸ਼ਰਤਾਂ ਨੂੰ ਤੇ ਕੁਰਾਨ ਦੀ ਸੌਂਹ ਨੂੰ ਭੀ ਛਿਕੇ ਉਤੇ ਰਖ ਦਿਤਾ ਸੀ। ਤੇਰਾ ਭੀ ਓਹੀ ਕੁਰਾਨ ਤੇ ਓਹੀ ਦੀਨ ਹੈ ਨਾ ਜਿਸ ਦੀਨ ਵਾਲੀ ਇਹ ਨੇਕ-ਪਾਕ ਔਰਤ ਸੀ।ਜਿਵੇਂ ਉਹ ਲੋਕਾਂ ਦੀਆਂ ਅੱਖਾਂ ਵਿਚ ਘਟਾ ਪਾ ਕੇ ਮੱਕੇ ਦੇ ਬਹਾਨੇ ਯਾਰ ਦੇ ਘਰ ਜਾ ਵੜੀ ਸੀ. ਇਸੇ ਤਰ੍ਹਾਂ ਹੀ ਤੂੰ ਚਾਲਾਂ ਚਲਦਾ ਹੈਂ। ਇਸ ਤੋਂ ਸਾਬਤ ਹੁੰਦਾ ਹੈ ਜੋ ਤੇਰੀ ਚਲਾਈ ਹੋਈ ਚਲਾਕੀ ਘਰ ਘਰ ਵਿਚ ਫੈਲ ਗਈ ਹੈ, ਇਸ ਲਈ ਇਸ ਦਾ ਲੇਖਾ ਭੀ ਤੈਨੂੰ ਹੀ ਦੇਣਾ ਪਵੇਗਾ।

ਵਾਹਿਗੁਰੂ ਜੀ ਕੀ ਫਤਹ ॥

(ਹਕਾਇਤ ਸ਼ਸ਼ਮ-ਛੇਵੀਂ ਕਹਾਣੀ)

ਖ਼ੁਦਾਵੰਦ ਬਖ਼ਸ਼ਿੰਦਹ ਏ ਦਿਲ ਕੁਸ਼ਾਦਿ ॥
ਰਜ਼ਾ ਬਖ਼ਸ਼ ਰੋਜ਼ੀ ਦਿਹ ਓ ਰਹਨੁਮਾਇ ॥੧॥

ਖੁਦਾਵੰਦ—ਵਾਹਿਗੁਰੂ। ਬਖਸ਼ਿੰਦਹ=ਬਖਸ਼ਦਾ ਹੈ। ਦਿਲ ਕੁਸਾਇ—ਚਿਤ ਪ੍ਰਸੰਨ ਕਰਨ। ਰਜ਼ਾ ਬਖ਼ਸ਼=ਭਾਣਾ ਵਰਤਾਨ ਵਾਲਾ। ਰੋਜ਼ੀ ਦਿਹ=ਅੰਨ ਦਾਤਾ। ਰਹਨੁਮਾਇ—ਆਗੂ।

ਵਾਹਿਗੁਰੂ ਚਿੱਤ ਨੂੰ ਪ੍ਰਸੰਨ ਕਰਨ ਦੀ ਬਖਸ਼ਸ਼ ਕਰਦਾ ਹੈ। ਭਾਣਾ ਵਰਤਾਉਂਦਾ ਹੈ, ਰੋਜ਼ੀ ਦੇਂਦਾ ਹੈ ਅਤੇ ਓਹੀ (ਸਾਰਿਆਂ ਨੂੰ) ਰਾਹ ਵਿਖਾਉਂਦਾ ਹੈ ॥੧॥

ਨ ਫ਼ੌਜੋ ਨ ਫ਼ਰਸ਼ ਓ ਫੱਰ ਓ ਨਫ਼ੂਰ ॥
ਖੁਦਾਵੰਦ ਬਖਸ਼ਿੰਦਹ ਜ਼ਾਹਿਰ ਜ਼ਹੂਰ ॥੨॥

ਫ਼ਰਸ਼=ਵਿਛਾਏ ਜਾਣ ਵਾਲੇ ਕਪੜੇ,ਦਰੀਆਂ ਕਲੀਨ ਆਦਿਕ। ਫੱਰ—ਪਦਾਰਥ। ਨਫ਼ੂਰ—(ਨਫਰ ਦਾ ਬ: ਬ:) ਨੌਕਰ। ਖੁਦਾਵੰਦ—ਵਾਹਿਗੁਰੂ। ਜ਼ਾਹਿਰ—ਪ੍ਰਗਟ।

ਨਾ ਉਸ ਦੀ ਫੌਜ ਹੈ ਨਾ ਫਰਸ਼ ਹੈ, (ਨਾ) ਉਸ ਦੇ ਪਦਾਰਥ (ਸਾਂਭਨ ਵਾਲੇ ਖਜਾਨੇ ਹਨ ਤੇ ਨਾ ਕੰਮ ਕਰਨ ਵਾਲੇ) ਉਸ ਦੇ ਨੌਕਰ ਹਨ। (ਫਿਰ ਭੀ ਉਹ) ਵਾਹਿਗੁਰੂ ਕ੍ਰਿਪਾਲੂ (ਹਰ ਇਕ ਜਗ੍ਹਾ ਤੇ) ਪ੍ਰਕਾਸ਼ ਰਿਹਾ ਹੈ ॥ ੨ ॥

ਹਿਕਾਯਤ ਸ਼ੁਨੀਦੇਮ ਦੁਖ਼ਤਰ ਵਜ਼ੀਰ ॥
ਕਿ ਹੁਸਨਲ ਜਮਾਲਸਤ ਰੋਸ਼ਨ ਜ਼ਮੀਰ ॥੩॥

ਹਿਕਾਯਤ—ਕਹਾਣੀ। ਸ਼ੁਨੀਦੇਮ—ਮੈਂ ਸੁਣੀ ਹੈ। ਦੁਖਤਰ—ਲੜਕੀ। ਹੁਸਨਲ—ਖੂਬਸੂਰਤੀ। ਜਮਾਲਸਤ—(ਜਮਾਲ+ਅਸਤ)ਬਹੁਤ ਸੁੰਦਰ ਹੈ। ਰੋਸ਼ਨ=ਪ੍ਰਕਾਸ਼ ਵਾਲੀ। ਜ਼ਮੀਰ=ਅਕਲ।

ਅਸਾਂ ਇਕ ਵਜ਼ੀਰ ਦੀ ਲੜਕੀ ਦੀ ਕਹਾਣੀ ਸੁਣੀ ਹੋਈ ਹੈ। ਜੋ ਬਹੁਤ ਸੁੰਦਰ ਸਰੂਪ ਵਾਲੀ ਤੇ ਵਿਚਾਰ ਸ਼ਕਤੀ ਦੀ ਬੁਧੀ ਵਾਲੀ ਸੀ ॥ ੩ ॥

ਵਜ਼ਾਂ ਕੈਸਰੋ ਸ਼ਾਹਿ ਰੂਮੀ ਕੁਲਾਹ ॥
ਦਰਖਸ਼ਿੰਦਹ ਏ ਸ਼ਮਸੋ ਬਰਖਸਿੰਦਹ ਮਾਹ ॥੪॥

ਵਜ਼ਾਂ—ਉਸਤੋਂ। ਕੈਸਰੋ—ਚੱਕ੍ਰਵ੍ਤੀ। ਸ਼ਾਹਿ—ਰਾਜਾ। ਰੂਮੀ—ਰੂਮ ਦੇਸ ਦੀ। ਕੁਲਾਹ—ਟੋਪੀ। ਦਰਖਸ਼ਿੰਦਹ—ਚਮਕਨ ਵਾਲਾ। ਏ—ਵਾਂਗੂ। ਸ਼ਮਸੋ—ਸੂਰਜ। ਬਰਖ਼ਸ਼ਿੰਦਹ—ਪ੍ਰਕਾਸ਼ਕ। ਮਾਹ—ਚੰਦ੍ਰਮਾ। ਉਸ ਦਾ ਚਕ੍ਰਵਰਤੀ ਰਾਜਾ, ਰੂਮੀ ਟੋਪੀ ਵਾਲਾ। ਸੂਰਜ ਵਾਂਗੂੰ ਚਮਕਦੇ ਹੋਏ ਚੇਹਰੇ ਵਾਲਾ ਤੇ ਚੰਦ੍ਰਮਾ ਵਾਂਗੂ ਸ਼ਾਂਤਿ ਸੁਭਾਵ ਵਾਲਾ ਸੀ ॥ ੪ ॥

ਯਕੇ ਰੋਜ਼ ਰੌਸ਼ਨ ਬਰਾਮਦ ਸ਼ਿਕਾਰ ॥
ਹਮਹ ਯੂਜ਼ ਅਜ਼ ਬਾਜ਼ ਬਹਰੀ ਹਜ਼ਾਰ ॥੫॥

ਯਕੇ ਰੋਜ਼—ਇਕ ਦਿਨ। ਰੌਸ਼ਨ—ਚਾਨਣ ਹੁੰਦੇ। ਰੋਜ਼ ਰੌਸ਼ਨ—ਦਿਨ ਚੜ੍ਹੇ ਨਾਲ। ਬਰਾਮਦ—ਬਰ+ਆਮਦ) ਵਾਸਤੇ ਆਇਆ। ਯੂਜ਼—ਚਿਤ੍ਰਾ। ਅਜ਼—ਆਦਿਕ।
ਇਕ ਦਿਨ ਚਾਨਣ ਹੁੰਦਿਆਂ ਹੀ ਸ਼ਿਕਾਰ ਵਾਸਤੇ ਆਇਆ। ਚਿਤ੍ਰਾ, ਬਾਜ਼ ਤੇ ਬਹਰੀ ਆਦਿਕ ਸਾਰੇ (ਹੀ ਸ਼ਿਕਾਰੀ ਜਾਨਵਰ) ਹਜ਼ਾਰਾਂ (ਹੀ ਉਸ ਨੇ ਆਪਣੇ ਸਾਥ ਕਰ ਲਏ ਸਨ) ॥ ੫ ॥

ਬ ਪਹਨ ਅੰਦਰ ਆਮਦ ਬ ਨਖ਼ਚੀਰ ਗਾਹ ॥
ਬਿਜ਼ਦ ਗੋਰ ਆਹੂ ਬਸੇ ਸ਼ੇਰ ਸ਼ਾਹ ॥ ੬ ॥

ਬ—ਵਿਚ। ਪਹਨ—ਉਜਾੜ। ਆਮਦ—ਆਇਆ। ਨਖਚੀਰ ਗਾਹ—ਸ਼ਿਕਾਰ ਗਾਹ, ਸ਼ਿਕਾਰ ਖੇਡਣ ਦੀ ਜਗ੍ਹਾ। ਬਿਜ਼ਦ—ਮਾਰੇ। ਗੋਰ—ਗੋਰਖਰ,ਰੋਝ। ਆਹ—ਹਰਨ। ਬਸੇ—ਬਹੁਤ। ਸ਼ਾਹ—ਰਾਜਾ। ਉਜਾੜ ਅੰਦਰ ਸ਼ਿਕਾਰ ਗਾਹ ਵਿਚ ਆ ਗਿਆ। (ਉਥੇ) ਰਾਜੇ ਨੇ ਰੋਝ, ਹਰਨ ਅਤੇ ਬਹੁਤ ਸਾਰੇ ਸ਼ੇਰ ਭੀ ਮਾਰ ਲਏ ॥ ੬ ॥

ਦਿਗਰ ਸ਼ਾਹਿ ਮਗਰਬ ਦਰ ਆਮਦ ਦਲੇਰ ॥
ਚੋ ਰਖਸ਼ਿੰਦਹ ਮਾਹੋ ਚੁ ਗੁਰਰਿੰਦਹ ਸ਼ੇਰ ॥ ੭ ॥

ਦਿਗਰ ਸ਼ਾਹਿ—ਇਕ ਹੋਰ ਰਾਜਾ। ਮਗਰਬ—ਲਹਿੰਦਾ, ਪਛਮ। ਚੋ—ਵਾਂਗੂ। ਰਖਸ਼ਿੰਦਹ—ਪ੍ਰਕਾਸ਼ ਕਰਨ ਵਾਲਾ। ਮਾਹੋ—ਚੰਦ੍ਰਮਾ। ਗੁਰਰਿੰਦਹ—ਗਰਜਨਾ।
ਇਕ ਹੋਰ ਪਛਮ ਦਾ ਦਲੇਰ ਰਾਜਾ (ਉਸ ਸ਼ਿਕਾਰ ਗਾਹ) ਵਿਚ ਆ ਗਿਆ। ਜੋ ਚੰਦ੍ਰਮਾਂ ਵਾਂਗੂੰ ਪ੍ਰਕਾਸ਼ ਵਾਲਾ ਤੇ ਸ਼ੇਰ ਵਾਂਗੂੰ ਗਰਜਨ ਵਾਲਾ ਸੀ ॥ ੭ ॥

ਦੋ ਸ਼ਾਹ ਦਰਾਮਦ ਬ ਯਕ ਜ਼ਾਇ ਸਖ਼ਤ ॥
ਕਿਰਾ ਤੇਗ ਯਾਰੀ ਦਿਹਦ ਨੇਕ ਬਖ਼ਤ ॥ ੮ ॥

ਦੋ ਸ਼ਾਹ—ਦੋ ਰਾਜੇ। ਸਖ਼ਤ—ਤੰਗ, ਔਖੀ, ਕਠੋਰ। ਕਿਰਾ—ਕਿਸ ਨੂੰ। ਯਾਰੀ—ਸਹਾਇਤਾ, ਮਦਦ। ਦਿਹਦ—ਦੇਵੇਗੀ। ਨੇਕ ਬਖ਼ਤ—ਚੰਗੇ ਭਾਗਾਂ ਵਾਲਾ।
ਇਕ ਦੁਖਦਾਈ ਜਗ੍ਹਾ ਵਿਚ ਦੋ ਰਾਜੇ ਆ ਗਏ ਹਨ। ਕਿਸ ਨੂੰ ਤਲਵਾਰ ਮਦਦ ਦੇਵੇਗੀ?

(ਜੋ) ਚੰਗੇ ਭਾਗਾਂ ਵਾਲਾ ਹੋਵੇਗਾ ॥ ੮ ॥

ਕਿਰਾ ਰੋਜ਼ਿ ਇਕਬਾਲ ਯਾਰੀ ਦਿਹਦ ॥
ਕਿ ਯਜ਼ਦਾਂ ਕਿਰਾ ਕਾਮਗਾਰੀ ਦਿਹਦ ॥ ੯ ॥

ਕਿਰਾ–ਕਿਸ ਦਾ। ਰੋਜ਼ਿ–ਦਿਨ। ਇਕਬਾਲ–ਵਾਧਾ। ਯਾਰੀ–ਸਹਾਇਤਾ,ਮਦਦ। ਯਜ਼ਦਾਂ–ਪ੍ਰਮਾਤਮਾ। ਕਾਮਗਾਰੀ–ਜਿਤ, ਫਤੇ। ਇਕਬਾਲ (ਤੇਜ-ਪ੍ਰਤਾਪ) ਦਾ ਦਿਨ ਕਿਸ ਨੂੰ ਮਦਦ ਦੇਂਦਾ ਹੈ ? ਕਿਸ ਨੂੰ ਪ੍ਰਮਾਤਮਾ(ਜੰਗ ਵਿਚ) ਫਤੇ ਦੇਂਦਾ ਹੈ ॥ ੯ ॥

ਬ ਜ਼ੁੰਬਸ਼ ਬਰਾਮਦ ਦੋ ਸ਼ਾਹਿ ਦਲੇਰ ॥
ਕਿ ਬਰ ਆਹੂ ਏ ਯਕ ਬਰਾਮਦ ਦੋ ਸ਼ੇਰ ॥੧੦॥

ਜ਼ੁੰਬਸ਼–ਦਿਲ ਦਾ ਜੋਸ਼, ਗੁਸੇ ਦਾ ਬੇਗ। ਆਹੂ–ਹਰਨ। ਬਰਾਮਦ–ਹਲਾ ਕੀਤਾ।
ਦੋਵੇਂ ਹੀ ਬਲਵਾਨ ਰਾਜੇ ਜੋਸ਼ (ਗੁਸੇ ਦੇ ਬੇਗ) ਵਿਚ ਆ ਗਏ ਹਨ। (ਇਉਂ ਜਾਣੋ) ਜੋ ਦੋ ਸ਼ੇਰ ਇਕੋ ਵਾਰੀ ਹੀ ਇਕ ਹਰਨ ਦੇ ਉਤੇ ਹੱਲਾ ਕਰਕੇ ਆ ਪਏ ਹਨ ॥ ੧੦ ॥

ਬ ਗੁਰਰੀਦਨ ਆਮਦ ਦੋ ਅਬਰੇ ਸਿਯਾਹ ॥
ਸਨਾਨਿ ਬਿਅੰਦਾਖ਼ਤ ਨੇਜ਼ਾ ਚੋ ਕਾਹ ॥ ੧੧ ॥

ਗੁਰਰੀਦਨ–ਗਰਜਨਾ। ਅਬਰੇ–ਬਦਲ। ਸਿਯਾਹ–ਕਾਲਾ। ਸਨਾਨਿ–ਬਰਛ ਦਾ ਫਲ। ਬਿਅੰਦਾਖਤ–ਸੁਟਿਆ। ਕਾਹ–ਘਾਹ।
(ਜਾਂ ਇਉਂ ਜਾਣੋ) ਦੋ ਕਾਲੇ ਬਦਲ ਗਰਜਦੇ ਹੋਏ ਆ ਗਏ ਹਨ। ਘਾਹ ਦੀਆਂ ਪੂਲੀਆਂ ਵਾਗੂ ਬਰਛੇ ਦੇ ਫਲ (ਇਕ ਦੂਜੇ ਉਤੇ ਉਨ੍ਹਾਂ ਨੇ ਸੁਟੇ ਹਨ, ਭਾਵ ਉਨ੍ਹਾਂ ਨੇ ਬੇਅੰਤ ਬਰਛਿਆਂ ਦੇ ਵਾਰ ਇਕ ਦੂਜੇ ਉਤੇ ਕੀਤੇ ਹਨ) ॥ ੧੧ ॥

ਚੁਨਾਂ ਤੀਰ ਬਾਰਾਨਿ ਪੱਰਰਾ ਸ਼ੁਦਹ ॥
ਜ਼ਮੀ ਆਸਮਾਂ ਪਰ ਜ਼ਿ ਕਰਗਸ਼ ਸ਼ੁਦਹ ॥ ੧੨ ॥

ਚੁਨਾਂ–ਅਜੇਹੀ। ਬਾਰਾਨਿ–ਬਾਰਸ਼। ਪੱਰਰਾ–ਉਡਣ ਵਾਲੇ। ਸ਼ੁਦਸ–ਹੋਈ। ਆਸਮਾਂ–ਅਸਮਾਨ। ਪੁਰ ਜ਼ਿ–ਭਰ ਗਈ। ਕਰਗਸ਼–ਗਿਰਝਾਂ। ਉਡਨ ਵਾਲੇ ਤੀਰਾਂ ਦੀ ਅਜੇਹੀ ਬਾਰਸ਼ ਹੋਈ। (ਮਾਨੋ) ਧਰਤੀ ਤੇ ਅਕਾਸ਼ ਗਿਰਝਾਂ ਨਾਲ ਭਰ ਗਿਆ ਹੈ ॥ ੧੨ ॥

ਚਕਾ ਚੱਕ ਬਰਖ਼ਾਸਤ ਨੋਕਿ ਸਨਾਂ ॥
ਯਕੇ ਰੁਸਤਖੇਜ਼ ਅਜ਼ ਬਰਾਮਦ ਜਹਾਂ ॥ ੧੩ ॥

ਚਕਾ ਚੱਕ–ਘਚਾ ਘੱਚ। ਬਰਖਾਸਤ–ਉਠੀ। ਨੋਕਿ ਸਨਾਂ–ਬਰਛੇ ਦੀ ਮੁਖੀ। ਰੁਸਤਖੇਜ਼–ਪਰਲੋ। ਬਰਾਮਦ–ਨਿਕਲੀ। ਜਹਾਂ–ਸੰਸਾਰ।
ਬਰਛਿਆਂ ਦੀਆਂ ਮੁਖੀਆਂ (ਵਜਣ ਨਾਲ) ਘਚਾ-ਘਚ (ਦੀ ਅਵਾਜ਼)ਉਠ ਰਹੀ ਹੈ। (ਮਾਨੋ) ਜਗਤ ਵਿਚ ਇਕ ਵਰਗੀ ਹੀ ਪਰਲੋ ਆ ਗਈ ਹੈ ॥ ੧੩ ॥

ਚੋ ਸੂਰਿ ਸਰਾਫੀਲ ਦਮ ਮੇਜ਼ਦਹ ॥

ਕਿ ਰੋਜ਼ੇ ਕਿਆਮਤ ਬਹਮ ਮੇਜ਼ਦਹ ॥ ੧੪ ॥

ਚੋ-ਵਾਂਗੂ । ਸੂਰਿ=ਤੁਰੀ । ਸਰਾਫੀਲ=ਅਸ਼ਰਫਾਈਲ (ਇਕ ਫਰਿਸ਼ਤੇ ਦਾ ਨਾਮ ਹੈ, ਜੋ ਕਿਆਮਤ ਦੇ ਦਿਨ ਬਿਗਲ(ਤੁਰ੍ਹੀ)ਵਜਾਇਗਾ)। ਦਮ-ਅਵਾਜ਼,ਗੱਲ । ਮੇਜ਼ਦਹ-ਮਾਰਦੇ ਹਨ । ਰੋਜ਼ੇ ਕਿਆਮਤ-ਪ੍ਰਲੋ ਦੇ ਦਿਨ । ਬਹਮ=ਆਪੋ ਵਿਚ । ਮੇਜ਼ਦਹ=ਟਕਰਾਉਂਦੇ ਹਨ ।

ਅਸ਼ਰਫਾਈਲ (ਫਰਿਸ਼ਤੇ ਦੀ) ਤੁਰੀ ਵਾਂਗੂ ਲਲਕਾਰਾਂ ਮਾਰਦੇ ਹਨ (ਮਾਨੋ ਉਹ ਦੋਵੇਂ ਰਾਜੇ ਹੀ) ਪਰਲੋ ਦਾ ਦਿਨ, (ਜੋ) ਆਪੋ ਵਿਚ ਟਕਰਾ ਰਹੇ ਹਨ ॥ ੧੪ ॥

ਗੁਰਜਸ਼ ਦਰਾਮਦ ਬ ਅਰਬੀ ਸਪਾਹ ॥
ਬ.ਗਾਲਿਬ ਦਰਾਂਮਦ ਹਮਾਂ ਗਰਬ ਸ਼ਾਹ ॥ ੧੫ ॥

ਗੁਰਜਸ=ਭਾਂਜ । ਦਰਾਮਦ=ਆ ਗਈ । ਅਰਬੀ=ਅਰਬ ਦੇਸ ਦੀ । ਸਪਾਹ=ਫੌਜ । ਬ.ਗਾਲਿਬ=ਪ੍ਰਬਲ,ਜਿਤ ਵਿਚ । ਗਰਬ-ਮਗਰਬ, ਪਛਮ । ਅਰਬ ਦੀ ਫੌਜ ਨੂੰ ਭਾਜੜ ਪੈ ਗਈ । ਉਸ ਦਾ (ਰਾਜ਼ਾ ਹਾਰ ਗਿਆ ਅਤੇ) ਪਛਮ ਦਾ ਜਿਤ ਗਿਆ ॥ ੧੫ ॥

ਕਿ ਤਨਹਾ ਬਿਆਂਦ ਅਸਤ ਸ਼ਾਹਿ ਅਰਬ ॥
ਬ ਵਕਤਿ ਚੋ ਪੇਸ਼ੀਨ ਸ਼ਮਸ ਚੂੰ ਗਰਬ ॥ ੧੬ ॥

ਤਨਹਾ-ਇਕੋ ਇਕ ਇਕੱਲਾ । ਬਿਆਂਦ-ਹੋ ਗਿਆ । ਅਸਤ-ਹੈ । ਸ਼ਾਮਿ-ਰਾਜਾ । ਚੋ-ਜਦ। ਪੇਸ਼ੀਨ-ਤਿਕਾਲਾਂ, ਸੰਧਯਾਂ । ਸ਼ਮਸ-ਸੂਰਜ । ਗਰਬ-ਛਿਪ ਗਿਆ ।

ਜੋ ਅਰਬ ਦਾ ਰਾਜਾ (ਸੀ, ਉਹ) ਇਕੋ-ਇਕ'ਇਕੱਲਾ' ਹੋ ਗਿਆ । ਜਦ ਸੰਧਯਾ ਦਾ ਵੇਲਾ ਹੋਇਆ ਤ ਸੂਰਜ ਛਿਪ ਗਿਆ ॥ ੧੬ ॥

ਚੋ ਤਾਬਸ਼ ਨ ਮਾਨਦ ਸ਼ਵਦ ਦਸਤਗੀਰ ॥
ਚੋ ਦੁਜ਼ਦੇ ਸ਼ਵਦ ਵਕਤਿ ਸ਼ਬ ਰਾ ਅਸੀਰ ॥੧੭॥

ਚੋ-ਜਦ । ਤਾਬ-ਗਰਮੀ, ਬਲ, ਜੋਰ, ਤਾਕਤ । ਸ਼-ਉਸ । ਨ ਮਾਨੰਦ-ਨਾ ਰਹੀ । ਸ਼ਵਦ-ਹੋ ਗਿਆ । ਦਸਤਗੀਰ-ਕੈਦੀ, ਦੁਜ਼ਦੇ-ਚੋਰ । ਸ਼ਵਦ-ਹੋਵੇ । ਸ਼ਬ-ਰਾਤ । ਅਸੀਰ-ਕੈਦੀ ।

ਜਦ ਉਸ ਵਿਚ ਤਾਬ ਨਾ ਰਹੀ (ਤਾਂ ਉਹ) ਕੈਦੀ ਹੋ ਗਿਆ । ਜਦ ਰਾਤ ਨੂੰ ਚੋਰੀ (ਨਸ ਆਉਣ ਦਾ) ਵੇਲਾ ਭੀ (ਨਾ ਮਿਲਿਆ, ਤਦ ਉਹ) ਕੈਦੀ ਹੋ ਗਿਆ ॥ ੧੭ ॥

ਭਾਵ-ਅਰਬ ਦਾ ਰਾਜਾ ਸ਼ਿਕਾਰ ਤੇ ਗਿਆ, ਉਥੇ ਹੀ ਪਛਮੀ ਰਾਜੇ ਦਾ ਮੇਲ ਹੋ ਗਿਆ । ਇਨ੍ਹਾਂ ਦੋਹਾਂ ਦਾ ਆਪੋ ਵਿਚ ਵੈਰ ਸੀ । ਅਜੇਹਾ ਕੋਈ ਸਮਾਂ ਹੀ ਨਹੀਂ ਸੀ ਬਣਦਾ ਜੋ ਵੈਰ ਕਢ ਲਿਆ ਜਾਵੇ । ਕੁਦਰਤ ਨੇ ਢੋ ਬਣਾ ਦਿਤਾ ਤੇ ਜੰਗ ਸ਼ੁਰੂ ਹੋ ਗਿਆ । ਇਸੇ ਕਰਕੇ ਪਿਛੇ ਬੈਂਤ ੮ ਤੇ ੯ ਵਿਚ ਕਹਿ ਆਏ ਹਨ ਕਿ ਦੋਹਾਂ ਰਾਜਿਆਂ ਉਤੇ ਸਖਤ ਸਮਾ ਆ ਗਿਆ ਹੈ, ਜਿਸ ਦੀ ਮਦਦ ਤਲਵਾਰ ਅਤੇ ਵਾਹਿਗੁਰੂ ਕਰੇਗਾ, ਓਹੀ ਜਿਤ ਨੂੰ ਪਾਵੇਗਾ । ਇਸ ਜੰਗ ਵਿਚ ਅਰਬ ਦਾ ਰਾਜਾ ਇਕੱਲਾ ਰਹਿ ਗਿਆ, ਉਧਰੋਂ ਸੰਧਯਾ ਪੈ ਗਈ ਤੇ ਸੂਰਜ ਡੁਬ ਗਿਆ । ਦੁਸ਼ਮਨ ਨੂੰ ਫੜ ਲੈਣ ਦਾ ਇਹ ਬਹੁਤ ਸੋਹਣਾ ਦਾਉ ਹਥ ਆਇਆ । ਇਕ ਵੈਰੀ ਇਕੱਲਾ ਹੈ, ਸਹਾਇਤਾ ਕਰਨ ਵਾਲਾ ਭੀ ਕੋਲ ਕੋਈ ਨਹੀਂ ਹੈ ਫਿਰ ਸੰਧਯਾ ਹੋ ਰਹੀ ਹੈ, ਸੂਰਜ ਭੀ ਡੁਬ ਗਿਆ ਹੈ । ਬਸ, ਫਿਰ ਕੀ ਸੀ ? ਪਛਮੀ ਰਾਜੇ ਨੇ ਹੱਲਾ ਬੋਲ ਦਿਤਾ ਅਤੇ ਹਥੋ ਹਥੀ ਜਾ ਕੇ ਅਰਬ ਦੇ ਰਾਜੇ ਨੂੰ ਫੜ ਲਿਆ, ਇਸੇ

ਵਾਸਤੇ ਇਤੇ 'ਦਸਤਗੀਰ' ਪਦ ਵਰਤਿਆ ਹੈ।

ਰਾਜੇ ਦੇ ਫੜੇ ਜਾਣ ਮਗਰੋਂ ਅਹਿਲਕਾਰਾਂ ਨੂੰ ਪਤਾ ਲਗਾ। ਉਹਨਾਂ ਨੇ ਸੋਚਿਆ ਕਿ ਜੰਗਕਰਕੇ ਅਸੀਂ ਰਾਜੇ ਨੂੰ ਛੁਡਾ ਨਹੀਂ ਸਕਦੇ, ਕਿਉਂਕਿ ਇਕ ਤਾਂ ਓਹ ਸਾਥੋਂ ਜ਼ੋਰ ਵਿਚ ਵਧੀਕ ਹਨ, ਦੂਜਾ ਰਾਤ ਪੈ ਗਈ ਹੈ, ਇਸ ਵੇਲੇ ਜੰਗ ਕੀਤਿਆਂ ਕਦੇ ਭੀ ਫਤੇ ਨਹੀਂ ਮਿਲਣੀ। ਚੰਗੀ ਗੱਲ ਇਹਹੈਕਿ ਰਾਜੇ ਨੂੰ ਚੋਰੀ ਕਰਕੇ ਲੈ ਆਈਏ,ਇਸ ਤਰ੍ਹਾਂ ਜੰਗ ਵਿਚ ਮਰਨ ਮਾਰਨ ਦਾ ਡਰ ਨਹੀਂ ਰਹੇਗਾਦੂਜਾ ਰਾਜਾ ਸ਼ਾਹਿਬ ਕੈਦ ਤੋਂ ਛੁਟਕਾਰਾ ਪਾ ਕੇ ਘਰ ਆ ਜਾਣਗੇ, ਤੀਜਾ ਕੁਦਰਤ ਨਾਲ ਰਾਤ ਆ ਹੀ ਗਈ ਹੈ ਇਸੇ ਰਾਤ ਵਿਚ ਚੋਰੀ ਚੋਰੀ ਜਾ ਕ ਰਾਜਾ ਸਾਹਿਬ ਜੀ ਨੂੰ ਛੁਡਾ ਲਿਆਉਣਾ ਚਾਹੀਦਾ ਹੈ। ਉਨ੍ਹਾਂ ਨੇ ਇਸ ਗੱਲ ਦਾ ਯਤਨ ਭੀ ਕੀਤਾ, ਪਰ ਚੋਰੀ ਦਾ ਢੰਗ ਉਨ੍ਹਾਂ ਦਾ ਨਾ ਬਣਿਆ ਤੇ ਰਾਜਾ ਸਾਹਿਬ ਨੂੰ ਚੋਰੀ ਕਰਕੇ ਭੀ ਨਾ ਲਿਆ ਸਕੇ। ਇਸ ਗੱਲ ਦਾ ਵਰਨਣ ਅੰਕ ੧੯ ਵਿਚ ਕੀਤਾ ਹੈ।

ਬਿ ਬਸਤੰਦ ਬੁਰਦੰਦ ਸ਼ਾਹ ਨਿਜ਼ਦਿ ਸ਼ਾਹ ॥

ਚੁ ਮਾਹ ਅਫਗਨੋ ਹਮਚੋ ਬੁਰਦੰਦ ਮਾਹ ॥੧੮॥

ਬਿ=(ਵਾਧੂ ਪਦ ਹੈ)। ਬਸਤੰਦ-ਬੰਨ੍ਹ ਲਿਆ। ਬੁਰਦੰਦ-ਲੈ ਗਏ। ਨਿਜ਼ਦਿ-ਨੇੜੇ, ਕੋਲ। ਸ਼ਾਹ-ਰਾਜਾ। ਚੋ-ਜਿਵੇਂ। ਮਾਹ ਅਫਗਨੋ-ਚਦ੍ਰਮਾ ਨੂੰ ਡੇਗਨ ਵਾਲਾ-ਰਾਹ। ਬੁਰਦੰਦ-ਫੜ ਲੈਂਦਾ ਹੈ। ਮਾਹ-ਚੰਦ੍ਰਮਾ। (ਅਰਬ ਦੇ) ਰਾਜੇ ਨੂੰ (ਪਛਮੀ ਸੈਨਾ ਨੇ) ਬੰਨ੍ਹ ਲਿਆ (ਤੇ ਆਪਣੇ) ਰਾਜੇ ਕੋਲ (ਉਸ ਨੂੰ ਫੜ ਕੇ) ਲ ਗਏ। ਜਿਵੇਂ ਰਾਹੁ ਚੰਦ੍ਰਮਾ ਨੂੰ ਫੜ ਲੈਂਦਾ ਹੈ ॥ ੧੮॥

ਭਾਵ-ਜਦ ਚੰਦ੍ਰਮਾ ਨੂੰ ਗਰੈਹਣ ਲਗਦਾ ਹੈ, ਤਦੋਂ ਲੋਕੀ ਇਹ ਕਿਹਾ ਕਰਦੇ ਹਨ, ਜੋ ਇਸ ਨੂੰ ਰਾਹੂ ਨੇ ਫੜ ਲਿਆ ਹੈ। ਇਸੇ ਲਕੋਕਤੀ ਦੇ ਅਨੁਸਾਰ ਇਥ ਸ੍ਰੀ ਗੁਰੂ ਸਾਹਿਬ ਜੀ ਫਰਮਾ ਰਹੇਹਨ, ਜਿਵੇਂ ਚੰਦ੍ਰਮਾ ਨੂੰ ਰਾਹੂ ਗ੍ਰਸ ਲੈਂਦਾ ਹੈ।ਇਸੇ ਤਰ੍ਹਾਂਪਛਮੀਰਾਜੇ ਨੇ ਅਰਬ ਦੇ ਰਾਜੇ ਨੂੰ ਫੜ ਲਿਆਹੈ।

ਬਖ਼ਾਨਹ ਖਬਰ ਆਮਦਹ ਸ਼ਾਹ ਬਸਤ ॥

ਹਮਹ ਕਾਰ ਦੁਜ਼ਦੀ ਵ ਮਰਦੀ ਗੁਜ਼ਸ਼ਤ ॥੧੯॥

ਬ-ਵਿਚ। ਖਾਨਹ-ਘਰ। ਆਮਦਹ-ਆ ਗਈ। ਬਸਤ-ਫੜਿਆ ਗਿਆ। ਹਮਹ-ਸਾਰੇ। ਕਾਰ-ਕੰਮ, ਤਰੀਕੇ। ਦੁਜ਼ਦੀ-ਚੋਰੀ। ਵ-ਅਤੇ। ਮਰਦੀ-ਬਹਾਦਰੀ। ਗੁਜ਼ਸ਼ਤ-ਲੰਘ ਗਏ।

ਘਰ ਵਿਚ (ਇਹ) ਖਬਰ ਆ ਗਈ (ਕਿ) ਰਾਜਾ (ਵੈਰੀ ਦੇ ਹਥ) ਫੜਿਆ ਗਿਆ ਹੈ,(ਉਸ ਨੂੰ ਛੁਡਾਉਣ ਦੇ ਵਾਸਤੇ) ਚੋਰੀ ਤੇ ਬਹਾਦਰੀ ਦੇ ਸਾਰੇ ਕੰਮ (ਤ੍ਰੀਕੇ) ਕੀਤੇ ਜਾ ਚੁਕੇ ਹਨ (ਪਰ ਕਿਸੇ ਤਰ੍ਹਾਂ ਭੀ ਰਾਜੇ ਦਾ ਛੁਟਕਾਰਾ ਨਹੀਂ ਹੋਇਆ) ॥ ੧੯ ॥

ਨਿਸ਼ਸਤੰਦ ਮਜਲਿਸ ਜ਼ ਦਾਨਾਇ ਦਿਲ ॥

ਸੁਖਨ ਰਾਂਦ ਪਿਨਹਾਂ ਵਜ਼ਾਂ ਸ਼ਹ ਖ਼ਜ਼ਲ ॥੨੦॥

ਨਿਸ਼ਸਤੰਦ-ਬੈਠੇ। ਮਜਲਿਸ=ਸਭਾ। ਦਾਨਾਇ ਦਿਲ=ਸਿਆਣੇ ਲੋਕ, ਪੜੇ ਹੋਏ, ਬੁਧੀਮਾਨ ਸੁਖਨ=ਗੱਲ। ਰਾਂਦ=ਚਲਾਈ। ਪਿਨਹਾਂ=ਗੁਪਤ, ਲਾ-ਪਤਾ। ਖਜ਼ਲ-ਲਜਵਾਨ।

ਪੜੇ ਲਿਖੇ ਬੁਧੀਮਾਨ ਲੋਕ ਸ਼ਭਾਂ ਬਣਾ ਕੇ ਜੁੜ ਬੈਠੇ। ਸ਼ਰਮਸਾਰ (ਹੁੰਦੇ ਹੋਇਆਂ ਭ) ਗੁੰਮ ਹੋ ਚੁਕੇ ਰਾਜੇ ਦੀ ਗੱਲ ਟੋਰ ਦਿਤੀ ਹੈ ॥ ੨੦ ॥

ਚੋ ਬਿਸ਼ੁਨੀਦ ਈਂ ਖਬਰ ਦੁਖਤਰ ਵਜ਼ੀਰ ॥

ਬਿ ਬਸਤੰਦ ਸ਼ਮਸ਼ੇਰ ਜੁਸਤੰਦ ਤੀਰ ॥ ੨੧ ॥

ਚੋ–ਜਦੋਂ। ਬਿਸ਼ੁਨੀਦ–ਸੁਣੀ। ਦਖ਼ਤਰ–ਲੜਕੀ। ਬਸਤੰਦ–ਬੰਨ੍ਹ ਲਈ। ਜੁਸਤੰਦ–ਲਭਲਏ।

ਜਦ ਇਹ ਖਬਰ ਵਜ਼ੀਰ ਦੀ ਲੜਕੀ ਨੇ ਸੁਣ ਲਈ। (ਤਦ ਉਸ ਨੇ ਲਕ ਨਾਲ)ਤਲਵਾਰ ਬੰਨ੍ਹ ਲਈ ਤੇ ਤੀਰ ਲਭ ਕੇ (ਭਥੇ ਵਿਚ ਭਰ) ਲਏ ॥ ੨੧ ॥

ਬਿਪੋਸ਼ੀਦ ਜ਼ਰ ਬਫ਼ਤ ਰੂਮੀ ਕਬਾਇ ॥

ਬਜ਼ੀਂ ਬਰ ਨਸ਼ਸਤੋ ਬਿਆਮਦ ਬਜਾਇ ॥ ੨੨ ॥

ਬਿਪੋਸ਼ੀਦ–ਪਹਿਨ ਲਈ। ਜ਼ਰ ਬਫ਼ਤ–ਸੁਨੈਹਰੀ (ਕੀਨ ਖ਼ਾਬ ਦੀ)। ਰੂਮੀ ਕਬਾਇ–ਰੂਮ ਦੇਸ਼ ਦੀ ਪੁਸ਼ਾਕ। ਕਬਾਇ–ਚੋਗਾ। ਬ-ਜ਼ੀਂ–ਜ਼ੀਨ, ਕਾਠੀ। ਬਰ–ਉਪਰ। ਨਸ਼ਸਤ–ਬੈਠੀ। ਬਿਆਮਦ–ਆਈ। ਬ-ਜਾਇ–ਉਸ ਜਗ੍ਹਾ ਵਿਚ।

(ਫਿਰ ਉਸ ਨੇ) ਰੂਮ ਦੇਸ ਜੇਹੀ 'ਜ਼ਰ ਬਫਤ' ਪੁਸ਼ਾਕ ਪਹਿਨ ਲਈ।(ਅਤੇ ਘੋੜੇ ਦੀ) ਕਾਠੀ ਉਤੇ ਬੈਠ ਕੇ ਉਸ (ਜੰਗ ਵਾਲੀ) ਜਗ੍ਹਾ ਵਿਚ ਆ ਗਈ ॥ ੨੨ ॥

ਰਵਾਂ ਸ਼ੁਦ ਸੂਏ ਸ਼ਾਹਿ ਮਗਰਿਬ ਚੋ ਬਾਦ ॥

ਕਮਾਨੇ ਕਿਯਾਨੀ ਬਤਰਕਸ਼ ਨਿਹਾਦ ॥ ੨੩ ॥

ਰਵਾਂ ਸ਼ੁਦ–ਤੁਰ ਪਈ। ਸੂਏ–ਵਲ। ਸ਼ਾਹਿ–ਰਾਜਾ। ਮਗਰਿਬ–ਲਹਿੰਦਾ ਦੇਸ। ਬਾਦ–ਹਵਾ। ਕਮਾਨੇ–ਕਮਾਨ। ਕਿਯਾਨੀ–'ਕੈਅ' ਖਾਨਦਾਨ ਵਾਲੀ। ਤਰਕਸ਼–ਭਥਾ। ਨਿਹਾਦ–ਰਖਿਆ।

ਪਛਮ ਦੇਸ ਦੇ ਰਾਜੇ ਵਲ ਹਵਾ ਵਾਂਗੂ ਤੁਰ ਪਈ। (ਜਿਸ ਨੇ ਮੋਢੇ ਉਤੇ) 'ਕੈਅ' ਖਾਨਦਾਨ ਵਾਲੀ ਕਮਾਨ ਤੇ ਤੀਰਾਂ ਦਾ ਭਥਾ ਰਖਿਆ ਹੋਇਆ ਹੈ ॥ ੨੩ ॥

ਬਪੇਸ਼ੇ ਸ਼ਾਹਿ ਮਗਰਬਿ ਆਮਦ ਦਲੇਰ ॥

ਚੁ ਗੁਰਰਿੰਦਾ ਅਬਰੋ ਚੋ ਦਰਰਿੰਦਹ ਸ਼ੇਰ ॥ ੨੪ ॥

ਬਪੇਸ਼ੇ–(ਬ) ਸਾਹਮਣੇ। ਆਮਦ–ਆ ਗਈ। ਗੁਰਰਿੰਦਾ–ਗਰਜਨ ਵਾਲਾ। ਅਬਰੋ–ਬਦਲ। ਚੋ–ਵਾਂਗੂ। ਦਰਰਿੰਦਹ–ਵਢ ਖਾਣ ਵਾਲਾ। ਪਛਮ ਦੇ ਰਾਜੇ ਦੇ ਸਾਹਮਣੇ ਸੂਰਬੀਰਤਾ ਨਾਲ ਆ ਗਈ। ਜਿਸ ਤਰ੍ਹਾਂ ਗਰਜਨ ਵਾਲਾ ਬਦਲ ਤੇ ਵਢ ਖਾਣਾ ਸ਼ੇਰ (ਆਉਂਦਾ ਹੈ) ॥ ੨੪ ॥

ਦੁਆ ਕਰਦ ਕਿ ਐ ਸ਼ਾਹਿ ਆਜ਼ਾਦ ਬਖ਼ਤ ॥

ਸਜ਼ਾਵਾਰਿ ਦੈਹੀਮ ਓ ਸ਼ਾਯਾਨਿ ਤਖ਼ਤ ॥ ੨੫ ॥

ਦੁਆ ਕਰਦ–ਸਲਾਮੀ ਕੀਤੀ। ਆਜ਼ਾਦ ਬਖ਼ਤ–ਉਤਮ ਭਾਗਾਂ ਵਾਲੇ। ਸਜ਼ਾਵਾਰਿ–ਯੋਗ, ਲਾਇਕ। ਦੈਹੀਮ–ਛਤ੍ਰ। ਸ਼ਾਯਾਨਿ–ਯੋਗ, ਲਾਇਕ।

(ਪਹਿਲਾਂ) ਸਲਾਮੀ ਕੀਤੀ, (ਫਿਰ ਕਿਹਾ) ਕਿ ਹੇ ਉਤਮ ਭਾਗਾਂ ਵਾਲੇ! (ਤੂੰ) ਛਤ੍ਰ-ਚੌਰ ਦੀ ਸੋਭਾ ਵਾਲਾ ਹੈਂ ਅਤੇ ਸਿੰਘਾਸਨ ਉਤੇ ਬੈਠਨ ਦੇ ਯੋਗ ਹੈਂ ॥ ੨੫ ॥

ਮਰਾਂ ਕਾਹੀਆਂ ਆਮਦ ਅਜ਼ ਬਹਰਿ ਕਾਹ ॥

ਦੋ ਸਿਹ ਸਦ ਸਵਾਰੇ ਯਕ ਅਜ਼ ਸ਼ਕਲਿ ਸ਼ਾਹ ॥ ੨੬ ॥

ਮਰਾ–ਮੇਰੇ। ਕਾਹੀਆਂ–ਘਾਹੀ। ਅਜ਼ ਬਹਰਿ–ਵਾਸਤੇ। ਕਾਹ–ਘਾਹ। ਦੋ ਸਿਹ ਸਦ–ਦੋ ਤਿੰਨ ਸੌ।

ਸ਼ਕਲਿ ਸ਼ਾਹ—ਸ਼ਕਲ ਵਲੋਂ ਰਾਜਾ। (ਫਿਰ ਕਿਹਾ—ਹੇ ਰਾਜਨ ! ਸੁਣੋ) ਮੇਰੀ ਘਾਹੀ ਘਾਹ ਲੈਣ ਦੇ ਵਾਸਤੇ (ਜੰਗਲ ਵਿਚ) ਆਏ ਸਨ। (ਉਹ ਸਾਰੇ) ਦੋ ਤਿੰਨ ਸੌ ਘੋੜਿਆ ਤੇ ਸਵਾਰ ਸਨ, (ਉਨ੍ਹਾਂ ਵਿਚ) ਇਕ ਦੀ ਸ਼ਕਲ ਰਾਜੇ ਵਰਗੀ ਹੈ ॥੨੬॥

ਕਿ ਬਿਹਤਰ ਹਮਾਂ ਅਸਤ ਆਂ ਰਾ ਬਿਦਿਹ ॥

ਵਗਰਨਹ ਖ਼ੁਦਸ਼ ਮੌਤ ਬਰ ਸਰ ਬਿਨਿਹ ॥੨੭॥

ਬਿਹਤਰ—ਚੰਗਾ। ਹਮਾਂ—ਉਹੀ। ਅਸਤ—ਹੈ। ਆਂ ਰਾ—ਉਨ੍ਹਾਂ ਨੂੰ। ਬਿਦਿਹ—ਮੋੜ ਦਿਓ। ਵਗਰਨਹ—ਨਹੀਂ ਤਾਂ। ਖ਼ੁਦਸ਼=ਆਪਣੀ। ਬਰ—ਉਪਰ। ਸਰ—ਸਿਰ। ਬਿਨਿਹ—ਵੇਖੋ, ਰਖੋ।

ਚੰਗਾ ਏਹੀ ਹੈ, (ਜੋ ਮੇਰੇ ਘਾਹੀ ਤੁਸਾਂ ਕੈਦ ਕੀਤੇ ਹਨ) ਉਨ੍ਹਾਂ ਨੂੰ (ਮੋੜ) ਦੇਵੋ। ਨਹੀਂ ਤਾਂ ਆਪਣੀ ਮੌਤ ਨੂੰ ਸਿਰ ਉਤੇ (ਖੜੀ) ਵੇਖ ਲਵੋ ॥ ੨੭ ॥ ਕਿਉਂਕਿ—

ਸ਼ੁਨੀਦ ਈਂ ਜ਼ ਮਨ ਸ਼ਾਹ ਗਰ ਈਂ ਸੁਖ਼ਨ ॥

ਹਮਾਨਾ ਪੁਰਾ ਬੇਖ਼ ਬਰਕੰਦ ਬੁਨ ॥੨੮॥

ਸ਼ੁਨੀਦ ਈਂ—ਸੁਣ ਲਈ। ਜ਼ ਮਨ—ਮੈਥੋਂ। ਸ਼ਾਹ—ਰਾਜਾ। ਗਰ—ਜੇਕਰ। ਈਂ ਸੁਖਨ—ਇਹ ਗੱਲ। ਹਮਾਨਾ—ਸਚਮੁਚ। ਤੁਰ ਬੇਖ=ਤੇਰੀ ਜੜ੍ਹ। ਬਰਕੰਦ—ਪੁਟ ਸੁਟੇਗਾ। ਬੁਨ—ਮੂਲ, ਮੁਢ।

ਜੇ ਇਹ ਗੱਲ (ਸਾਡੇ) ਰਾਜੇ ਨੇ ਮੇਰੇ ਪਾਸੋਂ ਸੁਣ ਲਈ। (ਤਾਂ) ਸਚ ਮੁਚ ਹੀ ਤੇਰੀ ਜੜ੍ਹ ਮੁਢ ਤੋਂ ਪੁਟ ਸੁਟੇਗਾ ॥ ੨੮ ॥

ਸ਼ੁਨੀਦ ਈਂ ਸੁਖਨ ਸ਼ਾਹ ਫ਼ੌਲਾਦ ਤਨ ॥

ਬਿ ਲਰਜ਼ੀਦ ਬਰ ਖ਼ੁਦ ਚੋ ਬਰਗੇ ਸਮਨ ॥੨੯॥

ਸ਼ੁਨੀਦ—ਸੁਣਿਆ। ਈਂ ਸੁਖਨ—ਏਹ ਬਚਨ। ਫ਼ੌਲਾਦ—ਲੋਹਾ ਤਨ—ਸਰੀਰ ਲੋਹੇ ਦਾ ਸਰੀਰ ਬਿ ਲਰਜ਼ੀਦ=ਕੰਬ ਗਿਆ। ਬਰ ਖ਼ੁਦ=ਆਪਣੇ ਆਪ (ਜਾਂ) ਆਪਣੀ ਥਾਂ ਉਤੇ ਖੜੋਤਾ ਹੀ। ਚੋ—ਵਾਂਗੂ। ਬਰਗੇ=ਪੱਤਾ। ਸਮਨ—ਚੰਬੇਲੀ।

ਫੌਲਾਦ ਦੇ ਸਰੀਰ ਵਾਲੇ ਰਾਜੇ ਨੇ ਇਹ ਗੱਲ ਸੁਣ ਲਈ। (ਤਦ) ਆਪਣੀ ਥਾਂ ਉਤੇ ਹੀ ਚੰਬੇਲੀ ਦੇ ਪਤੇ ਵਾਂਗੂ ਕੰਬਣ ਲਗ ਪਿਆ ॥ ੨੯ ॥

ਚੁਨਾ ਜੰਗ ਕਰਦੰਦ ਈਂ ਕਾਹੀਆਂ ॥

ਨ ਦਾਨਮ ਮਗਰ ਸ਼ਾਹ ਬਾਸ਼ਦ ਜਵਾਂ ॥੩੦॥

ਚੁਨਾ=ਅਜੇਹਾ। ਕਰਦੰਦ=ਕੀਤਾ ਹੈ।ਈਂ=ਇਨ੍ਹਾਂ। ਕਾਹੀਆਂ=ਘਾਹੀਆਂ, ਘਾਹ ਲਿਆਉਣ ਵਾਲਿਆਂ, ਘਸਿਆਰਿਆਂ। ਨ ਦਾਦਮ—ਮੈਂ ਨਹੀਂ ਜਾਣਦਾ। ਮਗਰ—ਭਾਵੇਂ। ਸ਼ਾਹ—ਰਾਜਾ। ਬਾਸ਼ਦ—ਹੋਵੇਗਾ। ਜਵਾਂ—ਸੂਰਬੀਰ।

ਰਾਜਾ ਮਨ ਵਿਚ ਸੋਚਣ ਲਗਾ, ਜਦ ਕਿ ਇਨ੍ਹਾਂ ਘਾਹੀਆਂ ਨੇ ਅਜੇਹਾ ਜੰਗ ਕੀਤਾ ਹੈ।(ਤਾਂ) ਮੈਂ ਨਹੀਂ ਜਾਣ ਸਕਦਾ, (ਜੋ ਇਨ੍ਹਾਂ ਦਾ) ਰਾਜਾ ਕਿੰਨਾ ਕੁ ਬਲਵਾਨ ਯੋਧਾ ਹੋਵੇਗਾ ? ॥ ੩੦ ॥

ਨ ਦਾਨਮ ਮਗਰ ਸ਼ਾਹ ਹਸਤਸ਼ ਜਵਾਂ ॥

ਕਿ ਮਾ ਰਾ ਬਗੀਰਦ ਜ਼ਿ ਮਾਯੰਦਰਾਂ ॥ ੩੧ ॥

ਨ ਦਾਨਮ–ਨਹੀਂ ਪਤਾ। ਮਗਰ=ਜੇਕਰ, ਭਾਵੇਂ। ਹਸਤਸ਼–ਹੈ। ਸ਼–ਉਨ੍ਹਾਂ। ਜਵਾਂ–ਯੋਧਾ। ਕਿ–ਜੋ। ਮਾਰਾ–ਮੈਨੂੰ। ਬਗੀਰਦ–ਫੜ ਲਵੇ।ਜ਼ਿ–ਤੋਂ। ਮਾਯੰਦਰਾਂ–(ਇਕ ਦੇਸ ਦਾ ਨਾਮ ਹੈ)।

ਜੇਕਰ ਉਨ੍ਹਾਂ ਦਾ ਰਾਜਾ ਏਨਾ ਬਲਵਾਨ-ਯੋਧਾ ਹੈ (ਤਾਂ) ਪਤਾ ਨਹੀਂ। ਜੋ (ਉਹ) ਮੈਨੂੰ ਮਾਯੰਦਰਾਂ ਤੋਂ ਭੀ ਫੜ ਲਿਆਵੇ ॥੩੧॥

ਜ਼ਿ ਪੇਸ਼ੀਨਹ ਏ ਸ਼ਾਹ ਵਜ਼ੀਰਾਂ ਬਿਖਾਂਦ ॥
ਸੁਖਨਹਾਏ ਪੋਸ਼ੀਦਹ ਬਾ ਓ ਬਿਰਾਂਦ ॥ ੩੨ ॥

ਪੇਸ਼ੀਨਹ–ਸਾਹਮਣੇ। ਏ–ਦੇ। ਵਜ਼ੀਰਾਂ=(ਵਜ਼ੀਰ ਦਾ ਬ: ਬ:) ਬਿਖਾਂਦ–ਬੁਲਾ ਲਏ। ਸੁਖਨਹਾਏ–(ਸੁਖਨ ਦਾ ਬ: ਬ:) ਗੱਲਾਂ। ਪੋਸ਼ੀਦਹ–ਗੁਪਤ, ਲੁਕਵੀਆਂ। ਬਾ=ਨਾਲ। ਓ–ਉਨ੍ਹਾਂ। ਬਿ–(ਵਾਧ ਹੈ)। ਰਾਂਦ–ਤੋਰੀਆਂ।

ਰਾਜੇ (ਨੇ ਉਸੇ ਵੇਲੇ ਆਪਣੇ) ਵਜ਼ੀਰਾਂ ਨੂੰ ਸਾਹਮਣੇ ਸਦ ਲਿਆ।(ਅਤੇ)ਲੁਕਵੀਆਂ ਗਲਾਂ ਉਨ੍ਹਾਂ ਨਾਲ ਤੋਰ ਦਿਤੀਆਂ (ਭਾਵ–ਵਜ਼ੀਰ ਦੀ ਲੜਕੀ ਤੇ ਰਾਜੇ ਵਿਚ ਜੋ ਗੱਲਾਂ,ਉਸ ਤੋਂ ਪਹਿਲਾਂ ਦੀਆਂ ਗੱਲਾਂ ਜਿਨ੍ਹਾਂ ਕਰਕੇ ਦੋਹਾਂ ਰਾਜਿਆਂ ਦੀ ਆਪੋ ਵਿਚ ਨਚਾਕੀ ਹੋਈ ਸੀ,ਉਹ ਸਾਰੀਆਂ ਗੱਲਾਂ ਵਜ਼ੀਰਾਂ ਨੂੰ ਸੁਣਾ ਦਿਤੀਆਂ) ॥੩੨॥

ਤੁ ਦੀਦੀ ਚੁਨਾਂ ਕਾਹੀਆਂ ਜੰਗ ਕਰਦ ॥
ਕਿ ਅਜ਼ ਮੁਲਕਿ ਯਜ਼ਦਾ ਬਰਾਵੁਰਦ ਗਰਦ ॥ ੩੩ ॥

ਤੁ ਦੀਦੀ–ਤੁਸਾਂ ਵੇਖਿਆ ਹੈ। ਚੁਨਾ–ਅਜੇਹਾ। ਕਾਹੀਆਂ=ਘਸਿਆਰਿਆਂ। ਕਿ–ਜੋ। ਮੁਲਕਿ–ਦੇਸ ਦੀ। ਯਜ਼ਦਾਂ–ਪ੍ਰਮਾਤਮਾ। ਬਰਾਵੁਰਦ–ਲੈ ਆਂਦਾ[ਭਾਵ ਮਿਲਾ ਦਿਤਾ]। ਗਰਦ–ਖ਼ਾਕ।

ਤੁਸਾਂ ਵੇਖਿਆ ਹੈ,(ਜੋ ਇਨ੍ਹਾਂ) ਘਾਹੀਆਂ ਨੇ ਅਜੇਹਾ ਜੰਗ ਕੀਤਾ ਹੈ। ਜੋ ਪ੍ਰਮੇਸ਼ਰ ਦੇ ਜਗਤ ਨੂੰ ਖਾਕ ਵਿਚ ਮਿਲਾ ਦਿਤਾ ਹੈ ॥੩੩॥

ਮੁਬਾਦਾ ਕੁਨਦ ਤਾਖ਼ਤ ਬਰ ਮੁਲਕ ਸਖ਼ਤ ॥
ਦਿਹਮ ਕਾਹੀਆਂ ਰਾ ਅਜ਼ਾਂ ਨੇਕ ਬਖ਼ਤ ॥ ੩੪ ॥

ਮਬਾਦਾ–ਰਬ ਨਾ। ਕਨਦ–ਕਰੇ। ਤਾਖ਼ਤ–ਚੜ੍ਹਾਈ। (੨) ਤਖਤ ਵਾਲਾ, ਰਾਜਾ। ਬਰ ਮੁਲਕ–ਦੇਸ ਉਤੇ। ਸਖ਼ਤ=ਤੰਗ। ਦਿਹਮ=ਮੈਂ ਦੇਵਾਂ। ਰਾ=ਨੂੰ। ਅਜ਼ਾਂ=ਉਸ ਨੂੰ। ਨੇਕ ਬਖ਼ਤ–ਚਗੇ ਭਾਗਾਂ ਵਾਲੇ। ਰਬ ਨਾ ਕਰੇ,(ਜੇਕਰ) ਰਾਜਾ ਚੜ੍ਹਾਈ ਕਰ ਦੇਵੇ,(ਤਦ)ਮੁਲਕ ਉਤੇ ਸਖਤੀ(ਆ ਜਾਵੇਗੀ) (ਇਸ ਲਈ) ਉਸ ਚੰਗੇ ਭਾਗਵਾਨ ਨੂੰ ਮੈਂ ਘਾਹੀ ਮੋੜ ਦੇਵਾਂ ॥੩੪॥

ਭਾਵ–ਜੇ ਮੈਂ ਘਾਹੀ ਨਾ ਮੋੜੇ ਤਾਂ ਇਸ ਦੇ ਕਹੇ ਲਗ ਕੇ ਜੇਕਰ ਰਾਜੇ ਨੇ ਚੜ੍ਹਾਈ ਕਰ ਦਿਤੀ ਤਾਂ ਸਾਰੇ ਜਗਤ ਨੂੰ ਦੁਖ ਹੋਵੇਗਾ,ਇਸ ਲਈ ਘਾਹੀ ਮੋੜ ਦੇਣੇ ਹੀ ਚੰਗਾ ਹੈ।

ਹਮਾਂ ਸ਼ਾਹ ਮਹਬੂਸੀਆਂ ਪੇਸ਼ ਖ਼੍ਵਾਂਦ ॥
ਹਵਾਲਹ ਨਮੂਦਸ਼ ਕਿ ਓ ਰਾ ਨਿਸ਼ਾਂਦ ॥ ੩੫ ॥

ਹਮਾਂ=ਤੁਰਤ, ਝਟ ਪਟ। ਮਹਬਸੀਆਂ=ਬੰਨੇ ਹੋਇਆ। ਪੇਸ਼=ਕੋਲ। ਖ਼੍ਵਾਦ=ਬੁਲਾਇਆ। ਹਵਾਲਹ=ਸੌਂਪਨਾ। ਨਮਦ–ਕੀਤੇ। ਸ਼=ਉਸ। ਕਿ=ਜੋ ਅਤੇ। ਉ ਰਾ=ਉਸ ਨੂੰ। ਨਿਸ਼ਾਂਦ –ਬਿਠਾਇਆ। ਰਾਜੇ ਨੇ ਬੰਨ੍ਹਿਆਂ ਹੋਇਆਂ ਨੂੰ ਆਪਣੇ ਕੋਲ ਸਦ ਲਿਆ। (ਫਿਰ ਉਨ੍ਹਾਂ

ਨੂੰ)ਉਸ ਦੇ ਹਵਾਲੇ ਕਰ ਦਿਤਾ ਅਤੇ ਉਸ ਨੂੰ (ਕੋਲ) ਬਿਠਾ ਕੇ (ਕਿਹਾ) ॥੩੫॥

ਤੋ ਆਜ਼ਾਦ ਗਸ਼ਤੀ ਅਜ਼ੀਂ ਸਹਿਲ ਚੀਜ਼ ॥

ਬਿਗੀਰ ਐ ਬਰਾਦਰ ਤੁ ਅਜ਼ ਜ਼ਾਂ ਅਜ਼ੀਜ਼ ॥੩੬॥

ਤੋ-ਤੂੰ। ਆਜ਼ਾਦ-ਵੇਹਲਾ। ਗਸ਼ਤੀ-ਹੋ ਗਿਆ। ਅਜ਼ੀਂ-(ਅਜ਼+ਈਂ)ਇਸ ਤੋਂ। ਸਹਿਲ-ਸੁਖੱਲਾ,ਸੌਖਾ, ਸਹਜੇ ਹੀ। ਚੀਜ਼-ਕੰਮ। ਬਿਗੀਰ-ਫੜ। ਐ-ਹੇ। ਬਰਾਦਰ-ਭਰਾ, ਭਾਈ। ਅਜ਼-ਨਾਲੋਂ। ਜਾਂ-ਜਾਨ। ਅਜ਼ੀਜ਼-ਪਿਆਰਾ। ਤੂੰ ਇਸ ਕੰਮ ਤੋਂ ਸਹਜੇ ਹੀ ਵੇਹਲਾ ਹੋ ਗਿਆ ਹੈਂ ਇਨ੍ਹਾਂ ਨੂੰ ਫੜ, ਹੇ ਭਾਈ! ਤੂੰ (ਮੈਨੂੰ) ਜਾਨ ਤੋਂ ਪਿਆਰਾ ਹੈਂ। ੩੬॥

ਜ਼ਨੇ ਪੇਚ ਦਸਤਾਰ ਰਾ ਤਾਬ ਦਾਦ ॥

ਦਿਗਰ ਦਸਤ ਬਰ ਮੁਸ਼ਤਿ ਤੇਗਸ਼ ਨਿਹਾਦ ॥ ੩੭॥

ਜਨੇ-ਇਸਤ੍ਰੀ ਨੇ। ਪੇਚ-ਪੱਗ ਦੇ ਲਪੇਟ। ਦਸਤਾਰ-ਸਿਰ ਦੀ ਪਗੜੀ। ਰਾ-ਨੂੰ। ਤਾਬ ਦਾਦ-ਸਵਾਰ ਲਿਆ। ਦਿਗਰ-ਦੂਜਾ। ਦਸਤ-ਹਥ। ਬਰ-ਉਪਰ। ਮੁਸ਼ਤਿ-ਮੁਠੀ,ਕਬਜ਼ਾ ਤੇਗ-ਤਲਵਾਰ। ਸ਼-ਉਸ। ਨਿਹਾਦ-ਰਖਿਆ।

ਉਸ ਇਸਤ੍ਰੀ ਵਜ਼ੀਰ ਦੀ ਲੜਕੀ) ਨੇ (ਇਕ ਹਥ ਨਾਲ) ਪਗੜੀ ਦੇ ਪੇਚ ਨੂੰ ਘੁਟ ਕੇ ਬੰਨ੍ਹ ਲਿਆ (ਜੋ ਘੋੜੇ ਦੀ ਸਵਾਰੀ ਤੇ ਭਜਾਉਣ ਦੇ ਕਾਰਨ ਢਿਲਾ ਹੋ ਗਿਆ ਸੀ। ਦੂਜਾ ਹਥ ਉਸ ਨੇ ਤਲਵਾਰ ਦੇ ਕਬਜ਼ੇ ਉਤੇ ਰਖ ਲਿਆ। ੩੭॥

ਬਿਜ਼ਦ ਤਾਜ਼ੀਆਨਹ ਬ ਹਰ ਚਾਰ ਚਾਰ ॥

ਵ ਗੁਫ਼ਤਹ ਕਿ ਐ ਬੇਖਬਰ ਬੇਮੁਹਾਰ ॥ ੩੮॥

ਜਿਜ਼ਦ-ਮਾਰੇ। ਤਾਜ਼ੀਆਨਹ-ਕੋਰੜੇ, ਚਾਬਕ' ਬ ਹਰ-ਹਰ ਇਕ ਨੂੰ। ਵ-ਅਤੇ। ਗੁਫ਼ਤਹ-ਕਿਹਾ। ਬੇ ਖਬਰ-ਬਿਨ ਪਤਾ, ਲਾ-ਪਤਾ।

(ਫਿਰ ਵਜ਼ੀਰ ਦੀ ਲੜਕੀ ਨ) ਹਰ ਇਕ ਨੂੰ ਚਾਰ ਚਾਰ ਕਰੋੜੇ ਮਾਰੇ ਅਤੇ ਕਿਹਾ-ਹੇ ਬੇ ਮੁਹਾਰੋ! ਤੁਹਾਨੂੰ ਕਿਸੇ ਗੱਲ ਦੀ (ਕੋਈ) ਖਬਰ ਨਹੀਂ ਹੈ? ॥ ੩੮॥

ਕਿ ਆਮਦ ਦਰੀਂ ਜਾ ਵਜ਼ਾਂ ਕਾਹ ਨੇਸਤ ॥

ਕਿ ਏਜ਼ਦ ਗਵਾਹ ਅਸਤ ਯਜ਼ਦਾ ਯਕੇਸਤ ॥ ੩੯॥

ਦਰੀਂ ਜਾ-ਇਸ ਜਗ੍ਹਾ। ਵਜ਼ਾਂ-ਉਥੇ। ਕਾਹ-ਘਾਹ। ਨੇਸਤ-ਨਹੀਂ ਹੈ। ਏਜ਼ਦ-ਵਾਹਿਗੁਰੂ ਗਵਾਹ-ਜਾਮਨ। ਅਸਤ-ਹੈ। ਯਜ਼ਦਾਂ-ਅਕਾਲ ਪੁਰਖ। ਯਕੇਸਤ-(ਯਕ+ਅਸਤ)ਇਕ ਹੈ।

(ਤੁਸੀਂ) ਜੋ ਇਸ ਥਾਂ ਤੇ ਆਏ ਹੋ, (ਕੀ) ਉਸ ਥਾਂ ਤੇ ਘਾਹ ਨਹੀਂ ਹੈ? ਜੋ ਪਰਮੇਸਰ ਇਕ ਹੈ, (ਉਹ) ਪਰਮੇਸਰ (ਮੇਰੀ ਇਸ ਗੱਲ ਦਾ) ਗਵਾਹ ਹੈ ॥ ੩੯ ॥ ਕਿ-

ਦਰੋਗੇ ਮਰਾ ਬਰ ਗਫ਼ੂਰੇ ਗਵਾਹ ਅਸਤ ॥

ਬਿਗੋਯਦ ਕਿ ਮਾਰਾ ਪਨਾਹਿ ਖ਼ੁਦਾ ਅਸਤ ॥ ੪੦॥

ਦਰੋਗੇ-ਝੂਠ। ਮਰਾ-ਮੇਰੇ। ਬਰ-ਉਤੇ। ਗਫ਼ੂਰੇ-ਖਿਮਾ ਕਰਨ ਵਾਲਾ। ਅਸਤ-ਹੈ। ਬਿਗੋਯਦ-ਕਿਹਾ। ਮਾਰਾ-ਮੈਨੂੰ। ਪਨਾਹ-ਆਸਰਾ, ਓਟ। ਖ਼ੁਦਾਸਤ-(ਖ਼ੁਦਾ+ਅਸਤ) ਖ਼ੁਦਾ ਹੈ।

(ਉਸ ਨੇ) ਆਖਿਆ-ਮੇਰੇ ਝੂਠ ਨੂੰ ਦਿਆਲੂ (ਜਾਣਦਾ ਹੈ, ਓਹੀ) ਗਵਾਹ ਹੈ। (ਕਿਉਂਕਿ) ਖ਼ੁਦਾ ਹੀ ਮੇਰੀ ਓਟ ਤੇ ਪਨਾਹ ਹੈ ॥ ੪੦ ॥

ਰਿਹਾਈ ਦਿਹਦ ਖ਼ੁਦ ਖ਼ੁਦਾਂਵੰਦਿ ਤਖ਼ਤ ॥

ਬਿਦਾ ਗਸ਼ਤ ਜਾਂ ਮੰਜ਼ਲੇ ਜ਼ਾਇ ਸਖਤ ॥ ੪੧ ॥

ਰਿਹਾਈ—ਛੁਟਕਾਰਾ। ਦਿਹਦ—ਦੇਂਦੀ ਹੈ। ਖ਼ੁਦ—ਆਪਣੇ। ਖ਼ੁਦਾਵੰਦਿ—ਮਾਲਕ। ਤਖ਼ਤ—ਰਾਜਗੱਦੀ। ਬਿਦਾ—ਵਿਦੈਗੀ। ਗਸ਼ਤ—ਹੋਈ। ਜਾਂ ਮੰਜਲੇ—ਉਸ ਜਗ੍ਹਾ। ਜਾਇ ਸਖਤ—ਕਠੋਰ ਜਗ੍ਹਾ। ਆਪਣੇ ਸਿੰਘਾਸਨ ਦੇ ਮਾਲਕ (ਭਾਵ ਰਾਜੇ) ਨੂੰ (ਉਸ ਨੇ ਇਸ ਤਰ੍ਹਾਂ) ਛੁਟਕਾਰਾ (ਲੈ) ਦਿਤਾ। (ਫਿਰ ਉਥੋਂ) ਵਿਦਾ ਹੋਈ, (ਜੋ) ਬਹੁਤ ਹੀ ਕਠੋਰ (ਦੁਖਦਾਈ) ਜਗ੍ਹਾ ਸੀ ॥ ੪੧ ॥

ਬਿਦਿਹ ਸਾਕੀਆ ਸਾਗਰੇ ਸਬਜ਼ ਪਾਨ ॥

ਕਿ ਸਾਹਿਬ ਸ਼ਊਰ ਅਸਤ ਜ਼ਾਹਿਰ ਜਹਾਂ ॥੪੨॥

ਬਿਦਿਹ—ਦੇਹੁ। ਸਾਕੀਆ—ਹੇ ਸਾਕੀ। ਸਾਗਰੇ—ਪਿਆਲਾ, ਕਟੋਰਾ। ਸਬਜ਼ ਪਾਨ—ਹਰਾ ਰੰਗ। ਸ਼ਊਰ—ਸਮਝ ਦੇਣ ਵਾਲਾ। ਜਹਾਂ—ਜਹਾਨ, ਸੰਸਾਰ।

ਹੇ ਸਾਕੀ! ਹਰੇ ਰੰਗ ਦਾ ਪਿਆਲਾ ਦੇਹੁ। (ਜਿਸ ਤੋਂ ਇਹ ਮਲੂਮ ਹੋਵੇ ਕਿ ਮਾਲਕ ਸਮਝਣ ਵਾਲਾ ਹੈ ਅਤੇ ਜਗਤ ਵਿਚ ਪ੍ਰਗਟ ਹੈ ॥ ੪੨ ॥

ਬਿਦਿਹ ਸਾਕੀਆ ਜਾਮ ਫੀਰੋਜ਼ਹ ਰੰਗ ॥

ਕਿ ਦਰ ਵਕਤਿ ਸ਼ਬ ਚੂੰ ਖ਼ੁਸ਼ੇ ਰੋਜ਼ੇ ਜੰਗ ॥੪੩॥੬॥

ਜਾਮ—ਪਿਆਲਾ। ਫੀਰੋਜ਼ਹ—ਨੀਮ ਸਬਜ਼। ਸ਼ਬ—ਰਾਤ। ਖੁਸ਼—ਅਨੰਦ।

ਹੇ ਸਾਕੀ! ਫੀਰੋਜ਼ੀ ਰੰਗ ਵਾਲਾ ਪਿਆਲਾ ਦੇਹੁ। ਜੋ ਰਾਤ ਦੇ ਵੇਲੇ ਵਿਚ ਤੇ ਜੁਧ ਦੇ ਦਿਨ ਵਿਚ ਅਨੰਦ ਦੇਣ ਵਾਲਾ ਹੈ ॥ ੪੩ ॥ ੬ ॥ ਭਾਵ- ਹੇ ਸਤਿਗੁਰੋ! ਮੈਨੂੰ ਕੇਵਲ 'ਹਰੀ' ਦਾ ਪ੍ਰੇਮ ਬਖਸ਼ੋ, ਜਿਸ ਪਰੇਮ ਤੋਂ ਗਿਆਨ ਮਿਲਦਾ ਹੈ ਅਤੇ ਇਹ ਨਿਸਚਾ ਹੋ ਜਾਂਦਾ ਹੈ ਕਿ

ਈਭੈ ਬੀਠਲ ਊਭੈ ਬੀਠਲ ਬੀਠਲ ਬਿਨ ਸੰਸਾਰ ਨਹੀ ॥
ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰ ਰਹਿਓ ਤੂੰ ਸਰਬ ਮਹੀ ॥

ਹੇ ਸਤਿਗੁਰੂ! ਉਹ ਪਰੇਮ ਦੇਹੁ, ਜਿਸ ਪਰੇਮ ਦੇ ਪ੍ਰਤਾਪ ਨਾਲ ਵਾਹਿਗੁਰੂ ਦਾ ਪ੍ਰਤਖ ਗਿਆਨ ਪ੍ਰਾਪਤ ਹੁੰਦਾ ਹੈ ਜਿਸ ਕਰਕੇ 'ਘਰ ਦੀ ਸੁਖਾਲੀ ਸੇਜਾ' ਅਤੇ ਜੰਗ ਵਿਚ ਤੀਰਾਂ ਦੀ ਬਰਖਾ' ਇਕੋ ਜੇਹੀ ਭਾਸਦੀ ਹੈ। ਜਾਂ ਇਉਂ ਆਖੋ, ਜਿਸ ਗਿਆਨ ਰਾਜੇ ਦੀ ਕ੍ਰਿਪਾ ਨਾਲ—

ਤੱਤੀ ਲੋਹ' ਤੇ 'ਮਖਮਲ' ਦਾ ਗਦੇਲਾ ਇਕੋ ਜੇਹਾ ਪ੍ਰਤੀਤ ਹੁੰਦਾ ਹੈ, ਉਸ ਗਿਆਨ ਦੇ ਦੇਣ ਵਾਲ ਪਰੇਮ ਦਾ ਪਿਆਲਾ ਭਰ ਕੇ ਮੈਨੂੰ ਦੇਈ ਜਾਹੁ।

ਸਿਖਯਾ—ਹੇ ਔਰੰਗਜ਼ੇਬ! ਪਿਛਲੇ ਸਮੇਂ ਦੇ ਵਜ਼ੀਰ ਤੇ ਵਜ਼ੀਰਾਂ ਦੀਆਂ ਪੁਤ੍ਰੀਆਂ ਦੀ ਅਕਲ ਵੇਖੀ ਊ! ਵਜ਼ੀਰ ਪੁਤ੍ਰੀ ਨੇ ਕਿਸ ਤਰ੍ਹਾਂ ਆਪਣੇ ਪਿਆਰੇ ਰਾਜੇ ਨੂੰ ਦੁਸ਼ਮਨ ਦੀ ਕਦ ਵਿਚੋਂ ਕਢ ਕੇ ਲੈ ਆਂਦਾ। ਫਿਰ ਵੈਰੀ ਨੂੰ ਇਹ ਭੀ ਪਤਾ ਨਹੀ ਲਗਣ ਦਿਤਾ ਜੋ ਮੈਂ ਰਾਜੇ ਨੂੰ ਫੜਿਆ ਹੋਇਆਹੈ। ਸਗੋਂ ਵੈਰੀ ਦੇ ਮਨ ਵਿਚ ਅਜਿਹਾ ਭੈ ਬਿਠਾਇਆ, ਜਿਸ ਨਾਲ ਉਹ ਕੰਬਣ ਲਗ ਪਿਆ;

ਫਿਰ ਨਾਲ ਹੀ ਝੂਠ ਬੋਲਣ ਦੇ ਪਾਪ ਤੋਂ ਵੀ ਬਚ ਗਈ ਹੈ। ਉਹ ਜਾਣਦੀ ਹੈ ਜੋ ਮੈਂ ਝੂਠ ਬੋਲਿਆ ਹੈ, ਦੁਨੀਆਂ ਦੇ ਲੋਕਾਂ ਨੂੰ ਠਗ ਲਿਆ ਹੈ, ਪਰ ਰਬ ਨੂੰ ਨਹੀਂ ਠਗ ਸਕਦੀ। ਇਸ ਗੱਲ ਨੂੰ

ਜਾਣਦੀ ਹੋਈ ਕਹਿੰਦੀ ਹੈ-

ਦਰੋਗੋ ਮਰਾ ਗਫੂਰੇ ਗਵਾਹ ਅਸਤ ॥

ਕੈਸਾ ਸੋਹਣਾ ਰਬ ਦਾ ਭਰੋਸਾ ਜ਼ਾਹਰ ਹੁੰਦਾ ਹੈ। ਤੇਰੇ ਨਾਲੋਂ ਇਹ ਵਜ਼ੀਰ ਪੁਤ੍ਰੀ ਕਰੋੜਾਂ ਦਰਜੇ ਚੰਗੀ,ਉਚੀ ਤੇ ਸੁਚੀ ਹੈ।ਤੂੰ ਆਪਣੀ ਗਿਰੇਵਾਨ ਵਿਚ ਮੂੰਹ ਪਾ ਕੇ ਸੋਚ ਕਿ ਝੂਠ ਬੋਲਦਿਆਂ ਤੂੰ ਕਦੇ ਭੀ ਖੁਦਾ ਨੂੰ ਆਪਣੇ ਕੋਲ ਵੇਖਿਆ ਹੈ?ਜਿਸ ਦਿਨ ਖੁਦਾ ਦੀ ਦਰਗਾਹ ਵਿਚ ਜਾਏਂਗਾ,ਉਥੇ ਜਾਕੇ ਇਨ੍ਹਾਂ ਕੰਮਾਂ ਦਾ ਕੀ ਜਵਾਬ ਦੇਵੇਂਗਾ ? ਇਸ ਗੱਲ ਨੂੰ ਕਦੇ ਆਪਣੇ ਮਨ ਵਿਚ ਵਿਚਾਰਿਆ ਹੈ ?

ਵਾਹਿਗੁਰੂ ਜੀ ਕੀ ਫ਼ਤਿਹ

(ਹਿਕਾਇਤ ਹਫਤਮ-ਸਤਵੀਂ ਕਹਾਣੀ)

ਖੁਦਾਵੰਦ ਬਖ਼ਸ਼ਿੰਦਹ ਏ ਬੇਸ਼ੁਮਾਰ ॥

ਕਿ ਜ਼ਾਹਿਰ ਜ਼ਹੂਰ ਅਸਤ ਸਾਹਿਬ ਦਿਯਾਰ ॥ ੧ ॥

ਖੁਦਾਵੰਦ=ਪ੍ਰਮਾਤਮਾ। ਬਖ਼ਸ਼ਿੰਦਹ=ਬਖਸ਼ਸ਼ ਕਰਨ ਵਾਲਾ। ਬੇਸ਼ੁਮਾਰ=ਅਨਗਿਣਤ। ਕਿ-ਜੋ। ਜ਼ਾਹਿਰ=ਪ੍ਰਗਟ। ਜ਼ਹੂਰ=ਪ੍ਰਕਾਸ਼ ਰੂਪ। ਅਸਤ=ਹੈ। ਦਿਯਾਰ=ਦੇਸ।

ਵਾਹਿਗੁਰੂ ਬੇਅੰਤ (ਪਦਾਰਥਾਂ) ਦੇ ਬਖਸ਼ਸ਼ ਕਰਨ ਵਾਲਾ ਹੈ। ਜੋ ਪ੍ਰਗਟ ਹੈ, ਪ੍ਰਕਾਸ਼ ਰੂਪ ਹੈ ਅਤੇ ਦੇਸ ਦਾ ਮਾਲਕ ਹੈ ॥ ੧ ॥

ਤਬੀਅਤ ਬਹਾਲ ਅਸਤ ਹੁਸਨਲ ਜਮਾਲ ॥

ਚਿ ਹੁਸਨਲ ਜਮਾਲੋ ਫ਼ਜ਼ੀਲਤ ਕਮਾਲ ॥ ੨ ॥

ਤਬੀਅਤ=ਚਿਤ, ਹਾਲਾਤ। ਬਹਾਲ=ਟਿਕਾਨੇ ਉਤੇ। ਹੁਸਨਲ-ਸਰੂਪ। ਜਮਾਲ=ਬਹੁਤ ਸੁੰਦਰ। ਚਿ-ਕੈਸਾ। ਫਜ਼ੀਲਤ=ਅਕਲ, ਬੁਧੀ। ਕਮਾਲ-ਬੇਹਦ ਸੰਪੂਰਨ।

ਚਿਤ ਬ੍ਰਿਤੀ ਟਿਕਾਨੇ ਉਤੇ, ਸੁੰਦਰ ਸਰੂਪ ਦਾ ਜਲਵਾ ਰੌਸ਼ਨ ਹੈ। ਜੈਸਾ ਮਹਾਨ ਸੁੰਦਰ ਸਰੂਪ ਹੈ (ਉਸੇ ਤਰ੍ਹਾਂ ਦੀ ਹੀ) ਬੁਧੀ ਪ੍ਰਬੀਨ ਹੈ ॥ ੨ ॥

ਕਿ ਅਸਫ਼ੰਦ ਯਾਰ ਅਜ਼ ਜਹਾਂ ਰਖ਼ਤ ਬੁਰਦ ॥

ਨਸਬ ਨਾਮਹ ਏ ਖ਼ੁਦ ਬ ਬਹਮਨ ਸਪੁਰਦ ॥੩॥

ਕਿ-ਜਦੋਂ। ਅਸਫ਼ੰਦ ਯਾਰ=[ਇਕ ਪਹਾੜੀ ਰਾਜੇ ਦਾ ਨਾਮ ਹੈ)। ਅਜ਼-ਤੋਂ। ਜਹਾਂ=ਜਹਾਨ। ਰਖ਼ਤ-ਸਾਜ ਸਾਮਾਨ। ਬੁਰਦ=ਲੈ ਗਿਆ। ਨਸਬ ਨਾਮਹ=ਰਾਜ ਗੱਦੀ। ਖ਼ੁਦ=ਆਪ। ਬਹਮਨ=(ਨਾਮ ਹੈ)। ਸਪੁਰਦ=ਸੌਂਪਨਾ।

ਜਦੋਂ ਅਸਫੰਦ ਯਾਰ ਜਹਾਨ ਤੋਂ ਸਾਜੋ-ਸਮਾਨ ਲੈ ਗਿਆ (ਭਾਵ ਮਰ ਗਿਆ) ਅਤੇ 'ਰਾਜ ਗੱਦੀ' (ਆਪਣੇ ਪੁਤਰ) 'ਬਹਮਨ' ਲਈ ਸੌਂਪ ਗਿਆ ॥ ੩ ॥

ਅਜ਼ਾਂ ਦੁਖਤਰੇ ਹਮਚੁ ਪਰ ਹੁਮਾਇ ॥

ਕਿ ਹੁਸਨਲ ਜਮਾਲਸਤ ਦੌਲਤ ਫ਼ਜ਼ਾਇ ॥ ੪ ॥

ਅਜ਼ਾਂ-ਉਸ ਦੀ। ਦੁਖਤਰੇ-ਲੜਕੀ। ਹਮਚੁ-ਵਾਂਗੂ। ਪਰ-ਖੰਭ। ਹੁਮਾਇ-(ਅਨਲ ਪੰਛੀ ਦਾ ਨਾਮ ਹੈ)। ਜਮਾਲਸਤ-(ਜਮਾਲ+ਅਸਤ)ਮਹਾਨ ਸੁੰਦ੍ਰ-ਰੂਪ ਹੈ। ਫਜ਼ਾਇ-ਵਡੇ ਭਾਗਾਂ।

ਉਸ ਦੀ ਇਕ ਲੜਕੀ, ਹਮਾਉਂ ਪੰਛੀ ਦੇ ਖੰਭ ਵਰਗੀ (ਮਰਾਤਬਾ ਦੇਣ ਵਾਲੀ) ਬੜੇ ਹੀ

ਸੁੰਦਰ ਸਰੂਪ ਵਾਲੀ ਤੇ ਵਡੇ ਉਤਮ ਭਾਗਾਂ ਦੀ ਦੌਲਤ ਵਾਲੀ ਸੀ ॥ ੪ ॥

ਚੁ ਬਹਮਨ ਸ਼ੁਦੋ ਜ਼ੀਂ ਜਹਾਂ ਬੁਰਦ ਰਖ਼ਤ ॥

ਬ ਦੁਖਤਰ ਸਪੁਰਦੰਦ ਆਂ ਤਾਜ ਤਖ਼ਤ ॥ ੫ ॥

ਚੁ–ਜਦੋਂ । ਬਹਮਨ–(ਨਾਮ ਹੈ) । ਸ਼ੁਦੋ–ਚਲਾ ਗਿਆ । ਜ਼ੀਂ–ਇਸ । ਜਹਾਂ–ਜਹਾਨ । ਬੁਰਦ ਰਖਤ–ਸਾਜ ਸਮਾਨ । ਦੁਖਤਰ–ਲੜਕੀ । ਸਪੁਰਦੰਦ–ਦੇ ਦਿਤਾ । ਤਾਜ ਤਖਤ–ਰਾਜ ਗੱਦੀ ।

ਜ਼ਦੋਂ 'ਬਹਮਨ' ਭੀ ਇਸ ਜਹਾਨ ਤੋਂ ਸਾਜ-ਸਮਾਨ ਲੈ ਕੇ ਚਲਾ ਗਿਆ (ਭਾਵ ਮਰ ਗਿਆ)। (ਤਦ ਵਜ਼ੀਰਾਂ ਨੇ) ਉਹ ਤਾਜ ਤੇ ਤਖਤ ਉਸ ਲੜਕੀ ਨੂੰ ਸੌਂਪ ਦਿਤਾ ॥ ੫ ॥

ਨਸ਼ਸਤੰਦ ਬਰ ਤਖਤ ਰੂਮੀ ਹੁਮ ਇ ॥

ਕਿ ਬੁਸਤਾਂ ਬਹਾਰ ਅਸਤ ਸੂਰਤ ਫ਼ਿਜ਼ਾਇ ॥ ੬ ॥

ਨਸ਼ਸਤੰਦ–ਬੈਠੀ । ਬਰ–ਉਤੇ । ਤਖ਼ਤ–ਰਾਜ ਗੱਦੀ । ਰੂਮੀ–ਰੂਮ ਦੀ । ਹੁਮਾਇ–ਹੁਮਾਂ ਪੰਛੀ ਵਰਗੀ । ਬੁਸਤਾਂ–(ਬੁਸਤਾਨ) ।ਬਹਾਰ–ਬਸੰਤ ਰੁਤ । ਸੂਰਤ–ਸਰੂਪ । ਫਿਜ਼ਾਇ–ਵਧੌਣ ਵਾਲੀ।

ਜੋ ਹਮਾਉ ਪੰਛੀ ਵਰਗੀ ਸੁੰਦਰੀ ਰੂਮ ਦੀ ਰਾਜ ਗੱਦੀ ਉਤੇ ਬੈਠੀ(ਉਹ ਮਾਨੋਂ) ਬਸੰਤ ਰੁਤ ਦੀ ਫੁਲਵਾੜੀ ਦੇ ਰੂਪ ਨੂੰ ਵਧਾਉਣ ਵਾਲੀ ਹੈ ॥ ੬ ॥

ਚੁ ਬਿਗੁਜ਼ਸਤ ਬਰ ਵੈ ਜ਼ ਦਹ ਸਾਲ ਚਾਰ ॥

ਕਿ ਪੈਦਾ ਸ਼ੁਦਹ ਸਬਜ਼ਹ ਏ ਨੌ ਬਹਾਰ ॥ ੭ ॥

ਚੁ–ਜਦ । ਬਿਗੁਜ਼ਸ਼ਤ–ਬੀਤੇ । ਬਰ–ਉਪਰ । ਵੈ–ਉਸ ਨੂੰ । ਦਹ–ਦਸ । ਪੈਦਾ ਸ਼ੁਦਹ– ਉਗ ਪਈ । ਸਬਜ਼ਹ–ਹਰਿਆਵਲ ।

ਜਦ ਉਸ ਦੇ ਉਪਰ ਦਸ-ਚਾਰ (ਚੌਦਾਂ)ਵਰ੍ਹੇ ਗੁਜ਼ਰ ਗਏ (ਅਰਥਾਤ ਜਦ ਉਹ ਚੌਦਾਂ ਵਰ੍ਹਿਆਂ ਦੀ ਹੋ ਗਈ । ਤਦ ਉਸ ਦੇ ਸਰੀਰ ਵਿਚ) ਨਵੀਂ ਰੁਤ ਦੀ ਹਰਿਆਉਲ ਪੈਦਾ ਹੋ ਗਈ (ਅਰਥਾਤ ਫਿਰ ਉਸ ਦੇ ਸਰੀਰ ਵਿਚ ਜੁਆਨੀ ਦੇ ਆਸਾਰ ਨਜ਼ਰ ਆਉਣ ਲਗ ਪਏ)॥ ੭ ॥

ਬਹਾਰੇ ਜਵਾਨੀ ਬਨੌਬਤ ਰਸੀਦ ॥

ਚੁ ਬੁਸਤਾਂ ਗੁਲੇ ਸੁਰਖ ਬੇਰੂੰ ਕਸ਼ੀਦ ॥ ੮ ॥

ਬਹਾਰੇ ਜਵਾਨੀ–ਜੁਆਨੀ ਦੀ ਬਹਾਰ । ਬ, ਨੌਬਤ–ਹਾਲਤ । ਰਸੀਦ–ਪੁਜ ਗਈ । ਬਸਤਾਂ– ਬਗੀਚੀ । ਗੁਲੇ ਸੁਰਖ਼–ਗੁਲਾਬ ਦਾ ਫੁਲ । ਬੇਰੂੰ–ਬਾਹਰ । ਕਸ਼ੀਦ–ਨਿਕਲਦਾ ਹੈ ।

ਜਦ ਜੁਆਨੀ ਦਾ ਹੁਲਾਰਾ ਦੇਣ ਵਾਲੀ ਅਵਸਥਾ ਪਹੁਚ ਗਈ । (ਤਦ ਉਸ ਦੀ ਸੁੰਦਰਤਾ ਇਉਂ ਹੋ ਗਈ, ਜਿਵੇਂ ਬਸੰਤ ਰੁਤ ਵਿਚ) ਬਗੀਚੀ ਅੰਦਰ ਗੁਲਾਬ ਦਾ ਫੁਲ ਖਿੜ ਕੇ ਬਾਹਰ ਨੂੰ ਨਿਕਲਦਾ ਹੈ ॥ ੮ ॥

ਬਹੁਸਨ ਆਮਦ ਸ਼ ਤੂਤੀਏ ਨੌ ਬਹਾਰ ॥

ਚੁ ਮਾਹਿ ਕਿ ਬਰ ਖੁਦ ਕੁਨਦ ਨੌ ਬਹਾਰ ॥ ੯ ॥

ਬਹੁਸਨ–ਸੁੰਦਰਤਾ ਵਿਚ । ਆਮਦ–ਆਈ ਸ਼–ਉਸ । ਤੂਤੀਏ–ਤੋਤੀ । ਨੌ ਬਹਾਰ–ਨਵਾਂਜੋਬਨ। [੨] ਬਸੰਤ ਰੁਤ । ਚੁ–ਜਿਵੇਂ । ਮਾਹਿ–ਚੰਦ੍ਰਮਾ । ਬਰ ਖੁਦ–ਆਪਣੇ ਉਤੇ । ਕਨਦ–ਕਰਦਾ

ਹੈ। ਨੌ ਬਹਾਰ—ਨਵੀਂ ਰੁਤ।

ਉਸ ਦੇ ਹੁਸਨ (ਸੁੰਦਰਤਾ) ਰੂਪ ਤੋਤੀ ਲਈ(ਜੁਆਨੀ ਰੂਪ) ਬਸੰਤ ਰੁਤ ਆ ਗਈ। (ਉਸ ਵੇਲੇ ਉਸਦਾ ਸਰੂਪ ਇਉਂ ਹੋ ਗਿਆ)ਜਿਵੇਂ ਕਿ ਚੰਦ੍ਰਮਾ ਆਪਣੇ ਉਤੇ ਨਵੀਂ ਬਹਾਰ ਕਰਦਾ ਹੋਏ।

ਭਾਵ—ਜਿਵੇਂ ਬਸੰਤ ਰੁਤ ਵਿਚ ਤੋਤੇ-ਤੋਤੀਆਂ ਆਪਣੇ ਆਪ ਹੀ ਆਪੇ ਤੋਂ ਬਾਹਰ ਹੋ ਹੋ ਕੇ ਮੌਸਮ ਦੇ ਦ੍ਰਿਸ਼ਯ ਨੂੰ ਸੁਹਾਵਣਾ ਕਰ ਦੇਂਦੇ ਹਨ, ਇਸੇ ਤਰ੍ਹਾਂ ਉਸ ਦੀ ਜੋਬਨ ਅਵਸਥਾ ਨੇ ਉਸਦੀ ਸੁੰਦਰਤਾ ਨੂੰ ਇਕ ਅਲੋਕਿਕ ਤੇ ਅਸਚਰਜ ਹੀ ਬਣਾ ਦਿਤਾ।ਦੂਜਾ ਜਿਵੇਂ ਚੰਦ੍ਰਮਾ ਏਕਮ ਤੋਂਵਧਦਾ ਵਧਦਾ ਅੰਤ ਪੁੰਨਿਆਂਨੂੰਆਪਣੇ ਭਰ ਜੋਬਨ ਵਿਚ ਹੋ ਕੇ ਦਰਸ਼ਕਾਂ ਦੇ ਮਨ ਨੂੰ ਮੋਹਨ ਵਾਲਾ ਹੋਜਾਂਦਾ ਹੈ, ਠੀਕ ਇਸੇ ਤਰ੍ਹਾਂ ਹੀ ਉਸ ਦੀ ਸੁੰਦਰਤਾ ਵਧਦੀ ਵਧਦੀ ਉਸ ਜੋਬਨ ਅਵਸਥਾ ਵਿਚ ਪੁਜ ਕੇ ਅਕੈਹ ਅਵਸਥਾ ਤੇ ਪੁਜ ਗਈ।

ਮਿਜ਼ਾਜਸ਼ ਜ਼ ਤਿਫ਼ਲੀ ਬਿਰੂੰ ਦਰ ਰਸ਼ੀਦ॥
ਜਵਾਨੀ ਜ਼ਿ ਆਗਾਜ਼ ਬਰ ਵੈ ਕਸ਼ੀਦ॥੧੦॥

ਮਿਜ਼ਾਜ—ਸੁਭਾਉ। ਸ਼—ਉਸ। ਜ਼—ਤੋਂ। ਤਿਫ਼ਲੀ—ਇਵਾਣਪਣ। ਬਿਰੂੰ—ਬਾਹਰ। ਦਰ—ਵਿਚ ਰਸ਼ੀਦ—ਪੁਜ ਗਿਆ। ਆਗਾਜ਼—ਮੁਢ, ਅਰੰਭ। ਬਰ ਵੈ—ਉਸ ਉਤੇ। ਕਸ਼ੀਦ—ਖਿਚਿਆ।

ਉਸ ਦੇ ਸੁਭਾਵ ਵਿਚੋਂ ਅੰਵਾਣ ਪੁਣਾ ਬਾਹਰ ਪੁਜ ਗਿਆ। ਉਸ ਉਤੇ ਜੁਆਨੀ ਦੇ ਆਗਾਜ਼ (ਆਰੰਭ) ਦਾ ਖਾਕਾ (ਨਿਸ਼ਨ) ਖਿਚਿਆ ਗਿਆ ਹੈ॥੧੦॥

ਭਾਵ—ਅੰਞਾਣਪੁਣੇ ਦੇ ਗੁਣਾਂ ਤੇ ਕਰਮਾਂ ਵਾਲਾ ਸੁਭਾਵ ਜੁਆਨੀ ਦੇ ਆਉਂਦਿਆਂ ਹੀ ਆਪਣੇ ਆਪ ਬਦਲ ਜਾਂਦਾ ਹੈ ਅਤੇ ਜੁਆਨੀ ਦੇ ਚਿੰਨ੍ਹ ਆਪਣੇ ਆਪ ਹੀ ਚੇਹਰੇ ਤੋਂ ਪ੍ਰਗਟ ਹੋ ਜਾਂਦੇ ਹਨ।

ਬਿਦਾ ਸ਼ੁਦ ਅਜ਼ੋ ਹਾਲਿ ਤਿਫ਼ਲੀ ਮਿਜ਼ਾਜ਼॥
ਬਹਾਰੇ ਜਵਾਨੀ ਦਰਾਮਦ ਬਬਾਜ਼॥੧੧॥

ਬਿਦਾ ਸ਼ੁਦ—ਚਲਾ ਗਿਆ। ਅਜ਼ੋ—ਉਸ ਤੋਂ। ਹਾਲਿ—ਢੰਗ, ਤ੍ਰੀਕਾ। ਤਿਫ਼ਲੀ—ਬਾਲਪਨੇ। ਮਿਜ਼ਾਜ਼—ਸੁਭਾਉ। ਬਹਾਰੇ—ਮੌਸਮ। ਬਾਜ਼—ਫੇਰ।

ਉਸ ਪਾਸੋਂ ਬਾਲਕਪਨੇ ਦਾ ਢੰਗ ਤੇ ਸੁਭਾਵ ਵਿਦਾ ਹੋ ਗਿਆ (ਅਰਥਾਤ ਬਾਲਪਣਾ ਦੂਰ ਚਲਾ ਗਿਆ)। (ਅਤੇ) ਫਿਰ ਜੁਆਨੀ ਦਾ ਮੌਸਮ ਆ ਗਿਆ॥੧੧॥

ਕਿ ਬਿਨਸ਼ਸਤ ਬਰ ਤਖ਼ਤਿ ਸ਼ਾਹਨਸ਼ਹੀ॥
ਬ ਕਲਮ ਅੰਦਰ ਆਵੇਖ਼ਤ ਕਾਗਜ਼ ਮਹੀ॥੧੨॥

ਕਿ—ਜਦੋਂ। ਬਿਨਸ਼ਸਤ—ਬੈਠੀ। ਬਰ ਤਖ਼ਤਿ—ਰਾਜ ਸਿੰਘਾਸਨ ਦੇ ਉਤੇ। ਸ਼ਾਹਨਸ਼ਹੀ—ਸ਼ੈਹਨਸ਼ਾਹੀ, ਚਕ੍ਰਵਰਤੀ। ਆਵੇਖ਼ਤ—ਲਟਕਾਇਆ। ਮਹੀ—ਜਥੇਦਾਰੀ ਦਾ।

ਜਦੋਂ ਸ਼ੈਹਨਸ਼ਾਹੀ ਤਖਤ ਉਤੇ ਬੈਠੀ ਅਤੇ ਕਲਮ ਨਾਲ ਕਾਗਤ ਲਿਖਣ ਲਗੀ, ਜੋ ਕਾਗਤ ਦਰਬਾਰ ਅੰਦਰ ਜਥੇਦਾਰੀ ਦਾ ਲਟਕਾਇਆ ਹੋਇਆ ਸੀ॥੧੨॥

ਨਜ਼ਰ ਕਰਦ ਬਰ ਬਚਹ ਗੌਹਰ ਨਿਗਾਰ॥
ਕਿ ਬੁਰਦ ਅੰਦਰੂੰਨਸ਼ ਵਕਤਿ ਗੁਬਾਰ॥੧੩॥

ਨਜ਼ਰ ਕਰਦ—ਨਿਗ੍ਹਾ ਕੀਤੀ, ਵੇਖਿਆ। ਗੌਹਰ ਨਿਖਾਰ—ਮੋਤੀਆਂ ਦਾ ਪਾਰਖੂ (ਜੌਹਰੀ)।

ਬੁਰਦ—ਲੈ ਗਈ। ਗੁਬਾਰ—ਹਨੇਰਾ। ਬਚਹ-ਪੁਤਰ। ਸ਼—ਉਸ ਨੂੰ।

(ਉਸ ਵੇਲੇ ਉਸ ਨੇ ਇਕ) ਜੌਹਰੀ ਦੇ ਪੁਤਰ ਉਤੇ ਨਿਗਾਹ ਕੀਤੀ (ਅਤੇ ਉਸ ਉਤੇ ਮੋਹਤ ਹੋ ਗਈ, ਫਿਰ) ਉਸ ਨੂੰ ਹਨਰੇ ਸਮੇਂ ਵਿਚ (ਆਪਣੇ ਮਹੱਲ ਦੇ) ਅੰਦਰ ਲੈ ਗਈ ॥ ੧੩ ॥

ਬਿਆਵੇਖ਼ਤ ਬਾ ਓ ਦੋ ਸਿਹ ਚਾਰ ਮਾਹ ॥
ਕਿ ਸ਼ਿਕਮਸ਼ ਫਿਰੋਮਾਂਦ ਅਜ਼ ਤੁਖ਼ਮਿ ਸ਼ਾਹ ॥ ੧੪ ॥

ਬਿਆਵੇਖ਼ਤ—ਫਸੀ ਰਹੀ,ਪਿਆਰ ਵਿਚ ਰਚੀ ਮਿਚੀ ਰਹੀ। ਬਾ ਓ—ਉਸ ਨਾਲ। ਦੋ ਸਿਹ—ਦੋ ਤਿੰਨ। ਮਾਹ—ਮਹੀਨੇ। ਸਿਕਮ-ਢਿਡ,ਗਰਭ,ਹਮਲ। ਸ਼—ਉਸ ਨੂੰ। ਫਿਰੋਮਾਂਦ—ਹੋ ਗਿਆ ਠਹਿਰ ਗਿਆ। ਅਜ਼—ਤੋਂ। ਤੁਖ਼ਮਿ—ਬੀਜ, ਬੀਰਜ। ਸ਼ਾਹ—ਸ਼ਾਹੂਕਾਰ।

ਦੋ, ਤਿੰਨ, ਚਾਰ ਮਹੀਨੇ ਉਸ ਨਾਲ ਪਿਆਰ ਵਿਚ ਰਚੀ ਮਿਚੀ ਰਹੀ। ਅਤੇ ਉਸ ਨੂੰ ਸ਼ਾਹੂਕਾਰ ਦੇ ਬੀਰਜ ਤੋਂ ਹਮਲ ਠਹਿਰ ਗਿਆ ॥ ੧੪ ॥

ਚੋ ਨਹਿ ਮਾਹ ਗਸ਼ਤਹ ਬ ਆਬਿਸਤਾਨੀ ॥
ਬਿ ਕੋਸ਼ਿਸ਼ ਦਰਾਮਦ ਰਗੇ ਖੁਸ਼ਤਨੀ ॥ ੧੫ ॥

ਚੋ—ਜਦੋਂ। ਨਹਿ ਮਾਹ—ਨੌਂ ਮਹੀਨੇ। ਗਸ਼ਤਹ—ਲੰਘ ਗਏ। ਆਬਿਸਤਨੀ—ਹਮਲ ਠਹਿਰਿਆ ਬਿ—ਵਿਚ। ਕੋਸ਼ਿਸ਼—ਫੜਕਨਾ, ਹਿਲਨਾ। ਰਗੇ—ਨਾੜੀ, ਪ੍ਰਸੂਤਾ ਨਾੜੀ। ਖਸ਼ਤਨੀ—ਸੁੰਦਰ ਸਰੀਰ ਵਾਲੀ। ਦਰਾਮਦ—ਆਈ।

ਜਦੋਂ ਗਰਭ ਠਹਿਰਿਆਂ ਨੂੰ ਨੌਂ ਮਹੀਨੇ ਗੁਜ਼ਰ ਗਏ। ਤਦ (ਉਸ) ਸੁੰਦਰ ਸਰੀਰ ਵਾਲੀ ਦੀ ਪ੍ਰਸੂਤਾ ਨਾੜੀ ਫੜਕਣ ਲਗ ਪਈ ॥ ੧੫ ॥

ਤਵੱਲੁਦ ਸ਼ੁਦਹ ਕੋਦਕੇ ਸ਼ੀਰ ਖ਼ਾਰ ॥
ਕਿ ਖ਼ੁਦ ਸ਼ਾਹੇ ਸ਼ਾਹ ਅਫਗਨੇ ਨਾਮਦਾਰ ॥ ੧੬ ॥

ਤਵੱਲੁਦ ਸ਼ੁਦਹ—ਪੈਦਾ ਹੋਇਆ। ਕੋਦਕੇ—ਲੜਕਾ, ਪੁਤ੍ਰ। ਸ਼ੀਰ ਖਾਰ—ਦੁਧ ਪੀਣ ਵਾਲਾ। ਕਿ—ਜੋ। ਖ਼ੁਦ—ਆਪ। ਸ਼ਾਹੇ—ਰਾਜਾ ਅਤੇ। ਸ਼ਾਹ ਅਫਗਨ—ਰਾਜਿਆਂ ਨੂੰ ਢਾਹੁਣ ਵਾਲਾ। ਨਾਮਦਾਰ—ਪ੍ਰਗਟ, ਮਸ਼ਹੂਰ। (੨) ਨੇਕ ਨਾਮ।

ਦੁਧ ਪੀਣ ਵਾਲਾ ਇਕ ਲੜਕਾ ਪੈਦਾ ਹੋ ਗਿਆ। ਜੋ ਆਪ ਰਾਜਿਆਂ ਤੇ ਰਾਜੇ ਨੂੰ ਢਾਹੁਣ ਵਾਲਿਆਂ (ਭਾਵ ਦੁਸ਼ਮਨਾਂ) ਵਿਚ ਹੋ ਗਿਆ ॥ ੧੬ ॥

ਕਿ ਜ਼ਾਹਿਰ ਨ ਕਰਦੰਦ ਸਿਰਰੇ ਜਹਾਂ ॥
ਬ ਸੰਦੂਕ ਓ ਰਾ ਨਿਗਾਹ ਦਾਸ਼ਤ ਆਂ ॥ ੧੭ ॥

ਕਿ—ਅਤੇ। ਜ਼ਾਹਿਰ—ਪ੍ਰਗਟ। ਨ ਕਰਦੰਦ—ਨਾ ਕੀਤਾ। ਸਿਰਰੇ—ਉਹਦੇ ਭੇਦ। ਜਹਾਂ—ਜਹਾਨ, ਜਗਤ। ਬ—ਵਿਚ। ਓ ਰਾ—ਉਸ ਨੂੰ। ਨਿਗਾਹ—ਨਜ਼ਰ। ਦਾਸਤ—ਰਖਿਆ।

ਪਰ ਸੰਸਾਰ ਵਿਚ ਉਹ ਭੇਦ ਪ੍ਰਗਟ ਨਾ ਕੀਤਾ। ਉਸ (ਲੜਕੇ) ਨੂੰ ਇਕ ਸੰਦੂਕ ਵਿਚ ਪਾਕੇ ਨਜਰ ਵਿਚ ਰਖਿਆ (ਭਾਵ ਲੜਕੇ ਨੂੰ ਸੰਦੂਕ ਵਿਚ ਸੰਭਾਲ ਕੇ ਰਖਿਆ) ॥ ੧੭ ॥

ਜ਼ ਮੁਸ਼ਕੋ ਇਤਰ ਅੰਬਰ ਆਵੇਖ਼ਤੰਦ ॥
ਬਦੋ ਊਦ ਅਜ਼ ਜ਼ਅਫਰਾਂ ਰੇਖ਼ਤੰਦ ॥ ੧੮ ॥

ਮੁਸ਼ਤੋ–ਕਸਤੂਰੀ ਔਰ। ਇਤਰ=ਅਤਰ। ਅੰਬਰ–ਮਸ਼ਕੰਬਰ। ਊਦ–ਇਕ ਤਰ੍ਹਾਂ ਦੀ ਸੁਗੰਧੀ ਵਾਲੀ ਲਕੜੀ। ਜ਼ਅਫਰਾਂ–ਕੇਸਰ। ਆਵੇਖ਼ਤੰਦ–ਲਪੇਟਿਆ। ਰੇਖ਼ਤੰਦ–ਛਿੜਕਿਆ।

ਕਸਤੂਰੀ, ਅੰਬਰ ਤੇ ਅਤਰ ਆਦਿਕਾਂ ਦਾ ਉਸ ਦੇ ਉਤੇ ਲੇਪ ਕੀਤਾ। ਕੇਸਰ ਤੇ ਊਦ (ਨੂੰ ਪਾਣੀ ਵਿਚ ਰਗੜ-ਘੋਟ ਕੇ ਉਸ ਦੇ ਉਤੇ ਇਨ੍ਹਾਂ ਨੂੰ) ਛਿੜਕ ਦਿਤਾ ॥ ੧੮ ॥

ਬ ਦਸਤ ਅੰਦਰੂੰ ਦਾਸ਼ਤ ਓ ਰਾ ਅਕੀਕ ॥

ਰਵਾਂ ਕਰਦ ਸੰਦੂਕ ਦਰੀਆ ਅਮੀਕ ॥ ੧੯ ॥

ਦਸਤ–ਹਥ। ਦਾਸ਼ਤ–ਰਖ ਦਿਤਾ। ਓ ਰਾ–ਉਸ ਦੇ। ਅਕੀਕ=ਲਾਲ। (੨) ਇਕ ਤਰ੍ਹਾਂ ਦੇ ਕੀਮਤੀ ਪਥਰ ਦਾ ਨਾਮ। ਰਵਾਂ ਕਰਦ–ਤੋਰ ਦਿਤਾ। ਦਰੀਆ=ਨਦੀ। ਅਮੀਕ–ਡੂੰਘੀ।

ਉਸ ਦੇ ਹਥ ਉਤੇ ਇਕ ਲਾਲ ਰਖ ਦਿਤਾ। (ਫਿਰ) ਸੰਦੂਕ ਨੂੰ ਨਦੀ ਦੇ ਡੂੰਘੇ ਪਾਣੀ ਵਿਚ ਰੜ੍ਹ ਦਿਤਾ ॥ ੧੯ ॥

ਰਵਾਂ ਕਰਦ ਓ ਰਾ ਕੁਨਦ ਜਾਮਹ ਚਾਕ ॥

ਨਜ਼ਰ ਦਾਸ਼ਤ ਬਰ ਸ਼ੁਕਰਿ ਯਜ਼ਦਾਨਿ ਪਾਕ ॥ ੨੦ ॥

ਰਵਾਂ ਕਰਦ–ਰੋੜ ਦਿਤਾ। ਓ ਰਾ–ਉਸ ਨੂੰ। ਜਾਮਹ–ਕਪੜੇ। ਚਾਕ–ਪਾੜ ਲਏ। ਨਜ਼ਰ ਦਾਸ਼ਤ–ਧਿਆਨ ਧਰਿਆ। ਸ਼ੁਕਰਿ–ਸਿਮ੍ਰਨ ਕੀਤਾ। ਯਜ਼ਦਾਨਿ ਪਾਕ=ਪਵਿਤ੍ਰ ਪ੍ਰਮਾਤਮਾ ਦਾ

ਉਸ ਨੂੰ (ਨਦੀ ਵਿਚ) ਰੋੜ੍ਹ ਦਿਤਾ, (ਅਤੇ ਦਿਲ ਦੇ ਦੁਖ ਨਾਲ) ਕਪੜੇ ਪਾੜ ਸੁਟੇ। (ਪਰ ਫਿਰ) ਪਵਿਤ੍ਰ ਪ੍ਰਮਾਤਮਾ ਦਾ ਧਿਆਨ ਧਰਿਆ ਤੇ ਸਿਮਰਨ ਕਰਨ ਲਗ ਕਈ ॥ ੨੦ ॥

ਨਸ਼ਸਤੰਦ ਬਰ ਰੋਦ ਲਬ ਗਾਜ਼ਰਾਂ ॥

ਨਜ਼ਰ ਕਰਦ ਸੰਦੂਕ ਦਰਿਆ ਰਵਾਂ ॥ ੨੧ ॥

ਨਸ਼ਸਤੰਦ=ਬੈਠੇ ਸਨ। ਬਰ–ਉਪਰ। ਰੋਦ–ਨਦੀ। ਲਬ–ਕੰਢੇ। ਗਾਜ਼ਰਾਂ–ਧੋਬੀ। ਨਜ਼ਰ ਕਰਦ–ਵੇਖਿਆ। ਰਵਾਂ=ਰੁੜ੍ਹਿਆ ਆਉਂਦਾ। ਨਦੀ ਦੇ ਕੰਢੇ ਉਤੇ ਧੋਬੀ ਬਠੇ ਸਨ। (ਉਹਨਾਂ ਨੇ) ਦਰਿਆ ਵਿਚ ਰੁੜ੍ਹੇ ਆਉਂਦੇ (ਉਸ ਸੰਦੂਕ) ਨੂੰ ਵੇਖਿਆ ॥ ੨੧ ॥

ਹਮੀਂ ਖਾਸਤ ਕਿ ਓ ਰਾ ਬਦਸਤ ਆਵਰੰਦ ॥

ਕਿ ਸੰਦੂਕ ਬਸਤਹ ਸ਼ਿਕਸਤ ਆਵਰੰਦ ॥ ੨੨ ॥

ਹਮੀਂ ਖ਼ਾਸਤ=ਚਾਹਿਆ। ਕਿ–ਜੋ। ਓ ਰਾ–ਉਸ ਨੂੰ। ਬਦਸਤ–ਹਥ ਵਿਚ। ਆਵਰੰਦ–ਲਿਆਈਏ। ਬਸਤਹ–ਬੰਦ ਕੀਤੇ। ਸ਼ਿਕਸਤ ਆਵਰੰਦ=ਤੋੜ ਸੁਟੀਏ।

ਉਹਨਾਂ ਨੇ ਚਾਹਿਆ ਜੋ ਉਸ ਨੂੰ ਹਥ ਵਿਚ ਲਿਆਈਏ। (ਜਦ ਫੜ ਲਿਆਏ, ਤਦ ਫਿਰ ਚਾਹਿਆ) ਜੋ ਬੰਦ ਕੀਤੇ ਹੋਏ ਸੰਦੂਕ (ਦੇ ਜੰਦਰੇ ਵਗੈਰਾ) ਤੋੜ ਦੇਈਏ ॥ ੨੨ ॥

ਚੋ ਬਾਜ਼ੂ ਬਿਕੋਸ਼ਸ਼ ਦਰਾਮਦ ਅਜ਼ਾਂ ॥

ਬਦਸਤ ਅੰਦਰ ਆਮਦ ਮਤਾਏ ਗਿਰਾਂ ॥ ੨੩ ॥

ਚੋ–ਜਦੋਂ। ਬਾਜ਼–ਬਾਹਾਂ। ਬਿ–ਨਾਲ। ਕੋਸ਼ਸ਼–ਯਤਨ। ਦਰਾਮਦ=ਆਏ। ਅਜ਼ਾਂ=ਉਸ ਵਿਚੋਂ। ਬਦਸਤ=ਹਥ ਵਿਚ। ਆਮਦ–ਆ ਗਿਆ। ਮਤਾਏ–ਪਦਾਰਥ। ਗਿਰਾਂ=ਬਹੁਤ।

ਜਦ ਉਨ੍ਹਾਂ ਨੇ ਬਾਹਾਂ ਨਾਲ ਕੋਸ਼ਸ਼ ਕੀਤੀ, ਤਦ) ਉਸ ਵਿਚੋਂ (ਉਨ੍ਹਾਂ) ਨੂੰ ਬਹੁਤ ਵਢੇ ਮੁਲ ਦਾ ਪਦਾਰਥ ਹਥ ਵਿਚ ਆਇਆ ॥ ੨੩ ॥

ਸ਼ਿਕਸਤੰਦ ਮੋਹਰਸ਼ ਬਰਾਏ ਮਤਾਇ ॥

ਪਦੀਦ ਆਮਦਹ ਜ਼ਾਂ ਚੋ ਰਖਸ਼ਿੰਦਹ ਮਾਹ ॥ ੨੪ ॥

ਸ਼ਿਕਸਤੰਦ—ਤੋੜ ਦਿਤੀ । ਮੋਹਰ—ਸੀਲ,ਮੋਹਰ । ਸ਼—ਉਸ ਦੀ। ਬਰਾਏ—ਵਾਸਤੇ । ਮਤਾਇ—ਧਨ, ਪਦਾਰਥ । ਪਦੀਦ ਆਮਦਹ—ਪ੍ਰਗਟ ਹੋ ਆਯਾ । ਜ਼ਾਂ—(ਅਜ਼ਾਂ) ਉਸ ਵਿਚੋਂ । ਚੋ—ਵਾਂਗੂ । ਰਖਸ਼ਿੰਦਹ—ਚਮਕੀਲਾ । ਮਾਹ—ਚੰਦ੍ਰਮਾ ।

(ਧੋਬੀਆਂ ਨੇ ਧਨ ਪਦਾਰਥ) ਵਾਸਤੇ ਉਸ ਦੀ ਸੀਲ-ਮੋਹਰ ਤੋੜ ਦਿਤੀ (ਤਦ) ਉਸ ਵਿਚੋਂ ਚਮਕਦੇ ਹੋਏ ਚੰਦ੍ਰਮਾ ਵਰਗਾ (ਬਾਲਕ) ਪ੍ਰਗਟ ਹੋ ਆਇਆ ॥ ੨੪ ॥

ਵ ਜ਼ਾਂ ਗਾਜ਼ਰਾਂ ਖ਼ਾਨਹ ਕੋਦਕ ਚੋ ਨੇਸਤ ॥

ਖੁਦਾ ਮਨ ਪਿਸਰ ਦਾਦ ਈਂ ਹਮਹ ਬਸ਼ੇਸਤ ॥ ੨੫ ॥

ਵ—ਅਤੇ । ਜ਼ਾਂ—(ਅਜ਼ਾਂ) ਉਨ੍ਹਾਂ । ਗਾਜ਼ਰਾਂ—ਧੋਬੀਆਂ । ਖ਼ਾਨਹ—ਘਰ । ਕੋਦਕ—ਲੜਕਾ । ਨੇਸਤ—ਨਹੀਂ ਹੈ । ਮਨ—ਮੈਨੂੰ । ਪਿਸਰ—ਪੁਤ੍ਰ । ਦਾਦ—ਦਿਤਾ ਹੈ । ਈਂ—ਇਹ । ਹਮ—ਸਾਨੂੰ। ਬਸ਼ੇਸਤ—(ਬਸੇ+ਅਸਤ) ਬਹੁਤ ਹੈ ।

ਅਤੇ ਉਨ੍ਹਾਂ ਧੋਬੀਆਂ ਦੇ ਘਰ ਵਿਚ (ਕੋਈ) ਪੁਤ੍ਰ ਨਹੀਂ ਸੀ । (ਲੜਕੇ ਨੂੰ ਵੇਖਦਿਆਂ ਹੀ ਧੋਬੀ ਨੇ ਕਿਹਾ) ਖੁਦਾ ਨੇ ਮੈਨੂੰ ਪੁਤ੍ਰ ਦਿਤਾ ਹੈ, (ਬਸ, ਹੁਣ) ਏਹੋ ਹੀ ਸਾਨੂੰ ਬਹੁਤ ਹੈ (ਭਾਵ ਸਾਨੂੰ ਏਹੀ ਪੁਤ੍ਰ ਕਾਫੀ ਹੈ, ਹੁਣ ਹੋਰ ਪੁਤ੍ਰ ਅਸੀਂ ਨਹੀਂ ਚਾਹੁੰਦੇ) ॥ ੨੫ ॥

ਬਿਆਵੁਰਦ ਓਰਾ ਗ੍ਰਿਫਤ ਆਂ ਅਮੀਕ ॥

ਸੁਕਰ ਕਰਦ ਯਜ਼ਦਾਨਿ ਆਜ਼ਮ ਅਕੀਕ ॥ ੨੬ ॥

ਬਿਆਵੁਰਦ—ਲਿਆਏ । ਓ ਰਾ—ਉਸ ਨੂੰ । ਗ੍ਰਿਫਤ—ਫੜ ਕੇ । ਆਂ—ਉਹ । ਅਮੀਕ—ਡੂੰਘਾ ਪਾਣੀ । ਸੁਕਰ ਕਰਦ—ਧੰਨਵਾਦ ਕੀਤਾ । ਆਜ਼ਮ—ਵਡਾ । ਅਕੀਕ—ਹੀਰਾ ਵ ਲਾਲ ।

ਉਸ ਨੂੰ ਉਹ ਡੂੰਘੇ ਪਾਣੀ ਵਿਚੋਂ ਫੜ ਕੇ ਲਿਆਏ ਸਨ । (ਇਸ ਲਈ ਅਤੇ ਉਸ ਵਿਚੋਂ) ਵਡਾ ਸਾਰਾ ਅਕੀਕ (ਲਾਲ ਜਾਂ ਹੀਰਾ) ਤੇ ਬੱਚਾ ਉਨ੍ਹਾਂ ਦੇ ਹਥ ਲਗਾ ਸੀ, (ਇਸ ਲਈ ਭੀ ਉਨ੍ਹਾਂ ਨੇ) ਪ੍ਰਮਾਤਮਾ ਦਾ ਧੰਨਵਾਦ ਕੀਤਾ ॥ ੨੬ ॥

ਕੁਨਦ ਪਰਵਰਸ਼ ਰਾ ਚੁ ਪਿਸਰਿ ਅਜ਼ੀਮ ॥

ਬ ਯਾਦੇ ਖੁਦਾਇ ਕਿਬਲਹ ਕਾਬਹ ਕਰੀਮ ॥ ੨੭ ॥

ਕੁਨਦ—ਕਰਦਾ ਹੈ । ਪਰਵਰਸ਼—ਪਾਲਨਾ । ਪਿਸਰਿ—ਪੁਤ੍ਰ ਦੇ । ਚੁ—ਵਾਂਗੂ । ਅਜ਼ੀਮ—ਵਡਾ ਬ ਯਾਦੇ—ਸਿਮਰਨ ਨਾਲ । ਕਿਬਲਹ—ਪੂਜਯ ਜਗ੍ਹਾ ।

(ਉਸ) ਦੀ ਪੁਤ੍ਰ ਵਾਂਗੂ ਬੜੇ (ਪਿਆਰ ਨਾਲ) ਪਾਲਣਾ ਕਰਨ ਲਗ ਪਿਆ । (ਅਤੇ ਨਾਲ ਹੀ) ਕਿਬਲਹ, ਮੱਕਾ ਤੇ ਕ੍ਰਿਪਾਲੂ ਖੁਦਾ ਦਾ ਭੀ ਸਿਮਰਨ ਕਰਦਾ ਰਿਹਾ ॥ ੨੭ ॥

ਚੁ ਬਿਗੁਜ਼ਸ਼ਤ ਦਰ ਵੇ ਦੋ ਸਿਹ ਸਾਲ ਮਾਹ ॥

ਕਜ਼ੋ ਦੁਖ਼ਤਰੇ ਖ਼ਾਨਹ ਆਵੁਰਦ ਸ਼ਾਹ ॥ ੨੮ ॥

ਚੁ–ਜਦੋਂ । ਬਿਗੁਜ਼ਸ਼ਤ–ਗੁਜ਼ਰ ਗਏ । ਦੋ ਸਿਹ–ਦੋ ਤਿੰਨ। ਸਾਲ–ਵਰੇ । ਮਾਹ–ਮਹੀਨੇ। ਕਜ਼ੋ–(ਕਿ–(ਵਾਧੂ ਹੈ)+ਅਜ਼ੋ) ਉਸ ਦੀ (ਭਾਵ ਧੋਬੀ ਦੀ) । ਆਰਵੁਦ–ਲਿਆਈ । ਸ਼ਾਹ–ਰਾਜਾ ।

ਜਦ ਉਸ ਗਲ ਨੂੰ ਦੋ ਤਿੰਨ ਵਰ੍ਹੇ-ਮਹੀਨੇ ਗੁਜ਼ਰ ਗਏ । (ਤਦ) ਉਸ ਧੋਬੀ ਦੀ ਲੜਕੀ ਇਕ ਦਿਨ ਲੜਕ ਨੂੰ) ਬਾਦਸ਼ਾਹ ਦੇ ਘਰ ਲੈ ਆਈ ॥ ੨੮ ॥

ਨਜ਼ਰ ਕਰਦ ਬਰ ਵੈ ਹੁਮਾਇ ਅਜ਼ੀਮ ॥
ਬਿਯਾਦ ਆਮਦਸ਼ ਪਿਸਰੇ ਗਾਜ਼ਰ ਕਰੀਮ ॥ ੨੯ ॥

ਨਜ਼ਰ ਕਰਦ–ਵੇਖਿਆ । ਬਰ ਵੈ–ਉਸ ਉਤੇ, (ਉਸ ਲੜਕੇ ਵਲ) । ਹਮਾਇ ਅਜੀਮ–(ਇਹ ਕੁਮਾਰੀ ਦਾ ਨਾਮ ਹੈ) । ਬਿਯਾਦ–ਯਾਦ ਵਿਚ । ਆਮਦ–ਆ ਗਿਆ । ਪਿਸਰੇ–ਪੁਤ੍ਰ । ਗਾਜ਼ਰ –ਧੋਬੀ । ਕਰੀ–ਧੋਬੀ ਦੇ ਲੜਕੇ ਦਾ ਨਾਮ ਹੈ,ਜੋ ਧੋਬੀ ਨੂੰ ਰੁੜੇ ਆਉਂਦੇ ਸੰਦੂਕ ਚੋਂ ਮਿਲਿਆ ।

'ਹੁਮਾਇ ਅਜ਼ੀਮ' (ਨਾਮ ਵਾਲੀ ਰਾਜ ਪੁਤਰੀ ਨੇ) ਉਸ ਵਲ ਵੇਖਿਆ । (ਜੋ) 'ਕਰੀਮ' (ਨਾਮ ਵਾਲਾ) ਧੋਬੀ ਦਾ ਪੁਤਰ ਸੀ ।(ਫਿਰ ਰਾਜ ਕੁਮਾਰੀ ਨੂੰ) ਉਸ(ਆਪਣੇ ਲੜਕੇ ਦੀ)ਯਾਦ ਆ ਗਈ, (ਜੋ ਉਸ ਨ ਸੰਦੂਕ ਵਿਚ ਪਾ ਕੇ ਦਰਿਆ ਵਿਚ ਰੋੜ੍ਹਿਆ ਸੀ) ॥ ੨੯ ॥

ਬਿ ਪੁਰਸੀਦ ਓ ਰਾ ਕਿ ਐ ਨੇਕ ਜ਼ਨ ॥
ਕੁਜਾ ਯਾਫ਼ਤੀ ਪਿਸਰ ਖੁਸ਼ ਖੋਇ ਤਨ ॥ ੩੦ ॥

ਬਿ–ਪਾਸੋਂ । ਪਰਸੀਦ–ਪੁਛਿਆ । ਓ ਰਾ–ਉਸ ਨੂੰ । ਐ–ਹੈ । ਨੇਕ ਜਨ–ਵਲੀ ਇਸਤ੍ਰੀ । ਕੁਜਾ–ਕਿਥੋਂ । ਯਾਫਤੀ–ਤੂੰ ਲਭਾ ਹੈ । ਪਿਸਰ–ਪੁਤ੍ਰ । ਖੁਸ਼ ਖੋਇ–ਚੰਗੇ ਸੁਭਾਵ । ਤਨ–ਸ਼ੀਰ ।

(ਫਿਰ) ਉਸ (ਧੋਬੀ) ਦੀ (ਲੜਕੀ) ਪਾਸੋਂ ਪੁਛਿਆ–ਹੇ ਭਲੀ ਇਸਤ੍ਰੀ ! ਜੋ (ਇਹ) ਸੁੰਦਰ ਸੁਭਾਵ ਤੇ ਸੋਹਣੇ ਸਰੀਰ ਵਾਲਾ ਪੁਤ੍ਰ ਕਿਥੋਂ ਲਿਆ ਹੈ ? ॥ ੩੦ ॥

ਬਿਦਾਨੇਮ ਖਾਨੇਮ ਸ਼ਨਾਸੇਮ ਮਨ ॥
ਯਕੇ ਮਨ ਸ਼ਨਾਸਮ ਨ ਦੀਗਰ ਸੁਖਨ ॥ ੩੧ ॥

ਦਾਨੇਮ–ਜਾਣਦੀ ਹਾਂ । ਖਾਨੇਮ–ਕਹਿੰਦੀ ਹਾਂ । ਸ਼ਨਾਸੇਮ–ਪਛਾਣਦੀ ਹਾਂ । ਮਨ–ਮੈਂ । ਯਕੇ ਮਨ–ਇਕੋ ਮੈਂ । ਸਨਾਸਮ–ਪਛਾਣਦੀ ਹਾਂ । ਨ–ਨਹੀਂ । ਦਿਗਰ–ਦੂਸਰਾ । ਸੁਖਨ–ਗਲ ।

(ਆਪਣੇ ਮਨ ਵਿਚ ਕਹਿਣ ਲਗੀ–ਇਸ ਲੜਕੇ ਨੂੰ) ਮੈਂ ਜਾਣਦੀ ਹਾਂ, ਕਹਿੰਦੀ ਹਾਂ ਅਤੇ ਪਛਾਣਦੀ ਹਾਂ, ਦੂਜਾ (ਹੋਰ ਕੋਈ ਇਸ) ਗੱਲ ਨੂੰ ਨਹੀਂ (ਜਾਣਦਾ) ॥ ੩੧ ॥

ਦਵੀਦੰਦ ਮਰਦੁਮ ਕਿ ਖ਼ਾਹੰਦ ਜ਼ੋ ॥
ਕਿ ਅਜ਼ ਖਾਨਹ ਏ ਗਾਜ਼ਰਾਨਸ਼ ਅਜ਼ੋ ॥ ੩੨ ॥

ਦਵੀਦੰਦ–ਦੌੜ । ਮਰਦੁਮ–ਲੋਕ । ਖ਼ਾਹੰਦ–ਚਾਹੁੰਦੇ ਹਨ । ਜ਼ੋ–(ਅਜ਼ੋ) ਉਸ ਤੋਂ । ਕਿ–ਜੋ। ਅਜ਼–ਤੋਂ । ਖਾਨਹ–ਘਰ । ਗਾਜ਼ਰਾਨਸ਼–ਉਨ੍ਹਾਂ ਧੋਬੀਆਂ । ਲੋਕੀਂ ਧੋਬੀਆਂ ਦੇ ਘਰ ਵਲ ਨੂੰ ਦੌੜ ਗਏ । ਜੋ ਚਾਹੁੰਦੇ ਸਨ, ਉਸ ਪਾਸੋਂ ਉਹ (ਲੜਕਾ ਲੈ ਆਈਏ) ॥ ੩੨ ॥

ਬਿਖ਼ਾਂਦੰਦ ਓ ਰਾ ਬਿ ਬਸਤੰਦ ਸਖ਼ਤ ॥

ਬਿਪੁਰਸੀਦ ਓ ਰਾ ਕਿ ਐ ਨੇਕ ਬਖ਼ਤ ॥ ੩੩ ॥

ਬਿਖਾਂਦੰਦ-(ਬਿ=(ਵਾਧੂ)+ਖਾਂਦੰਦ) ਬੁਲਾਇਆ । ਓ ਰਾ-ਉਸ ਨੂੰ । ਬਸਤੰਦ-ਬੰਨ੍ਹ ਲਿਆ ਸਖਤ=ਪਕਾ, ਘੁਟ ਕੇ । ਪੁਰਸੀਦ=ਪੁਛਿਆ ।

ਉਸ (ਧੋਬੀ) ਨੂੰ ਬੁਲਾ ਲਿਆ ਤੇ ਉਸ ਨੂੰ ਪੱਕਾ ਕਰਕੇ ਬੰਨ ਲਿਆ । (ਫਿਰ) ਉਸ ਨੂੰ ਪੁਛਿਆ ਓ ਚੰਗੇ ਭਾਗਾਂ ਵਾਲੇ ਬੰਦੇ ! (ਤੂੰ ਇਹ ਲੜਕਾ ਕਿਥੋਂ ਲਿਆ ਹੈ, ਸਚੋ ਸਚ ਦਸ ਦੇਹੁ) ॥ ੩੩ ॥

ਬਿਗੋਯਮ ਤੁਰਾ ਹਮ ਚੁਨੀ ਯਾਫਤੇਮ ॥
ਨਮਾਯਮ ਬ ਤੋ ਹਾਲ ਚੂੰ ਸਾਖਤੇਮ ॥ ੩੪ ॥

ਗੋਯਦ-ਕਿਹਾ । ਤੁਰਾ-ਤੈਨੂੰ । ਹਮ ਚੁਨੀ-ਇਸਤਰ੍ਹਾਂ । ਯਾਫਤੇਮ-ਲਭਾ ਹੈ । ਨਮਾਯਮ-ਪ੍ਰਗਟ ਕਰਦਾ ਹਾਂ । ਬ ਤੋ-ਤੈਨੂੰ । ਹਾਲ-ਬ੍ਰਿਤਾਂਤ । ਚੂੰ=ਜੈਸਾ । ਮਾਖਤੇਮ=ਅਸਾਂ ਕੀਤਾ ਹੈ ।

ਉਸ ਨੇ ਕਿਹਾ-ਤੈਨੂੰ ਦਸਦਾ ਹਾਂ, ਜਿਸ ਤਰ੍ਹਾਂ ਨਾਲ ਅਸਾਂ ਲਭਿਆ ਹੈ । ਤੈਨੂੰ (ਉਹ) ਸਮਾਚਾਰ ਪਰਗਟ ਕਰਦਾ ਹਾਂ, ਜੈਸਾ ਕਿ ਮੈਂ (ਇਸ ਦੇ ਪਾਉਣ ਦਾ ਯਤਨ) ਕੀਤਾ ਹੈ ॥ ੩੪ ॥

ਕਿ ਸਾਲੇ ਫ਼ਲਾਂ ਮਾਹ ਦਰ ਵਕਤਿ ਸ਼ਾਮ ॥
ਕਿ ਈਂ ਕਾਰ ਰਾ ਕਬਦਹ ਅਮ ਮਨ ਤਮਾਮ ॥ ੩੫ ॥

ਕਿ-ਜੋ । ਸਾਲੇ=ਵਰੇ । ਫ਼ਲਾਂ=ਫਲਾਣੇ, ਅਮਕੇ । ਮਾਹ-ਮਹੀਨੇ । ਈਂ ਕਾਰ ਰਾ=ਇਸ ਕੰਮ ਨੂੰ । ਦਰ=ਵਿਚ । ਕਰਦਹ ਅਮ-ਮੈਂ ਕੀਤਾ ਸੀ ।

ਜੋ ਫਲਾਣੇ ਵਰ੍ਹੇ (ਤੇ ਫਲਾਣੇ) ਮਹੀਨੇ ਵਿਚ, ਸ਼ਾਮ ਦੇ ਵੇਲੇ ਵਿਚ, ਮੈਂ ਇਸ ਸਾਰੇ ਕੰਮ ਨੂੰ ਕੀਤਾ ਸੀ ॥ ੩੫ ॥

ਗ੍ਰਿਫਤੇਮ ਸੰਦੂਕ ਦਰੀਆ ਅਮੀਕ ॥
ਯਕੇ ਦਸਤ ਜੋ ਯਾਫਤਮ ਈਂ ਅਕੀਕ ॥ ੩੬ ॥

ਗ੍ਰਿਫਤੇਮ=ਮੈਂ ਫੜਿਆ । ਅਮੀਕ=ਡੂੰਘੇ ਪਾਣੀ । ਯਾਫਤਮ-ਮੈਂ ਲਭਿਆ ।

ਦਰਿਆ ਦੇ ਡੂੰਘੇ (ਪਾਨੀ ਵਿਚੋਂ ਇਕ) ਸੰਦੂਕ ਮੈਂ ਫੜਿਆ ਸੀ । (ਉਸ ਦੇ ਵਿਚੋਂ) ਇਹ ਲਭਾ ਹੈ ਅਤੇ ਇਸ ਦੇ ਇਕ ਹਥ ਤੋਂ ਇਹ 'ਅਕੀਕ' (ਮੈਨੂੰ) ਲਭਾ ਹੈ ॥ ੩੬ ॥

ਬਿਦੀਦੰਦ ਗੌਹਰ ਗ੍ਰਿਫਤੰਦ ਅਜ਼ਾਂ ॥
ਸ਼ਨਾਸੰਦ ਕਿ ਈਂ ਪਿਸਰ ਹਸਤ ਆਂ ਹੁਮਾ ॥ ੩੭ ॥

ਬਿਦੀਦੰਦ-ਵੇਖਿਆ । ਗੌਹਰ=ਮੋਤੀ (ਭਾਵ ਅਕੀਕ) । ਗ੍ਰਿਫਤੰਦ-ਫੜ ਲਿਆ । ਪਿਸਰ=ਪੁਤ੍ਰ । ਹਸਤ=ਹੈ । ਆਂ ਹੁਮਾਂ-ਓਹ ਹੀ ਮੇਰਾ ।

ਉਸ ਪਾਸੋਂ ਮੋਤੀ ਫੜਿਆ ਤੇ ਵੇਖਿਆ ਅਤੇ ਪਛਾਣ ਲਿਆ, (ਫਿਰ ਜਾਣ ਲਿਆ) ਜੋ ਇਹ ਉਹ ਮੇਰਾ ਹੀ ਲੜਕਾ ਹੈ ॥ ੩੭ ॥

ਬਰੋ ਤਾਜ਼ਹ ਸ਼ੁਦ ਸ਼ੀਰ ਪਿਸਤਾਂ ਅਜ਼ੋ ॥
ਬਿਜ਼ਦ ਸੀਨਹ ਖੁਦ ਹਰ ਦੋ ਦਸਤਾਂ ਅਜ਼ੋ ॥ ੩੮ ॥

ਬਰੋ=ਉਸ ਦੇ । ਤਾਜ਼ਹ ਸ਼ੁਦ-ਸਜਰਾ ਹੋ ਗਿਆ, ਵਗਨ ਲਗ ਪਿਆ । ਸ਼ੀਰ-ਦੁਧ। ਪਿਸਤਾਂ-[ਪਿਸਤਾਨ]ਥਣਾਂ,ਮੰਮਿਆਂ । ਅਜ਼=ਉਸ ਨੇ । ਬਿਜ਼ਦ=ਮਾਰਿਆ [ਭਾਵ ਰਖਿਆ] । ਸੀਨਹ-ਛਾਤੀ । ਖੁਦ=ਆਪਣੀ । ਹਰ ਦੋ=ਦੋਹਾਂ । ਦਸਤਾਂ=ਹਥਾਂ ।

ਉਸ ਵੇਲੇ ਉਸ ਦੇ ਮੰਮਿਆ ਵਿਚ ਦੁਧ ਤਾਜ਼ਾ ਹੋ ਗਿਆ ਅਰਥਾਤ ਥਨਾਂ ਵਿਚ ਦੁਧ ਉਤਰ ਆਇਆ। ਉਸ ਨੇ ਆਪਣੀ ਛਾਤੀ ਉਤੇ ਦੋਹਾਂ ਹਥਾਂ ਨੂੰ ਰਖ ਲਿਆ॥ ੩੮॥

ਭਾਵ-ਪੁਤ੍ਰ ਨੂੰ ਵੇਖਦਿਆਂ ਮਨ ਵਿਚ ਪੁਤ੍ਰ ਦਾ ਮੋਹ ਜਾਗ ਪਿਆ ਤੇ ਮੋਹ ਦੇ ਜਾਗਦਿਆਂ ਹੀ ਥਣਾਂ ਵਿਚ ਦੁਧ ਉਤਰ ਆਇਆ। ਉਸ ਨੇ ਝਟ ਹੀ ਦੋਹਾਂ ਹਥਾਂ ਨੂੰ ਛਾਤੀ ਉਤੇ ਰਖ ਕੇ ਦੁਧ ਨੂੰ ਸੰਭਾਲ ਲਿਆ ਜੋ ਮੰਮਿਆਂ ਵਿਚੋਂ ਵਗਣ ਲਗਾ ਸੀ।

ਸ਼ਨਾਸਦ ਅਜ਼ੋ ਹਰ ਦੋ ਲਬ ਬਰ ਕੁਸ਼ਾਦ॥

ਕਿ ਜ਼ਾਹਰ ਨ ਕਰਦਸ਼ ਦਿਲ ਅੰਦਰ ਨਿਹਾਦ॥੩੯॥

ਸ਼ਨਾਸਦ=ਪਛਾਣ ਕਰਦਿਆਂ ਹੀ। ਅਜ਼ੋ=ਉਸ ਦੇ। ਹਰ ਦੋ=ਦੋਵੇਂ। ਲਬ=ਹੋਠ। ਬਰ ਕੁਸ਼ਾਦ=ਖੁਲ੍ਹ ਗਏ (ਭਾਵ ਮੁਸਕਰਾਈ)। ਕਰਦਸ਼-ਉਸ ਨੇ ਕੀਤਾ। ਨਿਹਾਦ=ਰਖਿਆ।

(ਲੜਕੇ ਨੂੰ) ਪਛਾਣਦਿਆਂ ਹੀ ਉਸ ਦੇ ਦੋਵੇਂ ਹੋਠ ਖੁਲ ਪਏ (ਅਰਥਾਤ ਉਹ ਹਸ ਪਈ। ਪਰ ਇਸ ਭੇਦ ਨੂੰ) ਉਸ ਨੇ ਪ੍ਰਗਟ ਨਾ ਕੀਤਾ (ਆਪਣੇ) ਦਿਲ ਦੇ ਅੰਦਰ ਹੀ ਰਖਿਆ॥ ੩੯॥

ਦਿਗਰ ਰੋਜ਼ ਰਫਤੰਦ ਜ਼ੌਜਹ ਫਲਾਂ॥

ਮਰਾ ਖ਼੍ਵਾਬ ਦਾਦਹ ਬਜ਼ੁਰਗੇ ਹਮਾਂ॥ ੪੦॥

ਦਿਗਰ ਰੋਜ਼=ਦੂਜੇ ਦਿਨ। ਰਫ਼ਤੰਦ=ਗਈ। ਜ਼ੌਜਹ ਫਲਾਂ=ਫਲਾਨੇ ਦੀ ਵਹੁਟੀ। ਖ਼੍ਵਾਬ=ਸੁਪਨਾ। ਦਾਦਹ=ਦਿਤਾ ਹੈ।

ਦੂਜੇ ਦਿਨ ਫਲਾਣੇ (ਧੋਬੀ) ਦੀ ਵਹੁਟੀ ਗਈ (ਅਤੇ ਉਸ ਨੇ ਕਿਹਾ-ਮੈਨੂੰ ਸੁਪਨੇ ਵਿਚ ਉਸ ਬਜ਼ੁਰਗ ਨੇ (ਦਰਸਨ) ਦਿਤਾ ਹੈ। (ਅਤੇ ਮੈਨੂੰ ਉਸ ਨੇ ਇਹ ਕਿਹਾ ਹੈ)॥ ੪੦॥ (ਕਿ)-

ਤੁਰਾ ਮਨ ਕਿ ਫ਼ਰਜ਼ੰਦ ਬਖ਼ਸ਼ੀਦਹ ਅਮ॥

ਚਰਾਗੇ ਕਿਆਂ ਰਾ ਦਰਖ਼ਸ਼ੀਦਹ ਅਮ॥ ੪੧॥

ਤੁਰਾ=ਤੈਨੂੰ। ਮਨ=ਮੈਂ। ਕਿ-ਜੋ। ਫ਼ਰਜ਼ੰਦ=ਪੁਤ੍ਰ। ਬਖ਼ਸ਼ੀਦਹ ਅਮ=ਬਖਸ਼ਿਆ ਹੈ। ਚਰਾਗੇ-ਦੀਵਾ। ਕਿਆਂ=ਕੈ ਖਾਨਦਾਨ। ਰਾ-ਨੂੰ। ਦਰਖ਼ਸ਼ੀਦਹ ਅਮ-ਰੋਸ਼ਨ ਕੀਤਾ ਹੈ।

ਤੈਨੂੰ, ਮੈਂ ਜੋ ਪੁਤ੍ਰ ਬਖਸਿਆ ਹੈ। (ਉਹ ਮਾਨੋ) ਮੈਂ ਕੈਆਂ ਖਾਨਦਾਨ ਦਾ ਦੀਵਾ ਰੋਸ਼ਨ ਕੀਤਾ ਹੈ (ਅਰਥਾਤ ਇਹ ਪੁਤ੍ਰ 'ਕੈਆਂ' ਖਾਨਦ ਨ ਦਾ ਹੈ)॥ ੪੧॥

ਜ਼ ਗੰਜੋ ਜ਼ਰਸ਼ ਗੌਹਰੇ ਤਖਤ ਦਾਦ॥

ਵਜ਼ਾਂ ਪਿਸਰ ਰਾ ਖਾਨਹ ਏ ਖ਼ੁਦ ਨਿਹਾਦ॥ ੪੨॥

ਗੰਜੋ=(ਗੰਜ+ਓ) ਖਜਾਨਾ ਅਤੇ। ਜ਼ਰ-ਸੋਨਾ। ਗੌਹਰੇ=ਮੋਤੀ ਅਤੇ। ਦਾਦ=ਦਿਤਾ। ਪਿਸਰ ਰਾ=ਪੁਤ੍ਰ ਨੂੰ। ਖਾਨਹ ਏ-ਘਰ ਵਿਚ। ਨਿਹਾਦ=ਰਖਿਆ। ਉਸ ਨੂੰ ਖਜ਼ਾਨਾ,ਸੋਨਾ, ਮੋਤੀ ਤੇ ਰਾਜ ਗੱਦੀ ਦੇ ਦਿਤੀ। ਉਸ ਲੜਕੇ ਨੂੰ ਆਪਣੇ ਘਰ ਵਿਚ ਰਖ ਲਿਆ ਹੈ॥ ੪੨॥

ਬਿਗੁਫ਼ਤਸ਼ ਕਿ ਈਂ ਰਾ ਜ਼ ਦਰੀਆਫ਼ਤਮ॥

ਕਿ ਦਾਰਾਬ ਨਾਮਸ਼ ਅਜ਼ਾਂ ਸਾਖਤਮ॥ ੪੩॥

ਗੁਫਤ=ਕਿਹਾ। ਸ਼=ਉਸ ਨੇ। ਈਂ ਰਾ-ਇਸ ਨੂੰ। ਜ਼ ਦਰੀਆਫਤਮ=(ਦਰਿਆ+ਯਾਫਤ

+ਮ) ਦਰਿਆ ਵਿਚੋਂ ਲਭਾ ਮੈਂ। ਦਾਰਾਬ=(ਉਸ ਲੜਕੇ ਦਾ ਨਾਮ ਰਖਿਆ, ਧੋਬੀ ਨੇ ਜਿਸ ਦਾ ਨਾਮ ਕਰੀਮ ਰਖਿਆ ਹੋਇਆ ਸੀ)। ਮਾਖਤਮ=ਰਖਿਆ। ਉਸ ਨੇ ਕਿਹਾ-ਮੈਂ ਇਸ ਨੂੰ ਦਰਿਆ ਵਿਚੋਂ ਪਾਇਆ ਹੈ। (ਜਿਸ ਕਰਕੇ) ਉਸ ਦਾ ਨਾਮ 'ਦਾਰਾਬ' ਰਖ ਦਿਤਾ ਹੈ ॥ ੪੩ ॥

ਕਿ ਸ਼ਾਹੀ ਜਹਾਂ ਰਾ ਬਦੋ ਮੇ ਦਿਹਮ ॥

ਵਜ਼ਾਂ ਤਾਜਿ ਇਕਬਾਲ ਬਰ ਸਰ ਨਿਹਮ ॥ ੪੪ ॥

ਸ਼ਾਹੀ=ਰਾਜ। ਜਹਾਂ ਰਾ-ਜਗਤ ਦਾ। ਬਦੋ-ਉਸ ਨੂੰ। ਮੇ ਦਿਹਮ=ਮੈਂ ਦੇਂਦੀ ਹਾਂ। ਤਾਜਿ-ਛਤ੍ਰ ਚੌਰ। ਇਕਬਾਲ-ਪ੍ਰਤਾਪ। ਵਜ਼ਾਂ-ਉਸ ਦੇ। ਬਰ ਸਰ=ਸਿਰ ਉਤੇ। ਨਿਹਮ-ਰਖਦੀ ਹਾਂ

ਦੁਨੀਆਂ ਦਾ ਰਾਜ ਉਸ ਨੂੰ ਮੈਂ ਦੇਂਦੀ ਹਾਂ। ਪ੍ਰਤਾਪ ਵਾਲਾ ਛਤ੍ਰ ਤੇ ਚੌਰ ਉਸ ਦੇ ਸਿਰ ਉਤੇ ਮੈਂ ਰਖਦੀ ਹਾਂ ॥ ੪੪ ॥

ਮਰਾ ਖੁਸ਼ਤਰ ਆਮਦ ਅਜ਼ਾਂ ਸੂਰਤਸ਼ ॥

ਕਿ ਹੁਸਨਲ ਜਮਾਲ ਅਸਤ ਖੁਸ਼ ਸੂਰਤਸ਼ ॥ ੪੫ ॥

ਮਰਾ-ਮੈਨੂੰ। ਖਸ਼ਤਰ-ਪਿਆਰਾ। ਆਮਦ-ਆਯਾ। ਅਜ਼ਾਂ-ਇਸ ਕਰਕੇ। ਸੂਰਤ-ਸ਼ਕਲ। ਸ਼-ਉਸਦੀ। ਹੁਸਨਲ ਜਮਾਲ-ਬਹੁਤ ਤੇਜ ਪ੍ਰਤਾਪ ਵਾਲਾ ਸਰੂਪ। ਅਸਤ-ਹੈ। ਖੁਸ਼-ਚੰਗਾ।

ਮੈਨੂੰ ਉਸ ਦੀ ਸੂਰਤ ਪਿਆਰੀ ਲਗੀ ਹੈ। ਕਿਉਂਕਿ ਉਸ ਦਾ ਸਰੂਪ ਬੜੇ ਤੇਜ ਪ੍ਰਤਾਪ ਵਾਲਾ ਹੈ ॥ ੪੫ ॥

ਕਿ ਅਜ਼ ਸ਼ਾਹ ਓ ਚੂੰ ਖਬਰ ਯਾਫਤਸ਼ ॥

ਕਿ ਦਾਰਾਬ ਨਾਮਸ਼ ਮੁਕਰਰ ਸ਼ੁਦਸ਼ ॥ ੪੬ ॥

ਕਿ=ਜੋ। ਅਜ਼=ਤੋਂ। ਸ਼ਾਹ=ਰਾਜਾ। ਅ-ਉਹ। ਚੂੰ-ਜਦ। ਖਬਰ ਯਾਫਤ=ਪਤਾ ਲਗਾ। ਸ਼-ਉਸਨੂੰ। ਨਾਮਸ਼=ਨਾਮ ਉਸ ਦਾ। ਮੁਕਰਰ-ਪੱਕਾ, ਕਾਇਮ। ਸ਼ੁਦਸ਼=ਹੋਇਆ ਹੈ।

ਜਦ ਉਸ ਨੂੰ ਪਤਾ ਲਗਾ ਜੋ ਉਹ ਰਾਜਾ ਹੋਇਆ ਹੈ ਅਤੇ ਉਸ ਦਾ ਨਾਮ'ਦਾਰਾਬ' ਰਖਿਆ ਗਿਆ ਹੈ, (ਤਦ ਉਹ ਖੁਸ਼ ਹੋਇਆ ਹੈ) ॥ ੪੬ ॥

ਅਜ਼ਾਂ ਸ਼ੇਰ ਸ਼ੁਦ ਸ਼ਾਹ ਦਾਰਾਇ ਦੀਨ ॥

ਹਕੀਕਤ ਸ਼ਨਾਸ ਅਸਤ ਐਨਲ ਯਕੀਨ ॥ ੪੭ ॥

ਅਜ਼ਾ=ਉਸ ਤੋਂ। ਸ਼ੇਰ=ਸੂਰਮਾ, ਜੋਧਾ। ਸ਼ੁਦ-ਹੋਇਆ। ਸ਼ਾਹ=ਰਾਜਾ। ਦਾਰਾਇ=ਰਖਿਅਕ ਦੀਨ=ਧਰਮ। ਹਕੀਕਤ-ਸਚਿਆਈ,[੨] ਰਬ ਦੀ ਹੋਂਦ। ਸ਼ਨਾਸ=ਪਛਾਣ ਵਾਲਾ। ਅਸਤ =ਹੈ। ਐਨਲ=ਪਰਪਕ। ਯਕੀਨ=ਨਿਸਚਾ।

ਉਸ ਸੂਰਮੇ ਰਾਜੇ ਤੋਂ ਧਰਮ ਰਾਜ ਹੋਇਆ, (ਕਿਉਂਕਿ) ਉਹ ਧਰਮ ਦਾ ਰਖਿਅਕ ਹੈ।ਹਕ ਦੀ ਪਛਾਣ ਵਾਲਾ ਹੈ ਅਤੇ ਅਡੋਲ ਨਿਸਚੇ ਵਾਲਾ ਹੈ ॥ ੪੭ ॥

ਬਿਦਿਹ ਸਾਕੀਆ ਸਾਗਰੇ ਸੁਰਖ ਫ਼ਾਮ ॥

ਕਿ ਮਾ ਰਾ ਬਕਾਰਸਤ ਵਕਤੇ ਮੁਦਾਮ ॥ ੪੮ ॥

ਹੇ ਸਾਕੀ ਮੈਨੂੰ 'ਲਾਲ' ਰੰਗ ਦਾ ਛੰਨਾ ਦੇਹੁ। ਜੋ ਮੈਨੂੰ ਸਦਾ ਹਰ ਵੇਲੇ ਲੋੜੀਦਾ ਹੈ ॥ ੪੮ ॥

ਬਿਦਿਹ ਪਿਆਲ ਹ ਫੀਰੋਜ਼ਹ ਰੰਗੀਨ ਰੰਗ ॥
ਕਿ ਮਾ ਰਾ ਖੁਸ਼ ਆਮਦ ਬਸੇ ਵਕਤਿ ਜੰਗ ॥ ੪੯ ॥ ੭ ॥

(ਹੇ ਸਾਕੀ ! ਤੂੰ) ਫੀਰੋਜ਼ੀ ਰੰਗ ਦੀ ਰੰਗਤ ਵਾਲਾ ਪਿਆਲਾ ਦੇਹੁ । ਜੋ ਮੈਨੂੰ ਜੁਧ ਦੇ ਸਮੇਂ ਵਾਸਤੇ ਬਹੁਤ ਚੰਗਾ ਜਾਪਿਆ ਹੈ ॥ ੪੯ ॥ ੭ ॥

ਭਾਵ–"ਨਾਨਕ ਲਾਲੋ ਲਾਲ ਹੈ ਸਚੇ ਰਤਾ ਸਚੁ" ਜੋ ਸਚੇ ਵਿਚ ਰਤਾ ਹੋਇਆ ਹੈ, ਓਹੋ ਹੀ ਸਚ ਮੁਚ ਲਾਲ ਹੈ । ਲਾਲ ਰੰਗ ਕੀ ? ਉਹ ਦਸਿਆ ਹੈ, ਸਚ ਵਿਚ ਰਤੇ ਜਾਣਾ ਹੀ ਲਾਲ ਰੰਗ ਹੈ। ਸਾਹਿਬ ਸ੍ਰੀ ਗੁਰੂ ਕਲਗੀਧਰ ਜੀ ਸਤਿਗੁਰੂ ਜੀ ਤੋਂ ਇਹ ਦਾਤ ਮੰਗਦੇ ਹਨ ਕਿ ਮੇਰਾ ਮਨ ਸਦਾਸਚ ਵਿਚ ਲਗਾ ਰਹੇ, ਤਦੇ ਹੀ 'ਲਾਲ ਰੰਗ ਦੇ ਪਿਆਲੇ' ਦੀ ਮੰਗ ਕੀਤੀ ਹੈ ।

ਦੂਜਾ–ਲਾਲ' ਦਾ ਅਰਥ 'ਪਿਆਰਾ' ਹੈ । ਜਿਸ ਨਾਲ ਪਰੇਮ ਕੀਤਾ ਜਾਂਦਾ ਹੈ, ਉਹ ਪਿਆਰਾ ਹੁੰਦਾ ਹੈ । ਇਸ ਦਾ ਭਾਵ ਨਿਕਲਦਾ ਹੈ ਜੋ ਮੈਨੂੰ ਪੂਰਨ ਪਰੇਮ ਬਖਸ਼, ਕਿਉਂਕਿ–

ਬਰਨ ਸਹਿਤ ਜੋ ਜਾਪੈ ਨਾਮ ॥ ਸੋ ਜੋਗੀ ਕੇਵਲ ਨਿਹਕਾਮ ॥

ਅਰਥਾਤ–ਉਹੀ ਕਾਮਨਾ ਤੋਂ ਰਹਿਤ ਸਚਾ ਜੋਗੀ ਹੁੰਦਾ ਹੈ ।

ਦੂਜੇ ਬੈਂਤ ਵਿਚ ਫੀਰੋਜ਼ੀ ਰੰਗ ਦੀ ਮੰਗ ਕੀਤੀ ਹੈ । ਇਸ ਤੋਂ ਭਾਵ ਪੂਰਨ ਰਾਗ ਅਵਸਥਾਹੈ ਕਿਉਂਕਿ ਰਬ ਦੇ ਪਿਆਰ ਵਾਲੇ ਲਈ ਸਭ ਤੋਂ ਪਹਿਲੀ ਚੀਜ਼ ਵੈਰਾਗ ਹੈ । ਜਿੰਨਾ ਚਿਰ ਵੈਰਾਗ ਪ੍ਰਾਪਤ ਨਾ ਹੋਵੇ, ਉਨ੍ਹਾਂ ਚਿਰ ਮੋਹ ਨਹੀਂ ਟੁਟਦਾ । ਇਸਮੋਹ ਦੇ ਬੰਧਨ ਨੂੰ ਤੋੜਨ ਲਈ ਹੀ ਸਤਿਗੁਰੂ ਜੀ ਨੇ ਫੁਰਮਾਇਆ ਹੈ–'ਮੋਹ ਅਰ ਭਰਮ ਤਜਹੁ ਤੁਮ ਬੀਰ' ।

ਫਿਰ ਇਉਂ ਭੀ ਹੁਕਮ ਹੈ–'ਦੁਬਿਧਾ ਵਿਚ ਬੈਰਾਗ ਨ ਹੋਵਈ' ਅਤੇ ਦੁਬਿਧਾ ਦੀ ਅਵਸਥਾ ਦਾ ਵਰਨਣ ਕਰਦੇ ਹੋਏ ਫੁਰਮਾਉਂਦੇ ਹਨ–'ਜਬ ਲਗ ਦੂਜੀ ਰਾਈ', ਜਿੰਨਾ ਚਿਰ 'ਰਾਈ' ਜਿੰਨੀ ਵੀ ਵਿਥ ਹੈ, ਓਨਾ ਚਿਰ ਦੁਬਿਧਾ ਹੈ ਅਤੇ–'ਇਨਿ ਦੁਬਿਧਾ ਘਰ ਬਹੁਤੇ ਗਾਲੇ' ।

ਇਸ ਕਰਕੇ ਸਾਹਿਬ ਜੀ ਵੈਰਾਗ ਨੂੰ ਇਕ ਅਮਲ ਵਰਨਨ ਕਰਦੇ ਹਨ ਕਿ ਵੈਰਾਗ ਨੂੰ ਧਾਰ ਕੇ ਪਰੇਮ ਨਾਲ ਮਤਵਾਲਾ ਹੋ ਜਾਵੇ, ਪਰੇਮ ਪ੍ਰਵੇਧੇ ਮਨ ਨੂੰ ਮੇਰੀ ਤੇਰੀ ਦੀ ਸੂਝ ਨਾ ਰਹੇ, ਤੂੰ ਮੈਂ ਨੂੰ ਮੇਟ ਕੇ 'ਤੂੰ ਤੂੰ' ਕਰਦਾ ਕਰਦਾ ਅੰਤ ਨੂੰ 'ਤੂੰ ਤੂੰ' ਹੀ ਹੋ ਜਾਵੇ ।

ਸਿਖਯਾ–ਔਰੰਗਜੇਬ ! ਮਾਲੂਮ ਹੁੰਦਾ ਹੈ, ਤੂੰ ਰਾਜ-ਮਦ ਕਰਕੇ ਦੀਨ ਤੋਂ ਭ੍ਰਸ਼ਟ ਹੋ ਗਿਆ ਹੈਂ । ਪਰ ਇਸ ਕਹਾਣੀ ਦੇਸਿਟੇ ਨੂੰ ਵੇਖ ਕੇ ਮਨ ਵਿਚ ਕੰਘੀ ਮਾਰ ਕੇ ਸੋਚ ਕਿ ਦਾਰਾਬ' ਕੌਣ ਸੀ?ਕੇਵਲ ਉਸ ਦੀ ਮਾਂ ਦੇ ਅਧਰਮ ਰੂਪ ਵਿਭਚਾਰ ਦਾ ਫਲ ਜਾਂ ਕੁਝ ਹੋਰ ? ਪਰ ਰਾਜ ਉਸ ਨੇ ਵੀ ਭੋਗਿਆ।

ਚੇਤੇ ਕਰ, ਇਹ ਰਾਜ ਅਸਲ ਵਿਚ ਹੈ ਕੀ ?

ਰਾਵਨ ਨੂੰ ਹੂੰ ਤੇ ਅਧਿਕ ਛਤ੍ਰਪਤਿ ਛਿਨ ਮਹਿ ਗਏ ਬਿਲਾਤ ॥
ਦਿਵਸ ਚਾਰ ਕੀ ਕਰਉ ਸਾਹਿਬੀ ਜੈਸੇ ਬਨਹਰ ਪਾਤ ॥

ਅਤੇ– ਗਿਰੰਬਾਰੀ ਬਡ ਸਾਹਿਬੀ ਸਭ ਨਾਨਕ ਸੁਪਨ ਥੀਆ ॥

ਜਿਸ ਨੇ ਸੁਪਨਾ ਹੋ ਜਾਣਾ ਹੈ ਅਤੇ ਇਸ 'ਸੁਪਨੇ ਕਾ ਸਪਨਾ ਭਇਆ ਸੰਗ ਚਲਿਆ ਕਮਾਇਆ ਸੁਪਨੇ ਦੇ ਮਾਨ ਵਿਚ ਮੱਤੇ ਹੋਏ ਨੇ ਜੋਕੰਮ ਕਰਨਾ ਹੈ, ਖੁਦਾ ਨੇ ਉਸ ਦਾ ਲੇਖਾ ਜ਼ਰੂਰ ਲੈਣਾ ਹੈ । ਇਸ ਲਈ ਲੇਖਾ ਦੇਣ ਲਈ ਤਿਆਰ ਹੋ ਜਾਹ, ਪਰ–

ਲੇਖਾ ਦੇਣਾ ਸੁਹੇਲਾ ਜਉ ਦਿਲ ਸੂਚੀ ਹੋਇ ॥
ਤਿਸੁ ਸ ਚੈ ਦੀਬਾਨ ਮਹਿ ਪਲਾ ਨ ਪਕਰੇ ਕੋਇ ॥

ਜੇ ਤੂੰ ਦਿਲ ਦਾ ਸੁਚਾ ਹੋ ਕੇ ਇਨਸਾਫ ਕਰੇਂ ਤਾਂ ਲੇਖਾ ਦੇਣਾ ਸੋਖਾ ਹੈ, ਨਹੀਂ ਤਾਂ–

ਲੇਖਾ ਲੀਜ ਤਿਲ ਜਿਉ ਪੀੜੀ ॥

-o-

ਵਾਹਿਗੁਰੂ ਜੀ ਕੀ ਫ਼ਤਹਿ ॥

(ਹਿਕਾਯਤ ਹਸ਼ਤਮ-ਅਠਵੀਂ ਕਹਾਣੀ)

ਖੁਦਾਵੰਦ ਬਖਸ਼ਿੰਦਹ ਏ ਦਿਲ ਕਰਾਰ ॥

ਰਜ਼ਾ ਬਖਸ਼ ਰੋਜ਼ੀ ਦਿਹੋ ਨਉ ਬਹਾਰ ॥ ੧ ॥

ਖ਼ੁਦਾਵੰਦ=ਪ੍ਰਮੇਸ਼ਰ, ਪ੍ਰਮਾਤਮਾ। ਬਖ਼ਸ਼ਿੰਦਹ=ਬਖਸ਼ਨ ਵਾਲਾ ਹੈ। ਕਰਾਰ=ਸਥਿਰਤਾ। ਰਜ਼ਾ=ਅਨੰਦ, ਖ਼ੁਸ਼ੀ। ਨਉ ਬਹਾਰ=ਪ੍ਰਸੰਨਤਾ।

ਅਕਾਲ ਪੁਰਖ ਵਾਹਿਗੁਰੂ ਮਨ ਦੀ ਸਥਿਰਤਾ ਬਖਸ਼ਨ ਵਾਲਾ ਹੈ। ਖ਼ੁਸ਼ੀ ਦੇਣ ਵਾਲਾ, ਅੰਨ ਦਾਤਾ ਅਤੇ ਅਨੰਦ ਪ੍ਰਸੰਨਤਾ ਦੇਣ ਵਾਲਾ ਹੈ॥ ੧ ॥

ਕਿ ਮੀਰ ਅਸਤ ਪੀਰਸਤ ਹਰ ਦੋ ਜਹਾਂ ॥

ਖੁਦਾਵੰਦ ਬਖਸ਼ਿੰਦਹ ਹਰ ਯਕ ਅਮਾਂ ॥ ੨ ॥

ਮੀਰ=ਪਾਤਸ਼ਾਹ। ਪੀਰ=ਮੁਰਸ਼ਦ,ਗੁਰੂ। ਅਸਤ=ਹੈ। ਸਤ=(ਅਸਤ) ਹੈ। ਹਰ ਦੋ ਜਹਾਂ-ਦੋਹਾਂ ਲੋਕਾਂ। ਹਰ ਯਕ=ਸਭ ਕਿਸੇ ਨੂੰ। ਅਮਾਂ=ਸੁਖ।

ਜੋ ਪਰਮਾਤਮਾ ਪਾਤਸ਼ਾਹ ਹੈ, ਮੁਰਸ਼ਦ ਹੈ, ਦੋਹਾਂ ਜਹਾਨਾਂ ਵਿਚ ਹਰ ਇਕ ਨੂੰ (ਉਹੀ) ਸੁਖ ਬਖਸ਼ਦਾ ਹੈ॥ ੨ ॥

ਹਿਕਾਯਤ ਸ਼ੁਨੀਦੇਮ ਸ਼ਾਹੇ ਅਜਮ ॥

ਕਿ ਹੁਸਨਲ ਜਮਾਲਸਤ ਸਾਹਿਬ ਕਰਮ ॥ ੩ ॥

ਹਿਕਾਯਤ=ਕਹਾਣੀ। ਸ਼ੁਨੀਦੇਮ-ਮੈਂ ਸੁਣੀ ਹੈ। ਸ਼ਾਹੇ ਅਜਮ=ਪਾਰਸ ਦੇਸ ਦੇ ਰਾਜੇ ਦਾ ਨਾਮ 'ਅਜਮ' ਸੀ। ਕਰਮ=ਦਾਤ।

(ਪਾਰਸ ਦੇਸ ਦੇ ਰਾਜੇ) 'ਅਜਮ' ਦੀ ਕਹਾਣੀ ਅਸਾਂ ਸੁਣੀ ਹੋਈ ਹੈ। ਜੋ ਬਹੁਤ ਸੁੰਦਰ ਸਰੂਪ ਵਾਲਾ ਤੇ ਦਾਤਾਂ ਦੇਣ ਵਾਲਾ ਮਾਲਕ ਸੀ॥ ੩ ॥

ਕਿ ਸੂਰਤ ਜਮਾਲਸਤ ਹੁਸਨਲ ਤਮਾਮ ॥

ਹਮਹ ਰੋਜ਼ ਆਸਾਇਸ਼ ਰੋਦਓ ਜਾਮ ॥ ੪ ॥

ਸੂਰਤ-ਸ਼ਕਲ। ਜਮਾਲ-ਪ੍ਰਕਾਸ਼। ਸਤ-(ਅਸਤ,ਹੈ। ਹੁਸਨਲ ਤਮਾਮ-ਪੂਰਨ ਸੁੰਦਰਤਾ। ਹਮਹ-ਸਾਰਾ। ਰੋਜ਼-ਦਿਨ। ਆਸਾਇਸ਼-ਸੁਖ। ਰੋਦਓ ਜਾਮ-(ਰੋਗ+ਓ)ਰਾਗ ਤੇ ਪਿਆਲਾ।

(ਜਿਸ ਦੀ) ਸ਼ਕਲ ਤੇਜ਼ ਪ੍ਰਤਾਪ ਵਾਲੀ ਅਤੇ ਪੂਰਨ ਸੁੰਦਰਤਾ ਵਾਲੀ ਸੀ। (ਉਸ ਦਾ) ਸਾਰਾ ਦਿਨ ਰਾਗ (ਸੁਣਨ) ਤੇ ਪਿਆਲਾ (ਪੀਣ ਵਿਚ ਬੀਤਦਾ ਸੀ)॥ ੪ ॥

ਕਿ ਸਰਹੰਗ ਦਾਨਿਸ਼ ਜ਼ ਫਰਜ਼ਾਨਗੀ ॥

ਕਿ ਅਜ਼ ਮਸਲਿਹਤ ਮੌਜਿ ਮਰਦਾਨਗੀ ॥ ੫ ॥

ਸਰਹੰਗ=ਸੂਰਬੀਰ। ਦਾਨਿਸ਼-ਬੁਧਿਵਾਨ। ਜ਼-ਵਿਚ। ਫਰਜ਼ਾਨਗੀ=ਬੁਧੀ। ਕਿ=ਜੋ। ਅਜ਼-ਨਾਲ। ਮਸਲਿਹਤ=ਚੰਗੀ ਤਰ੍ਹਾਂ। ਮੌਜਿ=ਠਾਠ। ਮਰਦਾਨਗੀ=ਸੂਰਮਤਾਈ।

ਜੋ ਸੂਰਬੀਰ ਬੁਧੀ ਕਰਕੇ ਬੁਧੀਮਾਨ ਸੀ। ਜੋ ਸੂਰਮਤਾਈ ਦੇ ਠਾਠ ਵਿਚ ਬੜੀ ਚੰਗੀ ਤਰ੍ਹਾਂ ਨਾਲ (ਸੋਭਦਾ ਸੀ)॥ ੫॥

ਵਜ਼ਾਂ ਬਾਨੂਏ ਹਮਚੁ ਮਾਹਿ ਜਵਾਂ॥
ਕਿ ਕੁਰਬਾਂ ਸ਼ਵਦ ਹਰ ਕਸੇ ਨਾਜ਼ਦਾਂ॥ ੬॥

ਵਜ਼ਾਂ-ਉਸ ਦੀ। ਬਾਨੂਏ-ਇਸਤ੍ਰੀ। ਹਮਚੁ=ਵਾਂਗੂ। ਮਾਹਿ-ਚੰਦ੍ਰਮਾ। ਜਵਾਂ-ਪੂਰਨ (ਭਾਵ ਪੁੰਨਿਆਂ)। ਕਿ=ਜੋ। ਕੁਰਬਾਂ-ਕੁਰਬਾਨ। ਹਰ ਕਸੇ-ਜੇਹੜਾ ਕੋਈ। ਨਾਜ਼ਦਾਂ-ਸੂਖਮ ਪ੍ਰੀਖਯਾ ਕਰਨ ਵਾਲਾ। (ਉਸ ਦੀ) ਇਕ ਇਸਤ੍ਰੀ ਪੁੰਨਯਾਂ ਦੇ ਚੰਦ੍ਰਮਾਂ ਵਰਗੀ ਸੀ। ਜੇਹੜ ਬ੍ਰੀਕ ਬੀਨੀ ਦੀ ਸਮਝ ਵਾਲੇ ਸਨ ਉਹ ਪੁਰਸ਼ ਉਸ ਤੋਂ ਕੁਰਬਾਨ ਹੁੰਦੇ ਸਨ॥ ੬॥

ਕਿ ਖ਼ੁਸ਼ ਰੰਗ ਖ਼ੁਸ਼ ਖੋਇ ਓ ਖ਼ੁਸ਼ ਬੂ ਜਮਾਲ॥
ਖ਼ੁਸ਼ ਆਵਾਜ਼ ਖ਼ੁਸ਼ ਖ਼ਾਰਗੀ ਖ਼ੁਸ਼ ਖਿਆਲ॥ ੭॥

ਖੁਸ਼-ਚੰਗਾ। ਰੰਗ-ਵਰਨ। ਖੋਇ-ਸੁਭਾਉ। ਖੁਸ਼ਬੂ-ਸੁਗੰਧੀ ਵਾਲਾ।ਜਮਾਲ-ਸਰੂਪ।ਖ਼ਾਰਗੀ=ਭੋਗਨ ਵਾਲੀ। ਖਿਆਲ=ਵਿਚਾਰ।

ਜੋ ਚੰਗੇ ਰੰਗ ਵਾਲੀ, ਚੰਗੇ ਸੁਭਾਉ ਵਾਲੀ ਅਤੇ ਸੁਗੰਧੀ ਵਾਲੇ ਸਰੂਪ ਵਾਲੀ ਸੀ। ਚੰਗੀ ਅਵਾਜ਼, ਚੰਗੇ ਪਦਾਰਥ ਭੋਗਣ ਵਾਲੀ ਤੇ ਚੰਗੇ ਵਿਚਾਰ ਵਾਲੀ ਸੀ॥ ੭॥

ਬਦੀਦਨ ਕਿ ਖ਼ੁਸ਼ ਖੋਇ ਖ਼ੂਬੀ ਜ਼ਹਾਂ॥
ਜ਼ਹਰਫਾਤ ਕਰਦਨ ਖ਼ੁਸ਼ੇ ਖੁਸ਼ ਜ਼ਬਾਂ॥ ੮॥

ਬਦੀਦਨ=ਵੇਖਨ ਵਿਚ। ਖ਼ੂਬੀ-ਸੋਹਣੀ। ਹਰਫਾਤ ਕਰਦਨ=ਗਲ ਬਾਤ ਕਰਨ। ਖ਼ੁਸ਼ੇ-ਚੰਗੀ ਅਤੇ। ਖ਼ੁਸ਼ ਜ਼ਬਾਂ-ਮਿਠੀ ਜਬਾਨ।

ਜੋ ਦੇਖਣ ਵਿਚ ਚੰਗੀ, ਸੁਭਾਵ ਦੀ ਚੰਗੀ ਤੇ ਜਹਾਨ ਵਿਚ ਸੋਹਣੀ। ਗਲ ਬਾਤ ਕਰਨਵਿਚ ਚੰਗੀ ਅਤੇ ਜ਼ਬਾਨ ਦੀ ਚੰਗੀ (ਭਾਵ ਮਿਠ ਬੋਲੀ) ਸੀ॥ ੮॥

ਦੋ ਪਿਸਰਾਂ ਅਜ਼ਾਂ ਬੂਦ ਚੂੰ ਸ਼ਮਸ ਮਾਹਿ॥
ਕਿ ਰੌਸ਼ਨ ਤਬੀਅਤ ਹਕੀਕਤ ਗਵਾਹਿ॥ ੯॥

ਪਿਸਰਾਂ=ਪੁਤ੍ਰ। ਅਜ਼ਾਂ=ਉਸ ਦੇ। ਬੂਦ=ਹੋਏ। ਸ਼ਮਸ਼=ਸੂਰਜ। ਮਾਹਿ=ਚੰਦ੍ਰਮਾ। ਚੂੰ=ਵਰਗੇ। ਰੋਸ਼ਨ ਤਬੀਯਤ-ਖਸ਼ ਮਿਜ਼ਜ। ਹਕੀਕਤ ਗਵਾਹਿ=ਸਚ ਦੀ ਪਰਖ ਵਾਲੇ।

ਉਸ ਦੇ ਦੋ ਪੁਤਰ ਸੂਰਜ ਤੇ ਚੰਦ੍ਰਮਾ ਵਰਗੇ ਹੋਏ। ਜੋ ਪ੍ਰਸੰਨ ਚਿਤ ਤੇ ਸਚ ਦੀ ਪਰਖ ਵਾਲੇ ਸਨ॥ ੯॥

ਕਿ ਗੁਸਤਾਖ਼ ਦਸਤ ਅਸਤ ਚਾਲਾਕ ਜੰਗ॥
ਬ ਵਕਤਿ ਤਰੱਦਦ ਚੋ ਸ਼ੇਰੋ ਨਿਹੰਗ॥ ੧੦॥

ਗੁਸਤਾਖ਼=ਚਲਾਕ। ਦਸਤ=ਹਥ। ਅਸਤ--ਹੈਸਨ।ਕਲਾਕ=ਤੀਖਨ ਬੁਧਿ ਵਾਲੇ। ਤਰਦੱਦ

—ਯਤਨ, ਉਪਾਉ (ਭਾਵ ਜੁਧ)। ਸ਼ੇਰੋ ਨਿਹੰਗ—ਸ਼ੇਰ ਤੇ ਮਗਰ ਮਛ।

ਜੋ ਫੁਰਤੀਲੇ ਹਥਾਂ ਵਾਲੇ ਅਤੇ ਜੰਗ ਵਾਲੀ ਤੀਖਨ ਬੁਧੀ ਵਾਲੇ ਸਨ। ਜੁਧ ਦੇ ਸਮੇਂ ਵਿਚ (ਤਾਂ ਉਹ ਦੋਵੇਂ)ਸ਼ੇਰ ਤੇ ਮਗਰ ਮਛ ਵਰਗੇ ਸਨ(ਭਾਵ ਸ਼ੇਰ ਤੇ ਮਗਰਮਛ ਵਾਂਗੂ ਵੈਰੀ ਦੇ ਸਾਹਮਣੇ ਡਟ ਕੇ ਖਲੋਣ ਵਾਲੇ ਸਨ)॥ ੧੦॥

ਦੋ ਪੀਲ ਅਫਗਨੋ ਹਮਚੁ ਸ਼ੇਰ ਅਫਗਨ ਅਸਤ॥
ਬ ਵਕਤਿ ਵ.ਗਾਂ ਸ਼ੇਰ ਰੋਈਂਤਨ ਅਸਤ॥ ੧੧॥

ਪੀਲ—ਹਾਥੀ। ਅਫਗਨ—ਢਾਹੁਣ ਵਾਲੇ। ਵਗਾਂ—ਜੁਧ। ਰਈਂਤਨ—ਲੋਹੇ ਦੇ ਸਰੀਰ।

ਦੋਵੇਂ ਹਾਥੀ ਨੂੰ ਢਾਹੁਣ ਵਾਲੇ ਅਤੇ ਸ਼ੇਰ ਨੂੰ ਫਾਹੁਣ ਵਾਲੇ ਸਨ। ਜੁਧ ਦੇ ਸਮੇਂ ਵਿਚ ਤਾਂ ਲੋਹੇ ਦੇ ਸਰੀਰ ਵਾਲੇ ਸ਼ੇਰ ਸਨ॥ ੧੧॥

ਯਕੇ ਖੂਬ ਰੂਇ ਦਿਗਰ ਤਨ ਸੁ ਸੀਮ॥
ਦੋ ਸੂਰਤ ਸਜ਼ਾਵਾਰ ਆਜ਼ਮ ਅਜ਼ੀਮ॥ ੧੨॥

ਯਕੇ—ਇਕ ਤਾਂ। ਖੂਬ—ਸੋਹਣਾ, । ਰੂਇ—ਚੇਹਰਾ। ਸੀਮ—ਚਾਂਦੀ। ਚ—ਵਰਗਾ ' ਸੂਰਤ—ਸ਼ਕਲਾਂ। ਸਜ਼ਾਵਾਰ—ਸੋਭਾ ਵਾਲੀਆਂ। ਆਜ਼ਮ—ਬਹੁਤ ਵਡਾ। ਅਜ਼ੀਮ—ਵਡੇ ਤੋਂ ਵਡਾ।

ਇਕ ਤਾਂ ਚੇਹਰਾ ਸੁੰਦਰ ਹੈ, ਦੂਜਾ ਸਰੀਰ ਚਾਂਦੀ ਵਾਂਗੂ (ਚਮਕਦਾ) ਹੈ। ਦੋਵੇਂ ਸੂਰਤਾਂ ਵਡੀ ਤੋਂ ਭੀ ਮਹਾਨ ਵਡੀ ਸੋਭਾ ਵਾਲੀਆਂ ਹਨ॥ ੧੨॥

ਵਜ਼ਾਂ ਮਾਦਰੇ ਬਰ ਕਸ ਆਸ਼ੁਫਤਮ ਗਸ਼ਤ॥
ਚੋ ਮਰਦ ਅਸਤ ਗੁਲ ਹਮਚੁਨੀ ਗੁਲ ਪ੍ਰਸਤ॥੧੩॥

ਵਜ਼ਾਂ-(ਵ+ਅਜ਼+ਆਂ) ਅਤੇ ਉਨ੍ਹਾਂ ਦੀ। ਮਾਦਰੇ-ਮਾਂ। ਬਰ ਉਤੇ। ਕਸੇ-ਕਿਸੇ ਆਦਮੀ। ਆਸ਼ੁਫਤਹ-ਮੋਹਤ। ਗਸ਼ਤ-ਹੋ ਗਈ। ਗੁਲ—ਫਲ। ਚੁ—ਜੈਸਾ। ਹਮਚੁਨੀ-ਅਜੇਹੀ। ਗੁਲ ਪ੍ਰਸਤ-ਫਲ ਦੀ ਪੂਜਾ ਕਰਨ ਵਾਲੀ।

ਅਤੇ ਉਹਨਾਂ ਦੀ ਮਾਂ ਕਿਸੇ ਉਤੇ ਮੋਹਤ ਹੋ ਗਈ। (ਉਹ) ਮਰਦ ਫੁਲ ਜੇਹਾ ਸੀ (ਅਤੇ) ਅਜੇਹੀ (ਹੀ ਉਹ ਇਸਤ੍ਰੀ) ਫੁਲ ਦੀ ਪੂਜਾ ਕਰਨ ਵਾਲੀ ਸੀ॥ ੧੩॥

ਸਬਾਂ ਗਾਹ ਦਰ ਖ਼੍ਵਾਬ ਗਾਹ ਆਮਦੰਦ॥
ਕਿ ਜ਼ੋਰਾਵਰਾਂ ਦਰ ਨਿਗਹ ਆਮਦੰਦ॥ ੧੪॥

ਸ਼ਬਾਂ ਗਾਹ-ਰਾਤ ਦੇ ਸਮੇਂ ਦਰ—ਵਿਚ। ਖ਼੍ਵਾਬ ਗਾਹ-ਸੋਣ ਦੀ ਜਗ੍ਹਾ। ਆਮਦੰਦ-ਆਏ। ਜ਼ੋਰਾਵਰਾਂ—(ਜ਼ੋਰਾਵਰ+ਆਂ) ਬਲਵਾਨ ਉਨ੍ਹਾਂ। ਦਰ ਨਿਗਾਹ-ਨਜ਼ਰ ਵਿਚ।

ਰਾਤ ਦੇ ਸਮੇਂ (ਉਹ ਦੋਵੇਂ) ਸੋਣ ਵਾਲੀ ਜਗ੍ਹਾ ਵਿਚ ਆ ਗਏ। ਜੋ ਬੜੇ ਬਲ ਵਾਲੇ ਉਨ੍ਹਾਂ (ਦੀ ਮਾਂ ਦੀ) ਨਜ਼ਰ ਵਿਚ ਅ ਏ,। ੧੪॥

ਭਾਵ-ਮਾਂ ਨੇ ਵੇਖਿਆ ਮੇਰੇ ਦੋਵੇਂ ਪੁਤ੍ਰ ਬੜੇ ਬਲਵਾਨ ਹਨ, ਇਨ੍ਹਾਂ ਸੂਰਮਿਆਂ ਦੇ ਡਰ ਕਰਕੇ ਮੇਰਾ ਪ੍ਰੀਤਮ ਮੇਰੇ ਨਾਲ ਪਿਆਰ ਨਹੀਂ ਕਰ ਸਕੇਗਾ ਅਤੇ ਮੈਨੂੰ ਭੀ ਇਨ੍ਹਾ ਦਾ ਡਰ ਬਣਿਆਰਹੇਗਾ। ਇਨ੍ਹਾਂ ਦਾ ਬਲਵਾਨ ਹੋਣਾ ਹੀ ਮੇਰੀਆਂ ਖੁਦ ਮੁਖਤਿਆਰੀਆਂ ਦੇ ਰਾਹ ਵਿਚ ਰੋੜਾ ਹੈ।

ਬਖ਼ਾਂਦੰਦ ਪਸ ਪੇਸ਼ ਖੁਰਦੋ ਕਲਾਂ॥

ਮੈ ਓ ਰੋਦ ਰਾਮਸ਼ਗਰਾਰਾਂ ਹਮਾ ॥ ੧੫ ॥

ਬਖ਼ਾਦੰਦ—ਬਲਾਇਆ । ਪਸ—ਪਿਛੇ । ਪੇਸ਼—ਅਗੇ । ਖ਼ੁਰਦੋ—ਛੋਟਾ । ਕਲਾਂ—ਵਡਾ । ਮੈ—(ਮਯ) ਸ਼ਰਾਬ । ਓ—ਅਤੇ । ਰੋਦ—ਰਾਗ । ਰਾਮਸ਼ਗੁਾਰਾਂ—(ਰਾਮਸ਼ਗੁਾਰ ਦਾ ਬ: ਬ:)ਗਵਯੇ ਲੋਕਾਂ ।

(ਮਾਂ ਨੇ) ਛੋਟੇ ਵਡੇ (ਦੋਹਾਂ ਨੂੰ) ਅਗੇ ਪਿਛੇ (ਕਰਕੇ ਅੰਦਰ) ਸਦਿਆ । ਫਿਰ) ਗਵਈਏ ਲੋਕਾਂ ਪਾਸੋਂ ਰਾਗ (ਸੁਣਿਆ) ਤੇ ਉਨ੍ਹਾਂ ਨੂੰ ਸ਼ਰਾਬ (ਪਿਆ ਕੇ ਬੇਹੋਸ਼ ਕਰ ਦਿਤਾ) ॥ ੧੫ ॥

ਬਿ ਦਾਨਿਸ਼ਤ ਕਿ ਅਜ਼ ਮਸਤੀਅਸ਼ ਮਸਤ ਗਸ਼ਤ ॥
ਬਿਜ਼ਦ ਤੇਗ਼ ਖ਼ੁਦ ਦਸਤ ਹਰ ਦੋ ਸ਼ਿਕਸਤ ॥ ੧੬ ॥

ਦਾਨਿਸਤ—ਜਾਣਿਆ । ਕਿ—ਜੋ । ਅਜ਼—ਨਾਲ । ਮਸਤੀ—ਸ਼ਰਾਬ, ਅਮਲ । ਅਸ਼—ਉਸ । ਮਸਤ—ਮਤਵਾਲੇ । ਗਸ਼ਤ—ਹੋ ਗਏ । ਬਿਜ਼ਦ—ਮਾਰੀ । ਤੇਗ—ਤਲਵਾਰ । ਖ਼ੁਦ ਦਸਤ—ਆਪਣੇ ਹਥ । ਸ਼ਿਕਸਤ—ਕਤਲ ਕਰ ਦਿਤੇ । ਜਦ ਉਸ ਨੇ ਜਾਣਿਆ ਜੋ ਸ਼ਰਾਬ ਨਾਲ ਮਤਵਾਲ (ਬੇਹੋਸ਼) ਹੋ ਗਏ ਹਨ (ਤਦ) ਤਲਵਾਰ ਮਾਰੀ ਅਤੇ ਆਪਣੇ ਹਥ ਨਾਲ ਦੋਹਾਂ ਨੂੰ ਵਢ ਦਿਤਾ ॥ ੧੬ ॥

ਬਿਜ਼ਦ ਹਰ ਦੋ ਦਸਤਸ਼ ਸਰੇ ਖ਼ੇਸ਼ ਜ਼ੋਰ ॥
ਬ ਜੁੰਬਸ਼ ਦਰਾਮਦ ਬਿ ਕਰਦੰਦ ਸ਼ੋਰ ॥ ੧੭ ॥

ਬਿਜਦ—ਮਾਰੇ । ਹਰ ਦੋ ਦਸਤ—ਦੋਵੇਂ ਹਥ । ਸ਼—ਉਸ । ਸਰੇ—ਸਿਰ ਉਤੇ । ਖ਼ੇਸ਼—ਆਪਣੇ । ਜੁੰਬਸ਼—ਹਿਲਣਾ,ਕੰਬਣਾ । ਦਰਾਮਦ—ਵਿਚ ਆਈ । ਕਰਦੰਦ—ਕੀਤਾ । ਸ਼ੋਰ—ਰੌਲਾ ਗੌਲਾ ।

(ਫਿਰ) ਉਸ ਨੇ ਜ਼ੋਰ ਨਾਲ ਦੋਵੇਂ ਹਥ ਆਪਣੇ ਸਿਰ ਵਿਚ ਮਾਰੇ (ਅਰਥਾਤ ਪਿਟਣ ਲਗ ਪਈ। ਅਤੇ)ਕੰਬਣ ਲਗੀ(ਤੇ ਲੋਕਾਂ ਨੂੰ ਸੁਣਾਉਣ ਲਈ ਰੌਲਾ-ਗੌਲਾ(ਵਾ-ਵੇਲਾ) ਕਰਨ ਲਗ ਪਈ॥੧੭॥

ਬਿਗੋਯਦ ਕਿ ਐ ਮੁਸਲਮਾਨਾਨ ਪਾਕ ॥
ਚਰਾ ਚੂੰ ਕਿ ਕੁਸ਼ਤੀ ਅਜ਼ੀਂ ਜਾਮਹ ਚਾਕ ॥ ੧੮ ॥

ਮੁਸਲਮਾਨਾਨ—[ਮੁਸਲਮਾਨ ਦਾ ਬ: ਬ:]ਮੁਸਲਮਾਨੋ । ਪਾਕ—ਪਵਿਤ੍ਰ । ਚਰਾ—ਕਿਉਂ । ਚੂੰ—ਵਾਂਗੂ । ਕਿ—ਕਿਸ ਨੇ । ਕੁਸ਼ਤੀ—ਵਢ ਸੁਟਿਆ । ਜਾਮਹ—ਕਪੜੇ । ਚਾਕ—ਲੀਰਾਂ ।

ਕਹਿਣ ਲਗੀ—ਜੋ ਹੇ ਪਵਿਤ੍ਰ ਮੁਸਲਮਾਨੋ ! ਕਪੜੇ ਨੂੰ ਲੀਰਾਂ ਕਰਨ ਵਾਂਗੂ ਕਿਸੇ ਨੇ ਕਿਉਂ (ਮੇਰੇ ਪੁਤ੍ਰਾਂ ਨੂੰ) ਮਾਰਿਆ ਹੈ ? (ਭਾਵ ਇਨ੍ਹਾਂ ਨੂੰ ਕਿਸੇ ਨੇ ਭੀ ਨਹੀਂ ਮਾਰਿਆ) ॥ ੧੮ ॥ ਫਿਰ ਕਿਸ ਤਰ੍ਹਾਂ ਮਰੇ ਹਨ—

ਬਿ ਖੁਰਦੰਦ ਮੈ ਹਰ ਦੋ ਆਂ ਗਸ਼ਤ ਅਸਤ ॥
ਗਿਰਫ਼ਤੰਦ ਸ਼ਮਸ਼ੇਰਿ ਫ਼ੌਲਾਦ ਦਸਤ ॥ ੧੯ ॥

ਖੁਰਦੰਦ—ਪੀ ਲਈ । ਮੈ—(ਮਯ) ਸ਼ਰਾਬ । ਹਰ ਦੋ—ਦੋਹਾਂ । ਗਸ਼ਤ—ਹੋ ਗਏ । ਗਿਰਫਤੰਦ—ਫੜ ਲਈਆਂ । ਸ਼ਮਸ਼ੇਰਿ—ਤਲਵਾਰਾਂ । ਦਸਤ—ਹਥਾਂ ਵਿਚ ।

ਦੋਹਾ ਨੇ ਸ਼ਰਾਬ ਪੀਤੀ ਅਤੇ ਮਸਤ ਹੋ ਗਏ ਸਨ । (ਫਿਰ) ਫੌਲਾਦੀ ਤਲਵਾਰਾਂ ਹਥਾਂ ਵਿਚ ਫੜ ਲਈਆਂ ਸੀ ॥ ੧੯ ॥

ਕਿ ਈਂ ਰਾ ਬਿਜ਼ਦ ਆਂ ਬ ਈਂ ਆਂ ਜ਼ਿਦੰਦ ॥

ਬ ਦੀਦਹ ਮਰਾ ਹਰ ਦੁ ਈਂ ਕੁਸਤਹ ਅੰਦ ॥ ੨੦ ॥

ਈਂ ਰਾ–ਇਸ ਨੇ । ਬਿਜ਼ਦ–ਮਾਰਿਆ । ਆਂ–ਉਸਨੇ । ਬ ਈਂ–ਇਸ ਨੂੰ। ਆਂ–ਉਸ। ਜ਼ਿਦੰਦ–ਮਾਰਿਆ । ਦੀਦਹ–ਵੇਖਦਿਆਂ । ਹਰ ਦੁ–ਦੋਵੇਂ। ਈਂ–ਇਸਤਰ੍ਹਾਂ। ਕੁਸਤਹ ਅੰਦ–ਕਤਲ ਹੋਏ

(ਫਿਰ ਕਹਿਣ ਲਗੀ)–ਜੋ ਇਸ ਨੇ ਉਸ ਨੂੰ ਮਾਰਿਆ ਹੈ ਅਤੇ ਉਸ ਨੇ ਇਸ ਨੂੰ ਮਾਰਿਆ ਹੈ। ਮੇਰੇ ਵੇਖਦਿਆਂ ਹੀ ਇਸ ਤਰ੍ਹਾਂ ਦੋਵੇਂ ਕਤਲ ਹੋ ਗਏ ਹਨ ॥ ੨੦ ॥

ਦਰੇਗ਼ਾ ਮਰਾ ਜਾ ਜ਼ਮੀਂ ਹਮ ਨ ਦਾਦ ॥
ਨ ਦਲਹੀਜ਼ ਦੋਜ਼ਖ਼ ਮਰਾ ਰਹ ਕੁਸ਼ਾਦ ॥ ੨੧ ॥

ਦਰੇਗਾ–ਅਫਸੋਸ । ਮਰਾ–ਮੈਨੂੰ । ਜਾ=ਜਗ੍ਹਾਂ।ਹਮ=ਭੀ । ਨ ਦਾਦ=ਨਹੀਂ ਦਿਤੀ । ਦਹਲੀਜ਼ =ਦਲੀਜ਼ (ਭਾਵ ਬੂਹਾ) । ਰਹ=ਰਸਤਾ । ਕੁਸ਼ਾਦ=ਖੁਲ੍ਹਾ ।

ਹਾਇ ! ਅਫਸੋਸ ! ਮੈਨੂੰ ਧਰਤੀ ਨੇ ਜਗ੍ਹਾ (ਵੇਹਲ) ਨਾ ਦਿਤੀ (ਨਹੀਂ ਤਾਂ ਮੈਂ ਧਰਤੀ ਵਿਚ ਗਰਕ ਹੋ ਜਾਂਦੀ । ਅਤੇ)ਨਾ ਹੀ ਮੈਨੂੰ ਦੋਜ਼ਕ ਦੇ ਰਾਹ ਦਾ ਬੂਹਾ ਖੁਲ੍ਹਾ(ਜੋ ਮੈਂ ਛਾਲ ਮਾਰ ਕੇ ਦੋਜ਼ਕ ਵਿਚ ਡਿਗ ਪੈਂਦੀ, ਹੁਣ ਇਸ ਬਿਪਤਾ ਨੂੰ ਮੈਂ ਕਿਸ ਤਰ੍ਹਾਂ ਲੰਘਾਂਗੀ) ॥ ੨੧ ॥

ਦੁ ਚਸਮੇ ਮਰਾ ਬੀਂ ਚਿਹ ਗਰਦੀਦਹ ਈਂ ॥
ਕਿ ਈਂ ਦੀਦਹੇ ਖ਼ੂੰਨਿ ਈਂ ਦੀਦਹ ਈਂ ॥ ੨੨ ॥

ਦੁ–ਦੋਵੇਂ । ਚਸ਼ਮੇ–ਅਖਾਂ । ਮਰਾ–ਮੇਰੀਆਂ । ਬੀਂ–ਵੇਖਦੀਆਂ । ਚਿਹ–ਕੀ । ਗਰਦੀਦਹ–ਹੋ ਗਿਆ।ਈਂ–ਏਹ । ਕਿ–ਜੋ । ਦੀਦਹ–ਅਖਾਂ । ਖ਼ੂੰਨਿ–ਕਤਲ, ਮਰਨਾ । ਦੀਦਹ=ਵੇਖਿਆ ।

ਮੇਰੀਆਂ ਦੋਹਾਂ ਅਖਾਂ ਦੇ ਵੇਖਦਿਆਂ ਵੇਖਦਿਆਂ ਇਹ ਕੀ ਹੋ ਗਿਆ ? ਜੋ ਇਨ੍ਹਾਂ ਅਖਾਂ ਨੇ ਇਸ ਤਰ੍ਹਾਂ ਖ਼ੂਨ ਹੁੰਦਾ ਵੇਖਿਆ ਹੈ ॥ ੨੨ ॥

ਬਿਹਲ ਮਨ ਤਨੇ ਤਰਕ ਦੁਨੀਆਂ ਕੁਨਮ ॥
ਫ਼ਕੀਰੇ ਸ਼ਵੁਮ ਮੁਲਕਿ ਚੀਂ ਮੇਰਵਮ ॥ ੨੩ ॥

ਬਿਹਲ–(ਬਿ–ਵਾਧੂ ਪਦ+ਹਲ)ਛਡ ਦਿਤਾ । ਮਨ–ਮੈਂ । ਤਨੇ–ਸਰੀਰ । ਤਰਕ–ਤਿਆਗ। ਕੁਨਮ–ਕਰਾਂ । ਸ਼ਵਮ–ਹੋਵਾਂ । ਮੁਲਕਿ ਚੀਂ–ਚੀਨ ਦੇਸ ਵਲ । ਮੇਰਵਮ–ਚਲੀ ਜਾਂਦੀ ਹਾਂ ।

(ਫਿਰ ਕਹਿਣ ਲਗੀ–ਬਚਿਓ ! ਤੁਸਾਂ ਮੇਰੇ) ਸਰੀਰ ਨੂੰ ਛਡ ਦਿਤਾ ਹੈ (ਹੁਣ) ਮੈਂ (ਭੀ) ਦੁਨੀਆਂ ਦਾ ਤਿਆਗ ਕਰਦੀ ਹਾਂ । ਫਕੀਰਨੀ ਹੋ ਕੇ ਚੀਨ (ਮਚੀਨ) ਦੇਸ ਵਲ ਚਲੀ ਜਾਂਦੀ ਹਾਂ (ਭਾਵ ਇਸ ਸ਼ੈਹਰ ਨੂੰ ਛਡ ਕੇ ਦੇਸ ਪ੍ਰਦੇਸਾਂ ਨੂੰ ਚਲੀ ਜਾਂਦੀ ਹਾਂ) ॥ ੨੩ ॥

ਬਿਗੁਫ਼ਤ ਈਂ ਸੁਖ਼ਨ ਰਾ ਕੁਨਦ ਜਾਮਹ ਚਾਕ ॥
ਰਵਾਂ ਸ਼ੁਦ ਸੂਏ ਦਸ਼ਤ ਚਕਮਾਕ ਚਾਕ ॥ ੨੪ ॥

ਗੁਫਤ–ਆਖੀ । ਈਂ ਸਖ਼ਨ–ਇਹ ਗਲ । ਰਾ–ਨੂੰ । ਕੁਨਦ–ਕੀਤਾ । ਜਾਮਹ–ਕਪੜੇ । ਚਾਕ –ਲੀਰਾਂ, ਪਾੜਨਾ । ਰਵਾਂ ਸ਼ੁਦ–ਤੁਰ ਪਈ । ਸੂਏ–ਵੱਲ,ਤਰਫ । ਦਸ਼ਤ–ਉਜਾੜ । ਚਕਮਾਕ–(ਨਾਮ ਹੈ) । ਇਹ ਗੱਲ ਆਖੀ ਅਤੇ ਕਪੜਿਆਂ ਨੂੰ ਪਾੜ ਕੇ ਲੀਰਾਂ ਕਰ ਦਿਤਾ । (ਅਤੇ) 'ਚਕਮਾਕ ਚਾਕ' ਉਜਾੜ ਵਲ ਨੂੰ ਤੁਰ ਪਈ ॥ ੨੪ ॥

ਕਿ ਆਂ ਜਾ ਬਿਦੀਦੰਦ ਖੁਸ਼ ਖ਼੍ਵਾਬਗਾਹ ॥
ਨਿਸ਼ਸਤਹ ਅਸਤ ਬਰ ਗਾਓ ਬਾ ਜ਼ਨ ਚੁ ਮਾਹ ॥ ੨੫ ॥

ਕਿ=ਜੋ। ਆਂ=ਉਸ। ਜਾ=ਜਗ੍ਹਾ। ਬਿਦੀਦੰਦ=ਵੇਖਿਆ। ਖੁਸ਼=ਸੋਹਣਾ। ਖ਼੍ਵਾਬਗਾਹ=ਸੌਣ ਦੀ ਜਗ੍ਹਾ। ਨਿਸ਼ਸਤਹ-ਬੈਠੀ। ਅਸਤ-ਹੈ। ਬਰ-ਉਤੇ। ਗਾਓ=ਬਲਦ, ਬੈਲ। ਬਾ=ਨਾਲ। ਜ਼ਨ=ਔਰਤ। ਚੁ=ਵਾਂਗੂ। ਮਾਹ=ਚੰਦ੍ਰਮਾ।

(ਕਿਉਂ) ਜੋ ਉਸ ਜਗ੍ਹ (ਤੇ ਜ਼ਾ ਕੇ,ਉਸ ਨੇ) ਸੌਣ ਦੀ ਚੰਗੀ ਜਗ੍ਹਾ ਨੂੰ ਵੇਖਿਆ(ਪਰ ਉਥੇ ਹੀ) ਬਲਦ ਉਤੇ(ਚੜ੍ਹਿਆ) ਬੈਠਾ (ਸ਼ਿਵਜੀ ਨੂੰ ਡਿਠਾ,ਜਿਸ ਦੇ)ਨਾਲ ਚੰਦ੍ਰਮਾ ਵਰਗੀ ਇਸਤ੍ਰੀ ਹੈ।੨੫॥

ਭਾਵ-ਉਹ ਚਕਮਾਕ ਚਾਕ ਉਜਾੜ ਵਿਚ ਚਲੀ ਗਈ,ਉਥੇ ਉਸਨੇ ਰਹਿਣ ਵਾਸਤੇ ਇਕਾਂਤ ਜਗ੍ਹਾ ਲਭੀ, ਜਿਥੇ ਸ਼ਿਵਜੀ ਤੇ ਪਾਰਬਤੀ ਬੈਠੇ ਹੋਏ ਸਨ।

ਬਿ ਪੁਰਸੀਦ ਓ ਰਾ ਕਿ ਐ ਨੇਕ ਜ਼ਨ ॥
ਹਮਾਯੂੰ ਦਰਖ਼ਤੇ ਚੋ ਸਰਵਿ ਚਮਨ ॥ ੨੬ ॥

ਪਰਸੀਦ-ਪੁਛਿਆ। ਰਾ-ਉਸ ਨੂੰ। ਨੇਕ ਜ਼ਨ=ਭਲੀ ਇਸਤ੍ਰੀ। ਹਮਾਯੂੰ=ਭਾਗਾਂ ਵਾਲਾ। ਚੋ =ਵਰਗਾ। ਸਰਵਿ=ਸਰੂ ਬ੍ਰਿਛ। ਚਮਨ=ਬਗੀਚੀ।

ਉਨ੍ਹਾਂ ਨੇ ਉਸ ਨੂੰ ਪੁਛਿਆ-ਹੇ ਭਲੀ ਇਸਤ੍ਰੀਏ! ਬਗੀਚੀ ਦੇ ਵਿਚ ਸਰੂ ਬ੍ਰਿਛ ਵਾਂਗੂ (ਲੰਮੇ ਪਤਲੇ ਸਰੀਰ ਵਾਲੀ ਤੂੰ ਕੌਣ) ਭਾਗਾਂ ਵਾਲੀ ਹੈਂ? ॥੨੬॥

ਕਿ ਹੂਰੇ ਪਰੀ ਤੋ ਚੁ ਨੂਰੇ ਜਹਾਂ ॥
ਕਿ ਮਾਹਿ ਫ਼ਲਕ ਆਫ਼ਤਾਬੇ ਯਮਾਂ ॥ ੨੭ ॥

ਕਿ=ਜਾਂ। ਮਾਹਿ=ਚੰਦਰਮਾਂ। ਫ਼ਲਕ=ਅਕਾਸ਼। ਆਫ਼ਤਾਬੇ=ਸੂਰਜ। ਯਮਾਂ-ਯਮਨ,ਜਗਤ।

ਤੂੰ ਹੂਰ ਹੈਂ ਜਾਂ ਪਰੀ ਹੈਂ? ਜਾਂ ਜਗਤ ਦੇ ਚਾਨਣ ਕਰਨ ਵਾਲੀ ਹੈਂ? ਜਾਂ ਅਕਾਸ਼ ਦਾ ਚੰਦ੍ਰਮਾ ਹੈਂ ਜਾਂ ਜਗਤ ਦ ਸੂਰਜ ਹੈਂ ॥੨੭॥

ਨ ਹੂਰੋ ਪਰੀ ਅਮ ਨ ਨੂਰਿ ਜਹਾਂ ॥
ਜਨਮ ਦੁਖ਼ਤਰੇ ਸ਼ਾਹਿ ਜ਼ਾਬਿਲਸਤਾਂ ॥ ੨੮ ॥

ਮਨਮ-ਮੈਂ ਹਾਂ। ਦੁਖ਼ਤਰੇ=ਲੜਕੀ। ਜ਼ਾਬਿਲਸਤਾਂ=ਜਾਬਿਲਸਤਾਨ ਇਕ ਦੇਸ ਦਾ ਨਾਮਹੈ।

(ਉਸ ਨੇ ਕਿਹਾ -ਨਾ ਮੈਂ ਹੂਰ ਹਾਂ, ਨਾ ਪਰੀ ਹਾਂ, ਨਾ ਹੀ ਜਗਤ ਦਾ ਚਾਨਣ ਹਾਂ। ਮੈਂ ਜ਼ਾਬਲਿਸਤਾਨ ਦੇ ਰਾਜੇ ਦੀ ਲੜਕੀ ਹਾਂ ॥੨੮॥

ਬਿਪੁਰਸੀਦ ਦਰਾਮਦ ਪਰਸਤਸ਼ ਨਮੂਦ ॥
ਬ ਨਿਜ਼ਦਸ਼ ਜ਼ਦਾਂ ਰਾ ਬਫ਼ੁਰਸਤ ਕਸੂਦ ॥ ੨੯ ॥

ਪਰਸੀਦ=ਪੁਛਣਾ। ਦਰਾਮਦ=ਆਇਆ। ਪਰਸਤਸ਼-ਨਮਸ਼ਕਾਰ। ਨਮੂਦ=ਕੀਤੀ। ਨਿਜ਼ਦਸ਼=ਉਸ ਦੇ ਕੋਲ। ਫ਼ੁਰਸਤ=ਵੇਹਲ। ਕਸੂਦ=ਖੋਲ੍ਹਿਆ।

(ਜਦੋਂ ਸ਼ਿਵਜੀ ਨੇ ਉਸ ਤੋਂ) ਪੁਛਣਾ ਕੀਤੀ,(ਤਾਂ ਪਹਿਲੇ ਉਸ ਨੇ) ਨਮਸ਼ਕਾਰ ਕੀਤੀ।(ਫਿਰ) ਉਸ ਦੇ ਕੋਲ ਧੀਰਜ ਨਾਲ ਜੀਭ ਨੂੰ ਖੋਲ੍ਹਿਆ (ਭਾਵ ਬੜੇ ਠਰ੍ਹੰਮੇ ਨਾਲ ਗੱਲ ਕੀਤੀ) ॥੨੯॥

ਬਦੀਦਨ ਤੁਰਾ ਮਨ ਬਸ ਅਜ਼ੁਰਦਹ ਅਮ ॥
ਬਿਗੋਈ ਤੋ ਹਰ ਚੀਜ਼ ਬਖ਼ਸ਼ੀਦਹ ਅਮ ॥ ੩੦ ॥

ਦੀਦਨ—ਵੇਖਣਾ। ਤੁਰਾ—ਤੈਨੂੰ। ਮਨ—ਮੈਂ। ਬਸ—ਬਹੁਤ। ਅਜ਼ੁਰਦਹ ਅਮ—ਦੁਖੀ ਹੋਇਆ ਹਾਂ। ਬਿਗੋਈ—ਆਖੇ। (ਸ਼ਿਵਜੀ ਨੇ ਕਿਹਾ) ਤੈਨੂੰ ਵੇਖਦਿਆਂ ਹੀ ਮੈਂ ਬਹੁਤ ਦੁਖੀ ਹੋਇਆ ਹਾਂ। ਜੇ ਤੂੰ ਆਖੇਂ ਤਾਂ ਸਾਰੀਆਂ ਚੀਜ਼ਾਂ ਤੈਨੂੰ ਬਖਸ ਦੇਵਾਂ ? ॥੩੦॥

ਬਹੰਗਾਮਿ ਪੀਰੀ ਜਵਾਂ ਮੇਸ਼ਵਮ ॥
ਬਮੁਲਕਿ ਹਮਾਂ ਯਾਰ ਮਨ ਮੇਰਵਮ ॥ ੩੧ ॥

ਬਹੰਗਾਮਿ—ਸਮਾਂ, ਉਮਰਾ ਤੋਂ। ਪੀਰੀ-ਬੁਢੇਪਾ। ਜਵਾਂ—ਜਵਾਨ। ਮੇਸਵਮ—ਮੈਂ ਹੋ ਜਾਵਾਂ। ਹਮਾਂ—ਉਸੇ। ਮਨ—ਮੈਂ ਮਰਵਮ—ਚਲੀ ਜਾਵਾਂ। ਉਸ ਨੇ ਕਿਹਾ-ਬ੍ਰਿਧ ਉਮਰ ਤੋਂ ਜਵਾਨ ਹੋ ਜਾਵਾਂ। ਅਤੇ ਉਸੇ ਹੀ ਯਾਰ ਦੇ ਦੇਸ ਵਿਚ ਮੈਂ ਚਲੀ ਜਾਵਾਂ (ਮੈਂ ਏਹੋ ਚਾਹੁੰਦੀ ਹਾਂ) ॥੩੧॥

ਬਿ ਦਾਨਿਸ਼ ਤੋ ਦਾਨੀ ਬਗ਼ਰ ਈਂ ਵਫ਼ਾ ॥
ਬਿਯਾਦ ਆਮਦਸ਼ ਬਦਤਰੀਂ ਬੇਵਫ਼ਾ ॥ ੩੨ ॥

ਬਿ—ਨਾਲ। ਦਾਨਿਸ਼—ਬੁਧੀ। ਦਾਨੀ—ਜ਼ਾਣਦੀਹੈਂ। ਬਗਰ-ਜੇਕਰ। ਈਂ—ਇਹ। ਵਫ਼ਾ—ਭਲਾ ਕੰਮ। ਬਿਯਾਦ—ਚੇਤੇ। ਆਮਦਸ਼-ਆਇਆ। ਬਦਤਰੀਂ-ਬਹੁਤ ਬੁਰਾ। ਬੇਵਫ਼ਾ—ਖੋਟਾ। ਸ਼ਿਵਜੀ ਨੇ (ਕਿਹਾ-ਜੇਕਰ ਤੂੰ ਬੁਧੀ ਵਿਚ ਇਹ ਗੱਲ ਚੰਗੀ ਜਾਣੀ ਹੈ) ਤਾਂ ਅਜੇਹਾ ਹੋਵੇ। ਪਰ ਤੈਨੂੰ ਉਹ ਬਹੁਤ ਹੀ ਬੁਰਾ ਤੇ ਖੋਟਾ (ਖਿਆਲ) ਚਿਤ ਵਿਚ ਆਇਆ ਹੈ ॥੩੨॥

ਵਜ਼ਾਂ ਜਾ ਬਿਯਾਮਦ ਬਗਿਰਦੇ ਚੁ ਚਾਹ ॥
ਕਜ਼ਾਂ ਜਾ ਅਜ਼ੋ ਬੂਦ ਨਖਚੀਰਗਾਹ ॥ ੩੩ ॥

ਵਜ਼ਾਂ ਜਾ-ਉਸ ਜਗ੍ਹਾ ਤੋਂ। ਬਿਯਾਮਦ—ਆਈ। ਗਿਰਦ—ਨੇੜੇ। ਚੁ—ਜਦ। ਚਾਹ—ਖੂਹ। ਕਜ਼ਾਂ ਜਾ—ਜੋ ਜਗ੍ਹਾ। ਅਜ਼ੋ ਬੂਦ-ਉਸ ਦੀ ਸੀ। ਨਖਚੀ ਗਾਹ-ਸ਼ਿਕਾਰਗਾਹ। ਉਸ ਜਗ੍ਹਾ ਤੋਂ (ਭਾਵ ਸ਼ਿਵਜੀ ਪਾਸੋਂ) ਜਦ ਖੂਹ ਦੇ ਨੇੜੇ ਆਈ। ਜੋ ਕਿ ਉਸ (ਦੇ ਮਿਤਰ) ਦੀ ਸ਼ਿਕਾਰ (ਖੇਡਣ) ਵਾਲੀ ਜਗ੍ਹਾ ਸੀ ॥੩੩॥

ਬ ਸੈਰੇ ਦਿਗਰ ਰੋਜ਼ ਆਮਦ ਸਿਕਾਰ ॥
ਚੁ ਮਿਨਕਾਰ ਅਜ਼ ਬਾਸ਼ਹ ਏ ਨੌ ਬਹਾਰ ॥ ੩੪ ॥

ਬ—ਵਾਸਤੇ। ਚੁ—ਵਾਂਗੂ। ਮਿਨਕਾਦ—ਚੁੰਜ। ਬਾਸਹ—(ਸ਼ਿਕਾਰੀ ਪੰਛੀ ਦਾ ਨਾਮ ਹੈ)। ਦੂਜੇ ਦਿਨ ਸ਼ੇਰ ਦੇ ਸ਼ਿਕਾਰ ਵਾਸਤੇ (ਉਸ ਦਾ ਯਾਰ) ਆਇਆ। ਜੋ ਬਸੰਤ ਰੁਤ ਦੇ ਬਾਸ਼ੇ ਦੀ ਲਾਲ ਚੁੰਜ ਵਰਗਾ ਸੀ ॥੩੪॥

ਕਿ ਬਰਖਾਸਤ ਪੇਸ਼ਸ ਗਵਜ਼ਨੇ ਅਜ਼ੀਮ ॥
ਰਵਾਂ ਕਰਦ ਅਸਤ ਹਮਚੋ ਬਾਦੇ ਨਸੀਮ ॥ ੩੫ ॥

ਬਰਖਾਸਤ-ਉਠਿਆ। ਪੇਸ਼ਸ—ਉਸ ਦੇ ਅਗੇ। ਗਵਜ਼ਨੋ-ਇਕਜੰਗਲੀ ਗਊ। ਅਜ਼ੀਮ—ਵਡੀ

ਰਵਾਂ ਕਰਦ=ਤੋਰਿਆ। ਅਸਪ=ਘੋੜਾ। ਹਮਚੁ=ਵਾਂਗੂ। ਬਾਦੇ=ਹਵਾ। ਨਸੀਮ=ਸਵੇਰਾ।

ਉਸ ਦੇ ਅਗੇ ਇਕ ਵਡਾ ਗਵੱਯਜਨ (ਰੋਝ) ਉਠ ਭਜਿਆ। (ਉਸ ਨੇ ਭੀ) ਉਸ ਦੇ ਪਿਛੇ ਸਵੇਰ ਦੀ ਹਵਾ ਵਾਂਗੂ ਘੋੜਾ ਤੋਰ ਦਿਤਾ ॥੩੫॥

ਬਸੇ ਦੂਰ ਗਸ਼ਤਸ਼ ਨ ਮਾਂਦਹ ਦਿਗਰ ॥

ਨ ਆਬੋ ਨ ਪੋਸ਼ਹ ਨ ਅਜ਼ ਖ਼ੁਦ ਖਬਰ ॥ ੩੬ ॥

ਬਸੇ-ਬਹੁਤ। ਗਸ਼ਤ ਸ਼=ਚਲੇ ਗਏ, ਉਹ। ਨ ਮਾਂਦਹ=ਨਾ ਰਿਹਾ। ਦਿਗਰ-ਹੋਰ। ਆਬੋ-ਪਾਣੀ। ਤੋਹਸ਼=ਖੁਰਾਕ। ਅਜ਼ ਖ਼ੁਦ=ਆਪਣਾ ਆਪ।

ਬਹੁਤ ਦੂਰ ਚਲਾ ਗਿਆ, [ਉਸ ਦੇ ਨਾਲ ਹੋਰ] ਦੂਜਾ ਨਾ ਰਿਹਾ। ਨਾ ਪਾਣੀ, ਨਾ ਖੁਰਾਕ ਅਤੇ ਨਾ ਹੀ ਆਪਣੇ ਆਪ ਦੀ ਖਬਰ ਰਹੀ ॥ ੩੬ ॥

ਰਵਾਂ ਓ ਸ਼ੁਦਹ ਬਾ ਤਨੇ ਨੌ ਜਵਾਂ ॥

ਨ ਹੂਰੋ ਪਰੀ ਆਫ਼ਤਾਬੇ ਜਹਾਂ ॥ ੩੭ ॥

ਰਵਾਂ ਓ ਸ਼ੁਦਹ-ਉਹ ਤੁਰ ਪਈ। ਬ-ਨਾਲ। ਤਨੇ-ਸ੍ਰੀਰ ਦੇ। ਆਫ਼ਤਾਬੇ ਜਹਾਂ-ਜਗਤ ਦਾ ਸੂਰਜ। ਉਹ ਨੌਜਵਾਨ ਤਨ ਨਾਲ ਤੁਰ ਪਈ। (ਜਿਸ ਵਰਗਾ) ਜਗਤ [ਉਤੇ] ਨਾ ਹੂਰ ਤੇ ਪਰੀ ਹੈ ਅਤੇ ਨਾ ਹੀ ਸੂਰਜ ਹੈ ॥ ੩੭ ॥

ਬਦੀਦਨ ਵਜ਼ਾਂ ਸ਼ਾਹ ਆਸ਼ੁਫਤਹ ਗਸ਼ਤ ॥

ਕਿ ਅਜ਼ ਖ਼ੁਦ ਖਬਰ ਰਫ਼ਤ ਵ ਅਜ਼ ਹੋਸ਼ ਦਸ਼ਤ ॥ ੩੮ ॥

ਬਦੀਦਨ-ਵੇਖਣ ਨਾਲ। ਵਜ਼ਾਂ=ਉਸ ਨੂੰ। ਸ਼ਾਹ-ਰਾਜਾ। ਆਸ਼ੁਫਤਹ-ਮੋਹਤ। ਗਸ਼ਤ-ਹੋ ਗਿਆ। ਖ਼ੁਦ ਖਬਰ ਰਫ਼ਤ=ਆਪਣੀ ਸੁਰਤ ਜਾਂਦੀ ਰਹੀ। ਹੋਸ਼-ਸੁਰਤ।

ਉਸ ਨੂੰ ਵੇਖਣ ਸਾਰ ਹੀ ਰਾਜਾ ਮੋਹਤ ਹੋ ਗਿਆ। ਜੋ [ਉਸ ਨੂੰ] ਆਪਣੀ ਸੁਰਤ ਜਾਂਦੀ ਰਹੀ ਤੇ ਹਥ ਤੋਂ ਸੁਰਤ ਭੀ ਚਲੀ ਗਈ ॥ ੩੮ ॥

ਭਾਵ-ਉਸ ਨੌਜਵਾਨ ਇਸਤ੍ਰੀ ਨੂੰ ਵੇਖਣ ਸਾਰ ਉਸ ਦੇ ਮਿਤ੍ਰ ਰਾਜੇ ਦੀ ਹੋਸ਼ ਮਾਰੀ ਗਈ ਅਤੇ ਸੁਰਤ ਹਥੋਂ ਨਿਕਲ ਗਈ, ਉਸ ਉਤੇ ਹੀ ਮੋਹਤ ਹੋ ਗਿਆ।

ਕਿ ਕਸਮਿ ਖ਼ੁਦਾ ਮਨ ਤੁਰਾ ਮੇ ਕੁਨਮ ॥

ਕਿ ਅਜ਼ ਜਾਨਿ ਜਾਨੀ ਤੋ ਬਰਤਰ ਕੁਨਾਮ ॥ ੩੯ ॥

ਮਨ-ਮੈਂ। ਤੁਰਾ-ਤੈਨੂੰ। ਅਜ਼-ਨਾਲੋਂ। ਜਾਨਿ ਜਾਨੀ-ਜਿੰਦ ਤੋਂ ਪਿਆਰੀ। ਬਰਤਰ-ਵਧਕੇ।

ਮੈਂ ਤੇਰੇ [ਕੋਲ] ਖ਼ੁਦਾ ਦੀ ਸਹੁੰ ਕਰਦਾ ਹਾਂ। ਜੋ ਤੈਨੂੰ [ਆਪਣੀ] ਜਿੰਦ ਨਾਲੋਂ ਭੀ ਵਧ ਕੇ ਪਿਆਰ ਕਰਦਾ ਹਾਂ ॥ ੩੯ ॥

ਭਾਵ-ਉਸ ਦੇ ਯਾਰ ਨੇ ਉਸ ਨੂੰ ਦਿਲਬਰੀਆਂ ਦੇਂਦਿਆਂ ਰਬ ਦੀ ਸਹੁੰ ਖਾ ਕੇ ਕਿਹਾ-ਮੈਂ ਤੈਨੂੰ ਆਪਣੀ ਜਿੰਦ ਨਾਲੋਂ ਵਧੀਕ ਪਿਆਰੀ ਜਾਣਦਾ ਹਾਂ ਅਤੇ ਸਦਾ ਇਸੇ ਤਰ੍ਹਾਂ ਪਿਆਰ ਕਰਾਂਗਾ ਤੂੰ ਮੇਰੇ ਨਾਲ ਪਿਆਰ ਕਰ।

ਉਜ਼ਰ ਕਰਦ ਓ ਚੂੰ ਦੋ ਸਿਹ ਚਾਰ ਬਾਰ ॥

ਹਮ ਆਖ਼ਰ ਬਿਗੁਫਤਨ ਵਜ਼ਾਂ ਕਰਦ ਕਾਰ ॥ ੪੦ ॥

ਉਜ਼ਰ—ਨਾਂਹ ਨੁਕਰ । ਕਰਦ—ਕੀਤੀ । ਦੋ ਸਿਹ ਚਾਰ-ਦੋ ਤਿੰਨ ਚਾਰ । ਹਮ ਆਖ਼ਰ—ਅੰਤ ਨੂੰ । ਬਿਗੁਫਤਨ—ਕਹਿਣਾ । ਵਜ਼ਾਂ—ਉਸ ਦੇ ।

(ਪਹਿਲੇ ਉਸ ਔਰਤ ਨੇ) ਦੋ ਤਿੰਨ ਚਾਰ ਵੇਰੀ ਨਾਂਹ-ਨੁਕਰ ਕੀਤੀ । (ਪਰ) ਅੰਤ ਨੂੰ ਉਸ ਦੇ ਕਹਿਣ (ਦੇ ਮੁਤਾਬਿਕ) ਕੰਮ ਕੀਤਾ ॥ ੪੦ ॥

ਬਿ ਬੀਂ ਗਰਦਸ਼ਿ ਬੇਵਫ਼ਾਇ ਜ਼ਮਾਂ ॥
ਕਿ ਖ਼ੂੰਨਿ ਸਿਆਵਸ਼ ਨ ਮਾਨਦ ਨਸ਼ਾਂ ॥ ੪੧ ॥

ਬਿ—(ਵਾਧੂ) । ਬੀਂ—ਵੇਖ । ਗਰਦਸ਼—ਚੱਕ੍ਰ,ਤੋਰ । ਬੇਵਫ਼ਾਇ ਜ਼ਮਾਂ—ਜ਼ਮਾਨੇ ਦੀ ਬੇਵਫਾਈ । ਮਾਨਦ—ਰਿਹਾ । ਨਸ਼ਾਂ—ਨਿਸ਼ਾਨ । ਸਿਆਵਸ਼—ਇਕ ਰਾਜਪੂਤ ਸੂਰਮੇ ਦਾ ਨਾਮ ਹੈ, ਜੋ ਆਪਣੇ ਪਿਉ 'ਕੈਕਾਉਸ' ਨਾਲ ਗੁਸੇ ਰਾਜੀ ਹੋ ਕੇ ਘਰੋਂ ਨਿਕਲ ਕੇ 'ਅਫ਼ਰਾ ਸਿਆਬ' ਕੋਲ ਚਲਾ ਗਿਆ ਸੀ । ਉਸ ਨੇ ਇਸ ਦਾ ਬੜਾ ਆਦਰ ਸਤਕਾਰ ਕੀਤਾ ਅਤੇ ਆਪਣੀ ਲੜਕੀ ਇਸ ਨੂੰ ਵਿਆਹ ਦਿਤੀ,ਪਰ ਅੰਤ ਨੂੰ ਕਿਸੇ ਦੋਸ਼ ਤੋਂ ਬਿਨਾਂ ਹੀ ਇਸ ਨੂੰ ਮਰਵਾ ਦਿਤਾ ਸੀ ।

ਜ਼ਮਾਨੇ ਦੀ ਬੇਵਫਾਈ ਦੇ ਚਕ੍ਰ ਨੂੰ ਵੇਖ । ਜੋ 'ਸਿਆਵਸ਼' ਮਾਰਿਆ ਗਿਆ (ਅਤੇ ਉਸ ਦਾ) ਨਿਸ਼ਾਨ ਭੀ ਨਾ ਰਿਹਾ ॥ ੪੧ ॥

ਕੁਜਾ ਸ਼ਾਹਿ ਕੈ ਖੁਸਰੋ ਓ ਜਾਮ ਜਮ ॥
ਕੁਜਾ ਸ਼ਾਹਿ ਆਦਮ ਮੁਹੰਮਦ ਖ਼ਤਮ ॥ ੪੨ ॥

ਕੁਜਾ—ਕਿਥੇ । ਸ਼ਾਹਿ—ਰਾਜਾ । ਕੈ ਖ਼ੁਸਰੋ—(ਇਹ ਰਾਜਿਆਂ ਦੇ ਨਾਮ ਹਨ)। ਜਾਮ—ਪਿਆਲਾ । ਜਮ—ਜਮਸ਼ੇਦ । ਆਦਮ—ਬਾਬਾ ਆਦਮ, ਕੁਰਾਨ ਦੇ ਕਥਨ ਅਨੁਸਾਰ ਦੁਨੀਆਂ ਦੇ ਸਭ ਤੋਂ ਪਹਿਲੇ ਮਨੁਖ ਦਾ ਨਾਮ ਹੈ । ਖ਼ਤਮ—ਅਖੀਰਲਾ (ਪੈਗੰਬਰ) ।

ਕਿਥੇ ਹੈ ਰਾਜਾ ਕੈ, (ਰਾਜਾ) ਖੁਸਰੋ (ਅਤੇ ਰਾਜਾ) ਜਮਸ਼ੇਦ (ਤੇ ਉਸ ਦਾ) ਪਿਆਲਾ ਕਿਥੇ ਹੈ ? (ਦੁਨੀਆਂ ਦਾ ਸਭ ਤੋਂ ਪਹਿਲਾਂ ਜੰਮਿਆਂ) 'ਆਦਮ' (ਅਤੇ ਸਭ ਤੋਂ) ਅਖੀਰਲਾ (ਪੈਗੰਬਰ) ਮੁਹੰਮਦ ਕਿਥੇ ਹੈ ? ॥ ੪੨ ॥

ਫਿਰੇਦੂੰ ਕੁਜਾ ਬਹਮਨ ਅਸਫੰਦ ਯਾਰ ॥
ਨ ਦਾਰਾਬ ਦਾਰਾ ਦਰਾਮਦ ਸ਼ੁਮਾਰ ॥ ੪੩ ॥

(ਬਾਦਸ਼ਾਹ) ਫਿਰੇਦੂੰ, ਬਹਮਨ ਤੇ ਅਸਫੰਦ ਯਾਰ ਕਿਥੇ ਹਨ ? ਨਾ ਦਾਰਾਬ ਹੈ, ਨਾ ਦਾਰਾ ਹੈ, (ਇਨੇ ਰਾਜੇ ਸਨ, ਜਿਨ੍ਹਾਂ ਦੀ) ਗਿਨਤੀ ਨਹੀਂ ਆਉਂਦੀ(ਕੋਈ ਭੀ ਨਹੀਂ ਰਿਹਾ) ॥ ੪੩ ॥

ਕੁਜ਼ਾ ਸ਼ਾਹ ਅਸਕੰਦਰ ਓ ਸ਼ੇਰ ਸ਼ਾਹ ॥
ਕਿ ਯਕ ਹਮ ਨਮਾਂਦਸਤ ਜ਼ਿੰਦਾ ਬਜਾਹ ॥ ੪੪ ॥

ਹਮ—ਭੀ । ਨਮਾਂਦਸਤ—(ਨ+ਮਾਂਦ+ਅਸਤ) ਨਹੀਂ ਰਿਹਾ ਹੈ । ਬਜਾਹ—ਜਗ੍ਹਾ ਉਤੇ ।

ਅਸਕੰਦਰ ਬਾਦਸ਼ਾਹ ਅਤੇ ਸ਼ੇਰ ਸਾਹ (ਬਾਦਸ਼ਾਹ) ਕਿਥੇ ਹੈ ? ਜੋ (ਰਾਜੇ ਹੋਏ ਹਨ, ਉਨ੍ਹਾਂ ਵਿਚੋਂ) ਇਕ ਭੀ ਜੀਊਂਦਾ (ਹੋਇਆ ਆਪਣੀ) ਜਗ੍ਹਾ ਉਤੇ ਨਹੀਂ ਰਿਹਾ ॥ ੪੪ ॥

ਕੁਜਾ ਸ਼ਾਹ ਤੈਮੂਰ ਬਾਬਰ ਕੁਜਾਸਤ ॥
ਹਮਾਯੂੰ ਕੁਜਾ ਸ਼ਾਹ ਅਕਬਰ ਕੁਜਾਸਤ ॥ ੪੫ ॥

ਤੈਮੂਰ ਬਾਦਸ਼ਾਹ ਕਿਥ ਹੈ ? ਬਾਬਰ ਕਿਥੇ ਹੈ ? ਅਤੇ ਹਮਾਯੂੰ ਕਿਥੇ ਹੈ ? ਅਤੇ ਅਕਬਰ ਬਾਦਸ਼ਾਹ ਕਿਥੇ ਹੈ ? ॥

ਬਿਦਿਹ ਸਾਕੀਆ ਸੁਰਖ ਰੰਗੋ ਫਰੰਗ ॥
ਖੁਸ਼ ਆਮਦ ਮਰਾ ਵਕਤਿ ਜ਼ਦ ਤੇਗ਼ ਜੰਗ ॥ ੪੬ ॥

ਫਰੰਗ=ਇਕ ਦੇਸ਼ ਦਾ ਨਾਮ ਹੈ। ਮਰਾ=ਮੈਨੂੰ। ਜ਼ਦ ਤੇਗ਼-ਤਲਵਾਰ ਮਾਰਨੀ।

ਹੇ ਸਾਕੀ ! ਫਰੰਗ (ਦੇਸ਼ ਦਾ) ਲਾਲ ਰੰਗ ਦਾ (ਪਿਆਲਾ) ਦੇਹੁ। (ਜੋ) ਮੈਨੂੰ ਜੁਧ ਵਿਚ ਤਲਵਾਰ ਮਾਰਨ ਦੇ ਸਮੇਂ ਵਿਚ ਚੰਗਾ ਲਗਦਾ ਹੈ ॥ ੪੬ ॥

ਬਮਨ ਦਿਹ ਕਿ ਖ਼ੁਦ ਰਾ ਪਯੋਹਸ਼ ਕੁਨਮ ॥
ਬ ਤੇਗ਼ ਆਜ਼ਮਾਈ ਸ਼ੁਕੋਹਸ਼ ਕੁਨਮ ॥ ੪੭ ॥ ੮ ॥

ਬਮਨ=ਮੈਨੂੰ। ਖ਼ੁਦ ਰਾ=ਆਪ ਨੂੰ। ਪਯਹਸ਼=ਢੂੰਡ, ਵਿਚਾਰ। ਤੇਗ਼ ਆਜ਼ਮਾਈ-ਤਲਵਾਰ ਚਲਾਉਣੀ। ਸ਼ੁਕੋਹਸ਼ ਦਬਾਉਣਾ।

ਮੈਨੂੰ ਦੇਹੁ, ਜੋ ਆਪਣੇ (ਸਰੂਪ) ਦੀ ਵਿਚਾਰ ਕਰਾਂ। ਤਲਵਾਰ ਚਲਾਉਂਦਾ ਹੋਇਆ (ਕਾਮਾਦਿਕਾਂ ਨੂੰ ਦਬਾਉਣਾ ਕਰਾਂ ॥ ੪੭ ॥ ੮ ॥

ਭਾਵ-ਹੇ ਸਤਗੁਰੋ ! ਮੈਨੂੰ ਪਵਿਤ੍ਰ ਪਰੇਮ ਦੀ ਦਾਤ ਬਖਸੋ, ਜੋ ਪਰੇਮ ਕਾਮਾਦਿਕਾਂ ਦੇ ਜਧ ਵਿਚ ਮੈਨੂੰ ਮਦਦ ਦੇਵੇਗਾ।

ਮੈਨੂੰ ਪਰੇਮ ਦਾ ਪਿਆਲਾ ਦੇਹੁ, ਜਿਸ ਨਾਲ ਮੈਂ ਆਪਣੇ ਆਪ ਦੀ ਵਿਚਾਰ ਕਰਾਂ ਕਿ ਮੈਂ ਕਿਸ ਕੰਮ ਲਈ ਇਥੇ ਆਇਆ ਹਾਂ ਅਤੇ ਕੀ ਕਰ ਰਿਹਾ ਹਾਂ?ਉਹ ਪਰੇਮ ਪਿਅ ਲਾ ਦੇਹੁ,ਜਿਸ ਦੀ ਕ੍ਰਿਪਾ ਨਾਲ ਮੈ ਕਾਮਾਦਿਕ ਵੈਰੀਆਂ ਉਤੇ ਫਤੇ ਪਾ ਕੇ ਤੇਰੇ ਦਰਬਾਰ ਵਿਚ ਸੁਚਾ ਤੇ ਸਚਾ ਹੋਵਾਂ।

-o-

ਸਿਖਯਾ-ਪਹਿਲੇ ਇਕ ਛਿਨਾਰ ਔਰਤ ਦੀ ਕਹਾਣੀ ਲਿਖੀ ਹੈ। ਉਸ ਦੇ ਲਿਖਣ ਦ ਕੀ ਲੋੜ ਸੀ ? ਔਰੰਗਜ਼ੇਬ ਨੇ ਇਸ ਕਹਾਣੀ ਤੋਂ ਜ਼ਾਹਰ ਕੀਤਾ ਹੈ-ਵੇਖ, ਉਸ ਤੀਵੀਂ ਨੇ ਆਪਣੇ ਯਾਰ ਦੀ ਖਾਤਰ ਸਕੇ ਪੁਤ੍ਰਾਂ ਨੂੰ ਆਪਣੇ ਹਥਾਂ ਨਾਲ ਮਾਰ ਦਿਤਾ ਤੇ ਫਿਰ ਫਕੀਰਨੀ ਹੋ ਕੇ ਜੰਗਲ ਵਿਚ ਗਈ ਉਥੇ ਉਸ ਦੇ ਕਿਸੇ ਪਿਛਲੇ ਪੁੰਨ ਪ੍ਰਤਾਪ ਕਰਕੇ ਉਸ ਮਹਾਤਮਾ ਦੇ ਦਰਸ਼ਨ ਹੋ ਗਏ,ਜਿਨ੍ਹਾਂ ਨੇਪ੍ਰਸੰਨ ਹੋ ਕੇ ਇਸ ਦੇ ਕਰਮਾਂ ਨੂੰ ਨਹੀਂ ਵੇਖਿਆਪਰਦੀਨ ਦਸ਼ਾ ਤੇ ਮਲੀਨ ਵਸ ਵੇਖ ਕੇ ਦਿਆਲਤਾਕੀਤੀ। ਵਰ ਦੇਣ ਲਈ ਤਿਆਰ ਹੋਏ ਅਤੇ ਵਰ ਭੀਦੇ ਦਿਤਾ, ਪਰ ਵੇਖਿਆ ਈ ਉਸ ਦੀ ਕਿਸਮਤ?ਕਲਪ ਬ੍ਰਿਛ ਪਾਸੋਂ ਉਸ ਨੇ ਕਚਾ ਕੌਡੀ ਦੀ ਮੰਗ ਕੀਤੀ ਹੈ! ਮਹਾਤਮਾ ਵਰ ਮੰਗਣ ਲਈ ਕਹਿੰਦੇ ਹਨ,ਪਰ ਇਹ ਕੀ ਮੰਗਦੀ ਹੈ ? ਜੁਆਨੀ ਅਤੇ ਯਾਰ ਦਾ ਮੇਲ।

ਮਹਾਂ ਪੁਰਸ਼ਾਂ ਪਾਸੋਂ ਨਾਮ ਰਬ ਦਾ ਸਿਮਰਨ, ਰਬ ਦਾ ਪਿਆਰ, ਰਬੀ ਰੰਗ ਤੇ ਰਬ ਦੇ ਦਰਸ਼ਨ ਨਹੀਂ ਮੰਗੇ, ਸਚ ਸੁਖ-ਆਤਮ ਸੁਖ, ਮੁਕਤੀ ਨਹੀਂ ਮੰਗੀ। ਮੰਗੇ ਭੀ ਕਿਸ ਤਰ੍ਹਾਂ ? ਕਿਉਂਕਿ-

ਸੰਪੈ ਕਉ ਈਸਰ ਧਿਆਈਐ ॥ ਸੰਪੈ ਪੁਰਬ ਲਿਖੇ ਕੀ ਪਾਈਐ ॥

ਪੂਰਬ ਲਿਖੀ ਸੰਪਦਾ ਹੀ ਪਾਉਣੀ ਹੈ। ਜਦ ਗੰਦ ਹੂੰਝਣਾ ਹੀ ਉਸ ਦੇ ਕਰਮਾਂ ਵਿਚ ਲਿਖਿਆ ਨੂੰ ਤਾਂ ਅੰਮ੍ਰਿਤ ਦੀ ਮੰਗ ਕਿਵੇਂ ਕਰ ਲਵੇ ?

ਇਸੇ ਤਰ੍ਹਾਂ ਤੂੰ ਅਨੇਕਾਂ ਵਰ੍ਹੇ ਤਪ ਕੀਤਾ ਹੈ, ਕਿਉਂਕਿ ਤਪ ਤੋਂ ਬਿਨਾਂ ਰਾਜ ਨਹੀਂ ਮਿਲਦਾ। ਤੇਰਾ ਤਪ ਪ੍ਰਵਾਨ ਹੋਇਆ,ਪ੍ਰਭੂ ਨੇ ਤੈਨੂੰ ਵਰ ਮੰਗਣ ਲਈ ਕਿਹਾ,ਤੂੰ ਵਰ ਮੰਗਿਆ ਪਰ ਉਸੇ ਤਰ੍ਹਾਂ ਹੀ,ਠੀਕ ਉਸੇ ਛਿਨਾਰ ਔਰਤ ਵਰਗਾ ਹੀ। ਭਲਾ ਭਾਈ! ਜੇਕਰ ਤੇਰੇ ਉਸ ਤਪ ਨਾਲੋਂ ਰਾਜ ਚੰਗਾ ਹੈ ਤਾਂ ਜ਼ਰਾ ਮਨ ਵਿਚ ਕੰਘੀ ਮਾਰ ਕੇ ਵੇਖ, ਤੇਰੇ ਮਨ ਨੂੰ ਓਦੋਂ ਸੁਖ ਸੀ ਜਾਂ ਹੁਣ ? ਤੈਨੂੰ ਇਹ ਕਹਿਣਾ ਪਏਗਾ ਕਿ ਉਸ ਤਪ ਅਵਸਥਾ ਵਿਚ ਸੁਖ ਸੀ, ਹੁਣ ਉਹ ਸੁਖ ਹਥ ਨਹੀਂ ਆ ਸਕਦਾ। ਹੁਣ ਤਾਂ ਤੂੰ ਦਿਨੋ ਦਿਨ ਅਧੋਗਤੀ ਨੂੰ ਜਾ ਰਿਹਾ ਹੈਂ। ਤੂੰ ਕਦੇ ਇਸ ਗੱਲ ਨੂੰ ਸੋਚਿਆ ਹੈ ਕਿ ਮੈਂ ਤਪ ਦਾ ਫਲ ਇਹ ਰਾਜ ਲਿਆ ਹੈ। ਪਰ ਇਸ ਰਾਜ ਦਾ ਫਲ ਮੈਨੂੰ ਕੀ ਮਿਲਗਾ ? ਸਿਆਣੇ ਲੋਕ ਕਹਿੰਦੇ ਹਨ—'ਤਪੋਂ ਰਾਜ ਤੇ ਰਾਜੋਂ ਨਰਕ'। ਤੂੰ ਸਚ ਮੁਚ ਹੀ--

ਕਹੈ ਕਬੀਰਾ ਭਿਸਤ ਛੋਡਿ ਕਰਿ ਦੋਜਕ ਸਿਉ ਮਨੁ ਮਾਨਾ ॥

ਔਰੰਗਜ਼ੇਬ ! ਤੈਨੂੰ ਕੂਕਾਂ ਪੈਂਦੀਆਂ ਹਨ ਤੂੰ ਕਦੇ ਉਹਨਾਂ ਕੂਕਾਂ ਨੂੰ ਸੁਣਿਆ ਹੈ ? ਚੇਤੇ ਕਰ 'ਗੋਰ ਸਦੇਈ' (ਪਰ ਤੂੰ) 'ਗਹਿਓ ਪੀਨਾ' ਤੈਨੂੰ ਗੋਰ ਵਾਜਾਂ ਮਾਰ ਰਹੀ ਹੈ, ਤੂੰ ਉਸ ਦੀ ਅਵਾਜ ਨੂੰ ਅਨਸੁਣਿਆ ਕਰਕੇ ਖਾਣ-ਪੀਣ ਵਿਚ ਲਗ ਰਿਹਾ ਹੈਂ। ਕੀ ਤੇਰੀ ਘੇਸ ਵਟਣ ਨਾਲ ਉਹ ਚੁਪ ਕਰ ਜਾਏਗੀ? ਕਦੇ ਨਹੀਂ। ਉਹ ਸਦਾ ਵਾਜ਼ਾਂ ਮਾਰਦੀ ਰਹੀ ਹੈ,ਹੁਣ ਮਾਰ ਰਹੀ ਹੈ ਅਤੇ ਅਗੇ ਭੀ ਸਦਾ ਅਵਾਜ਼ਾਂ ਦੇਂਦੀ ਰਹੇਗੀ। ਜੇ ਤੂੰ ਆਖੇਂ ਕਿ ਮੈਂ ਕਿਸੇ ਕਬਰ ਦੀ ਅਵਾਜ ਨਹੀਂ ਸੁਣੀ। ਭਾਈ! ਜ਼ਰਾ ਆਪਣੀ ਨਜ਼ਰ ਨੂੰ ਪਿਛੇ ਵਲ ਕਰਕੇ ਵੇਖ ! ਸਕੰਦਰ, ਦਾਰਾ, ਦਾਰਾਬ,ਕੈ, ਖੁਸਰੋ,ਆਦਮ, ਮੁਹੰਮਦ ਆਦਿਕ ਕਿਥੇ ਹਨ ? ਇਹ'ਸਭੀ ਖਾਕ ਹੂਏ ਕੋਈ ਲੈਹੈ ਨਾ ਨਾਉ' ਹੋਰ ਤਾਂ ਕਿਤੇ ਰਿਹਾ,ਖੁਦ ਤੇਰਾ ਆਪਣਾ ਦਾਦਾ ਪੜਦਾਦਾ ਤੇ ਉਸ ਦਾ ਦਾਦਾ ਪੜਦਾਦਾ ਕਿਥੇ ਗਿਆ ਹੈ। ਬਾਬਾ ਫਰੀਦ ਜੀ ਫੁਰਮਾਉਂਦੇ ਹਨ—

ਫਰੀਦਾ ਕਿਥੈ ਤੈਡੇ ਮਾਪਿਆ ਜਿੰਨੀ ਤੂੰ ਜਣਿਓਹਿ ॥
ਤੈ ਪਾਸਹੁ ਓਹਿ ਲਦਿ ਗਏ ਤੂੰ ਅਜੈ ਨ ਪਤੀਣਿਓਹਿ ॥

ਇਸ ਵਾਸਤੇ ਅਸੀਂ ਤੈਨੂੰ ਚੇਤਾਵਨੀ ਕਰਾਉਂਦੇ ਹਾਂ—

ਕਬੀਰ ਏਹਿ ਚੇਤਾਵਨੀ ਮਤ ਸਹਸਾ ਰਹਿ ਜਾਇ ॥
ਪਾਛੈ ਭੋਗ ਜੁ ਭੋਗਵੈ ਤਿਨ ਕਉ ਗੁੜ ਲੈ ਖਾਹਿ ॥

ਤੇਰੇ ਮਨ ਵਿਚ ਕੋਈ ਸੰਸਾ ਨਾ ਰਹਿ ਜਾਏ ਜੋ ਮੈਨੂੰ ਪਤਾ ਨਾ ਲਗਾ, ਜੇ ਪਤਾ ਲਗ ਜਾਂਦਾ ਤਾਂ ਮੈਂ ਕਦੇ ਭੀ ਅਜੇਹੇ ਕੰਮ ਨਾ ਕਰਦਾ ਅਤੇ ਸਾਰੀ ਜ਼ਿੰਦਗੀ ਰਬ ਦੀ ਯਾਦ ਵਿਚ ਗੁਜ਼ਾਰਦਾ। ਬਸ, ਜੋ ਕੁਝ ਹੋਣਾ ਸੀ ਓਹ ਹੋ ਚੁਕਾ ਹੈ, ਅਜ ਤੋਂ ਮਗਰੋਂ ਹੀ ਸਹੀ, ਕਿਉਂਕਿ—

ਅਜਹੂ ਕਛੁ ਬਿਗਰਿਓ ਨਹੀ ਭਜਿ ਲੇ ਨਾਮ ਮੁਰਾਰ ॥
ਅਤੇ— ਫਰੀਦਾ ਜਿੰਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰ ॥
ਮਤ ਸਰਮਿੰਦਾ ਥੀਂਵਈ ਸਾਂਈ ਦੇ ਦਰਬਾਰ ॥

——

ਵਾਹਿਗੁਰੂ ਜੀ ਕੀ ਫ਼ਤੇ ॥

(ਹਿਕਾਯਤ ਨਵੁਮ-ਨੌਵੀਂ ਕਹਾਣੀ)

ਕਮਾਲਸ਼ ਕਰਾਮਾਤ ਆਜ਼ਮ ਕਰੀਮ ॥
ਰਜ਼ਾ ਬਖ਼ਸ਼ ਰਾਜ਼ਿਕ ਰਿਹਾਕੋ ਰਹੀਮ ॥ ੧ ॥

ਕਾਮਲ—ਪੂਰਨ । ਸ਼—ਉਹ । ਕਰਾਮਾਤ—ਬਰਕਤ, ਵਡਿਆਈ ਪੂਰਨ ਤਾਕਤਾਂ । ਆਜ਼ਮ-ਵਡਾ । ਕਰੀਮ—ਕ੍ਰਿਪਾਲੂ । ਰਾਜ਼ਿਕ-ਰਿਜ਼ਕ ਦਾਤਾ । ਰਿਹਾਕੋ—ਛੁਟਕਾਰਾ ।

ਉਹ ਕਰਾਮਾਤ ਵਿਚ ਪੂਰਨ ਹੈ, ਵਡਾ ਕ੍ਰਿਪਾਲੂ ਹੈ । ਭਾਣਾ ਵਰਤਾਉਨ ਵਾਲਾ, ਰਿਜ਼ਕ ਬਖਸ਼ਨ ਵਾਲਾ, ਛੁਟਕਾਰਾ ਕਰਨ ਵਾਲਾ ਤੇ ਦਿਆਲੂ ਹੈ ॥ ੧ ॥

ਬ ਜ਼ਾਕਿਰ ਦਿਹਦ ਈਂ ਜ਼ਮੀਨੋ ਜ਼ਮਾਂ ॥
ਮਲੂਕੋ ਮਲਾਇਕ ਹਮਹ ਆਂ ਜਹਾਂ ॥ ੨ ॥

ਜ਼ਾਕਿਰ-ਜਪਣ ਵਾਲਾ । ਦਿਹਦ—ਦੇਂਦਾ ਹੈ । ਈਂ—ਇਸ । ਜ਼ਮਾਂ—ਅਕਾਸ਼ । ਮਲਕੋ—(ਮਲਿਕ ਦਾ ਬ: ਬ:) ਰਾਜੇ । ਮਲਾਇਕ—ਦੇਵਤੇ । ਹਮਹ—ਸਾਰੇ । ਆਂ—ਉਸ । ਜਹਾਂ—ਜਗਤ ।

(ਜੋ) ਸਿਮਰਨ ਕਰਦਾ ਹੈ, (ਉਸ ਨੂੰ ਉਹ) ਇਸ ਧਰਤੀ ਦੇ ਰਾਜਿਆਂ (ਅਤੇ) ਉਸ ਅਕਾਸ਼ ਦੇ ਦੇਵਤਿਆਂ (ਇਨ੍ਹਾਂ) ਸਭਨਾਂ (ਦਾ ਸਿਰਤਾਜ ਬਣਾ) ਦੇਂਦਾ ਹੈ ॥ ੨ ॥

ਹਕਾਂਯਤ ਸ਼ੁਨੀਦੇਮ ਸ਼ਾਹਿ ਫ਼ਿਰੰਗ ॥
ਚੁ ਬਾਂ ਜ਼ਨ ਨਿਸ਼ਸਤੰਦ ਪੁਸ਼ਤਿ ਪਲੰਗ ॥ ੩ ॥

ਸ਼ੁਨੀਦੇਮ—ਮੈਂ ਸੁਣੀ ਹੈ । ਬਾ ਜ਼ਨ—ਇਸਤ੍ਰੀ ਸਮੇਤ । ਨਿਸ਼ਸਤੰਦ—ਬੈਠਾ ਹੋਇਆ ਸੀ । ਪੁਸ਼ਤਿ ਪਲੰਗ—ਮੰਜੇ ਉਤੇ । ਮੈਂ ਫਰੰਗ ਦੇਸ਼ ਦੇ ਰਾਜੇ ਦੀ ਕਹਾਣੀ ਸੁਣੀ ਹੈ । ਜਦ (ਕਿ ਉਹ) ਇਸਤ੍ਰੀ ਸਣੇ ਮੰਜੇ ਤੇ ਬੈਠਾ ਸੀ ॥ ੩ ॥

ਨਦਰ ਕਰਦ ਬਰ ਬਚਹ ਗੌਹਰ ਨਿਗਾਰ ॥
ਬਦੀਦਨ ਹਮਾਯੂੰ ਜਵਾਂ ਉਸਤਵਾਰ ॥ ੪ ॥

ਨਦਰ ਕਰਦ—ਧਿਆਨ ਕੀਤਾ । ਬਰ ਬਚਹ—ਪੁਤ੍ਰ ਉਤੇ । ਗੌਹਰ—ਮੋਤੀ । ਨਿਗਾਰ-ਪਾਰਖੂ । ਬਦੀਦਨ—ਵੇਖਣਾ । ਹਮਾਯੂੰ—ਸੁੰਦਰ । ਉਸਤਵਾਰ-ਤਕੜਾ ।

ਮੋਤੀਆਂ ਦੀ ਪਰਖ ਕਰਨ ਵਾਲੇ (ਜੌਹਰੀ) ਦੇ ਪੁਤਰ ਉਤੇ ਨਜ਼ਰ ਕੀਤੀ । (ਜੋ ਉਸ ਨੂੰ) ਸੁੰਦਰ ਜਵਾਨ ਤੇ ਬਲ ਵਾਲਾ ਦਿਸਿਆ ॥ ੪ ॥

ਬਵਕਤਿ ਸ਼ਬ ਓ ਰਾ ਖ਼ਿਖ਼ਾਦੰਦ ਪੇਸ਼ ॥
ਬਦੀਦਨ ਹਮਾਯੂੰ ਬ ਬਾਲਾਏ ਬੇਸ਼ ॥ ੫ ॥

ਬਵਕਤਿ—ਵੇਲੇ, ਸਮੇਂ । ਸ਼ਬ—ਰਾਤ । ਓ ਰਾ—ਉਸ ਨੂੰ । ਬਿਖ਼ਾਦੰਦ—ਸਦਿਆ । ਪੇਸ਼-ਅਗੇ ਸਾਹਮਣੇ । ਬਾਲਾਏ—ਉਚਿਆਈ । ਬੇਸ਼—ਬਹੁਤ ।

ਰਾਤ ਦੇ ਸਮੇਂ ਵਿਚ ਉਸ ਨੂੰ (ਆਪਣੇ, ਸਾਹਮਣੇ ਬੁਲਾ ਲਿਆ । (ਜੋ ਉਸ ਨੂੰ) ਸੁੰਦਰ ਸਰੂਪ

ਵਾਲਾ ਤੇ ਬਹੁਤ ਉਚਾ ਜਵਾਨ ਨਜ਼ਰ ਆਇਆ ॥ ੫ ॥

ਬਿਆਵੇਖ਼ਤ ਬਾ ਓ ਹਮਹ ਯਕ ਦਿਗਰ ॥
ਕਿ ਜ਼ਾਹਿਰ ਸ਼ਵਦ ਹੋਸ਼ੋ ਹੈਬਤ ਹੁਨਰ ॥ ੬ ॥

ਬਿਆਵੇਖ਼ਤ–ਰਚ ਮਿਚ ਗਏ । ਹਮਹ–ਸਾਰੇ । ਜ਼ਾਹਿਰ–ਪ੍ਰਗਟ । ਸ਼ਵਦ–ਹੋਵੇ । ਬਾ ਓ–ਆਪੋ ਵਿਚ । ਹੋਸ਼–ਬੁਧੀ । ਓ–ਅਤੇ । ਹੈਬਤ-ਦਬਾਉ ਵਾ ਵਡਿਆਈ । ਹੁਨਰ–ਵਿਦਯਾ ।

ਆਪੋ ਵਿਚ ਸਾਰੇ ਇਕ ਦੂਜੇ ਨਾਲ ਰਚ ਮਿਚ ਗਏ । (ਕਿਉਂ) ਜੋ ਅਕਲ, ਵਡਿਆਈ ਅਤੇ ਵਿਦਯਾ (ਆਦਿਕ ਸਭ ਕੁਝ) ਪ੍ਰਗਟ ਹੋ ਗਿਆ ॥ ੬ ॥

ਯਕੇ ਮੂਇ ਚੀਂ ਰਾ ਬਿਖ਼ਾਦੰਦ ਪੇਸ਼ ॥
ਕਿ ਅਜ਼ ਮੂਇਚੀਨੀ ਬਰਾਵੁਰਦ ਰੇਸ਼ ॥ ੭ ॥

ਯਕੇ–ਇਕ । ਮੂਇ ਚੀਂ–ਵਾਲ ਚੁਗਨ ਵਾਲਾ (ਭਾਵ ਨਾਈ) । ਰਾ–ਨੂੰ । ਬਿਖ਼ਾਦੰਦ–ਸਦਿਆ । ਪੇਸ਼–ਕੋਲ । ਅਜ–ਨਾਲ । ਮੂਇਚੀਨੀ–ਵਾਲ ਸੰਦ, ਮੋਚਨਾ ਜਾਂ ਉਸਤਰਾ ਆਦਿਕ ਬਰਾਵੁਰਦ–ਲਿਆਵੇ । ਰੇਸ਼–ਵਢਣਾ, ਮੁੰਨ ਕੇ ਸਾਫ ਕਰਨਾ ।

ਇਕ ਨਾਈ ਨੂੰ (ਉਸ ਨੇ) ਕੋਲ ਸਦਿਆ । (ਤਾਂ) ਕਿ (ਉਹ) ਉਸਤਰੇ (ਆਦਿਕ) ਨਾਲ ਵਾਲਾਂ ਨੂੰ ਵਢ ਜਾ ਮੁੰਨ ਕੇ (ਚੇਹਰੇ ਨੂੰ) ਸਾਫ ਬਣਾ ਦੇਵੇ ॥ ੭ ॥

ਬਰੋ ਹਰ ਕਿ ਬੀਨਦ ਨਦਾਨਦ ਸੁਖ਼ਨ ॥
ਕਿ ਅਜ਼ ਰੂਇ ਮਰਦੋ ਸੁਦਹਿ ਸ਼ਕਲਿ ਜ਼ਨ ॥ ੮ ॥

ਬਰੋ–ਉਤੇ ਉਸ । ਹਰ ਕਿ–ਜੋ ਕੋਈ । ਬੀਨਦ–ਵੇਖਦਾ । ਨਦਾਨਦ–ਨ ਜਾਣਦਾ।ਸ਼ਖਨ–ਗੱਲ ਅਜ–ਤੋਂ । ਮਰਦ ਰੂਇ–ਮਨੁਖ ਦਾ ਚੇਹਰਾ । ਸ਼ਕਲਿ–ਸੂਰਤ।ਜ਼ਨ–ਔਰਤ। ਸੁਦਹ–ਹੋ ਗਈ ।

ਜੋ ਕੋਈ ਉਸ ਵਲ ਵੇਖਦਾ, (ਉਹ ਇਸ) ਗੱਲ ਨੂੰ ਨਹੀਂ ਜਾਣਦਾ । (ਕਿਉਂਕਿ ਉਸ ਦਾ) ਚੇਹਰਾ ਮਨੁਖ ਤੋਂ ਔਰਤ ਦੀ ਸ਼ਕਲ ਦਾ ਹੋ ਗਿਆ ਸੀ ॥੮॥

ਬਿਦੀਦੰਦ ਹਰ ਕਸ ਕਿ ਈਂ ਹਮ ਜ਼ਨ ਅਸਤ ॥
ਕਿ ਦਰ ਪੈਕਰਿ ਚੂੰ ਪਰੀ ਰੌਸ਼ਨ ਅਸਤ ॥ ੯ ॥

ਬਿਦੀਦੰਦ–ਜਾਨਿਆ । ਹਰ ਕਸ–ਸਭ ਕਿਸੇ । ਈਂ ਹਮ–ਇਹ ਭੀ । ਜਨ ਅਸਤ–ਔਰਤ ਹੈ । ਕਿ–ਜੋ । ਦਰ ਪੈਕਰਿ–ਸ੍ਰੀਰ ਦੇ ਵਿਚ । ਚੂੰ–ਵਾਂਗੂ । ਰੌਸਨ–ਚਮਕੀਲੀ । ਅਸਤ–ਨੂੰ ।

ਸਭ ਕਿਸੇ ਨੇ(ਏਹੋ)ਜਾਣਿਆ ਜੋ ਇਹ ਭੀ ਇਸਤ੍ਰੀ ਹੈ । (ਕਿਉਂਕਿ) ਸ੍ਰੀਰ ਦੇ ਵਿਚ (ਉਹ) ਪਰੀ ਵਾਂਗੂ ਚਮਕੀਲੀ ਸੀ(ਅਰਥਾਤ ਜਿਸ ਤਰ੍ਹਾਂ ਦੇ ਹਾਵ-ਭਾਵ ਕਰਕੇ ਅਪਛਰਾਂ ਮੋਹਤ ਕਰਦੀ ਹੈ, ਉਸ ਤਰ੍ਹਾਂ ਉਹ ਮੋਹਤ ਕਰਦਾ ਸੀ) ॥੯॥

ਬਿਦੀਦੰਦ ਓ ਰਾ ਯਕੇ ਰੋਜ਼ ਸ਼ਾਹਿ ॥
ਕਿ ਮਕਬੂਲ ਸੂਰਤ ਚੋ ਰਖ਼ਸ਼ਿੰਦਹ ਮਾਹ ॥ ੧੦ ॥

ਬਿਦੀਦੰਦ–ਜਾਨਿਆ (ਭਾਵ ਵੇਖਿਆ) । ਮਕਬੂਲ–ਪਿਆਰੀ । ਰਖਸ਼ਿੰਦਹ–ਚਮਕੀਲਾ ।

ਇਕ ਦਿਨ ਰਾਜੇ ਨੇ ਉਸ ਨੂੰ ਵੇਖਿਆ । ਜੋ ਪੁੰਨਿਆ ਦੇ ਚੰਦ੍ਰਮਾ ਵਰਗੀ ਪਿਆਰੀ ਸੂਰਤ

ਵਾਲੀ ਹੈ ॥੧੦॥

ਬਿਪੁਰਸੀਦ ਓ ਰਾ ਕਿ ਐ ਨੇਕ ਬਖ਼ਤ ॥

ਸਜ਼ਾਵਾਰ ਸ਼ਾਹੀਸਤ ਸ਼ਾਯਾਨਿ ਤਖਤ ॥ ੧੧ ॥

ਪਰਸੀਦ—ਪੁਛਿਆ। ਓ ਰਾ—ਉਸ ਨੂੰ। ਸਜ਼ਾਵਾਰ—ਯੋਗ,ਲਾਇਕ। ਸ਼ਾਹੀਸਤ—ਬਾਦਸ਼ਾਹੀ ਹੈ। ਸ਼ਾਯਾਨਿ—ਲਾਇਕ। ਤਖਤ—ਰਾਜ ਗੱਦੀ। (ਰਾਜੇ ਨੇ) ਉਸ ਨੂੰ ਪੁਛਿਆ—ਹੇ ਚੰਗੇ ਭਾਗਾਂ ਵਾਲੀਏ ! (ਤੂੰ ਜੋ) ਬਾਦਸ਼ਾਹੀ ਦੇ ਯੋਗ ਹੈਂ ਅਤੇ ਤਖਤ ਦੇ ਲਾਇਕ ਹੈ ॥ ੧੧ ॥

ਕਿ ਜ਼ਨ ਤੋ ਕੁਦਾਮੀ ਕਿਰਾ ਦੁਖਤਰੀ ॥

ਕਿ ਮੁਲਕੋ ਕਿਰਾ ਤੋ ਕਿਰਾ ਖਾਹਰੀ ॥ ੧੨ ॥

ਜ਼ਨ—ਔਰਤ। ਕੁਦਾਮੀ—[ਕੁਦਾਮ+ਹਸਤੀ]ਕਿਸ ਦੀ ਹੈਂ। ਕਿਰਾ—ਕਿਸ ਦੀ। ਦੁਖ਼ਤਰੀ—ਬੇਟੀ, ਲੜਕੀ। ਮੁਲਕੋ—ਦੇਸ। ਖਾਹਰੀ—ਭੈਣ। ਤੂੰ ਕਿਸ ਦੀ ਵਹੁਟੀ ਹੈਂ ? ਕਿਸ ਦੀ ਲੜਕੀ ਹੈ ? ਤੇਰਾ ਦੇਸ ਕੇਹੜਾ ਹੈ ? ਅਤੇ ਕਿਸ ਦੀ ਤੂੰ ਭੈਣ ਹੈਂ ? ॥ ੧੨ ॥

ਬਨਦਰ ਅੰਦਰੂੰ ਬਹਰਹ ਮੰਦ ਆਮਦਸ਼ ॥

ਬਦੀਦਨ ਸ਼ਹੇ ਦਿਲ ਪਸੰਦ ਆਮਦਸ਼ ॥ ੧੩ ॥

ਬਨਦਰ—ਧਿਆਨ ਵਿਚ। ਬਹਰਹ ਮੰਦ—ਭਾਗਾਂ ਵਾਲੀ। ਆਮਦ—ਆਈ। ਸ਼—ਉਹ। ਦੀਦਨ—ਦੇਖਨ। ਸ਼ਾਹੇ—ਇਕ ਰਾਜਾ।

ਉਹ ਦਿਸਣ ਵਿਚ ਭਾਗਾਂ ਵਾਲੀ ਨਜ਼ਰ ਆਈ। (ਇਸ ਕਰਕੇ ਜਦ) ਇਕ ਰਾਜੇ ਨੇ ਉਸ ਨੂੰ ਵੇਖਿਆ (ਤਾਂ) ਉਸ ਦੇ ਦਿਲ ਨੂੰ ਪਸੰਦ ਆ ਗਈ ॥ ੧੩ ॥

ਸ਼ਬਾਂਗਾਹ ਬੁਰਦਸ਼ ਦਰੂੰ ਖਾਨਹ ਖੇਸ਼ ॥

ਕਨੀਜ਼ਕ ਯਕੇ ਰਾ ਬਿਖ਼ਾਦੰਦ ਪੇਸ਼ ॥ ੧੪ ॥

ਸ਼ਬਾਂ ਗਾਹ—ਰਾਤ ਦੇ ਸਮੇਂ ! ਬੁਰਦਸ਼—ਲੈ ਗਿਆ ਉਸ ਨੂੰ। ਦਰੂੰ—ਅੰਦਰ। ਖਾਨਹ—ਘਰ ਵਿਚ। ਖ਼ੇਸ਼—ਆਪਣੇ। ਕਨੀਜ਼ਕ—ਗੋਲੀ। ਯਕੇ ਰਾ—ਇਕ ਨੂੰ। ਬਿਖ਼ਾਦਦ—ਸਦਿਆ। ਪੇਸ਼—ਕੋਲ।

ਰਾਤ ਦੇ ਸਮੇਂ (ਰਾਜਾ) ਉਸ ਨੂੰ ਆਪਣੇ ਘਰ ਲੈ ਗਿਆ ਅਤੇ ਇਕ ਗੋਲੀ ਨੂੰ (ਰਾਜੇ ਨੇ ਆਪਣੇ) ਕਲ ਸਦਿਆ ॥ ੧੪ ॥

ਬਿ ਗੁਫ਼ਤਹ ਕਿ ਐ ਸਰਵ ਕਦ ਸੀਮ ਤਨ ॥

ਚਰਾਗੇ ਫਲਕ ਆਫ਼ਤਾਬੇ ਯਮਨ ॥ ੧੫ ॥

ਗੁਫਤਹ—ਕਿਹਾ। ਐ—ਹੇ। ਸਰਵ ਕਦ—ਸਰੂ ਬ੍ਰਿਛ ਵ੍ਰਗੇ ਕਦ ਵਾਲੀ। ਸੀਮ—ਚਾਂਦੀ। ਤਨ—ਸ੍ਰੀਰ। ਚਰਾਗੇ ਫਲਕ—ਅਕਾਸ਼ ਦਾ ਦੀਵਾ (ਚੰਦ੍ਰਮਾ)। ਆਫ਼ਤਾਬ—ਸੂਰਜ।

(ਰਾਜੇ ਨੇ ਕਿਹਾ—ਹੇ ਸਰੂ (ਵਾਂਗੂ) ਲੰਮੇ ਅਕਾਰ ਵਾਲੀ ਤੇ ਚਾਂਦੀ (ਵਾਂਗੂ ਚਮਕਣ ਵਾਲੇ) ਸਰੀਰ ਵਾਲੀ। ਅਕਾਸ ਦੇ ਦੀਵੇ (ਭਾਵ ਚੰਦ੍ਰਮਾ ਦੇ ਵਰਗੇ ਸਰੂਪ ਵਾਲੀ ਅਤੇ) ਯਮਨ ਦੇ ਸੂਰਜ (ਭਾਵ ਸੂਰਜ ਸਮਾਨ ਪ੍ਰਕਾਸ਼ ਵਾਲੇ ਚੇਹਰੇ ਵਾਲੀ ॥ ੧੫ ॥

ਵਜ਼ਾਂ ਬਹਦ ਮਾ ਰਾ ਬ ਤਪੱਸੀਦ ਦਿਲ ॥

ਕਿ ਮਾਹੀ ਬਿਉਫ਼ਤਾਦ ਅਜ਼ ਆਬੋ ਗਿਲ ॥ ੧੬ ॥

ਵਜ਼ਾਂ=ਉਸ। ਬਹਰ-ਲਈ। ਮਾ ਰਾ-ਮੇਰਾ। ਤਪੱਸ਼ੀਦ-ਤੜਫ ਰਿਹਾ। ਮਾਹੀ-ਮਛੀ। ਬਿਉਫਤਾਦ=ਡਿਗ ਪਵੇ। ਅਜ਼-ਤੋਂ। ਆਬੋ=ਪਾਨੀ ਤੋਂ। ਦ=ਅਤੇ। ਗਿਲ=ਮਿਟੀ।

ਉਸ ਲਈ ਮੇਰਾ ਦਿਲ ਇਉਂ ਤੜਫ ਰਿਹਾ ਹੈ। ਜਿਵੇਂ ਮਛੀ ਪਾਨੀ ਵਿਚੋਂ ਮਿਟੀ ਵਿਚ ਡਿਗ ਪਵੇ (ਤਾਂ ਉਹ ਤੜਫਦੀ ਹੈ) ॥ ੧੬ ॥

ਬਿਰੌ ਐ ਸਬਾਪੈਕ ਗੁਲਜ਼ਾਰਿ ਮਾ ॥
ਕਿ ਦਰਪੇਸ਼ ਯਾਰੇ ਵਫਾਦਾਰਿ ਮਾ ॥ ੧੭ ॥

ਬਿਰੌ-ਜਾਹ। ਐ-ਹੇ। ਸਬਾਪੈਕ-ਫੁਰਤੀਲੀ, ਛੇਤੀ ਨਾਲ। ਗੁਲਜ਼ਾਰਿ-ਬਗੀਚੀ। ਮਾ= ਮੇਰੀ। ਦਰਪੇਸ਼-ਸਾਹਮਣੇ। ਵਫਾਦਾਰ-ਬਚਨ ਦਾ ਪੱਕਾ। ਮਾ-ਮੇਰੀ।

ਹੇ ਮੇਰੇ (ਦਿਲ ਦੀ) ਫੁਲਵਾੜੀ ! ਫੁਰਤੀਲੀ ਹੋ ਕੇ ਜਾਹ। ਮੇਰੇ ਵਫਾਦਾਰ ਯਾਰ ਦੇ ਸਾਹਮਣੇ ਜਾਹ ॥੧੭॥

ਤੋ ਗਲ ਪੇਸ਼ ਓ ਰਾ ਬਿਆਰੀ ਮਰਾ ॥
ਬਿਬਖਸ਼ਮ ਸਰਿ ਬਸਤਹ ਗੰਜੇ ਤਰਾ ॥ ੧੮ ॥

ਤੋ=ਤੂੰ। ਗਰ=ਜੇਕਰ। ਪੇਸ਼=ਪਾਸ। ਓ ਰਾ=ਉਸ ਨੂੰ। ਬਿਆਰੀ-ਲੈ ਆਵੇ। ਮਰਾ-ਮੇਰੇ। ਬਿਬਖਸ਼ਮ-ਬਖਸ਼ ਦੇਵਾਂਗਾ। ਸਰਿ ਬਸਤਹ-ਮੂੰਹੋਂ ਮੂੰਹ ਤਕ ਭਰਿਆ ਹੋਇਆ। ਗੰਜੇ-ਖਜਾਨਾ। ਤੁਰਾ-ਤੈਨੂੰ।

ਜੇਕਰ ਤੂੰ ਉਸ ਨੂੰ ਮੇਰੇ ਪਾਸ ਲੈ ਆਵੇਂ (ਤਾਂ ਮੈਂ ਤੈਨੂੰ) ਮੂੰਹੋਂ ਮੂੰਹ ਤਕ ਭਰਿਆ ਹੋਇਆ ਖਜਾਨਾ ਬਖਸ਼ ਦੇਵਾਂਗਾ ॥ ੧੮ ॥

ਰਵਾਂ ਸ਼ੁਦ ਕਨੀਜ਼ ਸ਼ੁਨੀਦ ਈਂ ਸੁਖ਼ਨ ॥
ਬਿਗੋਯਦ ਸੁਖ਼ਨ ਰਾ ਜ਼ਿ ਸਰ ਤਾ ਬ ਬੁਨ ॥ ੧੯ ॥

ਰਵਾਂ ਸ਼ੁਦ-ਤੁਰ ਪਈ। ਕਨੀਜ਼-ਗੋਲੀ। ਸ਼ੁਨੀਦ-ਸੁਣਦਿਆਂ। ਈਂ ਸੁਖਨ-ਇਹ ਗੱਲ। ਬਿਗੋਯਦ-ਕਹਿੰਦੀ ਹੈ। ਸੁਖਨ ਰਾ-ਗੱਲ ਨੂੰ।ਜ਼ਿ-ਤੋਂ। ਸਰ ਤਾ-ਸਿਰ ਤੋਂ ਬ ਬੁਨ-ਪੈਰਾਂਤਕ।

ਗੋਲੀ ਇਹ ਗੱਲ ਸੁਣਦਿਆਂ ਹੀ ਤੁਰ ਪਈ। (ਅਤੇ ਜਾ ਕੇ ਉਥੇ ਉਸ ਨੇ) ਸਿਰ ਤੋਂ ਪੈਰਾਂ (ਸ਼ੁਰੂ ਤੋਂ ਅਖੀਰ) ਤਕ ਸਾਰੀ ਗੱਲ ਕਹਿ ਦਿਤੀ ॥ ੧੯ ॥

ਜ਼ਬਾਨੀ ਕਨੀਜਕ ਸ਼ੁਨੀਦ ਇਂ ਸੁਖ਼ਨ ॥
ਬਿ ਪੇਚੀਦ ਬਰ ਖ਼ੁਦ ਜ਼ਿ ਪੋਸ਼ਾਕ ਜ਼ਨ ॥ ੨੦ ॥

ਕਨੀਜ਼ਕ=ਗੋਲੀ ਦੀ। ਪੇਚੀਦ=ਵਟ। ਬਰ ਖ਼ੁਦ=ਆਪਣੇ ਉਤੇ। ਜ਼ਿ=ਤੋਂ।

ਦਾਸ ਦੀ ਜ਼ਬਾਨੀ ਇਹ ਗੱਲ ਸੁਣ ਲਈ। (ਤਦ) ਆਪਣੇ ਉਤੇ ਇਸਤ੍ਰੀ ਦੀ ਪੋਸ਼ਾਕ ਤੋਂ ਵਟ ਖਾਧਾ (ਭਾਵ ਤੀਵੀਂ ਲਿਬਾਸ ਤੋਂ ਨਫਰਤ ਕੀਤੀ) ॥ ੨੦ ॥

ਕਿ ਜ਼ਾਹਰ ਕੁਨਾਨੀਦ ਅਸਬਾਬਿ ਖੇਸ਼ ॥
ਕਿ ਦੀਦਨ ਜਹਾਂ ਰਾ ਬਿ ਕਿਰਦਾਰੇ ਖੇਸ਼ ॥ ੨੧ ॥

ਕਿ-ਜੋ। ਜ਼ਾਹਰ=ਪ੍ਰਗਟ। ਕੁਨਾਨੀਦ=ਕਰਾ ਲਿਆ। ਅਸਬਾਬਿ=ਪਾਜ। ਖੇਸ਼=ਆਪਨਾ। ਦੀਦਨ=ਵੇਖਣਾ ਜਹਾਂ ਰਾ=ਜਗਤ ਦਾ। ਬਿ=ਉਪਰ। ਕਿਰਦਾਰੇ-ਕਰਤਬ।

(ਸਮਝ ਲਿਆ) ਜੋ ਮੈਂ ਆਪਣਾ ਪਾਜ ਪ੍ਰਗਟ ਕਰਾ ਲਿਆ ਹੈ। (ਫਿਰ) ਵੇਖਿਆ ਜੋ ਜਗਤ ਵਿਚ (ਹੁਣ ਮੇਰਾ) ਕੀ ਕਰਤਬ ਹੈ? ॥ ੨੧ ॥

ਬਿ ਖਾਹਦ ਮਰਾ ਸ਼ਾਹਿ ਐ ਯਾਰਿ ਮਾ ॥
ਮਰਾ ਮਸਲਿਹਤ ਦੇਹ ਵਫ਼ਾਦਾਰਿ ਮਾ ॥ ੨੨ ॥

ਖ਼ਾਹਦ-ਚਾਹੁੰਦਾ ਹੈ। ਮਰਾ=ਮੈਨੂੰ।ਸ਼ਾਹ-ਰਾਜਾ। ਮਾ-ਮਰੇ।ਮਰਾ=ਮੈਨੂੰ। ਮਸਲਿਹਤ-ਸਲਾਹ।

(ਹੁਣ) ਰਾਜਾ ਮੈਨੂੰ ਚਾਹੁੰਦਾ ਹੈ, ਹੇ ਮੇਰੇ ਯਾਰ! (ਤੂੰ) ਮੈਨੂੰ ਸਲਾਹ ਦੇਹ (ਜੋ ਮੈਂ ਹੁਣ ਕੀ ਕਰਾਂ?) ਹੇ ਮੇਰੀ ਵਫਾਦਾਰ! ॥ ੨੨ ॥

ਤੁ ਗੋਈ ਮਨ ਈਂ ਜਾ ਗੁਰੇਜ਼ਾ ਸ਼ਵਮ ॥
ਕਿ ਇਮਰੋਜ਼ ਅਜ਼ ਜਾਇ ਖੇਜ਼ਾ ਸ਼ਵਮ ॥ ੨੩ ॥

ਤੁ ਗੋਈ-ਤੂੰ ਆਖੇਂ। ਮਨ=ਮੈਂ। ਈਂ ਜਾ-ਇਸ ਤੋਂ। ਗੁਰੇਜ਼ਾ ਸ਼ਵਮ-ਗੁੰਮ ਹੋ ਜਾਵਾਂ। ਇਮਰੋਜ਼-ਅਜ। ਅਜ ਜਾਇ-ਇਸ ਤੋਂ। ਖ਼ੇਜ਼ਾਂ ਸ਼ਵਮ=ਉਠ ਜਾਵਾਂ।

ਤੂੰ ਆਖੇਂ (ਤਾਂ) ਮੈਂ ਇਸ ਥਾਂ ਤੋਂ ਗੁੰਮ ਹੋ ਜਾਵਾਂ? ਜਾਂ ਇਸ ਥਾਂ ਤੋਂ ਅਜ ਹੀ ਉਠ ਕੇ (ਕਿਤੇ ਹੋਰਥੇ) ਚਲਾ ਜਾਵਾਂ? ॥ ੨੩ ॥

ਨ ਤਰਸੀ ਇਲਾਜ ਤੁਰਾ ਮਨ ਕੁਨਮ ॥
ਬਦੀਦਨ ਵਜ਼ਾਂ ਚਾਰਿ ਮਾਹਿ ਨਿਹਮ ॥ ੨੪ ॥

ਤਰਸੀ-ਡਰ। ਤੁਰਾ=ਤੇਰਾ। ਕਨਮ-ਕਰਦੀ ਹਾਂ। ਬਦੀਦਨ=ਵੇਖਦੇ। ਨਿਹਮ=ਰਖਾਂਗੀ।

(ਇਸਤ੍ਰੀ ਨੇ ਯਾਰ ਨੂੰ ਕਿਹਾ)-ਡਰ ਨਾ ਤੇਰਾ ਇਲਾਜ ਮੈਂ ਕਰਦੀ ਹਾਂ। ਉਸ ਦੇ ਵੇਖਦੇ (ਹੀ ਤੈਨੂੰ) ਚਾਰ ਮਹੀਨੇ (ਕੋਲ) ਰਖਾਂਗੀ ॥ ੨੪ ॥

ਚੋ ਖੁਸ਼ਪੀਦ ਯਕ ਜਾਇ ਚੂੰ ਬੇਖਬਰ ॥
ਖਬਰ ਕਰਦਹ ਸ਼ੁਦ ਸ਼ਾਹ ਓ ਸ਼ੇਰ ਨਰ ॥ ੨੫ ॥

ਚੁ-ਜਦੋਂ। ਖੁਸ਼ਪੀਦ=ਸੌਂ ਗਏ। ਯਕ ਜਾਇ-ਇਕ ਜਗ੍ਹਾ ਤੇ। ਗਸ਼ਤਹ-ਹੋਈ। ਸ਼ੁਦ-ਹੋਇਆ। ਸ਼ਾਹ-ਰਾਜਾ। ਇਹ ਗੱਲ ਕਹਿ ਕੇ, ਮਿਤ੍ਰ ਨੂੰ ਨਾਲ ਲੈ ਕੇ, (ਇਸਤ੍ਰੀ) ਜਦ ਇਕ ਜਗ੍ਹਾ ਤੇ ਇਕਠੇ ਸੁਤੇ ਪਏ ਹੀ ਬੇਸੁਰਤ ਹੋ ਗਏ। (ਤਦ) ਸ਼ੇਰ ਸਮਾਨ ਪੁਰਖ ਰਾਜੇ ਨੂੰ (ਇਸ ਗੱਲ ਦੀ) ਖਬਰ ਹੋਈ(ਕਿ ਜਿਸ ਨੂੰ ਮੈ ਚਾਹੁੰਦਾ ਹਾਂ, ਉਸ ਨੂੰ ਪਤਾ ਹੋ ਗਿਆ ਹੈ ॥ ੨੫ ॥

ਦਹਾਨਿ ਸ਼ੁਨੀਦ ਈਂ ਕਨੀਜ਼ਕ ਸਖਨ ॥
ਬਜੁੰਬਸ਼ ਬਿ ਲਰਜ਼ੀਦ ਸਰ ਤਾ ਬ ਬਨ ॥ ੨੬ ॥

ਦਹਾਨਿ-ਮੂੰਹ ਤੋਂ। ਸ਼ੁਨੀਦ=ਸੁਣਿਆ।ਈਂ-ਇਹ ਕਨੀਜ਼ਕ-ਦਾਸੀ। ਬ ਜੁੰਬਸ਼-ਜੋ (ਕ੍ਰੋਧ) ਨਾਲ। ਬ ਲਰਜ਼ੀਦ-ਕੰਬ ਗਿਆ। ਸਰ-ਸਿਰ। ਤਾ-ਤੇ। ਬ ਬੁਨ-ਜੜ (ਭਾਵ ਪੈਰ ਤਕ)।

(ਜਦ ਉਸ ਨੇ) ਦਾਸੀ ਦੇ ਮੂੰਹੋਂ ਸਾਰੀ ਗਲ ਸੁਣ ਲਈ। (ਤਦ) ਕਰੋਧ ਨਾਲ ਸਿਰ ਤੋਂ ਲੈ

ਕੇ ਪੈਰਾਂ ਤਕ ਕੰਬਣ ਲਗ ਪਿਆ ॥ ੨੬ ॥

ਬਿਆਮਦ ਕਜ਼ੋ ਜਾਇ ਓ ਖੁਫਤਹ ਦੀਦ ॥
ਜ਼ ਸਰ ਤਾ ਕਦਮ ਹਮਚੋ ਮੇਹਰਸ਼ ਤਪੀਦ ॥ ੨੭ ॥

ਬਿ ਆਮਦ–ਆਇਆ । ਕਜ਼ੋ–ਜੋ ਉਸ । ਜਾਇ–ਜਗ੍ਹਾ । ਓ–ਉਸ । ਖੁਫਤਹ--ਸੁਤਾ । ਦੀਦ –ਡਿਠਾ । ਜ਼--ਤੋਂ । ਕਦਮ–ਪੈਰ । ਹਮਚੋ--ਵਾਂਗੂ । ਮੇਹਰਸ਼–ਸੂਰਜ । ਤਪੀਦ–ਤਪ ਗਿਆ ।

ਉਸ ਥਾਂ ਤੇ ਆਇਆ, ਉਨ੍ਹਾਂ ਨੂੰ (ਇਕਠੇ) ਸੁਤੇ ਪਿਆਂ ਡਿਠਾ । (ਫਿਰ ਤਾਂ) ਸਿਰ ਤੋ ਲੈ ਕੇ ਪੈਰਾਂ ਤਕ ਸੂਰਜ ਵਾਂਗੂ ਤਪ ਗਿਆ ॥ ੨੭ ॥

ਬਿ ਦਾਨਿਸ਼ਤ ਈਂ ਰਾ ਖਬਰਦਾਰ ਸ਼ੁਦ ॥
ਬਿਰੋਜ਼ਿ ਅਜ਼ਾ ਈਂ ਖਬਰਦਾਰ ਸ਼ੁਦ ॥ ੨੮ ॥

ਦਾਨਿਸ਼ਤ–ਜਾਣਿਆ । ਈਂ ਰਾ–ਇਸ ਨੂੰ । ਪਬਰਦਾਰ--ਖਬਰ ਵਾਲੀ । ਸ਼ੁਦ–ਹੋ ਗਈ । ਰੋਜ਼ਿ ਅਜ਼ਾਂ–ਉਸ ਦਿਨ ਤੋਂ । ਈਂ–ਇਹ । ਖਬਰ–ਸਾਵਧਾਨ । ਸ਼ੁਦ–ਹੋ ਗਈ ਹੈ ।

(ਉਸ ਨੇ) ਸਮਝਿਆ (ਕਿ) ਇਸ ਨੂੰ [ਮੇਰੇ ਆਸ਼ਕ ਹੋਣ ਦੀ] ਖਬਰ ਵਾਲੀ ਗਲ ਦਾ ਪਤਾ ਲਗ ਗਿਆ ਹੈ । (ਇਸ ਵਾਸਤੇ ਹੀ] ਇਹ ਉਸ ਦਿਨ ਤੋਂ ਖਬਰਦਾਰ ਹੋ ਗਈ ਹੈ [ਤਦੇ ਹੀ ਤਾਂ ਇਹ ਕਿਤੇ ਇਕੱਲੀ ਨਹੀਂ ਸੌਂਦੀ] ॥ ੨੮ ॥

ਬਿ ਖੁਸ਼ਪੀਦ ਯਕ ਜਾਇ ਯਕੇ ਖ਼੍ਵਾਬਗਾਹ ॥
ਮਰਾ ਦਾਉ ਉਫ਼ਤਦ ਨ ਯਜ਼ਦਾਂ ਗਵਾਹ ॥ ੨੯ ॥

ਖੁਸ਼ਪੀਦ-ਸੁਤੀ । ਯਕ ਜਾਇ-ਇਕ ਥਾਂ ਤੇ । ਖ਼੍ਵਬਆਹ-ਸੌਣ ਦੀ ਜਗ੍ਹਾ । ਉਫ਼ਤਦ-ਮੇਰਾ ।

ਇਕੋ ਹੀ ਸੌਣ ਵਾਲੇ ਕਮਰੇ ਵਿਚ, ਇਕ ਹੀ ਥਾਂ (ਤੇ ਦੋਵੇਂ ਇਕੱਠੀਆਂ) ਸੌਂਦੀਆਂ ਹਨ । [ਇਸ ਕਰਕੇ] ਮੇਰਾ ਦਾਉ ਨਹੀਂ ਫਬਿਆ, [ਇਸ ਗੱਲ ਵਿਚ] ਰੱਬ ਸਾਖੀ ਹੈ ॥ ੨੯ ॥

ਜੁਦਾਗਰ ਬਿ ਬੀਨਮ ਅਜ਼ੀਂ ਖਾਬਗਾਹ ॥
ਯਕੇ ਜੁਫਤਹ ਬਾਸ਼ਮ ਚੋ ਖੁਰਸ਼ੈਦ ਮਾਹ ॥ ੩੦ ॥

ਜੁਦਾ–ਵਖਰੇ । ਗਰ–ਜੇਕਰ । ਬੀਨਮ–ਵੇਖ ਲਵਾਂ । ਅਜ਼ੀਂ–ਇਸ ਨੂੰ । ਖ਼ਾਬਗਾਹ–ਮੰਜਾ । ਜੁਫਤਹ–ਜੋੜਾ । ਬਾਸ਼ਮ–ਹੋ ਜ਼ਾਵਾਂ । ਖੁਰਸ਼ੈਦ–ਸੂਰਤ ।

[ਫਿਰ ਮਨ ਵਿਚ ਕਹਿਣ ਲਗਾ] ਜੇਕਰ ਇਸ ਮੰਜੇ ਉਤੇ ਵਖਰੀ (ਸੁਤੀ ਹੋਈ) ਮੈਂ ਵੇਖ ਲਵਾਂ। (ਤਾਂ) ਸੂਰਜ-ਚੰਦ੍ਰਮਾ ਵਾਂਗੂ ਇਕ (ਦਮ) ਜੋਟਾ ਹੋ ਜਾਵਾਂ ॥ ੩੦ ॥

ਭਾਵ–ਸੂਰਜ ਤੇ ਚੰਦ੍ਰਮਾ ਦਿਸਣ ਵਿਚ ਭਾਵੇਂ ਦੋ ਹਨ, ਪਰ ਵਾਸਤਵ ਵਿਚ ਇਕ ਹੀ ਹਨ। ਇਸ ਭੇਦ ਨੂੰ ਸਾਇੰਸ ਤੇ ਜੋਤਸ਼ ਵਾਲੇ ਰੰਗੀਤਰਾਂ ਜ਼ਾਣਦੇ ਹਨ ।ਰਾਜਾ ਸੋਚ ਰਿਹਾ ਹੈ, ਜੇਕਿਤੇ ਇਹ ਇਕੱਲੀ ਹੁੰਦੀ ਤਾਂ ਮੈਂ ਝਟ ਪਟ ਇਸ ਦੇ ਨਾਲਲਿਪਟ ਕੇ ਤੇ ਆਪਣਾ ਆਪ ਗੁਆ ਕੇ ਇਸੇ ਦਾਰੂਪ ਹੋ ਜਾਂਦਾ। ਇਹ ਪਿਆਰ ਦੀ ਔਧੀ ਹੈ, ਕਿ ਪ੍ਰੀਤਮ ਦਾ ਰੂਪ ਹੋ ਜਾਣ ਦੀ ਪਿਆਰੇ ਨੂੰ ਲ ਲਸਾਲਗੀ ਰਹਿੰਦੀ ਹੈ, ਤਦੇ ਹੀ ਤਾਂ ਪਤੰਗਾ ਦੀਵੇ ਦਾ ਰੂਪ ਹੁੰਦਾ ੨ ਕੁਰਬਾਨ ਹੋ ਜਾਂਦਾ ਹੈ ।

ਵਜ਼ਾਂ ਰੋਜ਼ ਗਸ਼ਤ ਓ ਬਿਆਮਦ ਦਿਗਰ ॥

ਹਮਾਂ ਖੁਫਤਹ ਦੀਦੰਦ ਯਕ ਜਾਇ ਬਬਰ ॥ ੩੧ ॥

ਵਜ਼ਾਂ—ਉਸ। ਰੋਜ਼—ਦਿਨ। ਗਸ਼ਤ-ਚਲਾ ਗਿਆ। ਬਿਆਮਦ-ਆਇਆ। ਦਿਗਰ—ਦੂਜੇ। ਹਮਾਂ-ਉਸੇ ਤਰ੍ਹਾਂ। ਖੁਫਤਹ—ਸੁਤੇ ਪਿਆਂ। ਦੀਦੰਦ-ਵੇਖਿਆ। ਬਬਰ-ਜਫੀ ਪਾ ਕੇ।

ਉਸ ਦਿਨ ਚਲਾ ਗਿਆ, ਫਿਰ ਦੂਜੇ ਦਿਨ ਆਇਆ। (ਫਿਰ ਭੀ) ਉਸੇ ਤਰ੍ਹਾਂ ਹੀ ਜਫੀ ਪਾ ਕੇ ਸੁਤੇ ਪਿਆਂ ਵੇਖਿਆਂ ॥ ੩੧ ॥

ਦਰੇਗ਼ਾ ਅਜ਼ਾਂ ਗਰ ਜੁਦਾ ਯਾਫ਼ਤਮ ॥

ਯਕੇ ਹਮਲਹ ਚੂੰ ਸ਼ੇਰਿ ਨਰ ਸਾਖਤਮ ॥ ੩੨ ॥

ਦਰੇਗਾ-ਅਫਸੋਸ। ਅਜ਼ਾਂ-ਉਸ ਤੋਂ। ਗਰ-ਜੇਕਰ ਜੁਦਾ-ਵਖਰਾ। ਯਾਫਤਮ—ਪਾਉਂਦਾ। ਹਮਲਹ-ਹੱਲਾ। ਸਾਖ਼ਤਮ-ਮੈਂ ਕਰਦਾ।

(ਫਿਰ ਕਹਿਣ ਲਗਾ) ਅਫਸੋਸ ਹੈ, ਜੇਕਰ ਉਸ ਤੋਂ ਵਖਰੀ (ਇਸ ਨੂੰ) ਪਾਉਂਦਾ। (ਤਦ) ਨਰ ਸ਼ੇਰ ਵਾਂਗੂ ਇਕ ਵਾਰਗੀ ਹੀ ਹੱਲਾ ਕਰ ਦੇਂਦਾ ॥ ੩੨ ॥

ਦਿਗਰ ਰੋਜ਼ ਰਫਤਸ਼ ਸਿਵੁਮ ਆਮਦਸ਼ ॥

ਬਿ ਦੀਦੰਦ ਯਕ ਜ਼ਾਇ ਬਰਾਤਫਸ਼ ॥ ੩੩ ॥

ਦਿਗਰ-ਦੂਜੇ। ਰਫ਼ਤ-ਗਿਆ। ਸ਼-ਉਹ। ਸਿਵਮ-ਤੀਜੇ। ਦੀਦੋਮ-ਵੇਖਿਆ। ਬ੍ਰਤਾਫਤਸ-ਮੁੜ ਆਇਆ।

ਦੂਜੇ ਦਿਨ ਗਿਆ (ਤਦ ਭੀ ਉਨ੍ਹਾਂ ਨੂੰ ਇਕ ਜਗ੍ਹਾ ਤੇ ਡਿਠਾ ਤੇ ਮੁੜ ਗਿਆ, ਫਿਰ) ਤੀਜੇ ਦਿਨ ਆਇਆ (ਤਾਂ ਭੀ ਦੋਹਾਂ ਨੂੰ) ਇਕ ਜਗ੍ਹਾ ਤੇ ਡਿਠਾ ਅਤੇ ਮੁੜ ਆਇਆ ॥ ੩੩ ॥

ਬਰੋਜ਼ੇ ਚੁਵਮ ਆਮ ਦੀਦੰਦ ਜ਼ੁਫ਼ਤ ॥

ਬ ਹੈਰਤ ਫਿਰੋ ਰਫ਼ਤ ਬਾਦਿਲ ਬਿਗੁਫ਼ਤ ॥ ੩੪ ॥

ਚਵੁਮ-ਚੌਥੇ। ਆਮ-(ਆਮਦ) ਆਇਆ। ਜੁਫਤ-ਇਕਠੇ। ਹੈਰਤ-ਹੈਰਾਨ। ਫਿਰੋ ਰਫਤ-[ਫਿਰ+ਓ+ਰਫਤ) ਓਹ ਫਿਰ ਚਲਿਆ।

ਚੌਥੇ ਦਿਨ ਆਇਆ ਤੇ ਇਕਠੇ ਸੁਤੇ ਪਿਆ ਡਿਠਾ। (ਤਦ) ਹੈਰਾਨ ਹੋ ਕੇ ਮੁੜ ਚਲਿਆ ਅਤੇ ਦਿਲ ਵਿਚ ਕਹਿਣ ਲਗਾ ॥ ੩੪ ॥

ਕਿ ਹੈਫ਼ ਅਸਤ ਆਂ ਰਾ ਜੁਦਾ ਯਾਫ਼ਤਮ ॥

ਕਿ ਤੀਰੋ ਕਮਾਂ ਅੰਦਰੂੰ ਸਾਖਤਮ ॥ ੩੫ ॥

ਹੈਫ਼ ਅਸਤ-ਅਫਸੋਸ ਹੈ। ਆ ਰਾਂ-ਉਸ ਨੂੰ। ਜੁਦਾ-ਵਖਰਿਆਂ। ਯਾਫ਼ਤਮ-ਮੈਂ ਪਾਉਂਦਾ। ਤੀਰੋ-ਤੀਰ ਨੂੰ। ਅੰਦਰੂ- ਵਿਚ। ਸਾਖਤਮ-ਮੈਂ ਰਖ ਦੇਂਦਾ।

ਅਫਸੋਸ ਹੈ, (ਜੇਕਰ) ਉਸ ਨੂੰ ਵਖਰਿਆ ਪਾ ਲੈਂਦਾ। (ਤਦ ਜਰੂਰ ਹੀ ਉਸ ਦੀ) ਕਮਾਨ ਵਿਚ ਤੀਰ ਟਿਕਾ ਦੇਂਦਾ ॥ ੩੫ ॥

ਨ ਦੀਦੇਮ ਦੁਸ਼ਮਨ ਨ ਦੋਜ਼ਮ ਬ ਤੀਰ ॥

ਨ ਕੁਸ਼ਤਮ ਅਦੂ ਰਾ ਨ ਕਰਦਮ ਅਸੀਰ ॥ ੩੬ ॥

ਦੀਦੇਮ=ਮੈਂ ਵੇਖਿਆ। ਦੋਜ਼ਮ-ਪਰੋਤਾ, ਵਿੰਨ੍ਹਿਆ। ਕੁਸ਼ਤਮ-ਮੈਂ ਮਾਰਿਆ। ਅਦੂ ਰਾ= ਬੁਰੇ ਆਦਮੀ ਨੂੰ। ਅਸੀਰ=ਕੈਦ ਕੀਤਾ। (ਫਿਰ ਕਹਿਣ ਲਗਾ, ਅਫਸੋਸ !) ਨਾ ਮੈਂ ਦੁਸ਼ਮਨ ਨੂੰ ਡਿਠਾ, ਨਾ (ਉਸ ਨੂੰ) ਤੀਰ ਵਿਚ ਪਰੋਤਾ। ਨਾ ਬੁਰੇ ਆਦਮੀ ਨੂੰ ਮਾਰਿਆ ਅਤੇ ਨਾ ਹੀ ਕੈਦ ਕੀਤਾ ਹੈ (ਫਿਰ ਮੈਂ ਕਿਸ ਤਰ੍ਹਾਂ ਦਾ ਬਹਾਦਰ ਯੋਧਾ ਹੋ ਸਕਦਾ ਹਾਂ ?) ॥ ੩੬ ॥

ਸ਼ਸ਼ਮ ਰੋਜ਼ ਆਮਦ ਬਦੀਦਹ ਵਜ਼ਾਂ ॥
ਬ ਪੇਚਸ਼ ਦਰ ਆਵੇਖ਼ਤ ਗੁਫ਼ਤ ਅਜ਼ ਜ਼ਬਾਂ ॥ ੩੭ ॥

ਸ਼ਸ਼ਮ=ਛੇਵੇਂ। ਆਮਦ=ਆਇਆ। ਬਦੀਦਹ=ਡਿਠਾ। ਵਜ਼ਾਂ-ਉਸੇ ਤਰ੍ਹਾਂ। ਪੇਚਸ਼=ਵੱਟ। ਆਵੇਖ਼ਤ=ਲਪੇਟਿਆ। ਗੁਫ਼ਤ=ਕਿਹਾ। ਅਜ਼=ਤੋਂ।

ਛੇਵੇਂ ਦਿਨ ਆਇਆ (ਅਤੇ ਉਨ੍ਹਾਂ ਨੂੰ) ਉਸੇ ਤਰ੍ਹਾਂ ਹੀ ਵੇਖਿਆ। ਫਿਰ ਵਟ ਖਾਣ ਲਗ ਪਿਆ ਅਤੇ ਜ਼ਬਾਨ ਤੋਂ ਆਖਣ ਲਗਾ ॥ ੩੭ ॥

ਨ ਦੀਦੇਮ ਦੁਸ਼ਮਨ ਚਿ ਰੇਜ਼ੇਮ ਖ਼ੂੰ ॥
ਦਰੇਗ਼ਾ ਨ ਕੈਬਰ ਕਮਾਂ ਅੰਦਰੂੰ ॥ ੩੮ ॥

ਦੀਦੇਮ-ਮੈਂ ਡਿਠਾ। ਰੇਜ਼ਮ=ਟੁਕੜੇ ੨ ਮੈਂ ਕਰਦਾ। ਖ਼ੂੰ=ਖੂਨ, ਕਤਲ। ਦਰੇਗ਼ਾ-ਅਫਸੋਸ। ਕੈਬਰ=ਤੀਰ। ਕਮਾਂ=ਕਮਾਨ। ਅੰਦਰੂੰ=ਵਿਚ।

ਨਾ ਮੈਂ ਵੈਰੀ ਨੂੰ ਡਿਠਾ ਜੋ ਖੂਨ (ਕਰਕੇ, ਉਸ ਦੇ) ਮੈਂ ਟੁਕੜੇ ਟੁਕੜੇ ਕਰਦਾ। ਅਫਸੋਸ ! (ਮੈਂ) ਕਮਾਨ ਵਿਚ ਤੀਰ ਨਹੀਂ (ਧਰ ਸਕਿਆ) ॥ ੩੮ ॥

ਦਰੇਗ਼ਾ ਦੁਸ਼ਮਨ ਨ ਆਵੇਖਤਮ ॥
ਦਰੇਗ਼ਾ ਨ ਬਾ ਯਕ ਦਿਗਰ ਰੇਖਤਮ ॥ ੩੯ ॥

ਬ=ਨਾਲ। ਆਵੇਖਤਮ=ਚੰਬੜਿਆ ਮੈਂ [ਭਾਵ ਗੁਥਮ ਗੁਥਾ ਹੋਣਾ]। ਰੇਖਤਮ-ਡੋਲੇ।

ਅਫਸੋਸ, (ਜੋ) ਦੁਸ਼ਮਨ ਨਾਲ ਮੁਠ-ਭੇੜ ਨਹੀਂ ਹੋਇਆ। ਅਫਸੋਸ, (ਕਿ) ਇਕ ਦੂਜੇ ਨਾਲ (ਜਫੀ ਪਾ ਕੇ) ਡੁਲੇ ਭੀ ਨਹੀਂ ਹਾਂ ॥ ੩੯ ॥

ਭਾਵ-ਜੋ ਸੂਰਮਾ ਹੋ ਕੇ ਨਾ ਤਾਂ ਦੁਸ਼ਮਨ ਦੇ ਲਹੂ ਨਾਲ ਭਿਜਾ ਹੋਵੇ ਅਤੇ ਨਾ ਹੀ ਆਸ਼ਕ ਹੋ ਕੇ ਪ੍ਰੀਤਮ ਦੇ ਪਿਆਰ ਨੂੰ ਪ੍ਰਾਪਤ ਕੀਤਾ ਹੈ, ਉਹ ਫਿਰ ਸੂਰਮਾ ਕਹਾਉਣ ਦਾ ਕੀ ਹਕ ਰਖਦਾ ਹੈ?

ਹਕੀਕਤ ਸ਼ਨਾਸਦ ਨ ਹਾਲੇ ਦਿਗਰ ॥
ਕਿ ਮਾਇਲ ਬਸੇ ਗਸ਼ਤ ਓ ਤਾਬਰ ਸਰ ॥ ੪੦ ॥

ਹਕੀਕਤ-ਤੱਤ ਵਸਤੂ ਸਚ ਸਰੂਪ, ਵਾਹਿਗੁਰੂ। ਸ਼ਨਾਸਦ-ਪਛਾਣਿਆ। ਹਾਲੇ=ਢੰਗ, ਤ੍ਰੀਕਾ। ਮਾਇਲ-ਮੋਹਤ। ਬਸੇ-ਬਹੁਤ। ਗਸ਼ਤ-ਹੋਇਆ। ਤਾ=ਤਕ।

ਸਚ ਸਰੂਪ ਨੂੰ ਪਛਾਣਿਆ ਨਹੀਂ ਹੈ, (ਕਿਉਂਕਿ) ਦੂਜੇ ਢੰਗ ਵਿਚ, ਉਹ ਸਿਰ ਤਕ, ਬਹੁਤ ਹੀ ਮਇਲ ਹੋ ਰਿਹਾ ਸੀ ॥ ੪੦ ॥

ਭਾਵ-ਉਸ ਨੇ ਸਚ ਨੂੰ ਪਛਾਣਿਆ ਨਹੀਂ ਹੈ। ਘਰ ਤੋਂ ਤਾਂ ਸੱਚ ਦੀ ਪਛਾਣ ਵਾਸਤੇ ਟੁਰਿਆ ਸ਼ੀ, ਪਰ ਦੂਜੇ ਢੰਗ ਵਿਚ, ਦੂਈ ਦੇ ਕੰਮ ਵਿਚ ਸਿਰ ਤਕ ਡੁਬਾ ਪਿਆ ਹੈ, ਇਸ ਕਰਕੇ ਸਚ ਦੀ ਪਛਾਣ ਤੋਂ ਸੈਂਕੜੇ ਕੋਹਾਂ ਪਰ ਹੈ।

ਬਿਬੀਂ ਬੇਖ਼ਬਰ ਰਾ ਚਿਹ ਕਾਰੇ ਕੁਨਦ ॥
ਕਿ ਕਾਰਿ ਬਦਸ਼ ਇਖ਼ਤਿਆਰੇ ਕੁਨਦ ॥ ੪੧ ॥

ਬਿ ਬੀਂ-(ਬਿ-ਵਾਧੂ ਪਦ ਹੈ) ਵੇਖ। ਬੇਖਬਰ=ਬੇਸੁਰਤ,ਕਮਲਾ। ਚਿ ਕਾਰੇ-ਕਿਸ ਕੰਮ ਨੂੰ। ਕਿ-ਜੋ। ਕਾਰਿ-ਕੰਮ ਨੂੰ। ਬਦਸ਼-ਬੁਰਾ ਹੈ। ਇਖਤਿਆਰੇ=ਪ੍ਰਵਾਨ, ਮਨਜ਼ੂਰ, ਹਕ ਵਿਚ।

(ਇਸ) ਕਮਲ ਜੀਵ ਵਲ ਵੇਖ! ਕੀ ਕੰਮ ਕਰ ਰਿਹਾ ਹੈ। ਜੋ ਬੁਰਾ ਕੰਮ ਹੈ, (ਉਸ ਨੂੰ ਆਪਣੇ) ਇਖਤਿਆਰ ਵਿਚ ਕਰ ਰਿਹਾ ਹੈ ॥੪੧॥

ਭਾਵ-ਜੀਵ ਦੀ ਬੇਸਮਝੀ ਹੈ,ਕਿ ਜਿਨ੍ਹਾਂ ਕੰਮਾਂ ਵਿਚ ਸਦਾ ਦੁਖ ਹੋਣਾ ਹੈ, ਜੋ ਸਦਾ ਹੀ ਬੁਰੇ ਕੰਮ ਜਾਣਦਾ ਹੈ,ਫਿਰ ਹਮੇਸ਼ਾ ਓਹੀ ਕਰਦਾ ਹੈ। ਯਥਾ-

ਬੁਰੇ ਕਾਮ ਕਉ ਊਠਿ ਖਲੋਇਆ ॥ ਨਾਮ ਕੀ ਬੇਲਾ ਪੈ ਪੈ ਸੋਇਆ ॥

ਬਿਬੀਂ ਬੇਖ਼ਬਰ ਬਦ ਖ਼ਰਾਸ਼ੀ ਕੁਨਦ ॥
ਕਿ ਬੇ ਆਬ ਸਰ ਖ਼ੁਦ ਤਰਾਸ਼ੀ ਕੁਨਦ ॥ ੪੨ ॥

ਬੀਂ-ਵੇਖ। ਬੇਖਬਰ-ਸੁਰਤ ਤੋਂ ਹੀਣਾ। ਬਦ-ਬੁਰਾ। ਖ਼ਰਾਸ਼ੀ-ਦੁਖ ਦੇਣ ਵਾਲਾ। ਬੇ-ਬਿਨਾ ਆਬ-ਪਾਨੀ। ਸਰ-ਸਿਰ। ਖ਼ੁਦ-ਆਪਣਾ। ਤਰਾਸ਼ੀ-ਛਿਲਣਾ,ਮੁੰਨਣਾ। ਕੁਨਦ-ਕਰਦਾ ਹੈ।

ਓ ਸੁਰਤ ਤੋਂ ਹੀਣੇ! ਵੇਖ, (ਤੂੰ ਕਿਸ ਤਰ੍ਹਾਂ ਦਾ) ਦੁਖ ਦੇਣ ਵਾਲਾ ਬੁਰਾ ਕੰਮ ਕਰਦਾ ਹੈਂ? ਜੋ ਪਾਣੀ ਤੋਂ ਬਿਨਾਂ ਹੀ ਆਪਣਾ ਸਿਰ ਛਿਲਣਾ ਕਰਦਾ ਹੈਂ?

ਭਾਵ-ਪੰਜਾਬੀ ਕਹਾਵਤ ਹੈ,'ਇਸ ਨੇ ਪਾਣੀ ਤੋਂ ਬਿਨਾਂ ਸਿਰ ਸੁਕਾ ਹੀ ਮੁੰਨਵਾ ਲਿਆ ਹੈ'। ਜੇ ਕੋਈ ਆਦਮੀ ਕੁਝ ਪ੍ਰਾਪਤ ਕੀਤੇ ਤੋਂ ਬਿਨਾਂ ਚੰਗੀ ਚੀਜ਼ ਦੇ ਦੇਵੇ, ਤਦ ਲੋਕੀਂ ਉਸ ਨੂੰ ਇਸ ਤਰ੍ਹਾਂ ਅ ਖਿਆ ਕਰਦੇ ਹਨ।

ਜੀਵ ਲਈ ਸਤਿਗੁਰੂ ਜੀ ਨੇ ਇਹ ਮੁਹਾਵਰਾ ਇਸ ਲਈ ਵਰਤਿਆ ਹੈ ਕਿ ਇਹ ਜਾਣ ਬੁਝ ਕੇ ਉਹ ਕੰਮ ਕਰਦਾ ਹੈ,ਜਿਨ੍ਹਾਂ ਵਿਚ ਇਸਨੂੰ ਸਰਾਸਰ ਘਾਟਾ ਪੈ ਰਿਹਾ ਹੈ। ਭਗਤ ਜੀ ਫੁਰਮਾਂਦੇ ਹਨ-

ਮੁਹਿ ਐਸੇ ਬਨਜ ਸਿਉ ਨਹੀਨ ਕਾਜ ॥
ਜਿਹ ਘਟੈ ਮੂਲ ਨਿਤ ਵਧੈ ਬਿਆਜ ॥

ਪਰ ਇਹ ਜੀਵ ਇਸ ਵਣਜ ਵਲੋਂ ਗਾਫਲ ਹੋ ਕੇ ਸਦਾ ਓਹੀ ਕੰਮ ਕਰ ਰਿਹਾ ਹੈ, ਜਿਸ ਵਿਚ ਮੂਲ ਨੂੰ ਘਾਟਾ ਹੀ ਘਾਟਾ ਪੈਂਦਾ ਜਾਂਦਾ ਹੈ।

ਬਿਦਿਹ ਸਾਕੀਆ ਜਾਮ ਸਬਜ਼ੇ ਮਰਾ ॥
ਕਿ ਸਰ ਬਸਤਹ ਮਨ ਗੰਜ ਬਖ਼ਸ਼ਮ ਤੁਰਾ ॥ ੪੩ ॥

ਬਿਦਿਹ-ਦਿਓ। ਜਾਮ-ਪਿਆਲਾ। ਸਬਜੇ-ਸਾਵੇ ਰੰਗ ਦਾ। ਮਰਾ-ਮੈਨੂੰ। ਸਰ ਬਸਤਹ= ਬੰਦ ਦਾ ਬੰਦ,ਭਰਿਆ ਭਰਾਇਆ। ਮਨ=ਮੈਂ। ਗੰਜ=ਖਜਾਨਾ। ਬਖਸ਼ਮ-ਬਖਸ਼ ਦੇਵਾਂਗਾ। ਤੁਰਾ-ਤੈਨੂੰ।

ਹੇ ਸਾਕੀ! ਮੈਨੂੰ ਸਾਵੇ ਰੰਗ ਦਾ ਪਿਆਲਾ ਦੇਹੁ। ਤੈਨੂੰ ਭਰਿਆ ਭਰਾਇਆ ਖਜਾਨਾ ਬਖਸ਼ ਦੇਵਾਂਗਾ ॥ ੪੩ ॥

ਬਿਦਿਹ ਸਾਕੀਆ ਸਾਗਰੇ ਸਬਜ਼ ਫ਼ਾਮ ॥
ਕਿ ਖ਼ਸ਼ਮ ਅਫ਼ਗਨੀ ਵਕਤ ਹਸਤਸ਼ ਬਕਾਮ ॥ ੪੪ ॥ ੯ ॥

ਸਾਗਰੇ–ਪਿਆਲਾ। ਫ਼ਾਮ–ਵਰਨ, ਰੰਗ। ਖ਼ਸ਼ਮ–ਵੈਰੀ। ਅਫ਼ਗਨੀ–ਢਾਹੁਣ ਦੇ। ਵਕਮ–ਵੇਲੇ। ਹਸਤਸ–ਹੈਗਾ ਹੈ। ਬਕਾਮ–ਚੰਮ ਦਾ।

ਹੇ ਸਾਕੀ! ਸਬਜ ਰੰਗ ਦਾ ਪਿਆਲਾ ਦੇਹੁ। ਜੋ ਦੁਸ਼ਮਨ ਨੂੰ ਪਟਕਾਉਣ ਦੇ ਵੇਲੇ ਸਿਰ ਕੰਮ ਆਉਂਦਾ ਹੈ॥੪੪॥੯॥ ਭਾਵ–ਗੁਰੂ ਕੋਲ ਪ੍ਰਾਰਥਨਾ ਹੈ, ਮੈਨੂੰ ਸਬਜ਼ ਰੰਗ ਦਾ ਪਿਆਲਾ ਬਖਸ਼ੋ ਭਾਵ ਪੂਰਨ ਵੈਰਾਗ ਬਖਸ਼ੋ। ਇਸ ਦੇ ਬਦਲੇ ਵਿਚ ਸਿਖ ਗੁਰੂ ਨੂੰ ਕੀ ਦੇਵੇਗਾ? ਓਹ ਭੀ ਦਸਿਆ ਹੈ 'ਭਰਿਆ ਭਰਾਇਆ ਖਜਾਨਾ ਤੈਨੂੰ ਦੇਵਾਂਗਾ'। ਮਨ ਇਕ ਖਜਾਨਾ ਹੈ, ਜੋ ਹਰ ਤਰ੍ਹਾਂ ਦੀਆਂ ਕਾਮਨਾਂ ਨਾਲ ਭਰਿਆ ਹੋਇਆ ਹੈ। ਉਹ ਕਾਮਨਾਂ ਨੂੰ ਚਾਹੁਣ ਵਾਲਾ ਮਨ ਗੁਰੂ ਨੂੰ ਦੇਣਾ ਹੈ। ਉਸ ਦੇ ਦਿਤਿਆਂ ਹੀ ਇਸ ਵੈਰਾਗ ਦਾ ਫਲ ਮਿਲਣਾ ਹੈ।

ਜਰਾ ਜਨਕ ਵਲ ਵੇਖੋ, ਗੁਰੂ ਨੇ ਉਸ ਤੋਂ ਤਨ ਮਨ ਤੇ ਧਨ ਤਿੰਨਾਂ ਵਿਚੋਂ ਇਕ ਚੀਜ਼ ਮੰਗੀ ਸੀ, ਰਾਜਾ ਨੇ ਮਨ ਦੇ ਦਿਤਾ, ਮਨ ਦਿੰਦੇ ਸਾਰ ਹੀ ਰਾਜਾ ਨੇ ਪੂਰਨ ਪਦ ਨੂੰ ਪਾ ਲਿਆ ਸੀ। ਇਹ ਬੜੇ ਲੰਮੇ ਚੌੜੇ ਵਿਸਥਾਰ ਵਾਲਾ ਪ੍ਰਸੰਗ ਸ੍ਰੀ ਗਰੰਥ ਗੁਰੂ ਭਗਤ ਮਾਲ ਦੇ ਸਫਾ ੩੦੮ ਤੋਂ ੩੧੨ ਤਕ ਪੜੋ। ਤਦੇ ਹੀ ਤਾਂ ਭਗਤ ਜੀ ਨੇ ਕਿਹਾ ਹੈ--

ਮਨ ਦੇਇ ਰਾਮ ਲੀਆ ਹੈ ਮੋਲ॥
ਅਬ ਹਮ ਰਾਮ ਅਪਨਾ ਕਰਿ ਜਾਨਿਆ॥

ਜਿਵੇਂ ਮੁਲ ਲਈ ਵਸਤੂ ਉਤੇ ਪੂਰਾ੨ ਕਬਜ਼ਾ ਹੁੰਦਾ ਹੈ,ਇਵੇਂ ਹੀ ਮਨ ਦੇਕੇ ਸਿਮ੍ਰਨ ਲਿਆ ਜਾਵੇ ਤਾਂ ਉਹ ਸਿਮਰਨ ਰਾਮ ਨੂੰ ਆਪੇ ਹੀ ਬੁਲਾ ਲੈਂਦਾ ਹੈ,ਕਿਉਂਕਿ–

ਕਹੁ ਕਬੀਰ ਭਗਤਿ ਕਰਿ ਪਾਇਆ॥
ਰਾਮ ਭਗਤਿ ਬੈਠੇ ਘਰਿ ਆਇਆ॥

ਭਗਤੀ ਕਰਕੇ ਭਗਤ ਨੇ ਰਾਮ ਨੂੰ ਘਰ ਦੇ ਵਿਚ ਬੈਠੇ ਹੀ ਪਾਇਆ ਹੈ, ਪਰ ਉਹ ਤਦ ਹੀ ਪਾਇਆ ਹੈ ਜਾਂ ਉਹਨਾਂ ਨੇ ਪਹਿਲਾਂ ਮਨ ਰੂਪ ਮੁਲ ਦੇ ਕੇ ਸਤਿਗੁਰੂ ਪਾਸੋਂ ਸਿਮਰਨ ਲਿਆ ਹੈ,ਪਰ ਉਸ ਸਿਮਰਨ ਦਾ ਕਰਨਾ ਹੀ 'ਭਗਤੀ' ਹੈ।

–੦–

ਸਿਖਯਾ–ਇਸ ਕਹਾਣੀ ਤੋਂ ਸਿਖਯਾ ਸੂਚਨ ਕੀਤੀ ਜਾਂਦੀ ਹੈ ਕਿ ਇਕ ਇਸਤ੍ਰੀ ਨੇ ਆਪਣੇ ਯਾਰ ਨੂੰ ਇਸਤ੍ਰੀ ਬਣਾਕੇ ਆਪਣੇ ਘਰ ਵਿਚ ਆਪਣੇ ਪਤੀ ਦੇ ਸਾਹਮਣੇ ਰਖਿਆ। ਪਰ ਚੂੰਕਿ ਉਸ ਦਾ ਪਤੀ ਉਸ ਇਸਤ੍ਰੀ ਰੂਪ ਧਾਰੀ ਪੁਰਸ਼ ਨੂੰ ਸਚੀ ਮੁਚੀ ਇਸਤ੍ਰੀ ਸਮਝ ਕੇ ਉਸ ਉਤੇ ਆਸ਼ਕ ਹੋ ਗਿਆ, ਦਾਸੀ ਨੂੰ ਉਸ ਨੇ ਪ੍ਰੇਰਨ ਤੇ ਮਿਲਾਉਣ ਲਈ ਵਿਚੋਲੀ ਬਣਾਇਆ, ਫਿਰ ਤਾਂ ਵਿਭਚਾਰਨ ਇਸਤ੍ਰੀ ਨੇ ਵਿਭਚਾਰੀ ਪਤੀ ਦੇ ਸਾਹਮਣੇ ਹੀ ਯਾਰ ਹੰਢਾਉਣਾ ਤੇ ਇਕਠੇ ਸੌਣਾ ਸ਼ੁਰੂ ਕਰ ਦਿਤਾ। 'ਚੋਰ ਦੀ ਦਾੜ੍ਹੀ ਵਿਚ ਤਿਣਕਾ' ਦੀ ਕਹਾਵਤ ਅਨੁਸਾਰ ਰਾਜੇ ਦਾ ਮਨ ਕਾਂਪ ਖਾ ਚੁਕਾ ਸੀ, ਇਸ ਲਈ ਉਸਦੀ ਆਪਣੀ ਬੁਰਾਈ ਚਿਤਵੀ ਹੋਈ ਹੀ ਉਸ ਨੂੰ ਬੋਲਣ ਨਹੀਂ ਦੇਂਦੀ,ਉਹ ਇਸਤ੍ਰੀ ਨੂੰ ਪੁਛ ਹੀ ਨਹੀਂ ਸਕਦਾ। ਉਸ ਦੀ ਬੁਰਾਈ ਚਿਤਵੀ ਹੋਈ ਨੇ ਉਸ ਦੇ ਮੂੰਹ ਉਤੇ ਮੋਹਰ ਲਾ ਦਿਤੀ ਹੈ, ਜਿਸ ਨ ਉਸ ਨੂੰ ਗੁੰਗਾ ਬਣਾ ਛਡਿਆ ਹੈ।

ਉਪਦਸ਼ ਸੂਚਨ ਹੁੰਦਾ ਹੈ--ਹੇ ਔਰੰਗਜ਼ੇਬ! ਜੇਕਰ ਪੁਰਸ਼ ਵਿਚ ਕੋਈ ਕਮਜ਼ੋਰੀ ਨਾ ਹੋਵੇ ਤਾਂ ਵਡੇ੨ ਸੂਰਬੀਰ ਵਰੀ ਨੂੰ ਭੀ ਪਛਾੜ ਸੁਟਦਾ ਹੈ ਆਪਣੀ ਸਚਾਈ ਦੇ ਜ਼ੋਰ ਨਾਲ ਨਿਡਰ ਹੋ ਕ ਸ਼ੇਰ ਵਾਂਗੂ ਗੁਜਦਾ ਹੈ,ਪਰ ਜਦਕੋਈ ਰਤੀ ਜਿੰਨੀ ਭੀ ਕਮਜ਼ੋਰੀ ਆ ਜਾਵੇ ਤਾਂ ਫਿਰ ਕਮਜ਼ੋਰ ਤੋਂ ਕਮਜ਼ੋਰ ਆਪਣੀ ਦਾਸੀ ਤੋਂ ਭੀ ਦਬਿਆ ਰਹਿੰਦਾ ਹੈ। ਜਿਸ ਨੇ ਰਾਜਾ ਹੋ ਕੇ ਦਾਸੀ ਦਾ ਡਰ ਧਾਰ ਲਿਆਹੈ ਉਹ ਕਦੇ ਭੀ ਸਚਾ ਨਿਆਉਂ ਨਹੀਂ ਕਰਸਕਦਾ। ਇਸ ਲਈ ਤੂੰ ਆਪਣੇ ਰਾਜ ਕਰਮਚਾਰੀਆਂਵਲ

ਸਰਾਫੀ ਨਜ਼ਰ ਨਾਲ ਵੇਖ। ਕੀ ਤੇਰੇ ਰਾਜ ਕਰਮਚਾਰੀ ਉਸੇ ਤਰ੍ਹਾਂ ਦੇ ਰਾਜੇ ਤਾਂ ਨਹੀਂ ਹਨ? ਜੇ ਉਹ ਉਸ ਤਰ੍ਹਾਂ ਦੇ ਹਨ ਤੇ ਤੂੰ ਇਸ ਗੱਲ ਨੂੰ ਜਾਣਕੇ ਭੀ ਉਨ੍ਹਾਂ ਨੂੰ ਉਨ੍ਹਾਂ ਦੀ ਕਰਨੀ ਦਾ ਦੰਡ ਨਹੀਂ ਦੇਂਦਾ ਤਦ ਸਚ ਜਾਣ ਕਿ ਤੇਰੇ ਮਨ ਵਿਚ ਭੀ ਕੋਈ ਕਮਜ਼ੋਰੀ ਹੈ। ਤੇਰਾ ਪਾਪ ਹੀ ਤੈਨੂੰ ਉਨ੍ਹਾਂ ਦੇ ਸਾਹਮਣੇ ਬੋਲਣ ਨਹੀਂ ਦੇਂਦਾ। ਤੂੰ ਆਪਣੇ ਪਾਜ ਨੂੰ ਲੁਕਾਈ ਰਖਣ ਵਾਸਤੇ ਉਹਨਾਂ ਪਾਸੋਂ ਅਨੇਕਾਂ ਖੁਨਾਮੀਆਂ ਹੁੰਦੀਆਂ ਵੇਖ ਕੇ ਅਖਾਂ ਮੀਟੀ ਬੈਠਾ ਹੈਂ। ਇਥੋਂ ਇਹ ਨਿਸਚਿਤ ਹੈ, ਜੋ ਤੇਰੀ ਕਰਤੂਤ ਨੇ ਹੀ ਤੈਨੂੰ ਬੋਲਣ ਤੋਂ ਬੰਦ ਕੀਤਾ ਹੋਇਆ ਹੈ।

ਪਰ ਭਾਈ! ਇਹ ਪਾਜ ਕਿੰਨਾ ਕੁ ਚਿਰ ਲੁਕਿਆ ਰਹੇਗਾ?

ਅੰਦਰ ਵੜ ਕੇ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ ॥
ਜੇ ਧਰਮ ਕਮਾਵ ਤਿਸੁ ਧਰਮ ਨਾਉ ਹੋਵੈ ਪਾਪ ਕਮਾਵੈ ਪਾਪੀ ਜਾਣੀਐ ॥

ਇਸ ਲਈ ਚੰਗਾ ਹੈ ਜੋ ਤੂੰ ਆਪੇ ਹੀ ਆਪਣੇ ਪਾਪ ਦਾ ਪ੍ਰਾਸਚਿਤ ਕਰ ਲਵੇਂ ਤਾਂਕਿ ਫਿਰ ਤੈਨੂੰ ਸ਼ਰਮਿੰਦਾ ਨਾ ਹੋਣਾ ਪਵੇ। ਵੇਖ ਬਾਬਾ ਫਰੀਦ ਜੀ ਨੇ ਕੀ ਕਿਹਾ ਹੈ।

ਫਰੀਦਾ ਜਿੰਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰ ॥
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰ ॥

—o—

ਵਾਹਿਗੁਰੂ ਜੀ ਕੀ ਫ਼ਤੇ ॥

(ਹਿਕਾਯਤ ਦਹਮ-ਦਸਵੀਂ ਕਹਾਣੀ)

ਗ਼ਫ਼ੂਰੋ ਗੁਨਹ ਬਖਸ਼ ਗ਼ਾਫਿਲ ਕੁਸ਼ ਅਸਤ ॥
ਜਹਾਂ ਰਾ ਤੋਈ ਬਸਤ ਈਂ ਬੰਦੋਬਸਤ ॥ ੧ ॥

ਗ਼ਫੂਰੋ—ਦਿਆਲੂ ਅਤੇ। ਗੁਨਹ—ਔਗੁਣ, ਬੁਰੇ ਕਰਮ। ਬਖਸ਼—ਬਖਸ਼ਨ ਵਾਲਾ। ਗ਼ਾਫਿਲ—ਰਬ ਵਲੋਂ ਭੁਲੇ ਹੋਏ, ਬੇਹੋਸ਼ ਹੋ ਚੁਕੇ। ਕੁਸ਼ ਅਸਤ—ਮਾਰਨ ਵਾਲਾ ਹੈ। ਜਹਾਂ-ਜਗਤ। ਰਾ—ਦਾ। ਤੋਈ-ਤੂੰਹੀ। ਬਸਤਈਂ ਬੰਨ੍ਹਿਆ ਹੈ।

ਦਿਆਲੂ ਵਾਹਿਗੁਰੂ ਔਗਨ ਬਖਸ਼ਣ ਵਾਲਾ ਤੇ ਗਾਫਿਲਾਂ ਨੂੰ ਮਾਰਨ ਵਾਲਾ ਹੈ। (ਹੇ ਵਾਹਿਗੁਰੂ ਸਾਰੇ) ਜਗਤ ਦਾ ਬੰਦਬਸਤ ਤੂੰ ਹੀ ਬੰਨ੍ਹਿਆ ਹੋਇਆ ਹੈ ॥ ੧ ॥

ਭਾਵ-ਹੇ ਮੇਰੇ ਨਿਰੰਕਾਰ! ਤੇਰੇ ਕੀਤੇ ਹੋਏ ਕੰਮ ਆਪਣੇ ਆਪ ਹੀ ਸਰੰਜਾਮ ਹੁੰਦੇ ਜਾ ਰਹੇ ਹਨ, ਤੂੰ ਇਨ੍ਹਾਂ ਨੂੰ ਅਜੇਹੇ ਪੈਮਾਨੇ ਉਤੇ ਬੰਨਿਆ ਹੈ, ਜਿਸ ਦਾ ਬੰਦੋਬਸਤ ਕਦੇ ਵਿਗੜਿਆ ਨਹੀਂ ਹੈ।

ਨ ਪਿਸਰੋ ਨ ਮਾਦਰ ਬਿਰਾਦਰ ਪਿਦਰ ॥
ਨ ਦਾਮਾਦ ਦੁਸ਼ਮਨ ਨ ਯਾਰੋ ਦਿਗਰ ॥ ੨ ॥

ਪਿਸਰ-ਪੁਤਰ। ਮਾਦਰ—ਮਾਂ। ਬਿਰਾਦਰ-ਭਰਾ। ਪਿਦਰ-ਪਿਉ। ਦਾਮਾਦ-ਜਵਾਈ।

ਨਾ (ਤੂੰ ਕਿਸੇ ਦਾ) ਪੁਤ੍ਰ ਹੈਂ, ਨਾ ਮਾਂ ਹੈ, ਨਾ ਭਰਾਉ ਹੈ ਤੇ ਨਾ ਹੀ ਪਿਉ ਹੈ। ਨਾ (ਤੇਰਾ ਕੋਈ) ਜਵਾਈ ਹੈ, ਨਾ ਦੁਸ਼ਮਨ ਹੈ, ਤੇ ਨਾ ਯਾਰ ਹੈ (ਅਤੇ ਨਾ ਕੋਈ) ਦੂਜਾ (ਤੇਰੇ ਵਰਗਾ ਹੈ)॥੨॥

ਸ਼ੁਨੀਦਮ ਸ਼ੁਖਨ ਸ਼ਾਹਿ ਮਾਜ਼ਿੰਦਰਾਂ ॥
ਕਿ ਰੌਸ਼ਨ ਦਿਲੋ ਨਾਮ ਬੁਰਦਸ਼ ਜ਼ਮਾਂ ॥ ੩ ॥

ਸ਼ੁਨੀਦਮ—ਮੈਂ ਸੁਣੀ ਹੈ। ਸੁਖਨ—ਗੱਲ, ਵਾਰਤਾ, ਕਹਾਣੀ। ਸ਼ਾਹਿ—ਰਾਜੇ ਦੀ। ਮਾਜ਼ਿੰਦਰਾ—(ਇਕ ਦੇਸ਼ ਦਾ ਨਾਮ ਹੈ)। ਬੁਰਦ—ਲੈਂਦਾ। ਸ਼—ਉਸ ਦਾ।

ਅਸਾਂ ਮਾਜ਼ਿੰਦਰਾਂ ਦੇ ਰਾਜੇ ਦੀ ਵਾਰਤਾ ਸੁਣੀ ਹੋਈ ਹੈ। ਜੋ ਰੌਸ਼ਨ ਚਿਤ ਵਾਲਾ ਸੀ ਅਤੇ ਦੁਨੀਆਂ ਉਸ ਦਾ ਨਾਮ ਲੈਂਦੀ ਸੀ (ਭਾਵ ਭਲੇ ਪੁਰਸ਼ਾਂ ਦੀ ਗਿਣਤੀ ਵਿਚ ਦੁਨੀਆਂ ਅਜ ਤਕ ਉਸ ਨੂੰ ਯਾਦ ਕਰਦੀ ਸੀ ॥ ੩ ॥

ਕਿ ਨਾਮਸ਼ ਵਜ਼ੀਰ ਅਸਤ ਸਾਹਿਬ ਸ਼ਊਰ ॥
ਕਿ ਸਾਹਿਬ ਦਮਾਗ਼ ਅਸਤ ਜ਼ਾਹਿਰ ਜ਼ਹੂਰ ॥ ੪ ॥

ਨਾਮਸ਼—ਨਾਮ ਉਸ ਦਾ। ਅਸਤ—ਹੈ। ਸਾਹਿਬ—ਨਾਮ ਹੈ)। ਸ਼ਊਰ—ਬੁਧੀਮਾਨ। ਸਾਹਿਬ ਦਿਮਾਗ—ਦਿਮਾਗ ਦਾ ਮਾਲਕ (ਭਾਵ ਵਿਚਾਰ ਸ਼ਕਤੀ ਵਾਲਾ)। ਜ਼ਾਹਿਰ—ਪ੍ਰਗਟ। ਜ਼ਹੂਰ—ਜਲਵਾ, ਪ੍ਰਤਾਪ।

ਉਸ ਦੇ ਬੁਧੀਮਾਨ ਵਜ਼ੀਰ ਦਾ ਨਾਮ 'ਸਾਹਿਬ' ਸੀ। ਜੋ ਦਿਮਾਗ ਦਾ ਮਾਲਕ ਤੇ ਪ੍ਰਗਟ ਪ੍ਰਤਾਪ ਵਾਲਾ ਸੀ ॥ ੪ ॥

ਕਿ ਪਿਸਰੇ ਅਜ਼ਾਂ ਬੂਦ ਰੌਸ਼ਨ ਜ਼ਮੀਰ ॥
ਕਿ ਹਸਨਲ ਜਮਾਲ ਅਸਤ ਸਾਹਿਬ ਅਮੀਰ ॥ ੫ ॥

ਪਿਸਰੇ—ਪੁਤ੍ਰ। ਅਜ਼ਾਂ ਬਦ—ਉਸ ਦਾ ਹੋਇਆ। ਰੌਸ਼ਨ ਜ਼ਮੀਰ—(ਨਾਮ ਹੈ)।

'ਰੌਸ਼ਨ ਜ਼ਮੀਰ' (ਨਾਮ ਵਾਲਾ) ਉਸ ਦਾ ਪੁਤ੍ਰ (ਪੈਦਾ ਹੋਇਆ)। ਜੋ ਬੜੇ ਹੀ ਸੁੰਦਰ ਸਰੂਪ ਵਾਲਾ ਤੇ ਅਮੀਰਾਂ ਦਾ ਮਾਲਕ ਸੀ ॥ ੫ ॥

ਕਿ ਰੌਸ਼ਨ ਦਿਲੇ ਸ਼ਾਹ ਓ ਨਾਮ ਬੂਦ ॥
ਅਦੂ ਰਾ ਜ਼ ਮਰਦੀ ਬਰ ਆਵੁਰਦ ਦੂਦ ॥ ੬ ॥

ਰੌਸ਼ਨ ਦਿਲੇ—(ਨਾਮ ਹੈ)। ਸ਼ਾਹ—ਰਾਜਾ। ਬੂਦ—ਸੀ। ਅਦੂ—ਵੈਰੀ, ਦੁਸ਼ਮਨ। ਰਾ—ਦਾ। ਮਰਦੀ—ਬਹਾਦਰੀ। ਜ਼—ਨਾਲ। ਬਰ ਆਵੁਰਦ—ਕਢਿਆ। ਦੂਦ—ਧੂੰਆਂ।

ਉਸ ਰਾਜੇ ਦਾ ਨਾਮ 'ਰੌਸ਼ਨ ਦਿਲ' ਸੀ। (ਉਸ ਨੇ) ਸੂਰਮਤਾਈ ਨਾਲ ਦੁਸਮਨਾਂ ਦਾ ਧੂੰਆਂ ਕਢ ਦਿਤਾ (ਭਾਵ ਮਾਰ ਕੇ ਫਨਾਹ ਕਰ ਦਿਤਾ) ਸੀ ॥ ੬ ॥

ਵਜ਼ੀਰੇ ਯਕੇ ਬੂਦ ਜ਼ੋ ਹੋਸ਼ ਮੰਦ ॥
ਰੱਯਤ ਨਵਾਜ਼ ਅਸਤ ਦੁਸ਼ਮਨ ਗਜ਼ੰਦ ॥ ੭ ॥

ਬੂਦ—ਸੀ। ਹੋਸ਼ ਮੰਦ—ਅਕਲ ਵਾਲਾ। ਗਜ਼ੰਦ—ਦੁਖਦਾਈ।

ਉਸ ਦਾ ਇਕ ਵਜ਼ੀਰ ਬੜਾ ਅਕਲ ਵਾਲਾ ਸੀ। ਜੋ ਪਰਜਾ ਦੀ ਪਾਲਨਾ ਕਰਨ ਵਾਲਾ ਅਤੇ ਵੈਰੀਆਂ ਨੂੰ ਦੁਖ ਦੇਣ ਵਾਲਾ ਸੀ ॥ ੭ ॥

ਵਜ਼ਾਂ ਦੁਖ਼ਤਰੇ ਹਸਤ ਰੌਸ਼ਨ ਚਰਾਗ਼ ॥
ਕਿ ਨਾਮੇ ਅਜ਼ਾਂ ਬੂਦ ਰੌਸ਼ਨ ਦਮਾਗ਼ ॥ ੮ ॥

ਵਜ਼ਾ-ਉਸ ਦੀ। ਦੁਖ਼ਤਰੇ-ਇਕ ਲੜਕੀ। ਚਰਾਗ-ਦੀਵਾ। ਅਜ਼ਾਂ-ਉਸ ਦਾ। ਬੂਦ-ਸੀ।

ਉਸ ਦੀ ਇਕ ਲੜਕੀ ਦੀਵੇ ਦੀ ਰੌਸ਼ਨੀ (ਸਮਾਨ) ਹੈਗੀ ਸੀ (ਭਾਵ ਪਰਵਾਰ ਦੇ ਨਾਮ ਨੂੰ ਰੌਸ਼ਨ ਕਰਨ ਵਾਲੀ ਸੀ)। ਉਸ ਦਾ ਨਾਮ ਹੀ 'ਰੌਸ਼ਨ ਦਿਮਾਗ' ਸੀ ॥ ੮ ॥

ਬ ਮਕਤਬਿ ਸੁਪਰਦੰਦ ਹਰ ਦੋ ਤਿਫ਼ਲ ॥

ਕਿ ਤਿਫ਼ਲਸ਼ ਬਸੇ ਰੋਜ਼ ਗ਼ਸ਼ਤੰਦ ਖਿਜ਼ਲ ॥ ੯ ॥

ਬ-ਵਿਚ। ਮਕਤਬਿ-ਮਦਰਸਾ। ਸਪੁਰਦੰਦ-ਬਿਠਾ ਦਿੱਤੇ। ਹਰ ਦੋ-ਦੋਵੇਂ। ਤਿਫ਼ਲ-ਬਾਲ। ਬਸੇ=ਬਹੁਤ। ਰੋਜ਼-ਦਿਨ। ਗਸ਼ਤੰਦ-ਹੋਏ,ਫਿਰਦੇ। ਖਿਜ਼ਲ-ਅਵਾਰਾ ਗਰਦ।

ਦੋਵੇਂ ਬਾਲ ਸਕੂਲ ਵਿਚ ਪੜ੍ਹਨੇ ਪਾ ਦਿਤੇ। ਕਿਉਂ ਜੋ ਉਹ ਬਚੇ (ਪਹਿਲੇ) ਬਹੁਤ ਦਿਨਾਂ ਤਕ ਅਵਾਰਾ ਫਿਰਦੇ ਰਹੇ ਸਨ ॥ ੯ ॥

ਨਿਸ਼ਸਤੰਦ ਦਾਨਾਇ ਮਉਲਾਇ ਰੂਮ ॥

ਕਿ ਦਿਰਮਸ਼ ਬ ਬਖਸ਼ੀਦ ਆਂ ਮਰਜ਼ ਬੂਮ ॥ ੧੦ ॥

ਨਿਸਸਤੰਦ-ਬੈਠੇ। ਦਾਨਾਇ-ਸਿਆਣਾ। ਮਉਲਾਇ-ਮੌਲਾਣਾ, ਵਿਦਵਾਨ। ਰੂਮ-ਦੇਸ ਦਾ ਨਾਮ ਹੈ। ਦਿਰਮਸ਼-ਚਾਂਦੀ ਦਾ ਸਿਕਾ ਹੁਦਾ ਸੀ (ਭਾਵ ਮਾਯਾ, ਦੌਲਤ)। ਆਂ-ਉਸ ਨੂੰ। ਮਰਜ਼=ਧਰਤੀ। ਬੂਮ=ਦੇਸ, ਜਾਗੀਰ।

ਰੂਮ ਦੇਸ ਦੇ ਸਿਆਣੇ ਮੌਲਾਣੇ (ਵਿਦਵਾਨ) (ਦੇ ਕੋਲ ਪੜ੍ਹਣ ਲਈ) ਬੈਠੇ। (ਰਾਜੇ ਨੇ) ਉਸਨੂੰ ਨਕਦ ਦੌਲਤ ਤੇ ਜ਼ਮੀਨ ਦੀ ਜਗੀਰ ਬਖਸ ਦਿਤੀ ॥ ੧੦ ॥

ਨਿਸ਼ਸਤੰਦ ਦਰਾਂ ਜਾਇ ਤਿਫ਼ਲਾਂ ਬਸੇ ॥

ਬਖ਼ਾਂਦੇ ਸੁਖ਼ਨ ਅਜ਼ ਕਿਤਾਬ ਹਰ ਕਸੇ ॥ ੧੧ ॥

ਨਿਸ਼ਸਤੰਦ=ਬੈਠੇ। ਦਰਾਂ ਜਾਇ-ਉਸ ਜਗ੍ਹਾ ਵਿਚ।ਤਿਫਲਾ-(ਤਿਫਲ ਦਾ ਬ: ਬ:) ਬਲੜਕੇ ਮੁੰਡੇ। ਬਸੇ-ਬਹੁਤ। ਬਖਾਂਦੇ-ਪੜ੍ਹਦੇ ਸਨ। ਸੁਖਨ-ਵਾਰਤਾ। ਅਜ਼-ਤੋਂ। ਹਰ ਕਸੇ-ਸਭਕੋਈ

ਉਥੇ ਹੋਰ ਭੀ ਬਹੁਤ ਸਾਰੇ ਲੜਕੇ (ਪੜ੍ਹਨੇ) ਬੈਠੇ ਹੋਏ ਸਨ। ਸਭ ਕੋਈ ਕਿਤਾਬ ਵਿਚੋਂ (ਆਪਣਾ) ਸਬਕ ਪੜ੍ਹਦੇ ਸਨ ॥ ੧੧ ॥

ਬ ਬਗਲ ਅੰਦਰ ਆਰੰਦ ਹਰ ਯਕ ਕਿਤਾਬ ॥

ਜ਼ ਤੌਰੇਤ ਅੰਜੀਲ ਵਜਹੇ ਆਦਾਬ ॥ ੧੨ ॥

ਬਗਲ-ਕੱਛ। ਆਰੰਦ-ਲੈ ਆਉਂਦੇ। ਜ਼-ਵਗੈਰਾ। ਤੌਰੇਤ-ਯਹੂਦੀਆਂ ਦੀ ਧਰਮ ਪੁਸਤਕ ਦਾ ਨਾਮ ਹੈ। ਵਜਹੇ-ਰੀਤੀ। ਅੰਜੀਲ-ਈਸਾਈਆਂ ਦੀ ਧਰਮ ਪੁਸਤਕ ਦਾ ਨਾਮ ਹੈ।ਅਦਾਬ-ਵਰਤਾਰਾ। ਹਰ ਇਕ (ਲੜਕਾ) ਕਿਤਾਬ ਨੂੰ ਕਛ ਵਿਚ(ਮ ਰ ਕੇ) ਲੈ ਆਉਂਦਾ ਸੀ। ਤੌਰੇਤ ਤੇ ਅੰਜੀਲ ਆਦਿਕ (ਉਤੇ ਭੀ ਇਸੇ) ਰੀਤੀ ਦਾ ਵਰਤਾਰਾ ਹੁੰਦਾ ਸੀ ॥ ੧੨ ॥

ਭਾਵ-ਕੀ ਧਰਮ ਪੋਥੀ ਤੇ ਕੀ ਦੁਨਿਆਵੀ ਕਿਤਾਬ, ਸਾਰੀਆਂ ਕਿਤਾਬਾਂ ਕਛੇ ਮਾਰ ਕੇ ਹੀ ਲਿਆਉਂਦੇ ਹੁੰਦੇ ਸਨ।

ਦੋ ਮਕਤਬਿ ਕੁਨਾਨੀਦ ਹਫ਼ਤ ਅਜ਼ ਜ਼ਬਾਂ ॥

ਯਕੇ ਮਰਦ ਖਾਦੰਦ ਦੀਗਰ ਜ਼ਨਾਂ ॥ ੧੩ ॥

ਮਕਤਿਬ—ਮਦਰਸੇ, ਸਕੂਲ। ਕੁਨਾਨੀਦ—ਬਣਾਏ ਗਏ। ਹਫਤ—ਸਤ। ਅਜ਼—ਵਾਸਤੇ। ਜ਼ਬਾਂ—ਬੋਲੀਆਂ। ਖਾਂਦੰਦ—ਪੜ੍ਹਦੇ। ਯਕੇ—ਇਕ ਵਿਚ। ਜ਼ਨਾਂ—ਔਰਤਾਂ।

ਦੋ ਸਕੂਲ ਬਣਾਏ ਗਏ, ਸਤਾਂ ਬੋਲੀਆਂ ਦੇ (ਪੜ੍ਹਾਉਣ) ਵਾਸਤੇ। ਇਕ ਵਿਚ ਆਦਮੀ ਪੜ੍ਹਦੇ ਸਨ, ਦੂਜੇ ਵਿਚ ਔਰਤਾਂ ਪੜ੍ਹਦੀਆਂ ਸਨ ॥ ੧੩ ॥

ਕਿ ਤਿਫਲਾ ਬਿਖਾਦੰਦ ਮੁਲਾਂ ਖੁਸ਼ਸ਼ ॥
ਜ਼ਨਾਂ ਰਾ ਬਿਖ਼ਾਨਦ ਜ਼ਨੇ ਫ਼ਾਜ਼ਿਲਸ਼ ॥ ੧੪ ॥

ਤਿਫ਼ਲਾ—ਲੜਕਿਆਂ। ਬਿਖਾਦੰਦ—ਪੜ੍ਹਾਉਂਦਾ ਸੀ। ਖ਼ੁਸ਼ਸ਼—ਉਹ ਚੰਗਾ ਸੀ। ਜਨਾਂ—ਔਰਤਾਂ ਬਿਖ਼ਾਂਨਦ—ਪੜ੍ਹਾਂਦੀ ਸੀ। ਜ਼ਨੇ—ਇਕ ਜ਼ਨਾਨੀ। ਫ਼ਾਜ਼ਲਿਸ਼—ਪੂਰੀ ਵਿਦਵਾਨ।

ਉਨ੍ਹਾਂ ਬਚਿਆਂ ਨੂੰ ਬਹੁਤ ਚੰਗਾ ਮੁਲਾਂ ਪੜ੍ਹਾਉਂਦਾ ਸੀ। ਅਤੇ ਉਨ੍ਹਾਂ ਲੜਕੀਆਂ ਨੂੰ ਇਕ ਵਿਦਵਾਨ ਜਨਾਨੀ ਪੜ੍ਹਾਉਂਦੀ ਸੀ ॥ ੧੪ ॥

ਵਜ਼ੀਂ ਦਰਮਿਆਂ ਬੂਦ ਦੀਵਾਰ ਜ਼ੀਂ ॥
ਯਕੇ ਆਂ ਤਰਫ ਬੂਦ ਯਕੇ ਤਰਫ ਈਂ ॥ ੧੫ ॥

ਵਜੀਂ—ਉਨ੍ਹਾਂ। ਦਰਮਿਆਂ- ਵਿਚਾਲੇ। ਬਦ-ਸੀ। ਦੀਵਾਰ-ਕੰਧ। ਜ਼ੀਂ—ਇਸ ਵਾਸਤੇ। ਯਕੇ—ਇਕ। ਆਂ ਤਰਫ—ਉਸੇ ਪਾਸੇ। ਬੂਦ—ਸੀ। ਤਰਫ ਈਂ—ਇਸ ਪਾਸੇ।

ਉਨ੍ਹਾਂ ਦੇ ਵਿਚਾਲੇ ਕੰਧ ਕੀਤੀ ਹੋਈ ਸੀ। (ਇਸ ਵਾਸਤੇ) ਇਕ ਉਸ ਪਾਸੇ ਅਤੇ ਇਕ ਇਸ ਪਾਸੇ (ਪੜ੍ਹਦੇ ਸਨ) ॥ ੧੫ ॥

ਸਬੱਕ ਬੁਰਕ ਹਰ ਦੋ ਜ਼ ਹਰ ਯਕ ਹੁਨਰ ॥
ਇਲਮ ਕਸ਼ਮਕਸ਼ ਕਰਦ ਬਾ ਯਕ ਦਿਗਰ ॥ ੧੬ ॥

ਸਬੱਕ—ਵਾਧਾ। ਬੁਰਦ—ਲੈਂਦੇ। ਹਰ ਦੋਂ—ਦੋਵੇਂ। ਜ—ਨਾਲੋਂ। ਹਰ ਯਕ—ਹਰ ਇਕ। ਹੁਨਰ—ਵਿਦਯਾ ਵਾ ਗੁਣ। ਇਲਮ—ਵਿਦਯਾ। ਕਸ਼ਮਸ਼ ਕਰਦ—ਖਿਚਾ ਖਿਚੀ ਕਰਦੇ। ਬਾ—ਨਾਲੋਂ। ਯਕ ਦਿਗਰ—ਇਕ ਦੂਜੇ।

ਹਰ ਇਕ ਗੁਣ (ਸਿਖਣ ਵਿਚ) ਦੋਵੇਂ ਹੀ ਵਾਧਾ ਲੈਂਦੇ ਸਨ। (ਕਿਉਂਕਿ) ਵਿਦਯਾ ਪੜ੍ਹਨ ਵਿਚ ਇਕੋਂ ਦੂਜੇ ਨਾਲੋਂ ਖਿਚਾ ਖਿਚੀ ਕਰਦੇ ਸਨ ॥ ੧੬ ॥

ਭਾਵ—ਲੜਕੇ ਇਸ ਲਈ ਮਨ ਲਾ ਕੇ ਪੜ੍ਹਦੇ ਕਿ ਲੜਕੀਆਂ ਸਾਥੋਂ ਅੱਗੇ ਨਾ ਲੰਘ ਜਾਣ ਅਤੇ ਲੜਕੀਆਂ ਇਸ ਲਈ ਮੇਹਨਤ ਨਾਲ ਪੜ੍ਹਦੀਆਂ ਭੀ ਤੇ ਗੁਣ ਭੀ ਸਿਖਦੀਆਂ ਸਨ ਕਿ ਲੜਕੇ ਸਾਥੋਂ ਅਗੇ ਨਾ ਲੰਘ ਜਾਣ। ਇਸ ਤਰ੍ਹਾਂ ਦੀ ਖਿਚਾ ਖਿਚੀ ਕਰਕੇ ਦੋਵੇਂ ਧਿਰਾਂ ਹੀ ਵਾਧਾ ਕਰਦੇ ਸਨ ਅਤੇ ਬਹੁਤ ਛੇਤੀ ਵਿਦਵਾਨ ਹੋ ਜਾਂਦੇ ਸਨ।

ਸੁਖਨ ਹਰ ਯਕੇ ਰਾਂਦ ਹਰ ਯਕ ਕਿਤਾਬ ॥
ਜ਼ਬਾਂ ਫ਼ਰਸ ਅਰਬੀ ਬਿਗੋਯਦ ਜਵਾਬ ॥ ੧੭ ॥

ਸਖ਼ਨ—ਗੱਲ। ਹਰ ਯਕੇ—ਕੱਲਾ ਕੱਲਾ। ਰਾਂਦ—ਪੜ੍ਹਦਾ। ਹਰ ਯਕ—ਵਖੋ ਵਖ। ਜਬਾਂ—ਬੋਲੀ। ਫਰਸ—ਪਾਰਸੀ। ਗੋਯਦ—ਕਹਿੰਦੇ ਸੀ।

ਹਰ ਕੋਈ ਹਰ ਇਕ ਕਿਤਾਬ ਦੀ ਵਾਰਤਾ ਨੂੰ ਪੜ੍ਹਦਾ ਸੀ। ਫਾਰਸੀ ਤੇ ਅਰਬੀ ਜ਼ਬਾਨ (ਬੋਲੀ) ਵਿਚ ਗਲ ਬਾਤ ਕਹਿੰਦੇ ਸੀ ॥੧੭॥

ਇਲਮ ਰਾ ਸੁਖਨ ਰਾਂਦ ਬਾ ਯਕ ਦਿਗਰ ॥

ਜ਼ ਕਾਮਿਲ ਜ਼ ਜਾਹਿਲ ਜੁ ਨਾਦਰ ਸਿਯਰ ॥ ੧੮ ॥

ਇਲਮ–ਵਿਦਯਾ। ਰਾ–ਦੀ। ਸੁਖਨ–ਗੱਲ। ਰਾਂਦ–ਚਲਾਈ। ਬਾ–ਨਾਲ। ਯਕ ਦਿਗਰ–ਇਕ ਦੂਜੇ। ਜ–ਨਾਲ। ਕਾਮਿਲ–ਪੂਰਨ। ਜਾਹਿਲ–ਮੂਰਖ। ਨਾਦਰ–ਸੋਹਣਾ ਸੁਭਾਉ। ਸਿਯਰ–ਭੈੜੇ ਸੁਭਾ ਵਾਲੇ। ਇਕ ਨੇ ਦੂਜੇ ਨਾਲ ਵਿਦਯਾ ਦੀ ਗੱਲ ਤੋਰ ਲਈ। ਪੂਰਨ ਵਿਦਵਾਨ ਤੇ ਮੂਰਖ ਅਤੇ ਚੰਗੇ ਸੁਭਾਉ ਵਾਲੇ ਨਾਲ ॥ ੧੮ ॥

ਕਿ ਸ਼ਮਸ਼ੇਰਿ ਇਲਮੋ ਅਲਮ ਬਰ ਕਸ਼ੀਦ ॥

ਬਹਾਰੇ ਜਵਾਨੀ ਬ ਹਰ ਦੋ ਰਸ਼ੀਦ ॥ ੧੯ ॥

ਸ਼ਮਸ਼ੇਰਿ–ਤਲਵਾਰ ਦੀ। ਇਲਮੋ–ਵਿਦਯਾ ਦਾ। ਅਲਮ–ਝੰਡਾ। ਬਰ–ਉਚਾ। ਕਸ਼ੀਦ–ਚੁਕ ਲਿਆ। ਬਹਾਰੇ–ਰੁਤ, ਮੌਸਮ। ਰਸੀਦ–ਪੁਜ ਗਏ।

ਤਲਵਾਰ ਦੀ ਵਿਦਯਾ ਝੰਡਾ ਉਚਾ ਚੁਕ ਲਿਆ (ਭਾਵ ਤਲਵਾਰ ਚਲਾਉਣ ਦੀ ਵਿਦਯਾ ਵਿਚ ਤਾਂ ਇਨਾਮ ਪ੍ਰਾਪਤ ਕਰ ਲਿਆ)। ਦੋਵੇਂ ਬਾਲਕ (ਰਾਜੇ ਦਾ ਲੜਕਾ ਤੇ ਵਜੀਰ ਦੀ ਲੜਕੀ) ਜਵਾਨੀ ਦੇ ਮੌਸਮ ਉਤੇ ਪੁਜ ਗਏ (ਭਾਵ ਦੋਵੇਂ ਰਾਜਕੁਮਾਰ ਤੇ ਵਜੀਰ ਪੁਤ੍ਰੀ ਜਵਾਨ ਹੋ ਗਏ)।੧੯।

ਬਹਾਰਸ਼ ਦਰਾਮਦ ਗੁਲੇ ਬੋਸਤਾਂ ॥

ਬਜੁੰਬਸ਼ ਦਰਾਮਦ ਸ਼ਾਹੇ ਚੀਂਸਤਾਂ ॥ ੨੦ ॥

ਬਹਾਰ–ਬਸੰਤ ਰੁਤ। ਸ਼–ਉਨ੍ਹਾਂ। ਗੁਲ–ਫੁਲ। ਬੋਸਤਾਂ–ਫੁਲਬਾੜੀ। ਬਜੁੰਬਸ਼–ਹਿਲਣਾ। ਸ਼ਾਹੇ–ਰਾਜਾ। ਚੀ ਸਤਾਂ–ਚੀਨ ਦੇਸ ਦਾ।

ਉਸ ਦੀ ਫੁਲਵਾੜੀ ਦੇ ਫੁਲ ਦੀ ਬਸੰਤ ਰੁਤ ਆ ਗਈ। ਅਤੇ ਚੀਨ ਦੇਸ ਦੇ ਰਾਜੇ ਨੇ ਭੀ ਹਿਲਜੁਲ ਕਰ ਦਿਤੀ।੨੦॥ ਭਾਵ–ਲੜਕੀ ਵਿਚ ਜੁਆਨੀ ਦੇ ਚਿੰਨ੍ਹ ਚਮਕ ਪਏ ਅਤੇ ਕਾਮਦੇਵ ਨੇ ਭੀ ਮਨ ਵਿਚ ਕਈ ਤਰ੍ਹਾਂ ਦੀ ਉਕਸਾਹਟ ਕਰਨੀ ਸ਼ੁਰੂ ਕਰ ਦਿਤੀ।

ਬਰਖਸ ਅੰਦਰ ਆਮਦ ਸ਼ਾਹਿਨ ਸ਼ਾਹਿ ਚੀਂ ॥

ਬਖ਼ੂਬੀ ਦਰਾਮਦ ਤਨਿ ਨਾਜ਼ਨੀਂ ॥ ੨੧ ॥

ਬਰਖਸ਼–ਚਮਕ। ਆਮਦ–ਆਇਆ। ਸ਼ਾਹਿਨਸ਼ਾਹਿ–ਚਕ੍ਰਵਰਤੀ। ਚੀਂ–ਚੀਨ। ਬਖ਼ੂਬੀ–ਸੁੰਦਰਤਾ। ਤਨਿ–ਸਰੀਰ ਵਿਚ। ਨਾਜ਼ਨੀਂ–ਸੂਖਮ ਅੰਗਾਂ ਵਾਲੀ ਇਸਤ੍ਰੀ।

ਚੀਨ ਦਾ ਸ਼ਹਿਨਸ਼ਾਹ (ਸੂਰਜ) ਚਮਕ ਦਮਕ ਵਿਚ ਆ ਗਿਆ। (ਉਧਰ) ਨਾਜ਼ਨੀਂ ਦੇ ਸਰੀਰ ਵਿਚ ਭੀ ਸੁੰਦਰਤਾ ਆ ਗਈ ॥੨੧॥ ਭਾਵ–ਲੜਕੇ ਦੇ ਸ੍ਰੀਰ ਵਿਚ ਕਾਮ ਦੇ ਬੇਗ ਉਠਨ ਲਗ ਪਏ ਅਤ ਉਧਰ ਲੜਕੀ ਦੇ ਸ੍ਰੀਰ ਵਿਚ ਸੁੰਦਰਤਾ ਦੇ ਨਿਸ਼ਾਨ ਚਮਕਣ ਲਗ ਪਏ।

ਬਖ਼ੂਬੀ ਦਰਾਮਦ ਗੁਲੇ ਬੋਸਤਾਂ ॥

ਬ ਐਸ਼ ਅੰਦਰ ਆਮਦ ਮਿਲਿ ਦੋਸਤਾਂ ॥ ੨੨ ॥

ਬਖੂਬੀ-ਸੁੰਦ੍ਰਤਾ। ਦਰਾਮਦ-ਵਿਚ ਆਏ। ਗਲੇ—ਫੂਲ(ਭਾਵ ਲੜਕਾ)। ਬੋਸਤਾਂ-ਫੁਲਵਾੜੀ (ਭਾਵ ਲੜਕੀ)। ਐਸ਼—ਖੁਸ਼ੀਆਂ, ਰਗ ਰਲੀਆਂ। ਲੜਕਾ ਅਤੇ ਲੜਕੀ ਸੁੰਦਰਤਾ ਵਿਚ ਆ ਗਏ। ਦੋਸਤਾਂ ਨਾਲ ਮਿਲ ਕੇ ਰੰਗ ਰਲੀਆਂ ਮਾਣਨ ਲਗੇ ॥੨੨॥

ਜ਼ ਦੀਵਾਰਿ ਓ ਅੰਦਰੂੰ ਮੂਸ ਹਸਤ ॥

ਜ਼ ਦੀਵਾਰਿ ਓ ਹਮਚੋ ਸੂਰਾਖ਼ ਗਸਤ ॥ ੨੩ ॥

ਦੀਵਾਰਿ—ਕੰਧ ਦੇ। ਮੂਸ—ਚੂਹਾ। ਹਸਤ-ਰਹਿੰਦਾ ਸੀ। ਹਮਚੋ—ਜੇਹਾ। ਸੂਰਾਖ—ਛੇਕ। ਗਸ਼ਤ-ਹੋ ਗਿਆ। ਉਸ ਕੰਧ ਦੇ ਵਿਚ (ਇਕ) ਚੂਹਾ ਰਹਿੰਦਾ ਸੀ। (ਉਸ ਦੇ ਕਾਰਨ) ਉਸ ਕੰਧ ਵਿਚ ਛੇਕ ਜਿਹਾ ਹੋ ਗਿਆ ॥੨੩॥

ਬਦੀਦੇ ਅਜ਼ਾਂ ਅੰਦਰੂੰ ਹਰ ਦੋ ਤਨ ॥

ਚਰਾਗ਼ੇ ਜਹਾਂ ਆਫ਼ਤਾਬਿ ਯਮਨ ॥ ੨੪ ॥

ਬਦੀਦੇ—ਵੇਖਦੇ ਸੀ। ਅਜ਼ਾਂ ਅੰਦਰੂੰ—ਉਸਦੇ ਵਿਚੋਂ। ਹਰ ਦੋ ਤਨ-ਦੋਵੇਂ ਜਨੇ। ਚਰਾਗੇ ਜਹਾਂ -ਜਗਤ ਦਾ ਦੀਵਾ (ਭਾਵ ਲੜਕੀ)। ਆਫ਼ਤਾਬੇ ਯਮਨ—ਯਮਨ ਦਾ ਸੂਰਜ(ਭਾਵ ਲੜਕਾ)।

ਜਗਤ ਦਾ ਦੀਵਾ (ਲੜਕੀ) ਤੇ ਯਮਨ ਦਾ ਸੂਰਜ (ਲੜਕਾ), ਇਹ ਦੋਵੇਂ ਜਣੇ(ਇਕ ਦੂਜੇ ਵਲ) ਉਸ ਛੇਕ ਥਾਣੀ ਵੇਖਦੇ ਹੁੰਦੇ ਸੀ ॥੨੪॥

ਚੁਨਾ ਇਸ਼ਕ ਆਵੇਖਤ ਹਰ ਦੋ ਨਿਹਾਂ ॥

ਕਿ ਇਲਮਸ਼ ਰਵਦ ਦਸਤ ਹੋਸ਼ ਅਜ਼ ਜਹਾਂ ॥ ੨੫ ॥

ਚੁਨਾ—ਇਸ ਤਰ੍ਹਾਂ। ਆਵੇਖਤ-ਫਸ ਗਿਆ, ਚੰਬੜ ਗਿਆ। ਨਿਹਾਂ-ਲੁਕਵਾਂ। ਇਲਮ—ਵਿਦਯਾ। ਸ਼—ਉਸ ਦਾ। ਹੋਸ਼-ਸੁਰਤ। ਰਵਦ—ਚਲਾ ਗਿਆ। ਅਜ਼ ਜਹਾਂ-ਜਗਤ ਤੋਂ।

ਇਸ ਤਰ੍ਹਾਂ ਚੋਰੀ੨ ਦੋਹਾਂ ਨੂੰ ਇਸ਼ਕ ਲਗ ਗਿਆ। (ਜਿਸ ਕਰਕੇ) ਉਨ੍ਹਾਂ ਦੀ ਵਿਦਯਾ ਅਤੇ ਜਹਾਨ ਦੀ ਹੋਸ਼ ਚਲੀ ਗਈ ॥੨੫॥ ਭਾਵ-ਇਸ਼ਕ ਦੀ ਮਸਤੀ ਨਾਲ ਦੋਵੇਂ ਪੂਰੇ੨ ਮਤਵਾਲੇ ਹੋ ਗਏ, ਜਿਸ ਕਰਕੇ ਸਭ ਕੁਝ ਹੀ ਭੁਲ ਭੁਲਾ ਗਿਆ।

ਚੁਨਾ ਹਰ ਦੋ ਆਵੇਖ਼ਤ ਬਾ ਹਮ ਰਗੇਬ ॥

ਕਿ ਦਸਤ ਅਜ਼ ਇਨਾਂ ਰਫਤ ਪਾ ਅਜ਼ ਰਕੇਬ ॥ ੨੬ ॥

ਚੁਨਾ—ਅਜੇਹਾ। ਹਰ ਦੋ-ਦੋਵੇਂ। ਆਵੇਖਤ—ਫਸ ਗਏ। ਬਾ ਹਮ—ਆਪੋ ਵਿਚ। ਰਗੇਬ—ਵਡੀ ਇਛਾ। ਦਸਤ-ਹਕ। ਇਨਾਂ-ਵਾਂਗ। ਰਫਤ-ਗਿਆ। ਪਾ ਅਜ਼-ਪੈਰ ਤੋਂ। ਰਕੇਬ—ਰਕਾਬ-ਪੈਰ ਦਾ ਸਹਾਰਾ ਰੂਪ ਲੋਹੇ ਦਾ ਕੜਾ ਜੇਹਾ ਜੋ ਘੋੜੇ ਦੀ ਜ਼ੀਨ ਨਾਲ ਲਗਾ ਹੁੰਦਾ ਹੈ।

ਦੋਵੇਂ ਹੀ ਆਪੋ ਵਿਚ (ਦੇ ਪਿਆਰ ਦੀ) ਤੀਬਰ ਇਛਾ ਵਿਚ ਅਜੇਹੇ ਫਸ ਗਏ। ਜੋ (ਦੋਹਾਂ ਦੇ) ਹਥ ਵਿਚੋਂ ਵਾਗ (ਰਾਸ) ਅਤੇ ਪੈਰ ਵਿਚੋਂ ਰਕਾਬ ਨਿਕਲ ਗਈ ॥ ੨੬ ॥

ਭਾਵ-ਜਿਵੇਂ ਕੋਈ ਘੋੜੇ ਦੀ ਸਵਾਰੀ ਤੇ ਜਾਂਦਾ ਹੋਇਆ ਬੇਖੁਦ ਹੋ ਜਾਵੇ ਤੇ ਉਸ ਦੇ ਹਥ ਵਿਚੋਂ ਘੋੜੇ ਦੀ ਵਾਗ ਨਿਕਲ ਜਾਵੇ ਤਾਂ ਉਸ ਦੀ ਜੋਹਾਲਤ ਹੁੰਦੀ ਹੈ ਓਹੀ ਇਨ੍ਹਾਂ ਦੀ ਹੋ ਗਈ।ਹਥ ਵਿਚ ਵਾਗ ਨਾ ਹੋਣ ਕਰਕੇ ਘੋੜੇ ਨੂੰ ਰੋਕ ਨਹੀਂ ਸਕਦੇ ਤੇ ਪੈਰ ਵਿਚਰਕਾਬ ਨਾ ਹੋਣ ਕਰਕੇ ਅਡੋਲ ਬੈਠ ਭੀ ਨਹੀਂ ਸਕਦੇ। ਇਸ ਤਰ੍ਹਾਂ ਪੜ੍ਹੀ ਹੋਈ ਵਿਦਯਾ ਭੁਲ ਗਈ ਜਿਸ ਨਾਲ ਮਨ ਨੂੰ ਸਮਝਾ

ਸਕਦੇ ਅਤੇ ਹੋਸ਼ ਟਿਕਾਣੇ ਨਹੀਂ ਰਹੀ ਜੋ ਪੜ੍ਹੇ ਹੋਏ ਨੂੰ ਯਾਦ ਕਰਕੇ ਜਾਂ ਕਿਤਾਬ ਵਿਚੋਂ ਦੁਬਾਰਾ ਪੜ੍ਹ ਕੇ ਮਨ ਨੂੰ ਕਾਬੂ ਕਰਨ ਦਾ ਕੋਈ ਉਪਰਾਲਾ ਕਰਦੇ । ਇਹ ਦੋਵੇਂ ਗੱਲਾਂ ਹੀ ਨਾ ਹੋਣ ਕਰਕੇ ਮਨ ਦੀਆਂ ਦੌੜਾਂ ਜ਼ੋਰੋ ਜ਼ੋਰ ਤੇ ਹੋ ਗਈਆਂ ।

ਬਿ ਪੁਰਸ਼ੀਦ ਹਰ ਦੋ ਕਿ ਐ ਨੇਕ ਖੋਇ ॥
ਕਿ ਏ ਆਫ਼ਤਾਬਿ ਜ਼ਹਾਂ ਮਾਹ ਰੋਇ ॥ ੨੭ ॥

ਪੁਰਸ਼ੀਦ—ਪੁਛਿਆ । ਹਰ ਦੋ—ਦੋਹਾਂ । ਆਫਤਾਬਿ-ਸੂਰਜ । ਮਾਹ-ਚੰਦ੍ਰਮਾ । ਰੋਇ-ਮੁਖ ।

ਦੋਹਾਂ ਨੇ (ਆਪੋ ਵਿਚ ਇਕ ਦੂਜੇ ਨੂੰ) ਪੁਛਿਆ-ਹੇ ਚੰਗੇ ਸੁਭਾਵ ਵਾਲੇ ਸੂਰਜ ! ਅਤੇ ਜਗਤ ਦੇ ਚੰਦ੍ਰ ਮੁਖੜੇ ! ਜੋ (ਤੇਰਾ ਕੀ ਹਾਲ) ਹੈ ॥੨੭॥

ਕਿ ਈਂ ਹਾਲ ਗੁਜ਼ਰਦ ਬ ਆਂ ਹਰ ਦੋ ਤਨ ॥
ਬਿ ਪੁਰਸੀਦ ਅਖਵੰਦ ਵ ਅਖਵੰਦ ਜ਼ਨ ॥ ੨੮ ॥

ਗੁਜ਼ਰਦ—ਗੁਜਰਦਾ ਹੈ । ਬ ਆਂ—ਉਨ੍ਹਾਂ । ਹਰ ਦੋ ਤਨ—ਦੋਹਾਂ ਜਣਿਆਂ । ਪੁਰਸੀਦ—ਪੁਛਿਆ ਅਖਵੰਦ—ਪੜ੍ਹਾਉਣ ਵਾਲੇ ਮਾਸਟਰ । ਵ—ਅਤੇ । ਅਖਵੰਦ ਜ਼ਨ—ਪੜ੍ਹਾਉਣ ਵਾਲੀ ਇਸਤ੍ਰੀ ।

ਉਨ੍ਹਾਂ ਦੋਹਾਂ ਜਣਿਆਂ ਦਾ ਹਾਲ ਇਸ ਤਰ੍ਹਾਂ ਦਾ ਗੁਜ਼ਰਦਾ ਹੈ, (ਇਸ ਗੱਲ ਦਾ ਪਤਾ ਮਾਸਟ੍ਰਾਂ ਨੂੰ ਹੋ ਗਿਆ । ਤਦ ਦੋਹਾਂ ਪਾਸੋਂ) ਮਾਸਟਰ ਤੇ ਮਾਸਟਰਨੀ ਨੇ ਪੁਛਿਆ ॥੨੮॥

ਚਰਾਗੇ ਫਲਕ ਆਫਤਾਬਿ ਜ਼ਹਾਂ ॥
ਚਿਰਾ ਲਾਗਰੀ ਗਸ਼ਤ ਵਜਹੇ ਹਮਾਂ ॥ ੨੯ ॥

ਚਰਾਗੇ ਫਲਕ—ਅਕਾਸ਼ ਦੇ ਦੀਵੇ ਭਾਵ ਚੰਦ੍ਰਮਾ)। ਆਫਤਾਬਿ ਜ਼ਹਾਂ—ਜਗਤ ਦੇ ਸੂਰਜ।ਚਿਰਾ-ਕਿਉਂ । ਲਾਗਰੀ-ਲਿਸੇ । ਗਸ਼ਤ—ਹੁੰਦੇ ਜਾਂਦੇ । ਵਜਹ—ਕਾਰਨ । ਹਮਾਂ-(ਹਮ+ਆਂ)ਉਹ ਭੀ

ਹੇ ਚੰਦ੍ਰ ਮੁਖੀ ! ਅਤੇ ਹੇ ਜ਼ਗਤ ਦੇ ਸੂਰਜ ! (ਤੁਸੀਂ) ਲਿਸੇ ਕਿਉਂ ਹੁੰਦੇ ਜਾਂਦੇ ਹੋ ? ਉਹ ਕਾਰਨ (ਭੀ ਦਸੋ !) ॥੨੯॥

ਚਿਹ ਆਜ਼ਾਰ ਮਸ਼ਤਹ ਬਿਗੋ ਜਾਨਿ ਮਾ ॥
ਕਿ ਲਾਗਿਰ ਚਿਰਾ ਗਸ਼ਤੀ ਰੇ ਜਾਨਿ ਮਾ ॥ ੩੦ ॥

ਚਿਹ—ਕੀ । ਆਜ਼ਾਰ—ਦੁਖ । ਮਸਤਹ—ਹੋਇਆ ਹੈ । ਬਿਗੋ—ਕਹੁ । ਜਾਨਿ ਮਾ—ਮੇਰੀ ਜਾਨ (ਪਿਆਰੇ) । ਲਾਗਿਰ—ਲਿਸੇ । ਕਿਰਾ—ਕਿਉਂ । ਗਸ਼ਤੀ—ਹੋ ਗਏ । (ਤੈਨੂੰ) ਕੀ ਦੁਖ ਹੋਇਆ ਹੈ ? ਹੇ ਮੇਰੀ ਜਾਨ ! ਕਹੁ । ਕਿਉਂ ਲਿਸਾ ਹੋ ਗਿਆ ਹੈਂ ? ਹੇ ਮੇਰੀ ਜਾਨ (ਦਸ) ॥੩੦॥

ਅਜ਼ਾਰਤ ਬਿਗੋ ਤਾ ਇਲਾਜਸ਼ ਕੁਨਮ ॥
ਕਿ ਦਰਦਿ ਸ਼ੁਮਾ ਰਾ ਦਵਾਇਸ਼ ਕੁਨਮ ॥ ੩੧ ॥

ਅਜ਼ਾਰ—ਦੁਖ । ਬਿਗੋ—ਦਸ । ਤਾ—ਤਦ । ਸ਼—ਉਸ ਦਾ । ਕੁਨਮ—ਮੈਂ ਕਰਾਂ । ਦਰਦਿ—ਦ੍ਰਦ ਸ਼ੁਮਾ ਰਾ—ਤੁਹਾਨੂੰ । ਦਵਾਇਸ਼-(ਦਵਾਇ+ਸ਼) ਉਸ ਦੀ ਦਵਾਈ । ਕੁਨਮ—ਮੈਂ ਕਰਾਂ ।

ਦੁਖ ਦਸੋ ਤਦ ਉਸ ਦਾ ਇਲਾਜ ਮੈਂ ਕਰਾਂ । ਤੁਹਾਡੇ ਉਸ ਦ੍ਰਦ ਦੀ ਦਵਾਈ ਮੈਂ ਕਰਾਂ ॥੩੧॥

ਸ਼ੁਨੀਦ ਈਂ ਸੁਖਨ ਰਾ ਨਦਾਦਸ਼ ਜਵਾਬ ॥
ਫਿਰੋ ਬੁਰਦ ਹਰ ਦੋ ਤਨੇ ਇਸ਼ਕ ਤਾਬ ॥ ੩੨ ॥

ਸ਼ੁਨੀਦ-ਸੁਣੀ । ਈਂ ਸੁਖਨ ਰਾ-ਇਸ ਗੱਲ ਨੂੰ । ਨ ਦਾਦਸ਼-ਨਾ ਦਿਤਾ ਉਨ੍ਹਾਂ । ਫਿਰੋ ਬੁਰਦ-ਨੀਵੀਂ ਪਾ ਲਈ । ਹਰ ਦੋ ਤਨੇ-ਦੋਹਾਂ ਜਣਿਆਂ । ਇਸ਼ਕ-ਪਰੇਮ । ਤਾਬ-ਝਾਲ, ਦਬਾਉ ।

ਇਸ ਗੱਲ ਨੂੰ ਸੁਣ ਲਿਆ, (ਪਰ) ਉਨ੍ਹਾਂ ਕੋਈ ਉਤਰ ਨਾ ਦਿਤਾ । ਦੋਹਾਂ ਜਣਿਆਂ ਨੇ ਪਰੇਮ ਦੀ ਤਾਬ (ਨਾਲ ਗਰਦਨ) ਨੀਵੀਂ ਪਾ ਲਈ ॥੩੨॥

ਚੋ ਦੁ ਗ਼ੁਜ਼ਰੀਦ ਬਰ ਵੈ ਦੋ ਸਿਹ ਚਾਰ ਰੋਜ਼ ॥
ਬਰਾਮਦ ਦੋ ਤਨ ਹਰ ਦੋ ਗੇਤੀ ਫਿਰੋਜ਼ ॥ ੩੩ ॥

ਗੁਜ਼ਰੀਦ-ਬੀਤ ਗਏ । ਬਰ ਵੈ-ਉਤੇ । ਰੋਜ਼-ਦਿਨ । ਸਿਹ-ਤਿੰਨ । ਬਰਾਮਦ-ਆਏ । ਗੇਤੀ-ਜਗਤ । ਫਿਰੋਜ-ਪ੍ਰਗਟ ।

ਜਦ ਦੋ ਤਿੰਨ ਚਾਰ ਦਿਨ (ਹੋਰ) ਉਨ੍ਹਾਂ ਉਤੇ (ਇਸ ਤਰ੍ਹਾਂ ਦੇ) ਬੀਤ ਗਏ। (ਤਦ) ਦੋਹਾਂ ਜਣਿਆ ਦੇ ਦੋਵੇਂ ਸਰੀਰ ਜਗਤ ਵਿਚ ਪ੍ਰਗਟ ਹੋ ਗਏ ॥੩੩॥

ਬਰੋ ਦੂਰ ਗਸ਼ਤੰਦ ਤਿਫ਼ਲੀ ਗੁਬਾਰ ॥
ਕਿ ਮਿਹਰਸ਼ ਬਰਾਵੁਰਦ ਚੂੰ ਨੌ ਬਹਾਰ ॥ ੩੪ ॥

ਬਰੋ-(ਬਰ+ਓ) ਉਨ੍ਹਾਂ ਉਤੋਂ । ਦੂਰ ਗਸ਼ਤ-ਦੂਰ ਹੋ ਗਿਆ । ਤਿਫ਼ਲੀ-ਅੰਞਾਣ ਪਣਾ । ਗੁਬਾਰ-ਹਨੇਰਾ । ਮਿਹਰਸ਼-ਸੂਰਜ ਉਹ । ਬਰਾਵੁਰਦ-ਨਿਕਲ ਆਯਾ । ਨੌਬਹਾਰ-ਨਵੀਂ ਰੁਤ।

ਉਨ੍ਹਾਂ ਉਤੋਂ ਅੰਞਾਣਪਣੇ ਦਾ ਹਨੇਰਾ ਦੂਰ ਹੋ ਗਿਆ । ਜਦ ਉਨ੍ਹਾਂ ਦਾ ਨਵੀਂ ਰੁਤ ਰੂਪ ਸੂਰਜ ਨਿਕਲ ਆਇਆ (ਭਾਵ ਜੁਆਨੀ ਦੇ ਚੜ੍ਹਾਉ ਨਾਲ ਬਾਲਕਪਨੇ ਦੀਆਂ ਗੱਲਾਂ ਭੁਲ ਗਈਆਂ)।੩੪।

ਵਜ਼ਾਂ ਫ਼ਾਜ਼ਿਲਸ਼ ਬੂਦ ਦੁਖ਼ਤਰ ਯਕੇ ॥
ਕਿ ਸੂਰਤ ਜਮਾਲ ਅਸਤ ਦਾਨਿਸ਼ ਬਸੇ ॥ ੩੫ ॥

ਫ਼ਾਜ਼ਿਲ-ਵਿਦਵਾਨ । ਸ਼-ਉਸ । ਬੂਦ-ਸੀ । ਦੁਖ਼ਤਰ-ਲੜਕੀ । ਜਮਾਲ-ਬਹੁਤ ਸੁੰਦਰ। ਦਾਨਿਸ਼-ਸਿਆਣੀ । ਬਸੇ-ਬਹੁਤ । ਉਸ ਵਿਦਵਾਨ ਦੀ ਇਕ ਲੜਕੀ ਹੈਗੀ ਸੀ । ਜੋ ਬੜੇ ਸੁੰਦਰ ਸਰੂਪ ਵਾਲੀ ਅਤੇ ਬਹੁਤ ਹੀ ਸਿਆਣੀ ਸੀ ॥੩੫॥

ਸ਼ਨਾਸੀਦ ਓ ਰਾ ਜ਼ ਹਾਲਤ ਵਜ਼ਾਂ ॥
ਬ ਖ਼ਲਵਤ ਦਰੂੰ ਗੁਫ਼ਤਸ਼ ਆਂ ਖੁਸ਼ ਜ਼ਬਾਂ ॥ ੩੬ ॥

ਸ਼ਨਾਸੀਦ-ਪਛਾਣ ਲਿਆ । ਓ ਰਾ-ਉਸ ਨੇ । ਖ਼ਲਵਤ-ਨਵੇਕਲੇ । ਗੁਫ਼ਤਸ਼-ਉਸ ਨੇ ਕਿਹਾ । ਆਂ-ਉਨ੍ਹਾਂ । ਖੁਸ਼ ਜ਼ਬਾਂ-ਮਿਠੀ ਜ਼ਬਾਨ ।

ਉਸ ਨੇ ਉਨ੍ਹਾਂ ਦੀ ਹਾਲਤ ਤੋਂ ਉਨ੍ਹਾਂ ਨੂੰ ਪਛਾਣ ਲਿਆ । ਫਿਰ ਇਕ ਨਵੇਕਲੀ ਥਾਂ ਵਿਚ (ਲਿਜਾ ਕੇ) ਉਨ੍ਹਾਂ ਨੂੰ ਬੜੀ ਮਿਠੀ ਜ਼ਬਾਨ ਨਾਲ ਕਿਹਾ ॥੩੬॥

ਕਿ ਐ ਸਰਵ ਕੱਦ ਮਾਹ ਰੂਇ ਸੀਮ ਤਨ ॥

ਚਰਾਗੇ ਫ਼ਲਕ ਆਫਤਾਬਿ ਯਮਨ ॥ ੩੭ ॥

ਸਰਵ—ਸਰੂ ਬ੍ਰਿਛ। ਮਾਹ ਰੁਇ—ਚੰਦ੍ਰਮੁਖੀ। ਸੀਮ—ਚਾਂਦੀ। ਚਰਾਗੇ ਫਲਕ—ਅਸਮਾਨ ਦੇ ਦੀਵੇ। ਆਫਤਾਬਿ ਯਮਨ—ਯਮਨ ਦੇ ਸੂਰਜ। ਹੇ ਸਰੂ ਵਰਗੇ ਕੱਦ, ਚੰਦ੍ਰਮਾ ਵਰਗੇ ਮੂੰਹ ਅਤੇ ਚਾਂਦੀ (ਸਮ ਨ) ਸਰੀਰ ਵਾਲੇ, ਅਸਮਾਨ ਦੇ ਦੀਵੇ ਅਤੇ ਯਮਨ ਦੇ ਸੂਰਜ ! ॥੩੭॥

ਜੁਦਾਈ ਮਰਾ ਅਜ਼ ਤੁਰਾ ਕਤਰਹ ਨੇਸਤ ॥

ਬਦੀਦਨ ਦੋ ਕਾਲਿਬ ਬਗੁਫਤਨ ਯਕੇਸਤ ॥ ੩੮ ॥

ਜੁਦਾਈ—ਵਿਛੋੜਾ। ਮਰਾ—ਮੈਨੂੰ। ਅਜ਼ ਤੁਰਾ—ਤੇਰੇ ਨਾਲੋਂ। ਕਤਰਹ—ਇਕ ਛਿਨ ਭਰ। ਨੇਸਤ—ਨਹੀਂ। ਕਾਲਿਬ—ਵਜਦ, ਸਰੀਰ।

ਮੈਨੂੰ ਤੇਰੇ ਨਾਲੋਂ ਵਿਛੜਨਾ ਇਕ ਛਿਨ (ਭੀ ਚੰਗਾ) ਨਹੀਂ ਹੈ। ਦਿਸਣ ਵਿਚ (ਤੇਰਾ ਤੇ ਮੇਰਾ) ਦੋ ਸਰੀਰ ਹਨ, (ਪਰ) ਇਕੋ ਹੀ ਕਹਿਣਾ ਚਾਹੀਦਾ ਹੈ ॥੩੮॥

ਬਮਨ ਹਾਲ ਗੋ ਤਾ ਚਿਹ ਗੁਜ਼ਰਦ ਤੁਰਾ ॥

ਕਿ ਸੋਜ਼ਦ ਹਮਹ ਜਾਨ ਜਿਗਰੇ ਮਰਾ ॥ ੩੯ ॥

ਬਮਨ—ਮੈਨੂੰ। ਗੋ—ਦਸ। ਚਿਹ—ਕੀ। ਗੁਜ਼ਰਦ—ਬੀਤਦਾ ਹੈ। ਸੋਜ਼ਦ—ਸੜਦਾ ਹੈ।

ਤੂੰ ਮੈਨੂੰ (ਆਪਣਾ) ਹਾਲ ਦਸ, (ਜੋ) ਤੇਰੇ (ਨ ਲ) ਕੀ ਬੀਤ ਰਹੀ ਹੈ। (ਕਿਉਂਕਿ ਤੈਨੂੰ ਇਸ ਤਰ੍ਹਾਂ ਰੋਜ਼ ਲਿਸੇ ਹੁੰਦਿਆਂ ਵੇਖ ਕੇ) ਮੇਰੀ ਜਾਨ ਤੇ ਜਿਗਰ ਸਦਾ ਹੀ ਸੜਦਾ ਰਹਿੰਦਾ ਹੈ ॥੩੯॥

ਕਿ ਪਿਨਹਾ ਸੁਖ਼ਨ ਕਰਦ ਯਾਰਾਂ ਖ਼ਤਾਸਤ ॥

ਅਗਰ ਰਾਸਤ ਗੋਈ ਤੋ ਬਰ ਮਨ ਰਵਾਸਤ ॥ ੪੦ ॥

ਪਿਨਹਾ—ਲੁਕਾਉਣਾ। ਖ਼ਤਾਸਤ—(ਖਤਹ+ਅਸਤ) ਭੁਲ ਹੈ। ਅਗਰ—ਜੇਕਰ। ਰਾਸਤ ਗੋਈ—ਸਚ ਆਖਿਆ। ਰਵਾਸਤ—(ਰਵਾ+ਅਸਤ) ਠੀਕ ਹੈ।

ਜੋ ਯਾਰਾਂ ਤੋਂ ਗੱਲ ਲੁਕਾਉਣੀ ਕਰਦਾ ਹੈ, (ਇਹ ਉਸ ਦੀ) ਭੁਲ ਹੈ। ਜੇਕਰ ਤੂੰ ਮੈਨੂੰ ਸਚ ਕਹਿ ਦੇਵੇਂ, (ਤਾਂ ਇਹ) ਤੇਰੇ ਤੇ ਮੇਰੇ ਲਈ ਠੀਕ ਹੈ ॥੪੦॥

ਕਿ ਦੀਗਰ ਨ ਗੋਯਮ ਮਰਾ ਰਾਸਤ ਗੋ ॥

ਕਿ ਅਜ਼ ਖ਼ੂਨ ਜਿਗਰੇ ਮਰਾ ਤੋ ਬਿਸ਼ੋ ॥ ੪੧ ॥

ਦੀਗਰ—ਦੂਜੇ। ਗੋਯਮ—ਮੈਂ ਕਹਿੰਦੀ। ਮਰਾ—ਮੈਨੂੰ। ਰਾਸਤ ਗੋ—ਸਚ ਕਹੁ। ਬਿਸ਼ੋ—ਧੋ ਦੇਹੁ।

ਜੋ ਮੈਂ ਦੂਜੇ ਕੋਲ ਨਹੀਂ ਕਹਾਂਗੀ, (ਤੂੰ) ਮੈਨੂੰ ਸਚ ਦਸ ਦੇਹੁ। ਤੂੰ ਮੇਰੇ ਜਿਗਰ ਉਤੋਂ ਖ਼ੂਨ ਨੂੰ ਧੋ ਸੁਟ (ਕਿਉਂਕਿ ਮੇਰਾ ਜਿਗਰ ਤੇਰੇ ਇਸ ਹਾਲ ਨੂੰ ਵੇਖ ਕੇ ਆਪਣੇ ਲਹੂ ਨਾਲ ਆਪਣੇ ਆਪ ਹੀ ਲਿਬੜ ਗਿਆ ਹੈ) ॥੪੧॥

ਸੁਖਨ ਦੁਜ਼ਦਗੀ ਕਰਦ ਯਾਰਾਂ ਖਤਾਸ਼ਤ ॥

ਅਮੀਰਾਨ ਦੁਜ਼ਦੀ ਵਜ਼ੀਰਾਂ ਖਤਾਸਤ ॥ ੪੨ ॥

ਦੁਜ਼ਦਗੀ—ਚੋਰੀ ਚੋਰੀ। ਖਤਾਸਤ—ਭੁਲ ਹੈ। ਅਮੀਰਾਨ—ਰਾਜਿਆਂ। ਦੁਜ਼ਦੀ—ਚੋਰੀ।

ਮਿਤ੍ਰਾਂ ਪਾਸੋਂ ਚੋਰੀ ੨ ਗੱਲ ਕਰਨੀ (ਬੜੀ ਭਾਰੀ) ਭੁਲ ਹੈ। ਅਤੇ ਰਾਜਿਆਂ ਦੀ ਵਜ਼ੀਰਾਂ ਤੋਂ ਚੋਰੀ (ਗਲ ਕਰਨੀ ਭੀ) ਭੁਲ ਹੈ ॥੪੨॥

ਸੁਖਨ ਗੁਫ਼ਤਨੇ ਰਾਸਤ ਗੁਫ਼ਤਨ ਖੁਸ਼ ਅਸਤ ॥

ਕਿ ਹੱਕ ਗੁਫ਼ਤਨੋ ਹਮਚੋ ਸੂਫ਼ੀ ਦਿਲ ਅਸਤ ॥ ੪੩ ॥

ਗੁਫ਼ਤਨੇ-ਆਖਣੀ। ਰਾਸਤ-ਸਚ। ਗੁਫ਼ਤਨ-ਆਖਣਾ। ਖੁਸ਼=ਚੰਗਾ। ਹੱਕ-ਸਚ।ਗੁਫ਼ਤਨੋ -ਬੋਲਣਾ ਹੀ। ਸੂਫ਼ੀ ਦਿਲ-ਸੁਧ ਮਨ।

(ਮਿਤ੍ਰਾਂ ਨੂੰ) ਗਲ ਦਸਣੀ ਅਤੇ ਸਚ ਕਹਿਣਾ ਚੰਗਾ ਹੈ। ਜੋ ਸੱਚ ਕਹਿਣਾ ਹੈ, (ਏਹੋ ਹੀ) ਦਿਲ ਸੁਧ (ਹੋਣ ਦੀ ਵਡੀ ਨਿਸ਼ਾਨੀ) ਹੈ (ਅਰਥਾਤ ਸਚ ਬੋਲਣ ਵਾਲਾ ਪੁਰਸ਼ ਪਵਿਤਰ ਦਿਲ ਵਾਲਾ ਹੁੰਦਾ ਹੈ) ॥੪੩॥

ਬਸੇ ਬਾਰ ਗੁਫ਼ਤਸ਼ ਜਵਾਬੇ ਨ ਦਾਦ ॥

ਜਵਾਬਿ ਜ਼ਬਾਂ ਸੁਖਨ ਸ਼ੀਰੀਂ ਕੁਸ਼ਾਦ ॥ ੪੪ ॥

ਬਸੇ-ਬਹੁਤ। ਗੁਫ਼ਤਸ਼-ਕਿਹਾ ਉਸ ਨੇ। ਦਾਦ-ਦਿਤਾ। ਸ਼ੀਰੀਂ-ਮਿਠੀ। ਕੁਸ਼ਾਦ=ਖੋਲ੍ਹੀ।

ਉਸ ਨ ਬਹੁਤੀ ਵੇਰੀ ਕਿਹਾ (ਪਰ ਉਸ ਨੇ ਕੋਈ) ਉਤਰ ਨਾ ਦਿਤਾ। ਉਤਰ ਵਾਸਤੇ (ਹੀ ਉਸ ਨੇ) ਮਿਠੀਆਂ ੨ ਗਲਾਂ ਲਈ ਜਬਾਨ ਖੋਲੀ ਸੀ ॥੪੪॥

ਭਾਵ-ਲੜਕੇ ਦਾ ਭੇਦ ਲੈਣ ਵਾਸਤੇ ਹੀ ਮੁਲਾਣੇ ਦੀ ਲੜਕੀ ਮਿਠੀਆਂ੨ ਗੱਲਾਂ ਕਰ ਰਹੀ ਸੀ, ਪਰ ਉਸ ਨੇ ਕੋਈ ਉਤਰ ਨਾ ਦਿਤਾ।

ਯਕੇ ਮਜਲਿਸ ਆਰਾਸਤਹ ਰੋਦ ਜਾਮ ॥

ਕਿ ਹਮ ਮਸਤ ਸ਼ੁਦ ਮਜਲਿਸੇ ਓ ਤਮਾਮ ॥ ੪੫ ॥

ਮਜਲਿਸ=ਸਭਾ। ਆਰਾਸਤਹ=ਬਣਾਈ। ਰੋਦ=ਰਾਗ। ਜ ਮ=ਪਿਆਲਾ। ਹਮ=ਸਾਰੇ। ਮਸਤ ਸ਼ੁਦ-ਬੇਹੋਸ਼ ਹੋ ਗਏ। ਮਜ਼ਲਿਸੇ-ਸਭਾ ਵਿਚ ਆਏ ਹੋਏ। ਤਮਾਮ-ਸਾਰੇ ਹੀ।

(ਫਿਰ ਉਸ ਨੇ)ਇਕ ਸਭਾ ਬਣਾਈ,(ਜਿਸ ਵਿਚ)ਰਾਗ (ਹੋਇਆ ਅਤੇ)ਪਿਆਲਾ(ਵੰਡਿਆ ਗਿਆ, ਜਿਸ ਕਰਕੇ) ਉਸ ਸਭਾ ਵਿਚ ਆਏ ਹੋਏ ਸਾਰੇ ਹੀ ਮਸਤ ਹੋ ਗਏ ॥੪੫॥

ਬ ਕੈਫ ਸ਼ ਹਮਹ ਹਮ ਚੁਨਾਂ ਵੇਖ਼ਤੰਦ ॥

ਕਿ ਜ਼ਖ਼ਮੇ ਜਿਗਰ ਬਾ ਜ਼ਬਾਂ ਰੇਖ਼ਤੰਦ ॥ ੪੬ ॥

ਬ-ਨਾਲ। ਕੈਫ-ਸ਼ਰਾਬ । ਸ-ਉਹ। ਹਮਹ-ਸਾਰੇ। ਹਮ ਚੁਨਾਂ-ਅਜੇਹਾ। ਵੇਖ਼ਤੰਦ=ਪਏ, ਡਿਗੇ, ਮਸਤ ਹੋ ਗਏ। ਕਿ-ਜੋ। ਬਾ-ਨਾਲ। ਰੇਖ਼ਤੰਦ-ਸੁਟਿਆ।

ਸ਼ਰਾਬ ਨਾਲ ਉਹ ਸਾਰੇ ਇਸ ਤਰ੍ਹਾਂ ਦੇ ਹੋ ਗਏ। ਜੋ (ਉਨ੍ਹਾਂ ਨੇ ਆਪਣੇ) ਜਿਗਰ ਦੇ ਜ਼ਖ਼ਮਾਂ ਨੂੰ ਜ਼ਬਾਨ ਨਾਲ (ਬਾਹਰ) ਸੁਟਿਆ ॥੪੬॥ ਭਾਵ-ਸ਼ਰਾਬ ਨਾਲ ਮਸਤ ਹੋ ਕੇ ਸਾਰਿਆਂ ਨੇ ਆਪਣੇ ਦਿਲ ਦੇ ਦੁਖਾਂ ਨੂੰ ਆਪੇ ਹੀ ਆਪਣੇ ਮੂੰਹੋਂ ਕਹਿਣਾ ਸ਼ੁਰੂ ਕਰ ਦਿਤਾ।

ਸੁਖਨ ਬਾ ਜਬਾਂ ਹਮਚੋ ਗੋਯਦ ਮੁਦਾਮ ॥

ਨ ਗੋਯਦ ਬਜੁਜ਼ ਸੁਖਨ ਮਹਬੂਬ ਨਾਮ ॥ ੪੭ ॥

ਸੁਖ਼ਨ—ਗੱਲਾਂ। ਬਾ—ਨਾਲ। ਹਮਚੋ—ਅਜੇਹਾ। ਗੋਯਦ-ਕਹਿੰਦੇ। ਮੁਦਾਮ—ਸਦਾ। ਬਜੁਜ਼-ਬਿਨਾਂ। ਮਹਬੂਬ—ਪ੍ਰੀਤਮ, ਪਿਆਰੇ।

(ਹੋਰ ਤਾਂ ਸਾਰੇ) ਜ਼ਬਾਨ ਨਾਲ ਹਮੇਸ਼ਾਂ ਜੇਹੀਆਂ ਹੀ ਗੱਲਾਂ ਕਹਿੰਦੇ ਸਨ। (ਪਰ ਉਹ ਦੋਵੇਂ) ਪਿਆਰੇ ਪ੍ਰੀਤਮ ਦੇ ਨਾਸ ਤੋਂ ਬਿਨਾਂ (ਕੋਈ) ਗੱਲ ਨਹੀਂ ਕਹਿੰਦੇ ਸਨ॥ ੪੭॥

ਭਾਵ-ਹੋਰ ਸਾਰੀਆਂ ਮਜਲਸਾ ਤਾਂ ਸ਼ਰਾਬੀ ਹੋ ਕੇ ਆਪਣੇ ਰੋਜ਼ ਦੇ ਝਗੜਿਆਂ ਦੀਆਂ ਹੀ ਗੱਲਾਂ ਕਰਦੀਆਂ ਸਨ, ਪਰ ਵਜ਼ੀਰ ਪੁਤ੍ਰੀ ਰਾਜ ਕੁਮਾਰ ਦੇ ਨਾਮ ਤੋਂ ਬਿਨਾਂ ਦੂਜੀ ਕੋਈ ਵੀ ਗੱਲ ਨਹੀਂ ਸੀ ਕਰਦੀ।

ਦਿਗਰ ਮਜਲਿਸ ਆਰਾਸਤ ਬਾ ਰੋਦੋ ਚੰਗ॥
ਜਵਾਨਾਨਿ ਸ਼ਾਇਸਤਹ ਏ ਖ਼ੂਬ ਰੰਗ॥ ੪੮॥

ਦਿਗਰ—ਦੂਜੀ। ਮਜਲਿਸ-ਸਭਾ। ਆਰਾਸਤ-ਕੀਤੀ। ਰੋਦੋ—ਵਾਜੇ ਅਤੇ। ਚੰਗ-ਸਾਰੰਗੀ। ਜਵਾਨਾਨਿ-(ਜਵਾਨ ਦਾ ਬ: ਬ:) ਜੁਆਨਾਂ। ਸ਼ਾਇਸਤਹ-ਸਜੀਲੇ। ਖ਼ੂਬ ਰੰਗ-ਬਹੁਤੇ ਸੋਹਣੇ।

(ਮੁਲਾਣੇ ਦੀ ਲੜਕੀ ਨੇ) ਦੂਜੀ ਸਭਾ ਵਾਜਿਆਂ ਤੇ ਸਰੰਗੀਆਂ ਨਾਲ ਕੀਤੀ। ਇਹ ਬਹੁਤ ਸੋਹਣੇ ਤੇ ਸਜੀਲੇ ਜੁਆਨਾਂ ਵਾਸਤੇ ਸੀ॥ ੪੮॥

ਹਮਹ ਮਸਤ ਖ਼ੋ ਸ਼ੁਦ ਹਮਹ ਖ਼ੂਬ ਮਸਤ॥
ਇਨਾਨੇ ਫ਼ਜ਼ੀਲਤ ਬਿਰੂੰ ਸ਼ੁਦ ਜ਼ ਦਸਤ॥ ੪੯॥

ਹਮਹ—ਸਾਰੇ। ਮਸਤ—ਮਤਵਾਲੇ। ਖੋ—ਸਭਾਵ। ਸ਼ੁਦ—ਹੋ ਗਏ। ਹਮਹ—ਸਾਰੇ। ਖੂਬ—ਚੰਗੇ। ਮਸਤ—ਮਤਵਾਲੇ। ਇਨਾਨੇ—ਵਾਗ ਡੋਰ। ਫਜ਼ੀਲਤ—ਵਿਦਯਾ ਤੇ ਗੁਣ। ਬਿਰੂੰ ਸ਼ੁਦ—ਬਾਹਰ ਹੋ ਗਏ। ਜ਼—ਤੋਂ। ਦਸਤ—ਹਥ।

ਸਾਰੇ ਮਸਤ ਸੁਭਾਵ ਵਾਲੇ, ਸਾਰੇ ਚੰਗੇ ਮਸਤ ਹੋ ਗਏ। (ਜੋ) ਵਿਦਯਾ ਦੀ ਵਾਗਡੋਰ ਤੋਂ ਹਥ ਬਾਹਰ ਹੋ ਗਏ॥ ੪੯॥ ਭਾਵ-ਹਰ ਕੋਈ ਸ਼ਰਾਬ ਨਾਲ ਏਨਾ ਮਸਤ ਹੋ ਗਿਆ ਕਿ ਕਿਸੇ ਨੂੰ ਭੀ ਸਰੀਰ ਦੀ ਸੁਧ ਬੁਧ ਵਿਦਯਾ ਦੀ ਸੁਧ ਤੇ ਗੁਣਾਂ ਦੀ ਪਛਾਣ ਨਾ ਰਹੀ, ਹਰ ਕੋਈ ਜਾਮੇ ਤੋਂ ਬਾਹਰ ਹੋ ਕੇ ਬਕਵਾਸ ਕਰਨ ਲਗ ਪਿਆ।

ਹਰਾਂ ਕਸ ਕਿ ਅਜ਼ ਇਲਮ ਸੁਖਨਸ਼ ਬਿਰਾਂਦ॥
ਕਿ ਅਜ਼ ਬੇਖ਼ੁਦੀ ਨਾਮਿ ਹਰ ਦੋ ਬਿਖਾਂਦ॥ ੫੦॥

ਹਰਾਂ ਕਸ਼-ਜਿਸ ਕਿਸੇ ਨੇ। ਅਜ਼ ਇਲਮ-ਵਿਦਯਾ ਦੀ। ਸ਼—ਉਨ੍ਹਾਂ। ਬਿਰਾਂਦ-ਚਲਾਈ। ਬੇਖ਼ੁਦੀ-ਮਸਤੀ। ਹਰ ਦੋ-ਦੋਵੇਂ। ਬਿਖਾਂਦ-ਬੋਲਦੇ ਸਨ।

ਜਿਸ ਕਿਸੇ ਨੇ ਭੀ ਉਨ੍ਹਾਂ ਨਾਲ ਵਿਦਯਾ ਦੀ ਗੱਲ ਤੋਰੀ (ਉਸ ਨੂੰ ਕੋਈ ਜਵਾਬ ਨਾ ਦੇ ਕੇ ਉਹ) ਦੋਹਾਂ ਦੇ ਨਾਮ ਹੀ ਮਸਤੀ ਵਿਚ ਕਹੀ ਜਾਂਦੇ ਸਨ॥ ੫੦॥

ਚੋ ਇਲਮੋ ਫ਼ਜ਼ੀਲਤ ਫਿਰਾਮੋਸ਼ ਗਸ਼ਤ॥
ਬਿਖ਼ਾਦੰਦ ਬਾ ਯਕ ਦਿਗਰ ਨਾਮ ਮਸਤ॥ ੫੧॥

ਚੋ—ਜਦੋਂ। ਇਲਮੋ ਫ਼ਜ਼ੀਲਤ-ਵਿਦਯਾ ਅਤੇ ਬੁਧੀ ਦੀ ਚਤਰਾਈ। ਫਿਰਮੋਸ਼ ਗਸ਼ਤ-ਵਿਦਾ ਹੋ ਗਈ। ਬਿਖ਼ਾਂਦਦ—ਪੜ੍ਹਦੇ ਹਨ। ਬਾ ਯਕ ਦਿਗਰ ਨਾਮ-ਇਕ ਦੂਜੇ ਦਾ ਨਾਮ।

ਜਦੋਂ ਵਿਦਯਾ ਤੇ ਬੁਧੀ ਦੀ ਚਤੁਰਾਈ ਭੁਲ ਗਈ। (ਤਦੋਂ) ਮਸਤ ਹੋਏ ੨ ਇਕ ਦੂਜੇ ਦਾ ਨਾਮ ਹੀ ਪੜ੍ਹੀ ਜਾਂਦੇ ॥ ੫੧ ॥

ਹਰਾਂਕਸ ਕਿ ਦੇਰੀਨਹ ਏ ਹਸਤ ਦੋਸਤ ॥
ਜ਼ਬਾਂ ਖ਼ੁਦ ਕੁਸ਼ਾਇੰਦਹ ਅਜ਼ ਨਾਮਿ ਓਸਤ ॥ ੫੨ ॥

ਦੇਰੀਨਹ-ਚਿਰਾਕਾ। ਹਸਤ-ਹੈਗਾ ਸੀ। ਖ਼ੁਦ-ਆਪਣੀ। ਕੁਸ਼ਾਇੰਦਹ-ਖੋਲ੍ਹਣ ਵਾਲਾ।

ਜਿਸ ਕਿਸੇ ਦਾ ਕੋਈ ਪੁਰਾਣਾ ਮਿਤ੍ਰ ਹੈਗਾ ਸੀ। ਉਹ ਆਪਣੀ ਜ਼ਬਾਨ ਨਾਲ ਉਸੇ ਦਾ ਹੀ ਨਾਮ ਕਹਿ ਰਿਹਾ ਸੀ ॥ ੫੨ ॥

ਸ਼ਨਾਸਦ ਕਿ ਈਂ ਗੁਲ ਸੁਖਨ ਆਸ਼ਿਕ ਅਸਤ ॥
ਕਿ ਗੁਫ਼ਤਨ ਹਮਾਯੂੰ ਸੁਬਕ ਤਨ ਖੁਸ਼ ਅਸਤ ॥ ੫੩ ॥

ਸ਼ਨਾਸਦ-ਪਛਾਣ ਲਿਆ। ਈਂ ਗੁਲ-ਇਹ ਲੜਕਾ। ਗੁਫਤਨ-ਕਿਹਾ। ਹਮਾਯੂੰ-ਸੁਭ ਲਗਨ। ਸੁਬਕ-ਕਮਲ।

ਇਸ ਤਰ੍ਹਾਂ ਦੀਆਂ ਗੱਲਾਂ ਤੋਂ ਪਛਾਣ ਲਿਆ ਜੋ ਇਹ ਲੜਕਾ ਆਸ਼ਕ ਹੋ ਗਿਆ ਹੈ। ਜੋ ਬੋਲਣ ਵਿਚ ਸ਼ੁਭ ਲਗਨ ਵਾਲਾ, ਕੋਮਲ ਤਨ ਵਾਲਾ ਤੇ ਚੰਗਾ ਹੈ ॥ ੫੩ ॥

ਕਿ ਅਜ਼ ਇਸ਼ਕ ਅਜ਼ ਮੁਸ਼ਕ ਹਮ ਖਮਰ ਖ਼ੂੰ ॥
ਕਿ ਪਿਨਹਾ ਨ ਮਾਂਦ ਅਸਤ ਆਮਦ ਬਿਰੂੰ ॥ ੫੪ ॥

ਇਸ਼ਕ-ਪਰੇਮ। ਮੁਸ਼ਕ-ਵਾਸ਼ਨਾ। ਖਮਰ=ਮਦ, ਸ਼ਰਾਬ। ਖ਼ੂੰ-ਖ਼ੂਨ ਕਰਨਾ. ਪਿਨਹਾ-ਲੁਕਣਾ। ਨ ਮਾਂਦ-ਨਹੀਂ ਰਹਿੰਦੇ। ਆਮਦ ਬਿਰੂੰ=ਬਾਹਰ ਆ ਜਾਂਦੇ।

(ਲੋਕ ਕਿਹਾ ਕਰਦੇ ਹਨ) ਕਿ ਇਸ਼ਕ, ਮੁਸ਼ਕ (ਖਾਂਸੀ, ਖੁਰਕ, ਖੈਰ) ਖੂਨ, ਮਦ (ਤੇ ਪਾਨ। ਇਹ ਅਠ) ਲੁਕਾਇਆਂ (ਭੀ ਲੁਕੇ)ਨਹੀਂ ਰਹਿੰਦੇ (ਇਕ ਨਾ ਇਕ ਦਿਨ ਜ਼ਰੂਰ ਬਾਹਰ ਆ ਜਾਂਦੇ ਹਨ) ॥ ੫੪ ॥

ਬ ਸ਼ਹਰ ਅੰਦਰੂੰ ਗਸ਼ਤ ਸ਼ੁਹਰਤ ਪਦੀਦ ॥
ਕਿ ਆਜ਼ਾਦ ਸ਼ੁਦ ਸ਼ਾਹ ਓ ਦੁਖਤਰ ਵਜ਼ੀਰ ॥ ੫੫ ॥

ਗਸ਼ਤ-ਫਿਰ ਗਈ। ਸ਼ੁਹਰਤ=ਰੌਲਾ, ਖਬਰ। ਪਦੀਦ-ਪਰਗਟ। ਆਜ਼ਾਦ ਸ਼ੁਦ-ਖੁਲ੍ਹਮਖੁਲ੍ਹੇ ਹੋ ਗਏ। ਦੁਖਤਰ-ਲੜਕੀ।

ਸਾਰੇ ਸ਼ੈਹਰ ਵਿਚ (ਇਹ ਗੱਲ) ਪ੍ਰਗਟ ਹੋ ਗਈ ਤੇ ਖਬਰ ਫਿਰ ਗਈ (ਕਿ) ਰਾਜੇ (ਦਾ ਪੁਤ੍ਰ ਤੇ) ਵਜ਼ੀਰ ਦੀ ਲੜਕੀ ਖੁਲ੍ਹਮਖੁਲ੍ਹੇ (ਇਕ ਦੂਜੇ ਦੇ ਪਿਆਰੇ) ਹੋ ਗਏ ਹਨ ॥ ੫੫ ॥

ਸ਼ੁਨੀਦ ਈਂ ਸੁਖ਼ਨ ਸ਼ਾਹ ਦੁ ਕਿਸ਼ਤੀ ਬਿਖਾਂਦ ॥
ਜੁਦਾ ਬਰ ਜੁਦਾ ਹਰ ਦੋ ਕਿਸ਼ਤੀ ਨਿਸ਼ਾਂਦ ॥ ੫੬ ॥

ਦੁ ਕਿਸ਼ਤੀ=ਦੋ ਬੇੜੀਆਂ। ਬਿਖਾਂਦ-ਮੰਗਵਾਈਆਂ। ਨਿਸ਼ਾਂਦ=ਬਿਠਾ ਦਿਤਾ।

ਇਸ ਗੱਲ ਨੂੰ ਸੁਣਦਿਆਂ ਹੀ ਰਾਜੇ ਨੇ ਦੋ ਕਿਸ਼ਤੀਆਂ ਮੰਗਵਾਈਆਂ। ਉਹਨਾਂ ਦੋਹਾਂ ਨੂੰ ਵਖਰੀ ਵਖਰੀ ਕਿਸ਼ਤੀ ਉਤੇ ਬਿਠਾ ਦਿਤਾ ॥ ੫੬ ॥

ਰਵਾਂ ਕਰਦ ਓ ਰਾ ਬ ਦਰੀਯਾ ਅਜ਼ੀਮ ॥
ਦੋ ਕਿਸ਼ਤੀ ਯਕੇ ਸ਼ੁਦ ਹਮਹ ਮੌਜ ਬੀਮ ॥ ੫੮ ॥

ਰਵਾਂ ਕਰਦ=ਤੋਰ ਦਿਤੀਆਂ। ਅਜ਼ੀਮ-ਡੂੰਘੇ ਪਾਣੀ। ਯਕੇ ਸ਼ੁਦ-ਇਕ ਹੋ ਗਈਆਂ। ਮੌਜ-ਲਹਿਰਾਂ। ਬੀਮ=ਡਰਾਉਣੀਆਂ।

(ਫਿਰ) ਉਨ੍ਹਾਂ ਦੋਹਾਂ ਕਿਸ਼ਤੀਆਂ (ਬੇੜੀਆਂ) ਨੂੰ ਦਰਿਆ ਦੇ ਡੂੰਘੇ ਤੇ ਰੋੜ੍ਹੂ ਪਾਣੀ ਵਿਚ ਤੋਰ ਦਿਤਾ। (ਅਖੀਰ ਨੂੰ) ਦੋਵੇਂ ਕਿਸਤੀਆਂ ਦਰਿਆ ਦੀਆਂ ਡਰੌਣੀਆਂ ਲਹਿਰਾਂ ਦੇ ਨਾਲ (ਕਠੀਆਂ ਹੋ ਕੇ ਇਕ ਹੋ ਗਈਆਂ ॥ ੫੮ ॥

ਦੋ ਕਿਸ਼ਤੀ ਯਕੇ ਸ਼ੁਦ ਬਹੁਕਮਿ ਅਲਾਹ ॥
ਬ ਯਕ ਜਾ ਦਰਾਮਦ ਹਮਾਂ ਸ਼ਮਸੁ ਮਾਹ ॥ ੫੮ ॥

ਸ਼ੁਦ=ਹੋ ਗਈਆਂ। ਬ=ਨਾਲ। ਯਕ ਜਾ-ਇਕ ਜਗ੍ਹਾ। ਸ਼ਮਸੁ ਮਾਹ=ਸੂਰਜ ਚੰਦ।

ਅਲਾਹ ਦੇ ਹੁਕਮ ਨਾਲ ਦੋਵੇਂ ਕਿਸ਼ਤੀਆਂ (ਜੁੜ ਕੇ) ਇਕ ਹੋ ਗਈਆਂ। ਉਹ ਸੂਰਜ ਤੇ ਚੰਦ੍ਰਮਾ ਇਕ ਜਗ੍ਹਾ ਤੇ ਇਕਠੇ ਹੋ ਗਏ ॥ ੫੮ ॥

ਬਿ ਬੀਂ ਕੁਦਰਤਿ ਕਿਰਦਗਾਰਿ ਅਲਾਹ ॥
ਦੋ ਤਨ ਰਾ ਯਕੇ ਕਰਦ ਅਜ਼ ਹੁਕਮਿ ਸ਼ਾਹਿ ॥ ੫੯ ॥

ਬਿ ਬੀਂ=ਵੇਖ। ਕਿਰਦਗਾਰ-ਕਰਤਾ ਪੁਰਖ। ਦੋ ਤਨ ਰਾ-ਦੋਹਾਂ ਦੇ ਸਰੀਰ ਨੂੰ।

ਉਸ ਕਰਤਾ ਪੁਰਖ ਵਾਹਿਗੁਰੂ ਦੀ ਕੁਦਰਤ ਵਲ ਵੇਖ! (ਵਾਹਿਗੁਰੂ) ਰਾਜੇ ਦੇ ਹੁਕਮ ਨੇ ਦੋਹ ਸਰੀਰਾਂ ਨੂੰ ਇਕਠੇ ਕਰ ਦਿਤਾ ॥ ੫੯ ॥

ਦੋ ਕਿਸ਼ਤੀ ਦਰਾਮਦ ਬ ਯਕ ਜਾ ਦੋ ਤਨ ॥
ਚਰਾਗ਼ਿ ਅਰਬ ਆਫ਼ਤਾਬਿ ਯਮਨ ॥ ੬੦ ॥

ਕਿਸ਼ਤੀ=ਬੇੜੀ। ਦਰਾਮਦ=ਆਉਂਦੇ ਹੋਏ। ਚਰਾਗ਼ਿ-ਦੀਵਾ। ਆਫਤਾਬਿ=ਸੂਰਜ।

ਦੋਹ ਕਿਸ਼ਤੀਆਂ ਵਿਚ ਆਉਂਦੇ ਹੋਏ ਦੋਵੇਂ ਸਰੀਰ ਇਕ ਜਗ੍ਹਾ (ਤੇ ਇਕਠੇ ਹੋ ਗਏ)। ਅਰਬ ਦਾ ਦੀਵਾ ਤੇ ਯਮਨ ਦਾ ਸੂਰਜ ॥ ੬੦ ॥

ਬ ਰਫ਼ਤੰਦ ਕਿਸ਼ਤੀ ਬ ਦਰਯਾਇ ਗਾਰ ॥
ਬ ਮੌਜ ਅੰਦ੍ਰ ਆਮਦ ਚੋ ਬਰਗਿ ਬਹਾਰ ॥ ੬੧ ॥

ਰਫਤੰਦ=ਤੁਰ ਪਏ। ਦਰਯਾਇ ਗਾਰ-ਡੂੰਘੀ ਨਦੀ। ਮੌਜ=ਲੈਹਰ। ਚੋ=ਵਾਂਗੂ। ਬਰਗਿ=ਪਤਰ। ਬਹਾਰ=ਬਸੰਤ ਰੁਤ।

ਕਿਸ਼ਤੀ ਤੁਰ ਪਈ ਅਤੇ ਨਦੀ ਦੇ ਡੂੰਘੇ ਪਾਣੀ ਵਿਚ ਆ ਗਈ। ਬਸੰਤ ਰੁਤ ਦੇ ਪਤਿਆਂ ਵਾਂਗੂ ਲੈਹਰਾਂ ਵਿਚ (ਬੇੜੀ) ਆ ਗਈ (ਅਰਥਾਤ ਜਿਥੇ ਅਨਗਿਣਤ ਲੈਹਰਾਂ ਉਠ ਰਹੀਆਂ ਸਨ, ਉਥੇ ਕਿਸ਼ਤੀ ਪਹੁੰਚ ਗਈ) ॥ ੬੧ ॥

ਯਕੇ ਅਜ਼ਦਹਾ ਬੂਦ ਆਂ ਜਾ ਨਸ਼ਸਤ ॥

ਬ ਖ਼ੁਰਦਨ ਦਰਾਮਦ ਵਜ਼ਾ ਕਰਦ ਜਸਤ ॥ ੬੨ ॥

ਅਜ਼ਦਹਾ—ਵਡਾ ਭਾਰਾ ਸਪ, ਸ਼ਰਾਲ। ਬੂਦ—ਸੀ । ਨਸ਼ਸਤ—ਬੈਠਾ । ਖ਼ੁਰਦਨ—ਖਾਣ ਵਾਸਤੇ। ਜਸਤ—ਝਖਟ ਉਸ ਥਾਂ ਤੋ ਇਕ ਬੜੀ ਵਡੀ ਸਰਾਲ ਬੈਠੀ ਹੋਈ ਸੀ। ਉਹ ਇਨ੍ਹਾਂ ਨੂੰ ਖਾਣ ਵਾਸਤੇ ਆਈ। ਉਸ ਨੇ ਝਪਟ ਕੀਤੀ॥ ੬੨॥

ਦਿਗਰ ਪੇਸ਼ਤਰ ਬੂਦ ਕਹਰੇ ਬਲਾ ॥
ਦੋ ਦਸਤਸ਼ ਸਤੂੰ ਕਰਦ ਬੇ ਸਰ ਨਮਾ ॥ ੬੩ ॥

ਦਿਗਰ—ਦੂਜੀ। ਪੇਸ਼ਤਰ—ਸਾਹਮਣੇ। ਬੂਦ—ਸੀ। ਕਹਰੇ—ਡਰੌਣੀ। ਬਲਾ—ਡੈਣ। ਦਸਤਸ਼—ਉਸ ਦੇ ਹਥ। ਸਤੂੰ—ਥੰਮ। ਬੇ ਸਰ ਨਮਾ—ਸਿਰ ਤੋਂ ਬਿਨਾਂ ਦਿਖਾਈ ਦੇਣ ਵਾਲੇ।

ਦੂਜੀ ਸਾਹਮਣੇ ਪਾਸੇ ਤੋਂ ਇਕ ਡਰਾਉਣੀ ਡੈਣ (ਨਜ਼ਰ ਆਈ)। ਉਸ ਨੇ ਆਪਣੇ ਦੋਵੇਂ ਹਥ ਥੰਮ ਵਾਗੂ ਉਤਾਂਹ ਕੀਤੇ, ਜੋ ਸਿਰ ਤੋਂ ਬਿਨਾਂ (ਖਲੋਤੇ ਹੋਏ ਮਨੁਖ) ਵਾਂਗੂ ਦਿਖਾਈ ਦੇਂਦਾ ਸਨ॥੬੩॥

ਮਿਯਾਂ ਰਫ਼ਤਹ ਸ਼ੁਦ ਕਿਸ਼ਤੀ ਏ ਹਰ ਦੋ ਦਸਤ ॥
ਬਨੇਸ਼ੇ ਦੁ ਮਾਨਦ ਅਜ਼ੋ ਮਾਰ ਮਸਤ ॥ ੬੪ ॥

ਮਿਯਾਂ—ਵਿਚਾਲੇ। ਰਫ਼ਤਹ ਸ਼ਦ—ਚਲੀ ਗਈ। ਬ—ਤੋਂ। ਨੇਸ਼ੇ—ਡੰਗ। ਦੁ—ਦੋ, ੨। ਮਾਨਦ—ਬਚ ਗਏ। ਅਜ਼—ਉਸ। ਮਾਰ—ਸਪ। ਮਸਤ—ਮਤਾ ਹੋਇਆ।

(ਉਨ੍ਹਾਂ ਦੀ) ਬੇੜੀ ਉਸ ਦੇ ਦੋਹਾਂ ਹਥਾਂ ਦੇ ਵਿਚਾਲੇ ਤੋਂ ਚਲੀ ਗਈ। ਉਹ ਦੋਵੇਂ ਮਤੇ ਹੋਏ ਸਪ ਦੇ ਡੰਗ ਤੋ ਬਚ ਗਏ॥ ੬੪॥

ਗ੍ਰਿਫ਼ਤੰਦ ਓ ਰਾ ਬ ਦਸਤ ਅੰਦਰੂੰ ॥
ਬਿ ਬਖ਼ਸ਼ੀਦ ਓ ਰਾ ਨ ਖੁਰਦੰਦ ਖ਼ੂੰ ॥ ੬੫ ॥

ਗ੍ਰਿਫ਼ਤੰਦ—ਫੜਿਆਂ। ਓ ਰਾ—ਉਸ ਨੂੰ। ਬ ਦਸਤ—ਹਥ ਦੇ। ਬਖਸ਼ੀਦ—ਕ੍ਰਿਪਾ ਕੀਤੀ। ਖ਼ੁਰਦਦ—ਖਾਧਾ। ਖ਼ੂੰ—ਲਹੂ।

(ਬਲਾ ਨੇ) ਆਪਣੇ ਹਥਾਂ ਵਿਚ ਉਨ੍ਹਾਂ ਨੂੰ ਫੜ ਲਿਆ। ਪਰ ਉਨ੍ਹਾਂ ਉਤੇ (ਰਬ ਨੇ) ਕ੍ਰਿਪਾ ਕੀਤੀ, (ਇਸ ਲਈ ਉਸ ਨੇ) ਉਨ੍ਹਾਂ ਦਾ ਲਹੂ ਪੀਤਾ॥ ੬੫॥

ਚੁਨਾ ਜੰਗ ਸ਼ੁਦ ਅਜ਼ਦਹਾ ਓ ਬਲਾ ॥
ਕਿ ਬੇਰੂੰ ਨਿਆਮਦ ਬ ਹੁਕਮੇ ਖ਼ੁਦਾ ॥ ੬੬ ॥

ਚੁਨਾਂ—ਅਜੇਹਾ। ਜੰਗ ਸ਼ੁਦ—ਜੰਗ ਹਇਆ। ਅਜ਼ਦਹਾ—ਸਰਾਲ। ਬਲਾ—ਡੈਣ। ਬੇਰੂੰ—ਬਾਹਰ। ਨਿਆਮਦ—ਨਾ ਆਇਆ।

ਸਰਾਲ ਅਤੇ ਡੈਣ ਦਾ (ਆਪੋ ਵਿਚ) ਅਜੇਹਾ ਜੰਗ ਹੋਇਆ (ਕਿ) ਰੱਬ ਦੇ ਹੁਕਮ ਨਾਲ (ਦੋਹਾਂ ਵਿਚੋਂ ਕੋਈ ਭੀ) ਬਾਹਰ ਨਾ ਆਇਆ (ਅਰਥਾਤ ਦੋਵੇਂ ਇਕ ਦੂਜੇ ਦੀ ਮਾਰ ਨਾਲ ਥਾਂ ਤੇ ਹੀ ਮਰ ਗਏ। ੬੬॥

ਚੁਨਾਂ ਮੌਜ ਖੇਜ਼ਦ ਜ਼ ਦਰਿਯਾ ਅਜ਼ੀਮ ॥
ਕਿ ਦੀਗਰ ਨ ਦਾਨਿਸ਼ਤ ਜੁਜ਼ ਯਕ ਕਰੀਮ ॥ ੬੭ ॥

ਚੂਨਾਂ—ਅਜੇਹੀ । ਮੌਜ—ਲੈਹਰ।ਖ਼ੇਜ਼ਦ-ਉਠਦੀ ਹੈ । ਜ਼—ਤੋਂ । ਦੀਗਰ-ਦੂਜਾ । ਨ ਦਾਨਿਸ਼ਤ - ਨਹੀਂ ਜਾਣਦਾ । ਜਜ-ਬਿਨਾਂ । ਕਰੀਮ-ਕ੍ਰਿਪਾਲੂ ।

(ਉਸ) ਬੜੇ ਵਡੇ ਦਰਿਆ ਵਿਚੋਂ ਅਜੇਹੀਆਂ ਲੈਹਰਾਂ ਉਠਦੀਆਂ ਸਨ । ਜੋ ਉਸ ਕ੍ਰਿਪਾਲੂ ਤੋਂ ਬਿਨਾਂ (ਹੋਰ ਕੋਈ) ਦੂਜਾ ਨਹੀਂ ਜਾਣ ਸਕਦਾ ॥ ੬੭ ॥

ਰਵਾਂ ਗਸ਼ਤ ਕਿਸ਼ਤੀ ਬ ਮੌਜਿ ਬਲਾ ॥

ਬਰਾਇ ਖ਼ਲਾਸੀ ਜ਼ ਰਹਮਤ ਖ਼ੁਦਾ ॥ ੬੮ ॥

ਰਵਾਂ ਗਸ਼ਤ-ਤੁਰ ਪਈ । ਮੌਜ-ਲੈਹਰਾਂ ਵਿਚ । ਬਲਾ—ਬਾਲਾ,ਵਡੀਆਂ । ਬਰਾਇ-ਵਾਸਤੇ । ਖ਼ਲਾਸੀ-ਛੁਟਕਾਰੇ । ਰਹਮਤ-ਦਇਆ, ਮੇਹਰ ।

ਬੜੀਆਂ ਵਡੀਆਂ ਲਹਰਾਂ ਵਿਚ ਬੇੜੀ ਤੁਰ ਗਈ । (ਜਿਸ ਤੋਂ) ਛੁਟਕਾਰਾ ਪਾਉਣ ਵਾਸਤੇ ਖ਼ੁਦਾ ਦੀ ਦਇਆ (ਮੰਗਦੇ ਸਨ) ॥ ੬੮ ॥

ਬ ਆਖ਼ਿਰ ਹਮ ਅਜ਼ ਹੁਕਮਿ ਪ੍ਰਵਰਦਗਾਰ ॥

ਕਿਸ਼ਤੀ ਬਰਾਮਦ ਜ਼ ਦਰਿਯਾ ਕਨਾਰ ॥ ੬੯ ॥

ਆਖ਼ਿਰ-ਅੰਤ । ਹਮ-ਨੂੰ । ਪਰਵਰਦਗਾਰ-ਪਾਲਨਾ ਕਰਨ ਵਾਲਾ ਵਾਹਿਗੁਰੂ । ਬਰਾਮਦ-ਆ ਗਈ । ਜ਼—ਤੋਂ । ਕਨਾਰ—ਕੰਢਾ ।

ਪਾਲਣਾ ਕਰਨ ਵਾਲੇ ਪ੍ਰਭੂ ਦੀ ਆਗਿਆ ਨਾਲ ਅੰਤ ਨੂੰ ਬੇੜੀ ਦਰਿਆ ਤੋਂ (ਬਾਹਰ ਵਲ) ਕੰਢੇ ਉਤੇ ਆ ਗਈ ॥ ੬੯ ॥

ਕਿ ਬੇਰੂੰ ਬਰਾਮਦ ਅਜ਼ਾਂ ਹਰ ਦੋ ਤਨ ॥

ਨਿਸ਼ਸਤਹ ਲਬਿ ਆਬਿ ਦਰਿਯਾ ਯਮਨ ॥ ੭੦ ॥

ਬੇਰੂੰ-ਬਾਹਰ । ਬਰਾਮਦ-ਆ ਗਏ । ਅਜ਼ਾਂ—ਉਸ ਤੋਂ।ਹਰ ਦੋ ਤਨ-ਦੋਵੇਂ ਜਣੇ । ਨਿਸ਼ਸਤਹ -ਬੈਠੇ । ਲਬਿ—ਕੰਢੇ । ਆਬਿ—ਪਾਣੀ ।

ਉਸ (ਬੇੜੀ) ਵਿਚੋਂ ਦੋਵੇਂ ਜਣੇ ਬਾਹਰ ਆ ਗਏ । (ਅਤੇ) ਯਮਨ ਦਰਿਆ ਦੇ ਪਾਣੀ ਦੇ ਕੰਢੇ ਉਤੇ ਬੈਠ ਗਏ ॥ ੭੦ ॥

ਦਰਾਮਦ ਯਕੇ ਸ਼ੇਰ ਦੀਦਨ ਸ਼ਿਤਾਬ ॥

ਬਖ਼ੁਰਦਨ ਅਜ਼ਾਂ ਹਰ ਦੋ ਤਨ ਰਾ ਕਬਾਬ ॥ ੭੧ ॥

ਦਰਾਮਦ-ਆਇਆ । ਦੀਦਨ-ਵੇਖਣਾ । ਸ਼ਿਤਾਬ-ਛੇਤੀ । ਬਖ਼ਰਦਨ-ਖਾਣ ਵ ਸਤੇ। ਅਜ਼ਾਂ ਉਨ੍ਹਾਂ । ਇਕ ਸੇਰ (ਉਨ੍ਹਾਂ ਨੂੰ) ਵੇਖਦਿਆਂ ਹੀ ਛਤੀ ਨਾਲ ਆ ਗਿਆ । ਉਨ੍ਹਾਂ ਦੋਹਾਂ ਦੇ ਸਰੀਰ ਦਾਂ ਕਬਾਬ ਖਾਣ ਵਾਸਤੇ ॥ ੭੧ ॥ ਭਾਵ-ਇਕ ਸ਼ੇਰ ਉਹਨਾਂ ਦੋਹਾਂ ਦੇ ਸਰੀਰ ਨੂੰ ਖਾਣ ਵਾਸਤੇ, ਝਟ ਪਟ ਹੀ ਦੌੜਦਾ ਹੋਇਆ ਉਹਨਾਂ ਵਲ ਆ ਗਿਆ ।

ਜ਼ਿ ਦਰਿਯਾ ਬਰਾਮਦ ਜ਼ ਮਗਰੇ ਅਜ਼ੀਮ ॥

ਖ਼ੁਰਮ ਹਰ ਦੋ ਤਨ ਰਾ ਬ ਹੁਕਮੇ ਕਰੀਮ ॥ ੭੨ ॥

ਮਗਰੇ—ਇਕ ਮਗਰ ਮਛ । ਅਜ਼ੀਮ-ਵਡਾ । ਖ਼ੁਰਮ-ਖਾਣਾ ।

ਉਸ ਦਰਿਆ ਵਿਚੋਂ ਇਕ ਬੜਾ ਵਡਾ ਮਗਰ ਮਛ ਆ ਗਿਆ। ਰੱਬ ਦੇ ਹੁਕਮ ਨਾਲ ਦੋਹਾਂ ਦੇ ਸਰੀਰ ਨੂੰ ਖਾਣ ਵਾਸਤੇ ॥ ੭੨ ॥

ਬ ਜਾਇਸ਼ ਦਰਾਮਦ ਜ਼ ਸ਼ੇਰੇ ਸ਼ਿਤਾਬ ॥

ਗਜ਼ੰਦਸ਼ ਹਮੀਂ ਬੁਰਦ ਬਰ ਰੋਦਿ ਆਬਿ ॥ ੭੩ ॥

ਜਾਇਸ਼–ਉਸ ਜਗ੍ਹਾ। ਦਰਾਮਦ–ਆ ਗਿਆ। ਸ਼ੇਰੇ=ਇਕ ਸ਼ੇਰ। ਗਜ਼ੰਦਸ਼–ਉਸ ਛਲਾਂਗ। ਹਮੀ ਬਰਦ=ਮਾਰੀ। ਬਰ–ਉਤੇ। ਰਦਿ=ਨਦੀ। ਆਬ-ਪਾਣੀ।

ਉਸ ਜਗ੍ਹਾ ਉਤੇ ਝਟ ਪਟ ਹੀ ਇਕ ਸ਼ੇਰ ਆ ਗਿਆ। ਉਸ ਨੇ ਨਦੀ ਦੇ ਪਾਣੀ ਉਪਰ ਛਲਾਂਗ ਮਾਰ ਦਿਤੀ ॥ ੭੩ ॥

ਬ ਪੇਚਦ ਸਰ ਓ ਅਜ਼ਾਂ ਖਤਾ ਗਸ਼ਤ ਸ਼ੇਰ ॥

ਬ ਦਹਨਿ ਦਿਗਰ ਦੁਸ਼ਮਨ ਉਫ਼ਤਦ ਦਲੇਰ ॥ ੭੪ ॥

ਬ=ਨਾਲ। ਪੇਚਦ=ਫੇਰਨ। ਸਰ-ਸਿਰ। ਅਜ਼–ਤੋਂ। ਖ਼ਤਾ-ਖੁੰਝ, ਨਿਸਫਲ। ਗਸ਼ਤ–ਗਿਆ। ਬ–ਵਿਚ। ਦਹਨਿ–ਮੂੰਹ ਦੇ। ਦਿਗਰ-ਦੂਜੇ। ਉਫਤਦ–ਡਿਗ ਪਿਆ।

ਉਹਨਾਂ ਦੇ ਸਿਰ ਫੇਰ ਲੈਣ ਨਾਲ ਸ਼ੇਰ ਦਾ ਹਮਲਾ ਨਿਸਫਲ ਗਿਆ। (ਸਗੋਂ ਉਹ) ਦਲੇਰ (ਆਪ ਹੀ) ਦੂਜੇ ਦੁਸ਼ਮਨ ਦੇ ਮੂੰਹ ਵਿਚ ਡਿਗ ਪਿਆ ॥ ੭੪ ॥

ਭਾਵ-ਸ਼ੇਰ ਨੇ ਇਨ੍ਹਾਂ ਨੂੰ ਉਪਰੋਂ ਹੀ ਦਬੋਚ ਲੈਣ ਲਈ ਉਛਲ ਕੇ ਛਲਾਂਗ ਮਾਰੀ, ਪਰ ਇਨ੍ਹਾਂ ਨੇ ਅਗੋਂ ਆਪਣਾ ਸਿਰ ਭੁਆਲਿਆਜਿਸ ਕਰਕੇਸ਼ੇਰ ਇਨ੍ਹਾਂ ਦੇ ਉਪਰ ਡਿਗਣ ਦੀ ਬਜਾਇ ਨਦੀਦੇ ਪਾਣੀ ਵਿਚ ਡਿਗਾ। ਪਾਣੀ ਵਿਚ ਮਗਰ ਮਛ ਬੈਠਾ ਸੀ, ਸ਼ੇਰ ਉਸ ਦੇ ਮੂੰਹ ਵਿਚ ਆਨ ਪਿਆ।

ਬ ਗੀਰਦ ਮਗਰ ਦਸਤਿ ਸ਼ੇਰੇ ਸ਼ਿਤਾਬ ॥

ਬ ਬੁਰਦੰਦ ਓ ਰਾ ਕਸ਼ੀਦਹ ਦਰ ਆਬ ॥ ੭੫ ॥

ਬ ਗੀਰਦ–ਫੜ ਲਿਆ। ਮਗਰ–ਸੰਸਾਰ,ਮਗਰ ਮਛ,ਨਿਹੰਗ। ਦਸਤਿ–ਹਥ ਤੋਂ। ਬੁਰਦੰਦ=ਲੈ ਗਿਆ। ਕਸ਼ੀਦਹ=ਖਿਚ ਕੇ। ਦਰ ਆਬ-ਪਾਣੀ ਵਿਚ। ਮਗਰ ਮਛ ਨੇ ਸੇਰ ਨੂੰ ਹਥ ਤੋਂ ਫੜ ਲਿਆ। (ਫਿਰ) ਉਸ ਨੂੰ ਖਿਚ ਕੇ ਪਾਣੀ ਦੇ ਵਿਚ ਲੈ ਗਿਆ ॥ ੭੫ ॥

ਬਿ ਬੀਂ ਕੁਦਰਤਿ ਕਿਰਦਗਾਰਿ ਜਹਾਂ ॥

ਕਿ ਈਂ ਰਾ ਬਿ ਬਖਸ਼ੀਦ ਕੁਸ਼ਤਸ਼ ਅਜ਼ਾਂ ॥ ੭੬ ॥

ਬਿ ਬੀਂ–ਵੇਖ। ਕਿਰਦਗਾਰਿ=ਕਰਤਾ ਪੁਰਖ ਦੀ। ਜਹਾਂ–ਜਗਤ। ਈਂ ਰਾ–ਇਸ ਨੂੰ। ਬਖਸ਼ੀਦ–ਬਖਸ਼ ਦਿਤਾ। ਕੁਸਤਸ਼–ਮਾਰ ਦਿਤਾ ਉਸ ਨੂੰ। ਅਜ਼ਾਂ=ਉਸ ਨੇ।

ਜਗਤ ਦੇ ਕਰਤੇ ਦੀ ਕੁਦਰਤ ਵਲ ਵੇਖ ! ਜੋ (ਉਸ ਨੇ) ਇਨ੍ਹਾ ਨੂੰ (ਜ਼ਿੰਦਗੀ) ਬਖਸ਼ ਦਿਤੀਹੈ ਅਤੇ ਉਸ ਨੂੰ ਉਸ ਨੇ ਮਾਰ ਦਿਤਾ ਹੈ ॥ ੭੬ ॥

ਭਾਵ–ਇਕ ਪਾਸਿਓਂ ਸੰਸਾਰ ਮਾਰਨ ਵਾਸਤੇ ਆਇਆ ਦੂਜੇ ਪਾਸੇ ਤੋ ਸ਼ੇਰ ਨੇ ਆ ਹਮਲਾ ਕੀਤਾ ਪਰ 'ਜਿਸ ਰਾਖੇ ਤਿਸੁ ਕੋਇ ਨ ਮਾਰੇ।' ਵਾਹਿਗੁਰੂ ਦੀ ਕ੍ਰਿਪਾ ਨਾਲ ਇਨ੍ਹਾਂ ਨੂੰ ਮਾਰਨ ਆਏ ਹੋਏ ਸ਼ੇਰ ਨੂੰ ਮਗਰ ਮਛ ਨੇ ਮਾਰ ਸੁਟਿਆ ਹੈਅਤੇ ਇਨ੍ਹਾਂ ਦਾ ਵਾਲ ਭੀ ਵਿੰਗਾ ਨਹੀਂ ਹੋਇਆ।ਇਹ ਸਭ ਉਸ ਮੇਰੇ ਸਿਰਜਨਹਾਰ ਪ੍ਰਭੂ ਦੀ ਦਇਆ ਹੀ ਸਮਝਣੀ ਚਾਹੀਦੀ ਹੈ।

ਬਿ ਰਫ਼ਤੰਦ ਹਰ ਦੋ ਬ ਹੁਕਮਿ ਅਮੀਰ ॥
ਯਕੇ ਸ਼ਾਹਜ਼ਾਦਹ ਵ ਦੁਖ਼ਤਰ ਵਜ਼ੀਰ ॥ ੭੭ ॥

ਰਫਤੰਦ—ਤੁਰ ਪਏ। ਹਰ ਦੋ—ਦੋਵੇਂ। ਅਮੀਰ—ਬਾਦਸ਼ਾਹ (ਭਾਵ ਵਹਿਗੁਰੂ)। ਸ਼ਾਹਜਾਦਹ—ਰਾਜੇ ਦਾ ਪੁਤ੍ਰ। ਦੁਖਤਰ—ਲੜਕੀ, ਬੇਟੀ।

ਪਰਮੇਸ਼ਰ ਦੇ ਹੁਕਮ ਵਿਚ ਦੋਵੇਂ (ਹੀ ਅਗਾਂਹ) ਤੁਰ ਪਏ। ਇਕ ਰਾਜੇ ਦਾ ਪੁਤ੍ਰ ਹੈ ਅਤੇ (ਦੂਜੀ) ਵਜ਼ੀਰ ਦੀ ਲੜਕੀ ਹੈ ॥ ੭੭ ॥

ਬਿ ਉਫਤਾਦ ਹਰ ਦੋ ਬ ਦਸ਼ਤਿ ਅਜ਼ੀਮ ॥
ਨ ਸ਼ਾਇਦ ਦਿਗਰ ਦੀਦ ਜੁਜ਼ ਯਕ ਕਰੀਮ ॥ ੭੮ ॥

ਬਿ ਉਫਤਾਦ—ਪੈ ਗਏ। ਹਰ ਦੋ—ਦੋਵੇਂ ਹੀ। ਦਸ਼ਤਿ—ਉਜਾੜ ਵਿਚ। ਅਜ਼ੀਮ—ਵਡੀ। ਸ਼ਾਇਦ—ਸਕੀਦਾ ਦੀਦ—ਵੇਖ। ਜ਼ੁਜ਼—ਬਿਨਾਂ :

ਦੋਵੇਂ ਹੀ (ਇਕ) ਬੜੀ ਵਡੀ ਉਜਾੜ ਬੀਆਬਾਨ ਵਿਚ ਪੈ ਗਏ। ਜਿਥੇ) ਇਕ ਕ੍ਰਿਪਾਲੂ ਪ੍ਰਮਾਤਮਾ ਤੋਂ ਬਿਨਾਂ (ਹੋਰ)ਕੋਈ ਵੇਖ ਨਹੀਂ ਸਕੀਦਾ(ਭਾਵ ਹੋਰ ਕੋਈ ਦਿਸਦਾ ਹੀ ਨਹੀਂ)॥੭੮॥

ਬ ਮੁਲਕਿ ਹਬਸ਼ ਆਮਦ ਆਂ ਨੇਕ ਖ਼ੂਇ ॥
ਯਕੇ ਸ਼ਾਹਜ਼ਾਦਹ ਦਿਗਰ ਖ਼ੂਬ ਰੂਇ ॥ ੭੯ ॥

ਮੁਲਕਿ—ਦੇਸ ਵਿਚ। ਨੇਕ ਖੂਇ—ਚੰਗੇ ਸੁਭਾਉ ਵਾਲੇ। ਖੂਬ ਰੂਇ—ਸੁੰਦਰ ਚੇਹਰੇ ਵਾਲੀ।

ਉਹ ਚੰਗੇ ਸੁਭਾਉ ਵਾਲੇ ਹਬਸ਼ ਮੁਲਕ ਵਿਚ ਆ ਗਏ। (ਜੋ) ਇਕ ਰਾਜ ਪੁਤ੍ਰ ਹੈ ਅਤੇ ਦੂਜੀ ਸੋਹਣੇ ਚਿਹਰੇ ਵਾਲੀ (ਵਜ਼ੀਰ ਦੀ ਲੜਕੀ) ਹੈ ॥ ੭੯ ॥

ਦਰਾਂ ਜਾ ਬਿਆਮਦ ਕਿ ਬਿਨਸ਼ਸਤਹ ਸ਼ਾਹ ॥
ਨਸ਼ਸਤੰਦ ਸ਼ਬ ਰੰਗ ਜ਼ਰਰੀਂ ਕੁਲਾਹ ॥ ੮੦ ॥

ਦਰਾਂ ਜਾ—ਉਸ ਜਗ੍ਹਾ ਵਿਚ। ਬਿਆਮਦ—ਆ ਗਏ। ਬਿਨਸ਼ਸਤਹ—ਬੈਠਾ ਸੀ। ਸ਼ਾਹ—ਰਾਜਾ। ਨਸ਼ਸਤੰਦ—ਬੈਠੇ ਸਨ। ਸ਼ਬ ਰੰਗ—ਰਾਤ ਦੇ ਰੰਗ ਵਰਗੇ (ਭਾਵ ਬਿਲਕੁਲ ਕਾਲ-ਕਲੂਟ)। ਜ਼ਰਰੀਂ—ਸੁਨੈਹਰੀ। ਕੁਲਾਹ—ਤਾਜ, ਟੋਪੀ।

ਉਸ ਜਗ੍ਹਾ ਤੇ ਆ ਗਏ, (ਜਿਥੇ ਹਬਸ਼ੀ ਰਾਜਾ ਬੈਠਾ ਹੋਇਆ ਸੀ (ਇਉਂ ਜਾਣੋ ਮਾਨੋ) ਰਾਤ (ਦਾ ਕਾਲਾ) ਰੰਗ ਬੈਠਾ ਹੋਇਆ ਹੈ, (ਪਰ ਸਿਰ ਉਤੇ) ਤਾਜ ਸੁਨੈਹਰੀ ਸੀ ॥ ੮੦ ॥

ਬਿਦੀਦੰਦ ਓਰਾ ਬਿਖਾਂਦੰਦ ਪੇਸ਼ ॥
ਬ ਗੁਫ਼ਤੰਦ ਐ ਸ਼ੇਰ ਆਜ਼ਾਦ ਕੇਸ਼ ॥ ੮੧ ॥

ਦੀਦੰਦ—ਵੇਖਿਆ। ਓ ਰਾ—ਉਸ ਨੇ। ਬਿਖਾਂਦੰਦ—ਬੁਲਾਇਆ। ਪੇਸ਼—ਸਾਹਮਣੇ। ਗੁਫ਼ਤੰਦ—ਕਿਹਾ। ਆਜ਼ਾਦ—ਸੁਤੰਤਰ। ਕੇਸ਼—ਧਰਮ। ਉਸ ਨੇ (ਇਨ੍ਹਾਂ ਨੂੰ) ਵੇਖਿਆ ਅਤੇ ਕੋਲ ਬੁਲਾ ਲਿਆ। (ਫਿਰ) ਆਖਿਆ—ਹੇ ਅਜ਼ਾਦ ਧਰਮ ਵਾਲੇ ਸੂਰਮੇ ! ॥ ੮੧ ॥

ਜ਼ ਮੁਲਕੇ ਕੁਦਾਮੀ ਤੋ ਬਾ ਮਨ ਬਿਗੋਇ ॥

ਚਿ ਨਾਮੇ ਕਿਰਾ ਤੋ ਬ ਈਂ ਤਰਫ਼ ਜੋਇ ॥ ੯੨ ॥

ਕਦਾਮੀ—ਕੌਣ, ਕੇਹੜਾ । ਬ ਮਨ—ਮੈਨੂੰ । ਬਗੋਇ—ਦਸ । ਚਿ—ਕੀ । ਕਿਰਾ—ਕਿਸ ਨੂੰ । ਬ ਈਂ ਤਰਫ—ਇਸ ਪਾਸੇ । ਜੋਇ—ਢੂੰਡਦਾ ।

ਤੇਰਾ ਦੇਸ ਕੇਹੜਾ ਹੈ ? ਮੈਨੂੰ ਦਸ, ਤੇਰਾ ਨਾਮ ਕੀ ਹੈ ? ਅਤੇ ਇਸ ਪਾਸੇ ਵੱਲ ਕਿਸ ਨੂੰ ਲਭਦਾ ਫਿਰਦਾ ਹੈਂ ? ॥ ੯੨ ॥

ਵਗਰਨਹ ਮਰਾ ਤੋ ਨ ਗੋਈ ਚੋ ਰਾਸਤ ॥
ਕਿ ਮੁਰਦਨ ਸ਼ਿਤਾਬ ਅਸਤ ਏਜ਼ਦ ਗਵਾਹਸਤ ॥ ੯੩ ॥

ਵਗਰਨਹ—(ਵ+ਗਰ+ਨਹ) ਅਤੇ ਜੇ ਨਹੀਂ । ਮਰਾ—ਮੈਨੂੰ । ਗੋਈ—ਦਸੀ । ਰਾਸਤ—ਸਚ । ਮੁਰਦਨ—ਮਰਨਾ । ਸ਼ਤਾਬ—ਛੇਤੀ ਗਵਾਹਸਤ—(ਗਵਾਹ+ਅਸਤ)ਗਵਾਹ ਹੈ।ਏਜ਼ਦ—ਪ੍ਰਮਾਤਮਾਂ

ਅਤੇ ਜੇ ਤੂੰ ਮੈਨੂੰ ਇਹ ਗੱਲ ਸਚ ਨਾ ਦਸੀ । (ਫਿਰ ਤੇਰੀ) ਮੌਤ ਛੇਤੀ ਹੈ, (ਇਸ ਗਲ ਵਿਚ) ਰੱਬ ਗਵਾਹ ਹੈ ॥ ੯੩ ॥

ਸ਼ਾਹਨਸ਼ਾਹ ਪਿਸਰੇਮ ਮਾਯਿੰਦਰਾਂ ॥
ਕਿ ਦੁਖ਼ਤਰ ਵਜ਼ੀਰ ਅਸਤ ਸੀਂ ਨਉ ਜਵਾਂ ॥ ੯੪ ॥

ਪਿਸਰੇਮ—(ਮੈਂ ਪੁਤ੍ਰ ਹਾਂ । ਦੁਖ਼ਤਰ—ਲੜਕੀ । ਅਸਤ—ਹੈ । ਈਂ—ਇਹ ।

(ਉਸ ਨੇ ਕਿਹਾ)—ਸ਼ਹਿਨਸ਼ਾਹ ਮਾਯਿੰਦਰਾਂ ਦਾ ਮੈਂ ਪੁਤ੍ਰ ਹਾਂ । (ਅਤੇ) ਇਹ ਨੌਜਵਾਨ (ਇਸਤ੍ਰੀ ਉਸ ਦੇ) ਵਜ਼ੀਰ ਦੀ ਲੜਕੀ ਹੈ ॥ ੯੪ ॥

ਹਕੀਕਤ ਬਿਗੁਫਤਸ਼ ਜ਼ ਪੇਸ਼ੀਨਹ ਹਾਲ ॥
ਕਿ ਬਰ ਵੈ ਚੋ ਬਿਗਜ਼ਸ਼ਤ ਚੰਦੀ ਜ਼ਵਾਲ ॥ ੯੫ ॥

ਹਕੀਕਤ—ਬਿਤ੍ਰਾਂਤ । ਬਿਗੁਫਤਸ਼—ਕਿਹਾ ਉਸ ਨੂੰ । ਪੇਸ਼ੀਨਹ—ਪਹਿਲ ਵਾਲਾ । ਬਰ ਵੈ—ਉਸ ਦੇ ਉਤੇ । ਗੁਜ਼ਸ਼ਤ—ਗੁਜ਼ਰ ਚੁਕਾ ਸੀ । ਦੰਦੀਂ—ਇਹਨਾਂ । ਜਵਾਲ—ਦੁਖ । ਚੋ—ਕਿਸ ਤਰ੍ਹਾਂ ।

ਜੋ ਪਹਿਲਾ ਸਮਾਚਾਰ ਸੀ,(ਉਹ ਸਾਰਾ)ਬ੍ਰਿਤਾਂਤ ਉਸ ਨੇ ਕਹਿ ਦਿਤਾ । (ਉਸ ਦੇ ਮਗਰੋਂ) ਜਿਨੀਆਂ ਕੁ ਮੁਸੀਬਤਾਂ ਉਸ ਉਤੇ ਗੁਜ਼ਰ ਚੁਕੀਆਂ ਸਨ (ਉਹ ਭੀ ਸਭ ਦਸ ਦਿਤੀਆਂ) ॥੯੫॥

ਬ ਮੇਹਰਸ਼ ਦਰਾਮਦ ਬਿਗੁਫ਼ਤ ਅਜ਼ ਜ਼ਬਾਂ ॥
ਮਰਾ ਖ਼ਾਨਾ ਗਾਹੇ ਜ਼ ਖ਼ੁਦ ਖਾਨਹ ਦਾਂ ॥ ੯੬ ॥

ਮੇਹਰ—ਪਿਆਰਾ । ਬ—ਵਿਚ । ਸ਼—ਉਸ । ਬਿਗੁਫਤ—ਕਿਹਾ । ਮਰਾ—ਮੇਰਾ । ਖ਼ਾਨਾ ਗਾਹੇ—ਘਰ, ਮਕਾਨ । ਖਾਨਹ—ਘਰ । ਦਾਂ—ਜਾਣ ।

(ਜਿਸ ਨੂੰ ਸੁਣ ਕੇ)ਉਸ ਦੇ(ਮਨ ਵਿਚ) ਮੋਹ ਆ ਗਿਆ(ਫਿਰ ਉਸ ਨੇ) ਜ਼ਬਾਨ ਤੋਂ ਕਿਹਾ ਜੋ ਭੀ ਮੇਰਾ ਘਰ ਮਕਾਨ ਹੈ, (ਉਸ ਨੂੰ ਤੂੰ) ਆਪਣਾ ਹੀ ਘਰ ਜਾਣ ਲੈ ॥੯੬॥

ਵਜ਼ਾਰਤ ਖ਼ੁਦਸ਼ ਰਾ ਤੁਰਾ ਮੇ ਦਿਹਮ ॥
ਕੁਲਾਹੇ ਮੁਮਾਲਿਕ ਤੋ ਬਰ ਸਰ ਨਿਹਮ ॥ ੯੭ ॥

ਵਜ਼ਾਰਤ—ਵਜ਼ੀਰੀ । ਖੁਦਸ਼—ਆਪਣੀ । ਮੇ ਦਿਹਮ—ਦਿੰਦਾ ਹਾਂ । ਕੁਲਾਹ—ਤਾਜ, ਛਤ੍ਰ । ਮੁਮਾਲਿਕ—ਬਹੁਤੇ ਦੇਸ । ਤੋ—ਤੇਰੇ । ਬਰ ਸਰ—ਸਿਰ ਉਤੇ । ਨਿਹਮ—ਰਖਦਾ ਹਾਂ ।

(ਫਿਰ ਕਿਹਾ)-ਮੈਂ ਤੈਨੂੰ ਵਜ਼ੀਰੀ ਦੇਂਦਾ ਹਾਂ ਅਤੇ ਬਹੁਤ ਸਾਰੇ ਮੁਲਕਾਂ (ਦੇ ਪ੍ਰਬੰਧ ਦਾ) ਛਤਰ ਤੇਰੇ ਸ਼ਿਰ ਉਤੇ ਰਖਦਾ ਹਾਂ ॥ ੮੭ ॥

ਬਿਗੁਫਤੰਦ ਈਂ ਰਾ ਓ ਕਰਦੰਦ ਵਜ਼ੀਰ ॥

ਕਿ ਨਾਮੇ ਵਜ਼ਾਂ ਬੂਦ ਰੌਸ਼ਨ ਜ਼ਮੀਰ ॥ ੮੮ ॥

ਇਹ ਗੱਲ ਆਖੀ ਤੇ ਉਸਨੂੰ ਵਜ਼ੀਰ ਬਣਾ ਦਿਤਾ। ਜਿਸ ਦਾ ਨਾਮ 'ਰੌਸ਼ਨ ਜ਼ਮੀਰ' ਸੀ ॥੮੮॥

ਬ ਹਰ ਜਾ ਕਿ ਦੁਸ਼ਮਨ ਸ਼ਨਾਸਦ ਅਜ਼ੀਮ ॥

ਦਵੀਦੰਦ ਬਰ ਵੈ ਬ ਹੁਕਮਿ ਕਰੀਮ ॥ ੮੯ ॥

ਬ ਹਰ ਜਾ-ਜਿਥੇ ਕਿਥੇ। ਕਿ-ਜੋ। ਸ਼ਨਾਸਦ-ਜਾਣਿਆ। ਅਜ਼ੀਮ-ਵਡਾ। ਦਵੀਦੰਦ-ਦੌੜਿਆ। ਬਰ ਵੈ-ਉਸ ਉਤੇ।

(ਫਿਰ ਉਸ ਨੇ) ਜਿਥੇ ਕਿਥੇ (ਭੀ ਰਾਜੇ ਦਾ) ਵਡਾ (ਜਾਂ ਛੋਟਾ) ਦੁਸ਼ਮਨ ਜਾਣ ਲਿਆ। (ਉਥੇ ਹੀ) ਰੱਬ ਦੇ ਹੁਕਮ ਨਾਲ ਉਸ ਉਤੇ ਹੱਲਾ ਕਰਕੇ ਜਾ ਪਿਆ ॥ ੮੯ ॥

ਕਿ ਖੂਨਸ਼ ਬਰੇਜ਼ੀਦ ਵ ਕਰਦੰਦ ਜ਼ੇਰ ॥

ਦਿਗਰ ਜਾ ਸੁਨੀਦੋਂ ਦੀਵਦੇ ਦਲੇਰ ॥ ੯੦ ॥

ਖੂਨਸ਼-ਲਹੂ ਉਸ। ਬਰੇਜ਼ੀਦ-ਡਲਿਆ। ਕਰਦੰਦ-ਕਰ ਲਿਆ। ਜ਼ੇਰ-ਅਧੀਨ। ਸੁਨੀਦੇ-ਸੁਣਿਆ। ਦਵੀਦੇ-ਦੌੜਿਆ।

(ਉਥੇ) ਉਸ ਨੇ (ਆਪਣਾ) ਖੂਨ ਡੋਲਿਆ ਅਤੇ (ਵੈਰੀ ਨੂੰ) ਅਧੀਨ ਕਰ ਲਿਆ। (ਫਿਰ) ਦੂਜੀ ਜਗ੍ਹਾ (ਤੇ ਕੋਈ) ਸੁਣ ਲਿਆ (ਤਾਂ) ਦਲੇਰ (ਹੋ ਕੇ ਉਥੇ ਭੀ) ਧਾਵਾ ਕਰ ਦਿਤਾ ॥ ੯੦ ॥

ਬ ਹਰ ਜਾਂ ਕਿ ਤਰਕਸ਼ ਬਰੇਜ਼ੀਦ ਤੀਰ ॥

ਬਿ ਕੁਸ਼ਤੇ ਅਦੂ ਰਾ ਬਿ ਕਰਦੇ ਅਸੀਰ ॥ ੯੧ ॥

ਬ ਹਰ ਜਾ-ਜਿਥੇ ਕਿਥੇ। ਤਰਕਸ਼-ਭਥਾ। ਬਰੇਜ਼ੀਦ-ਸੁਟਿਆ। ਕੁਸ਼ਤੇ-ਮਾਰ ਦਿਤਾ। ਅਦੂ-ਵੈਰੀ। ਅਸੀਰ-ਕੈਦ। ਜਿਥੇ ਕਿਥੇ ਭਥੇ ਵਿਚੋਂ ਤੀਰ ਸੁਟਦਾ ਸੀ। (ਉਥੇ ਹੀ) ਵੈਰੀ ਨੂੰ ਮਾਰ ਸੁਟਦਾ ਸੀ ਜਾਂ ਕੈਦ ਕਰ ਲੈਂਦਾ ਸੀ ॥ ੯੧ ॥

ਬ ਮੁੱਦਤ ਯਕੇ ਸਾਲ ਤਾ ਚਾਰ ਮਾਹ ॥

ਦਰਖਸ਼ਿੰਦਹ ਆਮਦ ਚੋ ਰਖਸ਼ਿੰਦਹ ਮਾਹ ॥ ੯੨ ॥

ਮਾਹ-ਮਹੀਨੇ। ਸਾਲ-ਵਰ੍ਹਾ। ਦਰਖ਼ਸ਼ਿੰਦਹ-ਚਮਕੀਲਾ। ਚੋ-ਵਾਂਗੂ। ਰਖ਼ਸ਼ਿੰਦਹ-ਚਮਕਣ ਵਾਲਾ। ਮਾਹ-ਚੰਦਰਮਾ।

ਇਕ ਵਰ੍ਹਾ ਤੇ ਚਾਰ ਮਹੀਨੇ ਦੇ ਅਰਸੇ ਵਿਚ ਹੀ ਚਮਕਣ ਵਾਲੇ ਚੰਦ੍ਰਮਾਂ ਵਾਂਗੂ (ਦੇਸ ਵਿਚ) ਚਮਕ ਪਿਆ (ਅਰਥਾਤ ਪੁੰਨਿਆਂ ਦੇ ਚੰਦ੍ਰਮਾਂ ਸਮਾਨ ਸਾਰੇ ਦੇਸ ਵਿਚ ਮਸ਼ਹੂਰ ਹੋ ਗਿਆ) ॥੯੨॥

ਬਦੋਜ਼ੰਦ ਦੁਸ਼ਮਨ ਬਸੋਜ਼ੰਦ ਤਨ ॥

ਬਯਾਦ ਆਮਦਸ਼ ਰੋਜ਼ਗਾਰਿ ਕੁਹਨ ॥ ੯੩ ॥

ਦਜੰਦ-ਪਰੋਂਦਾ ਸੀ। ਸੋਜੰਦ-ਸਾੜਦਾ ਸੀ। ਬਯਾਦ=ਚੇਤੇ ਵਿਚ। ਆਮਦਸ਼=ਆ ਗਿਆ ਉਹ। ਰੋਜ਼ਗਾਰਿ-ਸਮਾਂ। ਕਹਨ=ਪੁਰਾਣਾ।

(ਜਿਨ੍ਹਾਂ) ਵੈਰੀਆਂ ਨੂੰ (ਤੀਰਾਂ ਵਿਚ) ਪਰੋਂਦਾ ਸੀ, (ਉਨ੍ਹਾਂ ਦੇ) ਸਰੀਰ ਨੂੰ (ਅਗ ਨਾਲ)ਸਾੜਦਾ ਸੀ। (ਇਸ ਤਰ੍ਹਾਂ ਕਰਦਿਆਂ) ਉਸ ਨੂੰ ਪੁਰਾਣਾ ਸਮਾਂ ਯਾਦ ਆ ਗਿਆ ॥ ੯੩ ॥

ਬਿ ਗੁਫ਼ਤਸ਼ ਯਕੇ ਰੋਜ਼ ਦੁਖ਼ਤਰ ਵਜ਼ੀਰ ॥
ਕਿ ਐ ਸਾਹਿ ਸ਼ਾਹਾਨ ਰੌਸ਼ਨ ਜ਼ਮੀਰ ॥ ੯੪ ॥

ਇਕ ਦਿਨ ਉਸ ਨੂੰ ਵਜ਼ੀਰ ਦੀ ਲੜਕੀ ਨੇ ਕਿਹਾ, ਜੋ ਹੇ ਰਾਜਿਆਂ ਦੇ ਰਾਜੇ ਰੋਸ਼ਨ ਜ਼ਮੀਰ ।੯੪।

ਬ ਯਕ ਬਾਰ ਮੁਲਕਤ ਫਿਰਾਮੋਸ਼ ਗਸ਼ਤ ॥
ਕਿ ਅਜ਼ ਮਸਤ ਮਸਤੀ ਹਮਹ ਹੋਸ਼ ਗਸ਼ਤ ॥ ੯੫ ॥

ਬ ਯਕ ਬਾਰ=ਇਕੋ ਵੇਰੀ ਹੀ। ਮੁਲਕ=ਦੇਸ। ਤ=ਤੇਨੂੰ। ਫਿਰਾਮੋਸ਼ ਗਸ਼ਤ=ਭੁਲ ਗਿਆ। ਅਜ਼=ਨਾਲ। ਹਮਹ-ਸਾਰੀ। ਗਸ਼ਤ=ਕਲੀ ਗਈ।

ਤੈਨੂੰ ਇਕੇ ਵੇਰ ਹੀ (ਆਪਣਾ) ਦੇਸ ਭੁਲ ਗਿਆ ਹੈ ? ਇਸ ਮਸਤੀ ਨਾਲ (ਐਸਾ) ਮਸਤ (ਹੋਇਆ ਹੈਂ) ਜੋ (ਤੇਰੀ) ਸਾਰੀ ਹੋਸ਼ (ਸੁਰਤ) ਚਲੀ ਗਈ ਹੈ ।।੯੫।।

ਤੋ ਆਂ ਮੁਲਕ ਪੇਸ਼ੀਨਹ ਰਾ ਯਾਦ ਕੁਨ ॥
ਕਿ ਸ਼ਹਿਰ ਪਿਦਰ ਰਾ ਤੋ ਆਬਾਦ ਕੁਨ ॥ ੯੬ ॥

ਆਂ=ਉਸ। ਪੇਸ਼ੀਨਹ=ਪਹਿਲੇ। ਰਾ=ਨੂੰ। ਪਿਦਰ-ਪਿਤਾ। ਕੁਨ=ਕਰ।

ਤੂੰ ਉਸ (ਆਪਣੇ) ਪਹਿਲੇ ਦੇਸ ਨੂੰ ਯਾਦ ਕਰ। ਜੋ ਤੇਰੇ ਪਿਤਾ ਦਾ ਸਹਿਰ ਹੈ,(ਉਸ ਨੂੰ ਤੂੰ) ਮੁੜ ਕੇ ਆਬਾਦ ਕਰ ।।੯੬।।

ਨਿਗਾਹ ਦਾਸ਼ਤ ਅਜ਼ ਫ਼ੌਜ ਲਸ਼ਕਰ ਤਮਾਮ ॥
ਬਸੇ ਗੰਜ ਬਖਸ਼ੀਦ ਬਰ ਵੇ ਮੁਦਾਮ ॥ ੯੭ ॥

ਨਿਗਹ ਦਾਸ਼ਤ=ਨਜ਼ਰ ਵਿਚ ਰਖਿਆ। ਬਸੇ=ਬਹੁਤ। ਗੰਜ=ਖਜ਼ਾਨ। ਬਖਸ਼ੀਦ=ਵੰਡ ਦਿਤੇ। ਬਰ ਵੇ-ਉਨ੍ਹਾਂ ਉਤੇ। ਮੁਦਾਮ-ਸਦਾ ਹੀ।

ਸਾਰੀ (ਪੈਦਲ) ਫੌਜ (ਤੇ ਘੋੜ ਚੜੇ) ਲਸ਼ਕਰ ਵਲ ਧਿਆਨ ਰਖਿਆ ਹੋਇਆ ਸੀ। ਸਦਾ ਹੀ ਉਨ੍ਹਾਂ ਵਿਚ ਬਹੁਤ ਸਾਰੇ ਖਜ਼ਾਨੇ ਵੰਡਦਾ ਰਹਿੰਦਾ ਸੀ (ਇਸ ਕਰਕੇ ਸਾਰੀਆਂ ਫੌਜਾਂ ਇਸ ਦੇ ਪਿਆਰ ਵਿਚ ਸਨ) ।।੯੭।।

ਯਕੇ ਲਸ਼ਕਰ ਆਰਾਸਤ ਚੂੰ ਨੌ ਬਹਾਰ ॥
ਜ਼ਿ ਖ਼ੰਜਰ ਵ ਗੁਰਜੇ ਵ ਬਖ਼ਤਰ ਹਜ਼ਾਰ ॥ ੯੮ ॥

ਆਰਾਸਤ-ਹਰ ਤਰ੍ਹਾਂ ਤਿਆਰ ਕੀਤੀ। ਨੌ ਬਹਾਰ-ਬਸੰਤ ਰੁਤ। ਖੰਜ੍-ਕਟਾਰਾਂ। ਬਖਤ੍-ਸੰਜੋਆਂ।

ਬਸੰਤ ਰੁਤ ਵਾਂਗੂ ਇਕ ਫੌਜ ਨੂੰ ਹਰ ਤਰ੍ਹਾਂ ਨਾਲ ਤਿਆਰ ਕੀਤਾ।(ਉਸ ਦੇ ਵਾਸਤੇ)ਹਜ਼ਾਰਾਂ ਹੀ ਕਟਾਰਾਂ, ਹਜ਼ਾਰਾਂ ਗੁਰਜ ਤੇ ਹਜ਼ਾਰਾਂ ਹੀ ਸੰਜੋਆਂ (ਤਿਆਰ ਕਰਵਾਈਆਂ) ।।੯੮।।

ਜ਼ਿਰਹ ਖ਼ੋਦੋ ਖ਼ਫ਼ਤਾਨ ਬਰਗਸਤਵਾਂ ॥

ਜ਼ਿ ਸ਼ਮਸ਼ੇਰ ਹਿੰਦੀ ਗਿਰਾਂ ਤਾ ਗਿਰਾਂ ॥ ੯੯ ॥

ਜ਼ਿਰਹ-ਜਾਲੀਦਾਰ ਸਜੋਆਂ। ਖੋਦ-ਸਿਰਟੋਪੇ। ਖ਼ਫ਼ਤਾਨ=ਚਿਲਤੇ। ਬਰਗਸਤਵਾਂ-ਘੋੜਿਆਂ ਤੇ ਪਾਖਰ। ਹਿੰਦੀ-ਹਿੰਦੁਸਤਾਨੀ। ਸ਼ਮਸ਼ੇਰ-ਤਲਵਾਰ। ਗਿਰਾਂ-ਵਡੇ ਮੁਲ ਦੀਆਂ,ਭਾਰੀਆਂ।

ਜ਼ਿਰਹ, ਟੋਪ, ਚਿਲਤੇ ਤੇ ਪਾਖਰ। ਹਿੰਦੁਸਤਾਨੀ ਤਲਵਾਰਾਂ ਜੋ ਬਹੁਤੇ ਮੁਲ ਵਾਲੀਆਂ ਅਤੇ ਵਜਨ ਵਾਲੀਆਂ ਸਨ ॥੯੯॥

ਜ਼ਿ ਬੰਦੂਕ ਮਸ਼ਹਦ ਵ ਚੀਨੀ ਕਮਾਂ ॥
ਜ਼ਿਰਹ ਰੂਮ ਸ਼ਮਸ਼ੇਰ ਹਿੰਦੋਸਤਾਂ ॥ ੧੦੦ ॥

ਮਸ਼ਹਦ ਦੀਆਂ ਬੰਦੂਕਾਂ, ਚੀਨ ਦੀਆਂ ਕਮਾਨਾਂ। ਰੂਮ ਦੀਆਂ ਸੰਜੋਆਂ ਤੇ ਹਿੰਦੁਸਤਾਨ ਦੀਆਂ ਤਲਵਾਰਾਂ (ਕਠੀਆਂ ਕੀਤੀਆਂ) ॥ ੧੦੦ ॥

ਚਿ ਅਜ਼ ਤਾਜ਼ੀ ਅਸਪਾਨ ਫ਼ੌਲਾਦ ਨਾਲ ॥
ਹਮਹ ਯਿੰਦਹ ਫ਼ੀਲਾਨ ਅਜ਼ ਸ਼ਬ ਮਿਸਾਲ ॥੧੦੧॥

ਚਿ=ਕੀ। ਅਜ਼-ਤੋਂ। ਤਾਜ਼ੀ=ਅਰਬ ਦੇਸ ਦੇ ਘੋੜੇ। ਅਸਪਾਨ=ਹੋਰਨਾਂ ਦੇਸਾਂ ਦੇ ਘੋੜੇ। ਫ਼ੌਲਾਦ ਨਾਲ=ਅਸਪਾਤੀ ਖੁਰੀਆਂ। ਹਮਹ-ਸਾਰੇ। ਯਿੰਦਹ-ਮਤਵਾਲੇ। ਫ਼ੀਲਾਨ=ਹਾਥੀ। ਸ਼ਬ ਮਿਸਾਲ=ਰਾਤ ਵਰਗੇ ਕਾਲੇ। ਕੀ ਅਰਬੀ ਘੋੜੇ (ਜੋ) ਅਸਪਾਤੀ ਖੁਰੀਆਂ ਵਾਲੇ (ਸਨ)। ਸ ਰੇ ਹੀ ਮਤੇ ਹੋਏ ਹਾਥੀ (ਜੋ) ਰਾਤ ਵਾਂਗੂ ਕਾਲੇ (ਰੰਗ ਦੇ ਸਨ) ॥ ੧੦੧ ॥

ਹਮਹ ਸ਼ੇਰ ਮਰਦਨੋ ਜ਼ੋਰ ਆਵਰਾਂ ॥
ਕਿ ਸ਼ੇਰ ਅਫ਼ਗਨਾਂ ਰਾ ਬ ਸਫ਼ ਅਫ਼ਗਨਾਂ ॥੧੦੨॥

ਹਮਹ-ਸਾਰੇ। ਸ਼ੇਰ ਮਰਦਾਨੇ-ਬਹਾਦਰ ਯੋਧੇ। ਜ਼ੋਰ ਆਵਰਾਂ-ਮਹਾਂ ਬਲ ਵਾਲੇ। ਸ਼ੇਰ ਅਫ਼-ਗਨੋ=ਸ਼ੇਰਾਂ ਨੂੰ ਮਾਰਨ ਵਾਲਿਆਂ। ਬ ਸਫ਼=ਕਤਾਰ ਦੀ ਕਤਾਰ। ਅਫ਼ਗਨਾਂ=ਮਾਰਨ ਵਾਲੇ।

ਸਾਰੇ ਹੀ ਇਸ ਤਰ੍ਹਾਂ ਦੇ ਮਹਾਂ ਬਲਵਾਨ ਬਹਾਦਰ ਯੋਧੇ ਸਨ। ਜੋ ਸ਼ੇਰਾਂ ਨੂੰ ਮਾਰਨ ਵਾਲੇ ਸੂਰਮਿਆਂ ਦੀ ਕਤਾਰ ਦੀ ਕਤਾਰ ਨੂੰ ਡੇਗਣ ਵਾਲੇ ਸਨ ॥ ੧੦੨ ॥

ਬ ਰਜ਼ਮ ਅੰਦਰੂੰ ਹਮਚੋ ਫ਼ੀਲ ਅਫ਼ਗਨ ਅਸਤ ॥
ਬ ਬਜ਼ਮ ਅੰਦਰੂੰ ਚਰਬ ਚਾਲਾਕ ਦਸਤ ॥ ੧੦੩ ॥

ਬ-ਵਿਚ। ਰਜ਼ਮ-ਲੜਾਈ। ਹਮਚੋ-ਅਜੇਹਾ। ਫ਼ੀਲ ਅਫ਼ਗਨ-ਹਾਥੀ ਨੂੰ ਢਾਹੁਣ ਵਾਲਾ। ਅਸਤ-ਹੈਸੀ। ਬਜ਼ਮ-ਸਭਾ। ਚਰਬ-ਮਿਠਾ ਬੋਲਣ ਵਾਲਾ। ਚਾਲਾਕ ਦਸਤ-ਫੁਰਤੀਲਾ ਹਥ।

(ਉਹ ਆਪ) ਅਜੇਹਾ (ਸੂਰਮਾ ਸੀ) ਜੋ ਜੰਗ ਵਿਚ ਹਾਥੀ ਨੂੰ ਢਾਹ ਲੈਣ ਵਾਲਾ ਸੀ। ਸਭਾ ਵਿਚ ਮਿਠਾ ਬੋਲਣ ਵਾਲਾ (ਤੇ ਤਲਵਾਰ ਦੇ ਜੰਗ ਵਿਚ) ਹਥਾਂ ਦਾ ਫੁਰਤੀਲਾ ਸੀ ॥ ੧੦੩ ॥

ਨਸ਼ਾਂ ਮੇ ਦਿਹਦ ਨੇਜ਼ਹ ਰਾ ਨੋਕ ਖ਼ੂੰ ॥
ਕਸ਼ੀਦੰਦ ਅਜ਼ ਤੇਰੀ ਜ਼ਹਰ ਆਬ ਗੂੰ ॥ ੧੦੪ ॥

ਨਸ਼ਾਂ-ਨਿਸ਼ਾਨ, ਚਿੰਨ। ਮੇ ਦਿਹਦ-ਦੇਂਦੀ ਕੀ। ਨੇਜ਼ਹ ਰਾ ਨੋਕ-ਨੇਜ਼ੇ ਦੀ ਨੋਕ (ਮੁਖੀ)। ਖ਼ੂੰ-ਲਹੂ। ਕਸ਼ੀਦੰਦ=ਖਿਚੀਆਂ। ਜ਼ਹਰ-ਬਿਖ। ਆਬ ਗੂੰ-ਪਾਨ ਦਿਤੀ ਹੋਈ।

ਬਰਛੇ ਦੀ ਨੋਕ ਦਾ ਲਹੂ (ਦੁਸ਼ਮਨ ਦੇ ਮਰਨ ਦਾ) ਪਤਾ ਦੇਂਦੀ ਸੀ। ਅਤੇ ਖਿਚੀਆਂ ਹੋਈਆਂ ਤਲਵਾਰਾਂ ਨੂੰ ਜ਼ੈਹਰ ਦੀ ਪਾਨ ਚੜ੍ਹੀ ਸੀ ॥ ੧੦੪ ॥

ਯਕੇ ਫ਼ੌਜ ਆਰਾਸਤਹ ਹਮਚੋ ਕੋਹ ॥

ਜਵਾਨਾਨਿ ਸ਼ਾਇਸਤਹ ਏ ਯਕ ਗਰੋਹ ॥ ੧੦੫ ॥

ਆਰਾਸਤਹ-ਤਿਆਰ ਕੀਤੀ। ਹਮਚੋ-ਵਾਂਗੂ। ਕੋਹ-ਪਹਾੜ। ਸਾਇਸਤਹ-ਸਜੀਲੇ। ਗਰੋਹ-ਜਥਾ। (ਉਸ ਨੇ) ਪਹਾੜ ਦੇ ਸਮਾਨ ਇਕ ਸੈਨਾ ਤਿਆਰ ਕੀਤੀ। (ਜਾਂ ਇਉਂ ਆਖੋ ਕਿ)ਬੜੇ ਸਜੀਲੇ ਜੁਆਨਾਂ ਦਾ ਇਕ ਜਥਾ ਤਿਆਰ ਕੀਤਾ ॥ ੧੦੫ ॥

ਬਿ ਪੋਸ਼ੀਦ ਦਸਤਾਰ ਦੁਖਤਰ ਵਜ਼ੀਰ ॥

ਬਿ ਬਸਤੀਦ ਸ਼ਮਸ਼ੇਰ ਜੁਸਤੰਦ ਤੀਰ ॥ ੧੦੬ ॥

ਪੋਸ਼ੀਦ-ਪਹਨੀ। ਦਸਤਾਰ-ਪਗ। ਬਸਤੰਦ-ਬੰਨ੍ਹ ਲਈ। ਜੁਸਤੰਦ-ਭਰਿਆ।

ਵਜ਼ੀਰ ਦੀ ਲੜਕੀ ਨੇ (ਸਿਰ ਉਤੇ) ਪੱਗ ਬੰਨ੍ਹ ਲਈ। (ਲਕ ਨਾਲ) ਤਲਵਾਰ ਬੰਨ੍ਹੀ ਅਤੇ ਤੀਰਾਂ ਨੂੰ [ਭਥ ਵਿਚ] ਭਰ ਲਿਆ ॥ ੧੦੬ ॥

ਬ ਸਰਦਾਰੀ ਏ ਕਰਦਹ ਪੇਸ਼ੀਨਹ ਫ਼ੌਜ ॥

ਰਵਾਂ ਕਰਦ ਲਸ਼ਕਰ ਚੋ ਦਰਿਆਇ ਮੌਜ ॥ ੧੦੭ ॥

ਸਰਦਾਰੀ-ਜਥੇਦਾਰੀ। ਪੇਸ਼ੀਨਹ-ਅਗੇ ਵਾਲੀ। ਰਵਾਂ ਕਰਦ-ਤੋਰ ਦਿਤੀ।

(ਸਭ ਤੋਂ) ਅਗੇ ਵਾਲੀ ਫੌਜ ਦੀ ਸਰਦਾਰ ਇਹ (ਵਜ਼ੀਰ ਦੀ ਲੜਕੀ) ਕਰ ਦਿਤੀ ਅਤੇ ਦਰਿਆ ਦੀਆਂ ਲੈਹਰਾਂ ਵਾਂਗੂ ਫੌਜ ਤੋਰ ਦਿਤੀ ॥ ੧੦੭ ॥

ਯਕੇ ਗੋਲ ਬਸਤਹ ਚੋ ਅਬਰਿ ਸਿਆਹ ॥

ਬਿ ਲਰਜ਼ੀਦ ਬੂੰਮ ਓ ਬਿ ਤ੍ਰਸੀਦ ਮਾਹ ॥ ੧੦੮ ॥

ਗੋਲ-ਇਕਠ, ਇੱਜੜ। ਬਸਤਹ-ਬੰਨ੍ਹਿਆ, ਕੱਠਾ ਕੀਤਾ। ਅਬਰਿ-ਬਦਲ ਦੀ। ਸਿਆਹ-ਕਾਲੀ। ਲਰਜੀਦ--ਕੰਬ ਗਈ। ਬੂੰਮ--ਧਰਤੀ। ਤ੍ਰਸੀਦ-ਡੋਲ ਗਿਆ। ਮਾਹ--ਚੰਦ੍ਰਮਾ।

ਬਦਲ ਦੀ ਕਾਲੀ (ਘਟਾ ਚੜ੍ਹ ਆਉਣ) ਵਾਂਗੂ ਇਕ ਜਥਾ ਬਣਾ ਕੇ ਤੋਰ ਦਿਤਾ। (ਉਸ ਵੇਲੇ) ਧਰਤੀ ਕੰਬ ਗਈ ਤੇ ਚੰਦ੍ਰਮਾ ਡੋਲ ਗਿਆ ॥ ੧੦੮ ॥

ਬਿਆਵੁਰਦ ਲਸ਼ਕਰ ਚੁ ਬਰ ਵੈ ਹਦੂਦ ॥

ਸਲਾਹੇ ਦਿਗਰ ਤੀਰ ਤੇਗੋ ਨ ਬੂਦ ॥ ੧੦੯ ॥

ਬਿਆਵੁਰਦ--ਲਿਆਇਆ। ਹਦੂਦ--ਹਦ। ਸਲਾਹ(ਅਸਲਾਹ)--ਸ਼ਸਤ੍ਰ। ਨ ਬੂਦ--ਨਾ ਹੋਈ।

ਜਦ ਫੌਜ ਨੂੰ ਰਾਜ ਦੀ ਹੱਦ ਉਤੇ ਲੈ ਆਇਆ। (ਤਦ) ਹੋਰ ਤੀਰ ਤਲਵਾਰਾਂ (ਆਦਿਕ) ਸ਼ਸਤ੍ਰਾਂ ਦੀ ਲੋੜ ਹੀ ਨਾ ਹੋਈ ॥ ੧੦੯ ॥

ਬਿ ਆਰਾਸਤ ਲਸ਼ਕਰ ਬਸਾਜ਼ਿ ਤਮਾਮ ॥

ਹਮਹ ਖੰਜਰੋ ਗੁਰਜ਼ ਗੋਪਾਲ ਨਾਮ ॥੧੧੦ ॥

ਬ ਸਾਜ਼ਿ-ਸਾਮਾਨ ਸਮੇਤ। ਹਮਹ-ਸਾਰੇ। ਗੋਪਾਲ-ਗਲੇਲਾਂ।

ਫੌਜ ਨੂੰ ਸਾਜ਼-ਸਾਮਾਨ ਨਾਲ ਆਰਾਸਤ (ਤਿਆਰ ਬਰ ਤਿਆਰ) ਕੀਤਾ ਹੋਇਆ ਸੀ। ਸਾਰਿਆਂ ਕੋਲ ਕਟਾਰ, ਗੁਰਜ, ਗੁਲੇਲ (ਤੇ ਤਲਵਾਰ) ਨਾਮ (ਵਾਲੇ ਸ਼ਸਤ੍ਰ ਲਏ ਹੋਏ ਸਨ)।੧੧੦।

ਬਿ ਬੁਰਦੰਦ ਅਕਲੀਮ ਤਾਰ ਜ ਸਖਤ ॥

ਬਿ ਬੁਰਦੰਦ ਸ਼ਹੇ ਬਾਦ ਪਾਯਾਨ ਰਖਤ ॥ ੧੧੧ ॥

ਬਿ ਬੁਰਦੰਦ-ਲੈ ਗਏ। ਅਕਲੀਮ-ਦੇਸ। ਤਾਰਾਜ-ਲੁਟ। ਸਖ਼ਤ-ਬੁਰੀ ਤਰ੍ਹਾਂ ਨਾਲ। ਸ਼ਹੇ-ਇਕ ਰਾਜਾ। ਬਾਦ-ਹਵਾ। ਪਾਯਾਨ-ਉਡਣ ਵਾਲੇ। ਰਖਤ-ਸਾਮਾਨ, ਕਪੜੇ।

(ਉਹ) ਦੇਸ ਨੂੰ ਬੁਰੀ ਤਰ੍ਹਾਂ ਲੁਟ ਕੇ ਲੈ ਗਏ। ਇਕ ਰਾਜਾ ਹਵਾ ਵਰਗੇ ਘੋੜਿਆਂ ਨੂੰ ਤੇ ਹੋਰ ਸਾਮਾਨ ਨੂੰ ਲੈ ਗਿਆ।੧੧੧॥ ਭਾਵ-ਰਾਜਾ ਕਪੜੇ ਘੋੜੇ ਤੇ ਜੰਗ ਦਾ ਸਾਮਾਨ ਅਤੇ ਪਦਾਰਥਾਂ ਨੂੰ ਦੇਸ ਵਿਚੋਂ ਲੁਟ ਪੁਟ ਕੇ ਇਕਠਾ ਕਰੀ ਜਾਂਦਾ ਸੀ।

ਚੁਨਾਂ ਜੰਗ ਕਰਦੰਦ ਆਂ ਮੁਲਕ ਰਾ ॥

ਚੋ ਬਰਗੇ ਦਰਖਤਾਂ ਜ਼ ਬਾਦਿ ਖਿਜ਼ਾਂ ॥ ੧੧੨ ॥

ਚੁਨਾਂ-ਅਜੇਹਾ। ਆਂ-ਉਸ। ਰਾ-ਨੂੰ। ਚੋ-ਜਿਵੇਂ। ਬ੍ਰਗੇ-ਪਤਿਆਂ। ਬਾਦਿ-ਹਵਾ। ਖਿਜ਼ਾਂ-ਪਤਝੜ। ਉਸ ਮੁਲਕ ਨੂੰ ਜੰਗ ਨੇ ਅਜਿਹਾ ਕਰ ਦਿਤਾ। ਜਿਵੇਂ ਦਰਖਤ ਦੇ ਪਤਿਆਂ ਨੂੰ ਪਤ ਝੜ ਦੀ ਹਵਾ ਕਰਦੀ ਹੈ।੧੧੨॥ ਭਾਵ-ਜਿਵੇਂ ਪਤਝੜ ਦੀ ਹਵਾ ਬ੍ਰਿਛਾਂ ਦੇ ਪਤਰਾਂ ਦਾ ਖਾਤਮਾ ਕਰ ਦੇਂਦੀ ਹੈ; ਇਸੇ ਤਰ੍ਹਾਂ ਜੰਗ ਨੇ ਦੇਸ ਨੂੰ ਵੈਰਾਨ ਕਰ ਦਿਤਾ।

ਬਿ ਕੁਸ਼ਤਨ ਅਦੂ ਰਾ ਕੁਸ਼ਾਇਦ ਬਪੇਸ਼ ॥

ਬ ਬੇਰੂੰ ਜ਼ਿ ਮੁਲਕਸ਼ ਹਮਹ ਰੂਏ ਰੇਸ਼ ॥ ੧੧੩ ॥

ਕੁਸ਼ਤਨ-ਮਾਰਨਾ। ਅਦੂ-ਵੈਰੀ। ਕੁਸ਼ਾਇਦ-ਖੁਲ੍ਹ ਗਿਆ। ਪੇਸ਼-ਅਗੇ ਦਾ ਰਾਹ। ਬੇਰੂੰ-ਬਾਹਰ। ਰੂਏ-ਮੂੰਹ। ਰੇਸ਼-ਛਿਲਿਆ ਹੋਇਆ।

ਵੈਰੀ ਨੂੰ ਮਾਰ ਸੁਟਣ ਕਰਕੇ ਅਗੇ ਦਾ ਰਾਹ ਖੁਲ੍ਹ ਗਿਆ। (ਅਤੇ) ਉਸ ਮੁਲਕ ਤੋਂ ਜੇਹੜੇ ਬਾਹਰ ਸਨ (ਉਨ੍ਹਾਂ) ਸਭਨਾਂ ਦੇ ਚੇਹਰੇ ਛਿਲ ਸੁਟੇ (ਭਾਵ ਸਭਨਾਂ ਦੀਆਂ ਦਾੜੀਆਂ ਮੁਛਾਂ ਮੁੰਨਵਾਕੇ ਸ਼ਰਮਸਾਰ ਕਰ ਦਿਤਾ)।੧੧੩।

ਪਰੀ ਚਿਹਰਹ ਏ ਹਮਚੋ ਸ਼ੇਰਿ ਨਿਯਾਦ ॥

ਬਿ ਕੁਸ਼ਤਨ ਅਦੂ ਰਾ ਚਿ ਖੰਜਰ ਕੁਸ਼ਾਦ ॥ ੧੧੪ ॥

ਪਰੀ ਚਿਹਰਹ-ਪਰੀ ਵਰਗੀ ਸੂਰਤ ਵਾਲੀ। ਹਮਚੋ-ਵਾਂਗੂ। ਨਿਯਾਦ-ਜੋਮ, ਜੋਸ਼। ਕੁਸ਼ਤਨ-ਮਾਰਨ। ਬਿ-ਵਾਸਤੇ। ਖੰਜਰ-ਕਟਾਰ। ਕੁਸ਼ਾਦ-ਸੂਤਿਆ।

(ਉਸ) ਪਰੀ ਵਰਗੇ ਚੇਹਰੇ ਵਾਲੇ (ਭਾਵ ਵਜ਼ੀਰ ਦੀ ਲੜਕੀ) ਸੂਰਮੇ ਨੂੰ ਸ਼ੇਰ ਵਰਗਾ ਜੋਸ਼ ਚੜ੍ਹਿਆ ਹੋਇਆ ਸੀ। (ਇਸ ਲਈ ਉਸ ਨੇ) ਵੈਰੀ ਨੂੰ ਮਾਰਨ ਵਾਸਤੇ ਕਟਾਰ ਨੂੰ ਸੂਤ ਲਿਆ (ਅਰਥਾਤ ਵਜ਼ੀਰ ਪੁਤ੍ਰੀ ਨੇ ਬੜੇ ਭਾਰੇ ਜੋਸ਼ ਨਾਲ ਕਟਾਰ ਮਿਆਨ ਵਿਚੋਂ ਕਢ ਲਈ)।੧੧੪॥

ਬ ਹਰ ਜਾ ਦਵੀਦੇ ਬਿ ਕੁਸ਼ਤੇ ਅਜ਼ਾਂ ॥

ਬ ਹਰ ਜਾ ਰਸੀਦੇ ਬਿ ਬਸਤੇ ਅਜ਼ਾਂ ॥ ੧੧੫ ॥

ਹਰ ਜਾ—ਜਿਸ ਥਾਂ ਤੇ । ਦਵੀਦੇ—ਧਾਵਾ ਕਰਦੀ । ਕੁਸ਼ਤੇ—ਮਾਰ ਸੁਟਦੀ । ਰਸੀਦੇ—ਪਹੁੰਚਦੀ। ਬਸਤੇ—ਬੰਨ੍ਹ ਲੈਂਦੀ । ਜਿਸ ਥਾਂ ਤੇ ਹੱਲਾ ਕਰਕੇ ਪੈਂਦੀ ਉਸੇ ਨੂੰ ਮਾਰ ਸੁਟਦੀ । ਜਿਸ ਥਾਂ ਤੇ ਪਹੁੰਚਦੀ ਉਸੇ ਨੂੰ ਬੰਨ੍ਹ ਲੈਂਦੀ ॥੧੧੫॥

ਸ਼ੁਨੀਦ ਈਂ ਅਜ਼ਾਂ ਸ਼ਾਹਿ ਮਾਯਿੰਦਰਾਂ ॥
ਬ ਤੁੰਦੀ ਦਰਾਮਦ ਬ ਜਾਇ ਹਮਾਂ ॥ ੧੧੬ ॥

ਸ਼ੁਨੀਦ—ਸੁਨ ਲਈ । ਈਂ—ਇਹ । ਅਜ਼ਾਂ—ਉਨ੍ਹਾਂ ਦੀ । ਸ਼ਾਹਿ—ਰਾਜੇ । ਬ—ਨਾਲ । ਤੁੰਦੀ—ਕਰਧ । ਜਾਇ—ਜਗ੍ਹਾ । ਹਮਾਂ—ਉਸੇ ।

ਮਾਯਿੰਦਰਾਂ ਦੇ ਰਾਜੇ ਨੇ ਉਨ੍ਹਾਂ ਦੀ ਇਹ (ਬਹਾਦਰੀ ਦੀ ਗੱਲ) ਸੁਣ ਲਈ । (ਤਾਂ) ਗੁਸੇ ਦੇ ਨਾਲ (ਭਰ ਕੇ) ਉਸੇ ਜਗ੍ਹਾ ਉਤੇ ਆ ਗਿਆ ॥੧੧੬॥

ਬਰ ਆਰਾਸਤਹ ਫ਼ੌਜ ਚੂੰ ਨੌ ਬਹਾਰ ॥
ਜ਼ ਤੋਬੋ ਤੁਫੰਗ ਖ਼ੰਜਰਿ ਆਬਦਾਰ ॥ ੧੧੭ ॥

ਆਰਾਸਤਹ—ਤਿਆਰ ਕੀਤੀ । ਤੋਬੋ ਤੁਫੰਗ—ਤੋਪ ਤੇ ਬੰਦੂਕ । ਆਬਦਾਰ—ਪਾਨ ਚੜ੍ਹੀ ਵਾਲੇ।

ਬਸੰਤ ਰੁਤ ਵਾਂਗੂ ਫੌਜ ਨੂੰ ਸਿਲਸਿਲੇਵਾਰ ਖੜਾ ਕੀਤਾ । ਜੋ ਤੋਪਾਂ ਬੰਦੂਕਾਂ ਤੇ ਪਾਨ ਚੜ੍ਹੀ ਵਾਲੇ ਕਟਾਰ ਲਈ ਖੜੀ ਸੀ ॥੧੧੭॥

ਬਪੇਸ਼ਿ ਸਫ ਆਮਦ ਚੋ ਦਰਿਯਾ ਅਮੀਕ ॥
ਜ਼ ਸਰ ਤਾ ਕਦਮ ਹਮਚੋ ਆਹਨ ਗ਼ਰੀਕ ॥ ੧੧੮ ॥

ਬਪੇਸ਼ਿ—(ਬ ਵਾਧੂ) ਸਾਹਮਣੇ ਵਾਲੀ । ਸਫ—ਕਤਾਰ । ਚੋ—ਵਾਂਗੂ । ਅਮੀਕ—ਡੂੰਘੀ । ਹਮਚੋ—ਵਾਂਗੂ । ਆਹਨ—ਲੋਹਾ । ਗਰੀਕ—ਮੜ੍ਹਿਆ ਹੋਇਆ ।

ਡੂੰਘੀ ਨਦੀ (ਦੀ ਗੰਭੀਰ ਚਾਲ) ਵਾਂਗੂ (ਸੂਰਮੇ) ਸਾਹਮਣੇ ਵਾਲੀ ਕਤਾਰ ਵਾਲੇ ਆਏ । ਜੋ ਸਿਰ ਤੋਂ ਲੈ ਕੇ ਪੈਰਾਂ ਤਕ ਲੋਹੇ ਵਿਚ ਡੁਬੇ ਹੋਏ ਸਨ (ਅਰਥਾਤ ਜਿਨ੍ਹਾਂ ਦੇ ਸਾਰੇ ਦੇ ਸਾਰੇ ਸਰੀਰ ਲੋਹੇ ਵਿਚ ਮੜੇ ਹੋਏ ਮਲੂਮ ਹੁੰਦੇ ਸਨ) ॥੧੧੮॥

ਬ ਆਵਾਜ਼ ਤੋਬੋ ਤਮੰਚਹ ਤੁਫ਼ੰਗ ॥
ਜ਼ਮੀਂ ਗਸ਼ਤ ਹਮਚੂੰ ਗੁਲੇ ਲਾਲਹ ਰੰਗ ॥ ੧੧੯ ॥

ਤਮੰਚਹ—ਰੀਵਾਲਵਰ,ਪਿਸਤੌਲ । ਤੁਫੰਗ—ਬੰਦੂਕ । ਗਸ਼ਤ—ਹੋ ਗਈ । ਗੁਲੇ—ਫੁਲ। ਹਮਚੂੰ—ਵਰਗੀ । ਲਾਲਹ—ਇਕ ਖਾਸ ਫੁਲ ਦਾ ਨਾਮ ਹੈ, ਜੋ ਅਤਯੰਤ ਲਾਲ ਹੁੰਦਾ ਹੈ ।

ਤੋਪਾ, ਪਿਸਤੌਲਾਂ ਤੇ ਬੰਦੂਕਾਂ ਦੀ ਅਵਾਜ਼ (ਹੋਣ ਲਗ ਪਈ । ਅਤੇ) ਰਣਭੂਮੀ 'ਲਾਲੇ' ਦੇ ਦੇ ਫੁਲ ਵਰਗੀ (ਬਿਲਕੁਲ ਸੂਹੀ) ਹੋ ਗਈ ॥ ੧੧੯ ॥

ਬ ਮੈਦਾਂ ਦਰਾਮਦ ਦੁਖ਼ਤਰ ਵਜ਼ੀਰ ॥
ਬ ਯਕ ਦਸਤ ਚੀਨੀ ਕਮਾਂ ਦਸਤ ਤੀਰ ॥ ੧੨੦ ॥

ਮੈਦਾਂ—ਰਣਭੂਮੀ। ਦਰਾਮਦ-ਵਿਚ ਆਈ। ਦੁਖ਼ਤਰ-ਲੜਕੀ। ਦਸਤ-ਹਥ। ਚੀਨੀ ਕਮਾਂ—ਚੀਨ ਦੇਸ ਦੀ ਬਣੀ ਹੋਈ ਕਮਾਨ।

ਵਜ਼ੀਰ ਦੀ ਲੜਕੀ ਜੰਗ ਦੇ ਮੈਦਾਨ ਵਿਚ ਆਈ। (ਜਿਸ ਨੇ) ਇਕ ਹਥ ਵਿਚ ਚੀਨ ਦੇਸ ਦੀ ਕਮਾਨ (ਤੇ ਦੂਜੇ) ਹਥ ਵਿਚ ਤੀਰ (ਲਿਆ ਹੋਇਆ ਸੀ) ॥ ੧੨੦ ॥

ਬ ਹਰ ਜਾ ਕਿ ਪਰੱਰਾ ਸ਼ਵਦ ਤੀਰਿ ਦਸਤ ॥

ਬ ਸਦ ਪਹਿਲੂਏ ਪੀਲ ਮਰਦਾਂ ਗੁਜ਼ਸ਼ਤ ॥ ੧੨੧ ॥

ਹਰ ਜਾ ਕਿ—ਜਿਥੇ ਕਿਤੇ। ਪਰੱਰਾ—ਉਡਣਾ। ਸਵਦ-ਹੁੰਦਾ। ਦਸਤ-ਹਥ। ਸਦ—ਸੌ। ਪਹਲੂਏ-ਪਸਲੀਆਂ। ਪੀਲ—ਹਾਥੀ।

ਜਿਥ ਕਿਤੇ (ਉਸ ਦੇ) ਹਥ ਦਾ ਤੀਰ ਉਡਣਾ ਹੁੰਦਾ ਸੀ। (ਉਥੇ ਹੀ) ਸੈਂਕੜੇ ਹਾਥੀਆਂ ਤੇ ਮਰਦਾਂ ਦੀਆਂ ਪਸਲੀਆਂ ਵਿਚੋਂ ਲੰਘ ਜਾਂਦਾ ਸੀ ॥ ੧੨੨ ॥

ਚੁਨਾਂ ਮੌਜ ਖੇਜ਼ਦ ਜ਼ ਦਰਯਾ ਬਸੰਗ ॥

ਬਰਖ਼ਸ਼ ਅੰਦਰ ਆਮਦ ਚੋ ਤੇਗੇ ਨਿਹੰਗ ॥ ੧੨੨ ॥

ਚੁਨਾਂ—ਜਿਸ ਤਰ੍ਹਾਂ। ਮੌਜ—ਲਹਿਰਾਂ। ਖੇਜ਼ਦ-ਉਛਲਦੀਆਂ। ਜ਼-ਵਿਚ। ਬ ਸੰਗ—ਪਥਰ ਨਾਲ। ਰਖ਼ਸ਼-ਚਮਕਣਾ। ਚੋ—ਵਾਂਗੂ। ਨਿਹੰਗ-ਸੂਰਮਾ।

ਜਿਸ ਤਰ੍ਹਾਂ ਦਰਿਆ ਦੀਆਂ ਲੈਹਰਾਂ ਪੱਥਰ ਨਾਲ (ਟਕਰ ਖਾ ਕੇ) ਉਛਲਦੀਆਂ ਹਨ। ਉਸੇ ਤਰ੍ਹਾਂ ਸੂਰਮਿਆਂ ਦੀਆਂ ਤਲਵਾਰਾਂ ਚਮਕਣ ਲਗੀਆਂ ॥ ੧੨੨ ॥

ਬ ਤਾਬਸ਼ ਦਰਾਮਦ ਯਕੇ ਤਾਬਨਾਕ ॥

ਬ ਰਖ਼ਸ਼ ਅੰਦਰ ਆਮਦ ਯਕੇ ਖ਼ੂੰਨ ਖਾਕ ॥ ੧੨੩ ॥

ਤਾਬਸ਼-ਚਮਕ। ਤਾਬਨਾਕ—ਚਮਕੀਲਾ। ਰਖਸ਼-ਕਮਕ। ਖ਼ੂੰਨ-ਲਹੂ। ਖਾਕ-ਮਿਟੀ।

ਇਕ ਚਮਕੀਲਾ (ਖੜਗ) ਚਮਕਨ ਵਿਚ ਆਇਆ। (ਤਾਂ) ਖੂਨ ਤੇ ਖਾਕ ਇਕੋ (ਰੰਗ) ਵਿਚ ਆ ਕੇ ਚਮਕਨ ਲਗੇ (ਭਾਵ ਲਹੂ ਤ ਮਿਟੀ ਦੋਵੇਂ ਇਕੋ ਰੰਗ ਦੇ ਹੋ ਕੇ ਨਜ਼ਰ ਆਉਣ ਲਗੇ।੧੨੩।

ਬ ਤਾਬਸ਼ ਦਰਾਮਦ ਹਮਹ ਹਿੰਦ ਤੇਗ ॥

ਬਿ ਗੁਰੱਰੀਦ ਲਸ਼ਕਰ ਚੋ ਦਰਯਾਇ ਮੇਗ ॥ ੧੨੪ ॥

ਤਾਬਸ਼-ਚਮਕਣਾ। ਹਿੰਦ ਤੇਗ-ਹਿੰਦੁਸਤਾਨੀ ਤਲਵਾਰ। ਗੁਰੱਰੀਦ-ਗਰਜਨਾ। ਦਰਯਾਇ ਮੇਗ—ਹੜ ਵਗਾਉਣ ਵਾਲੇ ਬਦਲ।

ਸਭ ਪਾਸੇ ਹਿੰਦੁਸਤਾਨੀ ਤਲਵਾਰਾਂ ਚਮਕਣ ਲਗ ਪਈਆਂ। ਮੋਹਲੇ ਧਾਰ ਮੀਂਹ ਵਸਾਉਣ ਵਾਲੇ ਬਦਲ ਵਾਂਗੂੰ ਫੌਜ ਗਰਜਨ ਲਗ ਪਈ ॥ ੧੨੪ ॥

ਬ ਰਖਸ਼ ਅੰਦਰ ਆਮਦ ਬ ਚੀਨੀ ਕਮਾਂ ॥

ਬ ਤਾਬ ਆਮਦਸ਼ ਤੇਗ ਹਿੰਦੋਸਤਾਂ ॥ ੧੨੫ ॥

ਰਖਸ਼—ਕਮਕ। ਤਾਬ—ਚਮਕ। ਤੇਗ ਹਿੰਦੋਸਤਾਂ-ਹਿੰਦੁਸਤਾਨ ਦੀ ਤਲਵਾਰ।

ਚੀਨੀ ਕਮਾਨ ਚਮਕ ਵਿਚ ਆਈ। ਉਸ ਦੀ ਹਿੰਦੁਸਤਾਨੀ ਤਲਵਾਰ ਚਮਕ ਵਿਚ ਆਈ

(ਭਾਵ ਵਜ਼ੀਰ ਪੁਤ੍ਰੀ ਦੀ ਹਥ ਦੀ ਚੀਨੀ ਕਮਾਨ ਨੇ ਚੰਗੇ ਜੌਹਰ ਵਿਖਾਏ ਤੇ ਹਿੰਦੁਸਤਾਨੀ ਤਲਵਾਰ ਨੇ ਭੀ ਚੰਗੇ ਲਿਸ਼ਕਾਰੇ ਮਾਰੇ) ॥ ੧੨੫ ॥

ਗਰੇਵਹ ਬਰਾਵੁਰਦ ਚੰਦੀ ਕ੍ਰੋਹ ॥

ਲਰਜ਼ੀਦ ਦਰਯਾ ਬਿ ਦਰਰੀਦ ਕੋਹ ॥ ੧੨੬ ॥

ਗਰੇਵਹ-ਰੌਲਾ। ਬਰਾਵੁਰਦ-ਚੁਕਿਆ। ਚੰਦੀ-ਕਈ। ਕ੍ਰੋਹ-ਕੋਹ, ਮੀਲ। ਲਰਜ਼ੀਦ-ਕੰਬ ਗਿਆ। ਦਰਰੀਦ-ਪਾਟ ਗਿਆ। ਕੋਹ=ਪਹਾੜ।

ਕਈ ਕੋਹਾਂ ਤਕ ਸ਼ੋਰ ਸ਼ਰਾਬਾ ਹੋਣ ਲਗ ਪਿਆ। (ਜਿਸ ਨਾਲ) ਦਰਿਆ ਕੰਬ ਗਿਆ ਅਤੇ ਪਹਾੜ ਪਾਟ ਗਿਆ ॥੧੨੬॥

ਬ ਰਖਸ਼ ਅੰਦਰ ਆਮਦ ਜ਼ਮੀਨੋ ਜ਼ਮਾਂ ॥

ਬ ਤਾਬਸ਼ ਦਰਾਮਦ ਚੋ ਤੇਗ਼ਿ ਯਮਾਂ ॥ ੧੨੭ ॥

ਰਖਸ਼-ਚਮਕ। ਜ਼ਮੀਨੋ ਜ਼ਮਾਂ-ਧਰਤੀ ਤੇ ਅਕਾਸ਼। ਤਾਬਸ਼=ਚਮਕ।

(ਉਸ ਵੇਲੇ) ਧਰਤੀ ਤੇ ਅਕਾਸ਼ ਭੀ ਚਮਕਣ ਲਗ ਪਏ। ਜਦ ਕਿ ਯਮਨ ਦੇਸ਼ ਦੀਆਂ ਤਲਵਾਰਾਂ ਵਿਚੋਂ ਚਮਕ ਨਿਕਲੀ ॥੧੨੭॥

ਬ ਤੇਜ਼ ਆਮਦ ਓ ਨੇਜ਼ਹ ਏ ਬਾਸਤੀਂ ॥

ਬ ਜੁੰਬਸ਼ ਦਰਾਮਦ ਤਨਿ ਨਾਜ਼ਨੀਂ ॥ ੧੨੮ ॥

ਤੇਜ਼-ਫੁਰਤੀ। ਨੇਜਹ-ਬ੍ਰਛਾ। ਬਾਸਤੀ-ਵਾਂਸ ਵਾਲਾ। ਜੁੰਬਸ਼-ਕ੍ਰੋਧ। ਨਾਜ਼ਨੀਂ-ਪਤਲਾ ਸ੍ਰੀਰ

ਉਸ ਵੇਲੇ ਬਾਂਸ ਦੇ ਛੜ ਵਾਲਾ ਬਰਛਾ ਤੇਜ਼ੀ ਨਾਲ ਆਇਆ। (ਜਦੋਂ ਕਿ) ਨਾਜ਼ਨੀ ਦੇ ਤਨ ਵਿਚ ਕਰੋਧ ਆ ਗਿਆ ॥੧੨੮॥

ਬ ਸ਼ੋਰਸ਼ ਦਰਾਮਦ ਨਫ਼ਰਹਾਇ ਕਹਰ ॥

ਜ਼ਿ ਤੋਬੋ ਵ ਨੇਜ਼ਹ ਬਿਪੋਸ਼ੀਦ ਦਹਰ ॥ ੧੨੯ ॥

ਸ਼ੋਰਸ਼-ਰੌਲਾ ਗੋਲਾ। ਨਫ਼ਰਹਾਇ-(ਨਫ਼ਰ ਦਾ ਬ: ਬ:) ਨੌਕਰ ਲੋਕ, ਖਿਜਮਤਗਾਰ ਸੇਵਕ, ਤਨਖਾਹਦਾਰ ਫੌਜੀ। ਕਹਰ-ਕਰੋਧ। ਬਿਪੋਸ਼ੀਦ-ਲੁਕ ਗਿਆ। ਦਹਰ-ਜਗਤ।

ਫੌਜੀ ਲੋਕਾਂ ਨੇ ਕਰੋਧ ਵਿਚ ਆ ਕੇ ਸ਼ੋਰ-ਸ਼ਰਾਬਾ ਕਰ ਦਿਤਾ। (ਉਸ ਵੇਲੇ) ਜਗਤ ਤੋਪਾਂ ਅਤੇ ਨੇਜ਼ਿਆਂ ਵਿਚ ਲੁਕ ਗਿਆ ॥੧੨੯॥

ਬ ਜੁੰਬਸ਼ ਦਰਾਮਦ ਕਮਾਨੋ ਕਮੰਦ ॥

ਦਰਖ਼ਸ਼ਾ ਸ਼ੁਦਹ ਤੇਗ਼ਿ ਸੀਮਾਬ ਹਿੰਦ ॥ ੧੩੦ ॥

ਜੁੰਬਸ਼-ਹਿਲਣਾ। ਕਮਾਨੋ ਕਮੰਦ-ਫਾਹੀਆਂ। ਦਰਖਸ਼ਾ-ਚਮਕਣਾ। ਸ਼ੁਦਹ-ਹੋਈ। ਸੀਮਾਬ =ਪਾਰਾ। ਹਿੰਦ-ਹਿੰਦੁਸਤਾਨ।

(ਜਦ) ਕਮਾਨਾਂ ਤੇ ਫਾਹੀਆਂ ਹਿਲਣ ਲਗ ਪਈਆਂ। (ਤਦ) ਹਿੰਦੁਸਤਾਨ ਦੀ ਚਮਕੀਲੀ ਤਲਵਾਰ ਕਟਾ ਵਢ ਕਰਨ ਲਗੀ ॥੧੩੦॥

ਬ ਜੋਸ਼ ਆਮਦਸ਼ ਖੰਜਰ ਖ਼ਾਰ ਖ਼ੂੰ ॥

ਜ਼ਬਾਂ ਨੇਜ਼ਹ ਮਾਰਸ਼ ਬਿਰਾਮਦ ਬਿਰੂੰ ॥ ੧੩੧ ॥

ਬ=ਵਿਚ । ਜੋਸ਼=ਰੋਹ, ਕਰੋਧ । ਖ਼ੰਜਰ-ਕਟਾਰ । ਖ਼ਾਰ=ਖਾਣ ਵਾਲੀ । ਖ਼ੂੰ-ਲਹੂ । ਜ਼ਬਾਂ=ਜੀਭ । ਨੇਜ਼ਹ-ਬਰਛਾ । ਮਾਰ=ਸਪ । ਸ਼=ਉਸ ।

ਲਹੂ ਪੀਣ ਵਾਲੀ ਕਟਾਰ ਕਰੋਧ ਵਿਚ ਆਈ । ਸਪ ਦੀ ਜੀਭ ਵਰਗਾ ਬਰਛਾ ਭੀ ਬਾਹਰ ਨਿਕਲ ਆਇਆ ॥੧੩੧॥

ਬ ਤਾਬਸ਼ ਦਰਾਮਦ ਤਫ਼ਿ ਤਾਬਨਾਕ ॥

ਯਕੇ ਸੁਰਖ਼ ਗੋਗਿਰਦ ਸ਼ੁਦ ਖ਼ੂੰਨਿ ਖਾਕ ॥ ੧੩੨ ॥

ਤਾਬਸ਼-ਚਮਕ । ਤਬਿ=ਪ੍ਰਕਾਸ, ਚਾਨਣ । ਤਾਬਨਾਕ=ਚਮਕੀਲਾ । ਸੁਰਖ਼=ਲਾਲ । ਗੋਗਿਰਦ=ਗੰਧਕ । ਸ਼ੁਦ=ਹੋ ਗਈ ।

ਚਮਕੀਲੇ (ਸਸਤ੍ਰਾਂ ਦਾ) ਪ੍ਰਕਾਸ਼ ਚਮਕਣ ਲਗ ਪਿਆ । ਲਹੂ ਤੇ ਮਿਟੀ ਇਕ ਮਿਕ (ਹੋ ਕੇ) ਲਾਲ ਰੰਗ ਦੀ ਗੰਧਕ ਹੋ ਗਈ ॥੧੩੨॥

ਦਿਹਾ ਦਿਹ ਦਰਾਮਦ ਜ਼ ਤੀਰੋ ਤੁਫੰਗ ॥

ਹਯਾ ਹਯ ਦਰਾਮਦ ਨਿਹੰਗੋ ਨਿਹੰਗ ॥ ੧੩੩ ॥

ਦਿਹਾ ਦਿਹ=ਠਾਹ ਠਾਹ । ਜ਼=ਤੋਂ । ਹਯਾ ਹਯ-ਹਾਇ ਹਾਇ ।

ਤੀਰਾ ਤੇ ਬੰਦੂਕਾਂ ਤੋਂ ਠਾਹ ਠਾਹ (ਦੀ ਅਵਾਜ਼) ਆਉਣ ਲਗ ਪਈ । ਮਗਰ ਮਛ ਵਰਗੇ ਸੂਰਮਿਆਂ ਵਲੋਂ ਹਾਇ ਹਾਇ (ਦੀ ਅਵਾਜ਼) ਆਉਂਦੀ ਸੀ ॥੧੩੩॥

ਚਕਾ ਚੱਕ ਬਰਖ਼ਾਸਤ ਤੀਰੋ ਕਮਾਂ ॥

ਬਰਾਮਦ ਯਕੇ ਰੁਸਤ ਖ਼ੇਜ਼ ਅਜ਼ ਜਹਾਂ ॥ ੧੩੪ ॥

ਚਕਾ ਚਕ=ਘਚ ਘਚ । ਬਰਖ਼ਾਸਤ=ਉਠੀ । ਬਰਾਮਦ=ਨਿਕਲ ਆਏ । ਰੁਸਤ ਖ਼ੇਜ਼=ਪਰਲੋ, ਕਿਆਮਤ । ਜਹਾਂ=ਜਗਤ ।

ਤੀਰਾਂ ਤੇ ਕਮਾਨਾਂ (ਦੀ ਮਾਰ ਮਾਰ ਕੇ) 'ਘਚਾ ਘਚ' (ਸ਼ਬਦ) ਉਠਿਆ । (ਇਉਂ ਮਲੂਮ ਹੁੰਦਾ ਸੀ, ਜਿਵੇਂ) ਜਗਤ ਉਤੇ ਇਕੋ ਵੇਰੀ ਪਰਲੋ ਆ ਗਈ ਹੈ ॥੧੩੪॥

ਨ ਪੋਇੰਦਹ ਰਾ ਬਰ ਜ਼ਮੀਂ ਬੂਦ ਜਾ ॥

ਨ ਪਰਿੰਦਹ ਰਾ ਦਰ ਹਵਾ ਬੂਦ ਰਾਹ ॥ ੧੩੫ ॥

ਪੋਇੰਦਹ-ਪੈਦਲ । ਬਰ-ਉਪਰ । ਬੂਦ-ਸੀ । ਜਾ-ਜਗ੍ਹਾ । ਪਰਿੰਦਹ=ਪੰਛੀਆਂ । ਦਰ=ਵਿਚ । ਰਾਹ=ਰਸਤਾ ।

ਪੈਦਲਾਂ ਨੂੰ ਧਰਤੀ ਉਤੇ ਜਗ੍ਹਾ ਨਹੀਂ (ਮਿਲਦੀ) ਸੀ । ਪੰਛੀਆਂ ਨੂੰ ਹਵਾ ਵਿਚ ਰਾਹ ਨਹੀਂ (ਮਿਲਦਾ) ਸੀ । ਕਿਉਂਕਿ ਧਰਤੀ ਨੂੰ ਮੁਰਦਿਆਂ ਦੀਆਂ ਲੋਥਾਂ ਨੇ ਰੋਕ ਲਿਆ ਸੀ ਤੇ ਅਸਮਾਨ ਨੂੰ ਤੀਰਾਂ ਦੀ ਉਡਾਰੀ ਨੇ ਰੋਕਿਆ ਹੋਇਆ ਸੀ ॥੧੩੫॥

ਚੁਨਾ ਤੇਗ਼ ਬਾਰੀਦ ਖ਼ੁਦ ਦਰ ਮਿਆਨੇ ਮੁਸਾਫ਼ ॥

ਕਿ ਅਜ਼ ਕੁਸ਼ਤਗਾਂ ਸ਼ੁਦ ਜ਼ਮੀਂ ਕੋਹ ਕਾਫ਼ ॥ ੧੩੬ ॥

ਚੁਨਾ—ਅਜੇਹੀ। ਬਾਰੀਦ-ਬਰਸੀ। ਖਦ ਦਰ-ਨਿਧੜਕ ਹੋ ਕੇ। ਮਿਆਨੇ-ਵਿਚ। ਮੁਸਾਫ-ਜੰਗ। ਕਸਤਗਾਂ—ਮੁਰਦਿਆਂ। ਸ਼ੁਦ-ਹੋ ਗਈ। ਕੋਹ ਕਾਫ-ਇਕ ਪਹਾੜ ਦਾ ਨਾਮ ਹੈ।

ਜੁਧ ਵਿਚ ਇਸ ਤਰ੍ਹਾਂ ਨਾਲ ਨਿਸ਼ੰਗ ਹੋ ਕੇ ਤਲਵਾਰ ਢਲੀ। ਜੋ ਮੁਰਦਿਆਂ ਨਾਲ ਧਰਤੀ ਹੀ 'ਕੋਹ ਕਾਫ' ਹੋ ਗਈ(ਅਰਥਾਤ ਧਰਤੀ ਉਤੇ ਮੁਰਦਿਆਂ ਦਾ ਬਹੁਤ ਉਚਾ ਜੇਹਾ ਢੇਰ ਲਗ ਗਿਆ ਜੋ ਪਹਾੜ ਵਾਂਗ ਮਲੂਮ ਹੁੰਦਾ ਸੀ) ॥੧੩੬॥

ਕਿ ਪਾਓ ਸਰ ਅੰਬੋਹ ਚੰਦਾਂ ਸ਼ੁਦਹ ॥

ਕਿ ਮੈਦਾਂ ਪੁਰ ਅਜ਼ ਗੋਇ ਚੌਗਾਂ ਸ਼ੁਦਹ ॥ ੧੩੭ ॥

ਪਾਓ—(ਪਾ+ਓ,ਪੈਰ ਅਤੇ। ਸਰ—ਸਿਰ। ਅੰਬੋਹ—ਢੇਰ। ਚੰਦਾ-ਐਨਾ। ਸ਼ਦਹ-ਹੋ ਗਿਆ। ਪੁਰ-ਭਰ ਗਿਆ। ਅਜ਼-ਨਾਲ। ਗੋਇ-ਗੇਂਦ। ਚੌਗਾ-ਖੂੰਡ, ਹਾਕੀ। ਸ਼ੁਦ-ਹੋ ਗਿਆ।

ਪੈਰਾਂ ਤੇ ਸਿਰਾਂ ਦਾ ਏਨਾ ਵਡਾ ਢੇਰ ਹੋ ਗਿਆ (ਮਾਨੋ) ਖਿੱਦੂ ਤੇ ਖੂੰਡੀਆਂ ਨਾਲ ਮੈਦਾਨ ਭਰਿਆ ਹੋਇਆ ਹੈ (ਅਰਥਾਤ ਸੂਰਮਿਆਂ ਦੇ ਸਿਰ ਖਿਦੂ ਅਤੇ ਪੈਰਾਂ ਸਮੇਤ ਲਤਾਂ ਖੂੰਡੀਆਂ ਜਾਂ ਹਾਕੀਆਂ ਹਨ) ॥੧੩੭॥

ਰਵਾਂ ਰਉ ਦਰਾਮਦ ਬ ਤੀਰੋ ਤੁਫੰਗ ॥

ਕਿ ਪਾਰਹ ਸ਼ੁਦ ਖੋਦ ਖ਼ਿਫਤਾਨਿ ਜੰਗ ॥ ੧੩੮ ॥

ਰਵਾਂ ਰਉ-ਚਲੋ ਚਲੀ। ਪਾਰਹ-ਟੁਕੜੇ। ਸ਼ੁਦ-ਹੋਈ। ਖਿਫਤਾਨਿ-ਸੰਜੋਇ।

ਤੀਰਾਂ ਤੇ ਬੰਦੂਕਾਂ ਦੇ ਆਉਣ (ਜਾਣ ਦੀ ਅਜਿਹੀ) ਚਲੋ ਚਲੀ ਹੋਈ। (ਕਿ) ਜੰਗ (ਵਿਚ ਪਹਿਨੇ ਹੋਏ) ਟੋਪ ਤੇ ਸੰਜੋਇ ਟੁਕੜੇ ਟੁਕੜੇ ਹੋ ਗਏ ॥੧੩੮॥

ਚੁਨਾਂ ਤੇਗ ਤਾਬਸ਼ ਤਪੀਦ ਆਫਤਾਬ ॥

ਦਰਖ਼ਤਾ ਸ਼ੁਦਹ ਖੁਸ਼ਕ ਦਰਯਾਇ ਆਬ ॥ ੧੩੯ ॥

ਚੁਨਾਂ-ਅਜੇਹੀ। ਤੇਗ-ਤਲਵਾਰ। ਤਾਬਸ਼-ਤਪਸ। ਤਪੀਦ-ਤਪੀ। ਦਰਖ਼ਤਾ-ਬਿਰਛਾਂ। ਆਫ਼ਤਾਬ-ਸੂਰਜ। ਖੁਸ਼ਕ-ਸਕਣਾ। ਆਬ-ਪਾਨੀ।

ਤਲਵਾਰ ਸੂਰਜ ਦੀ ਤਪਸ਼ (ਵਾਂਗੂ) ਇਸ ਤਰ੍ਹਾਂ ਤਪ ਗਈ। (ਜਿਸ ਕਰਕੇ) ਬਿਰਛ ਅਤੇ ਦਰਿਆਓ ਦਾ ਪਾਨੀ ਖੁਸ਼ਕ ਹੋ ਗਿਆ ॥੧੩੯॥

ਚੁਨਾਂ ਤੀਰ ਬਾਰਾਂ ਸ਼ੁਦਹ ਹਮਚੋ ਬਰਕ ॥

ਕਿ ਉਫਤਾਦ ਸ਼ੁਦ ਫ਼ੀਲ ਚੂੰ ਫ਼ਰਕ ਫ਼ਰਕ ॥ ੧੪੦ ॥

ਚੁਨਾਂ-ਅਜੇਹੀ। ਬਾਰਾਂ-(ਬਾਰਾਨ) ਬਾਰਸ਼। ਹਮਚੋ—ਵਾਂਗੂ। ਬਰਕ-ਬਿਜਲੀ। ਉਫਤਾਦ ਸ਼ੁਦ-ਡਿਗ ਪਏ। ਫੀਲ-ਹਾਥੀ। ਚੂ-ਵਰਗੇ। ਫਰਕ-ਮੁੰਡੀ।

ਤੀਰਾਂ ਦੀ ਬਾਰਸ਼ ਇਸ ਤਰ੍ਹਾਂ ਦੀ ਬਿਜਲੀ (ਪੈਣ) ਵਾਂਗੂ ਹੋਈ। ਜੋ ਹਾਥੀ ਡਿਗ ਪਏ (ਕਿਉਂਕਿ ਉਨ੍ਹਾਂ ਦੀ) ਮੁੰਡੀ ਹੀ ਮੁੰਡੀ (ਦਿਸ ਰਹੀ ਸੀ) ॥੧੪੦॥

ਬ ਹਰਬ ਅੰਦਰ ਆਮਦ ਵਜ਼ੀਰ ਚੋ ਬਾਦ ॥

ਯਕੇ ਤੇਗਿ ਮਾਯਿੰਦਰਾਨੀ ਕੁਸ਼ਾਦ ॥ ੧੪੧ ॥

ਹਰਬ-ਲੜਾਈ । ਵਜ਼ੀਰੇ-ਇਕ ਵਜ਼ੀਰ । ਚੋ-ਵਾਂਗੂ । ਬਾਦ-ਹਵਾ । ਮਾਯਿੰਦਰਾਨੀ-ਮਾਯਿੰਦਰਾਂ ਦੀ ਬਣੀ ਹੋਈ । ਕੁਸ਼ਾਦ-ਕਢੀ ਹੋਈ । ਇਕ ਵਜ਼ੀਰ ਹਵਾ ਵਾਂਗੂ ਲੜਾਈ ਵਿਚ ਆਇਆ (ਜਿਸ ਨੇ) ਇਕ ਹਥ ਵਿਚ ਮਾਯਿੰਦਾਂ ਦੀ ਬਣੀ ਹੋਈ ਤਲਵਾਰ ਕਢੀ ਹੋਈ ਸੀ ॥੧੪੧॥

ਦਿਗਰ ਤਰਫ਼ ਆਮਦ ਬ ਦੁਖਤਰ ਅਜ਼ਾਂ ॥
ਬਰਹਨਹ ਯਕੇ ਦੇਗਿ ਹਿੰਦੋਸਤਾਂ ॥ ੧੪੨ ॥

ਦਿਗਰ ਤਰਫ-ਦੂਜੇ ਪਾਸੇ । ਦੁਖਤਰ-ਲੜਕੀ । ਅਜ਼ਾਂ-ਉਸ ਦੀ । ਬਹਰਨਹ-ਨੰਗੀ । ਹਿੰਦੋਸਤਾਂ-ਹਿੰਦੁਸਤਾਨ ਦੀ । ਤੇਗਿ-ਤਲਵਾਰ । ਦੂਜੇ ਪਾਸੇ ਉਸੇ ਦੀ ਲੜਕੀ ਆਈ । (ਜਿਸ ਨੇ) ਇਕ ਹਥ ਵਿਚ ਹਿੰਦੁਸਤ ਨ ਦੀ ਨੰਗੀ ਤਲਵਾਰ (ਫੜੀ ਹੋਈ ਸੀ) ॥੧੪੨॥

ਦਰਖਸ਼ ਸ਼ੁਦਹ ਹਮਚੁਨਾਂ ਤੇਗਿ ਤੇਜ਼ ॥
ਅਦੂ ਰਾ ਅਜ਼ੋ ਦਿਲ ਸ਼ਵਦ ਰੇਜ਼ ਰੇਜ਼ ॥ ੧੪੩ ॥

ਦਰਖਸ਼ਾਂ ਸ਼ਦਹ-ਚਮਕਨ ਲਗੀ । ਹਮਚੁਨਾ-ਅਜੇਹੀ।ਅਦੂ-ਵੈਰੀ । ਅਜ਼ੋ-ਉਸ ਤੋਂ । ਸ਼ਵਦ -ਹੁੰਦਾ । ਰੇਜ਼ ਰੇਜ਼-ਟੁਕੜੇ ਟੁਕੜੇ ।

(ਉਨ੍ਹਾਂ ਦੀਆਂ) ਤੇਜ ਤਲਵਾਰਾਂ ਅਜਿਹੀਆਂ ਚਮਕਣ ਲਗੀਆਂ । ਉਨ੍ਹਾਂ ਨੂੰ (ਵੇਖਦੇ ਹੀ) ਵੈਰੀ ਦਾ ਦਿਲ ਟੁਕੜੇ੨ ਹੁੰਦਾ ਸੀ ॥੧੪੩॥

ਯਕੇ ਤੇਗ਼ ਜ਼ਦ ਬਰ ਸਰੇ ਓ ਸਮੰਦ ॥
ਜ਼ਮੀਨਸ਼ ਦਰਾਮਦ ਚੋ ਕੋਹਿ ਬਲੰਦ ॥ ੧੪੪ ॥

ਜ਼ਦ-ਮਾਰੀ । ਬਰ ਸਰੇ-ਸਿਰ ਦੇ ਉਤੇ । ਸਮੰਦ-ਘੋੜੇ । ਕੋਹਿ ਬਲੰਦ-ਉਚਾ ਪਹਾੜ ।

ਉਸ ਦੇ ਘੋੜੇ ਦੇ ਸਿਰ ਉਤੇ ਇਕ ਅਜੇਹੀ ਤਲਵਾਰ ਮਾਰੀ । (ਜਿਸ ਨਾਲ) ਉਹ ਉਚੇ ਪਹਾੜ ਵਾਂਗੂ ਜਮੀਨ ਉਤੇ ਆਣ ਕੇ ਡਿਗ ਪਿਆ ॥੧੪੪॥

ਦਿਗਰ ਤੇਗ਼ ਓ ਰਾ ਬਿਜ਼ਦ ਕਰਦ ਨੀਮ ॥
ਬਿਉਫ਼ਤਾਦ ਬੂਮਸ਼ ਚੋ ਕਰਖੇ ਅਜ਼ੀਮ ॥ ੧੪੫ ॥

ਓ ਰਾ-ਉਸ ਨੂੰ । ਬਿਜਦ-ਮਾਰੀ । ਕਰਦ ਨੀਮ-ਕਰ ਦਿਤਾ ਅਧ ਅਧ । ਉਫਤਾਦ-ਡਿਗ ਪਿਆ । ਬੂਮ-ਧਰਤੀ । ਕਰਖੇ-ਅਟਾਰੀ । ਅਜ਼ੀਮ-ਵਡੀ ।

ਦੂਜੀ ਤਲਵਾਰ ਉਸ ਨੂੰ ਮਾਰੀ (ਤੇ) ਅੱਧੋ ਅੱਧ ਕਰ ਦਿਤਾ । (ਜਿਸ ਕਰਕੇ) ਉਹ ਉਚੀ ਅਟਾਰੀ ਵਾਂਗੂ ਧਰਤੀ ਉਤੇ ਡਿਗ ਪਿਆ ॥੧੪੫॥

ਦਿਗਰ ਮਰਦ ਆਮਦ ਚੋ ਪੱਰਰਾ ਉਕਾਬ ॥
ਬਿਜ਼ਦ ਤੇਗ਼ ਓ ਰਾ ਬਿ ਕਰਦਸ਼ ਖਰਾਬ ॥ ੧੪੬ ॥

ਚੋ-ਵਾਂਗੂ । ਪੱਰਰਾ-ਪੰਛੀ । ਬਿਜਦ-ਮਾਰੀ । ਓ ਰਾ-ਉਸ ਨੂੰ । ਖ਼ਰਾਬ-ਨਾਸ ।

ਦੂਜਾ (ਇਕ ਹੋਰ) ਉਕਾਬ ਪੰਖੀ ਵਾਂਗੂ(ਰਣਭੂਮੀ ਵਿਚ) ਆਇਆ । ਉਸ ਨੂੰ ਭੀ ਤਲਵਾਰ ਮਾਰੀ ਅਤੇ ਨਾਸ ਕਰ ਸੁਟਿਆ ॥੧੪੬॥

ਚੋ ਕਾਰੇ ਵਜ਼ੀਰਸ਼ ਬਰਾਹਤ ਰਸੀਦ ॥

ਦਿਗਰ ਮਿਹਨਤੇ ਸੋਇਮ ਆਂਮਦ ਪਦੀਦ ॥ ੧੪੭ ॥

ਚੋ—ਜਦੋਂ । ਸ਼—ਉਸ । ਰਾਹਤ—ਸੁਖ । ਰਸੀਦ—ਪੁਜਾ । ਮਿਹਨਤੇ—ਔਖਿਆਈ । ਸੋਇਮ—ਤੀਜੀ । ਪਦੀਦ—ਪ੍ਰਗਟ ।

ਜਦੋਂ ਉਸ ਨੂੰ ਵਜੀਰ ਦੇ ਕੰਮ ਵਲੋਂ ਸੁਖ ਪੁਜਾ । ਦੂਜੇ(ਨੂੰ ਮਾਰ ਕੇ) ਮੇਹਨਤ ਸਫਲੀ ਹੋਈ ਤਾਂ ਤੀਜੀ (ਬਿਪਤਾ) ਪ੍ਰਗਟ ਆਣ ਹੋਈ ॥੧੪੭॥

ਸੋਇਮ ਦੇਵ ਆਮਦ ਬਗਲਤੀਦ ਖ਼ੂੰ ॥

ਜ਼ਿ ਦਹਲੀਜ਼ਿ ਦੋਜ਼ਖ ਦਰਾਮਦ ਬਰੂੰ ॥ ੧੪੮ ॥

ਸੋਇਮ—ਤੀਜਾ । ਬਗਲਤੀਦ—ਲਿਬੜਿਆ ਹੋਇਆ । ਖ਼ੂੰ—ਲਹੂ । ਜ਼ਿ—ਮਾਨੋ। ਦੋਜ਼ਖ—ਨਰਕ। ਦਹਲੀਜ਼ਿ—ਬੂਹੇ ਤੋਂ । ਦਰਾਮਦ—ਨਿਕਲਿਆ ।

(ਅਰਥਾਤ) ਤੀਜਾ ਦੇਉ ਆਇਆ (ਜੋ) ਲਹੂ ਦਾ ਲਿਬੜਿਆ ਹੋਇਆ ਸੀ । ਮਾਨੋ ਨਰਕ ਦੇ ਬੂਹੇ ਵਿਚੋਂ ਬਾਹਰ ਨਿਕਲ ਕੇ ਆਇਆ ਹੈ ॥੧੪੮॥

ਬਿਕੁਸ਼ਤੰਦ ਓ ਰਾ ਦੋ ਕਰਦੰਦ ਤਨ ॥

ਚੋ ਸ਼ੇਰੇ ਯਿਆਂ ਹਮਚੋ ਗੋਰਿ ਕੁਹਨ ॥ ੧੪੯ ॥

ਬਿਕੁਸ਼ਤੰਦ—ਮਾਰ ਦਿਤਾ । ਓ ਰਾ—ਉਸ ਨੂੰ । ਕਰਦੰਦ—ਕਰ ਦਿਤੇ । ਯਿਆਂ—ਵਡਾ । ਹਮਚੋ—ਵਾਂਗੂ । ਗੋਰਿ ਕੁਹਨ—ਬੁਢਾ ਗੋਰਖੁਰ, ਰੋਝ ।

ਉਸ ਨੂੰ ਮਾਰਿਆ, (ਤੇ ਉਸ ਦਾ) ਸਰੀਰ ਦੋ ਟੋਟੇ ਕਰ ਦਿਤਾ । ਵਡੇ ਸ਼ੇਰ ਵਾਂਗੂ ਜਾਂ ਬੁਢੇ ਗੋਰਖੁਰ (ਰੋਝ) ਵਾਂਗੂ ॥੧੪੯॥

ਚਹ ਰੁਮ ਦਰਾਮਦ ਚੋ ਸ਼ੇਰੇ ਬਜੰਗ ॥

ਚੋ ਬਰ ਬਚਹ ਏ ਗੋਰ ਗੱਰਰਾਂ ਪਲੰਗ ॥ ੧੫੦ ॥

ਚਹਾਰੁਮ—ਚੌਥਾ । ਚੋ—ਜਿਵੇਂ । ਬਰ ਬਚਹ—ਬਚੇ ਉਤੇ । ਗੋਰ—ਗਊ ਖੁਰ, ਰੋਝ । ਗੱਰਰਾਂ—ਗਰਜਦਾ ਹੋਇਆ । ਪਲੰਗ—ਚਿਤ੍ਰਾ ।

ਚੌਥਾ ਸੇਰ ਦੇ (ਸਮਾਨ ਹੀ ਸੂਰਮਾ) ਜੰਗ ਵਿਚ ਆਇਆ । ਜਿਵੇਂ ਰੋਝ ਦੇ ਬਚੇ ਉਤੇ ਚਿਤ੍ਰਾ ਗਰਜਦਾ ਹੋਇਆ ਆਉਂਦਾ ਹੈ ॥੧੫੦॥

ਚੁਨਾਂ ਤੇਗ ਬਰ ਵੇ ਬਿਜ਼ਦ ਨਾਜ਼ਨੀਂ ॥

ਕਿ ਅਜ਼ ਪੁਸ਼ਤਿ ਅਸਪਸ਼ ਦਰਾਮਦ ਜ਼ਮੀਂ ॥ ੧੫੧ ॥

ਚੁਨਾਂ—ਅਜੇਹੀ । ਬਰ ਵੇ- ਉਸ ਉਤੇ । ਬਿਜਦ—ਮਾਰੀ । ਨਾਜ਼ਨੀਂ-ਪਤਲੇ ਸਰੀਰ ਵਾਲੀ। ਅਜ਼—ਤੋਂ । ਪੁਸ਼ਤਿ--ਪਿਠ । ਅਸਪਸ—ਘੋੜਾ, ਉਹ ।

ਵਜੀਰ-ਪੁਤ੍ਰੀ ਨੇ ਉਸ ਉਤੇ ਅਜੇਹੀ ਤਲਵਾਰ ਮਾਰੀ । ਜੋ ਉਹ ਘੋੜੇ ਦੀ ਪਿਠ ਤੋਂ ਧਰਤੀ ਉਤੇ ਆ ਪਿਆ ॥੧੫੧॥

ਕਿ ਪੰਜਮ ਦਰਾਮਦ ਚੋ ਦੇਵੇ ਅਜ਼ੀਮ ॥

ਯਕੇ ਜ਼ਖਮ ਰਾ ਜ਼ਦ ਬ ਹੁਕਮਿ ਕਰੀਮ ॥ ੧੫੨ ॥

ਜਦ ਕਿ ਪੰਜਵਾਂ (ਸਭ ਤੋਂ) ਵਡਾ ਦੇਉ ਆਇਆ। (ਤਾਂ) ਕ੍ਰਿਪਾਲੂ ਦੇ ਹੁਕਮ ਨਾਲ(ਉਸ ਨੂੰ) ਇਕੋ ਹੀ ਸਟ ਮਾਰ ਕੇ ਮਾਰ ਸੁਟਿਆ ॥ ੧੫੨ ॥

ਚੁਨਾਂ ਤੇ.ਗ ਬਰ ਵੈ ਜ਼ਦਹ ਖ਼ੂਬ ਰੰਗ ॥
ਜ਼ਿ ਸਰ ਤਾ ਕਦਮ ਆਮਦਹ ਜ਼ੇਰ ਤੰਗ ॥ ੧੫੩ ॥

ਚੁਨਾਂ-ਅਜੇਹੀ। ਬਰ ਵੈ-ਉਸ ਉਤੇ। ਜ਼ਦਹ-ਮਾਰੀ। ਖ਼ੂਬ ਰੰਗ=ਸੁੰਦਰੀ। ਸਿਰ ਤਾ ਕਦਮ= ਸਿਰ ਤੋਂ ਪੈਰਾਂ ਤਕ। ਆਮਦਹ=ਆ ਗਈ। ਜ਼ੇਰ=ਹੇਠਾਂ।

ਸੁੰਦਰੀ ਨੇ ਉਸ ਉਤੇ ਅਜੇਹੀ ਤਲਵਾਰ ਮਾਰੀ। ਜੋ ਸਿਰ ਤੋਂ ਪੈਰਾਂ ਤਕ (ਉਸ ਨੂੰ ਵਢ ਕੇ, ਤਲਵਾਰ ਘੋੜੇ ਦੇ) ਤੰਗ ਹੇਠਾਂ ਆ ਗਈ ॥ ੧੫੩ ॥

ਸ਼ਸ਼ਮ ਦੇਵ ਆਮਦ ਚੋ ਇਫਰੀਤ ਮਸਤ ॥
ਚੋ ਤੀਰੇ ਕਮਾਂ ਹਮਚੋ ਕਰਜ਼ਹ ਗੁਜ਼ਸ਼ਤ ॥ ੧੫੪ ॥

ਇਫ਼ਰੀਤ=ਰਾਖਸ਼। ਕਬਜ਼ਹ=ਮਨ (ਭਾਵ ਚਿੱਲਾ)। ਗੁਜਸ਼ਤ=ਜ਼ਾਂਦਾ ਹੈ।

ਮਤਵਾਲੇ ਰਾਖਸ਼ ਵਰਗਾ ਛੇਵਾਂ ਦੇਉ ਆਇਆ। ਜਿਵੇਂ ਕਮਾਨ ਦੇ ਚਿਲੇ ਵਿਚੋਂ ਤੀਰ ਜਾਂਦਾ ਹੈ(ਭਾਵ ਬੜੀ ਤੇਜ਼ੀ ਨਾਲ ਹੱਲਾ ਬੋਲ ਕੇ ਆਇਆ) ॥ ੧੫੪ ॥

ਬਿਜ਼ਦ ਤੇਗ ਓ ਰਾ ਕਿ ਓ ਨੀਮ ਸ਼ੁਦ ॥
ਕਿ ਦਿਗਰ ਯਲਾਂ ਰਾ ਅਜ਼ੋ ਬੀਮ ਸ਼ੁਦ ॥ ੧੫੫ ॥

ਬਿਜ਼ਦ=ਮਾਰੀ। ਓ ਰਾ-ਉਸ ਨੂੰ। ਨੀਮ ਸ਼ੁਦ-ਅਧੋ ਅਧ ਹੋ ਗਿਆ। ਯਲਾਂ=ਸੂਰਮੇ। ਰਾ- ਨੂੰ। ਅਜ਼=ਉਸ ਤੋਂ। ਬੀਮ=ਡਰ। ਸ਼ੁਦ=ਹੋ ਗਿਆ।

ਉਸ ਨੂੰ ਤਲਵਾਰ ਮਾਰੀ, ਉਹ ਅਧੋ ਅਧ ਹੋ ਗਿਆ। ਦੂਜੇ ਸੂਰਮਿਆਂ ਨੂੰ (ਭੀ) ਉਸ ਤੋਂ ਡਰ ਹੋ ਗਿਆ ॥ ੧੫੫ ॥

ਚੁਨੀ ਤਾ ਬ ਮਿਕਦਾਰ ਹਫ਼ਤਾਦ ਮਰਦ ॥
ਬ ਤੇਗ ਅੰਦਰ ਆਵੇਖ਼ਤ ਖਾਸ ਅਜ਼ ਨਬਰਦ ॥ ੧੫੬ ॥

ਚੁਨੀ-ਇਸੇ ਤਰ੍ਹਾਂ ਹੀ। ਹਫ਼ਤਾਦ=ਸੱਤਰ,੭੦। ਆਵੇਖਤ=ਲਟਕਾਏ। ਨਬਰਦ=ਯੁਧ।

ਇਸ ਤਰ੍ਹਾਂ ਸੱਤਰ ਦੀ ਗਿਣਤੀ ਤਕ ਸੂਰਮੇ। ਜੁਧ ਵਿਚ ਖਾਸ ੨ ਯੋਧੇ ਤਲਵਾਰ ਅੰਦਰ ਲਟਕਾ ਲਏ (ਭਾਵ ਸੱਤਰਾਂ ਨੂੰ ਮਾਰ ਸੁਟਿਆ) ॥੧੫੬॥

ਦਿਗਰ ਕਸ ਨਿਆਮਦ ਤਮੰਨਾਇ ਜੰਗ ॥
ਕਿ ਬੇਰੂੰ ਨਿਆਮਦ ਦਿਲਾਵਰ ਨਿਹੰਗ ॥ ੧੫੭ ॥

ਦਿਗਰ ਕਸ=ਹੋਰ ਕਿਸੇ। ਤਮੰਨਾ=ਇਛਾ, ਖਿਆਲ।

(ਫਿਰ) ਹੋਰ ਕਿਸ਼ੇ ਨੂੰ ਜੰਗ ਦਾ ਖਿਆਲ ਨਾ ਆਇਆ। ਵਡੇ ੨ ਦਿਲਾਵਰ ਸੂਰਮੇ ਭੀ ਬਾਹਰ ਮੈਦਾਨ ਵਿਚ ਨਾ ਆਏ ॥ ੧੫੭ ॥

ਬ ਹਰਬ ਆਮਦਸ਼ ਸ਼ਾਹ ਮਾਯਿੰਦਰਾਂ ॥

ਬ ਤਾਬਸ਼ ਤਪੀਦਨ ਦਿਲਿ ਮਰਦਮਾਂ ॥ ੧੫੮ ॥

ਬ–ਵਿਚ । ਹਰਬ–ਯੁਧ । ਤਾਬਸ਼–ਕਰੋਧ । ਤਪੀਦਨ–ਤਪ ਗਿਆ ।

(ਫਿਰ) ਮਾਯਿੰਦਰਾਂ ਦਾ ਰਾਜਾ ਆਪ ਜੁਧ ਵਿਚ ਆਇਆ । (ਉਸ ਵੇਲੇ) ਸੂਰਮਿਆਂ ਦਾ ਦਿਲ ਕਰੋਧ ਨਾਲ ਤਪਨ ਲਗ ਪਿਆ ॥ ੧੫੮ ॥

ਚੋ ਅਬਰਸ਼ ਤਗ ਅੰਦਾਖ਼ਤ ਦੌਰਿ ਯਲਾਂ ॥

ਬ ਰਖਸ ਅੰਦਰ ਆਮਦ ਜ਼ਮੀਂ ਆਸਮਾਂ ॥ ੧੫੯ ॥

ਚੋ–ਜਦ । ਅਬਰ–ਬੱਦਲ (ਭਾਵ ਘੋੜਾ) । ਤਗ–ਛਾਲ । ਅੰਦਾਖ਼ਤ–ਮਾਰੀ । ਦੌਰਿ–ਗਿਰਦ, ਚੁਫੇਰੇ । ਯਲਾਂ–ਸੂਰਮਿਆਂ । ਰਖ਼ਸ਼–ਚੱਕਰ ।

ਜਦ ਉਸ ਦੇ ਘੋੜਿਆਂ ਨੇ ਸੂਰਮਿਆਂ ਦੇ ਚੁਫੇਰੇ ਛਾਲਾਂ ਮਾਰੀਆਂ । (ਤਦ) ਧਰਤੀ ਤੇ ਅਕਾਸ਼ ਚੱਕਰ ਵਿਚ ਆ ਗਏ (ਅਰਥਾਤ ਜ਼ਿਮੀ ਤੇ ਅਸਮਾਨ ਘੁੰਮਣ ਲਗ ਪਏ) ॥ ੧੫੯ ॥

ਬ ਤਾਬਸ਼ ਦਰਾਮਦ ਜ਼ਮੀਨੋ ਜ਼ਮਾਂ ॥

ਦਰਖ਼ਸ਼ਾਂ ਸ਼ੁਦਹ ਤੇਗਿ ਹਿੰਦੀ ਯਮਾਂ ॥ ੧੬੦ ॥

ਤਾਬਸ਼–ਚਮਕ । ਜ਼ਮਾਂ–ਅਸਮਾਨ । ਦਰਖ਼ਸ਼ਾਂ–ਚਮਕੀਲੀ । ਸੁਦਹ–ਹੋ ਗਈ ।

ਉਸ ਵੇਲੇ ਧਰਤੀ ਤੇ ਅਕਾਸ਼ ਵਿਚ ਚਮਕ ਰੌਸ਼ਨੀ ਹੋ ਗਈ । (ਜਦੋਂ ਰਣਭੂਮੀ ਵਿਚ, ਹਿੰਦੁਸਤਾਨੀ ਤੇ ਯਮਨ ਦੀਆਂ ਤਲਵਾਰਾਂ ਚਮਕੀਆਂ ॥ ੧੬੦ ॥

ਚਲਾ ਚਲ ਦਰਾਮਦ ਕਮਾਨੋ ਕਮੰਦ ॥

ਹਯਾ ਹਯ ਬਰਾਮਦ ਗੁਰਜ਼ੋ ਗਜ਼ੰਦ ॥ ੧੬੧ ॥

ਚਲਾ ਚਲ–ਦੂਹੋ ਦੂਹ, ਜ਼ੋਰੋ ਜ਼ੋਰੀ । ਗਜ਼ੰਦ–ਸਟਾਂ ਖਾ ਕੇ ।

ਕਮਾਨਾਂ ਤੇ ਕਮੰਦਾਂ ਦੀ ਦੂਹੋ ਦੂਹ ਆਵਾਜਾਈ ਹੋਈ । ਗੁਰਜਾਂ ਦੀਆਂ ਸੱਟਾਂ ਖਾਣ ਵਾਲਿਆਂ ਦੀ ਹਾਇ ਹਾਇ ਦੀ ਅਵਾਜ਼) ਆਉਣ ਲਗ ਪਈ ॥ ੧੬੧ ॥

ਚਕਾ ਚਕ ਬਰਖਾਸਤ ਤੀਰ ਓ ਤੁਫੰਗ ॥

ਜ਼ਮੀਂ ਲਾਲ ਸ਼ੁਦ ਚੂੰ ਗੁਲਿ ਲਾਲਹ ਰੰਗ ॥ ੧੬੨ ॥

ਚਕਾ ਚੱਕ–ਸ਼ੂਕਰ, ਸਰੱਟਾ । ਚੂੰ–ਵਰਗੀ । ਗਲਿ ਲਾਲਹ–ਲਾਲੇ ਦੇ ਫੁਲ । ਤੀਰਾਂ ਅਤੇ ਬੰਦੂਕਾਂ ਦਾ ਸੱਰਾਟਾ ਉਠਿਆ । ਧਰਤੀ ਲਾਲੇ ਦੇ ਫੁਲ ਵਰਗੀ ਲਾਲ ਰੰਗ ਦੀ ਹੋ ਗਈ ।।੧੬੨ ॥

ਹਯਾ ਹੂ ਦਰਾਮਦ ਚੋ ਪਹਨ ਅੰਦਰੂੰ ॥

ਦਿਹਾ ਦੇਹ ਸ਼ੁਦਹ ਖੰਜਰੇ ਖਾਰ ਖ਼ੂੰ ॥ ੧੬੩ ॥

ਪਹਨ–ਰਣ ਭੂਮੀ । ਚੋ–ਜਦੋਂ । ਦਿਹਾ ਦੇਹ–ਘਚਾ ਘਚ । ਖ਼ੂੰ–ਲਹੂ ।

ਜਦੋਂ ਲਹੂ ਪੀਣ ਵਾਲੀ ਕਟਾਰ (ਦੇ ਵਜਣ ਦੀ) ਘਚ ਘਚ (ਦੀ ਅਵਾਜ਼) ਹੋਈ (ਤਦ) ਰਣ-ਭੂਮੀ ਵਿਚੋਂ ਹਾਇ ਹਾਇ (ਦੀ ਅਵਾਜ਼ ਆਈ) ॥ ੧੬੩ ॥

ਬ ਰਖਸ਼ ਅੰਦਰ ਆਮਦ ਯਕੇ ਤਾਬ ਰੰਗ ॥
ਬ ਰਖਸ਼ ਅੰਦਰ ਆਮਦ ਦੋ ਚਾਲਾਕ ਜੰਗ ॥ ੧੯੪ ॥

ਰਖ਼ਸ਼—ਚਮਕ, ਪ੍ਰਕਾਸ਼ । ਤਾਬ ਰੰਗ—ਚਮਕੀਲਾ ਰੰਗ । ਰਖ਼ਸ਼—ਘੋੜਾ ।

ਜਦੋਂ ਦੋ ਫੁਰਤੀਲੇ (ਜੋਧੇ) ਘੋੜਿਆਂ ਤੇ (ਚੜ੍ਹ ਕੇ) ਜੰਗ ਵਿਚ ਆਏ । ਤਦੋਂ ਇਕ ਚਮਕੀਲੇ ਰੰਗ ਦਾ ਪ੍ਰਕਾਸ਼ ਹੋ ਗਿਆ (ਭਾਵ ਸਸਤ੍ਰਾਂ ਦੀ ਚਮਕ ਨੇ ਅਖਾਂ ਚੁੰਧਿਆ ਦਿਤੀਆਂ) ॥ ੧੯੪ ॥

ਬ ਸ਼ੋਰਸ਼ ਦਰਾਮਦ ਸਰਾਫੀਲ ਸੂਰ ॥
ਬ ਰਖਸ਼ ਅੰਦਰ ਆਮਦ ਤਨਿ ਖਾਸ ਹੂਰ ॥ ੧੯੫ ॥

ਸ਼ੋਰਸ—ਰੌਲਾ ਗੌਲਾ । ਦਰਾਮਦ—ਹੋਈ । ਸਰਾਫੀਲ—ਇਕ ਫਰਿਸ਼ਤੇ ਦਾ ਨਾਉਂ ਹੈ, ਜੋ ਕਿਆਮਤ ਦੇ ਸਮੇਂ ਤੁਰੀ ਵਜਾਏਗਾ । ਸੂਰ—ਵੰਝਲਾ (ਅਸਰਫਾਈਲ ਦੀ ਤੁਰੀ ਦਾ ਨਾਉਂ ਸੂਰ ਹੈ) । ਖ਼ਾਸ ਹੂਰ—ਚੰਗੀ ਅਪਛਰਾਂ । ਰਖਸ਼—ਘੋੜਾ । ਅਦਰ ਆਮਦ—ਕਾਠੀ ਵਿਚ (ਸਵਾਰ) ਆਈ :

(ਉਸ ਵੇਲੇ) ਅਸਰਫਾਈਲ ਦੇ 'ਸੂਰ' ਨੇ ਸ਼ੋਰ ਮਚਾ ਦਿਤਾ । ਜਦੋਂ ਉਤਮ ਅਪਛਰਾਂ ਦਾ ਸਰੀਰ ਘੋੜੇ (ਦੀ ਕਾਠੀ) ਵਿਚ ਆ ਗਿਆ (ਅਰਥਾਤ ਜਿਸ ਵੇਲੇ ਵਜ਼ੀਰ ਦੀ ਲੜਕੀ ਘੋੜੇ ਉਤੇ ਸਵਾਰ ਹੋ ਗਈ, ਉਸ ਵੇਲੇ ਮੈਦਾਨ ਜੰਗ ਵਿਚ ਰੌਲਾ ਮਚ ਗਿਆ ਅਤੇ ਵੈਰੀ ਦਲ ਵਾਸਤੇ ਕਿਆ-ਮਤ ਦਾ ਦਿਨ ਆ ਗਿਆ) ॥੧੯੫॥

ਰ ਸ਼ੋਰਸ਼ ਦਰਾਮਦ ਜ਼ ਤਨ ਦਰ ਖਰੋਸ਼ ॥
ਬ ਬਾਜੂਏ ਮਰਦਾਂ ਬਰਾਵੁਰਦ ਜੋਸ਼ ॥ ੧੯੬ ॥

ਸ਼ੋਰਸ਼—ਰੌਲਾ । ਦਰਾਮਦ—ਮਚ ਗਿਆ । ਤਨ ਦਰ—ਸਰੀਰ ਵਿਚ । ਖਰੋਸ਼—ਕਰੋਧ । ਬਾਜੂਏ—ਬਾਹਵਾਂ । ਬਰਾਵੁਰਦ—ਕਢਿਆ । ਜੋਸ—ਉਬਾਲ ।

ਜਦੋਂ ਸ੍ਰੀਰਾਂ ਵਿਚ ਕਰੋਧ (ਜਾਗਿਆ, ਤਦ ਰਣ-ਭੂਮੀ ਵਿਚੋਂ) ਰੋਲੇ ਦੀ ਅਵਾਜ਼ ਆਈ ਅਤੇ ਸੂਰਮਿਆਂ ਦੀਆਂ ਬਾਹਵਾਂ (ਵਿਚ ਮਨ ਦਾ) ਉਛਾਲਾ ਆ ਗਿਆ ॥੧੯੬॥

ਯਕੇ ਫ਼ਰਸ਼ ਆਰਾਸਤ ਸੁਰਖ਼ ਅਤਲਸੀ ॥
ਬਿ ਖਾਨਦ ਚੋ ਮਕਤਬਿ ਜ਼ਬਾ ਪਹਲਵੀ ॥ ੧੯੭ ॥

ਫਰਸ਼—ਵਿਛੌਣਾ । ਆਰਾਸਤ—ਵਿਛਾ ਦਿਤਾ । ਸੁਰਖ਼—ਲਾਲ ਰੰਗ । ਅਤਲਸੀ—ਚਮਕਦਾਰ । ਖ਼ਾਨਦ—ਪੜ੍ਹਦੇ ਹਨ । ਚੋ—ਜਿਵੇਂ । ਮਕਤਿਬ—ਸਕੂਲ । ਜ਼ਬਾਂ—ਬੋਲੀ । ਪਹਲਵੀ—ਨਾਮ ਹੈ ।

ਸੂਹੇ ਰੰਗ ਦੀ ਅਤਲਸ਼ ਦਾ ਫਰਸ਼ (ਧਰਤੀ ਉਤੇ) ਵਿਛਾ ਦਿਤਾ ਹੈ । ਮਾਨੋ ਮਦਰਸੇ ਵਿਚ (ਮੁੰਡੇ) ਪਹਲਵੀ ਬੋਲੀ ਪੜ੍ਹ ਰਹੇ ਹਨ ॥੧੯੭॥

ਭਾਵ—ਸੂਰਮਿਆਂ ਨੇ ਜੋਸ਼ ਵਿਚ ਆ ਕੇ ਅਜਿਹੀ ਤਲਵਾਰ ਚਲਾਈ ਇਸ ਨਾਲ ਸਾਰੀ ਧਤ੍ਰੀ ਲਾਲੋ ਲਾਲ ਹੋ ਗਈ, ਉਹ ਮਾਨੋ ਲਾਲ ਰੰਗ ਦਾ ਅਤਲਸ ਦਾ ਫਰਸ਼ ਵਿਛਾ ਦਿਤਾ ਹੈ । ਜੇਹੜੇ ਅਧਮੋਏ ਸਿਪ ਹੀ ਕਰਾਹ ਰਹੇ ਹਨ, ਉਹ ਮਾਨੋ ਪਹਲਵੀ ਬੋਲੀ ਪੜ੍ਹ ਰਹੇ ਹਨ ।

ਬ ਮਰਦੁਮ ਚੁਨਾ ਕੁਸ਼ਤਹ ਸ਼ੁਦ ਕਾਰਜ਼ਾਰ ॥
ਜ਼ਬਾਂ ਦਰ ਗੁਜ਼ਾਰਮ ਨਿਯਾਯਦ ਸ਼ੁਮਾਰ ॥ ੧੯੮ ॥

ਬ—ਵਿਚ। ਮਰਦੁਮ—ਪੁਰਖਾਂ। ਚੁਨਾ—ਇਤਨੇ। ਕੁਸ਼ਤਹ ਸ਼ੁਦ—ਮਾਰੇ ਗਏ। ਕਾਰਜ਼ਾਰ—ਜੁਧ। ਜ਼ਬਾਂ—ਜੀਭ। ਦਰ ਗੁਜ਼ਾਰਮ—ਚੁਪ ਕਰਦਾ। ਨਿਯਾਯਦ—ਨਹੀਂ ਆ ਸਕਦੀ।

ਲੜਾਈ ਵਿਚ ਏਨੇ ਆਦਮੀ ਮਾਰੇ ਗਏ ਸਨ।(ਜਿਨ੍ਹਾਂ ਦੀ ਗਿਣਤੀ ਵਲੋਂ)ਜ਼ੀਵ ਤੋਂ ਦਰਗੁਜ਼ਰ ਕਰਦਾ ਹਾਂ(ਭਾਵ ਬੇ-ਬਸ਼ੀ ਕਰਕੇ ਚੁਪ ਕਰਦਾ ਹਾਂ,ਕਿਉਂਕਿ) ਗਿਣਤੀ ਨਹੀਂ ਹੋ ਸਕਦੀ ॥੧੬੮॥

ਗੁਰੇਜ਼ਾਂ ਸ਼ੁਦਹ ਸ਼ਾਹਿ ਮਾਯਿੰਦਰਾਂ ॥
ਬਿ ਕੁਸ਼ਤੰਦ ਲਸ਼ਕਰ ਗਿਰਾਂ ਤਾ ਗਿਰਾਂ ॥ ੧੬੯ ॥

ਗੁਰੇਜ਼ਾਂ ਸ਼ੁਦਹ—ਨਸਦਾ ਹੋਇਆ। ਸਾਹਿ—ਰਾਜਾ। ਕੁਸ਼ਤੰਦ—ਮਾਰਿਆ ਗਿਆ। ਲਸ਼ਕਰ—ਫੌਜ। ਗਿਰਾਂ ਤਾ ਗਿਰਾਂ—ਬਹੁਤ ਤੋਂ ਬਹੁਤ।

ਮਾਯਿੰਦਰਾਂ ਦਾ ਰਾਜਾ (ਰਣ-ਭੂਮੀ ਵਿਚੋਂ) ਨਸਦ ਹੋਇਆ (ਅਰਥਾਤ ਨਸ ਗਿਆ)। (ਕਿਉਂਕਿ ਉਸ ਦੀ) ਬਹੁਤ ਵਡੀ ਭਾਰੀ ਫੌਜ ਮਾਰੀ ਗਈ ॥੧੬੯॥

ਕਿ ਪੁਸਤਸ਼ ਬਿਉਫਤਾਦ ਦੁਖਤਰ ਵਜ਼ੀਰ ॥
ਬਿ ਬਸਤੰਦ ਓ ਰਾ ਵਾ ਕਰਦੰਦ ਅਸੀਰ ॥ ੧੭੦ ॥

ਪੁਸ਼ਤ—ਪਿਛੇ। ਸ਼—ਉਸ ਦੇ। ਬਿਉਫਤਾਦ—ਚਲ ਪਈ। ਦੁਖਤਰ—ਲੜਕੀ। ਬਸਤੰਦ—ਬੰਨ੍ਹ (ਫੜ) ਲਿਆ। ਓ ਰਾ—ਉਸ ਨੂੰ। ਅਸ਼ੀਰ—ਕੈਦ। ਵਜ਼ੀਰ ਦੀ ਲੜਕੀ(ਫੌਜ ਲੈ ਕੇ) ਉਸ ਦੇ ਪਿਛੇ ਪੈ ਗਈ। ਉਸ ਨੂੰ ਫੜ ਲਿਆ ਅਤੇ ਕੈਦ ਕਰ ਲਿਆ ॥੧੭੦॥

ਬ ਨਿਜ਼ਦੇ ਬਿਆਵੁਰਦ ਜ਼ੋ ਸ਼ਾਹਿ ਖੇਸ਼ ॥
ਬਿ ਗੁਫਤਹ ਕਿ ਐ ਸ਼ਾਹਾਨਿ ਪੇਸ਼ ॥ ੧੭੧ ॥

ਨਿਜ਼ਦੇ—ਨੇੜੇ, ਕੋਲ। ਬਿਆਵੁਰਦ—ਲੈ ਆਈ। ਸ਼ਾਹਿ—ਰਾਜੇ। ਖੇਸ਼—ਆਪਣੇ। ਗੁਫ਼ਤਹ—ਕਿਹਾ। ਪੇਸ਼—ਪਹਿਲੇ। ਜ਼—ਉਸ। ਉਸ ਨੂੰ ਆਪਣੇ ਰਾਜੇ (ਭਾਵ ਪਤੀ) ਦੇ ਕੋਲ ਲੈ ਆਈ। (ਅਤੇ ਆ ਕੇ) ਕਿਹਾ—ਹੇ ਪਹਿਲੇ ਰਾਜਿਆਂ ਦੇ ਰਾਜੇ! ॥੧੭੧॥

ਬਿਗੋਯਦ ਕਿ ਐ ਸ਼ਾਹਿ ਮਾਯਿੰਦਰਾਂ ॥
ਬਿ ਬਸਤਹ ਬਿਆਵੁਰਦ ਨਿਜ਼ਦਿ ਸ਼ੁਮਾ ॥ ੧੭੨ ॥

ਬਿਗੋਯਦ—ਆਖਿਆ। ਐ ਸ਼ਾਹਿ—ਹੇ ਰਾਜੇ। ਬਸਤਹ—ਬੰਨ੍ਹ ਕੇ। ਬਿਆਵੁਰਦ—ਲਿਆਂਦਾ ਹੈ। ਨਿਜ਼ਦਿ—ਕੋਲ। ਸ਼ੁਮਾ—ਤੁਹਾਡੇ।

(ਫਿਰ) ਆਖਿਆ—ਹੇ ਰਾਜੇ! (ਇਹ) ਮਾਯਿੰਦਰਾਂ ਦੇ ਰਾਜੇ ਨੂੰ ਬੰਨ੍ਹ ਕੇ ਤੁਹਾਡੇ ਕੋਲ ਲੈ ਆਂਦਾ ਹੈ ॥੧੭੨॥

ਅਗਰ ਤੋ ਬਿਗੋਈ ਬਜ਼ਾਂ ਈਂ ਬਰਮ ॥
ਵ ਗਰ ਤੋ ਬਿਗੋਈ ਬਜ਼ਿੰਦਾ ਦਿਹਮ ॥ ੧੭੩ ॥

ਅਗਰ—ਜੇਕਰ। ਤੋ—ਤੂੰ ਬਿਗੋਈ—ਆਖੇਂ। ਬਜ਼ਾਂ—ਜਾਨ ਤੋਂ। ਈਂ—ਇਸ ਨੂੰ। ਬਰਮ—ਲੈ ਜਾਵਾਂ। ਵ ਗਰ—ਅਤੇ ਜੇ। ਬਜ਼ਿਦਾ—(ਬ—ਵਿਚ)ਕੈਦੀਆਂ ਦੇ ਘਰ ਜੇਹਲ। ਦਿਹਮ—ਦੇਵਾਂ।

ਜੇਕਰ ਤੂੰ ਆਖੇਂ(ਤਾਂ)ਇਸ ਨੂੰ ਜਾਨ ਤੋਂ ਲੈ ਜਾਵਾਂ(ਭਾਵ ਜਾਨੋਂ ਮਾਰ ਦੇਵਾਂ)ਅਤੇ ਜੇ ਆਖੇਂ

(ਤਾਂ) ਜੰਦਰੇ ਵਿਚ ਦੇ ਦੇਵਾਂ (ਭਾਵ ਕੈਦ ਕਰ ਦੇਵਾਂ) ॥੧੭੩॥

ਬਿ ਜ਼ਿੰਦਾ ਸੁਪੁਰਦੰਦ ਓ ਰਾ ਅਜ਼ੀਮ ॥

ਸਤਾਨਦ ਅਜ਼ੋ ਤਾਜਿ ਸ਼ਾਹੀ ਕਲੀਮ ॥ ੧੭੪ ॥

ਬਿ=ਵਿਚ। ਜ਼ਿਦਾ-ਬੰਦੀ ਘਰ। ਸੁਪਰਦੰਦ-ਸਪੁਰਦ ਕੀਤਾ, ਭੇਜ ਦਿਤਾ। ਓ ਰਾ-ਉਸ ਨੂੰ। ਅਜ਼ੀਮ-ਵਡਾ। ਸਤਾਨਦ-ਲੈ ਲਿਆ। ਅਜ਼-ਉਸ ਤੋਂ। ਤਾਜਿ-ਛਤਰ ਚੌਰ ਵਾ ਜਿਗਾ ਕਲਗੀ। ਸ਼ਾਹੀ-ਪਾਤਸ਼ਾਹੀ, ਹਕੂਮਤ। ਕਲੀਮ-ਦੇਸ।

ਉਸ ਨੂੰ ਵਡੇ ਜੇਹਲ ਘਰ ਵਿਚ ਭੇਜ ਦਿਤਾ। ਉਸ ਪਾਸੋਂ ਦੇਸ ਦੀ ਪਾਤਸ਼ਾਹੀ(ਦਾ ਤਖਤ) ਛਤਰ ਤੇ ਚੌਰ ਖੋਹ ਲਿਆ ॥੧੭੪॥

ਸ਼ਹਨਸ਼ਾਹਗੀ ਯਾਫ਼ਤ ਹੁਕਮਿ ਰਜ਼ਾਕ ॥

ਬਸੇ ਦਸ਼ਮਨਾ ਰਾ ਕੁਨਦ ਚਾਕ ਚਾਕ ॥ ੧੭੫ ॥

ਸ਼ਹਨਸ਼ਾਹਗੀ-ਚਕ੍ਰਵਰਤੀ ਰਾਜ ਦੀ ਹਕੂਮਤ। ਯਾਫ਼ਤ-ਪਾ ਲਿਆ।ਰਜ਼ਾਕ=ਰਾਜ਼ਕ, ਅੰਨ ਦਾਤਾ ਵਾਹਿਗੁਰੂ। ਬਸੇ-ਬਹੁਤ। ਚਾਕ-ਟੁਕੜੇ। ਰੱਬ ਦੇ ਹੁਕਮ ਨਾਲ ਚਕ੍ਰਵਰਤੀ ਰਾਜ ਦੀ ਪਾਤਸ਼ਾਹੀ ਪਾ ਲਈ। ਬਹੁਤ ਸਾਰੇ ਵੈਰੀਆਂ ਨੂੰ ਟੁਕੜੇ ਟੁਕੜੇ ਕਰ ਦਿਤਾ ॥ ੧੭੫ ॥

ਚੁਨਾ ਕਰਦਹ ਸ਼ੁਦ ਕਸਦਿ ਮਿਹਨਤ ਕਸੇ ॥

ਕਿ ਰਹਮਤ ਬਿ ਬਖਸ਼ੰਦ ਜ਼ੋ ਰਹਮਤੇ ॥ ੧੭੬ ॥

ਚੁਨਾ-ਅਜੇਹੀ। ਕਰਦਹ ਸ਼ੁਦ-ਕੀਤੀ ਜਾਵੇ। ਕਸਦਿ-ਹਮਲੇ। ਮਿਹਨਤ-ਔਖਿਆਈ, ਤਕਲੀਫ। ਕਸੇ-ਕੋਈ। ਰਹਮਤ-ਦਇਆ। ਬਖਸ਼ੰਦ-ਕਰਦਾ ਹੈ। ਰਹਮਤੇ-ਦਿਆਲ।

ਜੇਹੜਾ ਕੋਈ ਅਜੇਹੀ ਤਕਲੀਫ ਦੇ ਹਮਲੇ ਨੂੰ (ਸਹਾਰਨਾ) ਕਰ ਲੈਂਦਾ ਹੈ। ਉਸ ਦੇ (ਉਤੇ) ਦਿਆਲੂ ਪਰਮੇਸ਼ਰ ਦਇਆ ਕਰਦਾ ਹੈ ॥ ੧੭੬ ॥

ਕਿ ਓ ਸ਼ਾਹਬਾਨੋ ਸ਼ੁਦੋ ਮੁਲਕ ਸ਼ਾਹ ॥

ਕਿ ਸ਼ਾਹੀ ਹਮੀ ਯਾਫ਼ਤ ਹੁਕਮਿ ਅਲਾਹ ॥ ੧੭੭ ॥

ਸ਼ਾਹਬਾਨੋ-ਰਾਣੀ। ਸ਼ੁਦੋ-ਹੋ ਗਈ ਅਤੇ। ਮੁਲਕ-ਦੇਸ। ਸ਼ਾਹ-ਰਾਜਾ। ਸ਼ਾਹੀ-ਪਾਤਸ਼ਾਹੀ, ਹਕੂਮਤ। ਹਮੀ ਯਾਫ਼ਤ-ਪਾ ਲਈ। ਹੁਕਮਿ-ਹੁਕਮ ਨਾਲ। ਅਲਾਹ-ਰਬ।

ਓਹ ਰਾਣੀ ਹੋ ਗਈ ਅਤੇ ਉਹ ਦੇਸ ਦਾ ਰਾਜਾ। ਰੱਬ ਦੇ ਹੁਕਮ ਨਾਲ (ਉਹਨਾਂ) ਪਾਤਸ਼ਾਹੀ ਪਾ ਲਈ ॥ ੧੭੭ ॥

ਬਿਦੇਹ ਸਾਕੀਆ ਸਾਗਰਿ ਸਬਜ ਆਬ ॥

ਕਿ ਬੇਰੂੰ ਬਿਉਫਤਾਦ ਪਰਦਹ ਨਿਕਾਬ ॥ ੧੭੮ ॥

ਸਾਗਰਿ=ਪਿਆਲਾ। ਸਬਜ-ਹਰਾ। ਆਬ-ਪਾਣੀ। ਬੇਰੂੰ-ਬਾਹਰ। ਬਿਉਫਤਾਦ-ਡਿਗ ਪਵੇ। ਪਰਦਹ-ਓਟ। ਨਿਕਾਬ-ਘੁੰਡ।

ਹੇ ਸਾਕੀ! ਹਰੇ ਰੰਗ ਦਾ ਪਿਆਲਾ ਦੇਹੁ। (ਜਿਸ ਕਰਕੇ) ਘੁੰਡ ਦਾ ਪੜਦਾ ਬਾਹਰ ਜਾ ਪਵੇ (ਅਤੇ ਪ੍ਰੀਤਮ ਦਾ ਮੁਖੜਾ ਪ੍ਰਤਖ ਦਿਸਣ ਲਗ ਪਵੇ) ॥ ੧੭੮ ॥

ਬਿਦੇਹ ਸਾਕੀਆ ਸਬਜ਼ ਰੰਗੇ ਫਰੰਗ ॥
ਕਿ ਵਕਤੇ ਬਕਾਰ ਅਸਤ-ਅਜ਼ ਰੋਜ਼ ਜੰਗ ॥੧੭੯॥੧੦॥

ਹੇ ਸਾਕੀ ! ਸਾਵੇ ਰੰਗ ਦਾ ਰੰਗ (ਪਰੇਮ) ਦੇਹ । ਜੋ ਜੁਧ ਦੇ ਦਿਨ ਅਤੇ ਜੁਧ ਦੇ ਵੇਲੇ ਲੋੜੀਦਾ ਹੈ ॥ ੧੭੯ ॥ ੧੦ ॥

ਭਾਵ-'ਭਾਬੀਰੀ ਦੇ ਪਾਤ ਪਾਰਦੋ' ਅਤੇ 'ਵਿਚ ਹਉਮੈ ਭੀਤ ਕਰਾਰੀ ਹੇ ।'

ਤਥਾ-'ਹਉ ਹਉ ਭੀਤ ਭਇਓ ਹੈ ਬੀਚੇ ਬਿਨੁ ਪੇਖੈ ਦੂਰਾਇਓ ।' ਇਸ ਪੜਦੇ ਨੂੰ ਦੂਰ ਕਰਨ ਵਾਸਤੇ ਗੁਰੂ ਕੋਲ ਅਰਜੋਈ ਕੀਤੀ ਹੈ. ਕਿਉਂਕਿ-

ਕਹੁ ਨਾਨਕ ਹਉਮੈ ਭੀਤ ਗੁਰ ਖੋਈ ਅੰਭੇ ਅੰਭ ਮਿਲਾਇਓ ॥

ਗੁਰੂ ਪਰੇਮ ਦਾ ਪਿਆਲਾ ਬਖਸ਼ ਦੇਵੇ ਤਾਂ ਉਸ ਪਰੇਮ ਦੇ ਰੰਗ ਵਿਚ ਰੰਗੇ ਜਾਣ ਕਰਕੇ ਹਉਮੈ ਦੀ ਕੰਧ ਦੂਰ ਹੋ ਜਾਂਦੀ ਹੈ ।

ਦੂਜੇ ਦਰਜੇ ਉਤੇ ਫੇਰ ਪਰੇਮ ਦੇ ਰੰਗ ਦੀ ਮੰਗ ਕੀਤੀ ਹੈ ਅਤੇ ਕਿਹਾ ਹੈ,ਇਹ ਜੁਧ ਦੇ ਸਮੇਂ ਕੰਮ ਆਵੇਗਾ । ਉਸ ਜੁਧ ਦਾ ਵਰਣਨ ਭੀ ਸਤਿਗੁਰੂ ਜੀ ਨੇ ਇਉਂ ਕੀਤਾ ਹੈ-

ਕਿਉ ਲੀਜੈ ਗੜ ਬੰਕਾ ਭਾਈ ॥ ਦੋਵਰ ਕੋਟ ਅਰੁ ਤੇਵਰ ਖਾਈ ॥
ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪਰਬਲ ਮਾਇਆ ॥
ਜਨ ਗਰੀਬ ਕੋ ਜੋਰ ਨ ਪਹੁਚੈ ਕਹਾ ਕਰਉ ਰਘੁਰਾਇਆ ॥
ਕਾਮ ਕਿਵਾਰੀ ਦੁਖ ਸੁਖ ਦਰਵਾਨੀ ਪਾਪ ਪੁੰਨ ਦਰਵਾਜਾ ॥
ਕ੍ਰੋਧ ਪਰਧਾਨ ਮਹਾ ਬਡ ਦੁੰਦਰ ਤਹ ਮਨ ਮਾਵਾਸੀ ਰਾਜਾ ॥
ਸ੍ਵਾਦ ਸਨਾਹ ਟੋਪ ਮਮਤਾ ਕੋ ਕੁਬੁਧਿ ਕਮਾਨ ਚਢਾਈ ॥
ਤ੍ਰਿਸਨਾ ਤੀਰ ਰਹੇ ਘਟ ਭੀਤਰਿ ਇਉ ਗਢ ਲੀਓ ਨ ਜਾਈ ॥

ਇਥੋਂ ਤਕ ਕਿਲੇ ਦਾ ਰੂਪ ਕਥਨ ਕਰਕੇ ਅਗੇ ਇਸ ਨੂੰ ਤੋੜਨ ਦਾ ਸਾਧਨ ਫੁਰਮਾਇਆ ਹੈ-

ਪ੍ਰੇਮ ਪਲੀਤਾ ਸੁਰਤ ਹਵਾਈ ਗੋਲਾ ਗਿਆਨ ਚਲਾਇਆ ॥
ਬ੍ਰਹਮ ਅਗਨਿ ਸਹਜੇ ਪਰਜਾਲੀ ਏਕੈ ਚੋਟ ਸੀਝਾਇਆ ॥
ਸਤ ਸੰਤੋਖ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ ॥
ਸਾਧ ਸੰਗਤਿ ਅਰੁ ਗੁਰ ਕੀ ਕਿਰਪਾ ਤੇ ਪਕਰਿਓ ਗਢ ਕੋ ਰਾਜਾ ॥
ਭਗਵਤ ਭੀਰ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ ॥
ਦਾਸ ਕਮੀਰ ਚੜਿਓ ਗੜ੍ਹ ਊਪਰਿ ਰਾਜ ਲੀਓ ਅਬਨਾਸੀ ॥ (ਭੈਰੋ)

ਇਸ ਕਾਰਨ ਕਰਕੇ ਸਾਰੇ ਕਾਰਜ ਨੂੰ ਪੂਰਾ ਕਰਨ ਵਾਲਾ ਸਾਰਿਆਂ ਸਾਧਨਾਂ ਵਿਚੋਂ ਮੁਖ ਸਾਧਨ ਪਰੇਮ ਹੈ, ਜਿਸਨੇ ਪ੍ਰਭੂ ਦੇ ਦਰ ਤੇ ਪੁਚਾ ਦੇਣਾ ਹੈ ।

-o-

ਸਿਖਿਆ-ਇਸ ਕਹਾਣੀ ਤੋਂ ਸਿਖਿਆ ਦਿਤੀ ਹੈ ਕਿ ਐ ਔਰੰਗਜ਼ੇਬ ! ਦੋਵੇਂ ਲੜਕਾ ਲੜਕੀ ਪਰੇਮ ਵਿਚ ਪ੍ਰਵਧੇ ਗਏ,ਉਹਨਾਂ ਨੇ ਕੋਈਪਾਪ ਨਹੀਂ ਕੀਤਾ।ਸਚਾ ਤੇਸੁਚਾ ਪਰੇਮ ਰਬ ਨੂੰ ਮਿਲਾਉਣ ਵਾਲਾ ਹੈ । ਉਸ ਪਰੇਮ ਦਾ ਰੂਪ ਪਹਿਲੋਂ ਦੁਨਿਆਵੀ ਪਰੇਮ ਤੋਂ ਹੀ ਦਿਸਦਾ ਹੈ । ਜਿਸ ਨੇ ਦੁਨੀਆਂ ਵਿਚ ਇਕ ਦੇ ਨਾਲ ਸੁਚਾ ਪਰੇਮ ਕੀਤਾ ਹੈ,ਉਹ ਮਾਨੋ ਰਬ ਦਾ ਹੀ ਪਰੇਮ ਹੈ।ਉਨ੍ਹਾਂ ਨੇ ਪਰੇਮ ਕੀਤਾ ਪਰ ਮਾਪਿਆਂ ਨੇ ਦੋਹਾਂ ਉਤੇ ਜ਼ੁਲਮ ਦਾ ਪਹਾੜ ਸੁਟ ਦਿਤਾ । ਉਹ ਦੋਵੇਂ ਅਲ੍ਹੜ,ਨਿਮਾਣੇ,ਨਿਥਾਵੇਂ

ਮੌਤ ਦੇ ਮੂੰਹ ਵਿਚ ਧਕ ਦਿਤੇ ਗਏ। ਉਹ ੮ਰੇਮ-ਗਲੀ ਦੇ ਪੰਧਾਊ ਸਨ, ਮੌਤ ਤੋਂ ਉਹਨਾਂ ਕੀ ਡਰਨਾ ਸੀ ? ਉਹ ਡਰੇ ਨਹੀਂ, ਰੱਬ ਦੇ ਭਾਣੇ ਤੇ ਸ਼ਾਕਰ ਰਹਿ ਕੇ ਜ਼ੁਲਮ ਨੂੰ ਸਿਰ ਤੇ ਧਰ ਕੇ ਚਲੇ ਗਏ ਅਤੇ ਅਨੇਕਾਂ ਦੁਖ ਤਕਲੀਫਾਂ ਤੇ ਬਲਾਵਾਂ ਵਿਚੋਂ ਲੰਘ ਗਏ ਮਾਨੋ ਮੌਤ ਦੇ ਸਤ ਦਰਵਾਜ਼ੇ ਟੱਪ ਕੇ ਬੈਕੁੰਠ ਵਿਚ ਪੁਜ ਗਏ। ਰਾਜੇ ਦਾ ਪੁਤ੍ਰ ਫਿਰ ਰਾਜਾ ਹੋ ਗਿਆ। ਰਾਜ ਨੂੰ ਪਾ ਕੇ ਪ੍ਰੇਮ ਪ੍ਰਵਾਨਿਆਂ ਨੇ ਜ਼ਾਲਮਾਂ ਦੀ ਸੋਧ ਕਰਨੀ ਅਪਣਾ ਫਰਜ਼ ਜਾਣਿਆ ਤੇ ਘਰ ਨੂੰ ਮੁੜ ਆਏ।

ਕਮਜ਼ੋਰ ਤੀਵੀਂ ਨਹੀਂ ਸਗੋਂ 'ਅਬਲਾ' ਨਾਮ ਕਹਾਉਣ ਵਾਲੀ ਅੱਲੜ ਕੁੜੀ ਨੇ ਪਰੇਮ ਦੇ ਆਸਰੇ ਹੋਕੇ ਜੁਧ ਦੇ ਉਹ ਕੌਤਕ ਵਿਖਾਏ ਕਿ ਮੰਨੇ ਪ੍ਰਮੰਨੇ ਚੋਣਵੇਂ ੭੦ ਜੁਆਨ ਰਣਭੂਮੀ ਵਿਚ ਥਾਂ ਰਖੇ। ਵਜ਼ੀਰ ਹੈ ਮਾਰਿਆ ਤੇ ਰਾਜੇ ਨੂੰ ਭਗੌੜਾ ਕਰਕੇ ਫੜ ਲਿਆ ਅਤੇ ਕੈਦੀ ਕਰਕੇ ਪਤੀ ਦੇ ਚਰਨਾਂ ਤੇ ਲਿਆ ਸੁਟਿਆ। ਮਗਰੋਂ ਆਪਣੇ ਅਸਲੀ ਰਾਜ ਨੂੰ ਪਾ ਕੇ ਧਰਮ ਰਾਜ ਕਾਇਮ ਕੀਤਾ। ਇਸ ਤਰ੍ਹਾਂ ਜੋ ਭੀ ਸੱਚ ਦੀ ਓਟ ਫੜ ਲੈਂਦਾ ਹੈ, ਉਹ ਭਾਵੇਂ ਪਹਿਲੋਂ ਕਿੰਨਾ ਭੀ ਕਮਜ਼ੋਰ ਹੋਵੇ, ਪਰ ਚੂੰਕਿ ਉਸਦਾ ਇਕ ਮਾਲਕ ਦਾ ਭਰੋਸਾ ਪ੍ਰਪੱਕ ਹੁੰਦਾ ਹੈ, ਇਸ ਕਾਰਨ ਕਰਕੇ ਉਸ ਦਾ ਕਦੇ ਭੀ ਨਾਸ ਨਹੀਂ ਹੋ ਸਕਦਾ। ਤੂੰ ਭਾਵੇਂ ਖਾਲਸੇ ਨੂੰ ਮਾਰਨ ਵਾਸਤੇ ਕਈ ਤਰ੍ਹਾਂ ਦੇ ਛਲ ਫਰੇਬ ਕਰ ਰਿਹਾ ਹੈਂ, ਪਰ ਚੇਤੇ ਰਖ, ਉਸ ਰਾਜ ਕੁਮਾਰ ਤੇ ਵਜ਼ੀਰ ਪੁਤ੍ਰੀ ਵਾਂਗੂ ਇਸ ਖਾਲਸੇ ਨੇ ਹੀ ਤੇਰੇ ਰਾਜ ਦੀ ਜੜ੍ਹ ਨੂੰ ਪੁਟ ਕੇ ਖਾਰੇ ਸਮੁੰਦਰ ਵਿਚ ਸੁਟਣਾ ਹੈ। ਤੂੰ ਇਸ ਗੱਲ ਤੋਂ ਭੁਲਾ ਹੋਇਆ ਹੈਂ ਕਿ ਖਾਲਸਾ ਕਿਸਦੇ ਆਸਰੇ ਹੋ ਕੇ ਮੇਰੇ ਵਰਗੇ ਚਕ੍ਰਵਰਤੀ ਰਾਜ ਦਾ ਮੁਕਾਬਲਾ ਕਰੇਗਾ। ਮਾਯਿੰਦ੍ਰਾਂ ਦਾ ਚਕ੍ਰਵਰਤੀ ਰਾਜਾ ਇਕ ਦੇਸ ਤੋਂ ਧਕੇ ਹੋਏ ਲੜਕੇ ਤੇ ਲੜਕੀ ਦੇ ਹਥਾਂ ਹੀ ਤਬਾਹ ਹੋਇਆ ਸੀ। ਇਸ ਤਰ੍ਹਾਂ ਹੀ ਤੇਰਾ ਖਾਤਮਾ ਤੇ ਤੇਰੇ ਰਾਜ ਦਾ ਅੰਤ ਖਾਲਸੇ ਦੇ ਹਥੋਂ ਹੀ ਹੋਣਾ ਹੈ।

—o—

ਵਾਹਿਗੁਰੂ ਜੀ ਕੀ ਫਤਹ॥

(ਹਿਕਾਯਤ ਯਾਜ਼ਦਹੁਮ--ਯਾਰਵੀਂ ਕਹਾਣੀ)

ਤੋਈ ਦਸਤਗੀਰ ਅਸਤ ਦਰਮਾਂਦਗਾਂ॥
ਤੋਈ ਕਾਰ ਸਾਜ਼ ਅਸਤ ਬੇਚਾਰਗਾਂ॥ ੧॥

ਤੋਈ–ਤੂੰਹੀ। ਦਸਤਗੀਰ–ਹਥ ਫੜਨ ਵਾਲਾ, ਸਹਾਰਾ ਦੇਣਵਾਲਾ। ਅਸਤ–ਹੈਂ। ਦਰਮਾਂਦਗਾਂ–ਥਕੇ ਹਾਰ ਹੋਏ। ਕਾਰ ਸਾਜ਼–ਕੰਮ ਬਣਾਉਣ ਵਾਲਾ। ਬੇਚਾਰਗਾਂ–ਵਿਚਾਰਿਆਂ, ਨਿਰ ਉਪਾਵਾਂ।

(ਹੇ ਮੇਰੇ ਵਾਹਿਗੁਰੂ !) ਤੂੰਹੀ ਥਕੇ ਹਾਰੇ ਹੋਇਆਂ ਨੂੰ ਸਹਾਰਾ ਦੇਣ ਵਾਲਾ ਹੈਂ। ਵਿਚਾਰੇ ਨਿਰ-ਉਪਾਵਾਂ ਦੇ ਕੰਮਾਂ ਨੂੰ ਬਣਾਉਣ ਵਾਲਾ ਭੀ ਤੂੰਹੀ ਹੈਂ॥ ੧॥

ਸ਼ਹਨਸ਼ਾਹ ਬਖ਼ਸ਼ਿੰਦਹ ਏ ਬੇਨਿਆਜ਼॥
ਜ਼ਮੀਨੋ ਜ਼ਮਾਂ ਰਾ ਤੋਈ ਕਾਰ ਸਾਜ਼॥ ੨॥

ਬਖ਼ਸ਼ਿੰਦਹ–ਬਖਸ਼ ਦੇਂਦਾ ਹੈ। ਬੇਨਿਆਸ਼–ਇਛਾਂ ਤੋਂ ਬਿਨਾ, ਮੰਗੇ ਤੋਂ ਬਿਨਾਂ। ਜ਼ਮੀਨੋ ਜ਼ਮਾਂ ਰਾ–ਧਰਤੀ ਤੇ ਅਕਾਸ਼ ਦਾ। ਕਾਰ ਸਾਜ਼–ਕੰਮ ਬਨਾਉਣ ਵਾਲਾ।

ਤੂੰ ਬੇਨਿਆਜ਼ਾਂ ਨੂੰ ਚਕ੍ਰਵਰਤੀ ਰਾਜ ਬਖਸ਼ਣ ਵਾਲਾ ਹੈਂ। ਤੂੰ ਧਰਤੀ ਅਤੇ ਅਕਾਸ਼ ਦੇ ਕੰਮ ਬਨਾਉਣ ਵਾਲਾ ਹੈਂ (ਭਾਵ ਲੋਕ ਪ੍ਰਲੋਕ ਦੇ ਸਵਾਰਨ ਵਾਲਾ ਹੈਂ)॥ ੨॥

ਹਕਾਯਤ ਸ਼ੁਨੀਦੇਮ ਸ਼ਾਹਿ ਕਲਿੰਜਰ॥

ਕੁਨਾਨੀਦ ਯਕ ਦਰ ਚੋ ਅਜ਼ ਕੋਹ ਮੰਜ਼ਰ ॥ ੩ ॥

ਹਕਾਯਤ—ਕਹਾਨੀ । ਸੁਨੀਦੇਮ—ਮੈਂ ਇਕ ਸੁਣੀ।ਕਲਿੰਜਰ—ਸ਼ੈਹਰ ਦਾ ਨਾਮ ਹੈ । ਕੁਨਾਨੀਦ —ਬਣਵਾਯਾ । ਦਰ—ਬੂਹਾ । ਚ—ਵਰਗਾ । ਮੰਜਰ—ਦਰਸਨੀਕ ।

ਅਸਾ ਕਲਿੰਜਰ (ਸ਼ੈਹਰ) ਦੇ ਰਾਜੇ ਦੀ ਕਹਾਣੀ ਸੁਣੀ ਹੈ । (ਜਿਸ ਨੇ) ਪਹਾੜ ਵਰਗਾ ਵੇਖਣ ਦੇ ਯੋਗ ਵਿਚ ਇਕ ਦਰਵਾਜ਼ਾ ਬਣਾਇਆ ਸੀ ॥ ੩ ॥

ਯਕੇ ਪਿਸਰਿ ਓ ਬੂਦ ਹੁਸਨਲ ਜਮਾਲ ॥
ਕਿ ਲਾਇਕ ਜਹਾਂ ਬੂਦ ਅਜ਼ ਮੁਲਕੋ ਮਾਲ ॥ ੪ ॥

ਪਿਸਰਿ—ਪੁਤ । ਬੂਦ—ਸੀ । ਹੁਸਨਲ ਜਮੀਲ——ਬਹੁਤ ਸ਼ਹਣੇ ਰੂਪ ਵਾਲਾ । ਮੁਲਕੋ ਮਾਲ—ਦੇਸ ਤੇ ਦੋਲਤ । ਲਾਇਕ—ਯੋਗ । ਜਹਾਂ—ਜਗਤ ।

ਉਸ ਦਾ ਇਕ ਪੁਤ੍ਰ ਬੜੇ ਸੋਹਣੇ ਸਰੂਪ ਵਾਲਾ ਸੀ । ਜੋ ਦੇਸ ਤੇ ਦੌਲਤ ਕਰਕੇ (ਹਰ ਤਰ੍ਹਾਂ ਨਾਲ) ਜਗਤ ਦੇ ਯੋਗ ਸੀ ॥ ੪ ॥

ਯਕੇ ਸ਼ਾਹ ਓ ਜਾਇ ਦੁਖ਼ਤਰ ਅਜ਼ੋ ॥
ਕਿ ਦੀਗਰ ਨ ਜ਼ਨ ਬੂਦ ਸਮਨ ਬਰਕ ਜ਼ੋ ॥ ੫ ॥

ਸ਼ਾਹ—ਸ਼ਾਹੂਕਾਰ । ਓ ਜਾਇ—ਉਸ ਥਾਂ ਤੇ । ਦੁਖ਼ਤਰ—ਲੜਕੀ । ਅਜ਼ੋ—ਉਸ ਦੀ । ਦੀਗਰ —ਦੂਜੀ । ਜਨ—ਇਸਤ੍ਰੀ । ਸਮਨ—ਚੰਬੇਲੀ । ਖ਼ਰਕ—(ਬਰਗ ਪੱਗ ।) ਜੋ—ਅਜ਼ ਉਸ ਤੋਂ ।

ਉਸੇ ਜਗ੍ਹਾ ਤੇ ਇਕ ਸ਼ਾਹੂਕਾਰ (ਦੇ ਘਰ ਇਕ) ਲੜਕੀ ਸੀ । ਜੋ ਚੰਬੇ ਦੇ ਪੱਤ੍ਰ (ਵਰਗੀ ਕੋਮਲ ਸੀ ਅਤੇ) ਉਸ ਦੇ (ਬਰਾਬਰ ਦੀ) ਹੋਰ ਕੋਈ ਦੂਜੀ ਇਸਤ੍ਰੀ ਨਹੀਂ ਸੀ ॥ ੫ ॥

ਵਜ਼ਾਂ ਦੁਖ਼ਤਰਿ ਸ਼ਾਹ ਆਂ ਪਿਸਰਿ ਸ਼ਾਹ ॥
ਸ਼ੁਦ ਆਸ਼ੁਫਤਹ ਬਰ ਵੈ ਚੋ ਬਰ ਸ਼ਮਸ ਮਾਹ ॥ ੬ ॥

ਵਜ਼ਾਂ—ਤੋਂ । ਦੁਖ਼ਤਰਿ—ਲੜਕੀ । ਸ਼ਾਹ—ਸ਼ਾਹੂਕਾਰ । ਆਂ—ਉਸ । ਯਿਸਰਿ ਸ਼ਾਹ—ਰਾਜ ਪੁਤ੍ਰ। ਸ਼ੁਦ ਆਸ਼ੁਫਤਹ—ਮੋਹਤ ਹੋ ਗਈ । ਚੋ—ਜੈਸਾ । ਬਰ—ਉਪਰ । ਸ਼ਮਸ਼ ਮਾਹ—ਸੂਰਜ ਚੰਦ੍ਰ ।

(ਅਤੇ) ਸ਼ਾਹ ਦੀ ਲੜਕੀ ਉਸ ਰਾਜ ਪੁਤ੍ਰ ਉਤੇ (ਇਸ ਤਰ੍ਹਾਂ ਦੀ) ਮੋਹਤ ਹੋ ਗਈ ਜੈਸੇ ਸੂਰਜ ਉਤੇ ਚੰਦ੍ਰਮਾਂ ॥ ੬ ॥

ਬਿਗੋਯਦ ਕਿ ਐ ਸ਼ਾਹ ਮਾ ਰਾ ਬਿਕੁਨ ॥
ਕਿ ਦਹਸ਼ਤ ਕਸੇ ਮਰਦ ਦੀਗਰ ਮਕੁਨ ॥ ੭ ॥

ਬਿਗੋਯਦ—ਕਿਹਾ । ਮਾ ਰਾ—ਮੈਨੂੰ । ਬਿਕੁਨ—ਕਰ ਲੈ(ਭਾਵ ਵਿਆਹ ਲੈ । ਦਹਸ਼ਤ—ਡਰ । ਕਸੇ—ਹੋਰ ਕਿਸੇ । ਦੀਗਰ—ਦੂਜੇ । ਮਕੁਨ—ਨਾ ਕਰ । (ਉਸ ਲੜਕੀ ਨੇ) ਆਖਿਆ—ਰਾਜ ਕੁਮਾਰ ! (ਤੂੰ) ਮੈਨੂੰ ਵਿਆਹ ਲੈ । ਕਿਸੇ ਹੋਰ ਦੂਜੇ ਦਾ ਡਰ ਨਾ ਕਰ ॥ ੭ ॥

ਸ਼ੁਨੀਦਮ ਕਿ ਦਰ ਸ਼ਾਹਿ ਹਿੰਦੋਸਤਾਂ ॥
ਕਿ ਨਾਮਿ ਵਜ਼ਾਂ ਸ਼ੇਰ ਸ਼ਾਹਿ ਜਵਾਂ ॥ ੮ ॥

ਸੁਨੀਦਮ—ਮੈਂ ਸੁਣਿਆ । ਦਰ—ਵਿਚ । ਹਿੰਦੋਸਤਾਂ—ਹਿੰਦੋਸਤਾਨ । ਵਜ਼ਾਂ—(ਵ+ਅਜ਼+ਆਂ)

ਉਸ ਦਾ। ਜਵਾਂ=ਜਵਾਨ, ਯੋਧਾ। ਅਸਾਂ ਸੁਣਿਆ ਹੈ, ਹਿੰਦੁਸਤਾਨ ਵਿਚ (ਇਕ) ਰਾਜਾ ਹੈ। ਉਸ ਬਲਵਾਨ ਰਾਜੇ ਦਾ ਨਾਮ ਰਾਜਾ ਸ਼ੇਰ ਸ਼ਾਹ ਹੈ ॥੮॥

ਚੁਨਾਂਨਸਤ ਦਸਤੂਰਿ ਮੁਲਕਿ ਖ਼ੁਦਾ ॥

ਬ ਯਕ ਦਾਨਹ ਬੇਗਾਨਹ ਰੇਜ਼ਦ ਜ਼ੁਦਹ ॥ ੯ ॥

ਚੁਨਾਂਨਸਤ-(ਚੁਨਾਂਨ-ਅਸਤ)ਅਜੇਹਾ ਹੈ। ਦਸਤੂਰਿ-ਨਿਯਮ, ਤ੍ਰੀਕਾ। ਮੁਲਕਿ ਖ਼ੁਦਾ-ਰੱਬੀ ਦੇਸ। ਬ=ਬਰਾਬਰ। ਬੇਗਾਨਹ=ਦੂਜੇ ਦਾ। ਰੇਜ਼ਦ=ਸੁਟਦੇ,ਰਖਦੇ। ਜ਼ੁਦਹ-ਵਖਰਾ।

(ਉਸ) ਰੱਬੀ ਦੇਸ ਦਾ ਅਜੇਹਾ ਤ੍ਰੀਕਾ ਹੈ। (ਕਿ) ਦੂਜੇ ਦਾ ਹੱਕ ਇਕ ਦਾਣੇ ਜਿੰਨਾ ਭੀ ਹੋਵੇ (ਤਾਂ ਉਹ) ਵਖਰਾ ਰਖਦੇ ਹਨ ॥ ੯ ॥

ਭਾਵ-ਦੂਜੇ ਦੇ ਹੱਕ ਦੀ ਚੀਜ, ਬਹੁਤੀ ਜਾ ਥੋੜੀ ਜਿੰਨੀ ਭੀ ਹੋਵੇ, ਉਸ ਨੂੰ ਆਪਣੇ ਭੰਡਾਰ ਵਿਚ ਨਹੀਂ ਰਖਣਾ, ਸ਼ਖਰਾ ਰਖਣਾ ਅਤੇ ਸਦਾ ਯਾਦ ਰਖਣਾ-

ਹਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ ॥
ਗੁਰ ਪੀਰ ਹਾਮਾ ਤਾ ਭਰੇ ਜਾ ਮੁਰਦਾਰ ਨ ਖਾਇ ॥

ਬਿ ਗੀਰੰਦ ਸ਼ਾਹੀ ਬਿਉਫ਼ਤਾਦ ਤੁਰਗ ॥

ਬਪੇਸ਼ਸ਼ ਗੁਰੇਜ਼ਦ ਚੋ ਅਜ਼ ਬਾਜ਼ ਮੁਰਗ ॥ ੧੦ ॥

ਬਿ-ਵਾਧੂ। ਗੀਰੰਦ-ਫੜਦੇ ਸੀ। ਸ਼ਾਹੀ-ਰਾਜ। ਬਿਉਫ਼ਤਾਦ-ਸੁਟਿਆ। ਤੁਰਗ-ਪੰਛੀ। ਬਪੇਸ਼ਸ਼-ਉਸ ਦੇ ਅਗੇ। ਗੁਰੇਜ਼ਦ-ਭਜਦਾ ਹੈ। ਚ-ਜਿਵੇਂ। ਮੁਰਗ-ਕੁਕੜ। ਅਜ਼-ਤੋਂ।

ਰਾਜ ਲੈਣ ਵਾਸਤੇ (ਜਿਸ ਦੇ ਪਿਛੇ) ਜਾਨਵਰ (ਘੋੜਾ) ਸੁਟਿਆ। ਉਹ ਅਗੇ ਅਗੇ (ਇਸ ਤਰ੍ਹਾਂ) ਭਜਦਾ ਗਿਆ, ਜਿਵੇਂ ਬਾਜ਼ ਤੋਂ (ਕੁਕੜ (ਭਜ ਜਾਂਦਾ ਹੈ) ॥ ੧੦ ॥

ਬਗੀਰਦ ਅਜ਼ ਹਰ ਦੋ ਅਸਪਿ ਕਲਾਂ ॥

ਕਿ ਮੁਲਕਿ ਅਰਾਕਸ਼ ਬਿਆਮਦ ਅਜ਼ਾਂ ॥ ੧੧ ॥

ਅਜ਼ੋ-ਉਸ ਤੋਂ। ਬਗੀਰਦ=ਰਏ ਹਨ। ਹਰ ਦੋ-ਦੋਵੇਂ। ਅਸਪਿ=ਘੋੜੇ। ਕਲਾਂ-ਵਡੇ। ਅਰਾਕਸ਼-'ਅਰਾਕ' ਇਕ ਦੇਸ ਦਾ ਨਾਮ ਹੈ। ਬਿਆਮਦ=ਆਏ। ਅਜ਼ਾਂ-ਉਸ ਕੋਲ।

ਉਸ ਪਾਸੋਂ ਦੋਵੇਂ ਵਡੇ ਘੋੜੇ ਲੈ ਲਏ। ਜੋ ਅਰਾਕ' ਮੁਲਕ ਵਿਚੋਂ ਉਸ ਕੋਲ ਆਏ ਸਨ ।੧੧॥

ਬਿ ਬਖ਼ਸ਼ੀਦ ਓ ਰਾ ਬਸੇ ਜ਼ਰਦ ਫ਼ੀਲ ॥

ਕਿ ਬੇਰੂੰ ਬਿਆਵੁਰਦ ਦਰਯਾਇ ਨੀਲ ॥ ੧੨ ॥

ਬਿ-ਵਾਧੂ। ਬਖ਼ਸ਼ੀਦ=ਦਿਤੇ। ਓ ਰਾ-ਉਸ ਨੂੰ। ਬਸੇ-ਬਹੁਤ ਸਾਰੇ। ਜ਼ਰਦ-ਪੀਲਾ (ਭਾਵ ਸੋਨਾ)। ਫ਼ੀਲ ਹਾਥੀ-ਬੇਰੂੰ-ਬਾਹਰ। ਬਿਆਵੁਰਦ-ਲਿਆਇਆ ਸੀ। ਨੀਲ-ਨਾਮ ਹੈ।

ਉਸ ਨੂੰ ਬਹੁਤ ਸਾਰਾ ਸੋਨਾ ਤੇ ਹਾਥੀ ਦਿਤੇ। ਜੋ (ਕਿ) ਨੀਲ ਦਰਿਆਇ ਦੇ ਬਾਹਰੋਂ (ਭਾਵ ਪਾਰ ਤੋਂ) ਲਿਆਇਆ ਸੀ ॥੧੨॥

ਯਕੇ ਨਾਮ ਰਾਹੋ ਸਰਾਹੋ ਦਿਗਰ ॥

ਚੋ ਆਹੂ ਕਲਾਂ ਪਾ ਅਜ਼ੀਮੇ ਦੋ ਨਰ ॥ ੧੩ ॥

ਆਹੂ–ਹਰਮ। ਕਲਾਂ–ਵਡੇ। ਪਾ–ਪੈਰ। ਅਜ਼ੀਮੇ–ਵਡੇ।

ਇਕ(ਘੋੜੇ) ਦਾ ਨਾਮ ਰਾਹੂ ਤੇ ਦੂਜੇ ਦਾ ਸੁਰਾਹੂ ਸੀ। (ਮਾਨੋ,ਓਹ) ਦੋ ਵਡੇ ਹਰਨ (ਭਾਵ ਹੀਰੇ ਹਰਨ ਜਾ) ਵਡੇ ਪੈਰਾਂ ਵਾਲੇ ਦੋ ਮਨੁਖ ਸਨ ॥੧੩॥

ਭਾਵ–ਦਿਸਣ ਨੂੰ ਤੇ ਕਹਿਣ ਨੂੰ ਉਹ ਦੋਵੇਂ ਘੋੜੇ ਸਨ, ਪਰ ਤੁਰਨ ਵਿਚ ਤੇ ਗੁਣਾਂ ਵਿਚ ਹੀਰੇ ਹਰਨ ਸਨ ਅਤੇ ਸਿਆਣਪ ਨੂੰ ਵੇਖ ਕੇ ਕਹਿਣਾ ਪੈਂਦਾ ਹੈ ਕਿ ਲੰਮੀਆਂ ਲਤਾਂ ਵਾਲੇ ਦੋ ਮਨੁਖ ਸਨ

ਅਗਰ ਅਸਪ ਹਰ ਦੋ ਅਜ਼ਾਂ ਮੇਦਿਹਦ ॥

ਵਜ਼ਾਂ ਪਸ ਤੁਰਾਂ ਖ਼ਾਨਹ ਬਾਨੂ ਕੁਨਦ ॥ ੧੪ ॥

ਅਗਰ–ਜੇਕਰ। ਅਸਪ–ਘੋੜੇ। ਹਰ ਦੋ–ਦੋਵੇਂ। ਅਜ਼ਾਂ–ਉਸਤੋਂ। ਮੇਦਿਹਦ–ਲਿਆ ਦੇਂਦੀ ਹੈ। ਵਜ਼ਾਂ ਪਸ–ਉਸ ਤੋਂ ਮਗਰੋਂ। ਤੁਰਾ–ਤੈਨੂੰ। ਬਾਨੂ–ਇਸਤ੍ਰੀ। ਕੁਨਦ–ਕਰਾਂਗਾ।

ਜੇਕਰ (ਉਹ) ਦੋਵੇਂ ਘੋੜੇ ਉਸ ਪਾਸੋਂ ਲਿਆ ਦੇਵੇਂ। (ਤਦ) ਉਸ ਤੋਂ ਮਗਰੋਂ (ਮੈਂ) ਤੈਨੂੰ ਘਰ ਦੀ ਇਸਤ੍ਰੀ ਕਰਾਂਗਾ ॥੧੪॥

ਸ਼ੁਨੀਦ ਈਂ ਸੁਖਨ ਰਾ ਹਮੀ ਸ਼ੁਦ ਰਵਾਂ ॥

ਬਿਆਮਦ ਬਸ਼ਹਰਿ ਸ਼ਾਹ ਹਿੰਦੋਸਤਾਂ ॥ ੧੫ ॥

ਸ਼ੁਨੀਦ–ਸੁਣੀ। ਈਂ ਸੁਖਨ–ਇਹ ਗੱਲ। ਸ਼ੁਦ ਰਵਾਂ–ਤੁਰ ਪਈ। ਇਸ ਗੱਲ ਨੂੰ (ਲੜਕੀ ਨੇ) ਸੁਣਿਆ ਤੇ ਤੁਰ ਪਈ। (ਫਿਰ) ਹਿੰਦੁਸਤਾਨ ਦੇ ਰ ਜੇ ਦੇ ਸ਼ੈਹਰ ਵਿਚ ਆ ਗਈ ॥੧੫॥

ਨਸ਼ਿਸਤੰਦ ਬਰ ਰੋਦਿ ਜਮਨਾ ਲਬਿ ਆਬ ॥

ਬਿ ਬੁਰਦੰਦ ਬਾਦਹ ਵ ਖੁਰਦੰਦ ਕਬਾਬ ॥ ੧੬ ॥

ਨਸ਼ਿਸਤੰਦ–ਬੈਠ ਗਈ। ਬਰ–ਉਪਰ। ਰੋਦਿ–ਨਦੀ। ਲਬਿ–ਕੰਢੇ। ਆਬ–ਪਾਣੀ। ਬੁਰਦੰਦ–ਲੇ ਗਈ। ਬਾਦਹ–ਸ਼ਰਾਬ। ਵ–ਅਤੇ। ਖੁਰਦੰਦ–ਖਾਧਾ। ਕਬਾਬ–ਭੁੰਨਿਆ ਮਾਸ।

(ਉਹ)ਜਮਨਾ ਨਦੀ ਦੇ ਪਾਣੀ ਦੇ ਕੰਢੇ ਉਤੇ ਬੈਠ ਗਈ। (ਉਤੇ ਉਸ ਨੇ)ਸ਼ਰਾਬ ਪੀ ਲਈ ਅਤੇ ਕਬਾਬ ਖਾਧੇ ॥੧੬॥

ਪਸੇ ਦੋ ਬਰਾਮਦ ਸ਼ਬੇ ਚੂੰ ਸਿਆਹ ॥

ਰਵਾਂ ਕਰਦ ਆਬ ਸ਼ ਬਸੇ ਪੁਸ਼ਤਹ ਕਾਹ ॥ ੧੭ ॥

ਪਸੇ ਦੋ–ਦੋ ਪੈਹਰ। ਬਰਾਮਦ–ਗੁਜਰ ਗਏ। ਸ਼ਬੇ–ਰਾਤ ਦੇ। ਚੂੰ–ਜਦ। ਸਿਆਹ–ਕਾਲੀ। ਰਵਾਂ ਕਰਦ–ਰੋੜ੍ਹ ਦਿਤੇ। ਆਬ–ਪਾਣੀ। ਸ਼–ਉਹ। ਬਸੇ–ਬਹੁਤ। ਪੁਸ਼ਤਕ–ਪੂਲੇ। ਕਾਹ–ਘਾਹ। ਜਦ ਹਨੇਰੀ ਰਾਤ ਦੇ ਦੋ ਪੈਹਰ ਗੁਜਰ ਚੁਕੇ। (ਤਦ) ਉਸਨੇ ਪਾਣੀ ਵਿਚ ਘਾਹ ਦੇ ਬਹੁਤ ਸਾਰੇ ਪੂਲੇ ਰੋੜ੍ਹ ਦਿਤੇ ॥੧੭॥

ਬ ਦੀਦੰਦ ਓ ਰਾ ਬਸੇ ਪਾਸਬਾਂ ॥

ਬ ਤੁੰਦੀ ਦਰਾਮਦ ਬ ਤਾਬਸ਼ ਹੁਮਾਂ ॥ ੧੮ ॥

ਬ–(ਵਾਧੂ)। ਦੀਦੰਦ–ਵੇਖਿਆ। ਬਸੇ–ਬਹੁਤੇ। ਪਾਸਬਾਂ–ਰਾਖੇ,ਚੌਕੀਦਾਰਾਂ। ਬ–ਨਾਲ: ਤੁੰਦੀ–ਰੋਹ,ਕ੍ਰੋਧ। ਦਰਾਮਦ–ਵਿਚ ਆਏ। ਤਾਬਸ਼–ਚਮਕ। ਹੁਮਾਂ–ਉਸ ਵਲੇ।

ਉਨ੍ਹਾਂ (ਪੂਲਿਆਂ) ਨੂੰ ਬਹੁਤੇ ਪੈਹਰੇ ਵਾਲਿਆਂ ਨੇ ਵੇਖਿਆ। (ਅਤੇ) ਰੋਹ ਵਿਚ ਆ ਕੇ ਉਸੇ ਵੇਲੇ ਚਮਕੇ ॥ ੧੮ ॥

ਬਸੇ ਬਰ ਵੈ ਬੰਦੂਕ ਬਾਰਾਂ ਕੁਨਦ ॥

ਚੋ ਬਾ ਬਰਕ ਅਬਰ ਸ਼ ਬਹਾਰਾਂ ਕੁਨਦ ॥ ੧੯ ॥

ਬਸੇ—ਬਹੁਤ। ਬਰ ਵੈ—ਉਸ ਉਤੇ। ਬਾਰਾਂ-(ਬਾਰਾਨ) ਬਾਰਸ਼,ਬਰਖਾ। ਕੁਨਦ-ਕਰ ਦਿਤੀ ਚੋ—ਜੈਸੇ, ਜਿਵੇਂ। ਬਾ—ਸਹਿਤ, ਸਮੇਤ। ਬਰਕ—ਬਿਜਲੀ। ਅਬਰਸ਼-ਬਦਲ, ਘਟਾਂ। ਸ਼— ਉਸ। ਬਹਾਰਾਂ-ਬਰਸਾਤ। ਕੁਨਦ—ਕਰਦੇ ਹਨ।

ਉਨ੍ਹਾਂ ਨੇ ਉਸ ਉਤੇ ਬਹੁਤੀਆਂ ਬੰਦੂਕਾਂ (ਨਾਲ ਗੋਲੀਆਂ ਦਾ) ਮੀਂਹ ਵਸਾ ਦਿਤਾ। ਜਿਵੇਂ ਬਿਜਲੀ ਦੇ ਸਮੇਤ ਬਦਲ ਬਰਸਾਤ(ਰੁਤ ਵਿਚ) ਕਰਦੇ ਹਨ ॥ ੧੯ ॥

ਹਮੀ ਵਜ਼ਹ ਕਰਦਹ ਦੋ ਸਿਹ ਚਾਰ ਬਾਰ ॥

ਹਮ ਆਖਿਰ ਕੁਨਦ ਖ਼ਾਬ ਖ਼ੁਰਤ ਇਖਤਿਆਰ ॥ ੨੦ ॥

ਹਮੀ ਵਜ਼ਹ-ਇਸੇ ਤਰ੍ਹਾਂ ਕਰਦੰਦ-ਕੀਤਾ। ਸਿਹ-ਤਿੰਨ। ਬਾਰ—ਵੇਰੀ। ਹਮ ਆਖਿਰ— ਓੜਕ ਨੂੰ। ਕੁਨਦ—ਕੀਤਾ। ਖਾਬ—ਨੀਂਦ। ਖੁਫਤ-ਸੌਣਾ। ਇਖਤਿਆਰ—ਪਸੰਦ।

ਇਸੇ ਤਰ੍ਹਾਂ ਦੇ ਨਾਲ ਦੋ ਤਿੰਨ ਚਾਰ ਵੇਰੀ ਕੀਤਾ। ਓੜਕ ਨੂੰ (ਰਾਖਿਆਂ ਨੇ) ਨੀਂਦ (ਦਾ ਸਮਾਂ ਜ਼ਾਣ ਕ) ਸੌਣਾ ਪਸੰਦ ਕੀਤਾ (ਅਤੇ ਬੇਫਿਕਰ ਹੋ ਕੇ ਸੌਂ ਗਏ) ॥੨੦॥

ਬਿਦਾਨਦ ਕਿ ਖ਼ੁਫ਼ਤਹ ਸ਼ੁਦਹ ਪਾਸਬਾਂ ॥

ਬਿ ਪਯ ਮੁਰਦਹ ਸ਼ੁਦ ਹਮਚੋ ਜ਼ਖ਼ਮਿ ਯਲਾਂ ॥ ੨੧ ॥

ਦਾਨਦ-ਜਾਣ ਲਿਆ। ਕਿ-ਜੋ। ਖੁਫ਼ਤਹ ਸ਼ੁਦ—ਸੌਂ ਗਏ ਹਨ। ਪਾਸਬਾਂ—ਰਾਖੇ ਲੋਕ। ਪਯ ਮੁਰਦਹ-ਥਕੇ ਟੁਟੇ। ਹਮਚੋ—ਵਾਂਗੂ। ਯਲਾਂ—ਸੂਰਮਿਆਂ। (ਉਸ ਨੇ) ਜਾਣ ਲਿਆ ਜੋ ਪੈਹਰੇਦਾਰ ਸੌਂ ਗਏ ਹਨ। (ਅਤੇ) ਫਟੜ ਹੋਏ ਹੋਏ ਸੂਰਮਿਆਂ ਵਾਗੂ ਥਕੇ ਹਾਰੇ ਹੋਏ ਹਨ ॥ ੨੧ ॥

ਰਵਾਂ ਕਰਦ ਓ ਜਾ ਬਿਆਮਦ ਅਜ਼ਾਂ ॥

ਕਿ ਬੁਨਗਾਹ ਅਜ਼ ਸ਼ਾਹ ਕਰਖਿ ਗਿਰਾਂ ॥ ੨੨ ॥

ਰਵਾਂ ਕਰਦ—ਤੁਰ ਪਈ। ਓ ਜਾ—ਉਸ ਥਾਂ ਤੋਂ। ਬਿਆਮਦ—ਆ ਗਈ। ਅਜ਼ਾਂ-ਉਥੇ। ਕਿ—ਜੋ। ਬੁਨਗਾਹ—ਨੀਂਹ, ਜੜ੍ਹ। ਕਰਖਿ—ਅਟਾਰੀ। ਗਿਰਾਂ—ਵਡੀ ਉਚੀ।

(ਉਹ) ਉਸ ਥਾਂ ਤੋਂ ਤੁਰ ਪਈ ਅਤੇ ਉਥੇ ਆ ਗਈ। (ਜਿਥੇ) ਰਾਜੇ ਦੀ ਉਚੀ ਅਟਾਰੀ ਦੀ ਨੀਂਹ ਸੀ (ਅਰਥਾਤ ਕਿਲੇ ਦ ਪਿਛਲੇ ਪਾਸੇ ਵੱਲ ਆ ਗਈ) ॥ ੨੨ ॥

ਘਰੀ ਰਾ ਬਿਕੋਬਦ ਘਰੀਆ ਘਰਿਆਰ ॥

ਵਜ਼ਾਂ ਮੇਖ ਕੋਬਦ ਬਿਪੁਸ਼ਤਿ ਦੀਵਾਰ ॥ ੨੩ ॥

ਘਰੀ-ਘੜਿਆਲ। ਬਿਕੋਬਦ--ਵਜਾਉਂਦਾ ਹੈ। ਘਰੀਆ ਘਰਿਆਰ--ਘੜਿਆਲ ਵਜਾਉਣ ਵਾਲਾ। ਮੇਖ--ਕਿੱਲੀ। ਕੋਬਦ--ਠੋਕਦੀ ਹੈ। ਬਿਪੁਸ਼ਤਿ—ਪਿਛਵਾੜ ਦੀ। ਦੀਵਾਰ--ਕੰਧ।

ਘੜਿਆਲ ਵਜਾਉਣ ਵਾਲਾ ਜਦੋਂ ਜਦੋਂ ਘੜਿਆਲ ਵਜਾਂਦਾ ਸੀ। ਤਦੋਂ ਤਦੋਂ (ਹੀ ਉਹ)

ਪਿਛਵਾੜੇ ਦੀ ਕੰਧ ਵਿਚ ਲੋਹੇ ਦੀਆਂ ਕਿੱਲੀਆਂ ਠੋਕਦੀ ਸੀ ॥੨੩॥

ਚੁਨਾਂ ਤਾ ਬਰਾਮਦ ਦੀਵਾਰਿ ਅਜ਼ੀਮ ॥
ਦੋ ਅਸਪਸ਼ ਨਜ਼ਰ ਕਰਦ ਹੁਕਮਿ ਕਰੀਮ ॥ ੨੪ ॥

ਚੁਨਾਂ=ਇਸੇ ਤਰ੍ਹਾਂ ਹੀ। ਤਾ=ਤਕ। ਬਰਾਮਦ=(ਬਰ+ਆਮਦ)ਉਪਰ ਆ ਗਈ। ਅਜ਼ੀਮ=ਉਚੀ। ਅਸ਼ਪ-ਘੋੜੇ। ਸ਼=ਉਸ ਨੇ। ਨਜ਼ਰ ਕਰਦ=ਵੇਖੇ।

ਇਸੇ ਤਰ੍ਹਾਂ(ਉਨ੍ਹਾਂ ਕਿੱਲੀਆਂ ਦੇ ਉਪਰ ਚੜ੍ਹਦੀ ੨ ਉਸ) ਉਚੀ ਕੰਧ ਦੇ ਉਪਰ ਤਕ ਆ ਗਈ। (ਅਤੇ) ਉਸ ਨੇ ਰੱਬ ਦੇ ਹੁਕਮ ਨਾਲ ਉਹ ਦੋਵੇਂ ਘੋੜੇ ਵੇਖ ਲਏ ॥੨੪॥

ਯਕੇ ਰਾ ਬਿਜ਼ਦ ਤਾ ਅਜ਼ੋ ਨੀਮ ਕਰਦ ॥
ਦਰੇ ਪਾਸਬਾਨੀ ਬਰ ਅਜ਼ ਨੀਮ ਕਰਦ ॥੨੫॥

ਯਕੇ ਰਾ=ਇਕ ਨੂੰ। ਬਿਜ਼ਦ=ਮਾਰਿਆ। ਤ=ਅਤੇ। ਅਜ਼ੋ=ਉਸ ਤੋਂ। ਨੀਮ ਕਰਦ=ਅਧਾ ਕੀਤਾ। ਦਰੇ-ਬੂਹੇ ਵਿਚ। ਅਜ਼ ਨੀਮ=ਅਧੇ ਵਿਚ। ਕਰਦ=ਕਰ ਦਿਤਾ।

ਇਕ ਨੂੰ ਮਾਰਿਆ ਤੇ ਉਸ ਨੂੰ ਅਧਾ ੨ ਕਰ ਦਿਤਾ। (ਅਤੇ) ਰਾਖੀ ਦੇ ਬੂਹੇ ਉਤੇ ਉਸ ਨੂੰ ਦੋ ਟੁਕੜੇ ਕਰ ਦਿਤਾ ॥੨੫॥ ਭਾਵ-ਪੈਹਰੇਦਾਰਾਂ ਦੀ ਨਜ਼ਰ ਦੇ ਸਾਹਮਣੇ ਅਤੇ ਟਿਕਾਣੇ ਉਤੇ ਬੈਠੇ ਹੋਏ ਪੈਹਰੇਦਾਰ ਨੂੰ ਦੋ ਟੁਕੜੇ ਕਰ ਦਿਤਾ।

ਦਿਗਰ ਰਾ ਬਿਜ਼ਦ ਤਾ ਜੁਦਾ ਗਸ਼ਤ ਸਰ ॥
ਸੋਇਮ ਰਾ ਬ ਕੁਸ਼ਤਨ ਸ਼ਵਦ ਖ਼ੂੰਨ ਤਰ ॥ ੨੬ ॥

ਦਿਗਰ ਰਾ-ਦੂਜੇ ਨੂੰ। ਬਿਜ਼ਦ-ਮਾਰਿਆ। ਜੁਦਾ=ਵਖਰਾ। ਗਸ਼ਤ-ਹੋ ਗਿਆ। ਸੋਇਮ=ਤੀਜੇ ਨੂੰ। ਕੁਸ਼ਤਨ=ਮਾਰਿਆ। ਸ਼ਵਦ-ਹੋ ਗਿਆ। ਤਰ=ਲੇਥੂ ਪੇਥੂ।

ਦੂਜੇ ਨੂੰ (ਖੰਡਾ) ਮਾਰਿਆ ਅਤੇ (ਉਸ ਦਾ) ਸਿਰ ਵਖਰਾ ਹੋ ਗਿਆ। ਤੀਜੇ ਨੂੰ ਮਾਰਿਆ (ਉਹ) ਲਹੂ ਵਿਚ ਲਿਬੜ ਗਿਆ ॥੨੬॥

ਚਵੁਮ ਰਾ ਜੁਦਾ ਕਰਦ ਪੰਜਮ ਬਿਕੁਸ਼ਤ ॥
ਸ਼ਸ਼ਮ ਰਾ ਬਿਕੁਸ਼ਤੰਦ ਜਮਦਾਰ ਮੁਸ਼ਤ ॥੨੭॥

ਚੌਥੇ ਦਾ(ਸਿਰ)ਵਖਰਾ ਕੀਤਾ,ਪੰਜਵੇਂ ਨੂੰ ਮਾਰਿਆਛੇਵੇਂ ਨੂੰ ਕਟਾਰ ਦਾ ਹਥ ਠੋਕਿਆ ॥੨੭॥

ਸ਼ਸ਼ੁਮ ਚੌਕੀਅਸ ਕੁਸ਼ਤ ਆਮਦ ਅਜ਼ਾਂ ॥
ਕਿ ਹਫ਼ਤੁਮ ਗਿਰਾਂ ਬੂਦ ਚੌਕੀ ਗਿਰਾਂ ॥ ੨੮ ॥

ਸ਼ਸ਼ੁਮ=ਛੇਵਾਂ। ਚੌਕੀਅਸ-ਚੌਕੀਦਾਰ। ਕੁਸ਼ਤ-ਮਾਰਿਆ। ਅਜ਼ਾਂ=ਉਹ। ਹਫ਼ਤੁਮ-ਸਤਵਾਂ। ਗਿਰਾਂ-ਵਡੀ। ਬੂਦ-ਸੀ।

ਛੇਵਾਂ ਚੌਕੀਦਾਰ ਮਾਰਿਆ ਫਿਰ ਉਸ ਤੋਂ ਅਗੇ ਆਈ। ਤਾਂਕਿ ਸੱਤਵਾਂ (ਚੌਕੀਦਾਰ ਮਾਰ ਦੇਵਾਂ) ਜੋ ਚੌਕੀਆਂ ਵਿਚੋਂ ਬੜੀ ਵਡੀ ਚੌਕੀ ਉਤੇ ਸੀ ॥੨੮॥

ਕਿ ਹਫ਼ਤੁਮ ਹਮੀ ਕੁਸ਼ਤ ਜ਼ਖ਼ਮਿ ਅਜ਼ੀਮ ॥

ਕਿ ਦਸਤਸ਼ ਕੁਨਦ ਰਖਸ਼ ਹੁਕਮਿ ਕਰੀਮ ॥ ੨੯ ॥

ਹਫ਼ਤਮ-ਸਤਵਾਂ। ਹਮੀ-ਭੀ। ਕੁਸਤ-ਮਾਰਿਆ। ਜ਼ਖਮਿ-ਫੱਟ। ਦਸਤਸ਼-ਹਥ ਉਹ। ਰਾਖਸ਼-ਘੋੜਾ। ਸਤਵੇਂ ਨੂੰ ਭੀ ਬੜਾ ਵਡਾ ਫਟ ਮਾਰ ਦਿਤਾ। (ਫਿਰ)ਰੱਬ ਦੇ ਹੁਕਮ ਨਾਲ ਉਸ ਨੇ ਘੋੜੇ ਵਲ ਹਥ ਕੀਤਾ ॥੨੯॥

ਚੁਨਾਂ ਤਾਜ਼ੀਆਨਹ ਬਿਜ਼ਦ ਤਾਜ਼ੀਅਸ਼ ॥

ਕਿ ਬਾਲਾ ਬਰਾਮਦ ਬ ਜਮਨ ਅੰਦਰਸ਼ ॥ ੩੦ ॥

ਚੁਨਾਂ=ਅਜੇਹਾ। ਤਾਜ਼ੀਆਨਹ=ਕੋਰੜਾ, ਚਾਬਕ। ਬਿਜ਼ਦ=ਮਾਰਿਆ। ਤਾਜ਼ੀਅਸ਼-ਘੋੜਾ। ਕਿ-ਜੋ। ਬਾਲਾ-ਉਪਰ। ਬਰਾਮਦ-ਨਿਕਲਿਆ। ਜਮਨ-ਜਮਨਾ। ਅੰਦਰਸ਼-ਵਿਚ।

(ਉਸ ਨੇ ਉਤੇ ਚੜ੍ਹ ਕੇ) ਘੋੜੇ ਨੂੰ ਅਜੇਹਾ ਚਾਬਕ ਮਾਰਿਆ। ਜੋ ਘੋੜਾ (ਕੰਧ ਦੇ) ਉਪਰੋਂ ਦੀ ਨਿਕਲ ਕੇ ਜਮਨਾ (ਦਰਿਆ) ਵਿਚ ਆ ਗਿਆ ॥੩੦॥

ਵ ਗਸ਼ਤਨ ਦਰ ਆਬੇ ਬ ਬੇਰੂੰ ਅਜ਼ਾਂ ॥

ਕਿ ਹੈਰਤ ਬਿਮਾਂਦੰਦ ਸ਼ਾਹਿ ਜਹਾਂ ॥ ੩੧ ॥

ਗਸ਼ਤਨ-ਹੋਣਾ, ਹੁੰਦੇ ਸਾਰ। ਦਰ ਆਬੇ-ਪਾਣੀ ਵਿਚ। ਬੇਰੂੰ-ਬਾਹਰ। ਅਜ਼ਾਂ-ਉਸ ਤੋਂ। ਹੈਰਤ-ਅਸਚਰਜ। ਬਿਮਾਂਦੰਦ-ਰਹਿ ਗਿਆ। ਸ਼ਾਹਿ ਜਹਾਂ-ਜਗਤ ਦਾ ਰਾਜਾ।

(ਘੋੜਾ) ਪਾਣੀ ਵਿਚ ਹੁੰਦੇ ਸਾਰ ਹੀ ਉਸ ਤੋਂ ਬਾਹਰ ਹੋ ਗਿਆ। ਜਗਤ ਦਾ ਰਾਜਾ (ਇਹ ਕੁਝ ਵੇਖ ਕੇ) ਅਸਚਰਜ ਰਹਿ ਗਿਆ। ੩੧॥

ਕਿ ਦੰਦਾਂ ਖੁਰਦ ਦਸਤ ਅਜ਼ ਸ਼ੇਰ ਸ਼ਾਹ ॥

ਬ ਹੈਰਤ ਹਮੀ ਰਫਤ ਆਲਮ ਪਨਾਹ ॥ ੩੨ ॥

ਖੁਰਦ-ਖਾਧਾ। ਦਸਤ-ਹਥ। ਹੈਰਤ-ਹੋਸ਼, ਸੁਰਤ। ਹਮੀ ਰਫ਼ਤ-ਭੀ ਚਲੀ ਗਈ (ਭਾਵ ਹੱਕਾ ਬੱਕਾ ਜੇਹਾ)। ਆਲਮ=ਦੁਨੀਆਂ। ਪਨਾਹ=ਆਸਰਾ, ਸਹਾਰਾ। ਸ਼ੇਰ ਸਾਹ ਨੇ (ਗੁਸੇ ਨਾਲ) ਹਥ ਨੂੰ ਚਕ ਵਢਿਆ। (ਅਜੇਹਾ ਵੇਖ ਕੇ) ਬਾਦਸ਼ਾਹ ਹੱਕਾ ਬੱਕਾ ਹੋ ਗਿਆ ॥੩੨॥

ਕਿ ਮਾ ਰਾ ਕੁਜਾ ਬੁਰਦ ਅਸਪਿ ਅਜ਼ੀਮ ॥

ਬਿ ਬਖ਼ਸ਼ੀਦ ਓ ਰਾ ਹਮਚੁ ਕਸਮਿ ਕਰੀਮ। ੩੩ ॥

ਕਿ-ਕੇਹੜਾ। ਮਾ ਰਾ-ਮੇਰਾ। ਕੁਜਾ-ਕਿਥੇ। ਬੁਰਦ-ਲੈ ਗਿਆ। ਅਸਪਿ-ਘੋੜਾ। ਅਜ਼ੀਮ-ਵਡਾ। ਬਖਜ਼ੀਦ-ਮਾਫ਼ੀ। ਓ ਰਾ-ਉਸ ਨੂੰ। ਹਮਚੁ-ਅਜੇਹੇ। ਕਸਮਿ-ਸੌਂਹ। ਕਰੀਮ-ਰੱਬ।

ਕੇਹੜਾ (ਆਦਮੀ ?) ਮੇਰਾ ਵਡਾ ਘੋੜਾ ਕਿਥੇ ਲੈ ਗਿਆ ਹੈ ? (ਜੋ) ਅਜੇਹਾ (ਸੂਰਮਾ ਹੈ, ਮੈਂ) ਉਸ ਨੂੰ ਮੁਆਫ ਕੀਤਾ। ਰੱਬ ਦੀ ਸੌਂਹ ਖਾਂਦਾ ਹਾਂ,ਉਹ ਮੇਰੇ ਕੋਲ ਆ ਕੇ ਘੋੜਾ ਮੋੜ ਲਿਆਵੇ (ਮੈਂ ਉਸ ਨੂੰ ਕੁਝ ਨਹੀਂ ਕਹਾਂਗਾ) ॥੩੩॥

ਦਰੇਗ਼ਾ ਅਗਰ ਰੂਏ ਓ ਦੀਦਮੇ ॥

ਬਸਦ ਗੰਜ ਸਰ ਬਸਤਹ ਬਖ਼ਸ਼ੀਦ ਮੇ ॥ ੩੪ ॥

ਦਰੇਗ਼ਾ=ਅਫਸੋਸ। ਅਗਰ-ਜੇਕਰ। ਰੂਏ-ਚੇਹਰਾ। ਓ-ਉਸ ਦਾ। ਦੀਦਮੇ-ਮੈਂ ਵੇਖ ਲਵਾਂ।

ਬਸਦ—(ਬ+ਸਦ) ਸੌ,ਇਕ ਸੌ । ਗੰਜ—ਖਜਾਨਾ । ਸਰ ਬਸਤਹ—ਨਕੋ ਨਕ ਭਰਿਆ ਹੋਇਆ ਬਖਸ਼ੀਦ ਮੇ—ਮੈਂ ਦੇਵਾਂਗਾ ।

(ਪਰ) ਅਫਸੋਸ ! ਜੇਕਰ ਮੈਂ ਉਸ (ਸੂਰਮੇ ਦਾ) ਦਰਸ਼ਨ ਕਰ ਲਵਾਂ । (ਤਦ) ਮੈਂ ਉਸ ਨੂੰ ਇਕ ਸੌ ਖਜਾਨਾ ਨਕੋ ਨਕ ਭਰਿਆ ਹੋਇਆ ਬਖਸ਼ ਦੇਵਾਂਗਾ ॥੩੪॥

ਕਿ ਹੈਫ਼ਸਤ ਗਰ ਦੀਦਹ ਏ ਯਾਫ਼ਤਮ ॥
ਬਜਾਇ ਦਿਗਰ ਦਿਲ ਨ ਜ਼ੋ ਤਾਫ਼ਤਮ ॥ ੩੫ ॥

ਹੈਫ਼ਸਤ—(ਹੈਫ਼+ਅਸਤ) ਅਫ਼ਸੋਸ ਹੈ । ਗਰ—ਜੇਕਰ । ਦੀਦਹ ਏ—ਵੇਖਣਾ । ਯਾਫ਼ਤਮ—ਯਾਉਂਦਾ ਮੈਂ । ਬ—ਵੱਲ । ਜਾਇ—ਥਾਉਂ । ਜ਼ੋ—(ਅਜ+ਓ)ਉਸ ਵਲੋਂ । ਤਾਫ਼ਤਮ—ਫੇਰਦਾ ।

ਪਰ ਅਫਸੋਸ ਹੈ, ਜੇਕਰ (ਉਸ ਦਾ) ਦਰਸ਼ਨ ਮੈਂ ਪਾਉਂਦਾ । (ਤਦ) ਉਸ ਜਗ੍ਹਾ ਵਲੋਂ ਦਿਲ ਨੂੰ ਮੈਂ ਨਾ ਫੇਰਦਾ (ਭਾਵ ਮਨ ਨੂੰ ਪਿਆਰ ਵਲੋਂ ਹਟਾ ਕੇ ਕ੍ਰੋਧ ਵਿਚ ਕਦੇ ਭੀ ਨਾ ਆਉਂਦਾ)।੩੫।

ਕਿ ਦੀਦਾਰ ਬਖ਼ਸ਼ਦ ਅਗਰ ਓ ਮਰਾ ॥
ਕਿ ਸਦ ਗੰਜ ਸਰ ਬਸਤਹ ਬਖ਼ਸ਼ਮ ਵਰਾ ॥ ੩੬ ॥

ਦੀਦਾਰ—ਦਰਸ਼ਨ । ਬਖਸ਼ਦ—ਬਖਸ਼ ਦੇਵੇ । ਅਗਰ—ਜੇਕਰ । ਮਰਾ—ਮੈਨੂੰ । ਸਦ—ਸੌ । ਗੰਜ ਖਜਾਨਾ । ਸਰ ਬਸਤਹ—ਭਰਿਆ ਹੋਇਆ । । ਬਖਸ਼ਮ—ਦੇਵਾਂਗਾ ਮੈਂ । ਵਰਾ—ਉਸ ਨੂੰ ।

ਜੇਕਰ ਉਹ (ਆਪ ਹੀ) ਮੈਨੂੰ ਦਰਸ਼ਨ ਬਖਸ਼ ਦੇਵੇ। (ਤਾਂ) ਮੈਂ ਉਸ ਨੂੰ ਸੌ ਖਜਾਨਾ ਭਰਿਆ ਹੋਇਆ ਬਖਸ਼ ਦੇਵਾਂਗਾ ॥੩੬॥

ਚੋ ਸ਼ੁਹਰਤ ਕੁਨਾਂਨੀਦ ਸ਼ਹਰ ਅੰਦਰੂੰ ॥
ਬਿ ਬਖ਼ਸ਼ੀਦ ਮਨ ਖ਼ੂਨ ਅਜ਼ਾਂ ਖਾਰ ਖ਼ੂੰ ॥ ੩੭ ॥

ਸ਼ੁਹਰਤ—ਢੰਡੋਰਾ । ਕੁਨਾਨੀਦ—ਕਰਾਇਆ ।ਅਜ਼ਾਂ—ਉਸ । ਖ਼ੂੰ ਖਾਰ—ਕਾਤਲ ।

(ਜਦ ਉਸ ਨੇ) ਸ਼ਹਿਰ ਵਿਚ ਢੰਡੋਰਾ ਕਰਾ ਦਿਤਾ । (ਕਿ) ਮੈਂ ਉਸ ਖ਼ੂੰ-ਖਾਰ (ਧਾੜਵੀ ਦੇ) ਖ਼ੂਨ ਮੁਆਫ ਕਰਦਾ ਹਾਂ (ਉਹ ਮੇਰੇ ਕੋਲ ਆ ਜਾਵੇ) ॥੩੭॥

ਬਿ ਬਸਤੰਦ ਦਸਤਾਰ ਅਜ਼ ਜਾਨਹ ਜ਼ਰ ॥
ਬ ਪੇਸ਼ਿ ਸ਼ਾਹ ਆਮਦ ਚੁ ਜ਼ੱਰਗੀ ਸਿਪਰ ॥ ੩੮ ॥

ਬਸਤੰਦ—ਬੰਨ੍ਹ ਲਈ । ਦਸਤਾਰ—ਪੱਗ ।ਅਜ਼—ਦੀ । ਜਾਨਹ—ਕਪੜਾ । ਜ਼ਰ—ਸੋਨਾ (ਭਾਵ ਸੁਨੈਹਰੀ) । ਬ ਪੇਸ਼ਿ—ਸਾਹਮਣੇ । ਸ਼ਾਹ—ਰਾਜਾ । ਆਮਦ—ਆ ਗਗੀ । ਚੁ—ਵਾਂਗੂ । ਜ਼ੱਰਗੀ—ਸੁਨੈਹਰੀ ਢਾਲ (ਭਾਵ ਸੂਰਜ ਵਾਂਗ ਲਿਸ਼ਕਣ ਵਾਲੀ) ।

(ਤਦ ਉਸ ਸ਼ਾਹੂਕਾਰ ਦੀ ਲੜਕੀ ਨੇ) ਸੁਨੈਹਰੀ ਕਪੜੇ ਦੀ ਦਸਤਾਰ (ਸਿਰ ਉਤੇ) ਬੰਨ੍ਹ ਲਈ ਅਤੇ ਸੁਨੈਹਰੀ ਢਾਲ (ਸੂਰਜ) ਲਾ ਕੇ ਰਾਜੇ ਦੇ ਸਾਹਮਣੇ ਆ ਗਈ ॥੩੮॥

ਬਿਗੋਯਦ ਕਿ ਸ਼ੇਰ ਅਫ਼ਗਨੋ ਸ਼ੇਰ ਸ਼ਾਹ ॥
ਕਿ ਅਜ਼ ਰਾਹ ਰਾ ਮਨ ਬਿ ਬੁਰਦੇਮ ਦਾਹ ॥ ੩੯ ॥

ਬਿਗੋਯਦ—ਆਖਿਆ । ਅਫਗਨੋ—ਡੇਗਣ ਵਾਲੇ(ਭਾਵ ਮਾਰਨ ਵਾਲੇ) । ਅਜ਼—ਨਾਲ । ਰਾਹ

ਰਾ-ਢੰਗ ਦੇ। ਮਨ-ਮੈਂ। ਬਿ ਬੁਰਦੇਮ-ਲੈ ਗਿਆ ਹਾਂ। ਰਾਹ-ਰਾਹ (ਘੋੜੇ ਦਾ ਨਾਮ ਹੈ)।

ਅਤੇ ਆਖਿਆ ਹੇ ਸ਼ੇਰ ਨੂੰ ਮਾਰ ਸੁਟਣ ਵਾਲੇ ਸ਼ੇਰ ਸ਼ਾਹ! (ਤੇਰੇ) ਰਾਹੂ (ਨਾਮ ਵਾਲੇ ਘੋੜੇ) ਨੂੰ ਢੰਗ ਦੇ ਨਾਲ ਮੈਂ ਲੈ ਗਿਆ ਹਾਂ ॥੩੯॥

ਅਜਬ ਮਾਂਦ ਸਾਹਿਬ ਖਿਰਦ ਈਂ ਜਵਾਬ ॥

ਦਿਗਰ ਬਾਰ ਗੋਯਦ ਕਿ ਬਰ ਵੈ ਸ਼ਿਤਾਬ ॥ ੪੦ ॥

ਅਜ਼ਬ ਮਾਂਦ-ਹੈਰਾਨ ਹੋ ਗਿਆ। ਸਾਹਿਬ ਖ਼ਿਰਦ-ਖ਼ਿਰਦ-ਬੁਧੀ) ਬੁਧੀਵਾਨ। ਈਂ-ਏਹ। ਦਿਗਰ ਬਾਰ-ਦੂਜੀ ਵੇਰੀ। ਗੋਯਦ-ਕਿਹਾ। ਬਰ-ਉਤੇ। ਵੈ-ਉਸ। ਸ਼ਿਤਾਬ-ਛੇਤੀ।

ਬੁਧੀਵਾਨ (ਰਾਜਾ ਉਸ ਦੇ) ਇਸ ਜਵਾਬ (ਨੂੰ ਸੁਣ ਕੇ) ਹੈਰਾਨ ਹੋ ਗਿਆ। ਉਸ ਦੇ ਉਤੇ (ਉਸ ਨੇ) ਦੂਜੀ ਵੇਰ (ਫੇਰ) ਛੇਤੀ ਨਾਲ ਆਖਿਆ ॥੪੦॥

ਕਿ ਨਕਲਸ਼ ਨਮਾਈ ਮਰਾ ਸ਼ੇਰ ਤਨ ॥

ਬ ਵਜਹੇ ਚਰਾ ਬੁਰਦ ਅਸਪਿ ਕੁਹਨ ॥ ੪੧ ॥

ਨਕਲਸ਼-ਉਸ ਦੀ ਨਕਲ,ਉਹ ਨਮੂਨਾ। ਨਮਾਈ-ਵਿਖਾ। ਮਰਾ-ਮੈਨੂੰ। ਸ਼ੇਰ ਤਨ-ਬਲਵਾਨ ਯੋਧੇ। ਬਵਜਹੇ-ਤ੍ਰੀਕੇ ਨਾਲ, ਢੰਗ ਨਾਲ। ਚਰਾ-(ਚਿਰਾ) ਕੇਹੜੇ। ਬੁਰਦ-ਲੈ ਗਿਆ। ਅਸਪਿ-ਘੋੜਾ। ਕੁਹਨ-ਪੁਰਾਨਾ (ਭਾਵ ਪਹਿਲਾ)।

ਹੇ ਸ਼ੇਰ (ਸਮਾਨ) ਸਰੀਰ ਵਾਲੇ ਸੂਰਮੇ! ਮੈਨੂੰ ਉਸ ਦੀ ਨਕਲ (ਕਰਕੇ) ਵਿਖਾ। ਜੋ ਕੇਹੜੇ ਢੰਗ ਨਾਲ ਤੂੰ ਪਹਿਲੇ ਘੋੜੇ ਨੂੰ ਕਿਲੇ ਵਿਚੋਂ ਕਢ ਕੇ ਲੈ ਗਿਆ ਹੈਂ ॥੪੧॥

ਨਸ਼ਿਸਤੰਦ ਅਜ਼ਾਂ ਵਜਹੇ ਬਰ ਰੋਦਿ ਆਬ ॥

ਬਿ ਬਰਦੰਦ ਬਾਦਹ ਬਿਖ਼ਰਦੰਦ ਕਬਾਬ ॥ ੪੨ ॥

ਨਸ਼ਿਸਤੰਦ-ਬੈਠ ਗਈ। ਅਜ਼ਾਂ-ਉਸੇ। ਵਜਹ-ਢੰਗ ਨਾਲ। ਬਰ-ਉਪਰ। ਰੋਦਿ-ਨਦੀ। ਬਿ ਬੁਰਦੰਦ-ਲੈ ਗਈ। ਬਾਦਹ-ਸ਼ਰਾਬ। ਬਿਖ਼ੁਰਦੰਦ-ਖਾ ਲਿਆ। ਕਬਾਬ-ਭੁੰਨਵਾਂ ਮਾਸ।

ਨਦੀ ਦੇ ਪਾਨੀ ਦੇ ਕਢੇ ਉਤੇ ਉਸੇ ਹੀ ਢੰਗ ਨਾਲ ਬੈਠ ਗਈ। (ਫਿਰ ਉਸ ਨੇ) ਸ਼ਰਾਬ ਪੀਤੀ ਅਤੇ ਭੁੰਨਿਆ ਹੋਇਆ ਮਾਸ ਖਾਧਾ ॥੪੨॥

ਰਵਾਂ ਕਰਦ ਅੱਵਲ ਬਸੇ ਪੁਸ਼ਤਿ ਕਾਹ ॥

ਦਗਾ ਮੇਦਿਹਮ ਪਾਸਬਾਨਾਨਿ ਸ਼ਾਹ ॥ ੪੩ ॥

ਰਵਾਂ ਕਰਦ-ਰੋੜੇ। ਅੱਵਲ-ਪਹਿਲੇ (ਦੀ ਤਰ੍ਹਾਂ ਹੀ)। ਬਸੇ-ਬਹੁਤ ਸਾਰੇ। ਪੁਸ਼ਤਿ-ਪੂਲੇ। ਕਾਹ-ਘਾਹ। ਦਗਾ-ਧੋਖਾ। ਮੇਦਿਹਦ-ਦੇਂਦੀ ਰਹੀ। ਪਾਸਬਾਨਾਨਿ-ਪਹਰੇਦਾਰਾਂ ਨੂੰ।

(ਫਿਰ ਉਸ ਨੇ) ਪਹਿਲੇ (ਦੀ ਤਰ੍ਹਾਂ ਹੀ) ਬਹੁਤ ਸਾਰੇ ਘਾਹ ਦੇ ਪੂਲੇ (ਨਦੀ ਵਿਚ) ਰੋੜ੍ਹ ਦਿਤੇ। (ਇਸ ਤਰ੍ਹਾਂ ਨਾਲ) ਰਾਜੇ ਦੇ ਚੌਕੀਦਾਰਾਂ ਨੂੰ ਧੋਖਾ ਦੇਂਦੀ ਰਹੀ ॥੪੩॥

ਵਜ਼ਾਂ ਪਸ ਬਿਕੋਸ਼ਸ਼ ਕੁਨਾਨੀਦ ਲਖ਼ਤ ॥

ਬਪੈਰਸ਼ ਦਰਾਮਦ ਜ਼ ਦਰਿਆਇ ਸਖ਼ਤ ॥ ੪੪ ॥

ਵਜ਼ਾਂ ਪਸ-ਉਸ ਦੇ ਪਿਛੋਂ। ਸ਼ਿਕੋਸ਼ਸ਼-ਯਤਨ। ਕੁਨਾਨੀਦ-ਕੀਤਾ। ਲਖਤ-ਥੋੜਾ ਜਿਹਾ।

ਬਪੈਰਸ਼—ਉਸ ਤੋਂ ਪਾਰ । (੨) ਪੈਰਸ਼-ਤਰਨਾ । ਜ਼=ਤੋਂ । ਸਖ਼ਤ—ਭਾਰੀ, ਕਠਨ ।

ਉਸ ਦੇ ਮਗਰੋਂ ਫਿਰ ਥੋੜ੍ਹੀ ਜਿਹੀ ਕੋਸ਼ਸ਼ ਕੀਤੀ ।(ਅਤੇ)ਉਸ ਕਠਨ ਦਰਿਆਉ ਤੋਂ ਤਰ ਕੇ ਪਾਰ ਵਲ ਆ ਗਈ ॥ ੪੪ ॥

ਵਜ਼ਾਂ ਬਿਸ਼ਕੁਨਾਨੀਦ ਓ ਗਰਦ ਸ਼ੁਦ ॥
ਬਦੀਦਸ਼ ਅਜ਼ੋ ਸ਼ਾਹ ਪਯਮੁਰਦਾ ਸ਼ੁਦ ॥ ੪੫ ॥

ਵਜ਼ਾਂ-(ਵ+ਅਜ਼+ਆਂ) ਅਤੇ ਉਸ ਤੋਂ । ਬਿਸ਼ਕੁਨਾਨੀਦ—ਮਾਰੇ । ਓ=ਉਹ । ਗਰਦ ਸੁਦ—ਧੂੜ ਹੋ ਗਈ । ਬ ਦੀਦਸ—ਵੇਖ ਕੇ, ਉਹ । ਪਯਮਰਦਾ—ਹੈਰਾਨ ।

ਅਤੇ ਉਸੇ ਤ੍ਰੀਕੇ ਨਾਲ ਮਾਰੇ ਅਤੇ ਓਹ ਗਰਦ ਹੋ ਗਈ । ਉਸ ਨੂੰ ਵੇਖਦਾ ਹੀ ਰਾਜ਼ਾ ਹੈਰਾਨੀ ਨਾਲ ਡੋਰ-ਭੋਰ ਹੋ ਗਿਆ ॥੪੫॥ ਭਾਵ—ਜਿਸ ਤਰ੍ਹਾਂ ਉਸ ਨੇ ਪਹਿਲੇ ਪੈਹਰੇਦਾਰਾਂ ਨੂੰ ਕਤਲ ਕੀਤਾ ਸੀ, ਉਸੇ ਤਰ੍ਹਾਂ ਹੀ ਉਨ੍ਹਾਂ ਨੂੰ ਕਤਲ ਕਰਕੇ ਸਭਨਾਂ ਦੇ ਵੇਖਦਿਆਂ ੨ ਨਸ ਗਈ । ਉਸ ਦੇ ਜਾਂਦਿਆਂ ਕੇਵਲ ਗਰਦਾ ਹੀ ਗਰਦਾ ਉਡਦਾ ਹਇਆ ਦਿਸ ਰਿਹਾ ਸੀ ਹੋਰ ਕੁਝ ਦਿਸਦਾ ਨਹੀਂ ਸੀ । ਉਸ ਦਾ ਇਸ ਤਰ੍ਹਾਂ ਨਸ ਜਾਣਾ ਵੇਖ ਕੇ ਰਾਜਾ ਹੋਰ ਭੀ ਹੈਰਾਨ ਹੋ ਗਿਆ ।

ਘੜੀ ਯਕ ਬਿਮਾਂਦਹ ਗਰੂਬਿ ਆਫ਼ਤਾਬ ॥
ਵਜ਼ਾਂ ਜ਼ਾ ਬਿਯਾਮਦ ਕੁਸ਼ਾਯਦ ਤਨਾਬ ॥ ੪੬ ॥

ਘੜੀ ਯਕ—ਇਕ ਘੜੀ । ਬਿਮਾਂਦਹ—ਰਹਿੰਦੀ ਸੀ । ਗਰੂਬਿ—ਛੁਪਣ ਵਿਚ । ਆਫਤਾਬ—ਸੂਰਜ । ਵਜ਼ਾਂ—ਉਸੇ । ਜਾ—ਜਗ੍ਹਾ । ਬਿਯਾਮਦ—ਆ ਗਈ । ਕੁਸ਼ਾਯਦ—ਖੋਲ੍ਹਣਾ।ਤਨਾਬ—ਰਸੇ ।

(ਫਿਰ ਜਦ) ਸੂਰਜ ਡੁਬਣ ਵਿਚ ਇਕ ਘੜੀ ਰਹਿੰਦੀ ਸੀ, (ਉਸ ਵੇਲੇ ਉਥੇ) ਆ ਗਈ (ਅਤੇ ਦੂਜੇ ਘੋੜੇ ਦੀ ਅਗਾੜੀ ਪਿਛਾੜੀ ਦੇ) ਰਸੇ ਖੋਲ੍ਹ ਦਿਤੇ ॥੪੬॥

ਲਗਾਮਸ਼ ਬਿਦਾਦੰਦ ਸਵਾਰੇ ਸ਼ੁਦਸਤ ॥
ਬਿਜ਼ਦ ਤਾਜ਼ੀਆਨਹ ਚੋ ਇਫ਼ਰੀਤਿ ਮਸਤ ॥ ੪੭ ॥

ਲਗਾਮਸ਼—(ਲਗਾਮ+ਸ਼) ਲਗਾਮ,ਕੜਿਆਲਾ,ਉਸ ਨੂੰ । ਦਾਦੰਦ—ਦਿਤੀ । ਸਵਾਰੇ ਸ਼ੁਦਸਤ—[ਸ਼ੁਦ+ਅਸਤ] ਅਸਵਾਰ ਸੋ ਗਈ । ਬਿਜ਼ਦ—ਮਾਰਿਆ । ਤਾਜ਼ੀਆਨਹ—ਕੋਰੜਾ, ਚਾਬਕ । ਚੋ—ਵਰਗੇ । ਇਫ਼ਰੀਤਿ—ਦੈਂਤ । ਮਸਤ—ਮਤਵਾਲਾ ।

(ਫਿਰ) ਉਸ ਨੂੰ ਲਗਾਮ ਦੇ ਦਿਤੀ ਅਤੇ (ਉਤੇ) ਅਸਵਾਰ ਹੋ ਗਈ । (ਮਗਰੋਂ) ਦੈਂਤ ਵਰਗੇ ਮਤਵਾਲੇ (ਘੋੜੇ ਨੂੰ ਇਕ) ਚਾਬਕ ਮਾਰ ਦਿਤਾ ॥੪੭॥

ਚੁਨਾਂ ਅਸਪ ਖ਼ੇਜ਼ੀਦ ਬਰਤਰ ਜ਼ ਸ਼ਾਹ ॥
ਜ਼ ਬਾਲਾ ਦਰਾਮਦ ਦਰੀਆਇ ਗਾਹ ॥ ੪੮ ॥

ਚੁਨਾਂ—ਅਜੇਹਾ । ਅਸਪ—ਘੋੜਾ । ਖ਼ੇਜ਼ੀਦ—ਕੁਦਿਆ । ਬਰਤਰ—ਉਪਰ ਦੀ । ਸ਼ਾਹ—ਰਾਜਾ। ਜ਼—ਵਿਚ । ਬਾਲਾ—ਉਚਿਆਈ । ਦਰਾਮਦ—ਆ ਗਿਆ । ਗਾਹ—ਥਾਂ, ਟਿਕਾਣੇ ।

(ਜਿਸ ਨਾਲ) ਘੋੜਾ ਅਜਹਾ ਕੁਦਿਆ ਜੋ ਰਾਜੇ ਦੇ ਉਪਰੋਂ ਹੀ, ਉਚਿਆਈ ਨਾਲ ਟਿਕਾਣੇ ਉਤੇ ਦਰਿਆਇ ਵਿਚ ਆ ਗਿਆ ॥੪੮॥

ਬ ਪੈਰਸ਼ ਦਰਾਮਦ ਜ਼ਿ ਦਰਿਆ ਅਜ਼ੀਮ ॥

ਕਿ ਪਾਰਸ਼ ਹਮੇ ਗਸ਼ਤ ਹੁਕਮਿ ਕਰੀਮ ॥ ੪੯ ॥

ਪੈਰਸ਼—ਤਰ ਕੇ। ਦਰਾਮਦ—ਵਿਚ ਆਈ। ਜ਼ਿ—ਤੋਂ। ਅਜ਼ੀਮ—ਵਡਾ। ਕਿ—ਜੋ। ਪਾਰਸ਼—ਪਾਰ ਉਸ। ਹਮੇ ਗਸ਼ਤ—ਹੋ ਗਈ। ਕਰੀਮ—ਕ੍ਰਿਪਾਲੂ, ਰਬ। (ਫਿਰ) ਉਸ ਵਡੇ ਦਰਿਆਇ ਵਿਚ ਤਰਦਾ ਆਇਆ ਅਤੇ ਰੱਬ ਦੇ ਹੁਕਮ ਨਾਲ ਪਾਰ ਲੰਘ ਗਿਆ ॥ ੪੯ ॥

ਫਿਰੋਦ ਆਮਦ ਅਜ਼ ਅਸਪ ਕਰਦਸ਼ ਸਲਾਮ ॥
ਬਿਗੋਯਦ ਸੁਖ਼ਨ ਸ਼ਾਹ ਅਰਬੀ ਕਲਾਮ ॥ ੫੦ ॥

ਰਿਰੋਦ—ਹੇਠਾਂ। ਆਮਦ—ਆਈ। ਅਜ—ਤੋਂ। ਅਸਪ—ਘੋੜਾ। ਕਰਦਸ਼—ਕੀਤੀ ਉਸ ਨੂੰ। ਬਿਗੋਯਦ—ਕਿਹਾ। ਸੁਖ਼ਨ—ਗੱਲ। ਅਰਬੀ ਕਲਾਮ—ਅਰਬ ਦੇਸ ਦੀ ਬੋਲੀ।

(ਫਿਰ) ਘੋੜੇ ਤੋਂ ਹੇਠਾਂ [ਉਤਰ] ਆਈ, (ਅਤੇ) ਉਸ ਨੂੰ ਸਲਾਮ ਕੀਤੀ।(ਅਤੇ) ਰਾਜੇ ਨੂੰ ਅਰਬੀ ਬੋਲੀ ਵਿਚ ਗੱਲ ਆਖੀ ॥ ੫੦ ॥

ਤੇ ਅਕਲਸ਼ ਚਿਰਾਂ ਕੁਸ਼ਤਹਈ ਸ਼ੇਰ ਸ਼ਾਹ ॥
ਕਿ ਮਾ ਰਾਹ ਬਰਦਨ ਤੋ ਦਾਦਨ ਸੁਰਾਹ ॥ ੫੧ ॥

ਤੋ—ਤੇਰੀ। ਸ਼—ਆਪਣੀ। ਕੁਸ਼ਤਹਾਈ—ਮਾਰ ਲਈ। ਬਰਦਨ—ਲੈ ਗਿਆ। ਦਾਦਨ—ਦਿਤਾ। ਹੇ ਸ਼ੇਰ ਸ਼ਾਹ! ਤੂੰ ਆਪਣੀ ਅਕਲ ਕਿਉਂ ਮਾਰ ਲਈ ਹੈ? [ਕਿਉਂਕਿ] ਮੈਂ ਤਾਂ 'ਰਾਹੁ' [ਘੋੜਾ] ਲੈ ਗਿਆ ਸੀ, [ਪਰ] 'ਸੁਰਾਹੁ' [ਘੋੜਾ] ਤੂੰ ਆਪੇ [ਮੈਨੂੰ] ਦਿਤਾ ਹੈ ॥ ੫੧ ॥

ਬਿਗੁਫ਼ਤਸ਼ ਚੁਨੀ ਤਾ ਰਵਾਂ ਕਰਦ ਰਖ਼ਸ਼ ॥
ਬਿਯਾਦ ਆਮਦ ਓ ਏਜ਼ਦ ਏ ਦਾਦ ਬਖ਼ਸ਼ ॥ ੫੨ ॥

ਗੁਫ਼ਤ—ਆਖਿਆ। ਸ਼—ਉਸ ਨੂੰ। ਚੁਨੀ—ਅਜੇਹਾ। ਰਵਾਂ ਕਰਦ—ਤੋਰ ਦਿਤਾ।ਰਖਸ਼—ਘੋੜਾ। ਬਿਯਾਦ ਆਮਦ—ਚੇਤੇ ਆਇਆ। ਏਜ਼ਦ—ਰੱਬ। ਦਾਦ—ਦਾਤਾਂ। ਬਖਸ਼—ਦੇਣ ਵਾਲਾ।

ਉਸ ਨੂੰ ਇਸ ਤਰ੍ਹਾਂ ਆਖਿਆ ਅਤੇ ਘੋੜਾ ਤੋਰ ਦਿਤਾ। ਦਾਤਾਂ ਬਖਸ਼ਨ ਵਾਲਾ ਵਾਹਿਗੁਰੂ (ਉਸ ਵੇਲੇ) ਉਸ ਨੂੰ ਯਾਦ ਆ ਗਿਆ (ਭਾਵ ਰੱਬ ਦਾ ਸਿਮਰਨ ਕੀਤਾ) ॥ ੫੨ ॥

ਬਿ ਉਫ਼ਤਾਦ ਪੁਸ਼ਤ ਅਸਪਹਾ ਬੇਸ਼ੁਮਾਰ ॥
ਕਿ ਓ ਰਾ ਨਾ ਹਮ ਬਰ ਕੁਨਦ ਕਸ ਸਵਾਰ ॥ ੫੩ ॥

ਉਫ਼ਤਾਦ—ਪੈ ਗਏ। ਪੁਸ਼ਤ—ਪਿਛੇ। ਅਸਪਹਾ—ਘੋੜਿਆਂ ਵਾਲੇ। ਬੇਸ਼ੁਮਾਰ—ਅਨਗਿਣਤ। ਹਮ—ਭੀ। ਬਰ ਕੁਨਦ—ਫੜਿਆ। (ਉਸ ਨੂੰ ਫੜਨ ਵਾਸਤੇ) ਅਨਗਿਣਤ ਹੀ ਘੋੜਿਆਂ ਵਾਲੇ (ਉਸ ਦੇ) ਪਿਛੇ ਪੈ ਗਏ। (ਪਰ) ਕਿਸੇ ਭੀ ਸਵਾਰ ਨੇ ਉਸ ਨੂੰ ਫੜਿਆ ਨਾ ॥ ੫੩ ॥

ਬਿਜ਼ਦ ਮਰਦ ਦਸਤਾਰਹਾ ਪੇਸ਼ਿ ਸ਼ਾਹ ॥
ਕਿ ਐ ਸ਼ਾਹ ਸ਼ਾਹਾਨਿ ਆਲਮ ਪਨਾਹ ॥ ੫੪ ॥

ਸੂਰਮਿਆਂ (ਨੇ ਸਿਰਾਂ ਤੋਂ) ਪਗਾਂ (ਲਾਹ ਕੇ) ਰਾਜੇ ਦੇ ਸਾਹਮਣੇ (ਵਗਾਹ) ਮਾਰੀਆਂ (ਅਤੇ ਕਿਹਾ)—ਜੋ ਹੇ ਰਾਜਿਆਂ ਦੇ ਰਾਜੇ ਤੇ ਦੁਨੀਆਂ ਦੇ ਆਸਰੇ! ॥ ੫੪ ॥

ਬਿਗੀਰਦ ਕਸੇ ਹਰਦੋ ਆਹੂ ਬੁਰਾਕ ॥
ਤੋ ਓ ਰਾ ਬਿ ਬਖਸ਼ੀਦ ਖ਼ੁਦ ਦਸਤ ਤਾਕ ॥ ੫੫ ॥

ਬਿਗੀਰਦ–ਫੜੇ । ਕਸੇ–ਕੋਈ । ਹਰ ਦੋ–ਦੋਵੇਂ । ਆਹੂ ਬੁਰਕ–ਹਰਨ ਦੀ ਤੋਰ ਵਾਲ.ਓ ਰਾ ਬਖ਼ਸ਼ੀਦ–ਉਸ ਨੂੰ ਦੇ ਦਿਤਾ । ਤਾਕ–(ਟਾਂਕ) ਇਕ ।

ਹਰਨਾਂ ਦੀ ਤੋਰ ਵਾਲੇ (ਉਨ੍ਹਾਂ) ਦੋਹਾਂ (ਘੋੜਿਆਂ) ਨੂੰ ਕੋਈ ਫੜ ਸਕਦਾ ਸੀ ? ਤੁਸਾਂ ਆਪਣੇ ਹਥੀਂ ਉਸ ਨੂੰ ਇਕ ਦੇ ਦਿਤਾ ਹੈ ॥ ੫੫ ॥

ਚਿਰਾ ਮੇਕੁਨਦ ਕਾਰਹਾ ਬੇਖ਼ੁਦੀ ॥
ਕਿ ਰਾਹਾ ਅਜ਼ੋ ਮਨ ਸੁਰਾਹਾ ਤੁਈ ॥ ੫੬ ॥

ਚਿਰਾ–ਕਿਉਂ । ਮੇਕਨਦ–ਕੀਤਾ ਹੈ । ਬੇਖ਼ਦੀ–ਬੇਸੁਰਤੀ । ਕਾਰਹਾ–ਕੰਮਾ । ਅਜ਼ੋ–ਉਸ ਤੋਂ ।

ਬੇਸਮਝੀ ਦਾ ਕੰਮ ਕਿਉਂ ਕੀਤਾ ਹੈ ? ਜੋ 'ਰਾਹਾ' (ਤਾਂ) ਉਸ ਤੋਂ (ਚੁਰਾਇਆ ਗਿਆ ਹੈ, ਪਰ) 'ਸੁਰਾਹਾ' ਤੁਸਾਂ (ਆਪ ਦਿਤਾ ਹੈ) ॥ ੫੬ ॥

ਬਿ ਬੁਰਦਸ਼ ਅਜ਼ੋ ਅਸਪ ਹਰ ਦੋ ਅਜ਼ੀਮ ॥
ਵਜ਼ਾਂ ਰਾ ਬਿ ਬਖਸ਼ੀਦ ਹੁਕਮਿ ਰਹੀਮ ॥ ੫੭ ॥

ਬੁਰਦ–ਲੈ ਗਈ । ਸ਼–ਉਹ । ਅਜ਼ੋ–ਉਸ ਤੋਂ । ਅਸਪ–ਘੋੜਾ । ਹਰ ਦੋ–ਦੋਵੇਂ । ਅਜ਼ੀਮ–ਵਡੇ । ਵਜ਼ਾਂ–ਉਸ । ਰਾ–ਨੂੰ । ਬਖਸ਼ੀਦ–ਦੇ ਦਿਤੇ ।

ਉਹ ਉਸ ਪਾਸੋਂ ਦੋਵੇਂ ਹੀ ਵਡੇ ਘੋੜੇ ਲੈ ਗਈ । ਦਿਆਲੂ (ਰੱਬ ਦੇ) ਹੁਕਮ ਨਾਲ (ਉਸ ਨੇ) ਉਸ (ਆਪਣੇ ਮਿਤਰ) ਨੂੰ ਦੇ ਦਿਤੇ ॥ ੫੭॥

ਕਿ ਓ ਰਾ ਦਰਾਵੁਰਦ ਖਾਨਹ ਨਿਕਾਹ ॥
ਕਿ ਕੌਲੇ ਕੁਨਦ ਮੁਸਤਕੀਮ ਹੁਕਮਿ ਸ਼ਾਹ ॥ ੫੮ ॥

ਓ ਰਾ–ਉਸ ਨੂੰ । ਦਰਾਵੁਰਦ–ਲੈ ਆਇਆ । ਖ਼ਾਨਹ–ਘਰ । ਨਿਕਾਹ–ਸ਼ਾਦੀ ਕਰਕੇ।ਕੌਲੇ –ਬਚਨ । ਕੁਨਦ–ਕੀਤਾ । ਮੁਸਤਕੀਮ–ਪੱਕਾ । ਹੁਕਮਿ–ਹੁਕਮ ਨਾਲ । ਸ਼ਾਹ–ਮਾਲਕ ।

ਨਿਗਾਹ (ਕਰਕੇ) ਉਸ ਨੂੰ ਘਰ ਲੈ ਆਇਆ । ਰੱਬ ਦੇ ਹੁਕਮ ਨਾਲ ਕੀਤੇ ਹੋਏ ਬਚਨ ਨੂੰ ਪੱਕਾ ਕੀਤਾ ॥ ੫੮ ॥

ਭਾਵ–ਔਰੰਗਜ਼ੇਬ ! ਇਸ ਕਹਾਣੀ ਨੂੰ ਤੂੰ ਪੜ੍ਹ ਸੁਣਲਿਆ ਏ । ਵੇਖਿਆ ਈ,ਉਸ ਤ੍ਰੀਮਤ ਨੇ ਪਿਆਰ ਦੀ ਪ੍ਰਾਪਤੀ ਲਈ ਕਿੰਨਾ ਜਫਰ ਜ਼ਾਲਿਆ ? ਪ੍ਰੇਮ ਦਾ ਸਦਕਾ ਹੀ ਰੱਬ ਨੇ ਉਸ ਦੀ ਮਦਦ ਕੀਤੀ, ਅੰਤ ਨੂੰ ਉਸ ਨੇ ਆਪਣੀ ਮੰਜ਼ਲ ਨੂੰ ਤੈਹ ਕਰਕੇ ਆਪਣੇ ਪ੍ਰੀਤਮ ਨੂੰ ਪਾ ਲਿਆ । ਇਸੇ ਤਰ੍ਹਾਂ ਜੇਹੜਾ ਭੀ ਕਿਸੇ ਪ੍ਰਣ ਨੂੰ ਪੂਰਾ ਕਰਨਲਈ ਲਕ ਬੰਨ੍ਹਲੈਂਦਾ ਹੈਉਸ ਦੀ ਮਦਦ ਵਾਹਿਗੁਰੂ ਕਰਦਾਹੈ ਜਿਸ ਕਰਕੇ ਉਹ ਜ਼ਰੂਰ ਕਾਮਯਾਬ ਹੋ ਜਾਂਦਾ ਹੈ । ਭਾਵੇਂ ਲਖਾਂ ਕਰੋੜਾਂ ਰੁਕਾਵਟਾਂ ਭੀ ਹੋ ਜਾਣ, ਪਰ ਉਸ ਰੱਬ ਦੀ ਮਦਦ ਨਾਲ ਉਹ ਸਾਰੀਆਂ ਰੁਕਾਵਟਾਂ ਨੂੰ ਲੰਘ ਕੇ ਆਪਣੀ ਮੰਜ਼ਲ ਤੇ ਪੁਜ ਜਾਂਦਾ ਹੈ ਤੇ ਰੋਕ ਪਾਉਣ ਵਾਲਿਆਂ ਨੂੰ ਆਪੇ ਹੀ ਸ਼ਰਮਸਾਰ ਹੋ ਕੇ ਉਸ ਦੇ ਚਰਨ ਚੁੰਮਣੇ ਪੈਂਦੇ ਹਨ ।

ਸਿਧਾਂਤ ਇਹ ਹੈ ਕਿ ਖਾਲਸੇ ਦੇ ਕੰਮਾਂ ਵਿਚ ਕਚੇ ਪਹਾੜੀਏ ਰੋਕਾਂ ਪਾਉਂਦੇ ਸਨ ਅਤੇ ਉਨ੍ਹਾਂਦੀ ਪਿਠ ਪਿਛੇ ਖੜਾ ਹੋ ਕੇ ਤੂੰ ਆਪਣਾ ਉਲੂ ਸਿਧਾ ਕਰ ਰਿਹਾ ਹੈਂ ਖਾਲਸੇ ਨੇ ਇਸ ਜ਼ੁਲਮ ਦੀ ਜੜ੍ਹ

ਪੁਟਣ ਲਈ ਲੱਕ ਬੰਨ੍ਹ ਲਿਆ ਹੈ, ਜਿਸ ਦੀ ਪਿਠ ਪਿਛੇ ਉਸ ਕਰਤਾਰ ਦਾ ਹਥ ਹੈ। ਖਾਲਸਾ ਤੇਰੇ ਜ਼ੁਲਮ ਦੇ ਪਹਾੜ ਨੂੰ ਜ਼ਰੂਰ ਚਕਨਾ ਚੂਰ ਕਰੇਗਾ। ਤੂੰ ਵੇਖੇਂਗਾ, ਦੁਨੀਆਂ ਵੇਖੇਗੀ ਕਿ ਏਡੀ ਵਡੀ ਸਲਤਨਤ ਦੇ ਵਿਰੋਧੀ ਹੁੰਦੇ ਹੋਇਆ ਭੀ ਮੁਠੀ ਭਰ ਖਾਲਸੇ ਨੇ ਇਸ ਜ਼ੁਲਮ ਦੀ ਹਨੇਰੀ ਕਿਸ ਤਰ੍ਹਾਂ ਥੰਮਾ ਪਾਇਆ ਹੈਅਤੇ ਤੇਰੇ ਇਸ ਜ਼ੁਲਮ ਦੇ ਰਾਜ ਦੀ ਜੜ੍ਹ ਨੂੰ ਪੁਟਕੇ ਕਿਸਤਰ੍ਹਾਂ ਖਾਰੇ ਸਮੁੰਦਰ ਵਿਚ ਸੁਟਿਆ ਹੈ, ਕਿਉਂਕਿ ਖਾਲਸੇ ਨੂੰ ਉਸ ਅਕਾਲ ਪੁਰਖ ਦੀ ਓਟ ਹੈ, ਜਿਸ ਦੀ ਸੌਂਹ ਖਾ ਕੇ ਤੂੰ ਲੋਕਾਂ ਨੂੰ ਧੋਖਾ ਦੇਂਦਾ ਹੈਂ।

ਬਿਦਿਹ ਸਾਕੀਆ ਸਾਗਰਿ ਕੋਕਨਾਰ ॥
ਕਿ ਦਰ ਵਕਤਿ ਜੰਗਸ਼ ਬਿਆਮਦ ਬਕਾਰ ॥ ੫੯ ॥

ਬਿਦਿਹ=ਦੇਹੁ। ਸਾਗਰਿ=ਪਿਆਲਾ। ਕੋਕੋਨਾਰ=ਡੋਡੇ, ਜਿਸ ਵਿਚ ਖਸਖਾਸ ਪੈਦਾ ਹੁੰਦੀ ਹੈ ਜਿਸ ਦਾ ਦੁਧ ਹੀ ਅਫੀਮ ਹੁੰਦੀ ਹੈ। ਅਮਲੀ ਲੋਕ ਉਹਨਾਂ ਡੋਡਿਆਂ ਨੂੰ ਪਾਣੀ ਵਿਚ ਭਿਉਂ ਕੇ ਉਹ ਪਾਣੀ ਪੀਂਦੇ ਹਨ। ਬਿਆਮਦ=ਆਉਂਦਾ ਹੈ। ਬਕਾਰ=ਕੰਮ ਵਿਚ।

ਹੇ ਸਾਕੀ! ਪੋਸਤ ਦੇ ਰਸ ਦਾ ਪਿਆਲਾ ਦੇਹੁ! (ਕਿਉਂਕਿ) ਉਹ ਜੁਧ ਦੇ ਸਮੇਂ ਵਿਚ ਕੰਮ ਆਉਂਦਾ ਹੈ ॥੫੯॥

ਕਿ ਖ਼ੂਬਸਤ ਦਰ ਵਕਤਿ ਖਸ਼ਮ ਅਫ਼ਗਨੀ ॥
ਕਿ ਯਕ ਕੁਤਰਸ਼ ਫ਼ੀਲ ਰਾ ਪੈ ਕੁਨੀ ॥ ੬੦ ॥

ਕਿ=ਜੋ। ਖ਼ੂਬਸਤ-(ਖ਼ਬ+ਅਸਤ) ਚੰਗਾ ਹੈ। ਖਸ਼ਮ=ਵੈਰੀ। ਅਫਗਾਨੀ=ਢਾਹੁਣਾ। ਯਕ= ਇਕ। ਕੁਤਰਸ਼=ਘੁਟ ਉਸ ਦਾ। ਫ਼ੀਲ=ਹਾਥੀ। ਰਾ=ਨੂੰ। ਕੁਨੀ=ਪਛਾੜ ਦੇਂਦਾ ਹੈ।

ਜੋ ਦੁਸ਼ਮਨ ਨੂੰ ਢਾਹੁਣ ਦੇ ਸਮੇਂ ਵਿਚ ਚੰਗਾ ਹੈ। ਉਸ ਦਾ ਇਕ ਘੁਟ(ਪੀਣ ਵਾਲਾ) ਹਾਥੀ ਨੂੰ ਪਛਾੜ ਦੇਂਦਾ ਹੈ ॥੬੦॥ ਭਾਵ-ਇਹ ਨਿਯਮ ਹੈ, ਕਿ ਦੁਸ਼ਮਨ ਦੇ ਮੁਕਾਬਲੇ ਸਮੇਂ ਕੋਈ ਨਾ ਕੋਈ ਅਮਲ ਜ਼ਰੂਰ ਸੇਵਨ ਕੀਤਾ ਜਾਂਦਾ ਹੈ, ਖਾਸ ਕਰਕੇ ਸ਼ਰਾਬ ਦਾ ਪਿਆਲਾ ਪੀ ਕੇ ਹੀ ਯੋਧਾ ਰਣ ਵਿਚ ਜਾਂਦਾ ਹੈ। ਉਸ ਨੂੰ ਆਪਣੀ ਸੁਰਤ ਨਹੀਂ ਹੁੰਦੀ, ਸਾਹਮਣੇ ਆਏ ਵੈਰੀ ਨੂੰ ਕੀੜੀ ਵਾਂਗੂ ਸਮਝ ਕੇ ਮਿਧ ਸੁਟਣ ਦੀ ਕਰਦਾ ਹੈ। ਇਸੇ ਤਰ੍ਹਾਂ ਹੀ ਕਾਮਾਦਿਕ ਵੈਰੀਆਂ ਨਾਲ ਮੁਕਾਬਲਾ ਕਰਨ ਵਾਲੇ ਨੂੰ ਨਸ਼ਾ ਵਰਤਨ ਦੀ ਲੋੜ ਹੈ, ਜਿਸ ਦੀ ਮਸਤੀ ਵਿਚ ਮਸਤ ਹੋ ਕੇ ਕਾਮਾਦਿਕ ਵੈਰੀਆਂ ਨੂੰ ਪਛਾੜ ਦਿਤਾ ਜਾਵੇ, ਉਹ ਸਚਾ ਅਮਲ ਪਰੇਮ ਤੇ ਸਿਮਰਨ ਹੈ। ਜੈਸਾ ਕਿ-

ਦੁਰਮਤ ਮਦ ਜੋ ਪੀਵਤੇ ਬਿਖਲੀਪਤਿ ਕਮਲੀ ॥
ਨਾਮ ਰਸਾਇਨਿ ਜੋ ਰਤੇ ਨਾਨਕ ਸਚਿ ਅਮਲੀ ॥
ਅਤੇ-ਨਾਮ ਖੁਮਾਰੀ ਨਾਨਕਾ ਚੜੀ ਰਹੇ ਦਿਨ ਰਾਤ ॥

ਫਿਰ ਇਸ ਨਾਮ-ਖੁਮਾਰੀ ਨੂੰ ਬਖਸ਼ਣ ਵਾਲਾ ਸਤਿਗੁਰੂ ਹੈ, ਇਸੇ ਕਰਕੇ ਸਤਿਗੁਰੂ ਜੀ ਨੂੰ 'ਸਾਕੀ' ਨਾਮ ਨਾਲ ਸੰਬੋਧਨ ਕੀਤਾ ਹੈ, ਜੋ ਹੇ ਸਾਕੀ (ਸਤਿਗੁਰੂ)! ਕ੍ਰਿਪਾ ਕਰਕੇ ਮੈਨੂੰ ਨਾਮ ਜਾਂ ਪਰੇਮ ਦਾ ਪਿਆਲਾ ਦੇਹੁ,ਜਿਸ ਕਰਕੇ ਮੈਂ ਇਨ੍ਹਾਂ ਕਾਮਾਦਿਕ ਵੈਰੀਆਂ ਨਾਲ ਜੁਧ ਕਰਦਾ ਹੋਇਆ, ਇਨ੍ਹਾਂ ਦਾ ਮਲੀਆ ਮੇਟ ਕਰਕੇ ਇਸ ਮਨੁਖ ਜਨਮ ਦਾ ਲਾਹਾ ਖਟ ਲਵਾਂ।

-o-

ਵਾਹਿਗੁਰੂ ਜੀ ਕੀ ਫ਼ਤਹ ॥

(ਹਿਕਾਯਤ ਦੁਵਾਜ਼ਦਹੁਮ-ਬਾਰ੍ਹਵੀਂ ਕਹਾਣੀ)

ਰਜ਼ਾ ਬਖਸ਼ ਬਖਸ਼ਿੰਦਹ ਏ ਬੇਸ਼ੁਮਾਰ ॥

ਰਿਹਾਈ ਦਿਹ ਓ ਪਾਕ ਪਰਵਰਦਿਗਾਰ ॥ ੧ ॥

ਰਜਾ ਬਖਸ਼=ਅਨੰਦ ਦੇਣ ਵਾਲਾ। ਬਖ਼ਸ਼ਿੰਦਹ=ਬਖਸ਼ਸ਼ ਕਰਨ ਵਾਲਾ। ਰਿਹਾਈ=ਛੁਟਕਾਰਾ। ਦਿਹ=ਦੇਣ ਵਾਲਾ। ਪਾਕ=ਪਵਿਤਰ। ਪਰਵਰਦਗਾਰ-ਪਾਲਨਾ ਕਰਨ ਵਾਲਾ।

(ਜੋ) ਅਨੰਦ ਦਾਤਾ ਅਨਗਿਣਤ (ਦਾਤਾਂ ਦੀ) ਬਖਸ਼ਸ਼ ਕਰਨ ਵਾਲਾ ਹੈ। ਉਹ ਪਵਿਤ੍ਰ ਪਾਲਨਾ ਕਰਨ ਵਾਲਾ ਹੀ ਛੁਟਕਾਰਾ ਦੇਣ ਵਾਲਾ ਹੈ ॥੧॥

ਰਹੀਮੋ ਕਰੀਮੋ ਮਕੀਨੋ ਮਕਾਂ ॥

ਅਜ਼ੀਮੋ ਫ਼ਹੀਮੋ ਜ਼ਮੀਨੋ ਜ਼ਮਾਂ ॥ ੨ ॥

ਰਹੀਮੋ=(ਰਹੀਮ+ਓ)ਦਿਆਲੂ ਅਤੇ। ਕਰੀਮੋ-ਕ੍ਰਿਪਾਲੂ ਅਤੇ। ਮਕੀਨੋ=ਮਕਾਨ ਵਾਲਿਆਂ ਅਤੇ। ਮਕਾਂ=ਮਕਾਨਾਂ। ਅਜ਼ੀਮੋ-ਵਡਾ ਅਤੇ। ਫ਼ਹੀਮੋ=ਜਾਣਨਹਾਰ ਅਤੇ। ਜ਼ਮੀਨੋ=ਜ਼ਮੀਨ ਅਤੇ। ਜ਼ਮਾਂ=ਅਕਾਸ਼। ਉਹ ਦਇਆ ਕਰਨ ਵਾਲਾ ਅਤੇ ਕ੍ਰਿਪਾ ਕਰਨ ਵਾਲਾ ਹੈ, ਉਹ ਮਕਾਨਾਂ ਵਾਲਿਆਂ ਅਤੇ ਮਕਾਨਾਂ (ਵਿਚ ਪੂਰਨ ਹੈ) ਉਹ (ਸਾਰਿਆਂ ਤੋਂ, ਵਡਾ (ਹੈ) ਅਤੇ ਧਰਤੀ ਤੇ ਅਕਾਸ਼ (ਦੇ ਭੇਦ ਨੂੰ) ਜਾਣਨਹਾਰ ਹੈ ॥੨॥

ਸ਼ੁਨੀਦਮ ਸੁਖ਼ਨ ਕੋਹਿ ਕੈਬਰ ਅਜ਼ੀਮ ॥

ਕਿ ਅਫ਼ਗਾਂ ਯਕੇ ਬੂਦ ਆਂ ਜਾ ਰਹੀਮ ॥ ੩ ॥

ਸ਼ੁਨੀਦਮ-ਮੈਂ ਸੁਣੀ ਹੈ। ਸੁਖਨ-ਵਾਰਤਾ। ਕੋਹਿ-ਪਹਾੜਾਂ। ਕੈਬਰ=ਖੈਬਰ। ਅਜ਼ੀਮ-ਵਡਾ। ਅਫ਼ਗਾਂ-ਪਠਾਣ। ਯਕੇ ਬੂਦ-ਇਕ ਸੀ। ਆਂ ਜਾ-ਉਹ ਜਗ੍ਹਾ। ਰਹੀਮ-ਨਾਮ ਹੈ।

ਵਡੇ ਪਹਾੜ ਖੈਬਰ ਦੀ ਅਸਾਂ ਇਕ ਵਾਰਤਾ ਸੁਣੀ ਹੋਈ ਹੈ। ਉਸ ਥਾਂ ਤੇ ਇਕ 'ਰਹੀਮ' (ਨਾਮ ਦਾ) ਪਠਾਣ (ਹੁੰਦਾ) ਸੀ ॥੩॥

ਯਕੇ ਬਾਨੂਏ ਬੂਦ ਓ ਹਮਚੋ ਮਾਹ ॥

ਕੁਨਦ ਦੀਦਨਸ਼ ਰਿਸ਼ਤਹ ਗਰਦਨ ਜ਼ ਸ਼ਾਹ ॥ ੪ ॥

ਯਕੇ-ਇਕ। ਬਾਨੂਏ=ਔਰਤ। ਬੂਦ-ਸੀ। ਹਮਚੋ-ਵਾਂਗ। ਮਾਹ-ਚੰਦ੍ਰਮਾ। ਕੁਨਦ-ਕੀਤਾ। ਦੀਦਨਸ਼-ਉਸ ਨੂੰ ਵੇਖਣਾ। ਰਿਸ਼ਤਹ=ਫਾਹੀ। ਗਰਦਨ-ਗਿਚੀ।

ਚੰਦ੍ਰਮਾ ਵਰਗੀ ਉਸ ਦੀ ਇਕ ਔਰਤ ਸੀ। ਉਸ ਦਾ ਵੇਖਣਾ ਹੀ ਰਾਜਿਆਂ ਦੇ ਗਲ ਦੀ ਫਾਹੀ ਹੋ ਜਾਂਦੀ ਸੀ ॥੪॥ ਭਾਵ-ਉਸ ਨੂੰ ਵੇਖਣ ਵਾਲਾ ਉਸ ਉਤੇ ਮੋਹਤ ਹੋ ਜਾਂਦਾ ਸੀ ਅਤੇ ਉਹ ਇਸ ਪਰੇਮ ਫਾਹੀ ਵਿਚ ਫਸ ਜਾਂਦਾ ਸੀ।

ਦੋ ਅਬਰੂ ਚੋ ਅਬਰੇ ਬਹਾਰਾਂ ਕੁਨਦ ॥

ਬਿ ਮਿਯਗਾਂ ਚੋ ਅਜ਼ ਤੀਰ ਬਾਰਾਂ ਕੁਨਦ ॥ ੫ ॥

ਦੋ-ਦੋਵੇਂ । ਅਬਰੂ-ਭਰਵਟੇ, ਭਵਾਂ । ਚੋ-ਵਾਂਗੂੰ । ਅਬਰੇ-ਬਦਲ । ਬਹਾਰਾਂ-ਬਰਸਾਤੀ । ਬਿ=ਨਾਲ । ਮਿਯਗਾਂ=ਪਲਕਾਂ । ਚੋ=ਵਾਂਗੂੰ । ਬਾਰਾਂ-ਬਰਖਾ ।

(ਉਸ ਦੇ) ਦੋਵੇਂ ਭਰਵਟੇ ਬਰਸਾਤੀ ਬੱਦਲ ਦੇ (ਧਨੁਖ) ਕੀਤੇ (ਬਣੇ) ਹੋਏ ਸਨ । (ਜਿਨ੍ਹਾਂ ਦੀਆ) ਪਲਕਾਂ (ਰੂਪ ਚਿੱਲੇ) ਨਾਲ ਨਜ਼ਰ ਦੇ ਕਟਾਖਯ ਰੂਪ) ਤੀਰਾਂ ਦੀ ਬਾਰਸ਼ ਕਰਦੀ ਸੀ॥੫॥

ਰੁਖ਼ੇ ਚੂੰ ਖ਼ਲਾਸੀ ਦਿਹਦ ਮਾਹ ਰਾ ॥

ਬਹਾਰਿ ਗੁਲਿਸਤਾਂ ਦਿਹਦ ਸ਼ਾਹ ਰਾ ॥ ੬ ॥

ਰੁਖੇ=ਮੁਖੜਾ । ਖ਼ਲਾਸੀ-ਛੁਟਕਾਰਾ । ਦਿਹਦ-ਦੇਂਦਾ ਹੈ । ਬਹਾਰਿ-ਬਸੰਤ ਰੁਤ । ਗੁਲਿਸਤਾਂ-ਫੁਲਵਾੜੀ । ਦਿਹਦ-ਦੇਵ । ਸ਼ਾਹ ਰਾ-ਰਾਜੇ ਨੂੰ ।

(ਉਸ ਦੇ) ਮੁਖੜੇ ਦਾ (ਦਰਸ਼ਨ ਹੀ) ਚੰਦ੍ਰਮਾ ਨੂੰ ਛੁਟਕਾਰਾ ਦਿਵਾ ਦੇਂਦਾ ਸੀ (ਅਰਥਾਤ ਮੂੰਹ ਵੇਖਣ ਵਾਲੇ ਨੂੰ ਚੰਦ੍ਰਮਾ ਦਾ ਵੇਖਣਾ ਭੁਲ ਜਾਂਦਾ ਸੀ, ਭਾਵ ਚੰਦ੍ਰਮਾ ਨਾਲੋਂ ਭੀ ਮੁਖ ਸੋਹਣਾ ਸੀ) । (ਅਤੇ) ਰਾਜਿਆਂ ਦੇ (ਮਨਾਂ ਰੂਪ)ਫੁਲਵਾੜੀ ਨੂੰ ਬਸੰਤ ਰੁਤ (ਹੋ ਕੇ ਖਿੜਾ) ਦੇਂਦਾ ਸੀ(ਭਾਵ ਉਸਨੂੰ ਵੇਖਦਿਆਂ ਹੀ ਰਾਜ਼ਿਆਂ ਦਾ ਮਨ ਖੇੜੇ ਵਿਚ ਹੋ ਜਾਂਦਾ ਸੀ) ॥ ੬ ॥

ਬ ਅਬਰੂ ਕਮਾਨਿ ਸ਼ੁਦਹ ਨਾਜ਼ਨੀਂ ॥

ਬ ਚਸ਼ਮਸ਼ ਜ਼ਨਦ ਕੈਬਰਿ ਕਹਰਗੀਂ ॥ ੭ ॥

ਅਬਰੂ-ਭਰਵਟੇ । ਕਮਾਨ-ਧਨੁਖ । ਨਾਜ਼ਨੀਂ-ਇਸਤ੍ਰੀ । ਚਸ਼ਮਸ਼-ਅਖਾਂ ਉਸ ਦੀਆਂ।ਜ਼ਨਦ-ਮਾਰਦੇ । ਕੈਬਰਿ-ਤੀਰ । ਕਹਰਗੀਂ-ਕਰੋਧ ਭਰੇ ।

ਉਸ ਨਾਜ਼ਕ ਇਸਤ੍ਰੀ (ਦੇ ਦੋਵੇਂ) ਭਰਵਟੇ ਕਮਾਨ ਬਣੇ ਹੋਏ ਸਨ । (ਜਿਸ) ਨਾਲ ਉਹ ਅਖਾਂ ਵਿਚੋਂ ਕਰੋਧ ਦੇ ਭਰੇ ਹੋਏ ਤੀਰ ਮਾਰਦੀ ਸੀ ॥ ੭ ॥

ਬ ਮਸਤੀ ਦਿਹਦ ਹਮ ਚੁਨੀ ਰੂਇ ਮਸਤ ॥

ਗੁਲਿਸਤਾਂ ਕੁਨਦ ਬੂਮ ਸ਼ੋਰੀਦਹ ਦਸ਼ਤ ॥ ੮ ॥

ਬ-ਵਿਚ । ਮਸਤੀ-ਬਿਸੁਰਤੀ । ਦਿਹਦ-ਦੇਂਦਾ । ਹਮ ਚੁਨੀ-ਅਜੇਹਾ । ਰੂਇ-ਚੇਹਰਾ । ਗੁਲਿਸਤਾਂ-ਫੁਲਵਾੜੀ । ਬੂਮ-ਧਰਤੀ । ਸ਼ੋਰੀਦਹ-ਕੱਲਰ ਵਾਲੀ । ਦਸ਼ਤ-ਉਜਾੜ ।

(ਜੋ) ਚੇਹਰੇ ਦੀ ਮਸਤੀ ਨਾਲ ਸ਼ਰਾਬ ਨੂੰ ਭੀ ਬੇਸੁਰਤ ਕਰ ਦੇਂਦੀ ਸੀ। (ਅਤੇ)ਫੁਲਵਾੜੀ ਨੂੰ ਭੀ ਕੱਲਰੀ ਜ਼ਮੀਨ ਤੇ ਉਜਾੜ ਕਰ ਦੇਂਦੀ ਸੀ ॥੮॥ ਭਾਵ-ਉਸ ਨੂੰ ਵੇਖਣ ਵਾਲਾ ਸ਼ਰਾਬ ਪੀਤੇ ਤੋਂ ਬਿਨਾਂ ਹੀ ਮਸਤ ਹੋ ਜਾਂਦਾ ਸੀ ਅਤੇ ਉਸ ਨੂੰ ਉਸ ਦੇ ਦਰਸ਼ਨ ਤੋਂ ਬਿਨਾਂ ਅਨੇਕ ਤਰ੍ਹਾਂ ਦੀਆਂ ਸੁੰਦਰ ੨ ਫੁਲਵਾੜੀਆਂ ਭੀ ਉਜਾੜ ਬੀਆਬਾਨ ਵਾਂਗੂ ਮਲੂਮ ਹੁੰਦੀਆਂ ਸਨ ।

ਖ਼ੁਸ਼ੇ ਖ਼ੁਸ਼ ਜਮਾਲੋ ਕਮਾਲਿ ਹੁਸਨ ॥

ਬਸੂਰਤ ਜਵਾਨਸਤ ਫ਼ਿਕਰਿ ਕੁਹਨ ॥ ੯ ॥

ਖੁਸ਼ੇ=ਸੁੰਦਰ । ਖੁਸ਼ ਜ਼ਮਾਲ-ਬਹੁਤ ਚੰਗਾ ਸਰੂਪ । ਓ-ਅਤੇ । ਕਮਾਲਿ ਹੁਸਨ-ਹਦ ਦਰਜੇ ਦੀ ਸੁੰਦਰਤਾਈ । ਬ-ਵਿਚ । ਸੂਰਤ-ਸ਼ਕਲ । ਜਵਾਨਸਤ-(ਜਵਾਨ+ਅਸਤ) ਜੁਆਨ ਹੈਸੀ । ਫ਼ਿਕਰਿ=ਵਿਚਾਰ ਸੋਚ ਵਿਚ । ਕੁਹਨ=ਪੁਰਾਣੀ ।

ਬਹੁਤ ਚੰਗੇ ਸਰੂਪ ਵਾਲੀ ਸੀ, ਹੱਦ ਦਰਜੇ ਦੀ ਸੁੰਦਰਤਾਈ ਵਾਲੀ ਸੀ । ਸ਼ਕਲ ਵਿਚ ਤਾਂ

ਜਵਾਨ ਹੈਸੀ, ਪਰ ਸਮਝ ਸੋਚ ਵਿਚ ਪੁਰਾਣੀ ਤ੍ਰੀਮਤ ਸੀ ॥ ੯ ॥

ਭਾਵ—ਮੁਟਿਆਰ ਤੇ ਸੋਹਣੀ ਹੁੰਦੀ ਹੋਈ ਭੀ ਤਜਰਬੇਕਾਰ ਬ੍ਰਿਧ ਇਸਤ੍ਰੀਆਂ ਵਾਂਗੂ ਸਿਆਣੀ ਸੋਚ ਵਿਚਾਰ ਵਾਲੀ ਅਤੇ ਦਾਨੀ ਪ੍ਰਧਾਨੀ ਸੀ।

ਯਕੇ ਹੁਸਨ ਖ਼ਾਂ ਬੂਦ ਓ ਜਾ ਫ਼ਗਾਂ ॥

ਬਦਾਨਿਸ਼ ਹਮੀ ਬੂਦ ਅਕਲਸ਼ ਜਵਾਂ ॥੧੦॥

ਬੂਦ—ਸੀ। ਓ ਜਾ—ਉਸ ਥਾਂ। ਫ਼ਗਾਂ—ਅਫ਼ਗਾਨ, ਪਠਾਣ। ਬਦਾਨਿਸ਼—ਬੁਧੀ ਉਸ ਦੀ। ਹਮੀ—ਭੀ। ਬੂਦ—ਸੀ। ਅਕਲਸ਼—ਸੋਚ ਉਸ ਦੀ।

ਉਸ ਥਾਂ ਤੇ ਇਕ 'ਹੁਸਨ ਖਾਨ' (ਨਾਮ ਵਾਲਾ) ਪਠਾਣ ਹੈਗਾ ਸੀ। ਉਸ ਦੀ ਬੁਧੀ ਵਿਚ ਉਸ ਦੀ ਅਕਲ ਜਵਾਨ ਸੀ (ਅਰਥਾਤ ਬੁਧੀਵਾਨ, ਚੰਗੀ ਸੋਚ ਵਿਚਾਰ ਤੇ ਸਮਝ ਵਾਲਾ ਸੀ) ॥੧੦॥

ਕੁਨਦ ਦੋਸਤੀ ਬਾ ਹਮਹ ਯਕ ਦਿਗਰ ॥

ਕਿ ਲੈਲੀ ਓ ਮਜਨੂੰ ਖ਼ਜਿਲ ਗਸ਼ਤਹ ਸਰ ॥ ੧੧ ॥

ਕੁਨਦ—ਕਰਦੇ ਹਨ। ਦੋਸਤੀ—ਪਿਆਰ। ਬਾ ਹਮਹ—ਆਪੋ ਵਿਚ। ਯਕ ਦਿਗਰ—ਇਕ ਦੂਜੇ ਨੂੰ। ਖ਼ਜਿਲ—ਸ਼ਰਮਿੰਦੇ ਹੁੰਦੇ ਹੋਏ। ਗਸ਼ਤਹ—ਨਿਵਾ ਲੈਂਦੇ।

[ਉਹ] ਆਪੋ ਵਿਚ ਇਕ ਦੂਜੇ ਨੂੰ ਪਿਆਰ ਕਰਦੇ ਸਨ। ਉਨ੍ਹਾਂ ਦੇ (ਪਿਆਰ ਨੂੰ ਵੇਖ ਕੇ) ਲੈਲੀ ਤੇ ਮਜਨੂੰ ਸ਼ਰਮਿੰਦੇ ਹੁੰਦੇ ਹੋਏ ਸਿਰ ਨੀਵਾਂ ਕਰ ਲੈਂਦੇ ਸਨ ॥੧੧॥

ਚੋ ਬਾ ਯਕ ਦਿਗਰ ਹਮ ਚੁਨੀਂ ਗਸ਼ਤ ਮਸਤ ॥

ਚੋ ਪਾ ਅਜ਼ ਰਕਾਬੋ ਇਨਾਂ ਰਫ਼ਤ ਦਸਤ ॥ ੧੨ ॥

ਚੋ—ਜਦ। ਬਾ—ਨਾਲ: ਹਮ ਚੁਨੀਂ—ਇਸਤਰ੍ਹਾਂ। ਗਸ਼ਤ—ਹੋ ਗਿਆ। ਮਸਤ—ਪ੍ਰੇਮ। ਪਾ—ਪੈਰ। ਅਜ—ਤੋਂ। ਰਕਾਬੋ—ਰਕਾਬ ਵਿਚੋਂ। ਇਨਾਂ—ਰਾਸ। ਰਫ਼ਤ—ਨਿਕਲ ਗਈ। ਦਸਤ—ਹਥ।

ਇਕ ਦੂਜੇ ਨਾਲ ਇਸ ਤਰ੍ਹਾਂ ਦਾ ਪਰੇਮ ਹੋ ਗਿਆ। (ਕਿ) ਪੈਰਾਂ ਵਿਚੋਂ ਰਕਾਬ ਤੇ ਹਥ ਵਿਚੋਂ ਰਾਸ ਨਿਕਲ ਗਈ ॥੧੨॥ ਭਾਵ—ਇਸ਼ਕ ਦੇ ਵਸ ਵਿਚ ਇਸ ਤਰ੍ਹਾਂ ਦੇ ਫਸ ਗਏ ਕਿ ਮਨ ਕਾਬੂ ਵਿਚ ਨਾ ਰਿਹਾ ਤੇ ਨਾ ਹੀ ਦੁਨੀਆਂ ਦੀ ਪਰਵਾਹ ਰਹੀ।

ਤਲਬ ਕਰਦ ਓ ਖ਼ਾਨਾ ਏ ਖ਼ਿਲਵਤੇ ॥

ਮਿਆਂ ਆਮਦਸ਼ ਜ਼ੇ ਬਦਨ ਸ਼ਹਵਤੇ ॥ ੧੩ ॥

ਤਲਬ ਕਰਦ—ਸਦਿਆ। ਓ—ਉਸ (ਹੁਸਨ ਖਾਂ) ਨੂੰ। ਖ਼ਾਨਾ ਏ—ਘਰ ਵਿਚ। ਖ਼ਿਲਵਤੇ—ਇਕੱਲਾ। ਮਿਆਂ—ਵਿਚ। ਆਮਦ—ਹੋ ਗਿਆ। ਸ—ਉਸ। ਬਦਨ—ਸ਼ਰੀਰ। ਸ਼ਹਵਤੇ—ਕਾਮ।

ਉਸ ਨੇ ਇਸ ਨੂੰ ਇਕਲੇ ਘਰ ਵਿਚ ਸਦਿਆ। (ਫਿਰ) ਉਸ ਦੇ ਆਇਆ (ਤੇ) ਉਸ ਦੇ ਸਰੀਰ ਵਿਚ ਕਾਮ ਦਾ ਬੇਗ ਹੋ ਗਿਆ ॥੧੩॥

ਹਮੀਂ ਜ਼ੁਫ਼ਤ ਖ਼ੁਰਦੰਦ ਦੁ ਸੇ ਚਾਰ ਮਾਹ ॥

ਖ਼ਬਰ ਕਰਦ ਜੋ ਦੁਸ਼ਮਨੇ ਨਿਜ਼ਦਿ ਸ਼ਾਹ ॥ ੧੪ ॥

ਹਮੀਂ—ਇਸ ਤਰ੍ਹਾਂ। ਜ਼ੁਫ਼ਤ ਖੁਰਦੰਦ—ਇਕਠੇ ਪੀਂਦਿਆਂ ਖਾਂਦਿਆਂ। ਸੇ—ਤਿੰਨ।

ਇਸ ਤਰ੍ਹਾਂ ਇਕਠੇ ਖਾਂਦਿਆਂ ਪੀਂਦਿਆਂ ਦੋ ਤਿੰਨ ਚਾਰ ਮਹੀਨੇ (ਗੁਜ਼ਰ ਗਏ। ਤਦ) ਇਕ ਦੁਸ਼ਮਨ ਨੇ ਰਾਜੇ ਦੇ ਕੋਲ ਖਬਰ ਕਰ ਦਿਤੀ ॥ ੧੪ ॥

ਬ ਹੈਰਤ ਦਰਾਮਦ ਫ਼ਗਾਨੇ ਰਹੀਮ ॥

ਕਸ਼ੀਦਨ ਯਕੇ ਤੇਗ ਗੁੱਰਰਾ ਅਜ਼ੀਮ ॥ ੧੫ ॥

ਬ—ਵਿਚ। ਹੈਰਤ—ਹੈਰਾਨੀ। ਫ਼ਗਾਨੇ-ਅਫਗਾਨ, ਪਠਾਨ। ਕਸ਼ੀਦਨ—ਖਿੱਚ ਲਈ। ਤੇਗ—ਤਲਵਾਰ। ਗੁਰਰਾਂ—ਗਰਜਿਆ।

ਰਹੀਮ (ਖਾਨ) ਪਠਾਣ ਹੈਰਾਨੀ ਵਿਚ ਆਇਆ। (ਅਤੇ) ਇਕ ਤਲਵਾਰ ਨੂੰ (ਮਿਆਨ ਵਿਚੋਂ ਖਿਚ ਕਰਕੇ ਬੜਾ ਵਡਾ ਗਰਜਨਾ ਕੀਤਾ ॥ ੧੫ ॥

ਚੁ ਖ਼ਬਰਸ਼ ਰਸੀਦ ਆਂ ਕਿ ਆਮਦ ਸ਼ੌਹਰ ॥

ਹਮਾਂ ਯਾਰਿ ਖੁਦ ਰਾ ਬਿਜ਼ਦ ਤੇਗ ਸਰ ॥ ੧੬ ॥

ਚੁ—ਜਦ। ਖ਼ਬਰ—ਪਤਾ. ਸੂਹ। ਸ—ਉਸ ਨੂੰ। ਰਸੀਦ—ਪੁਜੀ। ਆਂ ਕਿ—ਜੋ ਕਿ। ਆਮਦ—ਆਉਂਦਾ ਹੈ। ਸ਼ੌਹਰ—ਖਾਂਵਦ, ਪਤੀ। ਹਮੀ-ਉਸ ਵੇਲੇ। ਯਾਰਿ ਖੁਦ ਰਾ—ਆਪਣੇ ਯਾਰ ਤੇ। ਬਿਜ਼ਦ-ਮਾਰੀ। ਤੇਗ—ਤਲਵਾਰ। ਸਰ—ਸਿਰ।

ਜਦ ਉਸ ਨੂੰ ਖਬਰ ਲਗ ਗਈ ਕਿ (ਮੇਰਾ) ਖਾਂਵਦ ਆ ਰਿਹਾ ਹੈ। (ਤਦ) ਉਸ ਨੇ ਆਪਣੇ ਯਾਰ ਦੇ ਸਿਰ ਵਿਚ ਤਲਵਾਰ ਮਾਰ ਦਿਤੀ (ਅਤੇ ਉਸ ਦਾ ਸਿਰ ਵਢ ਲਿਆ) ॥ ੧੬ ॥

ਹਮਾਂ ਗੋਸ਼ਤਿ ਓ ਦੇਗ ਅੰਦਰ ਨਿਹਾਦ ॥

ਮਸਾਲਿਹ ਬਿਅੰਦਾਖ਼ਤ ਆਤਿਸ਼ ਬਿਦਾਦ ॥ ੧੭ ॥

ਹਮਾਂ—ਓਹੀ। ਗੋਸ਼ਤਿ—ਮਾਸ। ਨਿਹਾਦ—ਪਾ ਦਿਤਾ। ਬਿਅੰਦਾਖ਼ਤ—ਤਾ ਦਿਤਾ। ਆਤਿਸ਼—ਅੱਗ। ਬਿਦਾਦ—ਬਾਲ ਦਿਤੀ। ਉਸ ਦਾ ਮਾਸ ਦੇਗ ਵਿਚ ਪਾ ਦਿਤਾ, ਵਿਚ ਮਸਾਲੇ ਭੀ ਪਾ ਦਿਤੇ (ਅਤੇ ਹੇਠਾਂ) ਅਗ ਬਾਲ ਦਿਤੀ। ੧੭ ॥

ਸ਼ੌਹਰ ਰਾ ਖ਼ੁਰਾਨੀਦ ਬਾਕੀ ਬਿਮਾਂਦ ॥

ਹਮਹ ਨੌਕਰਾਂ ਰਾ ਜ਼ਿਆਫ਼ਤ ਕੁਨਾਂਦ ॥ ੧੮ ॥

ਸ਼ੌਹਰ—ਖਾਂਵਦ। ਰਾ-ਨੂੰ ਖੁਰਾਨੀਦ-ਖੁਆਇਆ। ਬਿਮਾਂਦ-ਬਚ ਰਿਹਾ। ਹਮਹ-ਸਾਰਿਆਂ। ਜ਼ਿਆਫ਼ਤ-ਪ੍ਰੀਤੀ ਭੋਜਨ। ਕੁਨਾਂਦ—ਕਰ ਦਿਤੀ।

(ਪਹਿਲੇ ਆਪਣੇ) ਖਾਂਵਦ ਨੂੰ ਖੁਆਇਆ, ਬਾਕੀ ਜੋ ਬਚ ਰਿਹਾ। (ਉਹ ਸਾਰਾ) ਸਾਰੇ ਨੌਕਰਾਂ ਨੂੰ ਪ੍ਰੀਤੀ ਭੋਜਨ ਖੁਆ ਦਿਤਾ ॥ ੧੮ ॥

ਚੁ ਖ਼ੁਸ਼ ਗਸ਼ਤ ਸ਼ੌਹਰ ਨ ਦੀਦਸ਼ ਚੋ ਨਰ ॥

ਬਿਕੁਸ਼ਤ ਆਂ ਕਸੇ ਰਾ ਕਿ ਦਾਦਸ਼ ਖਬਰ ॥ ੧੯ ॥

ਚੁ—ਜਦ। ਖ਼ੁਸ਼—ਪ੍ਰਸੰਨ। ਗਸ਼ਤ—ਹੋ ਗਿਆ। ਦੀਦ—ਵੇਖਿਆ। ਸ਼—ਉਸ ਨੇ। ਕੁਸ਼ਤ—ਮਾਰ ਦਿਤਾ। ਆਂ-ਉਸ ਨੇ। ਕਸੇ—ਆਦਮੀ। ਦਾਦ-ਦਿਤੀ। ਸ਼-ਉਸ ਨੂੰ।

ਜਦ ਉਸ ਨੇ (ਕਿਸੇ ਭੀ) ਪੁਰਖ ਨੂੰ (ਉਥੇ) ਨਾ ਵੇਖਿਆ ਤਾਂ ਪਤੀ ਖੁਸ਼ ਹੋ ਕੇ ਚਲਾ ਗਿਆ।

(ਅਤੇ) ਉਸ ਮਨੁਖ ਨੂੰ ਮਾਰ ਸੁਟਿਆ, ਜਿਸ ਨੇ ਆ ਕੇ ਖਬਰ ਦਿਤੀ ਸੀ ॥੧੯॥

ਭਾਵ-ਔਰੰਗਜ਼ੇਬ ! ਇਸ ਕਹਾਣੀ ਤੋਂ ਤੈਨੂੰ ਪਤਾ ਲਗ ਗਿਆ ਹੋਵੇਗਾ ਕਿ ਔਰਤ ਨੇ ਖਾਂਵਦ ਤੋਂ ਡਰਦਿਆਂ ਯਾਰ ਨੂੰ ਮਾਰ ਕੇ,ਰਿੰਨ੍ਹ ਕੇ ਖਸਮ ਨੂੰ ਹੀ ਖੁਆ ਦਿਤਾ। ਉਸ ਦਾ ਖਾਂਵਦ ਮਾਸ ਖਾਕੇ ਖੁਸ਼ ਹੋ ਗਿਆ ਤੇ ਘਰ ਦੇ ਇਧਰ ਉਧਰ ਅੰਦਰ ਬਾਹਰ ਵੇਖ ਕੇ ਮੁੜ ਆਇਆ ਅਤੇ ਮੁਖਬਰ ਨੂੰ ਆਣ ਕੇ ਫੜ ਲਿਆ। ਕੋਈ ਤਹਕੀਕਾਤ ਨਹੀਂ ਕੀਤੀ, ਸਚ ਝੂਠ ਦਾ ਨਿਤਾਰਾ ਕਰਨ ਦਾ ਕੋਈ ਉਪ੍ਰਾਲਾ ਨਹੀਂ ਕੀਤਾ ਤੇ ਫੌਰਨ ਹੀ ਉਸਨੂੰ ਤਲਵਾਰ ਦੇ ਘਾਟ ਤੋਂ ਪਾਰ ਲੰਘਾ ਦਿਤਾ। ਇਸਤਰ੍ਹਾਂ ਦਾ ਜ਼ੁਲਮ ਤੇਰੇ ਰਾਜ ਕ੍ਰਮਚਾਰੀਆਂ ਦੇ ਘਰ ਵਿਚ ਹਰ ਰੋਜ਼ ਨਵੇਂ ਸੂਰਜ ਨਵੇਂ ਤੋਂ ਨਵਾਂ ਹੋ ਰਿਹਾ ਹੈ, ਜਿਸ ਦਾ ਬੋਝ ਤੇਰੇ ਸਿਰ ਉਤੇ ਪੈਂਦਾ ਜਾ ਰਿਹਾ ਹੈ। ਇਹੋ ਸਭ ਤੋਂ ਵਡਾ ਕ੍ਰਮ ਹੈ ਜੋ ਤੇਰੇ ਰਾਜ ਕ੍ਰਮਚਾਰੀਆਂ ਅਤੇ ਤੈਨੂੰ ਜ਼ਾਲਮ ਤੇ ਜ਼ਿੱਦੀ ਬਣਾਂਦਾ ਜਾ ਰਿਹਾ ਹੈ, ਪਰ ਤੈਨੂੰ ਅਜ ਤੀਕ ਇਸ ਗੱਲ ਦਾ ਪਤਾ ਹੀ ਨਹੀਂ ਲਗਾ। ਇਸਤਰ੍ਹਾਂ ਦੇ ਪਾਪਾਂ ਰੂਪ ਪੱਥ੍ਰਾਂ ਨਾਲ ਤੇਰੇ ਰਾਜ ਦਾ ਬੇੜਾ ਹੁਣ ਬਿਲਕੁਲ ਕੰਢਿਆਂ ਤਕ ਭਰ ਗਿਆ ਹੈ। ਇਸਦੇ ਡੁਬਣ ਲਈ ਕੋਈ ਘੜੀਆਂ ਪਲਾਂ ਦੀ ਹੀ ਡੇਰੀ ਹੈ।

ਬਿਦਿਹ ਸਾਕੀਆ ਸਾਗਰਿ ਸਬਜ਼ ਗੂੰ ॥
ਕਿ ਮਾਰਾ ਬਕਾਰ ਅਸਤ ਜੰਗ ਅੰਦਰੂੰ ॥ ੨੦ ॥

ਸਾਗਰਿ=ਪਿਆਲਾ। ਸਬਜ਼=ਹਰਾ। ਗੂੰ=ਰੰਗ। ਮਾਰਾ=ਮੈਨੂੰ। ਬਕਾਰ=ਲੋੜੀਦਾ। ਅਸਤ=ਹੈ। ਅੰਦਰੂ-ਵਿਚ।

ਹੇ ਸਾਕੀ ! (ਮੈਨੂੰ)ਹਰੇ ਰੰਗ ਦਾ ਪਿਆਲਾ ਦੇਹੁ। ਜੋ ਮੈਨੂੰ ਜੰਗ ਦੇ ਅੰਦਰ ਲੋੜੀਦਾ ਹੈ ॥੨੦॥

ਲਬਾ ਲਬ ਬਿਕੁਨ ਓ ਦਮ ਬ ਦਮ ਨੋਸ਼ ਕੁਨ ॥
ਗ਼ਮਿ ਹਰ ਦੋ ਆਲਮ ਫ਼ਿਰਾਮੋਸ਼ ਕੁਨ ॥ ੨੧ ॥

ਲਬਾ ਲਬ-ਨਕੋ ਨਕ, ਪੂਰਾ ਕੰਢਿਆਂ ਤਕ। ਬਿਕੁਨ-ਤੂੰ ਕਰ। ਓ-ਅਤੇ। ਦਮ ਬਦਮ-ਸਵਾਸ ਗਿਰਾਸ,ਅੰਦਰ ਤੋਂ ਬਾਹਰ ਆਉਣ ਵਾਲੀ ਹਵਾ ਦਾ ਨਾਮ 'ਸਵਾਸ' ਜਾਂ 'ਦਮ'ਹੈ ਅਤੇ ਬਾਹਰ ਤੋਂ ਅੰਦ੍ਰ ਜਾਣ ਵਾਲੀ ਹਵਾ ਦਾ ਨਾਮ'ਗਿਰਾਸ' ਜਾਂ 'ਬਦਮ' ਹੈ। ਨੋਸ਼ ਕੁਨ-ਤੂੰ ਪੀਂਦਾ ਰਹੁ। ਗਮਿ-ਚਿੰਤਾ। ਇ-ਦੀ। ਹਰ ਦੋ-ਦੋਹਾਂ। ਆਲਮ-ਲੋਕ। ਫ਼ਿਰਾਮੋਸ਼ ਕੁਨ-ਭੁਲਾ ਦੇਹੁ।

ਹ ਸਾਕੀ ! ਤੂੰ ਪਿਆਲਾ ਨਕੋ ਨਕ ਭਰ ਦੇਹੁ ਅਤੇ ਹੇ ਮਨ ! ਤੂੰ ਉਸ ਪਿਆਲੇ ਨੂੰ ਸਵਾਸ ਗ੍ਰਾਸ ਪੀਂਦਾ ਰਹੁ। (ਅਤੇ) ਦੋਹਾਂ ਲੋਕਾਂ ਦੀ ਚਿੰਤਾ ਨੂੰ ਭੁਲਾ ਦੇਹੁ ॥੨੧॥

ਭਾਵ-ਸਤਿਗੁਰੂ ਜੀ ਅਗੇ ਪ੍ਰਾਰਥਨਾ ਹੈ ਕਿ ਮੈਨੂੰ ਇਕ ਨਾਮ ਬਖਸ਼ੋ, ਦੂਜਾ ਆਪਣੇ ਚਰਨਾਂ ਦਾ ਪਰੇਮ ਬਖਸ਼ੋ ਜੈਸਾ ਕਿ--

ਦੇਹੁ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ ॥
ਨ ਡਰੋਂ ਅਰਿ ਸੋਂ ਜਬ ਜਾਇ ਲਰੋਂ ਨਿਸਚੈ ਕਰਿ ਆਪਨੀ ਜੀਤ ਕਰੋਂ ॥
ਸਿਖ ਹੀ ਹਉ ਅਪਨੇ ਮਨ ਕਉ ਇਹ ਲਾਲਸ ਹਉ ਗੁਣ ਤਉ ਉਚਰੋਂ ॥
ਜਬ ਆਯੁ ਕੀ ਅਉਧ ਨਿਦਾਨ ਬਨੈ ਤਬ ਹੀ ਰਣ ਮੈ ਅਤਿ ਜੂਝ ਮਰੋਂ ॥

ਇਸ ਸਵਯੇ ਵਿਚ ਮੰਗਿਆ ਹੈ--

(੧) ਸ਼ੁਭ ਕਰਮਾਂ ਤੋਂ ਕਦੇ ਭੀ ਨਾ ਹਟਣਾ।
(੨) ਜੁਧ ਦੇ ਸਮੇਂ ਵੈਰੀ ਪਾਸੋਂ ਨਾ ਡਰਨਾ।
(੩) ਆਪਣੀ ਜਿਤ ਹੋਣ ਦਾ ਨਿਸਚਾ ਰਖਣਾ।

(੪) ਆਪਣੇ ਮਨ ਨੂੰ ਸਦਾ ਸ਼ੁਭ ਸਿਖਿਆ ਦੇਣੀ।
(੫) ਵਾਹਿਗੁਰੂ ਦੇ ਗੁਣ ਗਾਉਣ ਦੀ ਲਾਲਸਾ ਹੋਣੀ।
(੬) ਉਮਰਾ ਦੇ ਅੰਤਲੇ ਸਮੇਂ, ਜੁਧ ਕਰਦਿਆਂ ਸ਼ਹੀਦੀ ਪ੍ਰਾਪਤ ਕਰਨੀ।

ਇਹ ਛੇ ਕਰਮ ਗੁਰ-ਸਿਖਿਆ ਦਾ ਉਪਦੇਸ਼ ਹਨ। ਛੇ ਕਰਮ ਤਦ ਹੀ ਪੂਰੇ ਹੋ ਸਕਦੇ ਹਨ, ਜਦ ਪਰੇਮ ਵਿਚ ਮਤਵਾਲਾ ਹੋਵੇ। ਜਿੰਨਾ ਚਿਰ ਪਰੇਮ ਦਾ ਪਰਵਾਨਾ ਨਹੀਂ ਹੁੰਦਾ, ਉਤਨਾ ਚਿਰ ਛੇ ਤਾਂ ਕਿਤੇ ਰਹੇ ਇਹਨਾਂ ਵਿਚੋਂ ਇਕ ਭੀ ਪ੍ਰਾਪਤ ਨਹੀਂ ਹੁੰਦਾ।

ਦੂਜੀ ਜਗ੍ਹਾ ਤੇ ਸਤਿਗੁਰੂ ਜੀ ਨੇ ਇਉਂ ਫੁਰਮਾਇਆ ਹੈ—

ਧੰਨ ਜੀਉ ਤਿਹ ਕਉ ਜਗ ਮੈ ਮੁਖ ਤੇ ਹਰਿ ਚਿਤ ਮੈ ਜੁਧ ਬਿਚਾਰੈ॥
ਦੇਹ ਅਨਿਤ ਨ ਨਿਤ ਰਹੈ ਜਸ ਨਾਵ ਚੜੈ ਭਵ ਸਾਗਰ ਤਾਰੈ॥
ਧੀਰਜ ਧਾਮ ਬਨਾਇ ਇਹੈ ਤਨ ਬੁਧਿ ਸੁ ਦੀਪਕ ਜਿਉ ਉਜਿਆਰੈ॥
ਗਿਆਨਹਿ ਕੀ ਬਢਨੀ ਮਨੋ ਹਾਥ ਲੈ ਕਾਤੁਰਤਾ ਕੁਤਵਾਰ ਬੁਹਾਰੈ॥

ਇਸ ਸਵਯੇ ਵਿਚ ਸਪਸ਼ਟ ਹੋ ਗਿਆ ਹੈ ਕਿ ਗੁਰਸਿਖ ਦੇ ਜੀਵਨ ਵਿਚ 'ਸਿਮਰਨ' ਦੇ ਨਾਲ ਹੀ 'ਜੁਧ' ਰਖਿਆ ਹੈ ਅਤੇ ਸਿਰਜਨਹਾਰ ਪਾਸੋਂ ਮੰਗ ਕੀਤੀ ਹੈ—

ਦੇਗ ਤੇਗ ਜਗ ਮੈ ਦੋਊ ਚਲੈ। ਰਾਖ ਆਪ ਮੋਹਿ ਅਵਰ ਨ ਦਲੈ॥

ਦੇਗ ਦੇ ਨਾਲ ਤੇਗ ਚਲੇ, ਅਰਥਾਤ ਜਿਥੇ ਗੁਰਦਵਾਰੇ ਵਿਚ ਨੰਗ ਭੁਖੇ ਨੂੰ ਰੋਟੀ ਮਿਲਦੀ ਹੈ ਉਥੇ ਹੀ ਨਿਮਾਣੇ ਤੇ ਨਿਤਾਣੇ ਨੂੰ ਬਲਵਾਨ ਜਾਬਰ ਦੇ ਜੁਲਮ ਤੋਂ ਬਚਾਉਣ ਦਾ ਯੋਗ ਸਾਧਨ ਕੀਤਾ ਜਾਵੇ। ਉਸ ਸਮੇਂ ਦੇ ਜਾਬਰ ਤੇਗ ਤੋਂ ਬਿਨਾਂ ਸਿਧੇ ਨਹੀਂ ਹੋ ਸਕਦੇ ਸਨ, ਇਸ ਲਈ ਦੇਗ ਦੇ ਨਾਲ ਤੇਗ ਦਾ ਵਰਤਨਾ ਭੀ ਜਰੂਰੀ ਹੁਕਮ ਦੇ ਦਿਤ।

ਇਸ ਦਾ ਇਹ ਭਾਵ ਨਹੀਂ ਸਮਝ ਲੈਣਾ ਚਾਹੀਦਾ ਕਿ ਸਿਖ ਦੀ ਕ੍ਰਿਪਾਨ ਹਰ ਵੇਲੇ ਕਿਤੇ ਨਾ ਕਿਤੇ ਖੜਕਦੀ ਹੀ ਰਹੇ। ਨਹੀਂ ਨਹੀਂ, ਇਹ ਤਲਵਾਰ ਨਹੀਂ, ਸਗੋਂ ਇਹ ਤਾਂ ਜਾਬਰ ਦੇ ਜਬਰ ਨੂੰ ਰੋਕਣ ਵਾਲੀ ਢਾਲ ਹੈ।

——

ਸਤਿ ਸ੍ਰੀ ਅਕਾਲ!

——

ਅਨੰਦ

ਪ੍ਰਿੰਟਰ :- ਮਨਮੋਹਨ ਸਿੰਘ
ਅਮੀਰ ਗਰੀਬ ਪ੍ਰਿੰਟਿੰਗ ਪ੍ਰੈਸ, ਚੌਂਕ ਬਾਬਾ ਭੌੜੀ ਵਾਲਾ, ਅੰਮ੍ਰਿਤਸਰ।

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ

(ਟੀਕਾਕਾਰ ਭਾਈ ਬਿਸ਼ਨ ਸਿੰਘ ਗਿਆਨੀ ਖਾਲਸਾ ਕਾਲਜ ਵਾਲੇ)

ਇਹ ਟੀਕਾ ਅਗੇ ਦੋ ਵਾਰ ਛਪ ਚੁਕਾ ਹੈ ਜੋ ਪੰਥ ਵਿਚ ਪ੍ਰਮਾਨੀਕ ਹੈ। ਭਾਈ ਸਾਹਿਬ ਨੇ ਇਸ ਟੀਕੇ ਦੀ ਫਿਰ ਪੜਤਾਲ ਕੀਤੀ, ਜੋ ਹੁਣ ਤੀਜੀ ਵਾਰ ਅਸਾਂ ਛਾਪਿਆ ਹੈ।

ਤੁਕ ਤੁਕ ਦੇ ਅਰਥਾਂ ਸਹਿਤ ਅਠਾਂ ਸੈਂਚੀਆਂ ਵਿਚ ਪੂਰੀ ਬੀੜ ਛਪ ਗਈ ਹੈ ਮੁਕੰਮਲ ਅਠਾਂ ਸੈਂਚੀਆਂ ਦੀ ਭੇਟਾ ੮੦) ਰੁਪਏ, ਵਧੀਆ ੧੦੦) ਰੁਪਏ। ਵਖੋ ਵਖ ਸੈਂਚੀਆਂ ਭੀ ਮਿਲ ਸਕਦੀਆਂ ਹਨ। ਹਰ ਸੈਂਚੀ ਦੀ ਭੇਟਾ ੧੦) ਰੁਪਏ ਤੇ ਵਧੀਆਂ ਦੀ ੧੨) ਰੁਪਏ ਹੈ।

(੧) ਪਹਿਲੀ ਸੈਂਚੀ–ਇਸ ਸੈਂਚੀ ਵਿਚ ਜਪੁ ਸਾਹਿਬ, ਸੋ ਦਰੁ (ਰਹਿਰਾਸ), ਕੀਰਤਨ ਸੋਹਲਾ, ਪੂਰਾ ਸ੍ਰੀ ਰਾਗ ਤੇ ਪੂਰਾ ਮਾਝ ਰਾਗ ਦੀ ਬਾਨੀ ਦੇ ਤੁਕ ਤੁਕ ਦੇ ਅਰਥ ਹਨ।

(੨) ਦੂਜੀ ਸੈਂਚੀ–ਇਸ ਸੈਂਚੀ ਵਿਚ ਸਾਰੇ ਗਉੜੀ ਰਾਗ ਦੀ ਬਾਨੀ ਦੇ ਤੁਕ ਤੁਕ ਦੇ ਅਰਥ ਹਨ।

(੩) ਤੀਜੀ ਸੈਂਚੀ–ਇਸ ਸੈਂਚੀ ਵਿਚ ਰਾਗ ਆਸਾ, ਰਾਗ ਗੁਜਰੀ ਤੇ ਰਾਗ ਦੇਵ ਗੰਧਾਰੀ ਤਿੰਨਾਂ ਰਾਗਾਂ ਦੀ ਪੂਰੀ ਬਾਨੀ ਤੁਕ ਤੁਕ ਦੇ ਟੀਕੇ ਸਹਿਤ ਹੈ।

(੪) ਚੌਥੀ ਸੈਂਚੀ–ਇਸ ਸੈਂਚੀ ਵਿਚ ਰਾਗ ਬਿਹਾਗੜਾ, ਰਾਗ ਵਡਹੰਸ, ਰਾਗ ਸੋਰਠ, ਰਾਗ ਧਨਾਸਰੀ, ਰਾਗ ਜੈਤਸਰੀ, ਰਾਗ ਟੋਡੀ ਤੇ ਰਾਗ ਬੈਰਾੜੀ, ਇਹਨਾਂ ਸਾਰਿਆਂ ਰਾਗਾਂ ਦੀ ਪੂਰੀ ਬਾਨੀ ਤੁਕ ਤੁਕ ਦੇ ਅਰਥਾਂ ਸਹਿਤ ਹੈ।

(੫) ਪੰਜਵੀ ਸੈਂਚੀ–ਇਸ ਸੈਂਚੀ ਵਿਚ ਰਾਗ ਤਿਲੰਗ, ਰਾਗ ਸੂਹੀ, ਰਾਗ ਬਿਲਾਵਲ, ਰਾਗ ਗੋਂਡ, ਇਹਨਾਂ ਸਾਰਿਆਂ ਰਾਗਾਂ ਦੀ ਪੂਰੀ ਬਾਨੀ ਤੁਕ ਤੁਕ ਦੇ ਅਰਥਾਂ ਸਹਿਤ ਹੈ।

(੬) ਛੇਵੀਂ ਸੈਂਚੀ–ਇਸ ਸੈਂਚੀ ਵਿਚ ਰਾਗ ਨਟ ਨਰਾਇਨ, ਰਾਗ ਮਾਲੀ ਗਉੜਾ, ਰਾਗ ਮਾਰੂ, ਇਹਨਾਂ ਸਾਰਿਆਂ ਰਾਗਾਂ ਦੀ ਪੂਰੀ ਬਾਨੀ ਤੁਕ ਤੁਕ ਦੇ ਅਰਥਾਂ ਸਹਿਤ ਹੈ।

(੭) ਸਤਵੀਂ ਸੈਂਚੀ–ਇਸ ਸੈਂਚੀ ਵਿਚ ਰਾਗ ਤੁਖਾਰੀ, ਰਾਗ ਕੇਦਾਰਾ, ਰਾਗ ਭੈਰੋ, ਰਾਗ ਬਸੰਤ, ਰਾਗ ਸਾਰੰਗ, ਰਾਗ ਮਲਾਰ ਦੀ ਸਾਰੀ ਬਾਨੀ ਤੁਕ ਤੁਕ ਦੇ ਅਰਥਾਂ ਸਹਿਤ ਹੈ।

(੮) ਅਠਵੀਂ ਸੈਂਚੀ–ਇਸ ਸੈਂਚੀ ਵਿਚ ਰਾਗ ਕਾਨੜਾ, ਰਾਗ ਕਲਿਆਨ ਰਾਗ ਪ੍ਰਭਾਤੀ, ਰਾਗ ਜੈਜਾਵੰਤੀ, ਸਲੋਕ ਸਹਸਕ੍ਰਿਤੀ, ਗਾਥਾ, ਫੁਨਹੇ, ਚਉਬੋਲੇ, ਸਲੋਕ ਕਬੀਰ, ਸਲੋਕ ਫਰੀਦ, ਸਵਯੇ ਸ੍ਰੀ ਮੁਖਵਾਕ, ਸਵਯੇ ਮਹਲਾ ੧, ੨, ੩, ੪, ੫, ਸਲੋਕ ਵਾਰਾਂ ਤੋਂ ਵਧੀਕ, ਸਲੋਕ ਮਹਲਾ ੯ ਤੇ ਰਾਗ ਮਾਲਾ, ਇਹਨਾਂ ਸਭ ਬਾਨੀਆਂ ਦੇ ਤੁਕ ਅਰਥ ਹਨ।

ਦਸਮ ਗੁਰੂ ਗ੍ਰੰਥ ਸਾਹਿਬ ਸਟੀਕ

ਅਰਥਾਤ

ਦਸ ਗਰੰਥੀ ਸਟੀਕ ਪਾ: ੧੦

(ਟੀਕਾਕਾਰ ਪੰਡਤ ਨਰੈਣ ਸਿੰਘ ਜੀ ਗਿਆਨੀ ਲਾਹੌਰ ਮੁਜੰਗਾਂ ਵਾਲੇ)

ਦਸਮ ਸ੍ਰੀ ਗਰੰਥ ਸਾਹਿਬ ਵਿਚੋਂ ਸਾਰੀ ਦਸ ਗਰੰਥੀ ਦਾ ਟੀਕਾ ਹੈ। ਸ੍ਰੀ ਜਾਪ ਸਾਹਿਬ ਸਟੀਕ, ਸ੍ਰੀ ਅਕਾਲ ਉਸਤਤ ਸਟੀਕ, ਚੰਡੀ ਚਰਿਤ੍ਰ ਪਹਿਲਾ ਸਟੀਕ ਚੰਡੀ ਚਰਿਤ੍ਰ ਦੂਜਾ ਸਟੀਕ, ਚੰਡੀ ਦੀ ਵਾਰ ਸਟੀਕ, ਬਚਿਤ੍ਰ ਨਾਟਕ ਸਟੀਕ ਤੇ ਗਿਆਨ ਪ੍ਰਬੋਧ ਸਟੀਕ। ਇਹਨਾਂ ਸਭਨਾਂ ਬਾਨੀਆਂ ਦੇ ਟੀਕੇ ਤੇ ਕਥਾਵਾਂ ਇਸ ਦਸ ਗਰੰਥੀ ਸਟੀਕ ਪੁਸਤਕ ਵਿਚ ਹਨ। ਭੇਟਾ ੨੦) ਮੰਗਾਉਣ ਦਾ ਪਤਾ–

ਭਾਈ ਬੂਟਾ ਸਿੰਘ ਪ੍ਰਤਾਪ ਸਿੰਘ ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਸ੍ਰੀ ਜਾਪ ਸਾਹਿਬ ਪਾ: ੧੦ ਸਟੀਕ ੨) ਰੁਪਏ

ਜਾਪ ਸਾਹਿਬ ਤੇ ਅਕਾਲ ਉਸਤਤ ਪਾ: ੧੦ ਸਟੀਕ

(ਟੀਕਾਕਾਰ ਪੰਡਤ ਨਰੈਣ ਸਿੰਘ ਜੀ ਗਿਆਨੀ ਲਾਹੌਰ ਮੁਜੰਗਾਂ ਵਾਲੇ)

ਸ੍ਰੀ ਦਸਮ ਗਰੰਥ ਸਾਹਿਬ ਵਿਚੋਂ ਸ੍ਰੀ ਜਾਪ ਸਾਹਿਬ ਪਾ. ੧੦ ਤੇ ਸ੍ਰੀ ਅਕਾਲ ਉਸਤਤ ਬਾਣੀਆਂ ਦੇ ਤੁਕ ਤੁਕ ਦੇ ਟੀਕੇ ਹਨ। ਦੋਵੇਂ ਟੀਕੇ ਇਕ ਜਿਲਦ ਵਿਚ ਹਨ। ਭੇਟਾ ੮) ਰੁਪਏ

ਸ੍ਰੀ ਬਚਿਤ੍ਰ ਨਾਟਕ ਸਟੀਕ

ਇਹ ਸ੍ਰੀ ਦਸਮੇਸ਼ ਜੀ ਦੀ ਪ੍ਰਸਿਧ ਬਾਣੀ ਹੈ। ਇਸੇ ਬਚਿਤ੍ਰ ਨਾਟਕ ਗਰੰਥ ਵਿਚ ਹੀ ਸਾਹਿਬਾਂ ਨੇ ਆਪਣੀ ਪਿਛਲੇ ਜਨਮ ਦੀ ਕਥਾ ਲਿਖੀ ਹੈ। ਤੁਕ ਤੁਕ ਦੇ ਅਰਥ ਹਨ। ਭੇਟਾ ੬) ਰੁਪੈ

ਚੰਡੀ ਦੀ ਵਾਰ ਸਟੀਕ

ਸਾਹਿਬ ਸ੍ਰੀ ਦਸਮ ਪਾਤਸ਼ਾਹ ਜੀ ਦੀ ਵਾਰ ਭਗੌਤੀ (ਚੰਡੀ ਦੀ ਵਾਰ) ਦਾ ਟੀਕਾ ਹੈ। ਇਸ ਵਿਚ ਅਰਦਾਸ ਦਾ ਟੀਕਾ ਭੀ ਹੈ। ਭੇਟਾ ੨)

ਚੰਡੀ ਚਰਿਤ੍ਰ ਪਹਿਲਾ ਤੇ ਦੂਜਾ ਸਟੀਕ

(ਟੀਕਾਕਾਰ ਪੰਡਤ ਨਰੈਣ ਸਿੰਘ ਜੀ ਗਿਆਨੀ ਲਾਹੌਰ ਮੁਜੰਗਾਂ ਵਾਲੇ)

ਸੰਸਕ੍ਰਿਤ ਵਿਚ ਜੋ ਦੁਰਗਾ ਸਪਤਸ਼ਤੀ ਜਾਂ ਦੁਰਗਾ ਪਾਠ ਨਾਮ ਦੀ ਪੁਸਤਕ ਹੈ, ਸਾਹਿਬਾਂ ਨੇ ਉਸੇ ਦਾ ਟੀਕਾ ਗੁਰਮੁਖੀ ਅਖਰਾਂ ਵਿਚ ਕੀਤਾ। ਦੁਰਗਾ ਦਾ ਸੁੰਭ ਨਸੁੰਭ ਮਹਿਖਾਸਰ ਆਦਿਕ ਦੈਤਾਂ ਦੇ ਯੁਧ ਦਾ ਵਰਨਣ ਹੈ,ਪੜ੍ਹਦੀਆਂ ਪੜ੍ਹਦਿਆਂ ਬੀਰ ਰਸ ਪੈਦਾ ਹੁੰਦਾ ਹੈ। ਸਾਹਿਬਾਂ ਦੀ ਉਚਾਰਨ ਕੀਤੀ ਬਾਣੀ ਦਾ ਪੰਡਤ ਨਰੈਣ ਸਿੰਘ ਜੀ ਨੇ ਤੁਕ ਤੁਕ ਦਾ ਟੀਕਾ ਕਰ ਦਿਤਾ ਹੈ, ਪੜ੍ਹ ਕੇ ਬੜਾ ਅਨੰਦ ਪ੍ਰਾਪਤ ਹੁੰਦਾ ਹੈ। ਚੰਡੀ ਚਰਿਤ੍ਰ ਪਹਿਲਾ ਤੇ ਦੂਜਾ ਚੰਡੀ ਦੀ ਵ ਰ ਦਾ ਟੀਕਾ ਭੇਟਾ ੮) ਰੁਪਏ

ਗਿਆਨ ਪ੍ਰਬੋਧ ਸਟੀਕ

ਇਸ ਵਿਚ ਸਾਹਿਬ ਸ੍ਰੀ ਦਸਮੇਸ਼ ਜੀ ਨੇ ਪਾਂਡਵਾਂ ਦੇ ਰਾਜ ਤੇ ਪ੍ਰਛੀਤ ਰਾਜੇ ਦੇ ਸਮੇਂ ਦੀਆਂ ਵਾਰਤਾ ਤੇ ਯੁਧ ਜੰਗ ਆਦਿਕਾਂ ਦੀਆਂ ਕਥਾ ਦਾ ਵਰਨਣ ਕੀਤਾ ਹੈ। ਭੇਟਾ ੬ ਰੁਪੈ

ਵਾਰਾਂ ਭਾਈ ਗੁਰਦਾਸ ਜੀ ਸਟੀਕ

(ਟੀਕਾਕਾਰ ਪੰਡਤ ਨਰੈਣ ਸਿੰਘ ਜੀ ਗਿਆਨੀ ਲਾਹੌਰ ਮੁਜੰਗਾਂ ਵਾਲੇ)

ਭਾਈ ਗੁਰਦਾਸ ਜੀ ਦੀਆਂ ੪੧ ਵਾਰਾਂ ਜਿਸ ਦਾ ਨਾਮ ਸ੍ਰੀ ਗੁਰੂ ਗਰੰਥ ਸਾਹਿਬ ਦੀ ਕੁੰਜੀ ਅਥਵਾ ਗਿਆਨ ਰਤਨਾਵਲੀ ਭੀ ਹੈ, ਦਾ ਇਹ ਟੀਕਾ ਗਿਆਨੀ ਨਰੈਣ ਸਿੰਘ ਜੀ ਨੇ ਨਵਾਂ ਕੀਤਾ ਹੈ। ਪੰਡਤ ਜੀ ਨੇ ਕਾਬਲ ਵਿਚ ਜਾ ਕੇ ਉਥੋਂ ਅਸਲ ਗਰੰਥ ਵਾਰਾਂ ਭਾਈ ਗੁਰਦਾਸ ਲਿਖਤੀ ਗਰੰਥ ਨਾਲ ਇਸ ਦੀ ਸੁਧਾਈ ਕਰਕੇ ਹੁਣ ਦੁਬਾਰਾ ਟੀਕਾ ਕੀਤਾ ਹੈ। ਇਸ ਨਵੀਂ ਸੋਧੀ ਹੋਈ ਐਡੀਸ਼ਨ ਵਿਚ ਕਈ ਵਾਧੇ ਹਨ ਜੋ ਗੁਣੀਆਂ ਗਿਆਨੀਆਂ ਦੇ ਪੜ੍ਹਨ ਯੋਗ ਹਨ। ਤੁਕ ਤੁਕ ਦਾ ਟੀਕਾ ਤੇ ਗੁਰਬਾਣੀ ਦੇ ਪ੍ਰਮਾਣਾਂ ਸਹਿਤ ਵਿਸਥਾਰ ਪੂਰਵਕ ਹੈ। ਭੇਟਾ ੧੦) ਰੁਪੈ ਵਧੀਆ ੧੨) ਰੁਪੈ   ਮੰਗਾਉਣ ਦਾ ਪਤਾ—

ਭਾਈ ਬੂਟਾ ਸਿੰਘ ਪ੍ਰਤਾਪ ਸਿੰਘ ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਸ੍ਰੀ ਸੂਰਜ ਪ੍ਰਕਾਸ਼ ਵਾਰਤਕ ਸਟੀਕ

ਪੰਥ ਭੂਸ਼ਨ ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦੇ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਜਿਸ ਦੇ ਹਿਸੇ ਇਸ ਪ੍ਰਕਾਰ ਹਨ–ਸ੍ਰੀ ਨਾਮਕ ਪ੍ਰਕਾਸ਼,ਪੂਰਬਾਰਧ ਤੇ ਉਤ੍ਰਾਰਧ, ਬਾਰਾਂ ਰਾਸ਼ਾਂ,੬ ਰੁਤਾਂ, ਦੋ ਐਨ। ਇਹ ਸਾਰਾ ਗ੍ਰੰਥ ਛੰਦਾ ਬੰਦੀ ਵਿਚ ਹੋਣ ਕਰਕੇ ਹਰਇਕ ਗੁਰਸਿਖ ਲਈ ਸਮਝਣਾ ਬੜਾ ਔਖਾ ਸੀ। ਅਸਾਂ ਇਸ ਔਕੜ ਨੂੰ ਅਨਭਵ ਕਰਕੇ ਤੇ ਸਤਿਗੁਰਾਂ ਦੇ ਇਤਿਹਾਸ ਨੂੰ ਪ੍ਰਚਾਰ ਕਰਨ ਹਿਤ ਗਿਆਨੀ ਗਿਆਨ ਸਿੰਘ ਜੀ ਤੇ ਗਿਆਨੀ ਪ੍ਰਤਾਪ ਸਿੰਘ ਜੀ ਤੋਂ ਇਸ ਮਹਾਨ ਗਰੰਥ ਨੂੰ ਸਰਲ ਵਾਰਤਕ ਅਖਰਾਂ ਵਿਚ ਟੀਕਾ ਕਰਾ ਕੇ ਛਾਪ ਦਿਤਾ ਹੈ ਤਾਂਕਿ ਹਰ ਧਰਮਸਾਲ ਗੁਰਦੁਆਰੇ ਲਾਇਬਰੇਰੀ ਸੰਤਾਂ ਮਹੰਤਾਂ ਦੇ ਡੇਰਿਆਂ ਵਿਚ ਪਹੁੰਚੇ ਤੇ ਇਸ ਦੀ ਕਥਾ ਹੋਵੇ। ਇਸ ਮਹਾਨ ਗਰੰਥ ਨੂੰ ਤਿਨਾਂ ਜਿਲਦਾ ਵਿਚ ਟੀਕਾ ਕਰਕੇ ਇਹ ਨਾਮ ਰਖੇ ਹਨ–

ਪਹਿਲੀ ਸੈਂਚੀ ਸ੍ਰੀ ਨਿਰੰਕਾਰੀ ਚਮਤਕਾਰ

ਸੂਰਜ ਪ੍ਰਕਾਸ਼ ਦੀ ਇਸ ਪਹਿਲੀ ਸੈਂਚੀ ਵਿਚ ਸ੍ਰੀ ਗੁਰੂ ਨਾਨਕ ਪ੍ਰਕਾਸ਼ ਤੇ ਪਹਿਲੀ ਰਾਸ ਦਾ ਵਾਰਤਕ ਟੀਕਾ ਹੈ। ਇਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਤੇ ਗੁਰੂ ਅਮਰ ਦਾਸ ਜੀ ਦੀਆਂ ਕੁਲ ਕਥਾਂ ਹਨ। ਭੇਟਾ ੧੨) ਰੁਪੈ

ਦੂਜੀ ਜਿਲਦ ਸ੍ਰੀ ਸੋਢੀ ਚਮਤਕਾਰ

ਸੂਰਜ ਪ੍ਰਕਾਸ਼ ਦੀ ਇਸ ਦੂਜੀ ਸੈਂਚੀ ਵਿਚ ਦੂਜੀ ਰਾਸ ਤੋਂ ਲੈ ਕੇ ਬਾਰਵੀਂ ਰਾਸ ਤਕ ਦਾ ਵਾਰਤਕ ਟੀਕਾ ਹੈ ਅਰਥਾਤ ਸ੍ਰੀ ਗੁਰੂ ਰਾਮਦਾਸ ਜੀ ਤੋਂ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਤਕ ਛੀਆਂ ਸਤਿਗੁਰਾਂ ਦੀਆਂ ਸੰਪੂਰਨ ਕਥਾਂ ਹਨ। ਭੇਟਾ ੧੪) ਰੁਪੈ

ਤੀਜੀ ਜਿਲਦ ਸ੍ਰੀ ਦਸਮੇਸ਼ ਚਮਤਕਾਰ

ਇਸ ਤੀਜੀ ਜਿਲਦ ਵਿਚ ਛੀ ਰੁਤਾਂ ਦੋ ਐਨ ਵਾਰਤਕ ਟੀਕਾ ਹੈ ਅਰਥਾਤ ਸਾਹਿਬ ਸ੍ਰੀ ਗੁਰੂ ਗੋਬੰਦ ਸਿੰਘ ਜੀ ਦੀਆਂ ਸੰਪੂਰਨ ਕਥਾਂ ਹਨ (ਭਾਵ ਜਨਮਸਾਖੀ ਪਾ: ੧੦)। ਭੇਟਾ ੧੪) ਰੁਪੈ

ਸੂਰਜ ਪ੍ਰਕਾਸ਼ ਦੇ ਇਹ ਤਿੰਨੇ ਗਰੰਥ ਕਠ ਵੀ ਮਿਲ ਸਕਦੇ ਹਨ ਤੇ ਵਖ ਵਖ ਭੀ ਮਿਲ ਸਕਦੇ ਹਨ। ਭੇਟਾ ਤਿੰਨਾਂ ਜਿਲਦਾਂ ਦੀ ੪੦) ਰੁਪਏ ਹੈ, ਪਰੰਤੂ ਪ੍ਰਚਾਰ ਦੀ ਖਾਤਰ ਧਰਮ ਅਸਥਾਨਾਂ, ਲਾਇਬਰੇਰੀਆਂ, ਸੰਤਾਂ ਮਹੰਤਾਂ ਦੇ ਡੇਰਿਆਂ ਤੋਂ ਅਰ ਪ੍ਰਚਾਰਕਾਂ ਤੋਂ ਰਿਐਤੀ ਭੇਟਾ ੩੦)ਰੁਪਏ ਹੈ। ਐਸੀ ਅਮੋਲਕ ਪੁਸਤਕ ਪਰਚਾਰ ਦੀ ਖਾਤਰ ਹਰ ਡੇਰੇ ਵਿਚ ਅਤੇ ਹਰ ਇਕ ਗੁਰਸਿਖ ਦੇ ਘਰ ਵਿਚ ਹੋਣੀ ਜਰੂਰੀ ਹੈ। ਅਜ ਹੀ ਮੰਗਾ ਕੇ ਜੀਵਨ ਸਫਲਾ ਕਰੋ।

ਸਭ ਤੋਂ ਵਡਾ ਸਾਖੀ ਪ੍ਰਮਾਣ

ਅਜ ਤੋਂ ਕ੍ਰੀਬ ਸਠ ਸਾਲ ਪਹਿਲਾਂ ਇਹ ਗਰੰਥ ਸ੍ਰੰਤ ਆਤਮਾਂ ਸਿੰਘ ਜੀ ਡੇਰਾ ਠਾਕਰਾਂ ਵਾਲਿਆਂ ਨੇ ਛਾਪਿਆ ਸੀ। ਸ੍ਰੀ ਜਪੁਜੀ ਤੋਂ ਰਾਗ ਮਾਲਾ ਤਕ ਸ੍ਰੀ ਗੁਰੂ ਗਰੰਥ ਸਾਹਿਬ ਦੇ ਚੋਣਵੇਂ ਸ਼ਬਦਾਂ ਤੇ ਸਾਖੀਆਂ ਹਨ। ਗੁਣੀਆਂ ਗਿਆਨੀਆਂ, ਕਥਾ ਕਰਨ ਵਾਲੇ ਸੰਤਾਂ ਤੇ ਰਾਗੀ ਸਿੰਘਾਂ ਵਾਸਤੇ ਪ੍ਰਮਾਣ ਦੇਣ ਲਈ ਬੜੀ ਲਾਭਵੰਦ ਪੁਸਤਕ ਹੈ। ਅਗੇ ਕਈ ਵਾਰ ਛਪ ਚੁਕੀ ਹੈ।ਹੁਣ ਇਸ ਐਡੀਸ਼ਨ ਨੂੰ ਅਸਾਂ ਛਾਪਿਆ ਹੈ। ਕਾਫੀ ਚਿਰ ਤੋਂ ਇਸ ਦੀ ਮੰਗ ਆ ਰਹੀ ਸੀ, ਪੁਸਤਕ ਵਡੇ ਅਕਾਰ ਦੀ ਹੈ। ਭੇਟਾ ੧੬) ਰੁਪੈ ਪਤਾ–

ਭਾਈ ਬੂਟਾ ਸਿੰਘ ਪ੍ਰਤਾਪ ਸਿੰਘ ਪੁਸਤਕਾਂ ਵਾਲੇ, ਮਾਈ ਸੇਵਾਂ, ਅੰਮ੍ਰਿਤਸਰ

20